
ਜੋਤਿ ਪ੍ਰਕਾਸ



ਸੰਪਾਦਕ : ਮਨਜੀਤ ਕੌਰ (ਪ੍ਰੋ.), ਅਮਰਜੀਤ ਕੌਰ (ਡਾ.),
ਕਿਰਨਦੀਪ ਕੌਰ, ਰਣਜੀਤ ਕੌਰ ਪੰਨਵਾਂ, ਸਤਵਿੰਦਰ ਸਿੰਘ ਫੂਲਪੁਰ

SikhBookClub.com

ਮੁੱਖ ਸੰਪਾ.
ਰੂਪ ਸਿੰਘ (ਡਾ.)

ਜੋਤਿ ਪ੍ਰਗਾਸ

(ਜੀਵਨ-ਦਰਸ਼ਨ)

ਸ੍ਰੀ ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ

SikhBookClub.com

ਜੋਤਿ ਪ੍ਰਗਾਸ

(ਜੀਵਨ-ਦਰਸ਼ਨ)

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ

ਮੁੱਖ ਸੰਪਾਦਕ

ਰੂਪ ਸਿੰਘ (ਡਾ.)

ਸਕੱਤਰ

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

098146 37979 roopsz@yahoo.com

ਸੰਪਾਦਕ

ਮਨਜੀਤ ਕੌਰ (ਪ੍ਰੋ.)
94649 86447
manjitkaurudhoke@gmail.in

ਸਤਵਿੰਦਰ ਸਿੰਘ ਫੂਲਪੁਰ
99144 19484
singhsatwinder79@yahoo.in

ਅਮਰਜੀਤ ਕੌਰ (ਡਾ.)
98555 19719
amarjitkaurrs@yahoo.in

ਰਣਜੀਤ ਕੌਰ ਪੰਨਵਾਂ
99148 31931
rakpanwa77@gmail.com

ਕਿਰਨਦੀਪ ਕੌਰ
95920 95483
khera.kirandeep83@gmail.in

(ਰਿਸਰਚ ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ)

ਪਹਿਲੀ ਵਾਰ : ਜਨਵਰੀ, ੨੦੧੬

ਗਿਣਤੀ : ੨੧੦੦

ਛਾਪਕ : ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।

SikhBookClub.com

Jot(i) Pragas

(Jeevan-Darshan)

Sri Guru Angad Dev Ji, Sri Guru Amardas Ji, Sri Guru Ramdas Ji

Chief Editor
Roop Singh (Dr.)
Secretary,
S.G.P.C., Sri Amritsar.

Editor
Manjit Kaur (Prof.)
Amarjit Kaur (Dr.)
Satwinder Singh Phoolpur
Ranjit Kaur Panwan
Kirandeep Kaur
(Research Scholar, Sikh Ithas Research Board)

First Edition : January, 2016
No. of Copies : 2100
Printer : Golden Offset Press,
Gurdwara Ramsar Sahib, Sri Amritsar

Publisher
Dharam Parchar Committee
(Shiromani Gurdwara Parbandhak Committee)
Sri Amritsar.

SikhBookClub.com

ਨਾਨਕਿ ਨਾਮੁ ਨਿਰੰਜਨ ਜਾਨ੍ਹਉ

ਕੀਨੀ ਭਗਤਿ ਪ੍ਰੇਮ ਲਿਵ ਲਾਈ॥

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇੰਰੁ

ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥

ਗੁਰ ਅਮਰਦਾਸ ਕੀ ਅਕਥ ਕਥਾ ਹੈ

ਇਕ ਜੀਹ ਕਛੁ ਕਹੀ ਨ ਜਾਈ॥

ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ

ਅਬ ਗੁਰ ਰਮਦਾਸ ਕਉ ਮਿਲੀ ਬਡਾਈ॥

(ਪੰਨਾ ੧੪੦੬)

SikhBookClub.com

ਵਿਸ਼ਾ-ਸੂਚੀ

ਵਿਸ਼ਾ	ਲੇਖਕ	ਪੰਨਾ
★ ਸੰਦੇਸ਼	ਜਥੇਦਾਰ ਅਵਤਾਰ ਸਿੰਘ	11
★ ਸੰਪਾਦਕੀ ਨੋਟ	ਸੰਪਾਦਕ	13
★ ਸੰਪਾਦਕੀ ਲੇਖ: ਗੁਰ ਸਾਖੀ ਜੋਤਿ ਪਰਗਟੁ ਹੋਇ...	ਡਾ. ਰੂਪ ਸਿੰਘ	15

ਜੀਵਨ ਦਰਸ਼ਨ
ਸ੍ਰੀ ਗੁਰੂ ਅੰਗਦ ਦੇਵ ਜੀ

★ ਚਿੱਕੜ ਤੇ ਕੇਸਰ	ਡਾ. ਤਾਰਨ ਸਿੰਘ	27
★ ਸੇਵਾ ਤੇ ਨਿਮਰਤਾ ਦੇ ਪੁੰਜ ਗੁਰੂ ਅੰਗਦ ਦੇਵ ਜੀ	ਡਾ. ਮਦਨਜੀਤ ਕੌਰ	36
★ ਸ੍ਰੀ ਗੁਰੂ ਅੰਗਦ ਦੇਵ ਜੀ ਸਮੁੱਚੇ ਜੀਵਨ 'ਤੇ ਇਕ ਝਾਤ	ਪ੍ਰਿੰ. ਸਤਿਬੀਰ ਸਿੰਘ	42
★ ਲਹਣਾ ਜਗਤ੍ ਗੁਰੁ ਪਰਸਿ ਮੁਰਾਰਿ	ਡਾ. ਗੁਲਜ਼ਾਰ ਸਿੰਘ	47
★ ਸ੍ਰੀ ਗੁਰੂ ਅੰਗਦ ਦੇਵ ਜੀ: ਸਬਦ ਸੂਰ ਬਲਵੰਤ...	ਡਾ. ਕੁਲਦੀਪ ਸਿੰਘ ਉਗਾਣੀ	54
★ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵਡਮੁੱਲੀ ਦੇਣ: ਗੁਰਮੁਖੀ ਲਿੱਪੀ	ਡਾ. ਹਰਕੀਰਤ ਸਿੰਘ	60
★ ਸ੍ਰੀ ਗੁਰੂ ਅੰਗਦ ਦੇਵ ਜੀ: ਇਕ ਨੂਰਾਨੀ ਝਲਕ	ਡਾ. ਹਰਪਾਲ ਸਿੰਘ	62
★ ਭਾਈ ਸਤਾ ਬਲਵੰਡ ਤੇ ਭੱਟਾਂ ਦੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ	ਡਾ. ਮਲਕਿੰਦਰ ਕੌਰ	67
★ ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਤੇ ਬਾਣੀ	ਸ. ਕੁਲਦੀਪ ਸਿੰਘ ਹਉਰਾ	71
★ ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਤੇ ਉਪਦੇਸ਼	ਪ੍ਰੋ. ਜੋਗਿੰਦਰ ਸਿੰਘ	79
★ ਲਹਣੇ ਧਰਿਓਨੁ ਛਤੁ ਸਿਰਿ	ਸ. ਬਲਵਿੰਦਰ ਸਿੰਘ	96
★ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਰਿਵਾਰਕ ਪਿਛੋਕੜ ਤੇ ਗ੍ਰਿਹਸਤੀ ਜੀਵਨ	ਬੀਬੀ ਬਲਜੀਤ ਕੌਰ	101
★ ਸ੍ਰੀ ਗੁਰੂ ਅੰਗਦ ਦੇਵ ਜੀ: ਗੁਰਮੁਖੀ ਲਿੱਪੀ	ਪ੍ਰਿੰ. ਸਵਰਨਜੀਤ ਸਿੰਘ	108
★ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦਾ ਦ੍ਰਿਸ਼	ਗਿ. ਗਿਆਨ ਸਿੰਘ	111
★ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਮਾਤਾ ਖੀਵੀ ਜੀ: ਲੰਗਰ ਪ੍ਰਥਾ	ਡਾ. ਅਮਰਜੀਤ ਸਿੰਘ	112
★ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਸਥਾਪਤ ਅਦੁੱਤੀ ਕੀਰਤੀਮਾਨ	ਡਾ. ਸੁਰਿੰਦਰਪਾਲ ਸਿੰਘ	116

SikhBookClub.com

★ ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਅਤੇ ਸੰਦੇਸ਼	ਡਾ. ਹਰਬੰਸ ਸਿੰਘ	121
★ ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਤੇ ਰਚਨਾ	ਡਾ. ਗੁਰਵਿੰਦਰ ਕੌਰ	128
★ ਬਾਸਰਕੇ ਤੋਂ ਗੋਇੰਦਵਾਲ	ਸ. ਗੁਰਮੇਜ ਸਿੰਘ 'ਪਿਆਸਾ'	149
★ ਸ੍ਰੀ ਗੁਰੂ ਅੰਗਦ ਦੇਵ ਜੀ	ਸ. ਸੁਦਰਸ਼ਨ ਸਿੰਘ ਐਮ.ਏ.	155
★ ਭੱਟਾਂ ਦੀ ਨਜ਼ਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ	ਸ. ਬਲਵਿੰਦਰ ਸਿੰਘ ਜੌੜਾ ਸਿੰਘਾ	163
★ ਸ੍ਰੀ ਗੁਰੂ ਅੰਗਦ ਦੇਵ ਜੀ: ਸੇਵਾ ਅਤੇ ਸਮਰਪਣ	ਡਾ. ਰਾਜਿੰਦਰ ਸਿੰਘ	169
★ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ	ਡਾ. ਰਛਪਾਲ ਸਿੰਘ	174
★ ਸ੍ਰੀ ਗੁਰੂ ਅੰਗਦ ਦੇਵ ਜੀ: ਧਾਰਮਿਕਤਾ ਅਤੇ ਵਿਵਹਾਰਕਤਾ ਦਾ ਸੁਮੇਲ	ਡਾ. ਜੋਧ ਸਿੰਘ	182
★ ਸ੍ਰੀ ਗੁਰੂ ਅੰਗਦ ਦੇਵ ਜੀ: ਸਮਾਜਿਕ ਚੇਤਨਾ	ਡਾ. ਧਰਮ ਸਿੰਘ	186
★ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸਿੱਖ ਫ਼ਲਸਫ਼ਾ	ਸ. ਸੁਖਦੇਵ ਸਿੰਘ ਸ਼ਾਂਤ	191
★ ਸ੍ਰੀ ਗੁਰੂ ਅੰਗਦ ਦੇਵ ਜੀ: ਯੋਗਦਾਨ ਤੇ ਮਹਿਮਾ	ਡਾ. ਗੁਰਚਰਨ ਸਿੰਘ	194
★ ਗੁਰ ਅੰਗਦ ਕੀ ਦੋਹੀ ਫਿਰੀ	ਡਾ. ਜਸਵੰਤ ਸਿੰਘ ਜਸ	199
★ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਇਤਿਹਾਸਕ ਦੇਣ	ਡਾ. ਕਿਰਪਾਲ ਸਿੰਘ	204
★ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ	ਸ. ਅਮਰਜੀਤ ਸਿੰਘ	207
★ ਬਧਾ ਚਟੀ ਜੋ ਭਰੇ...	ਡਾ. ਰੂਪ ਸਿੰਘ	209

ਸ੍ਰੀ ਗੁਰੂ ਅਮਰਦਾਸ ਜੀ

❁ ਅਲੌਕਿਕ ਸ਼ਖ਼ਸੀਅਤ: ਗੁਰੂ ਅਮਰਦਾਸ ਜੀ	ਡਾ. ਦਲੀਪ ਸਿੰਘ ਦੀਪ	217
❁ ਸ੍ਰੀ ਗੁਰੂ ਅਮਰਦਾਸ ਜੀ	ਡਾ. ਹਰਨਾਮ ਸਿੰਘ ਸ਼ਾਨ	224
❁ ਸ੍ਰੀ ਗੁਰੂ ਅਮਰਦਾਸ ਜੀ : ਜੀਵਨ, ਬਾਣੀ ਅਤੇ ਵਿਚਾਰਧਾਰਾ	ਡਾ. ਗੁਰਮੇਲ ਸਿੰਘ	238
❁ ਸ੍ਰੀ ਗੁਰੂ ਅਮਰਦਾਸ ਜੀ ਦਾ ਨਿਤ ਕਰਮ	ਪ੍ਰਿੰ. ਸਤਿਬੀਰ ਸਿੰਘ	249
❁ ਸੇਵਾ ਤੇ ਨਿਮਰਤਾ ਦੇ ਪੁੰਜ: ਸ੍ਰੀ ਗੁਰੂ ਅਮਰਦਾਸ ਜੀ	ਸ. ਕੁਲਦੀਪ ਸਿੰਘ ਹਉਰਾ	252
❁ ਸੰਨ੍ਹ ਬ੍ਰਿਤਾਂਤ	ਡਾ. ਤਾਰਨ ਸਿੰਘ	256
❁ ਸ੍ਰੀ ਗੁਰੂ ਅਮਰਦਾਸ ਜੀ ਤੇ ਗੋਇੰਦਵਾਲ	ਸ. ਸ਼ਮਸ਼ੇਰ ਸਿੰਘ ਅਸ਼ੋਕ	263
❁ 'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਸ਼ਖ਼ਸੀਅਤ	ਡਾ. ਪਰਮਵੀਰ ਸਿੰਘ	268
❁ ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ	ਸ. ਪਸ਼ੌਰਾ ਸਿੰਘ	273
❁ ਖਡੂਰ ਸਾਹਿਬ ਤੇ ਗੋਇੰਦਵਾਲ	ਡਾ. ਸਾਹਿਬ ਸਿੰਘ ਅਰਸ਼ੀ	287
❁ ਭਲੇ ਅਮਰਦਾਸ ਗੁਣ ਤੇਰੇ...	ਪ੍ਰੋ. ਕਿਰਪਾਲ ਸਿੰਘ ਬਡੂੰਗਰ	291
❁ ਗੁਰ ਅਮਰਦਾਸ ਤਾਰਣ ਤਰਣ...	ਡਾ. ਪਰਮਜੀਤ ਸਿੰਘ ਮਾਨਸਾ	296

SikhBookClub.com

❁ ਅਨੰਦ ਸਾਹਿਬ ਵਿਚ ਅਨੰਦ ਦਾ ਸੰਕਲਪ	ਬੀਬੀ ਪਰਮਿੰਦਰ ਕੌਰ	302
❁ 'ਅਨੰਦ ਸਾਹਿਬ' ਦਾ ਆਚਾਰ-ਸਿਧਾਂਤ	ਪ੍ਰੋ. ਪਿਆਰਾ ਸਿੰਘ 'ਪਦਮ'	308
❁ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ	ਡਾ. ਗੁਰਨਾਮ ਕੌਰ	316
❁ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਦਾ ਪਿਛੋਕੜ	ਡਾ. ਧਰਮਜੀਤ ਸਿੰਘ	321
❁ ਸਵੱਈਏ ਮਹਲੇ ਤੀਜੇ ਕੇ	ਪ੍ਰਿੰ. ਲਾਭ ਸਿੰਘ	325
❁ ਮਾਰੂ ਸੋਲਹੇ: ਇਕ ਅਧਿਐਨ	ਸ. ਸਤਵਿੰਦਰ ਸਿੰਘ ਫੂਲਪੁਰ	331
❁ 'ਪਟੀ' ਬਾਣੀ ਸ੍ਰੀ ਗੁਰੂ ਅਮਰਦਾਸ ਜੀ	ਪ੍ਰੋ. ਮਨਜੀਤ ਕੌਰ	337
❁ ਸ੍ਰੀ ਗੁਰੂ ਅਮਰਦਾਸ ਜੀ ਦੇ ਰਾਗਾਂ ਵਿਚ ਵਰਤੇ ਗਏ ਛੰਦਾਂ ਦੀ ਮਹੱਤਤਾ	ਬੀਬੀ ਨਗਿੰਦਰਪਾਲ ਕੌਰ	347
❁ ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਗੁਰੂ ਦਾ ਸੰਕਲਪ	ਡਾ. ਧਰਮਜੀਤ ਸਿੰਘ	351
❁ ਸ੍ਰੀ ਗੁਰੂ ਅਮਰਦਾਸ ਜੀ: ਬ੍ਰਹਮ ਗਿਆਨ	ਸ. ਸੇਵਾ ਸਿੰਘ	355
❁ ਸ੍ਰੀ ਗੁਰੂ ਅਮਰਦਾਸ ਜੀ ਤੇ ਸਿੱਖ ਰਹਿਤ	ਪ੍ਰੋ. ਹਰੀ ਸਿੰਘ	361
❁ ਸ੍ਰੀ ਗੁਰੂ ਅਮਰਦਾਸ ਜੀ ਅਤੇ ਸਮਾਜ ਸੇਵਾ	ਪ੍ਰਿੰ. ਸ.ਸ. ਅਮੋਲ	367
❁ ਸ੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਧਰਮ ਨੂੰ ਸੰਸਥਾਈ ਯੋਗਦਾਨ	ਡਾ. ਨਰਿੰਦਰ ਕੌਰ	371
❁ ਸ੍ਰੀ ਗੁਰੂ ਅਮਰਦਾਸ ਜੀ ਤੇ ਲੰਗਰ ਸੰਸਥਾ	ਪ੍ਰੋ. ਪ੍ਰਕਾਸ਼ ਸਿੰਘ	377
❁ ਸ੍ਰੀ ਗੁਰੂ ਅਮਰਦਾਸ ਜੀ ਤੇ ਇਸਤਰੀ ਦੇ ਸਤਿਕਾਰ ਦੀ ਸਥਾਪਨਾ	ਪ੍ਰਿੰ. ਸੁਰਜੀਤ ਸਿੰਘ	383
❁ ਭਾਈ ਗੁਰਦਾਸ ਜੀ ਦੇ ਬੌਧਿਕ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਯੋਗਦਾਨ	ਡਾ. ਹਰਨੇਕ ਸਿੰਘ ਕੋਮਲ	389
❁ ਸਿੱਖ ਸਿਆਸਤ ਦਾ ਵਿਕਾਸ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ	ਸ. ਤੇਜਇੰਦਰ ਮੋਹਣ ਸਿੰਘ	393
❁ ਪ੍ਰਚੱਲਿਤ ਕੁਰੀਤੀਆਂ ਤੇ ਗੁਰੂ ਘਰ	ਪ੍ਰੋ. ਸੁਖਦੇਵ ਸਿੰਘ	397
❁ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਚਾਰ ਸੇਵਾ	ਸ. ਗੁਰਬਖਸ਼ ਸਿੰਘ	405
❁ ਸਮਾਜ ਸੁਧਾਰਕ ਤੇ ਸੇਵਾ ਦੇ ਪੁੰਜ ਸ੍ਰੀ ਗੁਰੂ ਅਮਰਦਾਸ ਜੀ	ਸ. ਸਤਪਾਲ ਸਿੰਘ	411
❁ ਪਹਿਲ ਦੇ ਸਵਾਮੀ : ਸ੍ਰੀ ਗੁਰੂ ਅਮਰਦਾਸ ਜੀ	ਡਾ. ਦੀਵਾਨ ਸਿੰਘ	415
❁ ਸ੍ਰੀ ਗੁਰੂ ਅਮਰਦਾਸ ਜੀ ਦੇ ਆਖ਼ਰੀ ਬਚਨ	ਪ੍ਰਿੰ. ਸਤਿਬੀਰ ਸਿੰਘ	418
❁ ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ	ਡਾ. ਰੂਪ ਸਿੰਘ	419

ਸ੍ਰੀ ਗੁਰੂ ਰਾਮਦਾਸ ਜੀ

* ਕੀਆ ਪੂਰਨ ਪਾਰਬ੍ਰਹਮ ਕਾ ਪੰਥ	ਪ੍ਰਿੰ. ਸਤਿਬੀਰ ਸਿੰਘ	425
* ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ 'ਤੇ ਇਕ ਸੰਖੇਪ ਨਜ਼ਰ	ਪ੍ਰਿੰ. ਪ੍ਰਕਾਸ਼ ਸਿੰਘ	431
* ਸ੍ਰੀ ਗੁਰੂ ਰਾਮਦਾਸ ਜੀ ਦੀ ਤਾਲੀਮ	ਪ੍ਰੋ. ਸਾਹਿਬ ਸਿੰਘ	433

SikhBookClub.com

* ਸ੍ਰੀ ਗੁਰੂ ਰਾਮਦਾਸ ਜੀ	ਸ. ਗੁਰਦੀਪ ਸਿੰਘ	437
* ਭਾਈ ਗੁਰਦਾਸ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਰਾਮਦਾਸ ਜੀ	ਸ. ਜੋਗਿੰਦਰ ਸਿੰਘ	441
* ਸ੍ਰੀ ਗੁਰੂ ਰਾਮਦਾਸ ਜੀ ਤੇ ਸੰਗੀਤ	ਡਾ. ਦਵਿੰਦਰ ਸਿੰਘ ਵਿਦਿਆਰਥੀ	445
* ਸ੍ਰੀ ਗੁਰੂ ਰਾਮਦਾਸ ਜੀ ਦਾ ਰਹੱਸਵਾਦੀ ਅਨੁਭਵ	ਡਾ. ਕੁਲਦੀਪ ਸਿੰਘ	450
* ਧੰਨੁ ਧੰਨੁ ਰਾਮਦਾਸ ਗੁਰੁ...	ਸ. ਜਸਵੰਤ ਸਿੰਘ 'ਅਜੀਤ'	457
* ਨਿਮਰਤਾ ਦੇ ਪੁੰਜ ਸ੍ਰੀ ਗੁਰੂ ਰਾਮਦਾਸ ਜੀ	ਸ. ਗੁਰਬਚਨ ਸਿੰਘ ਪੰਨਵਾਂ	461
* ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ	ਸ. ਸੁਖਦੇਵ ਸਿੰਘ ਸ਼ਾਂਤ	465
* ਰਾਮਦਾਸ ਸੋਢੀ ਤਿਲਕੁ ਦੀਆ...	ਪ੍ਰਿੰ. ਕੁਲਦੀਪ ਸਿੰਘ ਹਉਰਾ	468
* ਸ੍ਰੀ ਰਾਮਦਾਸ ਤਾਰਣ ਤਰਣੰ	ਸ. ਸਾਧੂ ਸਿੰਘ ਗੋਬਿੰਦਪੁਰੀ	475
* ਦੀਦਾਰੇ—ਗੁਰੂ ਰਾਮਦਾਸ ਜੀ	ਡਾ. ਦਵਿੰਦਰ ਕੌਰ ਦੀਪ	481
* ਸ੍ਰੀ ਗੁਰੂ ਰਾਮਦਾਸ ਜੀ	ਡਾ. ਸੁਖਦਿਆਲ ਸਿੰਘ	486
* ਬੈਠਾ ਸੋਢੀ ਪਾਤਿਸਾਹੁ	ਡਾ. ਜੀਤ ਸਿੰਘ ਸੀਤਲ	490
* ਦੀਨ ਦੁਨੀ ਦਾ ਥੰਮ	ਪ੍ਰਿੰ. ਸਤਿਬੀਰ ਸਿੰਘ	499
* ਸ੍ਰੀ ਗੁਰੂ ਰਾਮਦਾਸ ਜੀ: ਜੀਵਨ ਤੇ ਬਾਣੀ	ਪ੍ਰੋ. ਜੋਗਿੰਦਰ ਸਿੰਘ	507
* ਸਿਰੀ ਰਾਗ ਕੀ ਵਾਰ ਮਹਲਾ ਚੌਥਾ: ਇਕ ਅਧਿਐਨ	ਸ. ਮਹਿੰਦਰ ਸਿੰਘ ਸਹਿਦੇਵ	512
* ਗਉੜੀ ਕੀ ਵਾਰ: ਇਕ ਅਧਿਐਨ	ਡਾ. ਜਸਵਿੰਦਰ ਕੌਰ	518
* ਅਲਾਹਣੀਆ	ਪ੍ਰੋ. ਬਲਦੇਵ ਸਿੰਘ ਬਲੂਆਣਾ	522
* ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ: ਕਰਹਲੇ	ਪ੍ਰਿੰ. ਸ਼ਮਸ਼ੇਰ ਸਿੰਘ	533
* ਹਰਿ ਪਹਿਲੜੀ ਲਾਵ	ਪ੍ਰਿੰ. ਸ.ਸ. ਅਮੋਲ	540
* ਵਾਰ ਸਤ	ਪ੍ਰੋ. ਬਲਦੇਵ ਸਿੰਘ ਬਲੂਆਣਾ	549
* ਲਾਵਾਂ: ਦੈਵੀ ਮਿਲਾਪ ਦਾ ਸਫ਼ਰ	ਪ੍ਰੋ. ਮਨਜੀਤ ਕੌਰ	556
* ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਬਾਣੀ ਵਿਚ ਆਦਰਸ਼ ਸੇਵਕ	ਡਾ. ਸ਼ਮਸ਼ੇਰ ਸਿੰਘ	565
* ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਤੇ 'ਗੁਰੂ-ਪ੍ਰੀਤ'	ਪ੍ਰਿੰ. ਕੁਲਦੀਪ ਸਿੰਘ ਹਉਰਾ	571
* ਅੰਮ੍ਰਿਤਸਰ: ਵਸੇਬਾ, ਉਸਾਰੀ, ਇਤਿਹਾਸ, ਮਹਿਮਾ ਤੇ ਮਹੱਤਤਾ	ਪ੍ਰਿੰ. ਸਤਿਬੀਰ ਸਿੰਘ	581
* ਸ੍ਰੀ ਗੁਰੂ ਰਾਮਦਾਸ ਜੀ ਤੇ ਸਿੱਖ ਪੰਥ ਦੀ ਉਸਾਰੀ	ਪ੍ਰੋ. ਹਰਭਜਨ ਕੌਰ ਯਮੁਨਾਨਗਰ	593
* ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਛੰਦ-ਪ੍ਰਬੰਧ	ਸ. ਨਿਰਵੈਰ ਸਿੰਘ ਅਰਸ਼ੀ	599
* ਬਾਣੀ ਸ੍ਰੀ ਗੁਰੂ ਰਾਮਦਾਸ ਜੀ: ਇਕ ਅਧਿਐਨ	ਡਾ. ਹਿੰਮਤ ਸਿੰਘ ਸੋਢੀ	603
* ਬਾਣੀ ਸ੍ਰੀ ਗੁਰੂ ਰਾਮਦਾਸ ਜੀ: ਇਕ ਅਧਿਐਨ	ਡਾ. ਹਿੰਮਤ ਸਿੰਘ ਸੋਢੀ	603
* ਸ੍ਰੀ ਗੁਰੂ ਰਾਮਦਾਸ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ	ਮਨਮੋਹਨ ਕੌਰ	623
* ਸੰਖੇਪ ਜੀਵਨ ਸ੍ਰੀ ਗੁਰੂ ਰਾਮਦਾਸ ਜੀ	ਡਾ. ਰੂਪ ਸਿੰਘ	628
* ਲੇਖਕਾਂ ਦੇ ਨਾਮ ਅਤੇ ਪਤੇ		639

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹ॥

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਅਵਤਾਰ ਸਿੰਘ

ਸੰਦੇਸ਼

ਮੈਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਈ ਹੈ ਕਿ ਮੇਰੀ ਰਾਏ 'ਤੇ ਅਮਲ ਕਰਦਿਆਂ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਸੁਹਿਰਦ ਸਕਾਲਰਾਂ ਨੇ 'ਗੁਰਮਤਿ ਪ੍ਰਕਾਸ਼' ਦੇ ਬਹੁਮੁੱਲੇ ਇਤਿਹਾਸਕ ਲੇਖਾਂ ਨੂੰ ਨਵੇਂ ਸਿਰਿਓਂ ਸੰਪਾਦਨ ਕਰ ਕੇ ਇਹ ਚੌਥੀ ਪੁਸਤਕ **ਜੋਤਿ ਪ੍ਰਗਾਸ (ਜੀਵਨ-ਦਰਸ਼ਨ) ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ** ਤਿਆਰ ਕੀਤੀ ਹੈ।

ਪਹਿਲੀ ਪਾਤਸ਼ਾਹੀ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਪ੍ਰਤਿਭਾ ਦੀ ਫੁਹਾਰ ਹੀ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ 'ਤੇ ਬਰਸੀ ਅਤੇ ਉਹਨਾਂ ਦੇ ਮੁਖਾਰਬਿੰਦ ਤੋਂ ਉਚਰੀ-ਅਰੰਮੀ ਬਾਣੀ ਦੇ ਰਾਹੀਂ ਕੁੱਲ ਮਾਨਵਤਾ ਦੀ ਰਾਹਨੁਮਾਈ ਲਈ ਸਿੱਖ ਧਰਮ ਦਾ ਸੰਸਥਾਗਤ ਸਰੂਪ ਉਦੈ ਹੋਇਆ। ਖ਼ਾਲਸੇ ਦੀ ਉਤਪਤੀ ਦਾ ਪਹਿਲਾ ਚਰਣ ਇੱਥੋਂ ਹੀ ਆਰੰਭ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿੱਪੀ ਨੂੰ ਆਧੁਨਿਕ ਰੂਪ ਦੇਣਾ, ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਮੰਜੀ ਪ੍ਰਥਾ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਮਸੰਦ ਪ੍ਰਥਾ ਦਾ ਆਰੰਭ ਸਿੱਖ ਕੌਮ ਨੂੰ ਸੰਗਠਿਤ-ਸੰਸਥਾਗਤ ਕਰਨ ਲਈ ਮਹਾਨ ਕਾਰਜ ਹਨ।

ਹੱਥਲੀ ਪੁਸਤਕ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਸੰਬੰਧਿਤ 'ਗੁਰਮਤਿ ਪ੍ਰਕਾਸ਼' ਦੇ ਚੌਣਵੇਂ ਲੇਖਾਂ 'ਤੇ ਅਧਾਰਤ ਪੁਸਤਕ ਲੜੀ ਦਾ ਹੀ ਹਿੱਸਾ ਹੈ। ਅਕਾਲ ਪੁਰਖ ਦੀ ਮਿਹਰ ਸਦਕਾ ਇਸ ਲੜੀ ਦੀ ਪਹਿਲੀ ਪੁਸਤਕ 'ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ' ਨੂੰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰੈ. ਤੇਜਾ ਸਿੰਘ ਐਵਾਰਡ ਲਈ ਚੁਣਿਆ ਹੈ, ਜਿਸ ਲਈ ਮੈਂ ਡਾ. ਰੂਪ ਸਿੰਘ ਜੀ ਤੇ ਸਮੁੱਚੀ ਸੰਪਾਦਕੀ ਟੀਮ ਨੂੰ ਵਧਾਈ ਦਿੰਦਾ ਹਾਂ। ਆਸ ਕਰਦਾ ਹਾਂ ਕਿ ਹੱਥਲੀ ਪੁਸਤਕ ਵੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਅਕਾਦਮਿਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਵੇਗੀ। ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਸਮੂਹ ਰੀਸਰਚ ਸਕਾਲਰਜ਼ ਦੇ ਸਿਰ 'ਤੇ ਆਪ ਹੱਥ ਧਰ ਕੇ ਸਿੱਖ ਇਤਿਹਾਸ ਅਤੇ ਸਿਧਾਂਤਕ ਖੋਜ ਦੇ ਕਾਰਜ ਨੇਪਰੇ ਚੜ੍ਹਵਾਉਣ ਤਾਂ ਜੋ ਇਹ ਕਾਰਜ ਸਾਰੀ ਕੌਮ ਨੂੰ ਗੁਰਮਤਿ ਗਾਡੀ ਰਾਹ ਵੱਲ ਪ੍ਰੇਰਿਤ ਕਰ ਸਕੇ। ਮੈਂ ਆਸ ਕਰਦਾ ਹਾਂ ਕਿ ਗੁਰਮਤਿ ਵਿਚਾਰਧਾਰਾ ਦੇ ਸੁਹਿਰਦ ਪਾਠਕ ਇਸ ਯਤਨ ਨੂੰ ਭਰਪੂਰ ਹੁੰਗਾਰਾ ਦੇਣਗੇ।

ਗੁਰੂ-ਪੰਥ ਦਾ ਦਾਸ,

ਅਵਤਾਰ ਸਿੰਘ

ਜਨਵਰੀ, ੨੦੧੬

ਫ਼ੋਨ: +91 183 255 3950, 253 4746 ਫੈਕਸ +91 183 255 3919, ਮੋਬਾਇਲ : 98558 95558
e-mail: sgpc@vsnl.com, website: www.sgpc.net

SikhBookClub.com

ਸੰਪਾਦਕੀ ਨੋਟ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਧਰਮ ਦੇ ਪ੍ਰਚਾਰ-ਪ੍ਰਸਾਰ ਹਿੱਤ ੧੯੫੭ ਈ. ਤੋਂ 'ਗੁਰਮਤਿ ਪ੍ਰਕਾਸ਼' ਮਾਸਿਕ ਪੱਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਸੰਸਾਰ ਭਰ ਵਿਚ ਇਸ ਦੇ ਪਾਠਕ ਤੀਬਰਤਾ ਨਾਲ ਇਸ ਮਾਸਿਕ ਪੱਤਰ ਦੀ ਉਡੀਕ ਕਰਦੇ ਹਨ। 'ਗੁਰਮਤਿ ਪ੍ਰਕਾਸ਼' ਵਿਚ ਆਰੰਭ ਤੋਂ ਹੀ ਕੇਵਲ ਗੁਰਬਾਣੀ, ਗੁਰਮਤਿ ਵਿਚਾਰਧਾਰਾ, ਸਿੱਖ ਰਹਿਤ ਮਰਯਾਦਾ, ਗੁਰ-ਇਤਿਹਾਸ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਲੇਖ ਹੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਪਿਛਲੇ ਸਮੇਂ ਵਿਚ 'ਗੁਰਮਤਿ ਪ੍ਰਕਾਸ਼' ਦੇ ਵੱਖ-ਵੱਖ ਅੰਕਾਂ ਵਿਚ ਛਪੇ ਬਹੁਮੁੱਲੇ ਲੇਖਾਂ ਨੂੰ ਸੰਭਾਲਣ ਤੇ ਮੁੜ ਪ੍ਰਕਾਸ਼ਿਤ ਕਰਨ ਦਾ ਪ੍ਰੋਜੈਕਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਉਲੀਕਿਆ ਗਿਆ।

ਇਸ ਪ੍ਰੋਜੈਕਟ ਦੇ ਅੰਤਰਗਤ ਪਹਿਲਾਂ ਤਿੰਨ ਪੁਸਤਕਾਂ, 'ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ', 'ਸਿੱਖ ਸੰਗਰਾਮ ਦੀ ਦਾਸਤਾਨ', ਵਡਾ ਪੁਰਖੁ ਪਰਗਟਿਆ (ਗੁਰੂ ਨਾਨਕ ਦੇਵ ਜੀ: ਜੀਵਨ ਦਰਸ਼ਨ) ਧਰਮ ਪ੍ਰਚਾਰ ਕਮੇਟੀ ਰਾਹੀਂ ਪ੍ਰਕਾਸ਼ਿਤ ਕਰਵਾ ਕੇ ਪਾਠਕਾਂ ਦੇ ਸਨਮੁਖ ਭੇਟ ਕਰ ਚੁੱਕੇ ਹਾਂ। ਉਪਰੋਕਤ ਪੁਸਤਕਾਂ ਵਿਚੋਂ ਪਹਿਲੀ ਪੁਸਤਕ 'ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ' ਦਾ ਦੂਸਰਾ ਸੰਸਕਰਣ ਛਪ ਚੁਕਾ ਹੈ ਅਤੇ ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਸਰਕਾਰ ਵੱਲੋਂ ਪ੍ਰਿੰਸੀਪਲ ਤੇਜਾ ਸਿੰਘ ਐਵਾਰਡ ਲਈ ਚੁਣਿਆ ਗਿਆ ਹੈ ਜੋ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ। ਹੁਣ ਇਸ ਪੁਸਤਕ ਲੜੀ ਤਹਿਤ ਹੀ ਗੁਰੂ ਸਾਹਿਬਾਨ ਦੇ ਇਕ ਜੋਤ ਸਿਧਾਂਤ ਨੂੰ ਸਨਮੁਖ ਰੱਖਦਿਆਂ **ਜੋਤਿ ਪ੍ਰਗਾਸ** (ਜੀਵਨ-ਦਰਸ਼ਨ) **ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ** ਪਾਠਕਾਂ ਦੇ ਸਨਮੁੱਖ ਭੇਟ ਕਰ ਰਹੇ ਹਾਂ।

ਗੁਰਮਤਿ ਵਿਚਾਰਧਾਰਾ ਅਨੁਸਾਰ ਅਕਾਲ ਪੁਰਖ ਦੀ ਅਗੰਮੀ ਜੋਤਿ ਸਰਵ-ਵਿਆਪਕ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਈ। ਗੁਰੂ ਨਾਨਕ ਨਿਰੰਕਾਰੀ ਜੋਤਿ ਹੀ ਸਮੇਂ-ਸਮੇਂ ਦੂਸਰੇ ਗੁਰੂ ਸਾਹਿਬਾਨ ਦੇ ਰੂਪ ਵਿਚ ਪ੍ਰਗਟ ਹੋਈ ਜੋ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਹੈ। ਇਸ ਪੁਸਤਕ ਵਿਚ ਅਸੀਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ-ਦਰਸ਼ਨ ਨਾਲ ਸੰਬੰਧਿਤ ਲੇਖਾਂ ਦੀ ਚੋਣ ਕਰ ਕੇ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰ ਰਹੇ ਹਾਂ। ਇਸ ਕਾਰਜ ਦੇ ਸੰਪੂਰਣ ਹੋਣ 'ਤੇ ਅਸੀਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ

SikhBookClub.com

ਸ਼ੁਕਰਗੁਜਾਰ ਹਾਂ ਕਿ ਉਨ੍ਹਾਂ ਨੇ ਸਾਨੂੰ ਇਸ ਕਾਰਜ ਦੇ ਯੋਗ ਸਮਝਿਆ। ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦੇ ਅਸੀਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਰਜ ਲਈ ਸਿਰਫ਼ ਸੁਝਾਅ ਹੀ ਨਹੀ ਦਿੱਤਾ ਸਗੋਂ ਇਸ ਕਾਰਜ ਵਿਚ ਪੂਰੀ ਦਿਲਚਸਪੀ ਵੀ ਰੱਖਦੇ ਹਨ। ਮੈਂ ਆਪਣੀ ਪੂਰੀ ਟੀਮ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ, ਸਿੱਖ ਇਤਿਹਾਸ ਰਿਸਰਚ ਬੋਰਡ / ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅਤੇ ਗੋਲਡਨ ਆਫਸੈਟ ਪ੍ਰੈਸ ਦੇ ਸਟਾਫ਼ ਵੱਲੋਂ ਮਿਲੇ ਮਿਲਵਰਤਨ ਲਈ ਰਿਣੀ ਹਾਂ। ਆਸ ਕਰਦਾ ਹਾਂ ਕਿ ਗੁਰਮਤਿ-ਵਿਚਾਰਧਾਰਾ ਨਾਲ ਜੁੜੇ ਹੋਏ ਪਾਠਕ ਸਾਡੇ ਇਸ ਯਤਨ ਤੋਂ ਲਾਹਾ ਪ੍ਰਾਪਤ ਕਰਨਗੇ।

ਜਨਵਰੀ, 2016 ਰੂਪ ਸਿੰਘ (ਡਾ.)

SikhBookClub.com

ਸੰਪਾਦਕੀ ਲੇਖ

ਗੁਰ ਸਾਖੀ ਜੋਤਿ ਪਰਗਟੁ ਹੋਇ...

ਗੁਰਬਾਣੀ ਦੀ ਇਹ ਪਾਵਨ ਪੰਕਤੀ 'ਨਿਰੰਕਾਰੀ ਜੋਤਿ' ਦੇ ਪ੍ਰਗਟ ਹੋਣ ਦੀ ਸਿਖਿਆ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੀ ਹੈ। 'ਨਿਰੰਕਾਰੀ ਜੋਤਿ' ਹੀ ਸਦ-ਜਾਗਤ ਤੇ ਪ੍ਰਕਾਸ਼ਮਾਨ ਪ੍ਰਗਟ ਹੈ; ਬਾਕੀ ਸਾਰਾ ਬ੍ਰਹਿਮੰਡੀ ਪਸਾਰਾ ਚਲਾਏਮਾਨ, ਨਾਸ਼ਵਾਨ ਹੈ। ਪਾਵਨ ਗੁਰਬਾਣੀ-ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ 'ਚ ਅਸੀਂ 'ਜੋਤਿ' ਦੇ ਸਿਧਾਂਤ ਤੇ ਪ੍ਰਗਟ ਹੋਣ ਨੂੰ ਸਮਝਣ ਲਈ ਯਤਨਸ਼ੀਲ ਹੋਈਏ ਤਾਂ ਕਿ ਗੁਰੂ ਨਾਨਕ ਜੋਤਿ ਦੀ ਏਕਤਾ ਦੇ ਸਿਧਾਂਤ ਨੂੰ ਸਮਝ ਸਕੀਏ।

ਫੁੱਲ ਖਿੜਦਾ ਹੈ, ਥੋੜ੍ਹੇ ਸਮੇਂ ਲਈ, ਮਹਿਕ ਵੰਡਣ, ਮੁਰਝਾਉਣ, ਸੁੱਕ ਜਾਣ, ਮੁੱਕ ਜਾਣ ਲਈ। ਜਨਮ ਹੁੰਦਾ ਹੈ, ਮਰਨ ਦੀ ਸ਼ਰਤ 'ਤੇ। ਹਰ ਅਕਾਰ ਸਮੇਂ-ਸਥਾਨ ਦੀ ਸੀਮਾ 'ਚ ਹੁੰਦਾ ਹੈ। ਇਹ ਨਿਰਾਸ਼ਾਵਾਦ ਨਹੀਂ ਸਗੋਂ ਜੀਵਨ ਦੀ ਸੱਚਾਈ ਹੈ। ਪ੍ਰਕਾਸ਼, ਰੌਸ਼ਨੀ, ਜੋਤਿ, ਨੂਰ, ਨਾਮ, ਗਿਆਨ, ਸ਼ਬਦ, ਬਾਣੀ, ਚੇਤਨਾ ਆਕਾਰ ਰਹਿਤ ਹੋਣ ਕਾਰਨ ਸਮੇਂ ਸਥਾਨ ਦੀ ਸੀਮਾ 'ਚ ਨਹੀਂ। ਇਹੀ ਕਾਰਨ ਹੈ ਕਿ ਗੁਰਮਤਿ ਵਿਚਾਰਧਾਰਾ ਨਿਰੰਕਾਰ ਨੂੰ ਆਕਾਰ ਰਹਿਤ, ਸਦ-ਜਾਗਤ ਜੋਤਿ ਸਵੀਕਾਰ ਕਰਦਿਆਂ ਮਨ-ਬਚ-ਕਰਮ ਤੋਂ ਮੰਨਣ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੀ ਹੈ। ਇਹ ਵੀ ਸੱਚ ਹੈ ਕਿ ਜੋਤਿ ਰੂਪ ਕਰਤਾਰ ਦੀ ਪੂਜਾ, ਉਪਾਸਨਾ ਕਰਨੀ, ਮੰਨਣਾ, ਨਾਮ ਸਿਮਰਨਾ, ਅਸਾਨ ਕਾਰਜ ਨਹੀਂ। ਇਸ ਵਾਸਤੇ ਸਿਧਾਂਤਕ ਸੂਝ-ਸਮਝ, ਦ੍ਰਿੜ੍ਹਤਾ, ਗੁਰੂ ਕਿਰਪਾ ਪਹਿਲੀ ਸ਼ਰਤ ਹੈ। ਗੁਰਮਤਿ ਵਿਚਾਰਧਾਰਾ ਦਾ ਮੂਲ ਆਧਾਰ, ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰਿਤ ਮੂਲ ਮੰਤ੍ਰ ਹੈ, ਜੋ ਜਪੁ ਜੀ ਸਾਹਿਬ ਦੇ ਆਰੰਭ ਵਿਚ ਅੰਕਿਤ ਹੈ। ਮੂਲ ਮੰਤਰ ਵਿਚ ਪਰਮਾਤਮਾ ਦੇ ਸੰਕਲਪ-ਸਿਧਾਂਤ ਤੇ ਵਿਚਾਰਧਾਰਾ ਨੂੰ ਜੋਤਿ ਰੂਪ 'ਚ ਹੀ ਪ੍ਰਗਟ ਕੀਤਾ ਗਿਆ ਹੈ। ਗੁਰਬਾਣੀ ਵਿਚ ਬਾਰ-ਬਾਰ ਸ਼ਰਧਾਲੂ ਜਗਿਆਸੂ ਨੂੰ ਦ੍ਰਿੜ੍ਹ ਕਰਵਾਇਆ ਗਿਆ ਕਿ ਪਰਮਾਤਮਾ, ਗੁਰੂ, ਗੁਰਬਾਣੀ ਹੀ ਸਦ ਜਗਦੀ ਜੋਤਿ ਰੂਪ 'ਚ ਸੰਸਾਰ 'ਤੇ ਵਿਦਮਾਨ ਹੈ ਤੇ ਰਹੇਗੀ। ਗੁਰਬਾਣੀ ਦਾ ਪਾਵਨ ਫੁਰਮਾਣ ਸਪੱਸ਼ਟ ਕਰਦਾ ਹੈ:

ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥ *(ਪੰਨਾ ੯੩੪)*

ਪਰਮਾਤਮਾ, ਗੁਰੂ ਵਾਸਤੇ ਗੁਰਬਾਣੀ, ਦਸਮੇਸ਼ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ/ਕਬਿੱਤਾਂ 'ਚ ਜੋਤਿ ਸ਼ਬਦ ਦੀ ਵਰਤੋਂ ਵੱਖ-ਵੱਖ ਸ਼ਬਦ ਜੋੜਾਂ 'ਚ ਵੱਖ-ਵੱਖ ਅਰਥਾਂ 'ਚ ਬਾਰ-ਬਾਰ ਹੋਈ ਹੈ। ਪਾਵਨ ਗੁਰਬਾਣੀ 'ਚ ਜੋਤ (1), ਜੋਤਿ (311), ਜੋਤੀ (100) ਵਾਰ ਲਗਭਗ ਅੰਕਿਤ ਹੈ। ਦਸਮ ਗ੍ਰੰਥ 'ਚ ਜੋਤ (14), ਜੋਤਿ (110), ਜੋਤੀ (2) ਵਾਰ ਸ਼ਬਦ ਆਇਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਜੋਤ (3), ਜੋਤਿ (57) ਤੇ ਜੋਤੀ (115) ਅਤੇ ਕਬਿੱਤਾਂ 'ਚ ਜੋਤ (11), ਜੋਤਿ (80) ਵਾਰ ਇਨ੍ਹਾਂ ਸ਼ਬਦਾਂ ਦੀ ਵਰਤੋਂ ਹੋਈ ਹੈ। ਪੰਜਾਬੀ ਕੋਸ਼ਾਂ ਵਿਚ ਜੋਤਿ ਸ਼ਬਦ ਦੇ ਅਰਥ—ਪ੍ਰਕਾਸ਼, ਚਮਕ, ਤੇਜ, ਪਰਮਾਤਮਾ ਰੂਪੀ ਜੋਤੀ, ਨੂਰ, ਆਤਮ ਰੂਪੀ ਜੋਤ,

SikhBookClub.com

ਰੂਹਾਨੀ ਪ੍ਰਕਾਸ਼, ਚਮਕ, ਚੇਤਨ ਸੱਤਾ ਦੇ ਰੂਪ ਵਿਚ ਕੀਤੇ ਮਿਲਦੇ ਹਨ। ਇਨ੍ਹਾਂ ਅਰਥਾਂ ਵਾਲੀ 'ਜੋਤਿ' ਜਨਮ-ਮਰਨ ਤੋਂ ਰਹਿਤ ਹੈ, ਸਦੀਵੀ ਹੈ, ਭਾਵੇਂ ਉਹ ਪਰਮਾਤਮਾ, ਗੁਰੂ, ਵਿਚਾਰ-ਚੇਤਨਾ ਦੇ ਰੂਪ ਵਿਚ ਹੋਵੇ। ਇਹ 'ਜੋਤਿ' ਹਮੇਸ਼ਾ ਪ੍ਰਗਟ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ, ਭਾਈ ਗੁਰਦਾਸ ਜੀ ਦੀ ਰਚਨਾ ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਬਾਣੀ 'ਚ ਜੋਤਿ ਇਨ੍ਹਾਂ ਅਰਥਾਂ ਵਿਚ ਹੀ 'ਪ੍ਰਗਟ' ਹੁੰਦੀ ਹੈ। ਗੁਰਬਾਣੀ 'ਚ ਪ੍ਰਗਟ (35), ਪਰਗਟ (8), ਪਰਗਟਿ (4), ਪਰਗਟਿਆ (2) ਵਾਰ ਸ਼ਬਦ ਅੰਕਿਤ ਮਿਲਦਾ ਹੈ। ਭਾਈ ਗੁਰਦਾਸ ਜੀ ਕ੍ਰਿਤ ਵਾਰਾਂ ਵਿਚ ਪ੍ਰਗਟ (3), ਪਰਗਟਿ (1), ਪ੍ਰਗਟਿਓ (5), ਪ੍ਰਗਟਿਆ (2), ਪਰਗਟੁ (13), ਪ੍ਰਗਟੇ (1) ਆਦਿ ਸ਼ਬਦ ਜੋੜਾਂ 'ਚ ਅੰਕਿਤ ਹੈ। ਭਾਈ ਗੁਰਦਾਸ ਜੀ ਦੀ ਰਚਨਾ ਕਬਿੱਤਾਂ 'ਚ ਪ੍ਰਗਟ (21), ਪ੍ਰਗਟਤ (4), ਪ੍ਰਗਟਿਤ (5), ਪ੍ਰਗਟਿਓ (2) ਵਾਰ ਆਇਆ ਹੈ। ਦਸਮੇਸ਼ ਬਾਣੀ ਵਿਚ ਵੀ ਪਰਗਟ (1), ਪ੍ਰਗਟ (77), ਪ੍ਰਗਟਯੋ (5), ਪ੍ਰਗਟਏ (1), ਪ੍ਰਗਟਿਓ (5), ਪ੍ਰਗਟਿਯੋ (21), ਪ੍ਰਗਟੇ (10) ਅਤੇ ਪ੍ਰਗਟੈ (3) ਵਾਰ ਸ਼ਬਦ ਜੋੜਾਂ ਵਿਚ ਅੰਕਿਤ ਹੈ। ਅਰਥ ਭਾਗ ਲਗਭਗ ਇਕ ਹੀ ਹਨ।

'ਮਹਾਨ ਕੋਸ਼' ਅਨੁਸਾਰ 'ਪ੍ਰਗਟ' ਸ਼ਬਦ ਦੇ ਅਰਥ ਜ਼ਾਹਿਰ, ਪ੍ਰਤੱਖ, ਸਾਫ਼, ਨਿਰਮਲ ਪ੍ਰਗਟਣਾ ਤੇ ਜ਼ਾਹਿਰ ਹੋਣਾ, ਪ੍ਰਤੱਖ ਹੋਣਾ ਕੀਤੇ ਗਏ ਹਨ। ਭਾਈ ਵੀਰ ਸਿੰਘ ਜੀ ਨੇ ਵੀ 'ਪ੍ਰਗਟ' ਸ਼ਬਦ ਦੇ ਅਰਥ ਇਹੀ ਕੀਤੇ ਹਨ। ਉਨ੍ਹਾਂ ਅਨੁਸਾਰ ਸੰਸਕ੍ਰਿਤ ਸ਼ਬਦ 'ਪ੍ਰਕਟ' ਦਾ ਪੰਜਾਬੀ ਸ਼ਬਦ 'ਪਰਗਟ' ਹੈ ਜਿਸ ਦੇ ਅਰਥ ਪ੍ਰਤੱਖ, ਜ਼ਾਹਰ, ਸਾਪਰਤੱਖ ਹਨ। ਸਾਡੇ ਸੰਸਾਰਿਕ ਲੋਕਾਂ ਦੀ ਨਜ਼ਰ ਤੋਂ ਓਹਲੇ-ਸਦੀਵੀ ਜੋਤਿ ਨਜ਼ਰ ਆ ਜਾਵੇ ਉਸ ਨੂੰ ਪਰਗਟ ਹੋਣਾ ਜਾਂ ਜਗ-ਜ਼ਾਹਰ ਹੋਣਾ ਕਹਿ ਸਕਦੇ ਹਾਂ।

'ਜੋਤਿ' ਅਤੇ ਜੋਤਿ ਦੇ ਪ੍ਰਗਟ ਹੋਣ ਦੇ ਅਰਥ ਭਾਵ-ਸਿਧਾਂਤ ਨੂੰ ਸਮਝਣ ਵਾਸਤੇ ਅਸੀਂ ਗੁਰਬਾਣੀ ਦੇ ਹਵਾਲਿਆਂ ਰਾਹੀਂ ਯਤਨਸ਼ੀਲ ਹਾਂ। ਗੁਰਬਾਣੀ ਅਨੁਸਾਰ ਸਭ ਜੀਵਾਂ ਵਿਚ ਇਕੋ-ਇਕ ਅਕਾਲ ਪੁਰਖ ਦੀ ਜੋਤਿ ਸਰਵ-ਵਿਆਪਕ ਹੈ। ਅੰਡਜ, ਜੇਰਜ, ਸੇਤਜ ਤੇ ਉਤਭੁਜ ਚਾਰੇ ਖਾਣੀਆਂ ਭਾਵ ਘਟਿ-ਘਟਿ, ਹਰ ਹਿਰਦੇ ਵਿਚ ਪਰਮਾਤਮਾ ਦੀ ਜੋਤਿ ਵਿਦਮਾਨ ਹੈ। ਜੋਤਿ ਦੇ ਪ੍ਰਗਟ ਹੋਣ ਨਾਲ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ ਤੇ ਗਿਆਨ ਦਾ ਚਾਨਣ ਸਭ ਪਾਸੇ ਪਸਰ ਜਾਂਦਾ ਹੈ। ਸਾਰੇ ਪਾਸੇ ਹੋਂਦ ਰੂਪ ਵਿਚ ਜੋਤਿ ਵਿਆਪਕ ਹੈ। ਜੋਤਿ ਨੂੰ ਅਨੁਭਵ-ਮਹਿਸੂਸ ਕੀਤਾ ਜਾ ਸਕਦਾ ਹੈ, ਪਕੜਿਆ ਜਾਂ ਦੇਖਿਆ ਨਹੀਂ ਜਾ ਸਕਦਾ। ਪਰਮਾਤਮਾ ਦੀ ਜੋਤਿ ਨਾਲ ਸਾਰੇ ਜੀਵਾਂ ਵਿਚ ਗਿਆਨ ਰੂਪੀ-ਚਾਨਣ, ਸੂਝ-ਬੂਝ ਪੈਦਾ ਹੁੰਦੀ ਹੈ। ਗਿਆਨ ਰੂਪ ਜੋਤਿ ਦੀ ਸਮਝ ਗੁਰੂ ਦੀ ਕਿਰਪਾ ਦੁਆਰਾ ਹੀ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਅਕਾਲ ਪੁਰਖ ਦੀ ਨਿਰੰਕਾਰੀ ਜੋਤਿ ਹੀ ਹਰੇਕ ਹੋਂਦ ਦੀ ਲਖਾਇਕ ਹੈ। ਗੁਰਬਾਣੀ ਦੀ ਨਿਮਨਲਿਖਤ ਹਵਾਲੇ ਇਸ ਸਿਧਾਂਤ ਨੂੰ ਸਮਝਣ ਵਿਚ ਸਹਾਇਕ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥ *(ਪੰਨਾ ੧੩)*

SikhBookClub.com

ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥
(ਪੰਨਾ ੭੨)

ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ॥ *(ਪੰਨਾ ੧੨੦)*

ਸਰਬ ਜੋਤਿ ਮਹਿ ਜਾ ਕੀ ਜੋਤਿ॥ *(ਪੰਨਾ ੨੯੪)*

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ॥ *(ਪੰਨਾ ੬੭੨)*

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ *(ਪੰਨਾ ੧੧੦੯)*

ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥ *(ਪੰਨਾ ੧੩੪੯)*

ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥ *(ਬਚਿਤ੍ਰ ਨਾਟਕ)*

ਨਿਰੰਕਾਰੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਸੰਸਾਰ 'ਤੇ ਪ੍ਰਗਟ ਹੋਈ ਜੋ ਨਿਰੰਤਰ ਪ੍ਰਕਾਸ਼ਮਾਨ ਹੈ। ਨਿਰੰਕਾਰੀ ਨਾਨਕ ਜੋਤਿ ਦੀ ਏਕਤਾ ਤੇ ਇਕਸਾਰਤਾ ਦੀ ਗੁਰਬਾਣੀ ਸ਼ਾਹਦੀ ਭਰਦੀ ਹੈ। ਗੁਰਬਾਣੀ ਸਾਨੂੰ ਦ੍ਰਿੜ੍ਹ ਕਰਾਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਦੂਸਰੇ ਗੁਰੂ ਸਾਹਿਬਾਨ 'ਚ ਕੋਈ ਅੰਤਰ-ਭੇਦ ਨਹੀਂ। ਸ੍ਰੀ ਗੁਰੂ ਨਾਨਕ ਜੋਤਿ ਹੀ ਇਕ ਰਸ ਵਿਆਪਕ ਤੇ ਸਦੀਵੀ ਹੈ। ਪ੍ਰਕਾਸ਼ ਸਰੂਪ ਵਾਹਿਗੁਰੂ ਨੇ ਹੀ ਆਪਣੇ-ਆਪ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਅਖਵਾਇਆ। ਉਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਖਡੂਰ ਵਿਚ ਜੋਤਿ ਜਗਾਉਂਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਹੀ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਰੂਪ 'ਚ ਪ੍ਰਗਟ ਹੁੰਦੇ ਹਨ। ਜੋਤਿ ਸ੍ਰੀ ਗੁਰੂ ਨਾਨਕ ਸਾਹਿਬ ਦੀ ਇਕ ਹੀ ਹੈ ਜੋ ਸੰਸਾਰੀ ਲੋਕਾਂ ਵਾਸਤੇ ਵੱਖ-ਵੱਖ ਰੂਪ 'ਚ ਪ੍ਰਗਟ-ਪ੍ਰਕਾਸ਼ਮਾਨ ਹੈ। ਗੁਰੂ ਨਾਨਕ ਜੋਤਿ ਦੂਸਰੇ ਗੁਰੂ ਸਾਹਿਬਾਨ 'ਚ ਏਵੇਂ ਅਭੇਦ ਹੋ ਜਾਂਦੀ ਹੈ, ਜਿਵੇਂ ਜਲ ਵਿਚ ਜਲ, ਹਵਾ ਵਿਚ ਹਵਾ, ਰੌਸ਼ਨੀ ਵਿਚ ਰੌਸ਼ਨੀ। ਇਕ ਵਾਰ ਮਿਲ ਜਾਣ 'ਤੇ ਇਨ੍ਹਾਂ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਖ਼ਾਲਸਾ ਪੰਥ 'ਚ ਗੁਰੂ ਨਾਨਕ ਜੋਤਿ ਇਕ ਰਸ ਨਿਰੰਤਰ ਪ੍ਰਕਾਸ਼ਮਾਨ ਹੈ। ਗੁਰਬਾਣੀ ਦੇ ਪਾਵਨ ਹਵਾਲਿਆਂ ਨਾਲ ਇਸ ਸਿਧਾਂਤ ਨੂੰ ਸਮਝਿਆ ਜਾ ਸਕਦਾ ਹੈ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
(ਪੰਨਾ ੯੬੬)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥ *(ਪੰਨਾ ੧੪੦੮)*

ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯੁਉ॥ *(ਪੰਨਾ ੧੪੦੧)*

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥ *(ਪੰਨਾ ੧੪੦੯)*

SikhBookClub.com

ਪਾਵਨ ਗੁਰਬਾਣੀ 'ਗੁਰੂ-ਜੋਤਿ' ਦੀ ਏਕਤਾ ਨੂੰ ਪ੍ਰਗਟ ਕਰਦੀ ਹੈ ਕਿ ਤੂੰ ਹੀ ਗੁਰੂ ਨਾਨਕ ਹੈਂ, ਤੁਸੀਂ ਹੀ ਬਾਬਾ ਲਹਿਣਾ, ਗੁਰੂ ਅੰਗਦ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਸ੍ਰੀ ਗੁਰੂ ਅਮਰਦਾਸ ਜੀ ਵੀ ਤੁਸੀਂ ਆਪ ਹੀ ਹੋ। ਅਕਾਲ ਪੁਰਖ ਵਾਹਿਗੁਰੂ ਦੀ ਜੋਤਿ ਹੀ ਗੁਰੂ ਸਾਹਿਬਾਨ ਦੇ ਰੂਪ ਵਿਚ ਇਸ ਬ੍ਰਹਿਮੰਡ 'ਚ ਪ੍ਰਕਾਸ਼ਮਾਨ ਹੋ ਪ੍ਰਗਟ ਹੋਈ:

ਨਾਨਕ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥ *(ਪੰਨਾ ੯੬੮)*

ਅਕਾਲ ਪੁਰਖ ਨੇ ਆਪਣੇ ਆਪ ਨੂੰ ਨਿਰੰਕਾਰੀ ਜੋਤਿ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਬਾਬਾ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਪ੍ਰਗਟ ਕੀਤਾ ਅਤੇ ਅੰਮ੍ਰਿਤਮਈ ਚੌਰ-ਛਤ੍ਰ ਬਖ਼ਸ਼ਿਸ਼ ਕਰ ਦਿੱਤਾ:

ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥ *(ਪੰਨਾ ੧੪੦੮)*

'ਨਿਰੰਕਾਰੀ-ਜੋਤਿ' ਦੀ ਸਦੀਵਤਾ ਤੇ ਪ੍ਰਗਟ ਹੋਣ ਦੇ ਅਰਥਾਂ ਨੂੰ ਸਮਝਣ ਲਈ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਕ੍ਰਿਤ ਵੀ ਬਹੁਤ ਲਾਭਕਾਰੀ ਤੇ ਸਹਾਇਕ ਹੈ। ਭਾਈ ਸਾਹਿਬ ਜੀ ਨੇ 'ਜੋਤਿ' ਦੀ ਏਕਤਾ, ਨਿਰੰਤਰਤਾ ਤੇ ਸਦੀਵਤਾ ਨੂੰ ਦ੍ਰਿੜ੍ਹ ਕਰਵਾਇਆ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪਰਮਾਤਮਾ, ਗੁਰੂ, ਨਾਮ, ਸ਼ਬਦ, ਗੁਰਬਾਣੀ, ਜਨਮ-ਮਰਨ ਤੋਂ ਰਹਿਤ, ਸਰਬ-ਸ਼ਕਤੀਮਾਨ, ਸਦੀਵੀ, ਸਰਵ-ਵਿਆਪਕ, ਬ੍ਰਹਿਮੰਡ ਦੇ ਕਣ-ਕਣ 'ਚ ਵਿਦਮਾਨ ਹੈ, ਜਿਸ ਦੀ ਹੋਂਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ ਪਰ ਦਰਸਾਇਆ ਨਹੀਂ ਜਾ ਸਕਦਾ। ਭਾਈ ਗੁਰਦਾਸ ਜੀ 'ਨਿਰੰਕਾਰੀ ਨਾਨਕ ਜੋਤਿ' ਦੀ ਏਕਤਾ, ਇਕਸਾਰਤਾ ਤੇ ਨਿਰੰਤਰਤਾ ਨੂੰ ਸੰਸਾਰ 'ਤੇ ਪ੍ਰਗਟ ਹੋਣ ਦੇ ਸਿਧਾਂਤ ਨੂੰ ਆਪਣੀ ਰਚਨਾ 'ਚ ਸਮਝਾਉਂਦੇ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥

(ਵਾਰ ੧/੨੭)

ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।

(ਵਾਰ ੧/੪੪)

ਦੁਇ ਦੁਇ ਅਖੀ ਆਖੀਅਨਿ ਇਕ ਦਰਸਨੁ ਦਿਸੈ।
ਦੁਇ ਦੁਇ ਕੰਨਿ ਵਖਾਣੀਅਨਿ ਇਕ ਸੁਰਤਿ ਸਲਿਸੈ।
ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ।
ਇਕ ਜੋਤਿ ਦੁਇ ਮੂਰਤੀ ਇਕ ਸਬਦੁ ਸਰਿਸੈ।
ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥ *(ਵਾਰ ੮/੧੬)*

ਸੂਰਜ ਜੋਤਿ ਉਦੋਤੁ ਕਰਿ ਤਾਰੇ ਤਾਰਿ ਅਨ੍ਹੇਰ ਨਿਵਾਰੇ। *(ਵਾਰ ੧੬/੭)*

SikhBookClub.com

ਉਪਰੋਕਤ ਕੁਝ ਪੰਕਤੀਆਂ 'ਨਿਰੰਕਾਰੀ ਨਾਨਕ ਜੋਤਿ' ਦੇ ਪ੍ਰਗਟ ਹੋਣ ਦੀ ਸ਼ਾਹਦੀ ਭਰਦੀਆਂ ਹਨ। ਭਾਈ ਗੁਰਦਾਸ ਜੀ ਨੇ ਆਪਣੀ ਕਿਰਤ 'ਚ ਗੁਰੂ ਸਾਹਿਬਾਨ ਦੇ ਇਤਿਹਾਸਕ ਹਵਾਲਿਆਂ ਦੀ ਬਜਾਏ 'ਨਾਨਕ ਜੋਤਿ' ਨੂੰ ਪ੍ਰਮੁੱਖਤਾ ਨਾਲ ਦਰਸਾਇਆ ਹੈ। ਕਲਯੁਗ ਵਿਚ 'ਨਿਰੰਕਾਰੀ ਜੋਤਿ' ਬ੍ਰਹਿਮੰਡ 'ਚ ਪ੍ਰਗਟ ਹੈ। ਇਤਿਹਾਸਕ ਕਰਮ ਤੇ ਸੰਸਾਰਿਕ ਸ਼ਬਦਾਵਲੀ 'ਚ ਦੇਖਿਆ ਜਾਵੇ ਤੇ ਸਿੱਖ ਗੁਰੂ ਸਾਹਿਬਾਨ ਦਸ ਹਨ ਪਰ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਗੁਰਮਤਿ ਵਿਚਾਰਧਾਰਾ ਸਾਨੂੰ ਇਹ ਦ੍ਰਿੜ੍ਹ ਕਰਵਾਉਂਦੀ ਹੈ ਕਿ 'ਨਿਰੰਕਾਰੀ ਨਾਨਕ ਜੋਤਿ' ਇਕ ਹੀ ਹੈ ਜੋ ਅੱਜ ਵੀ ਸੰਸਾਰ 'ਚ ਦਸਾਂ ਪਾਤਿਸ਼ਾਹੀਆਂ ਦੀ ਜੋਤਿ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਕਾਸ਼ਮਾਨ ਪ੍ਰਗਟ ਹੈ। ਇਸ ਲੇਖ ਵਿਚ ਅਸੀਂ ਇਤਿਹਾਸਕ ਹਵਾਲਿਆਂ ਦੀ ਬਜਾਏ ਗੁਰਬਾਣੀ, ਭਾਈ ਗੁਰਦਾਸ ਜੀ ਤੇ ਦਸਮੇਸ਼ ਬਾਣੀ ਦੀ ਰੌਸ਼ਨੀ ਵਿਚ 'ਨਿਰੰਕਾਰੀ ਨਾਨਕ ਜੋਤਿ' ਦੀ ਏਕਤਾ, ਇਕਸੁਰਤਾ ਤੇ ਸਦੀਵਤਾ ਤੇ ਪ੍ਰਗਟ ਹੋਣ ਨੂੰ ਸਮਝਣ ਲਈ ਯਤਨਸ਼ੀਲ ਹਾਂ। ਸਿਧਾਂਤਕ ਰੂਪ ਵਿਚ 'ਨਿਰੰਕਾਰੀ ਜੋਤਿ' ਹੀ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥' ਵਿਚ ਪ੍ਰਗਟ ਹੁੰਦੀ ਹੈ। ਭਾਈ ਗੁਰਦਾਸ ਜੀ ਸਪੱਸ਼ਟ ਕਰਕੇ ਸਮਝਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਤਕ ਇਹ ਇਕ ਜੋਤਿ ਕਿਵੇਂ ਪ੍ਰਗਟ ਹੁੰਦੀ ਹੈ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥੪੫॥ *(ਵਾਰ ੧)*

ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ। *(ਵਾਰ ੧/੪੬)*

ਗੁਰ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ। *(ਵਾਰ ੨੪/੮)*
ਪਾਰਬ੍ਰਹਮੁ ਪੂਰਣ ਬ੍ਰਹਮੁ ਗੁਰ ਨਾਨਕ ਦੇਉ।
ਗੁਰ ਅੰਗਦੁ ਗੁਰ ਅੰਗ ਤੇ ਸਚ ਸਬਦ ਸਮੇਉ। *(ਵਾਰ ੧੩/੨੫)*

ਭਾਈ ਗੁਰਦਾਸ ਜੀ ਅਨੁਸਾਰ 'ਨਿਰੰਕਾਰੀ ਨਾਨਕ ਜੋਤਿ' ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ 'ਚ ਪ੍ਰਗਟ ਹੁੰਦੀ ਹੈ। ਇਹ ਜੋਤਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿਚ ਸੰਸਾਰ 'ਚ ਪ੍ਰਕਾਸ਼ਮਾਨ ਹੁੰਦੀ ਹੈ:

ਅਮਰਾ ਪਦੁ ਗੁਰ ਅੰਗਦਹੁ ਅਤਿ ਅਲਖ ਅਭੇਉ।
ਗੁਰ ਅਮਰਹੁ ਗੁਰ ਰਾਮ ਨਾਮੁ ਗਤਿ ਅਛਲ ਅਛੇਉ।
ਰਾਮ ਰਸਕ ਅਰਜਨ ਗੁਰੂ ਅਬਿਚਲ ਅਰਖੇਉ।
ਹਰਿਗੋਵਿੰਦੁ ਗੋਵਿੰਦੁ ਗੁਰੁ ਕਾਰਣ ਕਰਣੇਉ॥

(ਵਾਰ ੧੩/੨੫)

ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ। *(ਵਾਰ ੨੪/੨੫)*

SikhBookClub.com

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ। (ਵਾਰ ੧/੪੨)

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ। (ਵਾਰ ੧/੪੮)

ਭਾਈ ਗੁਰਦਾਸ ਜੀ ਨੇ 28ਵੀਂ ਵਾਰ ਦੀ 7ਵੀਂ ਪਉੜੀ ਵਿਚ 'ਗੁਰਸਿਖੀ' ਦੇ ਸਿੱਖਣ, ਲਿਖਣ, ਤੋਲਣ, ਦੇਖਣ, ਚਖਣ, ਸਮਝਣ ਬਾਰੇ ਬਾ-ਖੂਬੀ ਵਰਣਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਗੁਰਸਿੱਖੀ ਮਾਰਗ ਬਿਖਮ-ਬਿਖੜਾ ਹੈ ਭਾਵ 'ਨਾਨਕ ਨਿਰਮਲ਼ ਪੰਥ' ਦੇ ਪਾਂਧੀ ਬਣਨਾ ਅਸਾਨ ਨਹੀਂ ਹੈ। 'ਗੁਰਸਿਖੀ' ਦੀ ਸਿਫਤ-ਸਲਾਹ ਲਿਖਣੀ ਵੀ ਕਠਿਨ ਕਾਰਜ ਹੈ। ਗੁਰਸਿੱਖੀ ਮਾਰਗ ਦੇ ਬਰਾਬਰ ਹੋਰ ਕੋਈ ਮਾਰਗ ਨਹੀਂ। ਇਸ ਦੀ ਬਰਾਬਰਤਾ ਕੋਈ ਨਹੀਂ ਕਰ ਸਕਦਾ। ਗੁਰਸਿੱਖੀ ਸਿਧਾਂਤਾਂ ਦੇ ਅਮਲ ਰੂਪ ਵਿਚ ਦਰਸ਼ਨ ਗੁਰਦੁਆਰੇ 'ਚ ਹੋ ਸਕਦੇ ਹਨ। ਗੁਰਸਿੱਖੀ ਮਾਰਗ ਨੂੰ ਸਮਝਣ ਵਾਸਤੇ ਸਾਧ-ਸੰਗਤ 'ਚ 'ਸ਼ਬਦ-ਗੁਰੂ' ਦੀ ਵਿਚਾਰਧਾਰਾ ਨੂੰ ਸਮਝਣਾ ਜ਼ਰੂਰੀ ਹੈ। 'ਸ਼ਬਦ-ਗੁਰੂ' ਦੇ ਸਿਧਾਂਤ ਨੂੰ ਸਮਝਣ ਨਾਲ ਇਸ ਤਰ੍ਹਾਂ ਅਨੁਭਵ ਮਹਿਸੂਸ ਹੋਵੇਗਾ ਜਿਵੇਂ ਜੋਤਿ ਤੋਂ ਜੋਤਿ, ਦੀਵੇ ਤੋਂ ਦੀਵਾ ਜਗ ਕੇ ਚਾਨਣ ਦੇਣਾ ਸ਼ੁਰੂ ਕਰ ਦੇਂਦਾ ਹੈ। ਭਾਈ ਗੁਰਦਾਸ ਜੀ ਸਾਨੂੰ ਸਮਝਾਉਂਦੇ ਹਨ ਕਿ ਜਿਵੇਂ ਆਪਣੀ ਸ਼ਕਲ-ਅਕਸ ਦਰਪਣ 'ਚ ਦੇਖਣ ਲਈ ਦਰਪਣ ਦਾ ਸਾਫ਼ ਹੋਣਾ ਜ਼ਰੂਰੀ ਹੈ, ਨਹੀਂ ਤਾਂ ਬੇ-ਸਮਝੀ ਕਾਰਨ ਸਾਡੀ ਸੋਚ-ਸਮਝ 'ਤੇ ਵੀ ਧੁੰਦਲਾਪਨ ਹੀ ਹੋਵੇਗਾ:

ਗੁਰਸਿਖੀ ਦਾ ਚਖਣਾ ਸਾਧਸੰਗਤਿ ਗੁਰੁ ਸਬਦੁ ਵੀਚਾਰਾ।
ਗੁਰਸਿਖੀ ਦਾ ਸਮਝਣਾ ਜੋਤੀ ਜੋਤਿ ਜਗਾਵਣਹਾਰਾ॥ (ਵਾਰ ੨੮/੭)
ਜੈਸੇ ਬਿਨੁ ਮਾਂਜੈ ਦਰਪਨ ਜੋਤਿ ਹੀਨ ਹੋਤ ਬਰਖਾ ਬਿਹੂਨ ਜੈਸੇ ਖੇਤ ਮੈ ਨ ਧਾਨ ਹੈ।
(ਕਬਿੱਤ ੫੩੭/੨)

ਦਸਮੇਸ਼ ਪਾਤਸ਼ਾਹ 'ਬਚਿੱਤ੍ਰ ਨਾਟਕ' ਵਿਚ ਗੁਰੂ ਨਾਨਕ ਜੋਤਿ ਦੀ ਏਕਤਾ-ਇਕਸਾਰਤਾ ਨੂੰ ਬਾ-ਖ਼ੂਬੀ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਸਾਹਿਬ ਗੁਰੂ ਨਾਨਕ ਦੇਵ ਹੀ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ ਦੇ ਰੂਪ 'ਚ ਪ੍ਰਗਟ ਹੁੰਦੇ ਹਨ। ਸ੍ਰੀ ਗੁਰੂ ਰਾਮਦਾਸ ਵੀ ਉਸੇ ਗੁਰੂ ਨਾਨਕ ਜੋਤਿ ਦੇ ਅਧਿਕਾਰੀ ਹਨ। ਭਾਵ ਕਿ ਗੁਰੂ ਨਾਨਕ ਜੋਤਿ ਇਕ ਹੀ ਹੈ:

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰ ਦਾਸ ਅੰਗਦ ਪਹਿਚਾਨਾ॥
ਅਮਰ ਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥੯॥
(ਬਚਿੱਤ੍ਰ ਨਾਨਕ, ਅ. ੫)

ਸਾਧੂ-ਲੋਕਾਂ ਭਾਵ ਸਿਆਣੇ ਲੋਕਾਂ ਨੇ ਇਸ ਭੇਦ ਨੂੰ ਸਮਝ ਲਿਆ ਹੈ ਕਿ ਗੁਰੂ ਇਕ ਹੀ ਹੈ ਪਰ ਅਲਪ ਬੁੱਧੀ ਵਾਲੇ ਲੋਕਾਂ ਨੂੰ ਇਸ ਭੇਦ ਦੀ ਸਮਝ ਨਹੀਂ ਆਉਂਦੀ। ਆਮ ਲੋਕਾਂ ਵਲੋਂ ਗੁਰੂ ਸਾਹਿਬਾਨ ਨੂੰ ਵੱਖ-ਵੱਖ ਕਰਕੇ ਜਾਣਿਆ-ਪਹਿਚਾਣਿਆ ਜਾਂਦਾ ਹੈ, ਪਰ ਵਿਰਲਿਆਂ 'ਤੇ ਹੀ ਕਿਰਪਾ ਹੋਈ ਹੈ, ਉਨ੍ਹਾਂ 'ਗੁਰੂ' ਨੂੰ ਇਕ 'ਜੋਤਿ' ਕਰਕੇ ਮੰਨਿਆ, ਪਹਿਚਾਣਿਆ ਤੇ ਸਤਿਕਾਰਿਆ ਹੈ। ਜਿਨ੍ਹਾਂ ਨੂੰ ਗੁਰੂ ਦੀ ਏਕਤਾ ਦਾ ਭੇਦ ਸਮਝ ਆ ਗਿਆ, ਉਨ੍ਹਾਂ ਨੂੰ ਸਿਧੀ ਪ੍ਰਾਪਤ ਹੋ ਗਈ,

SikhBookClub.com

ਭਾਵ ਸੂਝ-ਸਮਝ ਪ੍ਰਾਪਤ ਹੋ ਗਈ। ਇਸ ਭੇਦ ਨੂੰ ਸਮਝੇ ਬਿਨਾਂ ਗੁਰਮਤਿ ਵਿਚਾਰਧਾਰਾ ਦੇ 'ਗੁਰੂ' ਸਿਧਾਂਤ ਦੀ ਸਮਝ ਨਹੀਂ ਆ ਸਕਦੀ। ਸਤਿਗੁਰੂ ਜੀ ਸਪੱਸ਼ਟ ਕਰਦੇ ਹਨ:

ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥ ਬਿਨੁ ਸਮਝੇ ਸਿਧਿ ਹਾਥਿ ਨ ਆਈ॥੧੦॥
(ਬਚਿਤ੍ਰ ਨਾਟਕ, ਅ. ੫)

ਸੰਖੇਪ ਅਰਥ ਭਾਵ ਹਨ ਕਿ ਨਿਰੰਕਾਰੀ ਜੋਤਿ ਦੀਨ-ਦੁਖੀਆਂ ਦੇ ਦਰਦ ਨਿਵਾਰਨ ਲਈ ਪ੍ਰਗਟ ਹੈ ਪਰ ਸਾਰੇ ਬ੍ਰਹਿਮੰਡ 'ਚ ਪ੍ਰਕਾਸ਼ਮਾਨ ਜੋਤਿ ਇਕ ਹੀ ਹੈ:

ਲੋਕ ਚਤ੍ਰਦਸਿ ਜੋਤ ਪ੍ਰਕਾਸੀ॥ *(ਅਕਾਲ ਉਸਤਤਿ, ੧/੪)*

ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥ *(ਅਕਾਲ ਉਸਤਤਿ, ੧੬੬/੧)*

ਜਾਗਤ ਜਾ ਕੀ ਜੋਤਿ ਜਗਿ ਜਲਿ ਥਲਿ ਰਹੀ ਸਮਾਇ॥ *(ਅਵਤਾਰ ਕ੍ਰਿਸ਼ਨ, ੧੩੨੬/੧)*

ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥ *(੩੩ ਸਵੈਯੇ, ੧/੧)*

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥੧॥ *(੩੩ ਸਵੈਯੇ, ੧/੪)*

ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਨੌਵੇਂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਜੀ ਤੀਕ ਜੋਤਿ ਦੀ ਨਿਰੰਤਰਤਾ 'ਤੇ ਪ੍ਰਗਟ ਹੋਣ ਦਾ ਜ਼ਿਕਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ 'ਚ ਬਾ-ਖ਼ੂਬੀ ਕਰ ਦਿੱਤਾ। ਗੁਰੂ ਸਾਹਿਬਾਨ ਦੇ ਜੋਤਿ ਰੂਪ 'ਚ ਪ੍ਰਗਟ ਹੋਣ ਦੇ ਕੁਝ ਇਤਿਹਾਸਕ ਹਵਾਲੇ ਅਸੀਂ ਪੜ੍ਹ ਸਕਦੇ ਹਾਂ:

ਏਕੰਕਾਰ ਧਾਰਿ ਨਿਜ ਰੂਪਾ।
ਪ੍ਰਗਟੇ ਸਤਿਗੁਰ ਰੂਪ ਅਨੂਪਾ॥੨੬॥ *(ਗੁਰ ਨਾਨਕ ਪ੍ਰਕਾਸ਼, ਪੂਰਵਾਰਧ ਅਧਿਆਇ ੩)*

ਜੋਤਿ ਤੇ ਜੋਤਿ ਪ੍ਰਕਾਸ਼ ਰਹੀ
ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ...॥੨੭॥ *(ਰਾਸਿ ੧, ਅੰਸੂ ੯)*

ਸ਼ੁਕਲ ਪੱਖਜ ਆਖਾੜ ਕੋ ਪ੍ਰਗਟੇ ਗੁਰੂ ਮਹਾਨ॥੨੫॥ *(ਰਾਸਿ ੩, ਅੰਸੂ ੪)*

ਪ੍ਰਗਟ ਭਏ ਗੁਰੁ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਜਾ ਕੀ ਚਾਦਰ।੧੪।...
ਤ੍ਰੈ ਲੋਕ ਬਿਖੈ ਜੈਕਾਰ ਭਯੋ ਪ੍ਰਗਟਜੋ ਗੁਰੁ ਆਦਿ ਕ੍ਰਿਆ ਕਰਣੰ।੧੭।...
(ਗੁਰੁ ਸੋਭਾ ਅਧਿਆਇ ੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਸਾਰ ਆਗਮਨ ਬਾਰੇ ਵੀ ਭਾਈ ਗੁਰਦਾਸ ਸਿੰਘ ਦੂਜੇ ਨੇ 41ਵੀਂ ਵਾਰ ਵਿਚ ਸਪੱਸ਼ਟ ਰੂਪ ਵਿਚ ਬਿਆਨ ਕੀਤਾ ਹੈ ਕਿ ਮਰਦ ਅਗੰਮੜਾ ਪ੍ਰਗਟ ਹੋਇਆ:

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।
ਅਨੰਦ ਬਿਨੋਦੀ ਜੀਆ ਜਪਿ ਸਚੁ ਸਚੀ ਵੇਲਾ। *(ਵਾਰ ੪੧/੧੪)*

SikhBookClub.com

ਉਹੁ ਗੁਰੁ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ। *(ਵਾਰ ੪੧/੧੫)*

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ *(ਵਾਰ ੪੧/੧੭)*

'ਨਿਰੰਕਾਰੀ ਨਾਨਕ ਜੋਤਿ' ਦਾ ਕੋਈ ਆਦਿ, ਅੰਤ ਨਹੀਂ, ਜੋਤਿ ਸਦੀਵੀ ਜਨਮ-ਮਰਨ ਤੋਂ ਰਹਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਸੰਸਾਰਿਕ 'ਉਮਰਾਂ' ਸਾਡੇ ਦੁਨਿਆਵੀਂ ਲੋਕਾਂ ਵਾਸਤੇ ਹਨ। 'ਨਾਨਕ ਨਿਰੰਕਾਰੀ ਜੋਤਿ' ਨਿਰੰਤਰ ਪ੍ਰਵਾਹ ਹੈ ਜਿਸ ਨੂੰ ਸਮੇਂ-ਸਥਾਨ ਦੀ ਸੀਮਾ 'ਚ ਸੀਮਤ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਸੰਸਾਰਿਕ ਸ਼ਬਦਾਵਲੀ ਵਿਚ ਵਿਅਕਤ ਕੀਤਾ ਜਾ ਸਕਦਾ। ਸ੍ਰੀ ਗੁਰੂ ਰਾਮਦਾਸ ਜੀ ਦਾ ਪਾਵਨ ਫੁਰਮਾਣ ਹੈ:

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ *(ਪੰਨਾ ੭੫੯)*

ਇਲਾਹੀ ਨਾਨਕ ਜੋਤਿ ਸੱਚੀ ਹੈ, ਜੋਤਿ ਨਾਮ ਹੈ, ਬਾਣੀ ਹੈ। ਗੁਰਬਾਣੀ ਨੂੰ ਅਸੀਂ ਪੜ੍ਹਦੇ-ਸੁਣਦੇ ਜ਼ਰੂਰ ਹਾਂ, ਪਰ ਅਮਲ ਨਹੀਂ ਕਰਦੇ। ਜਦ ਵੀ ਗੁਰਬਾਣੀ ਦੇ ਸੱਚ ਦੇ ਨਾਮ ਨਾਲ ਜੁੜ ਕੇ ਸਚ ਦੇ ਮਾਰਗ 'ਤੇ ਚੱਲ ਪਵਾਂਗੇ ਤਦ ਹੀ ਅਸੀਂ ਨਿਰੰਕਾਰੀ ਜੋਤਿ ਨਾਲ ਜੁੜ ਜਾਵਾਂਗੇ। ਇਲਾਹੀ ਜੋਤਿ ਦੇ ਸੱਚ ਨੂੰ ਗੁਰੂ ਨਾਨਕ ਜੋਤਿ ਨੇ ਸਮੇਂ ਸਿਰ ਸੱਚ ਬੋਲਿਆ ਤੇ ਸੱਚ ਬੋਲਣ ਦੀ ਤਾਕੀਦ ਕੀਤੀ। ਗੁਰੂ ਨਾਨਕ ਜੋਤਿ ਨਿਰਭਉ-ਨਿਰਵੈਰ ਹੈ ਜੋ ਸਮੇਂ ਦੀਆਂ ਪ੍ਰਸਥਿਤੀਆਂ ਨਾਲ ਕਦੇ ਸਮਝੌਤਾ ਨਹੀਂ ਕਰਦੀ।

ਗੁਰੂ ਨਾਨਕ ਜੋਤਿ ਦੀ ਘਾਲ ਪ੍ਰਤੱਖ ਹੋਈ, ਨਾਨਕ ਨਿਰਮਲ ਪੰਥ ਦੇ ਪਾਂਧੀ ਉੱਚ ਆਚਰਣ ਪ੍ਰਾਪਤੀ ਸਦਕਾ 'ਗੁਰੂ-ਪੰਥ' ਦੇ ਰੂਪ ਵਿਚ ਪ੍ਰਗਟ ਹੋਇਆ। ਪਰਮਾਤਮ ਦੀ ਮੌਜ 'ਚ ਪ੍ਰਗਟ ਹੋਏ ਖ਼ਾਲਸੇ ਨੂੰ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਮੇਰੋ ਸਤਿਗੁਰ ਪੂਰਾ' ਕਹਿ ਮਾਣ-ਸਤਿਕਾਰ ਦਿੱਤਾ। ਗੁਰਬਾਣੀ ਦੀ ਰੌਸ਼ਨੀ 'ਚ ਦੇਖਿਆਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਜੋਤਿ ਸਿਧਾਂਤਕ ਰੂਪ ਵਿਚ ਗੁਰਬਾਣੀ ਵਿਚ ਵਿਦਮਾਨ ਹੈ ਤੇ ਜੁਗਤਿ ਰੂਪ ਵਿਚ ਗੁਰੂ-ਪੰਥ ਦੇ ਪ੍ਰਤੀਨਿਧਾਂ ਪੰਜਾਂ-ਪਿਆਰਿਆਂ 'ਚ ਪ੍ਰਗਟ ਹੈ। ਆਸਤਿਕ ਧਰਮ ਦਰਸ਼ਨ ਅਨੁਸਾਰ ਆਤਮਾ ਅਮਰ ਹੈ, ਜਨਮ-ਮਰਨ ਤੋਂ ਰਹਿਤ ਹੈ। ਆਤਮਾ ਪਰਮਾਤਮਾ ਦੀ ਹੀ ਅੰਸ਼ ਹੈ। ਆਤਮਾ-ਪਰਮਾਤਮਾ ਦਾ ਸਬੰਧ ਬੂੰਦ ਤੇ ਸਮੁੰਦਰ ਸਮਾਨ ਹੈ; ਗੁਣ ਆਤਮਕ ਸਾਂਝ ਹੈ, ਮਾਤਰਿਕ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸ਼ਬਦਾਂ 'ਚ:

ਹੌਂ ਖਾਲਸਹਿ ਕਹੁ ਖਾਲਸਾ ਮੇਰੋ॥ ਓਤਪੋਤ ਸਾਗਰ ਬੂੰਦੇਰੋ॥੧੦॥

(ਸਰਬ ਲੋਹ ਗ੍ਰੰਥ, ਪੰਨਾ ੬੬੮)

ਗੁਰਬਾਣੀ ਦੇ ਸਿਧਾਂਤ ਦੀ ਰੌਸ਼ਨੀ ਵਿਚ 'ਗੁਰੂ-ਪੰਥ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਹਰ ਤਰ੍ਹਾਂ ਦੇ ਫ਼ੈਸਲੇ ਕਰਨ ਦਾ ਅਧਿਕਾਰ ਹੈ। ਸੰਗਤਾਂ ਦੀ ਪ੍ਰਮੁੱਖਤਾ ਭਾਵੇਂ ਸਿੱਖ ਧਰਮ ਵਿਚ ਆਰੰਭ ਤੋਂ ਰਹੀ ਹੈ ਪਰ ਅੰਮ੍ਰਿਤ ਦਾਤੇ ਕਲਗੀਧਰ ਪਿਤਾ ਨੇ ਪੰਜ-ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਰੂਪ 'ਚ ਪ੍ਰਗਟ ਕਰ ਖ਼ਾਲਸੇ ਨੂੰ ਸਤਿਗੁਰ ਪੂਰਾ ਕਿਹਾ:

SikhBookClub.com

ਸ੍ਰੀ ਅਕਾਲ ਕੇ ਬਚਨ ਸੋ, ਪ੍ਰਗਟਯੋ ਪੰਥ ਮਹਾਨ।
ਗ੍ਰੰਥ ਪੰਥ ਗੁਰ ਮਾਨੀਐ, ਤਾਰਹਿ ਸਕਲ ਕੁਲਾਨ।

(ਸੁਧਰਮ ਮਾਰਗ ਗ੍ਰੰਥ-ਸੰਤ ਭੂਪ ਸਿੰਘ ਨਿਰਮਲੇ
ਨਿਰਮਲੇ-ਉਦਰਤਿ ਪਿਆਰਾ ਸਿੰਘ ਪਦਮ, ਸਾਡੇ ਗੁਰਦੇਵ, ਪੰਨਾ ੧੪੯)

ਗੋਬਿੰਦ ਸਿੰਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ।
ਕਿਯੋ ਪ੍ਰਗਟ ਤਬ ਖਾਲਸਾ ਚੁਕਯੋ ਸਰਬ ਜੰਜਾਲ॥੪॥੧੨੦॥

(ਗੁਰ ਸੋਭਾ, ਅਧਿਆਇ ੫)

ਨਿਰਮਲ ਕਰਿ ਸੰਸਾਰ ਜਗਤ ਮੈ ਬਚਨਿ ਸੁਨਾਏ।
ਕਿਯੋ ਖਾਲਸਾ ਪ੍ਰਗਟ ਸੁਨਤ ਦੁਰਜਨ ਡਰਪਾਏ॥...॥੧੬॥੩੨॥ *(ਉਹੀ)*

ਪੰਥ ਖਾਲਸਾ ਭਜੋ ਪੁਨੀਤਾ ਪ੍ਰਭੁ ਆਗਜਾ ਕਰਿ ਉਦਿਤ ਭਏ।...
ਪਾਵਨ ਪੰਥ ਖਾਲਸਹਿ ਪ੍ਰਗਟਯੋ ਚਾਰ ਵਰਨ ਆਸ੍ਰਮ ਸ਼ੁਭ ਪੰਥਾ॥੧॥

(ਸਰਬ ਲੋਹ ਗ੍ਰੰਥ, ਪੰਨੇ ੬੪੫-੬੪੬)

ਪ੍ਰਗਟਯੋ ਸੁ ਪੰਥ, ਗ੍ਰੰਥ ਬਿਦਤੈ ਭਗਤਿ ਨਿਤ,
ਸ਼ਾਂਤਿ ਬਰਤਾਇ ਕੈ ਧਰਾ ਕੋ ਭਾਰ ਖੋਇ ਹੈ।...੧੦॥

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੩, ਅੰਸੂ ੨੦)

ਖਾਲਸਾ ਕਾਲਪੁਰੁਖ ਕੀ ਫ਼ੌਜ।
ਪ੍ਰਗਟਯੋ ਪਰਮਾਤਮ ਕੋ ਮੌਜ॥ *(ਸਰਬ ਲੋਹ ਗ੍ਰੰਥ, ਪੰਨਾ ੬੬੮)*

ਸ਼ਬਦ-ਗੁਰੂ ਦੇ ਸਿਧਾਂਤ ਨੂੰ ਪ੍ਰਗਟ ਕਰਨ ਲਈ, ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨੇ ਨਾਨਕ ਨਿਰਮਲ ਪੰਥ ਚਲਾਇਆ, ਜਿਸ ਦਾ ਆਦਰਸ਼ **ਪੋਥੀ ਪਰਮੇਸਰ ਕਾ ਥਾਨੁ** ਨੂੰ ਸ਼ਬਦ-ਗੁਰੂ ਦੇ ਰੂਪ ਵਿਚ ਸਥਾਪਿਤ ਕਰਨਾ ਸੀ। ਨਿਰੰਕਾਰੀ ਨਾਨਕ ਜੋਤਿ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਖਾਲਸਾ-ਪੰਥ ਸੰਸਾਰ 'ਤੇ ਪ੍ਰਗਟ ਹੋ ਪ੍ਰਵਾਣਿਆ ਤੇ ਸਤਿਕਾਰਿਆ ਗਿਆ। ਇਤਿਹਾਸਕ ਰੂਪ 'ਚ ਜਦ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਪਾਵਨ ਪਵਿੱਤਰ ਬਾਣੀ ਅੰਕਤ ਹੈ ਪਰ ਸਿਧਾਂਤ ਰੂਪ 'ਚ ਮੋਹਰ ਇਕ ਗੁਰੂ ਨਾਨਕ ਜੋਤਿ ਦੀ ਵਰਤੀ ਗਈ ਹੈ ਜੋ ਜੋਤਿ ਦੀ ਏਕਤਾ ਦੀ ਸਦ-ਜਾਗਤ ਸ਼ਾਹਦੀ ਭਰਦੀ ਹੈ। ਗੁਰਬਾਣੀ ਦਾ ਪਾਵਨ ਫ਼ੁਰਮਾਣ ਹੈ:

ਗੁਰ ਕਾ ਬਚਨੁ ਸਦਾ ਅਬਿਨਾਸੀ॥...
ਗੁਰ ਕਾ ਬਚਨੁ ਪਰਗਟੁ ਸੰਸਾਰਿ॥ *(ਪੰਨਾ ੧੨੭)*

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਤੂਬਰ, 1708 ਈ: ਵਿਚ ਖ਼ਾਲਸਾ ਪੰਥ ਨੂੰ ਹੁਕਮ ਕਰ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ-ਜੁਗ ਅਟੱਲ ਗੁਰੂ ਦੇ ਰੂਪ 'ਚ ਮੰਨਣਾ, ਸਵੀਕਾਰਨਾ ਤੇ ਸਤਿਕਾਰ ਦੇਣਾ। ਦਸਮੇਸ਼ ਪਿਤਾ ਦੇ ਹੁਕਮ ਨੂੰ ਖ਼ਾਲਸਾ ਪੰਥ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਉਪਰੰਤ ਯਾਦ ਕਰ ਸ਼ਰਧਾ-ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੀਸ ਝੁਕਾਉਂਦਾ ਹੈ:

SikhBookClub.com

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭਿ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ॥

(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ ੩੫੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਬਚਨਾਂ ਦੇ ਹੁੰਦਿਆਂ ਹੋਰ ਪ੍ਰਮਾਣਾਂ ਦੀ ਲੋੜ ਨਹੀਂ।

ਸਿਧਾਂਤਕ, ਇਤਿਹਾਸਕ, ਵਿਵਹਾਰਕ ਰੂਪ ਵਿਚ ਗੁਰੂ ਨਾਨਕ ਜੋਤਿ, ਨਿਰਭਉ-ਨਿਰਵੈਰ ਦੇ ਰੂਪ ਵਿਚ ਹੀ ਦਿਖਾਈ ਦਿੰਦੀ ਹੈ ਜੋ ਸਦ-ਜਾਗਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਸਾਰ 'ਤੇ ਪ੍ਰਗਟ ਹੈ। ਇਸ ਇਲਾਹੀ ਨਿਰੰਤਰ ਨਿਰੰਕਾਰੀ ਜੋਤਿ ਨੂੰ ਹੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਗੁਰੂ-ਰੂਪ ਵਿਚ ਸਵੀਕਾਰਨ ਅਤੇ ਮੰਨਣ ਦਾ ਹੁਕਮ ਕੀਤਾ ਹੈ। ਉਨ੍ਹਾਂ ਦਾ ਖਾਲਸਾ-ਪੰਥ ਨੂੰ ਇਹੀ ਅਦੇਸ਼ ਹੈ, ਪੂਜਾ ਅਕਾਲ ਕੀ, ਪ੍ਰਚਾ ਸ਼ਬਦ ਕਾ, ਦੀਦਾਰ ਖਾਲਸੇ ਦੇ।

ਸੰਖੇਪ 'ਚ ਅਸੀਂ ਕਹਿ ਸਕਦੇ ਹਾਂ ਕਿ 'ਨਿਰੰਕਾਰੀ ਨਾਨਕ ਜੋਤਿ', ਸਦ-ਜਾਗਤ, ਸਰਵ-ਵਿਆਪਕ, ਸਰਬ-ਸ਼ਕਤੀਮਾਨ ਹੁੰਦੀ ਵੀ ਨਿਰਲੇਪ ਤੇ ਆਕਾਰ ਰਹਿਤ ਹੈ। 'ਨਿਰੰਕਾਰੀ ਨਾਨਕ ਜੋਤਿ' ਸੰਸਾਰ 'ਤੇ ਪ੍ਰਗਟ ਰੂਪ ਵਿਚ ਦ੍ਰਿੜ੍ਹ ਕਰਾਉਂਦੀ ਹੈ ਕਿ 'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ', 'ਹਰਿ ਹਰਿ ਜਨ ਦੁਈ ਏਕ ਹੈ।' ਨਿਰੰਤਰ ਪ੍ਰਗਟ-ਪ੍ਰਕਾਸ਼ਮਾਨ 'ਨਿਰੰਕਾਰੀ ਨਾਨਕ ਜੋਤਿ' ਗੁਰਬਾਣੀ ਬ੍ਰਹਮ ਵਿਚਾਰ ਹੈ, ਨਿਰੰਕਾਰ ਹੈ।

ਸੰਸਾਰਿਕ ਸ਼ਬਦਾਵਲੀ 'ਚ ਅਸੀਂ ਕਹਿ ਸਕਦੇ ਹਾਂ ਕਿ ਦਸ ਗੁਰੂ ਸਾਹਿਬਾਨ ਵਿਚ ਇਕ ਹੀ ਜੋਤਿ-ਜੁਗਤਿ ਪਸਰੀ ਹੋਈ ਹੈ, ਜੋ ਹੁਣ 'ਗੁਰੂ-ਗ੍ਰੰਥ, ਗੁਰੂ-ਪੰਥ' ਦੇ ਰੂਪ ਵਿਚ ਪ੍ਰਗਟ ਪ੍ਰਕਾਸ਼ਮਾਨ ਹੈ। ਗੁਰੂ-ਜੋਤਿ ਦੁਆਰਾ ਤਿਆਰ ਕੀਤੀ ਜੀਵਨ-ਜੁਗਤਿ ਖ਼ਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਹੈ ਜਿਸ ਦਾ ਆਦਰਸ਼ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ', ਜਬਰ-ਜਨਾਹ, ਜ਼ੁਲਮ-ਅਨਿਆਂ, ਅਤਿਆਚਾਰ ਤੇ ਹਰ ਤਰ੍ਹਾਂ ਦੀ ਗ਼ੁਲਾਮੀ ਦੇ ਵਿਰੁੱਧ ਨਿਰੰਤਰ ਸੰਘਰਸ਼ ਕਰਦਿਆਂ ਖ਼ਾਲਸਾ ਜੀ ਦੇ ਬੋਲ-ਬਾਲਿਆਂ ਦੀ ਗੱਲ ਕਰਨਾ ਹੈ।

x x x

SikhBookClub.com

ਜੀਵਨ-ਦਰਸ਼ਨ
ਸ੍ਰੀ ਗੁਰੂ ਅੰਗਦ ਦੇਵ ਜੀ

SikhBookClub.com

ਚਿੱਕੜ ਤੇ ਕੇਸਰ

ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਵਾਸਤੇ ਕਰਤਾਰਪੁਰ ਆਏ। ਗੁਰੂ ਜੀ ਆਪਣੇ ਧਾਨ ਦੇ ਖੇਤਾਂ ਵਿਚ ਕੰਮ ਕਰ ਰਹੇ ਸਨ। ਲਹਿਣਾ ਜੀ ਉਥੇ ਹੀ ਚਲੇ ਗਏ। ਗੁਰੂ ਜੀ ਨੇ ਲਹਿਣਾ ਜੀ ਨੂੰ ਕਿਹਾ:

ਉਠ ਆਵਹੁ ਤੁਮ ਵਹਿਰ ਕਿਦਾਰਾ।
ਅਪਰ ਬਤਾਵਹਿੰ ਕਰੀਏ ਕਾਰਾ।
ਇਹ ਨਦੀਨ ਕੇ ਬਾਂਧਹੁ ਭਾਰਾ।
ਲੇ ਜਾਵਹੁ ਹਿਤ ਪਸੁਨਿ ਅਹਾਰਾ॥੮੫॥

ਲਹਿਣੇ ਆਇ ਵਹਿਰ ਤਤਕਾਲ।
ਤ੍ਰਿਣ ਕੋ ਬਾਂਧਯੋ ਭਾਰ ਬਿਸਾਲ।
ਪੰਕ ਨੀਰ ਨੁਚਰਤ ਜਿਹ ਮਾਹੀਂ।
ਲੀਨ ਉਠਾਇ ਸੀਸ ਪਰ ਤਾਹੀਂ॥੮੬॥

ਜਾਮਾ ਗੁਰ ਬਹੁ ਮੋਲ ਪਹਿਰਯੋ।
ਪੰਕ ਸੰਗ ਸਗਰੋ ਤਿਹ ਭਰਯੋ।
ਨਹਿੰ ਸ਼ੰਕਾ ਕੁਛ ਰਿਦੇ ਬਿਚਾਰੀ।
ਗਮਨਯੋ ਭੌਨ ਭਾਰ ਸਿਰ ਭਾਰੀ॥੮੭॥

ਠਾਂਢੇ ਹੁਤੇ ਪਸੂ ਜਿਹ ਥਾਈਂ।
ਤਿਨ ਆਗੇ ਤ੍ਰਿਣ ਦੀਨੇ ਪਾਈ।
ਦੇਖ ਸੁਲਖਣੀ ਮਨ ਬਿਸਮਾਨੀ।
ਅਦਭੁਤ ਗਤਿ ਕਿਛੁ ਜਾਇ ਨ ਜਾਨੀ॥੮੮॥

ਸੀਸ, ਬਦਨ, ਕਰ, ਪਗ, ਪਟ ਸਾਰੇ।
ਰਹਯੋ ਪੰਕ ਲਗ ਦੇਖ ਬਿਚਾਰੇ।
ਇਸ ਕੋ ਭਯੋ ਅਨਾਦਰ ਭੂਰੀ।
ਹਿਤ ਕਰ ਆਯੋ ਹੁਤੋ ਸੁ ਦੂਰੀ॥੮੯॥

ਭਈ ਸੰਝ ਬੇਦੀ ਕੁਲ ਕੇਤ।
ਆਏ ਦਾਸਨ ਯੁਕਤ ਨਿਕੇਤ।

SikhBookClub.com

ਦੇਖ ਸੁਲੱਖਣੀ ਬਚਨ ਬਖਾਨੇ।
ਕਰਹੁ ਨਿਰਾਦਰ ਮਨੁਜ ਮਹਾਨੇ॥ ੯੦॥

ਉਤਮ ਪੁਰਖ ਆਜ ਜੋ ਆਯੋ।
ਗਰ ਜਾਮ ਬਹੁ ਮੋਲ ਸੁਹਾਯੋ।
ਤਿਹ ਸਿਰ ਪੰਕ ਭਰਯੋ ਬਹੁ ਭਾਰੂ।
ਸੋ ਉਚਵਾਇ ਚੀਰ ਕਰ ਖੁਆਰੂ॥ ੯੧॥

ਗੁਨਖਾਨੀ ਸੁਨ ਬੈਨ ਉਚਾਰੇ।
ਨਹੀਂ ਪੰਕ ਸੰਗ ਭਰਯੋ ਭਾਰੇ।
ਦੀਨ ਦੁਨੀ ਕਾ ਛੱਤ੍ਰ ਸੁ ਦੀਓ।
ਅਪਰ ਨ ਇਹ ਸਮ ਜਗ ਮਹਿ ਬੀਓ॥ ੯੨॥

ਪੰਕ ਜੋਨ ਤੁਮ ਕੋ ਦ੍ਰਿਸ਼ਟਾਵਾ।
ਕੇਸਰ ਕੋ ਹਮ ਨੈ ਛਿਰਕਾਵਾ।
ਅਬ ਤੁਮ ਦੇਖ, ਖਰੋ ਹਮਨੇਰੇ।
ਦੇਖੋ ਤੋ ਕੇਸਰ ਛਿਰਕੇਰੇ॥ ੯੩॥

ਗੁਰ ਕਹਿ 'ਦੇਖਿਓ' ਕਹਿ 'ਪ੍ਰਭੁ ਦੇਖਾ'।
ਤੁਮਰੀ ਗਤਿ ਤੁਮ ਲਖਹੁ ਅਲੇਖਾ।
ਭਵ ਸਾਗਰ ਦਾਰੁਨ ਕੇ ਮਾਹੀ।
ਗੁਰ ਕਹਿ ਨਰ ਬਹੁਤ ਬੂਡਤ ਜਾਂਹੀ॥ ੯੪॥

ਬਹੁ ਨਰ ਕੋ ਮਲਾਹ ਇਹ ਹੋਈ।
ਪਾਰ ਕਰਹਿ ਭਵ ਸਾਗਰ 'ਜੋਈ'।
ਭੂਸ਼ਨ ਭਈ ਸੁਲਖਣੀ ਸੁਨ ਕੈ।
ਲਹਣਾ ਹਰਖਯੋ ਕਰਨਾ ਗੁਨ ਕੈ॥ ੯੫॥

(ਨਾਨਕ ਪ੍ਰਕਾਸ਼ ਉਤਰਾਰਧ, ਅਧਿਆਏ ੪੭)

ਗੁਰੂ ਜੀ ਨੇ ਲਹਿਣਾ ਜੀ ਨੂੰ ਚਿੱਕੜ ਨੁਚੜਦੇ ਨਦੀਨ ਦੀ ਪੰਡ ਚੁਕਾ ਦਿੱਤੀ ਜਿਸ ਕਰਕੇ ਆਪ ਦੇ ਸੋਹਣੇ ਰੇਸ਼ਮੀ ਬਸਤਰ ਖਰਾਬ ਹੋ ਗਏ। ਜਦੋਂ ਗੁਰੂ ਜੀ ਘਰ ਆਏ ਤਾਂ ਮਾਤਾ ਸੁਲੱਖਣੀ ਜੀ ਨੇ ਕਿਹਾ ਕਿ ਆਪ ਨੇ ਉਸ ਭਲੇ ਪੁਰਸ਼ ਲਹਿਣੇ ਦਾ ਨਿਰਾਦਰ ਕੀਤਾ ਹੈ। ਤਾਂ ਗੁਰੂ ਜੀ ਨੇ ਕਿਹਾ ਕਿ ਉਸਦੇ ਬਸਤਰ ਚਿੱਕੜ ਨਾਲ ਨਹੀਂ ਖਰਾਬ ਹੋਏ, ਉਹਨਾਂ 'ਤੇ ਕੇਸਰ ਛਿੜਕਿਆ ਗਿਆ ਹੈ। ਸਚਮੁਚ ਚਿੱਕੜ ਕੇਸਰ ਬਣ ਚੁੱਕਾ ਸੀ।

ਇਸ ਨਾਟਕੀ ਸਾਖੀ ਵਿਚ ਬੜੀਆਂ ਡੂੰਘੀਆਂ ਰਮਜ਼ਾਂ ਇਹ ਜਾਪਦੀਆਂ ਹਨ: ਚਿੱਕੜ ਕੀ ਹੈ? ਸੰਸਾਰ ਕਿਵੇਂ ਚਿੱਕੜ ਵਿਚ ਲਿਬੜਿਆ ਪਿਆ ਸੀ? ਲਹਿਣਾ ਜੀ ਵੀ ਕਿਵੇਂ ਚਿੱਕੜ ਵਿਚ ਲਿਬੜੇ ਸਨ? ਗੁਰੂ ਦ੍ਰਿਸ਼ਟੀ ਕੀ ਕੌਤਕ ਕਰ ਸਕਦੀ ਹੈ? ਕੇਸਰ ਦੀ ਭਾਰਤੀ ਸਭਿਆਚਾਰ ਵਿਚ ਕੀ ਮਹਾਨਤਾ ਹੈ? ਕੇਸਰੀ ਰੰਗ ਦੀ ਸਿੱਖਾਂ ਵਿਚ ਕੀ ਮਹਾਨਤਾ ਹੈ? ਲਹਿਣਾ ਜੀ ਕੇਸਰੀ ਕਿਵੇਂ

SikhBookClub.com

ਬਣੇ? ਚਿੱਕੜ ਕੇਸਰ ਕਿਵੇਂ ਬਣ ਸਕਦਾ ਹੈ? ਇਸ ਦਾ ਭਾਵ ਕੀ ਹੈ? ਚਿੱਕੜ ਲਿਬੜੇ ਹੱਥਾਂ ਦੀ ਮਹਾਨਤਾ (Philosophy of solid hands) ਕੀ ਹੈ? ਅਤੇ ਚਿਟ ਕਪੜੀਏ (White Collared) ਲੋਕ ਕੀ ਹਨ? ਗੁਰੂ ਜੀ ਨੇ ਜੋ ਖੁਰਾਕ (ਨਦੀਨ) ਦਿੱਤੀ, ਉਹ ਕੀ ਸੀ? ਅਤੇ ਲਹਿਣਾ ਜੀ ਨੇ ਉਹ ਕਿਹੜੇ ਪਸ਼ੂਆਂ ਨੂੰ ਦੇਣੀ ਸੀ? ਇਸੇ ਤਰ੍ਹਾਂ ਗੁਰੂ ਜੀ ਦੀਆਂ ਹੋਰਾਂ ਸਾਖੀਆਂ ਤੋਂ ਵੀ ਚਿੱਕੜ, ਮੈਲ, ਭਾਂਡਾ, ਮੋਈ ਚੂਹੀ ਆਦਿ ਦੇ ਸੰਕੇਤਕ ਅਰਥ ਹਨ।

ਚਿੱਕੜ ਸਰੋਵਰਾਂ ਤੇ ਦਰਿਆਵਾਂ ਵਿਚ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜੀਵਨ ਨੂੰ ਹੀ ਸਾਗਰ ਮੰਨਿਆ ਹੈ ਅਤੇ ਇਸ ਵਿਚ ਮੋਹ ਨੂੰ ਪੰਕਜ (ਚਿੱਕੜ) ਮੰਨਿਆ ਹੈ:

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥

(ਪੰਨਾ ੧੨)

ਸਾਰਾ ਸੰਸਾਰ ਚਿੱਕੜ ਵਿਚ ਫਸਿਆ ਪਿਆ, ਮੋਹ ਦੇ ਚਿੱਕੜ ਵਿਚ ਕੀ ਲਹਿਣਾ ਜੀ ਇਸ ਸੰਸਾਰ ਦਾ ਭਾਰ ਚੁੱਕਣ ਲਈ ਸਮਰੱਥ ਸਨ? ਗੁਰੂ ਜੀ ਨੇ ਸਿੱਧ ਕੀਤਾ ਕਿ ਲਹਿਣਾ ਜੀ ਸੰਸਾਰ ਨੂੰ ਇਸ ਚਿੱਕੜ ਸਣੇ ਚੁੱਕ ਸਕਦੇ ਹਨ ਪਰ ਉਨ੍ਹਾਂ ਦੇ ਕੱਪੜੇ ਚਿੱਕੜ ਵਿਚ ਨਹੀਂ ਲਿਬੜਨਗੇ? ਚਿੱਕੜ ਉਨ੍ਹਾਂ ਦੀ ਛੋਹ ਨਾਲ ਕੇਸਰ ਹੋ ਜਾਏਗਾ। ਸੋ ਚਿੱਕੜ ਮੋਹ ਹੈ। ਸਾਰਾ ਸੰਸਾਰ ਮੋਹ ਦੇ ਚਿੱਕੜ ਵਿਚ ਲਿਬੜਿਆ ਪਿਆ। ਪਹਿਲਾਂ ਤਾਂ ਲਹਿਣਾ ਜੀ ਵੀ ਚਿੱਕੜ ਲਿਬੜੇ ਹੀ ਸਨ, ਆਪ ਵੀ ਅਗਿਆਨਤਾ ਵਿਚ ਰਹੇ ਸਨ ਪਰ ਗੁਰੂ ਦ੍ਰਿਸ਼ਟੀ ਦਾ ਕੌਤਕ ਇਹ ਹੈ ਕਿ ਚਿੱਕੜ ਕੇਸਰ ਵਿਚ ਬਦਲ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਮਿਲਾਪ ਨਾਲ ਲਹਿਣਾ ਜੀ ਦਾ ਮੋਹ ਗੁਰੂ ਪ੍ਰੇਮ ਤੇ ਪ੍ਰਭੂ ਪ੍ਰੇਮ ਵਿਚ ਬਦਲ ਗਿਆ। ਗੁਰੂ ਜੀ ਦੀ ਦ੍ਰਿਸ਼ਟੀ ਨੇ ਲਹਿਣਾ ਜੀ ਨੂੰ ਸੰਸਾਰ ਦਾ ਜੇਤੂ ਤੇ ਯੋਧਾ ਬਣਾ ਦਿੱਤਾ। ਗੁਰੂ ਦ੍ਰਿਸ਼ਟੀ ਦਾ ਇਹ ਕਰਤੱਵ ਹੈ:

ਏਕ ਦ੍ਰਿਸ਼ਟੀ ਤਾਰੇ ਗੁਰੁ ਸੂਰਾ॥

ਗੁਰੂ ਦੀ ਦ੍ਰਿਸ਼ਟੀ ਮਨੁੱਖ ਨੂੰ ਕੇਸਰ ਬਣਾ ਦਿੰਦੀ ਹੈ, ਭਗਤ ਬਣਾ ਦੇਂਦੀ ਹੈ ਅਤੇ ਭਗਤ ਕੇਸਰ ਵਤ ਹੈ:

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥

(ਪੰਨਾ ੭੨੧)

ਭਗਤ ਉਸੇ ਤਰ੍ਹਾਂ ਸੰਸਾਰ ਨੂੰ ਸੁਗੰਧਤ ਤੇ ਸੁੰਦਰ ਕਰ ਦੇਂਦਾ ਹੈ ਜਿਵੇਂ ਕੇਸਰ, ਫੁੱਲ, ਕਸਤੂਰੀ, ਸੋਨਾ, ਚੰਦਨ, ਆਦਿ ਘਿਉ ਤੇ ਰੇਸ਼ਮੀ ਕਪੜਾ।

ਭਾਰਤੀ ਸਭਿਅਤਾ ਵਿਚ ਕੇਸਰ ਦਾ ਦਰਜਾ ਬੜਾ ਉੱਤਮ ਹੈ। ਕੇਸਰ ਦਾ ਟਿੱਕਾ ਲਗਾਇਆ ਜਾਂਦਾ ਹੈ, ਸ਼ੁਭ ਸ਼ਗਨਾਂ ਤੇ ਬੜੇ ਵੱਡੇ ਜੋਧਿਆਂ ਜੇਤੂਆਂ ਤੇ ਮਹਾਰਾਜਿਆਂ ਨੂੰ।

ਤਿੰਨ ਮੁਖ ਟਿੱਕੇ:

ਗੁਰੂ ਸਾਹਿਬਾਨ ਨੂੰ ਗੱਦੀ-ਨਸ਼ੀਨੀ ਸਮੇਂ ਕੇਸਰ ਦਾ ਟਿੱਕਾ ਲਾਇਆ ਜਾਂਦਾ ਸੀ। ਕੇਸਰ ਦਾ

SikhBookClub.com

ਟਿੱਕਾ ਪਰਮੁਖਤਾ ਦਾ ਚਿੰਨ੍ਹ ਹੈ। ਲਹਿਣਾ ਜੀ ਨੂੰ ਕੇਸਰ ਦਾ ਟਿੱਕਾ ਲਗ ਗਿਆ। ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਟਿਕਿਆ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ ॥

(ਪੰਨਾ ੯੬੬)

ਇਹੋ ਕੇਸਰ ਖਾਲਸੇ ਦੇ ਨਿਸ਼ਾਨ ਸਾਹਿਬ ਵਿਚ ਆਇਆ ਹੈ, ਦਸਤਾਰਿਆਂ ਵਿਚ ਆਇਆ ਹੈ। ਨਿਸ਼ਾਨ ਸਾਹਿਬ ਚਿੰਨ੍ਹ ਹੈ ਆਚਰਨ ਦੇ ਉਸ ਪੱਧਰ ਦਾ, ਜਿਸ ਦਾ ਉਚਾਰ ਪ੍ਰਚਾਰ ਸਿੱਖ ਧਰਮ-ਸਥਾਨਾਂ ਵਿਚ ਹੁੰਦਾ ਹੈ, ਇਹ ਚਿੰਨ੍ਹ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਚਾਰੇ ਆਚਰਨ ਦਾ, ਇਹ ਚਿੰਨ੍ਹ ਹੈ ਆਤਮਕ ਉਚਤਾ ਦਾ। ਇਹ ਕੇਸਰ ਨਾਲ ਸੰਕੇਤਿਆ ਗਿਆ ਹੈ। ਕੇਸਰ ਦਾ ਟਿੱਕਾ ਉਸ ਨੂੰ ਲੱਗਦਾ ਹੈ, ਜੋ ਇਸ ਆਚਰਨ ਦੇ ਨਿਸ਼ਾਨ ਤੀਕ ਪੁੱਜਦਾ ਹੈ। ਲਹਿਣਾ ਜੀ ਨੂੰ ਬਖ਼ਸ਼ਿਆ ਇਹੋ ਕੇਸਰ ਦਾ ਟਿੱਕਾ ਖ਼ਾਲਸਈ ਨਿਸ਼ਾਨ ਸਾਹਿਬ ਵਿਚ ਆਇਆ ਹੈ। ਨਾਲ ਆਈ ਹੈ ਨੀਲਾਹਟ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ, ਨਾਲ ਆਈ ਹੈ ਮੀਰੀ ਪੀਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਬਖ਼ਸ਼ੀ। ਗੁਰੂ ਨਾਨਕ ਸਾਹਿਬ ਤੋਂ ਹੀ ਨਿਸ਼ਾਨ ਸਾਹਿਬ ਦਾ ਮੁੱਢ ਬੱਝਾ। ਲਹਿਣਾ ਜੀ ਗੁਰੂ ਦ੍ਰਿਸ਼ਟੀ ਨਾਲ ਕੇਸਰੀ ਬਣ ਗਏ।

ਕੇਸਰ ਵੀ ਚਿੱਕੜ ਵਿਚੋਂ ਹੀ ਉਪਜਦਾ ਹੈ। ਸੰਸਾਰ ਵਿਚੋਂ ਹੀ ਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਮਹਾਂ ਪੁਰਸ਼ ਪੈਦਾ ਹੁੰਦੇ ਹਨ। ਕੱਲਰ ਵਿਚੋਂ ਕੰਵਲ ਉਪਜ ਖੜੋਂਦੇ ਹਨ।

ਗੁਰੂ ਜੀ ਨੇ ਲਹਿਣਾ ਜੀ ਨੂੰ ਚਿੱਕੜ ਨਦੀਨ ਕਿਉਂ ਚੁਕਾਇਆ। ਗੁਰੂ ਜੀ ਦਾ ਜੋ ਵੀ ਪਰਤਾਵਾ ਲਿਆ ਉਸ ਵਿਚ ਮੈਲ-ਚਿੱਕੜ ਵਿਚੋਂ ਲੰਘਣਾ ਜ਼ਰੂਰੀ ਸੀ। ਲਹਿਣਾ ਜੀ ਬਸਤਰ ਧੋਣ ਜਾਂਦੇ ਹਨ:

ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ।
ਹਮ ਚਾਦਰ ਪੁਰਖਾ ਧੋ ਲਾਖਾ।
ਤਬਹਿ ਉਠਯੋ ਲਹਿਣਾ ਬਡਭਾਗਾ।
ਸਰਿ ਮਹਿ ਜਾ ਪਟ ਧੋਵਨ ਲਾਗਾ।
ਤੇ ਕੀ ਹੋਇਆ?
ਬਾਸਰ ਅਰਧ ਭਾ ਲਖਯਨ ਪਰਤੂ।
ਲਖਿ ਲਹਿਣੇ ਮਨ ਅਚਰਜ ਸਮਤੂ।
ਧੋਇ ਸੁਕਾਇ ਚੈਲ ਲੈ ਆਵਾ।
ਧਰ ਸਤਿਗੁਰ ਢਿਗ ਭਾਲ ਨਿਵਾਵਾ।

(ਨਾ.ਪ੍ਰ.ਉ. ਅਧਿ.੫੨)

ਇਸ ਸਾਖੀ ਦਾ ਰਹੱਸ ਵੀ ਕਮਾਲ ਹੈ ਕਿ ਲਹਿਣਾ ਜੀ ਨੇ ਗੁਰੂ ਜੀ ਦੇ ਬਸਤਰ ਧੋਤੇ ਅਤੇ

SikhBookClub.com

ਅੱਧੀ ਰਾਤ ਵੇਲੇ ਦੁਪਹਿਰ ਹੋ ਗਈ। ਸੰਸਾਰ ਦੀ ਅਗਿਆਨਤਾ ਦੂਰ ਹੋ ਗਈ। ਲਹਿਣਾ ਜੀ ਰਾਹੀਂ ਜਿਨ੍ਹਾਂ 'ਤੇ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਸੀ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਲਹਿਣਾ ਜੀ ਨੂੰ ਮੈਲ ਦਾ ਚਿੱਕੜ ਧੋਣਾ ਪਿਆ। ਇਵੇਂ ਹੀ ਮੋਈ ਚੂਹੀ (ਮੂਖਕ) ਦੀ ਮੈਲ ਚੁਕੀ:

ਤਬ ਲਹਿਣੇ ਦਿਸ ਸ੍ਰੀ ਗੁਰ ਦੇਖਾ।
ਉਠਹੁ ਤੂਹੀ ਕਰ੍ਤਾਰ ਪਿਆਰੇ।
ਮੂਖਕ ਚਾਇ ਵਹਿਰ ਦਿਹੁ ਡਾਰੇ।
ਆਇਓ ਬਚਨ ਸੁਨਤ ਤਤਕਾਲਾ।
ਉਠਯੋ ਉਠਾਈ ਤੁਰਤ ਬਿਸਾਲਾ।
ਕੇਤਿਕ ਦੂਰ ਜਾਇ ਸੋ ਡਾਰੀ।
ਤਿਹ ਛਿਨ ਸ੍ਰੀ ਗੁਰ ਗਿਰਾ ਉਚਾਰੀ।

(ਨਾ·ਪ੍ਰ·ਉ· ਅਧਿ· ਪ੨)

ਇਹ ਵੀ ਇਕ ਚਿੱਕੜ ਸੀ, ਜਿਸ ਨੂੰ ਲਹਿਣਾ ਜੀ ਨੇ ਪਾਕ ਕੀਤਾ।

ਚਿੱਕੜ ਵਿਚੋਂ ਬਰਤਨ ਵੀ ਆਪ ਨੇ ਕੱਢਿਆ, ਜਦੋਂ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ ਨੇ ਇਨਕਾਰ ਕਰ ਦਿੱਤਾ:

ਬਾਸਨ ਗਿਰਯੋ ਪੰਕ ਕੇ ਮਾਹੀ।
ਸੋ ਨਿਕਾਸ ਆਨਹੁ ਮਮ ਪਾਹੀ।
... ...
ਤਬ ਲਹਿਣੇ ਦਿਸ ਕ੍ਰਿਪਾ ਨਿਧਾਨਾ।
ਅਵਿਲੋਕਯੋ ਅਸ ਬਚਨ ਬਖਾਨਾ।
ਮਹਾਂ ਭਾਗ! ਕਰਦਮ ਕੈ ਮਾਹੀ।
ਜਾਇ ਨਿਕਾਸ ਸ੍ਰਿਛ ਕਰ ਤਾਹੀ।
ਗੁਰ ਬਹੁ ਮੋਲੇ ਚੀਰ ਸੁਹਾਈ।
ਸੁਣ ਆਇਸੁ ਨਹਿ ਦੇਰ ਲਗਾਈ।
ਕੂਦ ਪਰਯੋ ਕਰਦਮ ਕੈ ਮਾਹੀ।
ਆਇਸੁ ਅਨੁਸਾਰੀ ਪ੍ਰਨ ਜਾਹੀ।
ਬਾਸਨ ਕੋ ਨਿਕਾਸ ਲੇ ਆਵਾ।
ਮਾਵ ਪਖਾਰਯੋ ਭਲਾ ਬਨਾਵਾ।

(ਨਾ·ਪ੍ਰ·ਉ· ਅਧਿ· ਪ੨)

ਲਹਿਣਾ ਜੀ ਸਾਰੇ ਚਿੱਕੜ ਪਾਰ ਕਰ ਗਏ। ਤਦ ਹੀ ਤੇ ਕੇਸਰ ਆਪ ਨੂੰ ਲਗਾਇਆ ਗਿਆ।

ਚਿੱਕੜ ਲਿੱਬੜੇ ਹੱਥ ਤੇ ਕੱਪੜੇ ਸੰਸਾਰ ਦੇ ਮਹਾਨ ਹੱਥ ਹਨ। ਇਹ ਕਿਰਤੀ ਦੀ ਸੋਭਾ ਹਨ।

SikhBookClub.com

ਕਿਰਤ ਸੰਸਾਰ ਦੀ ਸੋਭਾ ਹੈ। ਖੇਤੀ ਲਿਬੜੇ ਹੱਥਾਂ ਨਾਲ ਹੀ ਹੁੰਦੀ ਹੈ। ਇਹ ਨੀਚ ਲੋਕਾਂ ਦੇ ਕੰਮ ਸਮਝੇ ਜਾਂਦੇ ਸਨ, ਪਰ ਗੁਰੂ ਨਾਨਕ ਤੇ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਪੰਨਾ ੧੫)

ਚਿੱਕੜ ਵਿਚ ਕਿਰਤ ਕਰਨ ਵਾਲੇ ਮਹਾਨ ਹਨ ਜਾਂ ਉਹ ਹੋ ਸਕਦੇ ਹਨ ਜੋ ਚਿਟ ਕਪੜੀਏ ਹਨ?

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ॥
ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥

(ਪੰਨਾ ੭੫੧)

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍॥

(ਪੰਨਾ ੭੨੯)

ਗੁਰੂ ਨਾਨਕ ਦੇਵ ਤਾਂ ਲਿਬੜੇ ਹੱਥਾਂ (Soiled hands) ਦੇ ਦਰਸ਼ਨ ਦਾ ਪਰਚਾਰਕ ਸੀ। ਉਹ ਆਪ ਖੇਤਾਂ ਵਿਚ ਕੰਮ ਕਰਦੇ। ਉਨ੍ਹਾਂ ਦੇ ਹੱਥ ਲਿਬੜੇ ਰਹਿੰਦੇ। 'ਜਿਨਿ ਪਟੁ ਅੰਦਰਿ' ਉਹ ਚੰਗੇ ਹਨ।

ਲਹਿਣਾ ਜੀ ਨੇ ਗੁਰੂ ਜੀ ਦੀ ਦਿੱਤੀ ਖੁਰਾਕ (ਨਦੀਨ) ਪਸ਼ੂਆਂ ਵਤ ਹੋ ਗਏ ਸੰਸਾਰੀਆਂ ਨੂੰ ਪੁਜਾਣੀ ਸੀ, ਇਹ ਲਿਬੜੇ ਹੱਥਾਂ ਦੀ ਮਹਾਨਤਾ, ਬਾਣੀ ਦਾ ਪ੍ਰਕਾਸ਼, ਨੀਚ ਦਾ ਭੇਦ ਮਿਟਾਣਾ। ਗੁਰੂ ਨਾਨਕ ਸੰਸਾਰੀਆਂ ਨੂੰ ਪਿਆਰ ਕਰਦੇ। ਉਹਨਾਂ ਦੀ ਖੁਰਾਕ ਦਾ ਪ੍ਰਬੰਧ ਆਪ ਨੇ ਕੀਤਾ, ਆਤਮਕ ਮਾਨਸਕ ਸਦਾਚਾਰਕ ਖੁਰਾਕ ਦਾ। ਲਹਿਣਾ ਜੀ ਇਸ ਪ੍ਰਬੰਧ ਵਿਚ ਵੱਡੀ ਕੜੀ ਸਨ।

ਗੁਰੂ ਨਾਨਕ ਸਾਹਿਬ ਨੇ ਤਾਂ ਲਹਿਣਾ ਨੂੰ ਜੀ ਬੜਾ ਸਮਰੱਥ ਬਨਾਣਾ ਸੀ। ਗੁਰੂ ਸਾਹਿਬ ਜੀ ਨੇ ਮੁਰਦਾ ਸੰਸਾਰ ਨੂੰ ਬਦਲਣਾ ਸੀ। ਇਹ ਕੌਤਕ ਇਸ ਮਹਾਨਤਾ ਦਾ ਸੰਕੇਤ ਹੈ।

ਦੋਹਰਾ

ਪਰਖਨ ਹਿਤ ਸਿੱਖੀ ਤਬੈ ਸਾਂਗ ਅਰੰਭਯੋ ਭੂਰ।
ਸੋਈ ਸਾਬਤ ਰਹਿ ਸਕੈ ਜਿਸ ਪਰ ਕਰੁਨਾ ਤੂਰ।

ਚੌਪਈ।।

ਹੁਤੀ ਜੁ ਦੂਰ ਉਜਾੜ ਬਿਸਾਲਾ।
ਪਹੁੰਚੇ ਲੈ ਸਿਖ ਸੰਗ ਕ੍ਰਿਪਾਲਾ।
ਤਹਾ ਸਿੜ੍ਹੀ ਪਰ ਸ਼ਵ ਇਕ ਦੇਖਾ।
ਊਪਰ ਅੰਬਰ ਸੇਤ ਬਿਸੇਖਾ।
ਕੋਤਿਕ ਕਾਸ਼ਟ ਪਰੇ ਸਮੀਪਾ।

SikhBookClub.com

ਭਏ ਠਾਂਢ ਬੇਦੀ ਕੁਲ ਦੀਪਾ।
ਸਰਬ ਸਿਖ ਤਬ ਆਨ ਪਹੁੰਚੇ।
ਤਿਨਹਿ ਸੁਨਾਇ ਭਨੇ ਬਚ ਊਚੇ।
'ਜੇ ਤੁਮ ਹਮਰੇ ਸਿਖ ਕਹਾਵਹੁ।
ਮਾਨਉ ਬਚਨ ਨ ਸਦਨ ਸਿਧਾਵਹੁ।
ਪਰਯੋ ਸਿੜ੍ਹੀ ਪਰ ਸ਼ਵ ਇਹ ਖਾਵਹੁ।
ਜੇ ਨਹਿੰ ਖਾਵਉ ਤਉ ਪਛੁਤਾਵਉ।'
... ...
ਲਹਿਣਾ ਸੁਨਤ ਫਿਰਯੋ ਚਹੁੰ ਫੇਰੇ।
ਗੁਰੂ ਕਹਯੋ ਕਿਉ ਲਾਈ ਡੇਰੇ?
ਜਿਤ ਦਿਸ ਹੁਕਮ ਕਰੋ ਤਿਹ ਖਾਵੋਂ।
ਇਸ ਰਜਾਇ ਹਿਤ ਬਿਲਮ ਲਗਾਵਉਂ।

ਪਰ ਹੋਇਆ ਕੀ?

'ਸੇਤ ਸੁ ਬਸਤ੍ਰ ਉਤਾਰਾ ਜਬ ਹੀ।
ਦੇਖਯੋ ਸਰਬ ਤਿਹਾਵਲ ਤਬ ਹੀ॥"

ਇਹ ਤਾਂ ਤ੍ਰਿਭੋਲਾ ਕੜਾਹ ਪ੍ਰਸ਼ਾਦ ਸੀ ਪਰ ਇਸ ਸਾਖੀ ਵਿਚ ਵੱਡੀ ਗੱਲ ਇਹ ਹੈ ਕਿ ਲਹਿਣਾ ਜੀ ਨੂੰ ਗੁਰੂ ਦ੍ਰਿਸ਼ਟੀ ਨੇ ਇਤਨਾ ਸਮਰਥ ਬਣਾ ਦਿੱਤਾ ਸੀ ਕਿ ਉਹ ਸੰਸਾਰ ਨੂੰ ਜੀਵਨ ਦੇ ਸਕਦੇ ਸਨ।

ਮੁਰਦਾ ਕੌਮ, ਦੇਸ਼ ਤੇ ਸੰਸਾਰ ਦੇ ਅਨੇਕ ਚਿੰਨ੍ਹ ਬਾਣੀ ਵਿਚ ਦੱਸੇ ਹੋਏ ਹਨ, ਜਿਵੇਂ:

੧. ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ *(ਪੰਨਾ ੪੬੯)*

੨. ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ *(ਪੰਨਾ ੧੪੨)*

੩. ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ *(ਪੰਨਾ ੧੧੯੧)*

੪. ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥ *(ਪੰਨਾ ੪੭੧)*

੫. ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ *(ਪੰਨਾ ੪੭੨)*

੬. ਅਭਾਖਿਆ ਕਾ ਕੁਠਾ ਬਕਰਾ ਖਾਣਾ॥ *(ਪੰਨਾ ੪੭੨)*

੭. ਕੂੜੀ ਰਾਸਿ ਕੂੜਾ ਵਾਪਾਰੁ॥ *(ਪੰਨਾ ੪੭੧)*

੮. ਮਾਣਸ ਖਾਣੇ ਕਰਹਿ ਨਿਵਾਜ॥ *(ਪੰਨਾ ੪੭੧)*

੯. ਸਰਮ ਧਰਮ ਕਾ ਡੇਰਾ ਦੂਰਿ॥ *(ਪੰਨਾ ੪੭੧)*

੧੦. ਥਾਨਸਟ ਜਗ ਭਰਿਸਟ ਹੋਏ *(ਪੰਨਾ ੬੬੨)*

੧੧. ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥ *(ਪੰਨਾ ੧੧੯੧)*

SikhBookClub.com

੧੨. ਅਗਦੁ ਪੜੈ ਸੈਤਾਨੁ ਵੇ ਲਾਲੋ॥ *(ਪੰਨਾ ੭੨੨)*

੧੩. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ *(ਪੰਨਾ ੬੬੩)*

੧੪. ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ *(ਪੰਨਾ ੪੬੮)*

੧੫. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ *(ਪੰਨਾ ੧੪੫)*

ਜਿਸ ਕੌਮ ਵਿਚ ਇਹ ਗਿਰਾਵਟ ਆ ਜਾਏ, ਉਹ ਮੁਰਦਾ ਹੈ। ਜਿਥੇ ਆਚਰਨ, ਸਦਾਚਾਰ, ਸਭਿਆਚਾਰ, ਧਰਮ, ਰਾਜਸੀ ਸੁਤੰਤਰਤਾ ਨਾ ਹੋਣ, ਉਥੇ ਕੌਮ ਮੁਰਦਾ ਹੀ ਹੈ। ਭਾਰਤੀ ਲੋਕਾਂ ਵਿਚ ਸ੍ਵੈ-ਮਾਨ ਤੇ ਸ੍ਵੈ-ਸਤਿਕਾਰ ਨਹੀਂ ਸਨ—ਇਹੋ ਮੁਰਦੇਪਣ ਦੀਆਂ ਨਿਸ਼ਾਨੀਆਂ ਹਨ। ਇਸ ਮੁਰਦਾ ਲਾਸ਼ (ਸ਼ਵ) ਨੂੰ ਝਿੰਝੋਲੀ ਸ਼ਕਤੀ, ਪਵਿੱਤਰਤਾ, ਬਲ, ਰੋਅਬ, ਸਤਿਕਾਰ ਪਰਵਾਨ ਕਰਨੇ ਸਨ। ਗੁਰੂ ਸਾਹਿਬਾਨ ਦਾ ਇਹੋ ਕਰਤੱਵ ਸੀ। ਇਹੋ ਲਹਿਣਾ ਜੀ ਨੇ ਸਮਰਥਾ ਦੱਸਣੀ ਸੀ ਕਿ ਉਹ ਮੁਰਦੇ ਭਾਰਤ ਵਿਚ ਬਲ ਸ਼ਕਤੀ ਪੈਦਾ ਕਰਨਗੇ। ਇਹੋ ਪਰਖ ਸੀ। ਇਹੋ ਇਹ ਸਾਖੀ ਹੈ।

ਸੋ ਇਹ ਸਾਦੀਆਂ ਜਿਹੀਆਂ ਸਾਖੀਆਂ ਗੁੱਝੇ ਅਰਥ ਸੁਝਾ ਸਕਦੀਆਂ ਹਨ। ਇਹ ਬਾਣੀ ਵਿਚਲੇ ਗੁਰੂ-ਪਦ ਦੀ ਵਿਆਖਿਆ ਕਰਦੀਆਂ ਹਨ:

(ੳ) ਗੁਰੂ ਨੇ ਮੁਰਦਾ ਸੰਸਾਰ ਨੂੰ ਬਲਵਾਨ, ਪਵਿੱਤਰ ਤੇ ਜ਼ਿੰਦਗੀ ਭਰਪੂਰ ਬਨਾਣਾ ਹੈ।

(ਅ) ਗੁਰੂ ਨੇ ਸੰਸਾਰ ਦਾ ਚਿੱਕੜ ਧੋ ਦੇਣਾ ਹੈ ਅਤੇ ਸੰਸਾਰ ਨੂੰ ਜੇਤੂ ਯੋਧਾ ਬਨਾਣਾ ਹੈ।

(ੲ) ਗੁਰੂ ਨੇ ਸੰਸਾਰ ਦੀ ਮੈਲ ਸਾਫ਼ ਕਰ ਦੇਣੀ ਹੈ ਅਤੇ ਸੰਸਾਰ ਵਿਚ ਦੁਪਹਿਰ ਵਰਗਾ ਗਿਆਨ-ਮਈ ਪ੍ਰਕਾਸ਼ ਫੈਲਾ ਦੇਣਾ ਹੈ। ਜਾਂ ਜਿਉਂ ਜਿਉਂ ਕੋਈ ਗੁਰੂ ਵਾਲਾ ਹੁੰਦਾ ਜਾਂਦਾ ਹੈ, ਉਸ ਦੇ ਹਿਰਦੇ ਅੰਦਰ 'ਚਮਕਾਰ ਬੀਜਲ ਤਹੀ' ਹੁੰਦੀ ਜਾਂਦੀ ਹੈ। ਅੰਦਰ ਗਿਆਨ ਦਾ ਪ੍ਰਕਾਸ਼ ਆਉਂਦਾ ਜਾਂਦਾ ਹੈ। ਗੁਰੂ ਦੇ ਬਸਤਰ ਧੋਤੇ ਤੇ ਪ੍ਰਕਾਸ਼ ਹੋ ਗਿਆ।

(ਸ) ਗੁਰੂ ਦੀ ਦ੍ਰਿਸ਼ਟੀ ਨਾਲ ਸਿੱਖ ਦਾ ਮਨ ਇਤਨਾ ਨਿਰਮਲ ਹੋ ਜਾਂਦਾ ਹੈ ਕਿ ਉਥੇ ਕੋਈ ਮੂਖਕ (ਚੂਹਾ) ਨਹੀਂ ਰਹਿ ਸਕਦਾ। ਕਾਮਾਦਿਕ ਸਭ ਚੂਹੇ ਹਨ, ਜੋ ਅੰਦਰ ਸ਼ੋਰ ਮਚਾਂਦੇ ਹਨ ਅਤੇ ਪ੍ਰਾਣਾਂ ਦੀ ਰੱਸੀ ਨੂੰ ਕਟਦੇ ਰਹਿੰਦੇ ਹਨ। ਗੁਰੂ ਦੀ ਦ੍ਰਿਸ਼ਟੀ ਹੋ ਜਾਏ ਤਾਂ ਇਹ ਚੂਹੇ ਮਰ ਜਾਂਦੇ ਹਨ। ਲਹਿਣਾ ਜੀ ਨੇ ਚੂਹੀ ਬਾਹਰ ਸੁਟ ਦਿੱਤੀ।

(ਹ) ਗੁਰੂ ਦੀ ਦ੍ਰਿਸ਼ਟੀ ਹੋ ਜਾਏ ਤਾਂ ਭਾਂਡਾ ਸਵੱਛ, ਨਿਰਮਲ ਤੇ ਪਵਿੱਤਰ ਹੋ ਜਾਂਦਾ ਹੈ। ਇਹ ਭਾਂਡਾ ਲਹਿਣਾ ਜੀ ਦਾ ਸਾਫ਼ ਹੋਇਆ (ਚੁਬੱਚੇ ਵਿਚੋਂ ਕਢਿਆ ਗਿਆ)।

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥ *(ਪੰਨਾ ੭੨੮)*

ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ *(ਪੰਨਾ ੭੨੯)*

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ *(ਪੰਨਾ ੭੩੦)*

ਗੁਰੂ ਛੋਹ ਨਾਲ ਮੁਰਦਾ ਸੰਸਾਰ ਸੁਰਜੀਤ ਹੁੰਦਾ ਹੈ, ਮੈਲਾ ਮਨ ਨਿਰਮਲ ਹੁੰਦਾ ਹੈ। ਕਾਮਾਦਿਕ 'ਤੇ ਜਿਤ ਪ੍ਰਾਪਤ ਹੁੰਦੀ ਹੈ ਅਤੇ ਅਗਿਆਨ ਦਾ ਨਾਸ਼ ਹੁੰਦਾ ਹੈ। ਗੁਰੂ ਨਾਨਕ ਸਾਹਿਬ

SikhBookClub.com

ਨੇ ਜਿਸ ਨੂੰ ਆਪਦੀ ਗੱਦੀ ਦੇਣੀ ਸੀ, ਉਸ ਵਿਚ ਇਹ ਸਮਰਥਾ ਉਪਜਾਣੀ ਸੀ ਅਤੇ ਉਸ ਦੀ ਇਸ ਸਮਰਥਾ ਦਾ ਪਰਤਾਵਾ ਵੀ ਲੈਣਾ ਸੀ।

ਲਹਿਣਾ ਜੀ ਵਿਚ ਇਹ ਸਮਰਥਾ ਇਕ ਦਿਨ ਵਿਚ ਪੈਦਾ ਨਹੀਂ ਸੀ ਹੋ ਗਈ। ਆਪ ਕਈ ਸਾਲ ਹੀ ਗੁਰੂ ਜੀ ਪਾਸ ਰਹੇ, ਘਟੋ ਘੱਟ ਸੱਤ ਸਾਲ। ਆਪ ਨੇ ਡੂੰਘੀ ਸ਼ਰਧਾ ਨਾਲ ਗੁਰੂ ਨੂੰ ਪ੍ਰੇਮ ਕੀਤਾ। ਗੁਰੂ ਪੁੱਤਰ ਉਸ ਦਰਜੇ ਤੀਕ ਨਾ ਪੁੱਜ ਸਕੇ ਜਿਸ ਪਦਵੀ ਤੀਕ ਆਪ ਪੁੱਜ ਗਏ। ਆਪ ਚਿੱਕੜ ਤੋਂ ਕੇਸਰ ਹੀ ਹੋ ਗਏ।

(12/1963)

SikhBookClub.com

ਸੇਵਾ ਤੇ ਨਿਮਰਤਾ ਦੇ ਪੁੰਜ

ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਸਰੇ ਗੁਰੂ ਸਨ। ਉਨ੍ਹਾਂ ਦਾ ਪ੍ਰਕਾਸ਼ 31 ਮਾਰਚ, 1504 ਈ. ਨੂੰ ਪਿੰਡ ਮੱਤੇ ਦੀ ਸਰਾਂ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਦਾ ਮੁੱਢਲਾ ਨਾਂ ਲਹਿਣਾ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਫੇਰੂਮੱਲ ਅਤੇ ਮਾਤਾ ਦਾ ਨਾਂ ਸਭਰਾਈ ਜੀ ਸੀ। ਲੋਧੀ ਸੂਬੇਦਾਰਾਂ ਦੀਆਂ ਬਗ਼ਾਵਤਾਂ ਅਤੇ ਬਾਬਰ ਦੇ ਹਮਲਿਆਂ ਦੀ ਬਦਅਮਨੀ ਤੇ ਲੁੱਟਮਾਰ ਵਜੋਂ ਪਿੰਡ ਮੱਤੇ ਦੀ ਸਰਾਂ ਉੱਜੜ ਗਿਆ। ਗਰੀਬੀ ਕਾਰਨ ਫੇਰੂਮੱਲ ਆਪਣਾ ਜੱਦੀ ਪਿੰਡ ਛੱਡ ਕੇ ਪਿੰਡ ਹਰੀਕੇ ਤੇ ਫਿਰ ਖਡੂਰ ਸਾਹਿਬ ਜਾ ਵੱਸੇ ਤੇ ਉਥੇ ਸ਼ਾਹੀ ਵਣਜ ਕਰਨ ਲੱਗ ਪਏ। ਆਪ ਛੇਤੀ ਹੀ ਵੱਡੇ ਸ਼ਾਹੂਕਾਰ ਬਣ ਗਏ।

ਫੇਰੂਮੱਲ ਦੇਵੀ ਭਗਤ ਸਨ ਅਤੇ ਹਰ ਸਾਲ ਦੇਵੀ ਦੇ ਦਰਸ਼ਨਾਂ ਲਈ ਜਵਾਲਾਮੁਖੀ ਦੀ ਯਾਤਰਾ ਕਰਦੇ ਸਨ। ਭਾਈ ਲਹਿਣਾ 'ਤੇ ਆਪਣੇ ਪਿਤਾ ਦੀਆਂ ਧਾਰਮਿਕ ਰੁਚੀਆਂ ਤੇ ਵਿਸ਼ਵਾਸਾਂ ਦਾ ਬੜਾ ਪ੍ਰਭਾਵ ਸੀ। ਬਚਪਨ ਤੋਂ ਹੀ ਉਹ ਦੇਵੀ ਦੇ ਭਗਤ ਬਣੇ ਅਤੇ ਸੰਗ ਦੇ ਮੁਖੀਆ ਬਣ ਕੇ ਹਰ ਸਾਲ ਦੇਵੀ ਦੇ ਦਰਸ਼ਨ ਲਈ ਜਵਾਲਾਮੁਖੀ ਜਾਂਦੇ। ਭਾਈ ਲਹਿਣਾ ਨੂੰ ਪਰਮ ਸੱਤਾ ਦੀ ਤਲਾਸ਼ ਦੀ ਤੀਬਰ ਇੱਛਾ ਸੀ। ਇਸੇ ਲਈ ਉਹ ਗਿਆਨ ਦੀ ਪ੍ਰਾਪਤੀ ਲਈ ਭਗਤਾਂ ਤੇ ਸੰਤਾਂ ਦੀ ਸੰਗਤ ਦੀ ਭਾਲ ਵਿਚ ਰਹਿੰਦੇ ਸਨ। 15 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਸ਼ਾਦੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਨਾਲ ਪਿੰਡ ਸੰਘਰ ਵਿਖੇ ਹੋਈ। ਉਨ੍ਹਾਂ ਦੇ ਦੋ ਸਪੁੱਤਰ ਤੇ ਦੋ ਧੀਆਂ ਸਨ। ਪਿਤਾ ਦੀ ਮ੍ਰਿਤੂ (1526 ਈ.) ਉਪਰੰਤ ਭਾਈ ਲਹਿਣਾ ਨੂੰ ਕਾਰੋਬਾਰ ਦਾ ਸਾਰਾ ਕੰਮ ਸੰਭਾਲਣਾ ਪਿਆ ਅਤੇ ਉਹ ਇਸ ਕੰਮ ਵਿਚ ਕਾਮਯਾਬ ਰਹੇ। ਸੰਨ 1532 ਵਿਚ ਇਕ ਦਿਨ ਭਾਈ ਲਹਿਣਾ ਨੇ ਗੁਰੂ ਨਾਨਕ ਦੇਵ ਜੀ ਦੇ ਇਕ ਸਿੱਖ ਭਾਈ ਜੋਧਾ ਕੋਲੋਂ ਗੁਰੂ ਨਾਨਕ ਬਾਣੀ ਦਾ ਇਹ ਸ਼ਬਦ ਸੁਣਿਆ:

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

(ਪੰਨਾ ੪੫੯)

ਇਸ ਸ਼ਬਦ ਦਾ ਭਾਈ ਲਹਿਣਾ ਜੀ ਦੇ ਮਨ 'ਤੇ ਬੜਾ ਪ੍ਰਭਾਵ ਪਿਆ ਅਤੇ ਉਨ੍ਹਾਂ ਦੇ ਦਿਲ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦੀ ਤਾਂਘ ਪੈਦਾ ਹੋਈ। ਹਰ ਸਾਲ ਵਾਂਗ ਜਦੋਂ ਉਹ 1532 ਈ. ਵਿਚ ਦੇਵੀ ਦਰਸ਼ਨਾਂ ਲਈ ਜਵਾਲਾਮੁਖੀ ਦੀ ਯਾਤਰਾ 'ਤੇ ਗਏ ਤਾਂ ਉਹ ਆਪਣੇ ਜੱਥੇ ਸਮੇਤ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਪਹੁੰਚੇ। ਗੁਰੂ ਜੀ ਦੇ ਦਰਸ਼ਨਾਂ ਨਾਲ ਭਾਈ ਲਹਿਣਾ ਜੀ ਦੀ ਆਤਮਾ ਤ੍ਰਿਪਤ ਹੋ ਗਈ ਅਤੇ ਉਹ ਉਥੇ ਹੀ ਰਹਿ ਪਏ। ਇਸ ਵੇਲੇ ਉਨ੍ਹਾਂ

SikhBookClub.com

ਦੀ ਉਮਰ 28 ਸਾਲਾਂ ਦੀ ਸੀ ਤੇ ਉਹ ਇਕ ਅਮੀਰ ਵਪਾਰੀ ਸਨ। ਪਰ ਉਨ੍ਹਾਂ ਦੇ ਵਿਵਹਾਰ ਵਿਚ ਬੜੀ ਨਿਮਰਤਾ ਤੇ ਮਿੱਠਤ ਸੀ। ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਦੀ ਸ਼ਖ਼ਸੀਅਤ ਤੋਂ ਬੜੇ ਪ੍ਰਭਾਵਿਤ ਹੋਏ ਤੇ ਉਨ੍ਹਾਂ 'ਤੇ ਗਿਆਨ ਦੀ ਬਖ਼ਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਭਾਈ ਲਹਿਣਾ ਜੀ 'ਤੇ ਡੂੰਘਾ ਪ੍ਰਭਾਵ ਪਿਆ ਤੇ ਉਨ੍ਹਾਂ ਨੇ ਦੇਵੀ ਪੂਜਾ ਛੱਡ ਦਿੱਤੀ ਅਤੇ ਗੁਰੂ ਜੀ ਦੇ ਅਨੁਯਾਈ ਬਣ ਗਏ ਅਤੇ ਉਹ ਕਰਤਾਰਪੁਰ ਹੀ ਟਿਕ ਗਏ। ਬੜੀ ਸ਼ਰਧਾ ਨਾਲ ਉਹ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸੁਣਦੇ ਅਤੇ ਉਨ੍ਹਾਂ ਦੀ ਬਾਣੀ ਨਾਲ ਆਪਣੇ ਹਿਰਦੇ ਦੇ ਸੰਦੇਹ ਦੂਰ ਕਰਦੇ। ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਦੀ ਪ੍ਰਭੂ-ਭਗਤੀ ਅਤੇ ਲਗਨ ਤੋਂ ਬਹੁਤ ਪ੍ਰਸੰਨ ਹੋਏ। ਪਰ ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਆਪਣੇ ਕਾਰੋਬਾਰ ਦੀ ਦੇਖ-ਭਾਲ ਕਰਨ ਲਈ ਖਡੂਰ ਸਾਹਿਬ ਵਾਪਿਸ ਜਾਣ ਲਈ ਪ੍ਰੇਰਿਆ। ਖਡੂਰ ਸਾਹਿਬ ਵਾਪਿਸ ਆ ਕੇ ਭਾਈ ਲਹਿਣਾ ਜੀ ਦਾ ਚਿੱਤ ਨਾ ਲੱਗਾ ਤੇ ਉਹ ਕਰਤਾਰਪੁਰ ਪਹੁੰਚੇ। ਅਸਥਾਨ 'ਤੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਖੇਤਾਂ ਵਿਚ ਗਏ ਹੋਏ ਹਨ। ਇਹ ਸੁਣ ਕੇ ਭਾਈ ਲਹਿਣਾ ਜੀ ਵੀ ਖੇਤਾਂ ਵੱਲ ਤੁਰ ਪਏ। ਅੱਗੇ ਜਾ ਕੇ ਵੇਖਦੇ ਹਨ ਕਿ ਗੁਰੂ ਸਾਹਿਬ ਆਪਣੇ ਸੇਵਕਾਂ ਸਮੇਤ ਝੋਨੇ ਵਿਚੋਂ ਘਾਹ-ਫੂਸ ਕੱਢ ਰਹੇ ਹਨ। ਭਾਈ ਲਹਿਣਾ ਜੀ ਗੁਰੂ ਜੀ ਨੂੰ ਮੱਥਾ ਟੇਕ ਕੇ ਆਪ ਵੀ ਕੰਮ ਵਿਚ ਰੁੱਝ ਗਏ। ਗੁਰੂ ਜੀ ਦੇ ਦਰਸ਼ਨ-ਦੀਦਾਰ ਨਾਲ ਹੀ ਭਾਈ ਲਹਿਣਾ ਜੀ ਦੀ ਸਿੱਖੀ ਸੇਵਕੀ ਦਾ ਇਮਤਿਹਾਨ ਸ਼ੁਰੂ ਹੋ ਗਿਆ। ਗੁਰੂ ਜੀ ਦੇ ਵਾਪਿਸ ਘਰ ਦੀ ਤਿਆਰੀ ਸਮੇਂ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਭਾਈ ਲਹਿਣਾ ਜੀ ਨੇ ਚਿੱਕੜ ਨਾਲ ਭਿੱਜੀ ਹੋਈ ਘਾਹ-ਫੂਸ ਦੀ ਪੰਡ ਬੰਨ੍ਹ ਲਈ ਅਤੇ ਸਿਰ ਉੱਤੇ ਚੁੱਕ ਕੇ ਗੁਰੂ ਸਾਹਿਬ ਦੇ ਮਗਰ ਤੁਰ ਪਏ। ਘਾਹ ਦੀ ਪੰਡ ਵਿਚੋਂ ਚਿੱਕੜ ਤੇ ਪਾਣੀ ਲਹਿਣਾ ਜੀ ਦੀ ਰੇਸ਼ਮੀ ਪੁਸ਼ਾਕ ਉੱਤੇ ਡਿੱਗ ਰਿਹਾ ਸੀ। ਜਦੋਂ ਡੇਰੇ ਪਹੁੰਚੇ ਤਾਂ ਮਾਤਾ ਸੁਲੱਖਣੀ ਜੀ ਨੇ ਗੁਰੂ ਨੂੰ ਕਿਹਾ, "ਭਾਈ ਲਹਿਣਾ ਦੂਰੋਂ ਸਫ਼ਰ ਕਰ ਕੇ ਆਏ ਸਨ। ਤੁਸੀਂ ਆਉਂਦੇ ਹੀ ਇਨ੍ਹਾਂ ਨੂੰ ਵਗਾਰ ਪਾ ਦਿੱਤੀ। ਵੇਖੋ, ਚਿੱਕੜ ਨਾਲ ਇਨ੍ਹਾਂ ਦੇ ਕੀਮਤੀ ਕੱਪੜੇ ਕਿਵੇਂ ਲਿੱਬੜੇ ਪਏ ਹਨ?"

ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਵੱਲ ਵੇਖ ਕੇ ਹੱਸ ਪਏ ਤੇ ਫ਼ੁਰਮਾਨ ਕੀਤਾ, "ਸੁਲੱਖਣੀ! ਇਨ੍ਹਾਂ ਦੇ ਸਿਰ 'ਤੇ ਘਾਹ ਦੀ ਪੰਡ ਨਹੀਂ, ਇਹ ਤਾਂ ਦੁਨੀਆਂ ਦੇ ਦੁੱਖਾਂ ਦੀ ਪੰਡ ਏ। ਇਹ ਚਿੱਕੜ ਦੀਆਂ ਛਿੱਟਾਂ ਨਹੀਂ ਇਹ ਤਾਂ ਕੇਸਰ ਦੇ ਛਿੱਟੇ ਨੇ। ਪਰਮਾਤਮਾ ਨੇ ਆਪ ਇਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੰਭਾਲਣ ਲਈ ਚੁਣਿਆ ਹੈ।" ਭਾਈ ਲਹਿਣਾ ਜੀ ਨੇ ਇਸ ਹੁਕਮ ਨੂੰ ਪ੍ਰਵਾਨ ਕੀਤਾ ਅਤੇ ਬੜੀ ਸ਼ਰਧਾ ਨਾਲ ਗੁਰੂ ਜੀ ਦੇ ਅਸਥਾਨ 'ਤੇ ਸੇਵਾ ਕਰਨ ਲੱਗ ਪਏ। ਹੁਣ ਭਾਈ ਲਹਿਣਾ ਜੀ ਦੀ ਨਿਮਰਤਾ ਅਤੇ ਸੇਵਾ ਭਾਵਨਾ ਦੀ ਕਠਿਨ ਪ੍ਰੀਖਿਆ ਸ਼ੁਰੂ ਹੋ ਗਈ। ਪਰ ਉਹ ਗੁਰ-ਸਿੱਖੀ ਦੀ ਕਸਵੱਟੀ 'ਤੇ ਸਾਰੀਆਂ ਪ੍ਰੀਖਿਆਵਾਂ ਵਿਚੋਂ ਪੂਰੇ ਉਤਰੇ।

ਉਹ ਤਨ-ਮਨ-ਧਨ ਨਾਲ ਸੰਗਤਾਂ ਦੀ ਸੇਵਾ ਕਰਦੇ ਤੇ ਹਰ ਵਕਤ ਗੁਰੂ ਜੀ ਦੇ ਹੁਕਮ ਦੀ ਪਾਲਣਾ ਲਈ ਤਿਆਰ-ਬਰ-ਤਿਆਰ ਰਹਿੰਦੇ। ਕਿਸੇ ਵੀ ਹੁਕਮ 'ਤੇ ਕਿੰਤੂ ਨਾ ਕਰਦੇ। ਗੁਰੂ ਸਾਹਿਬ ਦੀ ਰੱਬੀ-ਬਾਣੀ ਨੇ ਭਾਈ ਲਹਿਣਾ ਜੀ ਨੂੰ ਕੀਲ ਲਿਆ। ਪ੍ਰਭੂ-ਪ੍ਰੇਮ ਤੇ ਗੁਰੂ ਸੇਵਾ ਵਿਚ ਮਗਨ ਉਨ੍ਹਾਂ ਨੂੰ ਆਪਣੀ ਸੁਰਤ ਵੀ ਭੁੱਲ ਗਈ। ਗੁਰੂ ਚਰਨਾਂ ਵਿਚ ਰਹਿ ਕੇ ਭਾਈ ਲਹਿਣਾ ਜੀ ਨੇ ਗੁਰ-ਸਿੱਖੀ ਦਾ ਪੂਰਨ ਗਿਆਨ ਪ੍ਰਾਪਤ ਕੀਤਾ ਅਤੇ ਸਿੱਖੀ ਆਦਰਸ਼ਾਂ ਨੂੰ ਅਮਲਾ ਵਿਚ

SikhBookClub.com

ਯਕੀਨੀ ਤੌਰ 'ਤੇ ਧਾਰਨ ਕੀਤਾ। ਗੁਰੂ-ਘਰ ਦੀ ਸੇਵਾ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਡਾ ਰੁਝੇਵਾਂ ਸੀ। ਔਖੇ ਤੋਂ ਔਖੇ ਕੰਮ ਵੀ ਉਹ ਖਿੜੇ ਮੱਥੇ ਕਬੂਲਦੇ ਅਤੇ ਨਿਮਰਤਾ ਨਾਲ ਹਰ ਸੇਵਾ ਨੂੰ ਆਪਣੇ ਹੱਥੀਂ ਕਰਨਾ ਵੱਡਾ ਭਾਗ ਸਮਝਦੇ। ਆਪਣੇ ਗੁਣਾਂ ਵਜੋਂ ਭਾਈ ਲਹਿਣਾ ਜੀ ਗੁਰੂ ਜੀ ਦੇ ਬਹੁਤ ਨੇੜੇ ਹੋ ਗਏ ਤੇ ਡੇਰੇ ਵਿਚ ਉਨ੍ਹਾਂ ਦਾ ਮਾਣ-ਸਨਮਾਨ ਵੀ ਸਭ ਤੋਂ ਵੱਧ ਹੋਣ ਲੱਗ ਪਿਆ। ਗੁਰੂ ਸਾਹਿਬ ਦੇ ਸਪੁੱਤਰ ਸ੍ਰੀ ਚੰਦ ਤੇ ਲਖਮੀ ਦਾਸ ਭਾਈ ਲਹਿਣਾ ਜੀ ਦੇ ਵਧਦੇ ਪ੍ਰਤਾਪ ਤੋਂ ਚਿੜ ਗਏ ਅਤੇ ਉਨ੍ਹਾਂ ਨਾਲ ਈਰਖਾ ਕਰਨ ਲੱਗ ਪਏ।

ਗੁਰੂ ਨਾਨਕ ਦੇਵ ਜੀ ਆਪਣੇ ਸਥਾਪਿਤ ਕੀਤੇ ਧਰਮ ਦੀ ਅਗਵਾਈ ਲਈ ਕਿਸੇ ਯੋਗ ਗੁਰਸਿੱਖ ਵਿਅਕਤੀ ਦੀ ਭਾਲ ਵਿਚ ਸਨ। ਗੁਰੂ ਸਾਹਿਬ ਆਪਣੇ ਉਤਰਾਧਿਕਾਰੀ ਦੀ ਚੋਣ ਸਿੱਖੀ ਸੇਵਕਾਂ ਦੇ ਗੁਣਾਂ ਦੇ ਆਧਾਰ 'ਤੇ ਕਰਨਾ ਚਾਹੁੰਦੇ ਸਨ। ਉਹ ਆਪਣੇ ਪੁੱਤਰਾਂ ਅਤੇ ਹੋਰ ਸੇਵਕਾਂ ਨੂੰ ਕਈ ਵਾਰ ਅਜ਼ਮਾ ਚੁੱਕੇ ਸਨ। ਪਰ ਭਾਈ ਲਹਿਣਾ ਜੀ ਹਰ ਪਰਖ ਵਿਚ ਪੂਰੇ ਉਤਰੇ। ਭਾਈ ਲਹਿਣਾ ਜੀ ਦੀ ਕਠਿਨ ਪ੍ਰੀਖਿਆ ਦੇ ਬਿਰਤਾਂਤ ਸਾਨੂੰ 'ਆਦਿ ਸਾਖੀਆਂ' ਵਿਚ ਮਿਲਦੇ ਹਨ। ਉਨ੍ਹਾਂ ਦੀ ਗੁਰੂ ਚਰਨਾਂ ਨਾਲ ਪ੍ਰੀਤੀ, ਸਿਦਕ ਅਤੇ ਹੁਕਮ ਮੰਨਣ ਦੀ ਘਾਲ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਹੀ ਗੁਰ-ਗੱਦੀ ਦੇ ਯੋਗ ਹਨ। 1539 ਈਸਵੀ ਵਿਚ ਭਾਈ ਲਹਿਣਾ ਨੂੰ ਗੁਰਿਆਈ ਮਿਲੀ। ਉਨ੍ਹਾਂ ਅੱਗੇ (ਗੁਰੂ) ਨਾਨਕ ਦੇਵ ਜੀ ਨੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾ ਕੇ ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੀ ਅਗਵਾਈ ਬੜੇ ਉੱਤਮ ਤਰੀਕੇ ਨਾਲ ਕੀਤੀ। ਉਨ੍ਹਾਂ ਦੇ ਆਦੇਸ਼ ਅਨੁਸਾਰ ਸਿੱਖ ਸੰਗਤ ਨੇਮ ਪੂਰਵਕ ਇਕੱਤਰ ਹੁੰਦੀ ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀ ਵਿਆਖਿਆ ਕਰਦੇ। ਉਨ੍ਹਾਂ ਨੇ ਲੰਗਰ ਦੀ ਪ੍ਰਥਾ ਨੂੰ ਹੋਰ ਵਧੇਰੇ ਵਿਕਸਿਤ ਕੀਤਾ ਜਿਸ ਦੀ ਦੇਖ-ਭਾਲ ਦਾ ਕੰਮ ਮਾਤਾ ਖੀਵੀ ਜੀ ਕਰਦੇ। ਸੱਤਾ ਤੇ ਬਲਵੰਡ ਦੇ ਕਥਨ ਅਨੁਸਾਰ ਲੰਗਰ ਵਿਚ ਦੁੱਧ ਅਤੇ ਘਿਉ ਵਿਚ ਬਣੀ ਹੋਈ ਖੀਰ ਖਾਣ ਨੂੰ ਮਿਲਦੀ ਸੀ। (ਵਾਰ ਸੱਤਾ ਬਲਵੰਡ, ਪਉੜੀ 3) ਗੁਰੂ ਸਾਹਿਬ ਆਪ ਸਾਦੀ ਖੁਰਾਕ ਖਾਂਦੇ ਅਤੇ ਆਪਣੀ ਕਮਾਈ ਲਈ ਮੁੰਜ ਵੱਟਣ ਦਾ ਕੰਮ ਕਰਦੇ ਸਨ। ਗੁਰੂ ਅੰਗਦ ਦੇਵ ਜੀ ਦੀ ਨਿਸ਼ਕਾਮ ਸੇਵਾ ਵਜੋਂ ਮਾਝੇ ਵਿਚ ਸਿੱਖੀ ਦਾ ਪ੍ਰਚਾਰ ਕਾਫ਼ੀ ਫੈਲਿਆ। ਸਿੱਖ ਸੰਗਤਾਂ ਦੇ ਪ੍ਰਭਾਵ ਅਤੇ ਲੰਗਰ ਤੇ ਪੰਗਤ ਦੀ ਸੰਸਥਾ ਰਾਹੀਂ ਹਿੰਦੂ ਧਰਮ ਦੀ ਵਰਨ-ਵੰਡ ਤੇ ਜਾਤ-ਪਾਤ ਦੇ ਸਮਾਜਿਕ ਵਿਤਕਰੇ ਦੂਰ ਹੋਣ ਲੱਗੇ। ਗੁਰੂ ਸਾਹਿਬ ਨੇ ਸਮਾਨਤਾ ਤੇ ਮਾਨਵੀ ਏਕਤਾ ਦੇ ਉਪਦੇਸ਼ਾਂ ਰਾਹੀਂ ਅਛੂਤਾਂ ਤੇ ਗਰੀਬਾਂ ਵਿਚ ਸੈ-ਮਾਨ ਦਾ ਅਹਿਸਾਸ ਕਰਾਇਆ।

ਗੁਰੂ ਅੰਗਦ ਦੇਵ ਜੀ ਦਾ ਸਭ ਤੋਂ ਵੱਡਾ ਗੁਣ ਇਕ ਆਦਰਸ਼ਕ ਸਿੱਖ ਹੋਣਾ ਸੀ। ਉਹ ਗੁਰੂ ਨਾਨਕ ਦੇਵ ਜੀ ਦੇ ਅਨਿਨ ਆਗਿਆਕਾਰੀ ਸੇਵਕ ਸਨ। ਇਹੀ ਗੁਣ ਉਨ੍ਹਾਂ ਨੇ ਆਪਣੇ ਸੇਵਕਾਂ ਨੂੰ ਹਾਸਿਲ ਕਰਨ ਦਾ ਉਪਦੇਸ਼ ਦਿੱਤਾ।

ਗੁਰੂ ਅੰਗਦ ਦੇਵ ਜੀ ਦੀ ਬਾਣੀ ਆਕਾਰ ਵਿਚ ਬਹੁਤ ਥੋੜ੍ਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਕੁਲ 62 ਸਲੋਕ ਹਨ। ਆਪ ਜੀ ਦੀ ਬਾਣੀ ਵਿਚ ਜੀਵਨ ਦਾ ਜਿਹੜਾ ਫ਼ਲਸਫ਼ਾ ਉਘੜਦਾ ਹੈ, ਉਸ ਦਾ ਬੁਨਿਆਦੀ ਆਧਾਰ ਨਿਮਰਤਾ, ਸੇਵਾ ਤੇ ਨਾਮ ਜਪਣਾ ਹੈ। ਉਨ੍ਹਾਂ ਦਾ

SikhBookClub.com

ਉਪਦੇਸ਼ ਹੈ ਮਾਇਆ ਦੀ ਤ੍ਰਿਸ਼ਨਾ ਦੇ ਪ੍ਰਭਾਵ ਹੇਠ, ਮਨੁੱਖ ਸੁਆਰਥੀ ਹੋ ਜਾਂਦਾ ਹੈ ਤੇ ਤੰਗ-ਦਿਲੀ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਔਗੁਣ ਗੁਰੂ ਦੀ ਸ਼ਰਨ ਪਿਆਂ ਹੀ ਦੂਰ ਹੁੰਦਾ ਹੈ:

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਜੀਵਨ ਦੇ ਸਹੀ ਰਸਤੇ 'ਤੇ ਉਹੀ ਮਨੁੱਖ ਤੁਰਦਾ ਹੈ, ਜਿਸ ਨੂੰ ਪਰਮਾਤਮਾ ਕ੍ਰਿਪਾ ਕਰਕੇ ਨਾਮ ਦੀ ਦਾਤ ਬਖ਼ਸ਼ਦਾ ਹੈ। ਗੁਰੂ ਜੀ ਅਨੁਸਾਰ ਮਨੁੱਖ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਕਰਮਾਂ ਦੀ ਬੜੀ ਮਹਾਨਤਾ ਹੈ:

ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥

(ਪੰਨਾ ੧੪੬)

ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਦਾ ਮੁੱਖ ਭਾਵ ਹੈ ਕਿ ਜੀਵਨ ਥੋੜ੍ਹੇ ਚਿਰ ਦਾ ਹੈ ਇਸ ਲਈ ਮਨੁੱਖ ਨੂੰ ਆਪਣੀਆਂ ਸ਼ਕਤੀਆਂ ਪਦਾਰਥਾਂ ਦੇ ਇਕੱਤਰ ਵਿਚ ਨਹੀਂ ਲਾਉਣੀਆਂ ਚਾਹੀਦੀਆਂ। ਜਿਹੜੇ ਮਨੁੱਖ ਪਰਮਾਤਮਾ ਦੀ ਬੰਦਗੀ ਕਰਦੇ ਹਨ ਉਨ੍ਹਾਂ ਦਾ ਹੀ ਜੀਵਨ ਕਾਮਯਾਬ ਹੈ:

ਨਦਰਿ ਤਿਨਾ ਕਉ ਨਾਨਕਾ ਨਾਮੁ ਜਿਨਾ ਨੀਸਾਣੁ॥

(ਪੰਨਾ ੧੨੩੯)

ਮਨ ਦੇ ਪਿੱਛੇ ਲੱਗਿਆਂ, ਜੀਵਨ ਕਦੇ ਉੱਚਾ ਨਹੀਂ ਹੋ ਸਕਦਾ। ਮਨ ਨੂੰ ਪਰਮਾਤਮਾ ਦੀ ਸਿਫਤ-ਸਾਲਾਹ ਵਿਚ ਜੋੜ ਕੇ ਹੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਪ੍ਰਭੂ-ਪ੍ਰਾਪਤੀ ਲਈ ਗੁਰੂ ਅੰਗਦ ਦੇਵ ਜੀ ਹਰ ਥਾਂ ਹੁਕਮ ਪਛਾਣਨ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਦਾ ਫ਼ੁਰਮਾਨ ਹੈ:

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਪੰਨਾ ੧੩੯)

ਗੁਰੂ-ਹੁਕਮ ਮੰਨਣ ਵਿਚ ਉਹ ਕਿਸੇ ਕਿਸਮ ਦੇ ਵਾਦ-ਵਿਵਾਦ ਦੀ ਨਿਖੇਧੀ ਕਰਦੇ ਹਨ:

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥

(ਪੰਨਾ ੪੭੪)

ਬੰਦਗੀ ਕਰਨ ਵਾਲੇ ਲਈ ਇਹ ਅਤਿ ਜ਼ਰੂਰੀ ਹੈ ਕਿ ਉਹ ਹਉਮੈ ਦਾ ਤਿਆਗ ਕਰੇ। ਪ੍ਰਭੂ-ਪ੍ਰਾਪਤੀ ਲਈ ਦੂਜੀ ਜ਼ਰੂਰੀ ਸ਼ਰਤ 'ਸੇਵਾ' ਹੈ, ਜਿਸ ਰਾਹੀਂ ਮਨੁੱਖ ਨੂੰ ਆਪੇ ਦੀ ਸਹੀ ਪਛਾਣ ਹੋ ਸਕਦੀ ਹੈ।

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥

(ਪੰਨਾ ੪੭੪)

ਗੁਰੂ ਦੀ ਸੇਵਾ ਨੂੰ ਉਹ ਖਸਮ ਦੀ ਚਾਕਰੀ ਦੇ ਤੁੱਲ ਸਮਝਦੇ ਹਨ, ਜਿਸ ਰਾਹੀਂ ਸਿੱਖ ਤੇ ਗੁਰੂ ਨੇ ਇਕ ਹੋ ਜਾਣਾ ਹੈ:

SikhBookClub.com

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥
ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥

(ਪੰਨਾ ੪੭੫)

ਜੋ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਚੱਲ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ, ਉਸ ਦਾ ਚਿੱਤ ਸੰਤੁਸ਼ਟ ਹੈ ਅਤੇ ਉਸ ਨੂੰ ਦੁਨੀਆਂ ਦੀ ਕੋਈ ਚੀਜ਼ ਪੋਹ ਨਹੀਂ ਸਕਦੀ।

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥

(ਪੰਨਾ ੧੨੩੮)

ਕਿਸੇ ਸਿਆਣਪ-ਚਤੁਰਾਈ ਦੇ ਆਸਰੇ, ਜੇ ਆਪ-ਹੁਦਰਾ ਮਨੁੱਖ ਭਲੇ ਪੁਰਸ਼ਾਂ ਨਾਲ ਵਧੀਕੀ ਕਰਦਾ ਹੈ ਤਾਂ ਉਹ ਆਪਣੇ ਆਚਰਨ ਨਾਲ ਆਪਣੇ ਜੀਵਨ ਨੂੰ ਆਪ ਹੀ ਨੀਵਾਂ ਕਰਨ ਦੀ ਮੂਰਖਤਾ ਕਰਦਾ ਹੈ:

ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥

(ਪੰਨਾ ੧੪੮)

ਦੂਜਿਆਂ ਦੇ ਔਗੁਣ ਨਸ਼ਰ ਕਰਨ ਦੀ ਵਾਦੀ ਮਨੁੱਖ ਨੂੰ ਜੀਵਨ ਵਿਚ ਨੀਵੇਂ ਪਾਸੇ ਵੱਲ ਧਕੇਲਦੀ ਹੈ। ਅਸਲ ਸਿਆਣਪ ਇਸ ਵਿਚ ਹੈ ਕਿ ਮਨੁੱਖ ਆਪਣੀਆਂ ਊਣਤਾਈਆਂ ਨੂੰ ਦੂਰ ਕਰਨ ਦਾ ਯਤਨ ਕਰੇ:

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥

(ਪੰਨਾ ੧੪੮)

ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਵਿਚ ਸਮਕਾਲੀ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਅਸੰਤੁਲਨ ਅਤੇ ਅਧੋਗਤੀ ਦੀ ਕਰੜੀ ਆਲੋਚਨਾ ਕੀਤੀ ਗਈ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥

(ਪੰਨਾ ੧੨੮੮)

ਗੁਰੂ ਸਾਹਿਬ ਦਾ ਇਹ ਸਲੋਕ ਸਾਡੀ ਮੌਜੂਦਾ ਸਮਾਜਿਕ ਤੇ ਰਾਜਨੀਤਕ ਹਾਲਤ 'ਤੇ ਵੀ ਪੂਰਾ ਢੁੱਕਦਾ ਹੈ। ਉਨ੍ਹਾਂ ਦੇ ਉਪਦੇਸ਼ ਅਨੁਸਾਰ ਸਮਾਜਿਕ ਅਧੋਗਤੀ ਨੂੰ ਕਲਯੁਗ ਦਾ ਪਹਿਰਾ ਸਮਝਣਾ ਚਾਹੀਦਾ ਹੈ।

ਸਿੱਖ ਧਰਮ ਦੀ ਉੱਨਤੀ ਵਿਚ ਗੁਰੂ ਅੰਗਦ ਦੇਵ ਜੀ ਨੇ ਬੜਾ ਅਹਿਮ ਹਿੱਸਾ ਪਾਇਆ। ਆਪਣੀ ਯੋਗ ਅਗਵਾਈ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਆਦਰਸ਼ਾਂ ਨੂੰ ਨਿਸਚਿਤ ਤੇ ਸੰਗਠਿਤ ਰੂਪ ਪ੍ਰਦਾਨ ਕੀਤਾ। ਗੁਰੂ ਨਾਨਕ ਸਾਹਿਬ ਦੀ ਬਾਣੀ ਇਕੱਠੀ ਕੀਤੀ। ਇਸ ਤਰ੍ਹਾਂ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਾਰਜ ਆਰੰਭ ਹੋ ਗਿਆ ਅਤੇ ਇਸ ਵਿਚ ਯਕੀਨ ਰੱਖਣ ਵਾਲੇ ਅਨੁਯਾਈਆਂ ਨੂੰ ਠੀਕ ਸੇਧ ਮਿਲ ਗਈ।

SikhBookClub.com

ਗੁਰੂ ਸਾਹਿਬ ਨੇ ਵਿਦਿਆ ਦੀ ਸਿਖਲਾਈ ਵੱਲ ਵੀ ਧਿਆਨ ਦਿੱਤਾ। ਗੁਰਮੁਖੀ ਅੱਖਰਾਂ ਦੀ ਲਿੱਪੀ ਵਿਚ ਸਿਖਿਆ ਦੀ ਸ਼ੁਰੂਆਤ ਕੀਤੀ ਤਾਂ ਜੋ ਆਸਾਨੀ ਨਾਲ ਆਮ ਲੋਕ ਬਾਣੀ ਦਾ ਪਾਠ ਕਰ ਸਕਣ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਵੀ ਲਿਖਵਾਈ। ਗੁਰੂ ਅੰਗਦ ਦੇਵ ਜੀ ਨੇ ਬੱਚਿਆਂ ਦੀ ਸਿਖਲਾਈ ਲਈ ਇਕ ਨਿਵੇਕਲਾ ਰਵਈਆ ਪੇਸ਼ ਕੀਤਾ। ਜਿਥੇ ਉਹ ਮਨ ਦੇ ਸਵਾਸਥ ਲਈ ਬਾਣੀ ਦਾ ਜਾਪ ਅਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਸਮਝਦੇ ਸਨ, ਉਥੇ ਸਰੀਰ ਨੂੰ ਤੰਦਰੁਸਤ ਰੱਖਣ 'ਤੇ ਵੀ ਜ਼ੋਰ ਦਿੰਦੇ ਸਨ। ਗੁਰੂ ਸਾਹਿਬ ਨੇ ਬਾਲਕਾਂ ਦੀ ਤੰਦਰੁਸਤੀ ਲਈ ਖੇਡਾਂ ਅਤੇ ਜਵਾਨਾਂ ਲਈ ਕਸਰਤ ਤੇ ਭਲਵਾਨੀ ਲਈ ਅਖਾੜੇ ਬਣਵਾਏ ਜਿਥੇ ਉਹ ਘੋਲ ਕਰਵਾਉਂਦੇ ਸਨ। ਉਸ ਸਥਾਨ ਨੂੰ ਮੱਲ ਅਖਾੜਾ ਕਿਹਾ ਜਾਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਸਿੱਖ ਧਰਮ ਵਿਚ ਧਾਰਮਿਕ ਗਿਆਨ ਦੇ ਨਾਲ-ਨਾਲ ਸਿਹਤ ਉਸਾਰੀ ਨੂੰ ਯੋਗ ਸਥਾਨ ਦਿੱਤਾ ਗਿਆ।

ਗੁਰੂ ਅੰਗਦ ਦੇਵ ਜੀ ਦੇ ਯਤਨਾਂ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕਾਫੀ ਫੈਲ ਗਿਆ ਅਤੇ ਆਪਣੇ ਇਲਾਕੇ ਵਿਚ ਗੁਰੂ ਅੰਗਦ ਦੇਵ ਜੀ ਹਰਮਨ ਪਿਆਰੇ ਨਾਇਕ ਬਣ ਗਏ। ਖਡੂਰ ਸਾਹਿਬ ਦਾ ਇਕ ਭੇਖੀ ਸ਼ਿਵਨਾਥ (ਜਿਸ ਨੂੰ ਤਪਾ ਆਖਦੇ ਸਨ) ਨੇ ਲੋਕਾਂ ਵਿਚ ਕਈ ਵਹਿਮ-ਭਰਮ ਫੈਲਾ ਰੱਖੇ ਸਨ। ਗੁਰੂ ਸਾਹਿਬ ਦੇ ਉਪਦੇਸ਼ਾਂ ਦੁਆਰਾ ਲੋਕਾਂ ਨੇ ਵਹਿਮ-ਭਰਮ ਤੇ ਅੰਧ-ਵਿਸ਼ਵਾਸ ਤਿਆਗਣੇ ਸ਼ੁਰੂ ਕਰ ਦਿੱਤੇ ਅਤੇ ਤਪੇ ਦੀ ਮਾਨਤਾ ਘੱਟ ਗਈ। ਕਿਹਾ ਜਾਂਦਾ ਹੈ ਕਿ ਮੁਗ਼ਲ ਬਾਦਸ਼ਾਹ ਹਮਾਯੂੰ ਸੰਨ 1540 ਵਿਚ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਲਾਹੌਰ ਆਉਂਦਾ ਹੋਇਆ ਰਸਤੇ ਵਿਚ ਖਡੂਰ ਸਾਹਿਬ ਗੁਰੂ ਅੰਗਦ ਸਾਹਿਬ ਦੇ ਦਰਸ਼ਨਾਂ ਲਈ ਗੁਰੂ ਸਾਹਿਬ ਦੇ ਪਾਸ ਆਇਆ ਸੀ।

ਸੰਨ 1540 ਵਿਚ (ਗੁਰੂ) ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਏ ਅਤੇ ਗੁਰੂ ਸਾਹਿਬ ਦੀ ਸੇਵਾ ਵਿਚ ਜੁੱਟ ਗਏ। ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਇਕ ਨਗਰ ਵਸਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ। ਇਸੇ ਹੁਕਮ ਅਧੀਨ ਸੰਨ 1546 ਵਿਚ ਗੋਇੰਦਵਾਲ ਨਗਰ ਵਸਾਇਆ ਗਿਆ।

ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਤੇਰ੍ਹਾਂ ਵਰ੍ਹਿਆਂ ਤੱਕ ਨਿਭਾਈ। ਉਨ੍ਹਾਂ ਨੇ ਆਪਣਾ ਉਤਰਾਧਿਕਾਰੀ ਚੁਣਨ ਤੋਂ ਪਹਿਲਾਂ ਆਪਣੇ ਪੁੱਤਰਾਂ ਤੇ ਸਿੱਖਾਂ ਦੀ ਕਰੜੀ ਪ੍ਰੀਖਿਆ ਉਪਰੰਤ ਆਪਣੇ ਅਨਿਨ ਸੇਵਕ (ਗੁਰੂ) ਅਮਰਦਾਸ ਨੂੰ ਗੁਰਿਆਈ ਬਖ਼ਸ਼ੀ। ਗੁਰੂ ਅੰਗਦ ਦੇਵ ਜੀ 48 ਵਰ੍ਹਿਆਂ ਦੀ ਆਯੂ ਭੋਗ ਕੇ 29 ਮਾਰਚ, 1552 ਈ. ਵਿਚ ਜੋਤੀ ਜੋਤਿ ਸਮਾ ਗਏ।

(6/1992)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ

ਸਮੁੱਚੇ ਜੀਵਨ 'ਤੇ ਇਕ ਝਾਤ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਲਈ ਜੇ ਕੇਵਲ ਦੋ ਸ਼ਬਦ ਵਰਤਣੇ ਹੋਣ ਤਾਂ 'ਕੁਦਰਤੀ ਨੂਰ' ਦੇ ਲਫ਼ਜ਼ ਠੀਕ ਢੁੱਕਣਗੇ। ਜ਼ਰਾ ਕੋਈ ਸੋਚੇ ਤਾਂ ਸਹੀ ਕਿ ਉਹ ਕੈਸੀ ਸ਼ਖ਼ਸੀਅਤ ਹੋਵੇਗੀ ਜਿਸ ਨੂੰ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਧੀਰਜ ਰੱਖ ਕੇ ਹਰ ਮੁਸ਼ਕਿਲ 'ਤੇ ਕਾਬੂ ਪਾ ਲਿਆ। ਕਿਹੜਾ ਹਮਲਾ ਹੈ ਜੋ ਉਨ੍ਹਾਂ 'ਤੇ ਨਹੀਂ ਕੀਤਾ ਗਿਆ। ਪਹਿਲਾਂ ਬਾਬਾ ਸ੍ਰੀ ਚੰਦ ਨੇ ਸਿੱਧੇ ਹਮਲੇ ਕੀਤੇ, ਟਹਿਲੀਆ ਤਕ ਕਿਹਾ। ਫਿਰ ਬਿਰਾਦਰੀ ਦਾ ਡਰ ਦਿੱਤਾ। ਫਿਰ ਸਨਾਤਨੀਆਂ, ਪ੍ਰੋਹਿਤਾਂ ਤੇ ਜੋਗੀਆਂ ਨੇ ਵਰ ਸਰਾਪ ਦੇ ਭੈ ਦਿਖਾਏ ਅਤੇ ਕਰਾਮਾਤਾਂ ਦਿਖਾ ਨੀਵਾਂ ਦਿਖਾਉਣਾ ਚਾਹਿਆ। ਸਮੇਂ ਦੇ ਹੁਕਮਰਾਨਾਂ ਨੇ ਵੀ ਰੁਅਬ ਦਿਖਾਇਆ। ਇਲਾਕੇ ਨੇ ਖੌਫ਼ ਤਕ ਦਿੱਤਾ। ਪਰ ਗੁਰੂ ਅੰਗਦ ਦੇਵ ਜੀ ਅਡੋਲ ਰਹੇ। ਸਭ ਤੋਂ ਵਾਧਾ ਇਹ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਨਮਸਕਾਰ ਕਰਕੇ, ਪਰਦਖਨਾ ਲੈ ਕੇ, ਹੱਥ ਮੁਹਰ ਫੜਾਈ ਕਿ ਨਾਮ ਧਨ ਦੇ ਸਿੱਕੇ ਢਾਲ ਲੁਕਾਈ ਨੂੰ ਵੰਡੀ ਚਲੋ ਤਾਂ ਵੀ ਹਉਮੈ ਦਾ ਦਾਅ ਨਾ ਖਾਧਾ। ਐਸੀ ਨਿਮ੍ਰਤਾ ਪ੍ਰਗਟਾਈ ਕਿ ਸਾਰੇ ਅਵਾਕ ਹੋ ਗਏ। ਜਦ ਸਭ ਪੁੱਛਦੇ ਕਿ ਤੁਸਾਂ ਕਿਹੜੀ ਘਾਲ ਘਾਲੀ ਕਿ ਗੁਰੂ ਨਾਨਕ ਦੇਵ ਜੀ ਨੂੰ ਰਿਝਾ ਲਿਆ ਤਾਂ ਸਦਾ ਇਹ ਕਹਿੰਦੇ:

ਕੋਈ ਹੋਰ ਘਾਲ ਨਹੀਂ ਕੀਤੀ, ਕਿਰਪਾ ਦੀ ਘਾਲ ਘਾਲੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਗਉੜੀ ਦੀ ਵਾਰ ਦੇ ਇਕ ਸਲੋਕ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਡੱਟ ਖਲੋਣ ਵਾਲੇ ਸੁਭਾਅ ਨੂੰ ਬਹੁਤ ਹੀ ਪਿਆਰੇ ਢੰਗ ਨਾਲ ਦਰਸਾਇਆ ਹੈ। ਉਹ ਕਹਿੰਦੇ ਹਨ ਕਿ ਜਿਸ ਨੂੰ ਆਪ ਗੁਰੂ ਸਾਹਿਬ ਆਪਣੇ ਹਜ਼ਾਤੀ ਵਿਚ ਹੀ ਟਿਕਾ ਜਾਣ, ਉਸ ਦੀ ਵਡਿਆਈ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ। ਸਾਰਾ ਜਗਤ ਆਪ ਮੁਹਾਰੇ ਹੀ ਨਮਸਕਾਰ ਕਰਨ ਲੱਗ ਪੈਂਦਾ ਹੈ। ਜਿਨ੍ਹਾਂ ਦਾ ਕੰਮ ਕੇਵਲ ਊਜਾਂ ਲਗਾਉਣੀਆਂ, ਉਪੱਦਰ ਖੜੇ ਕਰਨਾ ਤੇ ਵੰਡੀਆਂ ਪਾਉਣਾ ਸੀ, ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਫਿਟਕਾਰ ਪਾ ਬਿਠਲਾ ਦਿੱਤਾ ਅਤੇ ਗੁਰੂ ਅੰਗਦ ਦੇਵ ਜੀ ਨੇ ਕੂੜੇ ਸਾਬਤ ਕਰ ਦਿੱਤੇ ਕਿ ਇਨ੍ਹਾਂ ਕੰਗਾਲ ਬ੍ਰਿਤੀ ਵਾਲੇ ਲੋਕਾਂ ਦੇ ਹੱਥ ਵੱਸ ਕੁਝ ਨਹੀਂ। ਲੋਕਾਂ ਸਭ ਨਿੰਦਕਾਂ ਦੀ ਅਸਲੀਅਤ ਜਾਣ ਲਈ:

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥

(ਪੰਨਾ ੩੦੭)

ਸ੍ਰੀ ਗੁਰੂ ਨਾਨਕ ਦੇਵ ਜੀ ਬਾਅਦ, ਸਿੱਖੀ ਦੇ ਬੂਟੇ ਦੀ ਹਿਫ਼ਾਜ਼ਤ ਕਰਨੀ ਤੇ ਸਿੰਚਨਾ ਕੋਈ

SikhBookClub.com

ਸਹਿਲਾ ਕੰਮ ਨਹੀਂ ਸੀ। ਬੜੇ ਦ੍ਰਿੜ੍ਹ-ਚਿਤ ਵਾਲੇ ਮਹਾਂਪੁਰਸ਼ ਦੀ ਲੋੜ ਸੀ। ਇਸੇ ਲਈ ਸਭ ਇਤਿਹਾਸਕਾਰ ਸਹਿਮਤ ਹਨ ਕਿ ਗੁਰੂ ਅੰਗਦ ਦੇਵ ਜੀ ਦਾ ਗੁਰੂ-ਗੱਦੀ ਨੂੰ ਸੰਭਾਲਣਾ ਸਿੱਖ ਇਤਿਹਾਸ ਵਿਚ ਅਤਿ ਗਹਿਰੀ ਮਹੱਤਤਾ ਰੱਖਦਾ ਹੈ।

ਟਰੰਪ ਤਕ ਨੇ ਲਿਖਿਆ ਹੈ:

"ਸਭ ਕੁਝ ਖਿੱਲਰ-ਪੁਲਰ, ਉੱਡ-ਪੁੱਡ ਜਾਂਦਾ ਜੇ ਗੁਰੂ ਨਾਨਕ ਦੇਵ ਜੀ ਆਪਣੇ ਥਾਂ ਗੁਰੂ ਅੰਗਦ ਦੇਵ ਜੀ ਨੂੰ ਨਾ ਬਿਠਾਲਦੇ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਦੇ ਸਿਧਾਂਤਾਂ ਨੂੰ ਸਾਦਗੀ, ਪਾਕੀਜ਼ਗੀ, ਭਰੋਸਗੀ ਤੇ ਇਮਾਨਦਾਰੀ ਦੀ ਟੇਕ ਲੈ ਕੇ ਜੀਵਤ ਰੱਖਿਆ।"

ਗ੍ਰੀਨਲੀਜ਼ ਨੇ ਇਸੇ ਲਈ ਲਿਖਿਆ ਕਿ:

"ਉਹ ਪੁੰਜ ਸਨ, ਪੂਰਨ ਪਵਿੱਤਰਤਾ ਤੇ ਅਨਿਨ ਭਗਤੀ ਦੇ।"

ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦਾ ਰੂਪ ਨਿਭਾ ਕੇ ਪੂਰਨੇ ਪਾਏ, ਫਿਰ ਸਭ ਨੂੰ ਟੁਰਨ ਲਈ ਪਰੇਰਿਆ। ਗੁਰੂ ਨਾਨਕ ਸਾਹਿਬ ਨੇ ਐਵੇਂ ਨਹੀਂ ਸੀ ਕਹਿ ਦਿੱਤਾ ਕਿ:

"ਮੈਂ ਕੋਈ ਕਿਸੇ ਨੂੰ ਗੁਰਿਆਈ ਨਹੀਂ ਦਿੱਤੀ, ਇਹ ਤਾਂ ਪਰਮੇਸ਼ਰ ਵਲੋਂ ਹੁੰਡੀ ਸੀ ਜੋ ਮੈਂ ਤਾਰਨੀ ਸੀ ਸੇਵਕ ਨੂੰ ਅਤੇ ਸੇਵਕ ਮੈਂ ਡਿੱਠਾ ਭਾਈ ਲਹਿਣਾ।"

'ਬਚਿੱਤ੍ਰ ਨਾਟਕ' ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ ਕਿ:

"ਗੁਰੂ ਨਾਨਕ ਨੇ ਗੁਰੂ ਅੰਗਦ ਦੇਵ ਨੂੰ ਆਖਿਆ, ਕਿ ਇਸ ਜੱਗ ਵਿਚ ਧਰਮ ਪ੍ਰਚਾਰਿਆ ਜਾ ਸਕੇ। ਧਰਮ ਦ੍ਰਿੜ੍ਹ ਹੋਵੇ।"

ਨਾਨਕ ਅੰਗਦ ਕੌ ਬਪੁ ਧਰਾ॥
ਧਰਮ ਪ੍ਰਚੁਰ ਇਹ ਜਗ ਮੋ ਕਰਾ॥...੭॥

(ਦਸਮ ਗ੍ਰੰਥ, ਪੰਨਾ ੫੪)

ਖੂਬ ਲਿਖਿਆ ਹੈ ਪ੍ਰੋਫ਼ੈਸਰ ਪੂਰਨ ਸਿੰਘ ਨੇ:

"ਕਿ ਗੁਰੂ ਅੰਗਦ ਦੇਵ ਜੀ ਇਕ-ਰੂਪ ਹੋ ਗਏ ਸਨ, ਗੁਰੂ ਨਾਨਕ ਦੇਵ ਜੀ ਨਾਲ। ਉਹ ਹੀ ਸੁਗੰਧੀ, ਉਹ ਹੀ ਨੂਰੀ ਝਲਕ, ਉਹ ਹੀ ਮਿੱਠੇ ਬਚਨ ਤੇ ਉਹ ਹੀ ਪਿਆਰਾ ਚਿਹਰਾ ਸੀ, ਗੁਰੂ ਅੰਗਦ ਦੇਵ ਜੀ ਦਾ।"

ਗੁਰੂ ਅੰਗਦ ਦੇਵ ਜੀ ਦੇ ਜੀਵਨ ਨੂੰ ਪੜ੍ਹਿਆਂ ਪਤਾ ਲੱਗਦਾ ਹੈ ਕਿ ਧਿਆਨ ਵਿਚ ਜੁੜ ਕੇ ਸਰੀਰਕ ਵਿਛੋੜਾ ਸਹਾਰਿਆ ਜਾ ਸਕਦਾ ਹੈ। ਨਿਮਰ ਇਤਨੇ ਕਿ ਜਦ ਦੂਜੀ ਵਾਰੀ ਕਰਤਾਰਪੁਰ ਆਏ ਤਾਂ ਬੁਖਾਰੇ ਦੀ ਬੋਸਕੀ ਪਹਿਨੀ ਹੋਈ ਸੀ, ਪਰ ਘਾਹ ਦੀਆਂ ਪੰਡਾਂ ਚੁੱਕਣ ਵੇਲੇ ਰਤਾ ਜਿੰਨੀ ਪਰਵਾਹ ਨਹੀਂ ਕੀਤੀ ਕਿ ਕੀਮਤੀ ਪੋਸ਼ਾਕ ਚਿੱਕੜ ਨਾਲ ਭਰੀ ਜਾ ਰਹੀ ਹੈ। ਅਦਬ ਇਤਨਾ ਕਿ ਗੁਰੂ ਨਾਨਕ ਦੇਵ ਜੀ ਦੇ ਮੂੰਹ ਵਿਚ ਹੀ ਬਚਨ ਹੁੰਦੇ ਸਨ ਤਾਂ ਪੂਰਾ ਕਰਨ ਉਹ ਤੁਰ ਪੈਂਦੇ।

ਭੱਟਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਹਿਜ ਵਾਲੀ ਸ਼ਖ਼ਸੀਅਤ ਦਾ ਰੂਪ ਖੂਬ ਨਿਖਾਰਿਆ ਹੈ। ਉਹ ਲਿਖਦੇ ਹਨ ਕਿ:

SikhBookClub.com

"ਗੁਰੂ ਅੰਗਦ ਦੇਵ ਜੀ ਨੇ ਨਿਮ੍ਰਤਾ ਦੀ ਸੰਜੋਅ ਪਹਿਨ ਰੱਖੀ ਸੀ। ਇਸੇ ਲਈ ਕਿਸੇ ਦਾ ਕੋਈ ਵੀ ਕੀਤਾ ਵਾਰ ਕਾਰਗਰ ਸਾਬਤ ਨਾ ਹੋ ਸਕਿਆ। 'ਪਹਿਰ ਸੀਲ ਸਨਾਹ' ਦੇ ਸ਼ਬਦ ਭਗਤ ਭੱਟਾਂ ਨੇ ਵਰਤੇ ਹਨ।"

ਬੜੀ ਗਾਖੜੀ ਬਿਖਮ ਕਾਰ ਨਿਬਾਹੀ, ਗੁਰੂ ਅੰਗਦ ਦੇਵ ਜੀ ਨੇ। ਬਾਣੀ ਇਕੱਤਰ ਕਰਕੇ ਸਿੱਖੀ ਦੇ ਬੂਟੇ ਨੂੰ ਜੀਵਨ-ਰੌ ਬਖ਼ਸ਼ਣ ਦਾ ਪੱਕਾ ਇੰਤਜ਼ਾਮ ਕਰ ਦਿੱਤਾ। ਇਹ ਬਾਣੀ ਇਕੱਤਰ ਕਰਨੀ ਸੂਰਜ ਦੀਆਂ ਕਿਰਨਾਂ ਨੂੰ ਇਕ ਥਾਂ ਇਕੱਠਿਆ ਕਰਨਾ ਹੀ ਸੀ। ਇਸ ਤਰ੍ਹਾਂ ਸੰਸਾਰੀ ਜੀਆਂ ਦੇ ਹਿਰਦਿਆਂ ਵਿਚ ਸਹਿਜ ਸੁਭਾਇ ਅੰਮ੍ਰਿਤ ਸਿੰਚਿਆ ਜਾਣ ਲੱਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਦਾ ਮੁੱਢ ਬੱਝ ਗਿਆ:

ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ॥

(ਪੰਨਾ ੧੩੯੨)

ਗੁਰੂ ਜੀ ਗੰਭੀਰ ਇਤਨੇ ਸਨ ਜਿਤਨਾ ਪ੍ਰਭੂ ਆਪੂੰ ਹੈ—'ਗਹਰਿ ਗਹੁ'। ਠੰਢੇ ਮਿੱਠੇ ਇਤਨੇ ਕਿ ਰਤਾ ਭਰ ਵੀ ਕੌੜਾ-ਪਣ ਨਹੀਂ ਸੀ। ਮਾਇਆ ਦਾ ਜ਼ੋਰ ਕਦੇ ਆਪ 'ਤੇ ਨਹੀਂ ਪਿਆ। ਮਾਇਆ ਉਹਨਾਂ ਦੇ ਨੇੜੇ ਆ ਹੀ ਨਹੀਂ ਸਕੀ। ਉਹ ਆਪ ਸੁਤੰਤਰ ਸਨ ਤੇ ਸਭਨਾਂ ਦੀ ਬੰਦ-ਖਲਾਸੀ ਕਰਵਾ ਗਏ:

ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ॥ *(ਪੰਨਾ ੧੩੯੨)*

ਆਪ ਜੀ ਨੇ ਹੁਕਮ ਵੀ ਦੇ ਰੱਖਿਆ ਸੀ ਕਿ ਉਹਨਾਂ ਸਾਹਮਣੇ ਮਾਇਆ, ਗੋਲਕ ਜਾਂ ਪਦਾਰਥ ਦੀ ਗੱਲ ਕਦੇ ਕਿਸੇ ਨਹੀਂ ਕਰਨੀ:

ਆਪਨ ਢਿਗ ਮਾਯਾ ਵਿਵਹਾਰ।
ਜ਼ਿਕਰ ਨ ਹੋਨ ਦੇਹਿ ਕਿਸਿ ਵਾਰ॥...੨੦॥

(ਗੁਰ ਪ੍ਰਤਾਪ ਸੂਰਜ, ਰਾਸਿ ੧, ਅੰਸੂ ੧੦)

ਜਿਵੇਂ ਦਰੱਖਤ ਨੂੰ ਫਲ ਲੱਗ ਜਾਏ ਤਾਂ ਉਹ ਨਿਉਂ ਜਾਂਦਾ ਹੈ, ਤਿਵੇਂ ਹੀ ਗੁਰੂ ਜੀ ਸਨ:

ਦ੍ਰੁਮ ਸਪੁਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ॥

(ਪੰਨਾ ੧੩੯੨)

ਭਟਕਣਾ ਕਦੇ ਆਈ ਹੀ ਨਹੀਂ ਸੀ। ਟਿਕੇ-ਟਿਕੇ ਰਹਿੰਦੇ ਸਨ। ਦ੍ਰਿਸ਼ਟ ਅੰਮ੍ਰਿਤ ਵਰਸਾਂਦੀ ਸੀ। ਅਗਿਆਨ ਅੰਧੇਰਾ ਕੱਟਦੀ, ਆਪਾ ਸਾੜਦੀ ਸੀ। ਬਚਨ ਅੰਮ੍ਰਿਤ ਦੇ ਚਸ਼ਮੇ ਸਨ। ਸਤ ਸੰਤੋਖ ਦੇ ਗੁਰੂ ਅੰਗਦ ਦੇਵ ਜੀ ਧਾਰਨੀ ਸਨ। ਉਦਾਰ ਚਿਤ ਇਤਨੇ ਕਿ ਕਿਸੇ ਵੀ ਦਰ ਆਏ ਦੀ ਜਨਮਾਂ-ਜਨਮਾਂਤਰਾਂ ਦੀ ਗਰੀਬੀ ਕੱਟ ਦੇਂਦੇ ਸਨ। ਨੌਂ ਨਿੱਧੀਆਂ ਦੇ ਦਰਿਆ ਸਨ। ਗੁਰੂ ਜੀ ਦੀ ਨਿਰਮਲ ਸੋਭਾ ਚਹੁੰ ਪਾਸੇ ਪਸਰ ਗਈ ਸੀ:

ਬਿਮਲ ਜਾਸੁ ਬਿਥਾਰੁ ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ॥

(ਪੰਨਾ ੧੩੯੧)

ਰਬਾਬੀ ਬਲਵੰਡ ਜੀ ਨੇ ਵੀ ਇਸੇ ਸੁਰ ਵਿਚ ਗੁਰ ਸੋਭਾ ਗਾਈ ਹੈ। ਪਹਿਲੀ ਵੱਡੀ ਸਿਫਤ ਉਨ੍ਹਾਂ ਇਹ ਹੀ ਲਿਖੀ ਹੈ ਕਿ:

SikhBookClub.com

"ਉਨ੍ਹਾਂ ਦੇ ਮੁੱਖ 'ਤੇ ਗੁਰਬਾਣੀ ਦਾ ਅੰਦਰ ਵਾਸਾ ਹੋਣ ਕਰਕੇ, ਨਾਮ ਦੀ ਲਾਲੀ ਚੜ੍ਹੀ ਹੋਈ ਸੀ ਅਤੇ ਨਾਮ ਦੀ ਬਰਖਾ ਸਦਾ ਹੋਣ ਕਾਰਨ ਰੱਬੀ ਨੂਰ ਝਲਕਾ ਮਾਰਦਾ ਸੀ":

ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ॥

(ਪੰਨਾ ੯੬੭)

ਸੀਤਲਾ ਦਾ ਸੋਮਾ ਸਨ ਸੱਚੇ ਪਾਤਸ਼ਾਹ। ਕੋਈ ਹਾਥ ਨਹੀਂ ਪਾ ਸਕਦਾ ਉਨ੍ਹਾਂ ਦੀਆਂ ਸਿਫ਼ਤਾਂ ਦਾ। ਉਹ ਠੰਡੇ ਇਤਨੇ ਸਨ ਕਿ ਕੋਈ ਬਹੁਤੀ ਦੇਰ ਹੱਥ ਪਾ ਹੀ ਨਹੀਂ ਸਕਦਾ:

ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥

(ਪੰਨਾ ੯੬੭)

ਸਭ ਤੋਂ ਵੱਡੀ ਸਿਫ਼ਤ ਗੁਰਦੇਵ ਪਾਤਸ਼ਾਹ ਦੀ ਇਹ ਸੀ ਕਿ ਦੁਨਿਆਵੀ ਲੋਕ ਇਸ ਦੁਨੀਆਂ ਨੂੰ ਹੀ ਸਭ ਕੁਝ ਜਾਣਦੇ ਤੇ ਸਮਝਦੇ ਹਨ ਪਰ ਗੁਰੂ ਅੰਗਦ ਦੇਵ ਜੀ ਐਸੇ ਸਨ ਜੋ ਇਸ ਦੁਨੀਆਂ ਵਿਚ ਖਚਿਤ ਨਹੀਂ ਹੋਏ ਤੇ ਦੁਨੀਆਂ ਨੂੰ ਦੂਰ ਗਿਣਦੇ ਸਨ। ਦੁਨੀਆਂ ਨੂੰ ਉਹ ਕੁਝ ਨਹੀਂ ਸਮਝਦੇ।

ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ॥

(ਪੰਨਾ ੯੬੭)

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਹੀ ਮੁਕਦੀ ਗੱਲ ਕਹਿ ਦਿੱਤੀ ਕਿ "ਗੁਰੂ ਅੰਗਦ ਦੇਵ ਜੀ ਹੱਥ ਉਹ ਹੀ ਮੁਹਰ ਸੀ ਅਤੇ ਚਹੁੰ ਚਕੀਂ ਵਾਹ ਵਾਹ ਹੋਣ ਲੱਗੀ":

ਗੁਰ ਨਾਨਕ ਹੰਦੀ ਮੁਹਰਿ ਹਥਿ,
ਗੁਰ ਅੰਗਦ ਦੀ ਦੋਹੀ ਫਿਰਾਈ। *(ਵਾਰ ੧/੪੬)*

ਭਾਈ ਨੰਦ ਲਾਲ ਜੀ ਨੇ ਲਿਖਿਆ ਹੈ ਕਿ:

"ਗੁਰੂ ਅੰਗਦ ਦੇਵ ਜੀ ਅਜਿਹੇ ਵਿਅਕਤੀ ਸਨ ਜੋ ਪਹਿਲਾਂ ਅਨਿਨ ਸੇਵਕ ਤੇ ਫਿਰ ਆਪੂੰ ਬੰਦਨਾ ਕਰਾਉਣ ਵਾਲੇ ਮੁਰਸ਼ਦ ਬਣੇ":

"ਅਵਲ ਮੁਰੀਦ-ਇ-ਸਾਜਦ,
ਵ ਆਖਿਰ ਮੁਰਸ਼ਦ-ਇ-ਮਸਜੂਦਸ਼॥"

ਗੁਰੂ ਅੰਗਦ ਦੇਵ ਜੀ ਦੀ ਹੋਂਦ ਸਦਕਾ ਸੱਚ ਤੇ ਯਕੀਨ ਦੀਆਂ ਮਿਸਾਲਾਂ ਇਤਨੀਆਂ ਉੱਚੀਆਂ ਹੋਈਆਂ ਕਿ ਹਰ ਢੁੰਡਾਊ ਨੂੰ ਰਾਹ ਮਿਲਿਆ। ਐਸੀਆਂ ਸ਼ਕਤੀਆਂ ਦੇ ਮਾਲਕ ਸਨ ਕਿ ਹਰ ਭਰਮ, ਵਹਿਮ, ਸਾੜ ਦਿੰਦੇ ਸਨ। ਰੱਬ ਦੀਆਂ ਖਾਸ ਬਖ਼ਸ਼ਿਸ਼ਾਂ ਉਨ੍ਹਾਂ 'ਤੇ ਸਨ।

ਫਿਰ ਭਾਈ ਸਾਹਿਬ ਨੇ ਅੰਗਦ ਨਾਮ ਦੇ ਫ਼ਾਰਸੀ ਹਿਜੇ ਅਲਫ, ਨੂਨ, ਗਫ ਤੇ ਦਾਲ ਲੈ ਕੇ ਸ਼ਖ਼ਸੀਅਤ ਦਾ ਨਜ਼ਾਰਾ ਕਰਾਇਆ ਹੈ।

ਅਲਫਿ—ਹਰ ਫ਼ਕੀਰ, ਅਮੀਰ, ਵੱਡੇ ਛੋਟੇ 'ਤੇ ਇਕੋ ਜਿਹੀ ਰਹਿਮਤ ਕਰਨ ਦਾ ਚਿੰਨ੍ਹ ਹੈ। ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੋਈ ਉੱਚ-ਨੀਚ ਅਮੀਰ-ਗਰੀਬ ਮਾੜਾ-ਚੰਗਾ ਨਹੀਂ ਸੀ।

ਨੂੰਨ—ਭਰਪੂਰ ਸੱਚਾਈ ਦਾ ਲਖਾਇਕ ਹੈ। ਗੁਰੂ ਅੰਗਦ ਦੇਵ ਜੀ ਪੂਰਨ ਸੱਚ ਦਾ ਰੂਪ ਸਨ।

SikhBookClub.com

ਗਾਫ਼—ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਨੂੰ ਸਦੀਵੀਂ ਸ਼ਕਲ ਦੇਣ ਅਤੇ ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਨ ਦਾ ਚਿੰਨ੍ਹ ਹੈ। ਕਦੇ ਉਨ੍ਹਾਂ ਵਿਚ ਡੀਗਨ ਡੋਲਾ ਨਹੀਂ ਆਇਆ। ਮੁਸ਼ਕਲਾਂ ਅਨੇਕਾਂ ਆਈਆਂ ਪਰ ਉਹ ਅਹਿਲ, ਸਮਤੋਲ ਰਹੇ।

ਦਾਲ—ਗੁਰੂ ਅੰਗਦ ਦੇਵ ਜੀ ਦਾ ਉਪਦੇਸ਼ ਹਰ ਦੁੱਖ ਤੇ ਦਰਦ ਦੀ ਦਵਾ ਸੀ। ਇਕ ਰਸ ਉਹ ਆਪ ਸਨ ਤੇ ਇਕ ਰਸ ਹੀ ਸਭ ਨੂੰ ਕਰ ਦੇਂਦੇ ਸਨ।

ਦਾਲਿ ਆਖਿਰਸ਼ ਦੁਆਇ ਹਰ ਆਲਮ ਵਾ ਬਰ ਤਰ ਅਜ਼ ਬੇਸ਼ੋ ਕਮ

ਗੁਨਾਹਗਾਰਾਂ ਲਈ ਗੁਰੂ ਜੀ ਰਹਿਮਤ ਬਣ ਆਏ ਸਨ। ਕਿਤਨੀ ਖਿੱਚ ਵਾਲੀ ਤੇ ਸਵੱਛ ਪਾਵਨ ਸ਼ਖ਼ਸੀਅਤ ਉਨ੍ਹਾਂ ਦੀ ਸੀ ਕਿ ਇੰਝ ਪਿਆ ਲੱਗਦਾ ਸੀ, ਰੱਬੀ ਕਿਤਾਬ ਦਾ ਕੋਈ ਵਰਕਾ ਹੋਵੇ:

ਵਜੂਦਸ਼ ਜ਼ਿ ਕੁਦਸੀ ਵਰਕ ਆਮਦ।

ਉਨ੍ਹਾਂ ਦਾ ਸਮੁੱਚਾ ਜੀਵਨ ਹੀ ਰੱਬ ਪ੍ਰਾਪਤੀ ਦਾ ਰਾਹ ਦਰਸਾਉਣ ਵਾਲਾ ਸੀ।

(5/1984)

SikhBookClub.com

ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ

(ਭੱਟ ਕਲਸਹਾਰ ਜੀ ਦੀ ਨਜ਼ਰ ਵਿਚ ਗੁਰੂ ਅੰਗਦ ਦੇਵ ਜੀ)

ਗੁਰੂ ਅੰਗਦ ਦੇਵ ਜੀ (1504-1552 ਈ.) ਜਿਨ੍ਹਾਂ ਦਾ ਨਾਮ ਗੁਰੂ-ਪਦ ਦੇ ਅਧਿਕਾਰੀ ਹੋਣ ਤੋਂ ਪਹਿਲਾਂ ਭਾਈ ਲਹਿਣਾ ਜੀ ਸੀ, ਪਿਤਾ-ਪੁਰਖੀ ਸੰਸਕਾਰਾਂ ਕਰਕੇ ਦੇਵੀ ਦੇ ਉਪਾਸ਼ਕ ਸਨ ਅਤੇ ਦੇਵੀ ਮਾਤਾ ਦੇ ਸੰਗ ਦੇ ਮੋਹਰੀ ਬਣ ਕੇ ਹਰ ਸਾਲ ਜਵਾਲਾ ਜੀ ਦੇ ਦਰਸ਼ਨਾਂ ਨੂੰ ਜਾਂਦੇ ਸਨ। ਸੱਚੇ ਜਗਿਆਸੂ ਹੋਣ ਕਰਕੇ ਹਿਰਦੇ ਵਿਚ ਪਰਮਾਰਥ ਦੀ ਲਗਨ ਤਾਂ ਸੀ, ਪਰ ਪੂਰੇ ਗੁਰੂ ਦਾ ਮਿਲਾਪ ਨਾ ਹੋਣ ਕਰਕੇ ਇਸ ਦੀ ਪ੍ਰਾਪਤੀ ਦਾ ਸਬੱਬ ਅਜੇ ਨਹੀਂ ਬਣਿਆ ਸੀ। ਹਰ ਘਟਨਾ-ਕ੍ਰਮ ਨੇ ਰੱਬੀ ਹੁਕਮ ਅਨੁਸਾਰ ਵਕਤ ਆਉਣ 'ਤੇ ਹੀ ਵਾਪਰਨਾ ਹੁੰਦਾ ਹੈ। "ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ" ਦੇ ਮਹਾਂਵਾਕ ਅਨੁਸਾਰ ਇਹ ਇਤਫ਼ਾਕ ਦੀ ਗੱਲ ਹੀ ਸੀ ਕਿ ਸੰਨ 1531 ਈ. ਨੂੰ ਇਕ ਦਿਨ ਆਪ ਸਵੇਰੇ ਇਸ਼ਨਾਨ ਕਰਨ ਲਈ ਪਿੰਡ ਸੰਘਰ ਦੇ ਟੋਭੇ 'ਤੇ ਗਏ ਜਿਥੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਭਾਈ ਜੋਧ ਜੀ ਇਸ਼ਨਾਨ ਕਰ ਰਹੇ ਸਨ ਅਤੇ ਨਾਲ ਦੇ ਨਾਲ ਗੁਰੂ ਸਾਹਿਬ ਦੀ ਬਾਣੀ ਦਾ ਗਾਇਣ ਕਰ ਰਹੇ ਸਨ। ਇਹ ਬਾਣੀ ਸੁਣ ਕੇ ਭਾਈ ਲਹਿਣਾ ਜੀ ਦੀ ਜਨਮਾਂ ਤੋਂ ਸੁੱਤੀ ਆਤਮਾ ਇਵੇਂ ਜਾਗ ਉੱਠੀ ਕਿ ਆਪ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਬਿਹਬਲ ਹੋ ਉੱਠੇ।

ਹਰ ਸਾਲ ਵਾਂਗ ਇਸ ਵਾਰ ਵੀ ਜਦ ਜਥਾ ਲੈ ਕੇ ਆਪ ਜਵਾਲਾ ਜੀ ਦੀ ਯਾਤਰਾ 'ਤੇ ਗਏ ਤੇ ਕਰਤਾਰਪੁਰ (ਡੇਰਾ ਬਾਬਾ ਨਾਨਕ) ਦੇ ਨੇੜੇ ਪਹੁੰਚ ਕੇ ਆਪ ਨੇ ਜਥੇ ਨੂੰ ਕਿਹਾ ਕਿ ਤੁਸੀਂ ਦੇਵੀ ਦੇ ਦਰਸ਼ਨਾਂ ਨੂੰ ਚੱਲੋ ਮੈਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਆਉਂਦਾ ਹਾਂ। ਆਪ ਨੇ ਆਪਣਾ ਘੋੜਾ ਕਰਤਾਰਪੁਰ ਵੱਲ ਨੂੰ ਮੋੜ ਲਿਆ। ਰਸਤੇ ਵਿਚ ਇਕ ਬਜ਼ੁਰਗ ਵਿਅਕਤੀ ਜਾ ਰਿਹਾ ਸੀ, ਉਸ ਪਾਸੋਂ ਗੁਰੂ ਨਾਨਕ ਦੇਵ ਜੀ ਦਾ ਦਰ-ਘਰ ਪੁੱਛਿਆ। ਬਜ਼ੁਰਗ ਕਹਿਣ ਲੱਗਾ, 'ਮੇਰੇ ਪਿੱਛੇ-ਪਿੱਛੇ ਆ ਜਾਓ, ਮੈਂ ਵੀ ਉਧਰ ਹੀ ਜਾਣਾ ਹੈ।' ਟਿਕਾਣੇ 'ਤੇ ਪਹੁੰਚ ਕੇ ਉਸ ਬਜ਼ੁਰਗ ਵਿਅਕਤੀ ਨੇ ਘੋੜੇ ਦੀ ਵਾਗ ਫੜ ਲਈ ਅਤੇ ਘੋੜਾ ਇਕ ਕਿੱਲੇ ਨਾਲ ਬੰਨ੍ਹ ਦਿੱਤਾ। ਬਜ਼ੁਰਗ ਕਹਿਣ ਲੱਗਾ, "ਤੁਸੀਂ ਇਥੇ ਆਰਾਮ ਕਰੋ ਤੇ ਇਥੇ ਹੀ ਗੁਰੂ ਨਾਨਕ ਦੇਵ ਜੀ ਨੇ ਆ ਜਾਣਾ ਹੈ।" ਸ਼ਾਮ ਨੂੰ ਸੰਗਤ ਜੁੜਨੀ ਸ਼ੁਰੂ ਹੋ ਗਈ ਤੇ ਜਦ ਸਤਿਸੰਗ ਦਾ ਵਕਤ ਹੋਇਆ ਤੇ ਉਹੀ ਬਜ਼ੁਰਗ ਵਿਅਕਤੀ ਆ ਕੇ ਆਸਣ 'ਤੇ ਬਿਰਾਜਮਾਨ ਹੋ ਗਿਆ। ਭਾਈ ਲਹਿਣਾ ਜੀ ਇਹ ਵੇਖ ਕੇ ਹੱਕੇ-ਬੱਕੇ ਰਹਿ ਗਏ ਕਿ ਇਹ ਗੁਰੂ ਨਾਨਕ ਦੇਵ ਜੀ ਆਪ ਹੀ ਸਨ ਜੋ ਮੈਨੂੰ ਇਥੇ ਲੈ ਕੇ ਆਏ ਸਨ। ਆਪ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ ਅਤੇ ਖਿਮਾਂ ਜਾਚਨਾ ਕਰਦੇ ਹੋਏ ਕਹਿਣ ਲੱਗੇ, "ਸੱਚੇ ਪਾਤਸ਼ਾਹ ਜੀਓ! ਮੈਥੋਂ ਅਵੱਗਿਆ ਹੋ ਗਈ ਹੈ ਕਿ ਮੈਂ ਘੋੜੇ 'ਤੇ ਸਵਾਰ ਹੋ ਕੇ ਆਇਆ ਅਤੇ ਤੁਸੀਂ ਪੈਦਲ

SikhBookClub.com

ਆਏ।" ਗੁਰੂ ਸਾਹਿਬ ਮੁਸਕਰਾਉਂਦੇ ਹੋਏ ਰਮਜ਼ ਭਰਪੂਰ ਲਹਿਜ਼ੇ ਵਿਚ ਕਹਿਣ ਲੱਗੇ, "ਇਹ ਕੋਈ ਨਵੀਂ ਗੱਲ ਨਹੀਂ, ਲਹਿਣੇ (ਲਹਿਣੇਦਾਰ) ਵਾਲੇ ਸਦਾ ਘੋੜੀਆਂ ਉੱਤੇ ਚੜ੍ਹ ਕੇ ਆਇਆ ਕਰਦੇ ਹਨ ਅਤੇ ਦੇਣਦਾਰ ਪੈਦਲ ਹੀ ਤੁਰਦੇ ਹਨ। ਤੂੰ ਲਹਿਣਾ ਹੈ ਤੇ ਅਸੀਂ ਦੇਣਾ ਹੈ।"

ਇਸ ਪਹਿਲੀ ਮੁਲਾਕਾਤ ਵਿਚ ਹੀ ਭਾਈ ਲਹਿਣਾ ਜੀ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਗਏ। ਵੈਸ਼ਨਵ ਧਰਮ ਅਤੇ ਦੇਵੀ ਦੇ ਦਰਸ਼ਨ ਦੀ ਤਾਂਘ ਉਥੇ ਹੀ ਛੱਡ ਕੇ ਸਦਾ ਲਈ ਗੁਰੂ ਜੀ ਦੇ ਸੇਵਕ ਬਣ ਗਏ। ਪੂਰਬਲੇ ਜਨਮਾਂ ਦੀ ਭਗਤੀ ਦੀ ਪ੍ਰਤਿਭਾ ਤਾਂ ਪਹਿਲਾਂ ਹੀ ਅੰਦਰ ਸੀ, ਸਿਰਫ਼ ਵਕਤ ਨਹੀਂ ਸੀ ਆਇਆ। ਜਦ ਵਕਤ ਆਇਆ ਤਾਂ ''ਮਿਟਿਓ ਅੰਧੇਰੁ ਮਿਲਤ ਹਰਿ ਨਾਨਕ'' ਦੇ ਮਹਾਂਵਾਕ ਅਨੁਸਾਰ ਐਸਾ ਵੈਰਾਗ ਜਾਗਿਆ ਕਿ ਸੁਰਤ ਸ਼ਬਦ ਨਾਲ ਮਿਲ ਗਈ ਅਤੇ ਅੰਦਰ ਦੇ ਕਪਾਟ ਖੁੱਲ੍ਹ ਗਏ। ਸੰਨ 1532 ਤੋਂ 1539 ਈ. ਤਕ ਤਕਰੀਬਨ 7-8 ਸਾਲ ਆਪ ਨਿਰੰਤਰ ਗੁਰੂ ਸੇਵਾ ਵਿਚ ਰਹੇ। ਲੰਗਰ-ਪਾਣੀ ਤੇ ਹਰ ਤਰ੍ਹਾਂ ਦੀ ਹੱਥੀਂ ਸੇਵਾ ਦੇ ਨਾਲ ਨਾਲ ਨਾਮ-ਸਿਮਰਨ ਦਾ ਅਭਿਆਸ ਕਰਦੇ ਰਹੇ। ਗੁਰੂ ਜੀ ਦੁਆਰਾ ਲਈ ਗਈ ਹਰ ਪ੍ਰੀਖਿਆ ਵਿਚ ਜਦ ਪੂਰੇ ਉਤਰਦੇ ਹੋਏ ਆਪ ਗੁਰੂ-ਪੁੱਤਰਾਂ ਤੋਂ ਵੀ ਅੱਗੇ ਨਿਕਲ ਗਏ ਤਾਂ ਆਪ ਜੀ ਦੀ ਘਾਲ-ਕਮਾਈ ਨੂੰ ਵੇਖਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਗੁਰੂ-ਪਦ ਦਾ ਸਿਹਰਾ ਆਪ ਦੇ ਮਸਤਕ 'ਤੇ ਬੰਨ੍ਹ ਦਿੱਤਾ। ਇਸ ਦੀ ਪ੍ਰੋੜ੍ਹਤਾ ਕਰਦੇ ਭਾਈ ਸਤਾ ਤੇ ਬਲਵੰਡ ਰਾਮਕਲੀ ਦੀ ਵਾਰ ਵਿਚ ਬਿਆਨ ਕਰਦੇ ਹਨ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕ੍ਰਿਉ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ ॥

(ਪੰਨਾ ੯੬੬)

ਭੱਟਾਂ ਨੇ ਗੁਰੂ ਉਸਤਤਿ ਵਿਚ ਸਵੱਈਆਂ ਦੀ ਰਚਨਾ ਕੀਤੀ ਹੈ ਅਤੇ ਇਹ ਉਸਤਤਿ ਗੁਰੂ ਸਾਹਿਬਾਨ ਦੀ ਜੋਤਿ ਸਰੂਪੀ ਅਧਿਆਤਮਕ ਸ਼ਖ਼ਸੀਅਤ ਨੂੰ ਉਜਾਗਰ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1389 ਤੋਂ 1409 ਤਕ ਅੰਕਿਤ ਇਹ 123 ਸਵੱਈਏ ਹਨ, ਜੋ ਭੱਟ ਕਵੀਆਂ ਦੁਆਰਾ (ਜਿਨ੍ਹਾਂ ਦੀ ਗਿਣਤੀ ਗਿਆਰਾਂ ਹੈ ਤੇ ਭੱਟ ਕਲਸਹਾਰ ਜੀ ਇਨ੍ਹਾਂ ਦੇ ਮੁੱਖੀ ਹਨ) ਰਚੇ ਗਏ ਹਨ। ਇਨ੍ਹਾਂ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਹੋਈ ਹੈ। ਭੱਟ ਕਲਸਹਾਰ ਜੀ ਨੇ 'ਸਵੱਈਏ ਮਹਲੇ ਦੂਜੇ ਕੇ' ਸਿਰਲੇਖ ਅਧੀਨ ਗੁਰੂ ਅੰਗਦ ਜੀ ਦੀ ਮਹਿਮਾ ਵਿਚ 10 ਸਵੱਈਆਂ ਦੀ ਰਚਨਾ ਕੀਤੀ ਹੈ। ਆਪ ਲਿਖਦੇ ਹਨ ਜਦ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਦੇ ਸਿਰ ਉੱਪਰ ਆਪਣੀ ਕਿਰਪਾ-ਦ੍ਰਿਸ਼ਟੀ ਦਾ ਹੱਥ ਧਰਿਆ ਤਾਂ ਪ੍ਰਭੂ ਨਾਮ ਦੀ ਉਨ੍ਹਾਂ ਦੇ ਹਿਰਦੇ ਵਿਚ ਝੜੀ ਲੱਗ ਗਈ। ਇਹ ਕਿਰਪਾ ਦ੍ਰਿਸ਼ਟੀ ਦਾ ਫਲ ਹੀ ਸੀ ਕਿ ਭਾਈ ਲਹਿਣਾ ਜੀ ਨੇ ਕਾਲ ਕੰਟਕ ਨੂੰ ਮਾਰ ਕੇ ਬਾਹਰਮੁਖੀ ਹੋਏ ਮਨ (ਦੇਵੀ-ਦੇਵਤਿਆਂ ਦੇ ਦਰਸ਼ਨਾਂ ਦੇ ਭਰਮਾਂ ਵਿਚ ਫਸੇ) ਨੂੰ ਅੰਤਰਮੁਖਤਾ ਨਾਲ ਕੇਂਦਰਿਤ ਕਰਕੇ ਪੰਜੇ ਵਿਕਾਰਾਂ ਨੂੰ ਇਸੇ ਵਿਚ ਸਮੇਟ ਲਿਆ। ਮਨ ਜਿੱਤਣ ਦੀ ਇਹ ਪ੍ਰਕ੍ਰਿਆ ਹੀ ਜਗ ਜਿੱਤਣ ਦੇ ਬਰਾਬਰ ਹੀ ਸੀ ਕਿਉਂਕਿ ਗੁਰੂ ਅੰਗਦ ਦੇਵ ਜੀ ਦੀ

SikhBookClub.com

ਬਿਰਤੀ ਹਰ ਜੀਵ ਨੂੰ ਇਕ ਸਮਾਨ ਵੇਖਦੀ ਸੀ। ਇਵੇਂ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਭਾਈ ਲਹਿਣਾ ਜੀ ਜਗਤ ਗੁਰੂ ਦੇ ਪਦ ਦੇ ਅਧਿਕਾਰੀ ਹੋ ਗਏ ਜਿਨ੍ਹਾਂ ਦੀ ਮਹਿਮਾ ਸੱਤਾਂ ਦੀਪਾਂ ਵਿਚ ਗਾਈ ਜਾਣ ਲੱਗੀ। ਕਲਸਹਾਰ ਜੀ ਲਿਖਦੇ ਹਨ:

ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥
ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥
ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ
ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥
ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ
ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥
ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ
ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥

(ਪੰਨਾ ੧੩੯੧)

ਸੱਤ ਦੀਪਾਂ ਵਿਚ ਜੱਸ ਗਾਇਣ ਦਾ ਭੱਟ ਬਾਣੀ ਦਾ ਸੰਦਰਭ ਭਾਈ ਲਹਿਣਾ ਜੀ ਦਾ ਦੂਜੇ ਗੁਰੂ (ਗੁਰੂ ਅੰਗਦ ਦੇਵ ਜੀ) ਦੇ ਰੂਪ ਵਿਚ ਬਿਰਾਜਮਾਨ ਹੋਣ ਦਾ ਹੈ। ਭਾਈ ਲਹਿਣਾ ਜੀ ਗੁਰੂ ਨਾਨਕ ਜੋਤਿ ਦਾ ਅੰਗ ਇਵੇਂ ਹੀ ਬਣ ਗਏ ਜਿਵੇਂ ਇਕ ਜਗਦੇ ਦੀਪ ਤੋਂ ਦੂਜਾ ਦੀਪ ਜਗ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਦੀਆਂ ਸਾਖੀਆਂ ਵਿਚ ਹੀ ਇਹੀ ਗੱਲ ਆਉਂਦੀ ਹੈ। ਸਿਧਾਂਤਕ ਰੂਪ ਵਿਚ ਜੇਕਰ ਸਤਿਗੁਰੂ ਦੇ ਸਿੱਖ ਸੰਦਰਭ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਸਤਿਗੁਰੂ ਵਾਹਿਗੁਰੂ ਅਕਾਲ ਪੁਰਖ ਖ਼ੁਦ ਆਪ ਹੈ ਅਤੇ ਸੰਸਥਾਗਤ ਨਜ਼ਰੀਏ ਤੋਂ ਇਹ ਵਾਹਿਗੁਰੂ ਦੀ ਜੋਤਿ ਹੈ ਜੋ ਸਿੱਖ ਗੁਰੂ ਸਾਹਿਬਾਨ ਵਿਚ ਦਸ ਜਾਮਿਆਂ ਵਿਚ ਬਿਰਾਜਮਾਨ ਰਹੀ ਹੈ। ਇਹ ਜੋਤਿ ਗੁਰੂ ਸਿੱਖ ਦੇ ਅਧਿਆਤਮਕ ਵਿਕਾਸ ਵਿਚ ਇਕ ਕੜੀ ਹੈ ਜੋ ਉਸ ਦਾ ਮਾਰਗ ਦਰਸ਼ਨ ਕਰਦੀ ਹੈ। ਗੁਰੂ ਵਿਚੋਲਾ ਨਹੀਂ ਸਗੋਂ ਇਕ ਆਦਰਸ਼ ਹੈ। ਇਹ ਅਵਤਾਰ ਵੀ ਨਹੀਂ ਸਗੋਂ ਰਚਨਾ ਦਾ ਕਰਤਾ ਹੈ। ਗੁਰੂ ਸਤਿ ਪੁਰਖ ਦੇ ਰੂਪ ਸਿੱਖ ਨੂੰ ਉਸ ਦੀ ਪਰਿਪੂਰਨਤਾ ਬਾਰੇ ਜਣਾ ਵੀ ਸਕਦਾ ਹੈ ਅਤੇ ਪਰਮ ਸਤਿ ਦੀ ਅਭੇਦਤਾ ਤਕ ਮਾਰਗ-ਦਰਸ਼ਨ ਵੀ ਕਰਦਾ ਹੈ।

ਗੁਰੂ ਅੰਗਦ ਦੇਵ ਜੀ ਦੀ ਮਹਿਮਾ ਭੱਟ ਬਾਣੀ ਵਿਚ ਇਸੇ ਪ੍ਰਸੰਗ ਵਿਚ ਹੋਈ ਹੈ। ਉਨ੍ਹਾਂ ਦੀ ਦ੍ਰਿਸ਼ਟੀ ਨਾਮ ਰੂਪੀ ਅੰਮ੍ਰਿਤ ਦੀ ਵਰਖਾ ਕਰਦੀ ਸੀ ਅਤੇ ਜਿਸ ਜੀਵ ਉੱਪਰ ਵੀ ਇਹ ਕਿਰਪਾ ਦ੍ਰਿਸ਼ਟੀ ਪੈਂਦੀ ਸੀ, ਉਸ ਦੇ ਖੋਟੇ ਕਰਮ ਕੱਟੇ ਜਾਂਦੇ ਸਨ। ਗੁਰੂ ਅੰਗਦ ਦੇਵ ਜੀ ਦੀਆਂ ਸਾਖੀਆਂ ਵਿਚ ਵੀ ਇਹ ਜ਼ਿਕਰ ਆਉਂਦਾ ਹੈ ਕਿ ਆਪ ਦਾ ਨਿੱਤ ਕਰਮ ਸਵਾ ਪਹਿਰ ਰਾਤ ਰਹਿੰਦੀ ਉੱਠ ਕੇ ਸੌਚ ਦਾਤਣ ਕਰਨ ਪਿੱਛੋਂ ਠੰਢੇ ਜਲ ਨਾਲ ਇਸ਼ਨਾਨ ਕਰਕੇ ਅੰਤਰਮੁਖੀ ਬਿਰਤੀ ਕਰਕੇ ਸਮਾਧੀ ਲਾ ਕੇ ਬੈਠ ਜਾਣਾ ਸੀ। ਰਬਾਬੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ। ਸੂਰਜ ਚੜ੍ਹਦੇ ਭੋਗ ਪੈਣ ਉਪਰੰਤ ਜਦ ਆਪ ਨੇਤ੍ਰ ਖੋਲ੍ਹਦੇ ਤਾਂ ਜਿਸ ਰੋਗੀ ਉੱਪਰ ਵੀ ਪਹਿਲੀ ਦ੍ਰਿਸ਼ਟੀ ਪੈਂਦੀ, ਉਸ ਦੇ ਰੋਗ ਕੱਟੇ ਜਾਂਦੇ ਸਨ। ਦੂਰ-ਦੂਰ ਤੋਂ ਰੋਗੀ ਆਉਂਦੇ ਤੇ ਅਰੋਗ ਹੋ ਕੇ ਘਰੋ-ਘਰੀਂ

SikhBookClub.com

ਜਾਂਦੇ। ਨਾਮ ਬਾਣੀ ਦੀ ਮਹਿਮਾ ਰਾਹੀਂ ਆਪ ਸਰਬੱਤ ਸੰਗਤ ਦੇ ਭਰਮ ਦੂਰ ਕਰਦੇ ਸਨ। ਗੁਰੂ ਜੀ ਦੇ ਸਤਿ ਬਚਨਾਂ ਨੂੰ ਸੁਣ ਕੇ ਹਰ ਗੁਰਸਿੱਖ ਸਹਿਜ ਅਵਸਥਾ ਵਿਚ ਵਿਚਰਦਾ ਹੋਇਆ ਪ੍ਰੇਮ ਅਤੇ ਸਦ ਨਿਮਰਤਾ ਵਾਲਾ ਵਿਵਹਾਰ ਕਰਦਾ। ਗੁਰੂ ਅੰਗਦ ਦੇਵ ਜੀ ਦੀ ਇਸ ਕਿਰਪਾ ਦ੍ਰਿਸ਼ਟੀ ਬਾਰੇ ਭੱਟ ਕਲਸਹਾਰ ਜੀ ਲਿਖਦੇ ਹਨ:

ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
ਤਿਮਰ ਅਗ੍ਯਾਨ ਜਾਹਿ ਦਰਸ ਦੁਆਰ॥
ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ
ਤੇ ਨਰ ਭਵ ਉਤਾਰਿ ਕੀਏ ਨਿਰਭਾਰ॥
ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ
ਨਿੰਮਰੀ ਭੂਤ ਸਦੀਵ ਪਰਮ ਪਿਆਰਿ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ
ਜਗਤ੍ਰ ਗੁਰੁ ਪਰਸਿ ਮੁਰਾਰਿ॥੨॥ *(ਪੰਨਾ ੧੩੯੧)*

ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਪਰਮਾਤਮਾ ਦਾ ਨਾਮ ਇਵੇਂ ਦ੍ਰਿੜ੍ਹ ਕੀਤਾ ਕਿ ਆਪ ਨਾਮ ਰੂਪ ਹੀ ਹੋ ਗਏ। ਸਿੱਖ ਇਤਿਹਾਸ ਵਿਚ ਇਹ ਗੱਲ ਵੀ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨ ਕੇ ਭਾਈ ਲਹਿਣਾ ਜੀ ਕਰਤਾਰਪੁਰੋਂ ਖਡੂਰ ਆ ਗਏ ਤੇ ਇਥੇ ਮਾਈ ਸਭਰਾਈ ਦੇ ਘਰ ਨਾਮ-ਸਿਮਰਨ ਵਿਚ ਐਸੇ ਮਗਨ ਹੋਏ ਕਿ ਨਾਮ ਤੇ ਨਾਮੀ ਦਾ ਅੰਤਰ ਮਿਟ ਗਿਆ। ਐਸਾ ਪ੍ਰੇਮ ਦਾ ਰੰਗ ਚੜ੍ਹਿਆ ਕਿ ਮੁੜ ਜਦ ਕਰਤਾਰਪੁਰ ਗਏ ਤਾਂ ਸ਼ੁੱਧ ਸੋਨਾ ਭਾਈ ਲਹਿਣਾ ਜੀ ਗੁਰੂ ਕਸੌਟੀ ਉੱਪਰ ਖਰੇ ਉਤਰੇ ਤੇ ਗੁਰ-ਗੱਦੀ ਦਾ ਸੁਭਾਗ ਪ੍ਰਾਪਤ ਕਰ ਲਿਆ। ਭੱਟ ਕਲਸਹਾਰ ਜੀ ਆਪ ਦੀ ਤੁਲਨਾ ਰਾਜਾ ਜਨਕ ਨਾਲ ਕਰਦੇ ਹੋਏ ਕਹਿੰਦੇ ਹਨ ਕਿ ਜਿਵੇਂ ਪਾਣੀ ਉੱਪਰ ਕੰਵਲ ਫੁੱਲ ਨਿਰਲੇਪ ਰਹਿੰਦਾ ਹੈ ਇਵੇਂ ਹੀ ਨਾਮ ਸਿਮਰਨ ਵਿਚ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਆਪ ਨੇ ਸੰਸਾਰ ਦੇ ਮਾਇਆਵੀ ਜੀਵਨ ਤੋਂ ਨਿਰਲੇਪ ਕਰ ਲਿਆ। ਆਪ ਦੇ ਬਚਨ ਕਲਪ ਬ੍ਰਿਛ ਵਾਂਗ ਸਰਬ ਇੱਛਾ ਪੂਰਨ ਕਰਨ ਵਾਲੇ, ਸਰਬ ਰੋਗ ਤੇ ਤਾਪ ਨਿਵਾਰਣ ਵਾਲੇ ਹਨ। ਆਪ ਦੇ ਧਿਆਨ ਵਿਚ ਮਗਨ ਹੋ ਕੇ ਜੀਵ-ਆਤਮਾ ਤ੍ਰਿਬਿਧ ਕਰਮਾਂ (ਕਿਰਿਆਮਾਨ, ਸੰਚਿਤ, ਪ੍ਰਾਲਬਧ) ਤੋਂ ਮੁਕਤ ਹੋ ਜਾਂਦੀ ਹੈ। ਆਪ ਦੀ ਨਾਮ ਭਗਤੀ ਦੀ ਮਹਿਮਾ ਕਰਦੇ ਭੱਟ ਕਲਸਹਾਰ ਹੀ ਲਿਖਦੇ ਹਨ:

ਤੈ ਤਉ ਦ੍ਰਿੜਿਓ ਨਾਮੁ ਅਪਾਰੁ ਬਿਮਲ ਜਾਸੁ ਬਿਥਾਰੁ
ਸਾਧਿਕ ਸਿਧ ਸੁਜਨ ਜੀਆ ਕੌ ਅਧਾਰੁ॥
ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ
ਰਹਹਿ ਜਗਤ੍ਰ ਜਲ ਪਦਮ ਬੀਚਾਰ॥
ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ
ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥੩॥ *(ਪੰਨਾ ੧੩੯੧)*

SikhBookClub.com

ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚੋਂ ਮਾਣ ਪ੍ਰਾਪਤ ਕੀਤਾ ਅਤੇ ਸੱਪ ਰੂਪੀ ਮਨ ਨੂੰ ਕਾਬੂ ਕਰਕੇ ਉਨਮਨ ਦੀ ਅਵਸਥਾ ਵਿਚ ਲਿਆਂਦਾ। ਆਪ ਦਾ ਦਰਸ਼ਨ ਹਰੀ ਦਰਸ ਵਰਗਾ ਸੀ ਕਿਉਂਕਿ ਆਪ ਦੀ ਗਿਆਨਵਾਨ ਆਤਮਾ ਨੇ ਗੁਰੂ ਨਾਨਕ ਦੇਵ ਜੀ ਦੀ ਅਕਲ ਗਤਿ ਭਾਵ ਅਗੰਮ ਹਾਲਤ ਨੂੰ ਜਾਣ ਲਿਆ ਸੀ। ਆਪ ਦੀ ਦ੍ਰਿਸ਼ਟੀ ਅਚਲ ਅਤੇ ਬੁਧਿ ਬਿਬੇਕ ਸੀ ਜਿਸ ਦੇ ਆਤਮ ਰਸ ਸਦਕਾ ਆਪ ਨੇ ਸ਼ਾਂਤੀ ਦੀ ਸੰਜੋਅ ਪਹਿਨ ਕੇ ਮਾਇਆ ਦਾ ਨਾਸ ਕੀਤਾ ਸੀ:

ਤੈ ਤਾ ਹਦਰਬਿ ਪਾਇਓ ਮਾਨ ਸੇਵਿਆ ਗੁਰੁ ਪਰਵਾਨੁ
ਸਾਧਿ ਅਜਗਰੁ ਜਿਨਿ ਕੀਆ ਉਨਮਾਨੁ॥
ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ
ਜਾਣੀਅ ਅਕਲ ਗਤਿ ਗੁਰ ਪਰਵਾਨ॥
ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ
ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤੁ ਗੁਰੁ ਪਰਸਿ ਮੁਰਾਰਿ॥੪॥

(ਪੰਨਾ ੧੩੯੧)

ਗੁਰੂ ਨਾਨਕ ਦੇਵ ਜੀ ਵਾਂਗ ਹੀ ਗੁਰੂ ਅੰਗਦ ਦੇਵ ਜੀ ਦੀ ਅੰਮ੍ਰਿਤਮਈ ਦ੍ਰਿਸ਼ਟੀ ਤਾਮਸ ਸੁਭਾਅ ਨੂੰ ਹਰਨ ਵਾਲੀ ਅਤੇ ਸਰਬ ਪਾਪਾਂ ਨੂੰ ਸਾੜ ਕੇ ਸੁਆਹ ਕਰ ਦੇਣ ਵਾਲੀ ਸੀ। ਆਪ ਸ਼ਬਦ ਦੇ ਸੂਰੇ ਸਨ, ਜਿਨ੍ਹਾਂ ਦੇ ਬਚਨ ਸੁਣ ਕੇ ਹੀ ਗੁਰਸਿੱਖਾਂ ਵਿਚੋਂ ਕਾਮ-ਕ੍ਰੋਧ ਬਿਨਸ ਜਾਂਦੇ। ਜੋ ਵੀ ਸਤਿਗੁਰੂ ਦੀ ਸ਼ਰਨ ਵਿਚ ਆ ਜਾਂਦਾ, ਉਸ ਦੀ ਪ੍ਰਤਿਪਾਲਣਾ ਆਪ ਆਤਮ-ਰਸ ਦੇ ਕੇ ਐਸੇ ਢੰਗ ਨਾਲ ਕਰਦੇ ਜਿਸ ਨਾਲ ਗੁਰ ਸੇਵਕ ਦੀ ਜੀਵਨ-ਜੁਗਤਿ ਅੰਮ੍ਰਿਤ-ਕਲਾ ਵਿਚ ਢਲ ਕੇ ਨਵ ਰੂਪ ਧਾਰਨ ਕਰਦੀ। ਭੱਟ ਕਲ ਸਹਾਰ ਜੀ ਕਹਿੰਦੇ ਹਨ ਕਿ ਸਤਿਗੁਰੂ ਦਾ ਤਿਲਕ ਪ੍ਰਾਪਤ ਕਰਕੇ ਫੇਰੂ ਦਾ ਸ਼ੀਂਹ ਵਰਗਾ ਪੁੱਤਰ ਭਾਈ ਲਹਿਣਾ ਜਗਤ-ਗੁਰੂ ਅੰਗਦ ਹੋ ਕੇ ਰਾਜ-ਜੋਗ ਮਾਣਦਾ ਹੈ:

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥
ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥
ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥
ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ॥
ਸਤਿਗੁਰੁ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ॥
ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥੫॥

(ਪੰਨੇ ੧੩੯੧-੯੨)

ਗੁਰੂ ਅੰਗਦ ਦੇਵ ਜੀ ਦੀ ਲਿਵ ਬਨਾਵਟ ਤੋਂ ਰਹਿਤ ਸੀ ਅਤੇ ਉਨ੍ਹਾਂ ਦੀ ਕਰਨੀ ਕਮਾਈ ਚਾਹਤ ਤੋਂ ਮੁਕਤ ਸੀ। ਜਿਵੇਂ ਫੁੱਲਾਂ ਨਾਲ ਭਰਪੂਰ ਬ੍ਰਿਛ ਨਿਉਂਦਾ ਹੈ ਅਤੇ ਤਕਲੀਫ਼ਾਂ ਸਹਾਰਦਾ ਹੈ, ਇਵੇਂ ਹੀ ਆਪ ਦੇ ਸਵੱਛ ਵਿਚਾਰ ਸਨ। ਆਪ ਨੇ ਤੱਤ ਰੂਪ ਵਿਚ ਇਹੀ ਜਾਣਿਆ ਸੀ ਕਿ ਪਰਮਾਤਮਾ ਸਰਬਗਤਿ (ਸਰਬ ਵਿਆਪਕ ਅਤੇ ਨਾ ਲਖਿਆ ਜਾਣ ਵਾਲਾ) ਹੈ, ਜਿਸ ਨੂੰ ਅੰਮ੍ਰਿਤ

SikhBookClub.com

ਬਾਣੀ ਦੀ ਕਲਾ ਰਾਹੀਂ ਪਾਇਆ ਜਾ ਸਕਦਾ ਹੈ। ਜਿਥੋਂ ਤਕ ਗੁਰੂ ਜੀ ਦੀ ਗਮਤਾ ਦੀ ਗੱਲ ਹੈ ਆਪ ਦਾ ਦਰਜਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕਿਸੇ ਪੱਖੋਂ ਘੱਟ ਨਹੀਂ ਸੀ। ਆਪ ਗੁਰੂ ਨਾਨਕ ਦੇਵ ਜੀ ਦਾ ਹੀ ਦੂਜਾ ਰੂਪ ਸਨ। ਭੱਟ ਕਲਸਹਾਰ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਜਿਸ ਨੇ ਵੀ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਦੇ ਦਰਸ਼ਨ ਕੀਤੇ ਹਨ, ਉਸ ਨੂੰ ਪਰਮਾਤਮਾ ਦੇ ਦਰਸ਼ਨ ਹੋ ਗਏ ਹਨ:

ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ॥
ਦੂਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ॥
ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ॥
ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ॥
ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ॥
ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ॥੬॥

(ਪੰਨਾ ੧੩੯੨)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਪਾਰ ਕ੍ਰਿਪਾ ਰਾਹੀਂ ਆਪ ਨੂੰ ਗਹਿਰ-ਗੰਭੀਰ ਪਰਮਾਤਮਾ ਵਿਚ ਇਵੇਂ ਗੁੰਨ੍ਹ ਦਿੱਤਾ ਹੈ ਕਿ ਆਪ ਪਰਮਸਤਿ ਨਾਲ ਇਕਮਿਕ ਹੋ ਗਏ। ਸਰਬ ਵਿਕਾਰਾਂ ਦੀ ਜ਼ਹਿਰ ਇਸ ਸਰੀਰ ਵਿਚੋਂ ਨੱਸ ਗਈ ਅਤੇ ਨਾਮ ਰੂਪ ਅੰਮ੍ਰਿਤ ਪੀ ਕੇ ਸਰਬ ਭੁੱਖਾਂ, ਪਿਆਸਾਂ ਦੀ ਤ੍ਰਿਪਤੀ ਹੋ ਗਈ। ਹਿਰਦੇ ਵਿਚ ਆਤਮ ਵਿਗਾਸ ਦਾ ਖੇੜਾ ਆ ਗਿਆ। ਪਰਮਾਤਮਾ ਨੇ ਜਿਵੇਂ ਸੰਸਾਰ ਵਿਚ ਆਪਣੀ ਨਿਰੰਤਰ ਸੱਤਾ ਰੱਖੀ ਹੈ ਇਵੇਂ ਹੀ ਆਪ ਨੇ ਪਰਮਾਤਮਾ ਨੂੰ ਅਡੋਲ ਅਵਸਥਾ ਵਿਚ ਇਕ-ਰਸ ਹੋ ਕੇ ਸਿਮਰਿਆ। ਭੱਟ ਕਲਸਹਾਰ ਜੀ ਸਦੀਵੀ ਪ੍ਰੇਮ ਵਿਚ ਆ ਕੇ ਸਹਿਜ ਰੂਪ ਵਿਚ ਗੁਰੂ ਅੰਗਦ ਦੇਵ ਜੀ ਦਾ ਜਸ ਗਾਇਣ ਕਰਦੇ ਹੋਏ ਕਹਿੰਦੇ ਹਨ ਕਿ ਆਪ ਖੁੱਲ੍ਹੇ ਦਿਲ ਵਾਲੇ, ਗਰੀਬੀ ਦੂਰ ਕਰਨ ਵਾਲੇ ਐਸੇ ਸਮਰੱਥ ਸਨ ਕਿ ਆਪ ਦੇ ਦਰਸ਼ਨ ਕਰਦਿਆਂ ਸਾਰ ਹੀ ਪਾਪ ਝੜਿੰਦੇ ਸਨ:

ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ॥
ਗਰਲ ਨਾਸੁ ਤਨਿ ਨਠਯੌ ਅਮਿਉ ਅੰਤਰਗਤਿ ਪੀਓ॥
ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ॥
ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ॥
ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ॥
ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ॥੭॥

(ਪੰਨਾ ੧੩੯੨)

ਗੁਰੂ ਅੰਗਦ ਦੇਵ ਜੀ ਦੀ ਮਹਿਮਾ ਦਾ ਵਿਖਿਆਨ ਬੇਅੰਤ ਹੈ। ਆਪ ਨਾਮ ਦੇ ਬੋਹਿਥੇ ਸਨ। ਨਾਮ ਸਰਬ ਰੋਗਾਂ ਦੀ ਦਵਾਈ ਹੈ। ਨਾਮ ਦੀ ਸਮਾਧੀ ਵਿਚ ਸਰਬ ਸੁਖ ਹਨ। ਨਾਮ ਦੀ ਪਾਰਸ ਛੋਹ ਪ੍ਰਾਪਤ ਕਰਕੇ ਹੀ ਆਪ ਸਤਿ ਰੂਪ ਸੂਰਜ ਵਾਂਗ ਸੰਸਾਰ ਵਿਚ ਚਮਕੇ। ਆਪ ਦੇ ਦਰਸ਼ਨ ਗੁਰਸਿੱਖਾਂ ਲਈ ਅਠਾਹਟ ਤੀਰਥਾਂ ਦੇ ਇਸ਼ਨਾਨ ਸਮਾਨ ਸਨ:

ਨਾਮੁ ਅਵਖਧੁ ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ॥

SikhBookClub.com

ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ॥
ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ॥
ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ॥੮॥

(ਪੰਨਾ ੧੩੯੨)

ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਜੀਵਨ ਸੱਚ ਨੂੰ ਪਰਵਾਨ ਹੁੰਦਾ ਹੈ। ਇਸ ਜੀਵਨ ਵਿਚ ਭੋਜਨ, ਭਾਉ, ਇਸ਼ਨਾਨ, ਤੀਰਥ ਸਭ ਸੱਚੇ ਸਿਧ ਹੁੰਦੇ ਹਨ। ਇਸ ਸੋਚ ਬਾਰੇ ਭੱਟ ਕਲਸਹਾਰ ਇਹੀ ਵਿਖਿਆਨ ਕਰਦੇ ਹਨ ਕਿ ਸੱਚ ਸੰਜਮ ਦਾ ਵਰਤਾਰਾ ਹੈ:

ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ॥
ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ॥
ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਨੁ॥
ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਨੁ॥੯॥

(ਪੰਨਾ ੧੩੯੨)

ਗੁਰੂ ਅੰਗਦ ਦੇਵ ਜੀ ਦੀ ਅੰਮ੍ਰਿਤਮਈ ਦ੍ਰਿਸ਼ਟੀ ਸਭ ਪਾਪਾਂ ਨੂੰ ਖ਼ਤਮ ਕਰਨ ਵਾਲੀ ਸੀ। ਆਪ ਜਿਥੇ ਨਉਂਨਿਧਾ ਦਾ ਖ਼ਜ਼ਾਨਾ ਸਨ, ਉਥੇ ਉਸ ਦਰਿਆ ਵਰਗੇ ਸਨ ਜੋ ਸਭ ਕਾਲਖਾਂ ਨੂੰ ਧੋ ਦਿੰਦਾ ਹੈ। ਆਪ ਜੀ ਦੇ ਦਰਸ਼ਨ ਜਨਮ ਮਰਨ ਦਾ ਸੰਸਾ ਖ਼ਤਮ ਕਰਨ ਵਾਲੇ ਸਨ:

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥

(ਪੰਨਾ ੧੩੯੨)

ਸੋ ਇਵੇਂ ਭੱਟ ਕਲਸਹਾਰ ਜੀ ਆਪਣੇ ਇਨ੍ਹਾਂ 10 ਸਵੱਈਆਂ ਰਾਹੀਂ ਗੁਰੂ ਅੰਗਦ ਦੇਵ ਜੀ ਦੀ ਅਧਿਆਤਮਕ ਸ਼ਖ਼ਸੀਅਤ ਨੂੰ ਰੂਪਮਾਨ ਕਰਦੇ ਹੋਏ ਸਾਰੀ ਵਿਚਾਰ ਨੂੰ ਇਸ ਗੱਲ ਉੱਪਰ ਕੇਂਦਰਿਤ ਕਰਦੇ ਹਨ ਕਿ ਗੁਰੂ ਕਿਰਪਾ ਹਰ ਤਰ੍ਹਾਂ ਦੀ ਸਾਧਨਾ ਅਤੇ ਵਿਅਕਤੀਗਤ ਯਤਨਾਂ ਤੋਂ ਉੱਪਰ ਹੈ। ਜਿਸ ਉੱਪਰ ਪ੍ਰਭੂ ਕ੍ਰਿਪਾ ਹੋ ਜਾਵੇ ਉਹ ਸਰਬ ਕਲਾ ਸਮਰੱਥ ਹੋ ਜਾਂਦਾ ਹੈ। ਇਹ ਕਿਰਪਾ ਹੀ ਨਾਨਕ ਜੋਤਿ ਦਾ ਭਾਈ ਲਹਿਣਾ ਜੀ ਦੀ ਦੇਹ ਵਿਚ ਪ੍ਰਵੇਸ਼ ਹੋਣ ਦਾ ਰਹੱਸ ਹੈ। ਇਸੇ ਨੂੰ ਭਾਈ ਸਤੇ ਬਲਵੰਡ ਨੇ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਰਾਹੀਂ ਰੂਪਮਾਨ ਕੀਤਾ ਹੈ। ਗੁਰੂ ਕਿਰਪਾ ਦਾ ਇਹ ਵਰਤਾਰਾ ਹੀ ਭਾਈ ਲਹਿਣਾ ਜੀ ਨੂੰ ਜਗਤ-ਗੁਰੂ ਹੋਣ ਦਾ ਮਾਣ ਬਖ਼ਸ਼ਦੀ ਅਤੇ ਆਪ ਜੀ ਦੀ ਮਹਿਮਾ ਸੱਤਾਂ-ਦੀਪਾਂ ਵਿਚ ਹੁੰਦੀ ਹੈ। ਇਸੇ ਨੂੰ ਭਾਈ ਸਤੇ ਤੇ ਬਲਵੰਡ ਨੇ ''ਝੂਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ'' ਰਾਹੀਂ ਰੂਪਮਾਨ ਕੀਤਾ ਹੈ।

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਸ਼ਬਦ-ਸੂਰ ਬਲਵੰਤ

ਅਧਿਆਤਮਿਕ ਮੰਡਲ ਦੇ ਭਲ੍ਹਕਦੇ ਤੇ ਦਮਕਦੇ ਮਹਾਂ ਸੂਰਜ ਸ੍ਰੀ ਗੁਰੂ ਅੰਗਦ ਦੇਵ ਜੀ 'ਤੇ ਉਸ ਅਕਾਲ ਪੁਰਖ ਨੇ ਆਪਣੀ ਨਿਰੰਜਨੀ ਛੱਤ ਝੁਲਾ ਕੇ ਹੀ ਇਸ ਜਗਤ ਵਿਚ ਭੇਜਿਆ ਸੀ। ਉਸ ਧੰਨ ਨਿਰੰਕਾਰ ਨੇ ਗੁਰ ਪਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੱਥ ਭਾਈ ਲਹਿਣਾ ਜੀ 'ਤੇ ਰੱਖਿਆ ਤਾਂ ਸਾਰੇ ਹੀ ਧੰਨ-ਧੰਨ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਦਾ ਹੱਥ ਟਿਕਣ ਦੀ ਦੇਰ ਸੀ ਕਿ ਅੰਮ੍ਰਿਤ ਦੀ ਛਹਿਬਰ ਦਾ ਮੀਂਹ ਵਰ੍ਹ ਪਿਆ ਜਿਸ ਦੀ ਬਰਕਤ ਨਾਲ ਸਾਰੇ ਮਨੁੱਖ ਭਿੱਜ ਗਏ। ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਕੇ ਸਾਰੇ ਜਗਤ ਨੂੰ ਜਿੱਤ ਲਿਆ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨੀਂ ਲੱਗ ਕੇ ਭਾਈ ਲਹਿਣਾ ਜੀ ਦੀ ਸੋਭਾ ਸਾਰੇ ਜਗਤ ਵਿਚ ਫੈਲ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਦ੍ਰਿਸ਼ਟੀ ਅੰਮ੍ਰਿਤ ਵਰਸਾਉਣ ਵਾਲੀ ਤੇ ਜਗਤ ਨੂੰ ਮੁਕਤੀ ਦੇਣ ਵਾਲੀ ਸੀ। ਗੁਰੂ ਜੀ ਅਪਾਰ ਨਾਮ ਨੂੰ ਹਿਰਦੇ ਵਿਚ ਵਸਾਉਣ ਵਾਲੇ ਤੇ ਕਮਲ ਫੁੱਲ ਵਾਂਗ ਨਿਰਲੇਪ, ਕਲਪ ਰੁੱਖ, ਮੁਕਤੀ ਰੂਪ ਜਗਤ ਗੁਰੂ, ਪੂਰਨ ਗੁਰੂ ਦੇ ਵਰੋਸਾਏ, ਨਿਮਰਤਾ ਦਾ ਸੰਜੋਅ ਪਹਿਨਣ ਵਾਲੇ, ਗੁਰ ਪਰਮੇਸ਼ਰ ਗੁਰੂ ਨਾਨਕ ਪਾਤਸ਼ਾਹ ਦੀ ਉੱਚੀ ਅਵਸਥਾ ਨੂੰ ਜਾਣਨ ਵਾਲੇ, ਪਾਪ ਸਾੜ ਕੇ ਸੁਆਹ ਕਰਨ ਵਾਲੇ, ਅਗਿਆਨ ਦਾ ਨਾਸ ਕਰਨ ਵਾਲੇ, ਸ਼ਬਦ ਦੇ ਸੂਰਮੇ ਤੇ ਬਲਵਾਨ ਯੋਧੇ, ਅੰਮ੍ਰਿਤ ਦੇ ਸੁੰਦਰ ਚਸ਼ਮੇ ਦੇ ਵਚਨਾਂ-ਭਰਪੂਰ ਗੁਰੂ, ਰਾਜ ਯੋਗੀ, ਅੰਮ੍ਰਿਤ ਭਰੀ ਬਾਣੀ ਕੇ ਬੋਹਿਥ, ਗੁਰੂ ਨਾਨਕ ਰੂਪ, ਅਕਾਲ ਪੁਰਖ ਦੀ ਸੱਤਾ ਦੇ ਪ੍ਰਕਾਸ਼, ਆਤਮਿਕ ਅਡੋਲਤਾ ਦੀ ਸਮਾਧੀ ਦੇ ਧਾਰਕ, ਉਦਾਰਚਿਤ ਤੇ ਗ਼ਰੀਬੀ ਦੂਰ ਕਰਤਾ, ਸਰਬ-ਰੋਗ ਨਾਸ਼ਕ ਦਵਾਈ ਦਾ ਆਨੰਦ, ਗੁਰੂ ਰੰਗ ਵਿਚ ਰੱਤੇ, ਪ੍ਰਭੂ ਦਾ ਨਾਮ ਉਚਾਰਨ ਵਾਲੇ, ਆਤਮਿਕ ਜੀਵਨ ਦੇਣ ਵਾਲੀ ਦ੍ਰਿਸ਼ਟੀ ਦੇ ਮਾਲਕ ਅਤੇ ਦਰਸ਼ਨ ਦੇ ਕੇ ਜਨਮ-ਮਰਨ ਦਾ ਦੁੱਖ ਕੱਟਣ ਵਾਲੇ ਸ਼ਬਦ ਸੂਰ ਬਲਵੰਤ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਸਿੱਖ ਜਗਤ ਦੇ ਦੂਜੇ ਪਾਤਸ਼ਾਹ ਬਣੇ।

ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ 111 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਨਿਮਨ-ਲਿਖਤ ਅਨੁਸਾਰ ਲਿਖਦੇ ਹਨ: "ਅੰਗਦ ਸਤਿਗੁਰੂ : ਸਿੱਖ ਕੌਮ ਦੇ ਦੂਜੇ ਪਾਤਿਸ਼ਾਹ ਜਿਨ੍ਹਾਂ ਦਾ ਜਨਮ ਐਤਵਾਰ, ਵੈਸਾਖ ਵਦੀ 1 (5 ਵੈਸਾਖ) 1561 (31 ਮਾਰਚ 1504) ਫੇਰੂ ਮੱਲ ਖੱਤਰੀ ਦੇ ਘਰ ਮਾਤਾ ਦਇਆ (ਦਯਾ) ਕੌਰ ਦੇ ਉਦਰ ਤੋਂ ਮੱਤੇ ਦੀ ਸਰਾਏ (ਜ਼ਿਲ੍ਹਾ ਫਿਰੋਜ਼ਪੁਰ) ਵਿਚ ਹੋਇਆ। ਇਨ੍ਹਾਂ ਦਾ ਪਹਿਲਾ ਨਾਉਂ ਲਹਿਣਾ ਸੀ। ਸੰਮਤ 1576 ਵਿਚ ਦੇਵੀ ਚੰਦ ਖੱਤਰੀ ਦੀ ਸਪੁੱਤਰੀ ਖੀਵੀ ਜੀ ਨਾਲ ਸੰਘਰ ਪਿੰਡ, ਜਿਸ ਦਾ ਹੁਣ ਖਡੂਰ ਸਾਹਿਬ ਪਾਸ ਥੇਹ ਹੈ, ਵਿਆਹ ਹੋਇਆ, ਜਿਸ ਤੋਂ ਦੋ ਸਪੁੱਤਰ ਦਾਸੂ ਜੀ ਅਤੇ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਜਨਮੇ। ਸੰਮਤ 1589 ਵਿਚ ਕਰਤਾਰਪੁਰ ਸਤਿਗੁਰੂ ਨਾਨਕ ਦੇਵ ਜੀ ਨੂੰ

SikhBookClub.com

ਮਿਲੇ। ਦਰਸ਼ਨ ਕਰਦੇ ਹੀ ਮਨ ਸ਼ਾਂਤ ਹੋਇਆ। ਗੁਰੂ-ਉਪਦੇਸ਼ ਸੁਣ ਕੇ ਸਤਿਗੁਰ ਦੇ ਅਨਿੰਨ ਸਿੱਖ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਦੀ ਸੇਵਾ ਅਤੇ ਭਗਤੀ ਤੋਂ ਅਜਿਹੇ ਰੀਝੇ ਕਿ ਅੰਗਦ ਨਾਉਂ ਰੱਖ ਕੇ 5 ਅੱਸੂ, ਸੰਮਤ 1596 ਤੋਂ ਗੁਰਤਾ ਦਾ ਕੰਮ ਆਰੰਭਿਆ ਅਤੇ ਪਰਮ ਗੁਰੂ ਦੇ ਸਿਧਾਂਤ ਦਾ ਪ੍ਰਚਾਰ ਬਹੁਤ ਉਤਮ ਰੀਤੀ ਨਾਲ ਕੀਤਾ। ਗੁਰਮੁਖੀ ਅੱਖਰਾਂ ਵਿਚ ਵਿੱਦਿਆ ਦਾ ਪ੍ਰਚਾਰ, ਜਾਤ-ਪਾਤ ਦੇ ਲਿਹਾਜ਼ ਬਿਨਾਂ ਆਰੰਭਿਆ। ਆਪ 3 ਵੈਸਾਖ (ਚੇਤ ਸੁਦੀ ਚਾਰ) ਸੰਮਤ 1609 (29 ਮਾਰਚ, ਸੰਨ 1552) ਨੂੰ ਖਡੂਰ ਸਾਹਿਬ ਵਿਚ ਜੋਤੀ-ਜੋਤਿ ਸਮਾਏ।"

ਪੁੰਨ ਆਤਮਾ, ਸੁਸ਼ੀਲ ਤੇ ਸੁੱਚ ਧਰਮੀ ਬਾਬਾ ਫੇਰੂ ਮੱਲ ਜੀ ਦੇ ਘਰ ਅਤੇ ਮਾਤਾ ਦਇਆ ਕੌਰ ਦੀ ਕੁੱਖੋਂ ਮੱਤੇ ਦੀ ਸਰਾਂ ਭਾਈ ਲਹਿਣਾ ਜੀ ਦਾ ਜਨਮ ਅੰਮ੍ਰਿਤ ਵੇਲੇ ਹੋਇਆ। ਬਾਬਾ ਫੇਰੂ ਮੱਲ ਜੀ ਦੇ ਲਾਡਲੇ ਲਾਲ ਸਨ। ਭੱਟਾਂ ਨੇ ਭਾਈ ਲਹਿਣਾ ਜੀ ਨੂੰ ਫੇਰੂ ਦਾ ਸ਼ੇਰ, ਫਿਰਨਸ਼ੀਹ, ਫੇਰੂ ਦਾ ਘਰ ਵਸਾਉਣ ਵਾਲਾ, ਫੇਰੂਆਣਿ, ਫੇਰੂਤਤਯ ਤੇ ਫੇਰੂਨੰਦਨ ਕਹਿ ਕੇ ਅਤੇ ਲਿਖ ਕੇ ਆਪ ਜੀ ਦੀ ਵਡਿਆਈ ਕੀਤੀ ਹੈ। ਭਾਈ ਲਹਿਣਾ ਜੀ ਦਾ ਬਚਪਨ ਬੜੇ ਚਾਵਾਂ-ਮਲ੍ਹਾਰਾਂ ਨਾਲ ਤੇ ਉੱਤਮ ਪਾਲਨ-ਪੋਸ਼ਣ ਨਾਲ ਬੀਤਿਆ। ਫਾਰਸੀ ਆਦਿ ਪੜ੍ਹਾਈ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ। ਧਰਮ-ਕਰਮ ਵਿਚ ਲਹਿਣਾ ਜੀ ਅੱਗੇ ਰਹਿੰਦੇ। ਬਾਲ ਲਹਿਣਾ ਜੀ ਦਾ ਸੁਭਾਅ ਆਉਂਦੇ-ਜਾਂਦੇ ਦੁਖੀ ਸਾਧੂ ਨੂੰ ਨਾਲ ਲੈ ਕੇ ਘਰ ਆਉਣਾ ਤੇ ਰੀਝ ਨਾਲ ਸੇਵਾ ਕਰਨੀ ਸੀ। ਸ਼ਾਇਦ ਇਸੇ ਕਰਕੇ ਪਿਤਾ ਦਾ ਵਪਾਰ ਬਹੁਤ ਵਧ ਗਿਆ। ਪਿਤਾ ਦੀ ਇਮਾਨਦਾਰੀ ਤੇ ਮਿਹਨਤ ਕਰਕੇ ਵੀ ਧਨ ਦੀ ਬਖਸ਼ਿਸ਼ ਵਧ ਗਈ, ਵਪਾਰ ਵਧ ਗਿਆ। ਹਰ ਕੋਈ ਹੈਰਾਨ ਹੋ ਗਿਆ। ਪਰ ਧਨ ਪਾ ਕੇ ਗਰੂਰ ਨਾ ਆਇਆ। ਸਗੋਂ ਹੋਰ ਨਿਮਰਤਾ ਆਈ ਅਤੇ ਆਏ-ਗਏ ਅਭਿਆਗਤ ਦੀ ਸੇਵਾ ਹੋਰ ਹੋਣ ਲੱਗੀ। 'ਗੁਰ ਪੰਥ ਪ੍ਰਕਾਸ਼' ਦੇ ਪੰਨਾ 558 ਅਨੁਸਾਰ 'ਦਾਨ ਪੁੰਨ ਸੰਤਨ ਕੀ ਸੇਵਾ। ਕਰੈ ਅਧਿਕ ਪਾਯੋ ਜਸ ਮੇਵਾ।'

ਉਹ ਸ਼ਾਹ ਵੀ ਸਨ ਤੇ ਭਗਤ ਵੀ। ਭਾਈ ਲਹਿਣਾ ਜੀ ਸੇਵਾ ਕਰਦੇ ਥੱਕਦੇ ਨਹੀਂ ਸਨ। ਜੋ ਵੀ ਬਾਲਕ ਨੂੰ ਸੇਵਾ ਕਰਦਿਆਂ ਵੇਖਦਾ ਖਿੱਚਿਆ-ਖਿੱਚਿਆ ਮਹਿਸੂਸ ਕਰਦਾ। ਆਪਣੇ ਹਾਣੀਆਂ ਨਾਲ ਵੀ ਖੇਡਦੇ ਤਾਂ ਉਨ੍ਹਾਂ ਨੂੰ ਕੁਚਾਲਾਂ ਤੋਂ ਵਰਜਦੇ। ਅਸਲ ਵਿਚ ਭਾਈ ਲਹਿਣਾ ਜੀ ਦੀ ਬੜੀ ਉੱਚੀ ਆਤਮਾ ਸੀ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਨੀ ਸਮਰੱਥਾ ਦਿਖਾਈ ਕਿ ਪਹਿਲਾਂ ਉਨ੍ਹਾਂ ਦਾ ਮਨ ਜਿੱਤਿਆ ਤੇ ਫਿਰ ਖੜਕਾ ਕੇ ਪਰਖਿਆ। ਭਾਈ ਬਲਵੰਡ ਜੀ ਦੇ ਸ਼ਬਦਾਂ ਵਿਚ:

ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥ *(ਪੰਨਾ ੯੬੭)*

ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਆਪ ਜੀ ਸੰਘਰ ਤੋਂ ਖਡੂਰ ਆ ਕੇ ਆਪ ਨੇ ਹੱਟੀ ਪਾ ਲਈ ਤੇ ਸ਼ਾਹੂਕਾਰਾ ਕਰਨ ਲੱਗੇ। ਦਿਨਾਂ ਵਿਚ ਪ੍ਰਤਾਪ ਫੈਲ ਗਿਆ ਤੇ ਆਪ ਆਗੂ ਕਰਕੇ ਸਤਿਕਾਰੇ ਜਾਣ ਲੱਗੇ। ਜੇ ਕੋਈ ਕਿਧਰੇ ਲੈਣ/ਦੇਣ ਦਾ ਝਗੜਾ ਹੋ ਜਾਂਦਾ ਤਾਂ ਆਪ ਹੀ ਨਿਬੇੜਦੇ। ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਹੈ:

ਜੋ ਪਰੇ ਝਗਰਾ ਸਾਕਤੋ ਮੇਂ, ਯਹੀ ਸੋਇ ਨਿਬੇਰ ਹੈ।

ਭਾਵੇਂ ਹਰੀਕੇ ਪੱਤਨ ਵਾਲਾ ਸੰਗ ਤਾਂ ਸਾਰਾ ਟੁੱਟ ਗਿਆ ਸੀ ਪਰ ਆਪ ਜੀ ਨੇ ਇਥੇ ਭੀ ਸੰਗ ਬਣਾ ਲਿਆ ਤੇ ਸੰਗ ਦੇ ਸਰਦਾਰ ਬਣ ਗਏ। ਕਈ ਵਾਰ ਉਚੇਚਾ ਲਾਲ ਚੋਲਾ ਪਾ ਕੇ, ਹੱਥ ਖੁੰਡੀ,

SikhBookClub.com

ਮੋਢੇ 'ਤੇ ਪਰਨਾ ਰੱਖ ਸੰਗ ਵਿਚ ਸਾਰੀ-ਸਾਰੀ ਰਾਤ ਭਜਨ ਗਾਉਂਦੇ ਰਹਿੰਦੇ। ਸੁਭਾਅ ਐਸਾ ਬਣ ਗਿਆ ਕਿ ਜਿੱਥੇ ਵੀ ਕਿਸੇ ਮਹਾਂਪੁਰਸ਼ ਦਾ ਆਉਣਾ ਸੁਣਦੇ, ਉਥੇ ਪੁੱਜਦੇ। ਬੰਸਾਵਲੀਨਾਮੇ ਵਿਚ ਅੰਕਿਤ ਹੈ:

ਜਹਿ ਸੰਤ ਦਰਸੇ, ਪਾਉਂ ਪਰਸੇ ਕਰੇ ਸਰਮੇ ਸੇਵ ਹੈ।

ਜੁਆਲਾਮੁਖੀ ਜਾਂਦਿਆਂ ਜਦੋਂ ਸਾਧ-ਸੰਤਾਂ ਨਾਲ ਚਰਚਾ ਚੱਲੀ ਤਾਂ ਅਸਲ ਪਾਰਖੂ ਜੇ ਕੋਈ ਹੈ ਤਾਂ ਉਹ ਕੇਵਲ : ਨਾਨਕ ਤਪਾ ਖੜ੍ਹੀ ਇਕ ਹੋਇਆ ਹੈ ਕੋਈ, ਜੋ ਬਡੀ ਬਰਕਤ ਵਾਲਾ ਹੈ ਹੋਇਆ। ਇਥੋਂ ਹੀ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੀਦਾਰ ਦੀ ਖਿੱਚ ਪੈਣੀ ਸ਼ੁਰੂ ਹੋ ਗਈ। ਮਨ ਬਿਹਬਲ ਹੋ ਉੱਠਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਜ਼ਰੂਰ ਕਰਨੇ ਹਨ। ਭਾਈ ਜੋਧੇ ਜੀ ਤੋਂ ਗੁਰ-ਸ਼ਬਦ ਸੁਣਨ ਨਾਲ ਮਨ ਹੋਰ ਵੀ ਪੱਕਾ ਹੋ ਗਿਆ ਕਿ ਜਦੋਂ ਸੰਗ ਜਾਵੇਗਾ ਉਦੋਂ ਜ਼ਰੂਰ ਦਰਸ਼ਨ ਕਰਾਂਗੇ। ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਲਈ ਰੁਕੇ ਤੇ ਕਿਹਾ "ਤੁਸੀਂ ਰੁਕੋ, ਮੈਂ ਘੋੜੀ 'ਤੇ ਜਾ ਦਰਸ਼ਨ ਕਰ ਹੁਣੇ ਆਇਆ।" 'ਮਹਿਮਾ ਪ੍ਰਕਾਸ਼ ਵਾਰਤਕ' ਦੇ ਲਿਖੇ ਮੁਤਾਬਕ: 'ਤਬ ਲੱਖੀ ਜੰਗਲ ਸੇ ਦੁਰਗਾ ਕਾ ਸੰਗ ਆਇਆ, ਤਿਸ ਕੇ ਸਾਥ ਗੁਰੂ ਅੰਗਦ ਦੇਵ ਜੀ ਤਦ ਨਾਮ ਲਹਿਣਾ ਥਾ। ਸੁਰਤ ਦਰਸ਼ਨ ਦੀ ਲੱਗੀ ਹੋਈ ਸੀ, ਸੰਗ ਛੋੜ ਕੇ ਨਿਆਰੇ ਦਰਸ਼ਨ ਨੂੰ ਉਠ ਚਲੇ। ਗੁਰੂ ਨਾਨਕ ਕਰਤਾਰਪੁਰ ਵਿਖੇ ਘਰ ਵਿਰਾਜੇ ਹੋਏ ਸਨ ਪਰ ਜਦ ਉਧਰੋਂ ਭਾਈ ਲਹਿਣਾ ਜੀ ਦਰਸ਼ਨਾਂ ਨੂੰ ਘੋੜੀ 'ਤੇ ਚੱਲੇ ਤਾਂ ਇਧਰੋਂ ਅੰਤਰਜਾਮੀ ਗੁਰੂ ਨੇ ਬਚਨ ਕੀਤਾ, 'ਮੇਰੇ ਰਾਜ ਦਾ ਧਨੀ ਆਇਆ ਹੈ, ਲੈ ਆਵਾਂ।' ਜਦੋਂ ਦਰਸ ਪਰਸੇ ਤੇ ਗੁਰੂ ਬਾਬੇ ਨੇ ਸਿਰ ਮਸਤਕ 'ਤੇ ਹੱਥ ਰੱਖ ਕੇ ਨਾਂ ਪੁੱਛਿਆ ਤੇ ਅੱਗੋਂ ਉੱਤਰ ਮਿਲਿਆ, 'ਲਹਿਣਾ' ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ:

ਲਹਿਣੇ ਤੇ ਲਹਿਣਾ। ਸੁਨ ਪੁਰਖਾ ਹਮ ਨੇ ਹੈ ਦੇਣਾ।

ਬਸ ਫਿਰ ਕੀ ਸੀ ਗੁਰੂ ਜੀ ਦੇ ਹੀ ਹੋ ਗਏ ਤੇ ਸੰਗ ਨੂੰ ਮੂੰਹ ਭਾਖਰੇ ਹੀ ਆਖ ਦਿੱਤਾ: ਜਦ ਮੰਜ਼ਿਲ ਮਿਲ ਜਾਏ ਤਾਂ ਰਾਹੀ ਫਿਰ ਭਟਕਦੇ ਨਹੀਂ। ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਕਰਤਾਰਪੁਰ ਵਿਖੇ ਹੀ ਆ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਬਣਨ ਵੇਲੇ ਤਕ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਹ ਉੱਚ ਮਿਹਰਾਮਤ ਪ੍ਰਾਪਤ ਹੋ ਚੁੱਕੀ ਸੀ ਜਿਸ ਬਾਰੇ ਮੁਨਸ਼ੀ ਸੁਜਾਨ ਰਾਇ ਭੰਡਾਰੀ ਨੇ ਆਪਣੀ ਪੁਸਤਕ 'ਖੁਲਾਸਤੁਤ ਤਵਾਰੀਖ' ਦੇ ਅਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇਹ ਲਿਖਿਆ ਹੈ ਕਿ ਬਾਬਾ ਨਾਨਕ ਸਤਿ ਮਾਰਗ ਦੇ ਪਾਂਧੀਆਂ ਦੇ ਮੋਹਰੀ, ਪਾਕਦਿਲੀ ਦੀ ਜਾਗਦੀ ਜੋਤਿ, ਰੱਬੀ ਨੂਰ ਦੇ ਚਮਤਕਾਰਾਂ ਦੇ ਚਾਨਣ ਮੁਨਾਰ ਅਤੇ ਅਪਾਰ ਗੁੱਝੇ ਭੇਤਾਂ ਦੇ ਪ੍ਰਤੱਖ ਪ੍ਰਮਾਣ ਹਨ। ਬਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗਾਂ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਇਸ ਤਰ੍ਹਾਂ ਪੈਦਾ ਹੋਏ ਜਿਵੇਂ ਅੰਮ੍ਰਿਤ ਬ੍ਰਿਖ ਤੋਂ ਅੰਮ੍ਰਿਤ ਦਾ ਫਲ ਹੁੰਦਾ ਹੈ ਜਾਂ ਜਿਵੇਂ ਜੋਤਿ ਤੋਂ ਜੋਤ ਜਗਦੀ ਹੈ ਤੇ ਦੀਵਾ ਬਲ ਪੈਂਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਨੂੰ 'ਕੁਦਰਤੀ ਨੂਰ' ਆਖਿਆ ਜਾਵੇ ਤਾਂ ਸ਼ਾਇਦ ਨਿਆਂ ਹੋ ਸਕੇ। ਅਸਾਂ ਗੁਰੂ ਜੀ ਦੇ ਸ਼ਬਦ ਬਾਰੇ ਗੱਲ ਕਰਨੀ ਹੈ। ਉਨ੍ਹਾਂ ਦੀ ਆਪਣੀ ਬਾਣੀ ਜੋ

SikhBookClub.com

ਕੇਵਲ ਸਲੋਕਾਂ ਵਿਚ ਹੈ, ਨੂੰ ਪੜ੍ਹ ਕੇ ਇਹ ਅਨੁਮਾਨ ਹੁੰਦਾ ਹੈ ਕਿ ਉਹ ਬਹੁਤ ਘੱਟ ਬੋਲਦੇ ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਹੁਰਾਂ ਅਨੁਸਾਰ ਗੱਲ ਠੋਕਵੀਂ, ਢੁਕਵੀਂ ਤੇ ਨੁਕਤੇ ਦੀ ਕਰਦੇ ਸਨ। ਸਲੋਕ ਵਿਚ ਸਮੁੱਚੇ ਖ਼ਿਆਲ ਨੂੰ ਸੀਮਤ ਕਰ ਕੇ ਹੀ ਲਿਖਿਆ ਜਾਂਦਾ ਹੈ। ਸਲੋਕ ਕਿਸੇ ਪੀੜਾ, ਵਿਛੋੜੇ, ਬਿਰਹੋਂ, ਵੇਦਨਾ ਜਾਂ ਹੂਕ ਨੂੰ ਪ੍ਰਗਟਾਉਣ ਦਾ ਆਲਾ ਹੀ ਹੁੰਦੇ ਹਨ। ਸਲੋਕ ਪ੍ਰੇਮ ਖਿੱਚ ਜੋ ਪਈ ਹੁੰਦੀ ਹੈ ਉਸ ਨੂੰ ਜ਼ਾਹਰ ਕਰਦਾ ਹੈ 'ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ' ਅੰਤਰੀਵ ਪ੍ਰੇਮ ਤੇ ਵਿਸ਼ਵਾਸ ਅੰਤਾਂ ਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ 63 ਸਲੋਕਾਂ ਵਿਚ ਪ੍ਰੇਮ ਦੀਆਂ ਤਰਬਾਂ, ਬਿਰਹਾ ਦੀ ਤੜਪ, ਮਨ ਨੂੰ ਕਾਬੂ ਕਰਨ ਦੇ ਢੰਗ, ਮਨੁੱਖਤਾ ਦੀ ਏਕਤਾ ਤੇ ਬਰਾਬਰੀ, ਅਮੀਰ ਕੌਣ ਹੈ ਤੇ ਅਮੀਰੀ ਕਿਸ ਵਿਚ ਹੈ, ਪ੍ਰਭੂ-ਭਾਲ ਕਿੱਥੇ ਕਰਨੀ ਹੈ ਅਤੇ ਉਹ ਕਿਸ ਥਾਂ ਬੈਠਾ ਹੈ, ਸ਼ਖਸੀਅਤ ਸੰਵਾਰਨ ਦੇ ਰਾਹ, ਗੁਰਮੁਖ ਤੇ ਮਨਮੁਖ ਦੇ ਸਦਾ ਹੋ ਰਹੇ ਘੋਲ ਵਿਚ ਸਦਾ ਗੁਰਮੁੱਖ ਦੀ ਜਿੱਤ, ਜਗਤ ਅਸਲੀਅਤ, ਸੇਵਕ ਕੌਣ ਸੱਚੇ ਹਨ, ਮਨੁੱਖ ਦੀ ਮਰਜ਼ੀ ਸੀਮਤ ਹੈ, ਪਦਾਰਥਾਂ ਪਿੱਛੇ ਨੱਸਣ ਵਾਲਾ ਪੁਰਸ਼ ਧੱਕੇ ਹੀ ਖਾਂਦਾ ਹੈ, ਪਰਮਾਤਮਾ ਪ੍ਰਸੰਨ ਕਿਵੇਂ ਹੁੰਦਾ ਹੈ, ਕਿਰਤ ਕੋਈ ਭੀ ਮਾੜੀ ਨਹੀਂ, ਅਰਦਾਸ ਕਿਵੇਂ ਕਰਨੀ ਹੈ, ਚੰਗੇ ਮੰਦੇ ਦੀ ਪਰਖ ਲਈ ਕਸਵੱਟੀ ਕੀ ਹੈ, ਮਨੁੱਖ ਡਿੱਗਦਾ ਕਿਵੇਂ ਹੈ ਤੇ ਡਿੱਗਦਾ ਪੁਰਸ਼ ਹੋਰਨਾਂ ਨੂੰ ਗਿਰਾਉਣ ਲਈ ਹਥਿਆਰ ਕੀ ਵਰਤਦਾ ਹੈ, ਦੇ ਨਜ਼ਾਰੇ ਤੇ ਵਰਣਨ ਸਹਿਜੇ ਹੀ ਮਿਲ ਜਾਂਦਾ ਹੈ। ਗੁਰੂ ਜੀ ਦਾ ਸ਼ਬਦ ਬਹੁਤ ਸਰਲ ਤੇ ਮੂੰਹ ਚੜ੍ਹਨ ਵਾਲਾ ਹੈ। ਹਰ ਤੁਕ ਵਿਚ ਮੁਕੰਮਲ ਅਖਾਣ ਹੈ। ਅਰਥ ਭਾਲਣ ਦੀ ਲੋੜ ਹੀ ਨਹੀਂ ਰਹਿੰਦੀ। ਗੁੱਝੀ ਤੋਂ ਗੁੱਝੀ ਗੱਲ ਸਹਿਜੇ ਹੀ ਕਹਿ ਜਾਂਦੇ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ 'ਨਿਰਭਉ' ਸਨ। ਸ਼ਬਦ ਸੂਰ ਤੇ ਬਲਵੰਤ ਸਨ ਜਿਸ ਲਈ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਸੂਰਮਗਤੀ ਅਤੇ ਸ਼ੇਰ-ਗਰਜਣਾ ਸੀ। ਗੁਰੂ ਜੀ ਨੂੰ ਗੁਰਗੱਦੀ ਸੰਭਾਲਦੇ ਹੀ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਧੀਰਜ ਦੀ ਹੱਦ ਕੱਸ ਕੇ ਹਰ ਮੁਸ਼ਕਿਲ 'ਤੇ ਕਾਬੂ ਪਾ ਲਿਆ। ਸਮੇਂ ਦੇ ਹੁਕਮਰਾਨਾਂ ਤੇ ਸ਼ਾਹਾਂ ਵੀ ਰੁਅਬ ਵਿਖਾਇਆ, ਇਲਾਕੇ ਦੇ ਡਰ ਵਿਖਾਵੇ ਦਿੱਤੇ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਅਝੱਕ ਰਹੇ। ਸ੍ਰੀ ਗੁਰੂ ਰਾਮਦਾਸ ਜੀ ਨੇ ਗਉੜੀ ਦੀ ਵਾਰ ਦੇ ਸਲੋਕ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਡਟ ਖਲੋਣ ਵਾਲੇ ਸੁਭਾਅ ਨੂੰ ਬਹੁਤ ਹੀ ਪਿਆਰੇ ਢੰਗ ਨਾਲ ਦਰਸਾਇਆ ਹੈ। ਉਹ ਫ਼ਰਮਾਉਂਦੇ ਹਨ ਕਿ ਜਿਸ ਨੂੰ ਆਪੂੰ ਗੁਰੂ ਸਾਹਿਬ ਆਪਣੀ ਹਯਾਤੀ ਵਿਚ ਹੀ ਟਿਕਾ ਜਾਣ ਉਸ ਦੀ ਵਡਿਆਈ ਦਾ ਕੋਈ ਅੰਦਾਜ਼ਾ ਨਹੀਂ ਲੱਗ ਸਕਦਾ। ਸਾਰਾ ਸੰਸਾਰ ਆਪਣੇ ਆਪ ਹੀ ਨਮਸਕਾਰ ਕਰਨ ਲੱਗ ਪੈਂਦਾ ਹੈ। ਜਿਨ੍ਹਾਂ ਮਨੁੱਖਾਂ ਦਾ ਕੰਮ ਕੇਵਲ ਊਝਾਂ ਲਗਾਉਣੀਆਂ, ਉਪੱਦਰ ਖੜ੍ਹੇ ਕਰਨੇ ਤੇ ਵੰਡੀਆਂ ਪਾਉਣਾ ਸੀ, ਉਨ੍ਹਾਂ ਨੂੰ ਗੁਰੂ ਜੀ ਨੇ ਫਿਟਕਾਰ ਪਾ ਕੇ ਬਿਠਾ ਦਿੱਤਾ ਅਤੇ ਗੁਰੂ ਅੰਗਦ ਦੇਵ ਜੀ ਨੇ ਕੂੜੇ ਸਾਬਤ ਕਰ ਦਿੱਤਾ ਕਿ ਇਨ੍ਹਾਂ ਕੰਗਾਲ ਬਿਰਤੀ ਵਾਲੇ ਲੋਕਾਂ ਦੇ ਹੱਥ-ਵੱਸ ਕੁਝ ਨਹੀਂ। ਲੋਕਾਂ ਨੇ ਸਭ ਲੋਕਾਂ ਦੀ ਅਸਲੀਅਤ ਜਾਣ ਲਈ ਹੈ:

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥ *(ਪੰਨਾ ੩੦੭)*

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖੀ ਬੂਟੇ ਦੀ ਹਿਫਾਜ਼ਤ ਕਰਨੀ ਤੇ ਸਿੰਚਣਾ ਕੋਈ ਸਹਿਜ ਕੰਮ ਨਹੀਂ ਸੀ। ਬੜੇ ਨਿਰਭਉ ਚਿੱਤ ਵਾਲੇ ਮਹਾਂਪੁਰਸ਼ ਦੀ ਲੋੜ ਸੀ। ਸਾਰੇ ਇਤਿਹਾਸਕਾਰ

SikhBookClub.com

ਸਹਿਮਤ ਹਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਨੂੰ ਸੰਭਾਲਣਾ ਸਿੱਖ ਇਤਿਹਾਸ ਵਿਚ ਅਤਿ ਗਹਿਰੀ ਮਹੱਤਤਾ ਰੱਖਦਾ ਹੈ। ਮਿ. ਟਰੰਪ ਨੇ ਤਾਂ ਇਥੋਂ ਤੀਕ ਲਿਖਿਆ ਹੈ ਕਿ ਸਭ ਕੁਝ ਖਿੱਲਰ-ਪੁੱਲਰ, ਉੱਡ-ਪੁੱਡ ਜਾਂਦਾ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਥਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਾ ਬਿਠਾਲਦੇ। ਮਿ: ਗ੍ਰੀਨਲੀਜ਼ ਲਿਖਦਾ ਹੈ ਕਿ ਗੁਰੂ ਜੀ ਪੂੰਜ ਸਨ ਪੂਰਨ ਪਵਿੱਤਰਤਾ ਤੇ ਅਨਿੰਨ ਭਗਤੀ ਦੇ। ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਇਕ ਰੂਪ ਹੋ ਗਏ ਸਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ। ਉਹ ਹੀ ਸੁਗੰਧੀ, ਉਹ ਹੀ ਨੂਰੀ ਝਲਕ, ਉਹ ਹੀ ਮਿੱਠੇ ਬਚਨ ਤੇ ਉਹ ਹੀ ਪਿਆਰਾ ਚਿਹਰਾ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨਿਰਭਉ ਤੇ ਸਹਿਜ ਵਾਲੀ ਸ਼ਖ਼ਸੀਅਤ ਦਾ ਰੂਪ ਨਿਹਾਰਦੇ ਹੋਏ ਭੱਟ ਲਿਖਦੇ ਹਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਿਮਰਤਾ ਦੀ ਸੰਜੋਅ ਪਹਿਨ ਰੱਖੀ ਸੀ। ਇਸੇ ਲਈ ਕਿਸੇ ਦਾ ਕੋਈ ਵੀ ਕੀਤਾ ਵਾਰ ਕਾਰਗਾਰ ਸਾਬਤ ਨਾ ਹੋ ਸਕਿਆ।

ਬਾਣੀ ਇਕੱਤਰ ਕਰਨਾ ਇਕ ਸੁਰਮਗਤੀ ਵਾਲਾ ਕਾਰਜ ਬਿਖਮ ਗਾਖੜੀ ਕਾਰ ਸੀ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਭਗਤਾਂ ਦੀ ਬਾਣੀ ਜੋ ਗੁਰੂ ਜੀ ਪਾਸ ਸੀ ਜਾਂ ਹੋਰ ਕਿਤੇ ਵੀ ਸੀ ਇਕੱਤਰ ਕਰ ਕੇ ਸਿੱਖੀ ਦੇ ਬੂਟੇ ਨੂੰ ਜੀਵਨ ਰੋਂ ਬਖਸ਼ਣ ਦਾ ਪੱਕਾ ਇੰਤਜ਼ਾਮ ਕਰ ਦਿੱਤਾ। ਇਹ ਬਾਣੀ ਇਕੱਤਰ ਕਰਨਾ ਸੂਰਜ ਦੀਆਂ ਕਿਰਨਾਂ ਨੂੰ ਇੱਕੋ ਥਾਂ ਇਕੱਠਿਆਂ ਕਰਨਾ ਹੀ ਸੀ। ਜਨ ਸਾਧਾਰਨ ਦੇ ਹਿਰਦਿਆਂ ਵਿਚ ਸਹਿਜ ਸੁਭਾਇ ਅੰਮ੍ਰਿਤ ਸਿੰਚਿਆ ਜਾਣ ਲੱਗਾ। "ਸਹਜ ਭਾਇ ਸੰਚਿਓ ਕਿਰਣਿ, ਅੰਮ੍ਰਿਤ ਕਲ ਬਾਣੀ॥" ਮਾਇਆ ਦਾ ਜ਼ੋਰ ਕਦੇ ਨਹੀਂ ਪਿਆ ਆਪ ਜੀ ਦੀ ਸ਼ਖ਼ਸੀਅਤ 'ਤੇ। ਮਾਇਆ ਉਨ੍ਹਾਂ ਦੇ ਨੇੜੇ ਆ ਹੀ ਨਹੀਂ ਸਕੀ, ਉਹ ਆਪ ਸੁਤੰਤਰ ਸਨ ਤੇ ਸਭ ਨੂੰ ਸੁਤੰਤਰ ਕਰ ਗਏ:

ਸਦਾ ਅਕਲ ਲਿਵ ਰਹੈ, ਕਰਨ ਸਿਉ ਇਛਾ ਚਾਰਹ॥ *(ਪੰਨਾ ੧੩੯੨)*

ਗੁਰੂ ਜੀ ਕਲਯੁਗੀ ਪ੍ਰਭਾਵ ਤੋਂ ਤਾਂ ਨਿਰਭਉ ਹੈ ਹੀ ਸਨ, ਸੰਸਾਰ ਦੇ ਰਾਜੇ ਮਹਾਰਾਜਿਆਂ ਦੇ ਡਰ ਤੋਂ ਵੀ ਕੋਰੇ ਸਨ। ਹੋਰ ਤਾਂ ਹੋਰ ਇਕ ਵਾਰ ਹਮਾਯੂੰ ਆਗਰੇ ਤੋਂ ਭੱਜ ਕੇ 1540 ਵਿਚ ਜੁਲਾਈ ਮਹੀਨੇ ਲਾਹੌਰ ਜਾ ਰਿਹਾ ਸੀ ਤਾਂ ਅਹਿਲਕਾਰਾਂ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਆਮਿਲ ਫਕੀਰ ਗੁਰੂ ਅੰਗਦ ਦੇਵ ਜੀ ਬਿਆਸ ਕਿਨਾਰੇ ਵੱਡੀ ਸੜਕ ਲਾਗੇ ਖਡੂਰ ਸਾਹਿਬ ਡੇਰਾ ਰੱਖਦੇ ਹਨ। ਹਮਾਯੂੰ ਨੇ ਸੋਚਿਆ ਕਿ ਢਹਿੰਦੇ ਮਨ ਨੂੰ ਸਹਾਰਾ ਮਿਲ ਜਾਏ। ਮਿਲੇ ਮਕਸੂਦ ਚਲੋ ਇਹ ਸ਼ਾਹਿਦ। ਵਿਚਾਰ ਕੇ ਗੁਰੂ-ਦਰਸ਼ਨਾਂ ਨੂੰ ਖਡੂਰ ਸਾਹਿਬ ਪੁੱਜਾ। ਅੱਗੋਂ ਗੁਰੂ ਜੀ ਬੱਚਿਆਂ ਨੂੰ ਖਿਡਾਉਣ ਤੇ ਪੜ੍ਹਾਉਣ ਵਿਚ ਇੰਨੇ ਰੁੱਝੇ ਹੋਏ ਸਨ ਤੇ ਗੁਰੂ-ਹੁਕਮ ਸੀ ਕਿ ਜਦੋਂ ਉਹ ਬੱਚਿਆਂ ਨਾਲ ਹੋਣ ਤਾਂ ਕਿਸੇ ਨੂੰ ਭੀ ਮਿਲਣ ਦੀ ਆਗਿਆ ਨਹੀਂ। ਦੋ ਘੜੀਆਂ ਤਕਰੀਬਨ ਬੇਪਰਵਾਹ ਗੁਰੂ ਜੀ ਨੇ ਧਿਆਨ ਨਾ ਦਿੱਤਾ ਤੇ ਹਮਾਯੂੰ ਖੜ੍ਹਾ ਰਿਹਾ। ਰਾਜਮਦ ਵਿਚ ਹਾਰ ਕੇ ਭੱਜਣ ਦੇ ਬਾਵਜੂਦ ਉਸ ਨੂੰ ਗੁੱਸਾ ਆਇਆ ਤੇ ਗੁਰੂ ਜੀ 'ਤੇ ਤਲਵਾਰ ਕੱਢ ਲਈ। ਗੁਰੂ ਜੀ ਨੇ ਕਿਹਾ:

ਸ਼ੇਰ ਸ਼ਾਹ ਸੋ ਕਛੂ ਨਾ ਕੀਨਾ। ਈਹਾ ਤਲਵਾਰ ਮੂਠ ਗਹਿ ਲੀਨਾ।

ਤੂੰ ਸ਼ੇਰ ਸ਼ਾਹ ਸੂਰੀ ਤੋਂ ਡਰ ਕੇ ਭੱਜਿਆ ਹੈਂ ਤੇ ਅਸਾਡੇ 'ਤੇ ਤਲਵਾਰ ਉਠਾ ਰਿਹਾ ਹੈਂ। 'ਮਹਿਮਾ ਪ੍ਰਕਾਸ਼ ਵਾਰਤਕ' ਦੇ ਸ਼ਬਦਾਂ ਵਿਚ ਕਿਹਾ ਸੀ:

SikhBookClub.com

'ਭਾਈ ਮੁਗਲਾ : ਤਲਵਾਰ ਸ਼ੇਰ ਸ਼ਾਹ ਪਰ ਕੱਢਣੀ ਸੀ ਕਿ ਅਸਾਂ ਉੱਪਰ?'

ਇਹ ਸੁਣ ਕੇ ਹਮਾਯੂੰ ਸ਼ਰਮਿੰਦਾ ਹੋਇਆ ਤੇ ਮੁਆਫ਼ੀ ਮੰਗੀ ਕਿ ਗੁਰੂ ਜੀ, ਮੈਂ ਤੇਰੇ ਦਰ ਤੋਂ ਅਸੀਸ ਲੈਣ ਆਇਆ ਪਰੰਤੂ ਅਵੱਗਿਆ ਹੋ ਗਈ। ਸ਼ਬਦ ਸੂਰ ਗੁਰ ਸ਼ਖ਼ਸੀਅਤ ਦਾ ਬਾਣੀ ਦੀ ਸੰਭਾਲ ਨਾਲ ਗੁਰਮੁਖੀ ਅੱਖਰਾਂ ਦਾ ਸੁਧਾਰ, ਪ੍ਰਚਾਰ ਤੇ ਪ੍ਰਸਾਰ ਕਰਨਾ ਵੱਡਾ ਵਿਲੱਖਣ ਯੋਗਦਾਨ ਹੈ। ਨਵੀਨ ਲਿਪੀ ਦਾ ਨਾਂ ਹੀ ਉਨ੍ਹਾਂ ਨੂੰ ਗੁਰੂ ਵੱਲ ਖਿੱਚ ਲੈਂਦਾ ਸੀ। ਇਨ੍ਹਾਂ ਅੱਖਰਾਂ ਨੇ ਹੀ ਸਿੱਖਾਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਨਿਆਰੇ ਕਰ ਵਿਖਾਇਆ। ਗੁਰਮੁਖੀ ਪ੍ਰਚਾਰ ਦੇ ਸਦਕਾ ਬ੍ਰਾਹਮਣਾਂ ਦਾ ਅਹੰਕਾਰ ਤੇ ਏਕਾਧਿਕਾਰ ਟੁੱਟਾ। ਹੁਣ ਬ੍ਰਹਮ ਦਾ ਗਿਆਨ ਹਰ ਇਕ ਤਕ ਪੁੱਜ ਸਕਦਾ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੇ ਅਸੂਲਾਂ ਨੂੰ ਆਂਚ ਨਾ ਆਉਣ ਦਿੱਤੀ। ਇਸ ਲਿੱਪੀ ਨੇ ਹੀ ਸਿੱਖਾਂ ਨੂੰ ਆਪਣੇ-ਆਪ ਵਿਚ ਇਕ ਸੁਤੰਤਰ ਅੱਡ ਕੌਮ ਬਣਾ ਦਿੱਤਾ। ਸਮਾਜਿਕ ਤੌਰ 'ਤੇ ਸੁਰਬੀਰਤਾ ਵਾਲਾ ਕਾਰਨਾਮਾ ਲੰਗਰ, ਪੰਗਤ, ਸੰਗਤ ਤੋਂ ਬਿਨਾਂ ਸਿੱਖ ਸ਼ਹਿਰਾਂ ਦੀ ਉਸਾਰੀ ਸੀ। ਕਰਤਾਰਪੁਰ ਸਾਹਿਬ ਪਿੱਛੋਂ ਖਡੂਰ ਸਾਹਿਬ ਤੇ ਫਿਰ ਗੋਇੰਦਵਾਲ ਵਸਾਉਣਾ ਅਤੇ ਅੰਮ੍ਰਿਤਸਰ ਵਸਾਉਣ ਦਾ ਹੁਕਮ ਹਕੂਮਤ ਦੇ ਰੁਅਬ ਨੂੰ ਵੰਗਾਰ ਹੀ ਸਨ। ਗੁਰੂ ਜੀ ਨੇ ਅਖੌਤੀ ਨੀਵੀਆਂ ਜਾਤਾਂ ਨੂੰ ਪੂਰਬ ਵੱਲ ਵਸਾਇਆ ਜੋ ਕਿ ਇਨ੍ਹਾਂ ਨੂੰ ਵੱਡਾ ਸਤਿਕਾਰ ਸੀ। ਸਿੱਖ ਸ਼ਹਿਰ ਬਿਲਕੁਲ ਹੀ ਵੱਖਰੇ ਲੱਗਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨਿੱਗਰ ਸੰਚਿਤ ਕਰਤਾ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰੋਹਿਤਵਾਦ ਅਤੇ 'ਬ੍ਰਾਹਮਣਵਾਦ' 'ਤੇ ਕਰੜੀ ਸੱਟ ਮਾਰੀ। ਸਿੱਖ ਬਾਣੀ ਸੁਰ ਨਾਲ ਪੜ੍ਹਨ ਨੂੰ ਹੀ ਭਗਤੀ ਜਾਣਦੇ ਹਨ। ਗੱਲ ਕੀ ਸ੍ਰੀ ਗੁਰੂ ਅੰਗਦ ਦੇਵ ਜੀ ਆਪਣੇ ਸਮੇਂ ਦੇ ਬਾਣੀਕਾਰ, ਲੋਕ ਸੇਵਕ, ਗੁਰੂ ਪ੍ਰੇਮੀ, ਲੋਕ ਇਨਕਲਾਬੀ, ਨਿਰਭਉ ਸ਼ਖ਼ਸੀਅਤ 'ਸਿੱਖ' ਰੂਪ ਵਿਚ ਸਿਰਜਣ ਵਾਲੇ ਸ਼ਬਦ ਸੂਰ ਬਲਵੰਤ ਸਨ ਜਿਨ੍ਹਾਂ ਸਿੱਖ ਇਨਕਲਾਬ ਨੂੰ ਜੀਅ ਦਾਨ ਦੇ ਕੇ ਸਮੁੱਚੀ ਲੋਕਾਈ ਦਾ ਰਾਹ ਰੁਸ਼ਨਾਇਆ।

ਸਹਾਇਕ ਪੁਸਤਕ

ਪ੍ਰਿੰ. ਸਤਿਬੀਰ ਸਿੰਘ, **ਕੁਦਰਤੀ ਨੂਰ-ਜੀਵਨੀ ਸ੍ਰੀ ਗੁਰੂ ਅੰਗਦ ਦੇਵ ਜੀ**, ਪ੍ਰਕਾਸ਼ਕ: ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।

(4/2009)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵਡਮੁੱਲੀ ਦੇਣ:
ਗੁਰਮੁਖੀ ਲਿੱਪੀ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਾਨ ਕਾਰਜਾਂ ਵਿਚੋਂ ਇਕ ਬਹੁਤ ਵੱਡੀ ਮਹਾਨਤਾ ਵਾਲਾ ਕਾਰਜ ਹੈ—ਗੁਰਮੁਖੀ ਲਿੱਪੀ ਦੀ ਸਿਰਜਨਾ। ਪਰ ਅਫ਼ਸੋਸ ਕਿ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਦੀ ਇਸ ਵਡਮੁੱਲੀ ਦੇਣ ਦੀ ਕਦਰ ਨਹੀਂ ਪਾਈ। ਕੁਝ ਵਿਦਵਾਨਾਂ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਹੈ ਕਿ ਸਿਵਾਇ ਇਸ ਦੇ ਨਾਮ 'ਗੁਰਮੁਖੀ' ਦੇ, ਇਸ ਲਿੱਪੀ ਦਾ ਹੋਰ ਕੋਈ ਵੀ ਅੰਸ਼ ਗੁਰੂ ਸਾਹਿਬਾਨ ਦੇ ਦੇਣ ਨਹੀਂ, ਕਿਉਂਕਿ ਇਸ ਲਿੱਪੀ ਦੇ ਸਾਰੇ ਅੱਖਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਮੌਜੂਦ ਸਨ। ਇਨ੍ਹਾਂ ਵਿਦਵਾਨਾਂ ਦਾ ਲਿੱਪੀ-ਵਿਗਿਆਨ ਤੇ ਲਿੱਪੀ ਦੇ ਇਤਿਹਾਸ ਬਾਰੇ ਗਿਆਨ ਮਸਾਂ ਉਨ੍ਹਾਂ ਦੇ ਘਰ ਦੀਆਂ ਬਰੂਹਾਂ ਤਕ ਸੀਮਿਤ ਹੈ। ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਨਿਰੇ ਅੱਖਰ ਲਿੱਪੀ ਨਹੀਂ ਹੁੰਦੇ। ਭਾਸ਼ਾ ਮਨੁੱਖ ਜਾਤੀ ਦੀ ਆਪਣੇ ਵਿਚਾਰ ਭਾਵ ਇੱਛਾਵਾਂ ਆਦਿ ਦੂਸਰੇ ਮਨੁੱਖਾਂ ਤਕ ਪਹੁੰਚਾਉਣ ਵਾਲੀ ਵਿਵਸਥਾ ਹੈ ਅਤੇ ਲਿੱਪੀ ਇਸ ਭਾਸ਼ਾ ਨੂੰ ਲਿਖਤ ਰੂਪ ਵਿਚ ਪੇਸ਼ ਕਰਨ ਵਾਲਾ ਇਕ ਨਿਯਮਬੱਧ ਸਿਸਟਮ ਹੈ। ਲਿੱਪੀ ਦੇ ਅੱਖਰ ਇਸ ਸਿਸਟਮ ਦਾ ਇਕ ਅੰਸ਼ ਹਨ, ਬਹੁਤ ਜ਼ਰੂਰੀ ਅੰਸ਼, ਪਰ ਨਿਰੇ ਅੱਖਰ ਲਿੱਪੀ ਨਹੀਂ ਹੁੰਦੇ।

ਗੁਰੂ ਸਾਹਿਬ ਦੇ ਸਮੇਂ ਪੰਜਾਬ ਤੇ ਲਾਗ-ਚਾਗ ਦੇ ਇਲਾਕੇ ਵਿਚ ਕਈ ਲਿੱਪੀਆਂ ਪ੍ਰਚਲਤ ਸਨ—ਸਿੱਧ ਮਾਤ੍ਰਿਕਾ, ਆਕਰੀ, ਭੱਟ-ਅੱਛਰੀ, ਲੰਡੇ, ਟਾਕਰੇ, ਆਦਿ। ਪਰ ਇਨ੍ਹਾਂ ਵਿਚੋਂ ਕੋਈ ਵੀ ਲਿੱਪੀ ਸੰਪੂਰਨ ਤੇ ਗੁਰਬਾਣੀ ਲਿਖਣ ਦੇ ਯੋਗ ਨਹੀਂ ਸੀ; ਇਸ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਲਿੱਪੀਆਂ ਦੇ ਕੁਝ-ਕੁਝ ਗੁਣ ਅਪਣਾ ਕੇ ਤੇ ਕੁਝ ਕਮਜ਼ੋਰੀਆਂ ਦੂਰ ਕਰ ਕੇ ਇਕ ਨਵੀਂ ਲਿੱਪੀ ਤਿਆਰ ਕੀਤੀ, ਜਿਸ ਦਾ ਨਾਮ ਗੁਰਮੁਖੀ ਪ੍ਰਸਿੱਧ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੀ ਸਿਰਜਣਾ ਕਰਦਿਆਂ ਕੀ ਕੁਝ ਕੀਤਾ, ਇਸ ਤੱਤ ਦੇ ਵੇਰਵੇ ਅੱਗੇ ਪੇਸ਼ ਕੀਤੇ ਗਏ ਹਨ।

1) ਇਕ ਅੱਖਰ ਨੂੰ ਸਿਰਫ਼ ਇਕ ਧੁਨੀ ਅੰਕਿਤ ਕਰਨ ਲਈ ਰੱਖਿਆ। ਦੇਵਨਾਗਰੀ ਤੇ ਕੁਝ ਹੋਰ ਲਿੱਪੀਆਂ ਵਿਚ ਇਕ ਅੱਖਰ ਦੋ-ਦੋ ਧੁਨੀਆਂ ਲਈ ਵਰਤਿਆ ਜਾ ਰਿਹਾ ਹੈ; ਜਿਵੇਂ ਦੇਵਨਾਗਰੀ ਆਦਿ ਵਿਚ ਕ੍ਸ਼, ਜ੍ਞ, ਤ੍ਰ ਆਦਿ।

2) ਅੱਖਰਾਂ ਦੇ ਰੂਪ ਨਿਸ਼ਚਿਤ ਕੀਤੇ ਜੋ ਅੱਜ ਤਕ ਉਵੇਂ ਚੱਲੇ ਆ ਰਹੇ ਹਨ। ਕੁਝ ਹੋਰ ਲਿੱਪੀਆਂ ਵਿਚ ਅ, ੲ, ਝ, ਣ, ਲ ਦੇ ਦੋ-ਦੋ ਰੂਪ ਮਿਲਦੇ ਹਨ।

3) ਜਿਹੜੀਆਂ ਧੁਨੀਆਂ ਪੰਜਾਬੀ, ਹਿੰਦੀ ਆਦਿ ਦੇ ਉਚਾਰਨ ਵਿਚ ਮੌਜੂਦ ਨਹੀਂ ਸਨ,

SikhBookClub.com

ਉਨ੍ਹਾਂ ਲਈ ਕੋਈ ਅੱਖਰ ਨਹੀਂ ਰੱਖਿਆ। ਦੇਵਨਾਗਰੀ ਆਦਿ ਵਿਚ ਥ ਤੇ ऋ ਅੱਜ ਵੀ ਲਿਖੇ ਜਾਂਦੇ ਹਨ ਜਦੋਂ ਕਿ ਅਜੋਕੀ ਹਿੰਦੀ, ਪੰਜਾਬੀ, ਮਰਾਠੀ ਵਿਚ ਇਹ ਕਿਸੇ ਧੁਨੀ ਨੂੰ ਅੰਕਿਤ ਨਹੀਂ ਕਰਦੇ।

4) ਸੁਰਾਂ ਨੂੰ ਅੰਕਿਤ ਕਰਨ ਲਈ ਸਿਰਫ਼ ਤਿੰਨ ਅੱਖਰ ਰੱਖੇ—ਉ, ਅ, ੲ। ਬਾਕੀ ਸੁਰ ਇਨ੍ਹਾਂ ਨੂੰ ਲਗਾਂ ਲਾ ਕੇ ਦਰਸਾਏ ਜਾਂਦੇ ਹਨ—ਉਸ, ਊਠ, ਓਟ, ਆਇਆ, ਐਡਾ, ਔਖਾ, ਇਕ, ਈੜੀ, ਏਦਾਂ ਆਦਿ।

ਦੇਵਨਾਗਰੀ ਆਦਿ ਵਿਚ ਸੁਰਾਂ ਨੂੰ ਅੰਕਿਤ ਕਰਨ ਵਾਲੇ ਅੱਖਰਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ।

5) ਸੰਯੁਕਤ ਵਿਅੰਜਨ ਅੰਕਿਤ ਕਰਨ ਲਈ ਸਿਰਫ਼ ਇਕੋ ਵਿਧੀ ਅਪਣਾਈ ਹੈ—ਦੂਜਾ ਅੱਖਰ ਪਹਿਲੇ ਦੇ ਪੈਰ ਵਿਚ ਅੰਕਿਤ ਕੀਤਾ ਜਾਂਦਾ ਹੈ: ਪ੍ਰੇਮ, ਸ੍ਵਾਮੀ, ਨ੍ਹਾਤਾ ਆਦਿ। ਦੇਵਨਾਗਰੀ ਵਿਚ ਕਈ ਤਰੀਕੇ ਵਰਤੇ ਹਨ: स्वर, शक्ति, वर्षा, धर्म, क्रमए प्रेस, ह्रसक ਆਦਿ।

6) ਦੇਵਨਾਗਰੀ ਆਦਿ ਵਿਚ ਨਾਸਿਕਤਾ ਦਰਸਾਉਣ ਲਈ ਅੱਧਾ ਨਾਸਿਕੀ ਵਿਅੰਜਨ ਵੀ ਵਰਤਿਆ ਜਾਂਦਾ ਹੈ: ਹਿन्दी, पण्डित ਆਦਿ। ਗੁਰਮੁਖੀ ਵਿਚ ਸਿਰਫ਼ ਇਕ ਵਿਧੀ ਹੈ—ਟਿੱਪੀ ਜਾਂ ਬਿੰਦੀ ਅੱਖਰ ਦੇ ਉੱਤੇ ਸੱਜੇ ਪਾਸੇ।

7) ਸ ਤੇ ਹ ਪਹਿਲੀ ਪੰਕਤੀ ਵਿਚ ਰੱਖੇ ਹਨ—ਉ, ਅ, ੲ (ਸੁਰਾਂ) ਤੋਂ ਪਿੱਛੋਂ ਤੇ ਵਿਅੰਜਨਾਂ ਤੋਂ ਪਹਿਲਾਂ; ਕਿਉਂਕਿ ਸੁਰਾਂ ਦੇ ਉਚਾਰਨ ਵਿਚ ਕੋਈ ਦੋ ਉਚਾਰਨ ਅੰਗ ਇਕ ਦੂਜੇ ਨੂੰ ਨਹੀਂ ਛੂੰਹਦੇ। ਵਿਅੰਜਨਾਂ ਦੇ ਉਚਾਰਨ ਵਿਚ ਦੋ ਅੰਗ ਜ਼ਰੂਰ ਛੂੰਹਦੇ ਹਨ। ਸ, ਹ ਦੋ ਅਜਿਹੀਆਂ ਧੁਨੀਆਂ ਹਨ, ਜਿਨ੍ਹਾਂ ਦੇ ਉਚਾਰਨ ਵਿਚ ਦੋ ਅੰਗ ਛੂੰਹਦੇ ਹਨ, ਪਰ ਇਕ ਦੂਜੇ ਦੇ ਐਨੇ ਨੇੜੇ ਆ ਜਾਂਦੇ ਹਨ ਕਿ ਇਨ੍ਹਾਂ ਵਿਚੋਂ ਦੀ ਸਾਹ ਰਗੜ ਖਾ ਕੇ ਲੰਘਦਾ ਹੈ, ਜਿਸ ਰਗੜ ਨਾਲ ਇਹ ਧੁਨੀਆਂ ਬਣਦੀਆਂ ਹਨ ਇਨ੍ਹਾਂ ਦਾ ਸਥਾਨ ਸੁਰਾਂ ਤੇ ਵਿਅੰਜਨਾਂ ਦੇ ਵਿਚਾਲੇ ਹੈ, ਜਿਥੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਇਨ੍ਹਾਂ ਨੂੰ ਰੱਖਿਆ ਹੈ।

ਉਪਰੋਕਤ ਵਿਵਰਨ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਨ ਭਾਸ਼ਾ ਵਿਗਿਆਨੀ ਤੇ ਲਿੱਪੀ-ਵਿਗਿਆਨੀ ਸਨ। ਆਪ ਜੀ ਆਪਣੇ ਸਮੇਂ ਤੋਂ ਬਹੁਤ ਅੱਗੇ ਦੇ ਵਿਦਵਾਨ ਸਨ। ਆਪ ਜੀ ਮਹਾਨ ਗੁਰੂ ਹੋਣ ਦੇ ਨਾਲ-ਨਾਲ ਮਹਾਨ ਵਿਗਿਆਨੀ ਤੇ ਲਿੱਪੀ ਬੋਧਕ ਵੀ ਸਨ।

(5/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਇਕ ਨੂਰਾਨੀ ਝਲਕ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਬਤ ਸਾਹਿਤਕਾਰਾਂ, ਵਿਆਖਿਆਕਾਰਾਂ ਅਤੇ ਇਤਿਹਾਸਕਾਰਾਂ ਨੇ ਵਿਸਥਾਰ ਸਹਿਤ ਰਚਨਾਵਾਂ ਤਿਆਰ ਕੀਤੀਆਂ, ਜਿਸ ਸਦਕਾ ਜਗਿਆਸੂਆਂ ਵਾਸਤੇ ਗਿਆਨ ਸਮੱਗਰੀ ਦੇ ਚੰਗੇ ਸਰੋਤ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਮੱਗਰੀ ਦਾ ਹੜ੍ਹ ਆ ਗਿਆ ਕਿਉਂਕਿ ਵਿਸ਼ਵ ਰੂਹਾਨੀਅਤ ਦੇ ਆਕਾਸ਼ ਵਿਚ ਨਵਾਂ ਸੂਰਜ ਉਦਯ ਹੋਇਆ, ਇਸ ਰੇਗਿਸਤਾਨ ਵਿਚ ਇਕ ਸਵੱਛ ਤੇ ਸ਼ਕਤੀਸ਼ਾਲੀ ਦਰਿਆ ਵਗਿਆ। ਹੁਣ ਤਕ ਦਾ ਪੰਜ ਸਦੀਆਂ ਦਾ ਸਿੱਖ ਇਤਿਹਾਸ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦਾ ਜਲੌਅ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਖ਼ਾਲਸਾ ਸਿਰਜਣਾ ਨੇ ਸਭਿਆਤਾਵਾਂ ਦੇ ਇਤਿਹਾਸ ਵਿਚ ਨਵਾਂ ਅਧਿਆਇ ਨੱਥੀ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਦਾ ਰੂਹਾਨੀ ਦਰਿਆ ਧਰਤੀ ਨੂੰ ਕਿਸੇ ਆਪਣੇ ਅਨੋਖੇ ਪਰ ਰਹੱਸਮਈ ਵਿਧਾਨ ਰਾਹੀਂ ਸਹਿਜੇ-ਸਹਿਜੇ ਸਿੰਜਦਾ ਜਾ ਰਿਹਾ ਸੀ। ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਨੇ ਵੱਡੇ ਭੂਚਾਲ ਜਿਹੇ ਝਟਕੇ ਦਿੱਤੇ। ਉਹ ਪੈਗ਼ੰਬਰੀ ਸ਼ਖ਼ਸੀਅਤ ਜਿਨ੍ਹਾਂ ਨੇ ਕਲਿਆਣ ਕਰਨ ਵਕਤ ਕਦੀ ਵੀ ਸੋਚਿਆ ਨਹੀਂ ਸੀ ਕਿ ਹਿੰਦੂ ਜਾਂ ਮੁਸਲਮਾਨ ਵਿਚ ਕੋਈ ਭੇਦ ਹੈ, ਨੂੰ ਅਣ-ਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸਿੱਖ ਸੰਗਤ ਨੇ ਨਵੇਂ ਸੰਦਰਭ ਵਿਚ ਇਤਿਹਾਸ ਨੂੰ ਪੜ੍ਹਨਾ ਤੇ ਵਾਚਣਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਨੂੰ ਨਮਾਜ਼ ਪੜ੍ਹਨ ਅਤੇ ਕੀਰਤਨ ਕਰਨ ਵਿਚ ਕੋਈ ਭਿੰਨਤਾ ਦਿਖਾਈ ਨਹੀਂ ਦਿੱਤੀ। ਗਵਾਂਢੀ ਨੇ ਕੁਰਾਨ ਦੀ ਥਾਂ ਖੰਜਰ ਹੱਥ ਵਿਚ ਫੜ ਲਿਆ ਤਦ 'ਖ਼ਾਲਸਾ ਪੰਥ' ਅਕਾਲ ਪੁਰਖ ਦੀ ਮੌਜ ਵਿਚੋਂ ਪ੍ਰਗਟ ਹੋਇਆ। ਵਿਸ਼ਾਲ ਜਥੇਬੰਦਕ ਪਰਿਵਰਤਨ ਸਾਹਮਣੇ ਆਇਆ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਅਤੇ ਖ਼ਾਲਸਾ ਪੰਥ ਬਾਬਤ ਸਾਹਿਤਕਾਰਾਂ ਨੇ ਭਾਰੀ ਤਾਦਾਦ ਵਿਚ ਸਾਹਿਤ ਰਚਿਆ।

ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਦੀਆ ਸ਼ਹਾਦਤਾਂ ਉੱਪਰ ਵੀ ਭਰਪੂਰ ਰਚਨਾਵਾਂ ਹੋਈਆਂ ਕਿਉਂਕਿ ਇਨ੍ਹਾਂ ਸ਼ਹਾਦਤਾਂ ਨੇ ਸਿੱਖ ਸੁਰਤ ਵਿਚ ਇਤਿਹਾਸਕ ਤਬਦੀਲੀ ਲਿਆਂਦੀ। ਦੋਵਾਂ ਸ਼ਹਾਦਤਾਂ ਪਿੱਛੋਂ ਸਾਨੂੰ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਖੜਕ ਦੇ ਲਿਸ਼ਕਾਰੇ ਅਤੇ ਨਗਾਰੇ ਦੀਆਂ ਗਰਜਾਂ ਸੁਣਾਈ ਦਿੰਦੀਆਂ ਹਨ।

ਗੁਰੂ ਅੰਗਦ ਦੇਵ ਜੀ ਬਾਬਤ ਵਧੀਕ ਰਚਨਾ ਨਹੀਂ ਹੋਈ। ਉਨ੍ਹਾਂ ਦੀ ਆਪਣੀ ਬਾਣੀ ਵੀ ਮੁਕਾਬਲਤਨ ਥੋੜ੍ਹੀ ਹੈ। ਕੁੱਲ 63 ਸਲੋਕ ਹਨ ਜੋ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਵਿਚ ਪਰੋ ਦਿੱਤੇ।

SikhBookClub.com

ਸਿੱਖ ਇਤਿਹਾਸ ਵਿਚ ਪਹਿਲੀ ਵਾਰ ਗੁਰੂ ਅੰਗਦ ਦੇਵ ਜੀ ਦਾ ਜ਼ਿਕਰ ਭੱਟਾਂ ਨੇ ਆਪਣੇ ਸਵੱਈਆਂ ਵਿਚ ਕੀਤਾ। ਪਰ ਇਹ ਜ਼ਿਕਰ ਉਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਦਾ ਹੈ। ਰੂਹਾਨੀ ਤਸਵੀਰ ਸਾਰੇ ਗੁਰੂ ਸਾਹਿਬਾਨ ਦੀ ਇਕ ਹੈ। ਦੂਜਾ ਸਰੋਤ ਜਨਮ ਸਾਖੀਆਂ ਹਨ। ਜਨਮ ਸਾਖੀਆਂ ਵੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਲਿਖਤ ਵਿਚ ਆਈਆਂ ਮੰਨੀਆਂ ਜਾਂਦੀਆਂ ਹਨ, ਬੇਸ਼ੱਕ ਜ਼ਬਾਨੀ ਕਥਾਕਾਰੀ ਦਾ ਰੁਝਾਨ ਗੁਰੂ ਅੰਗਦ ਦੇਵ ਜੀ ਵਕਤ ਸ਼ੁਰੂ ਹੋ ਗਿਆ ਸੀ। ਜਨਮ ਸਾਖੀਆਂ ਵਿਚ ਵੀ ਵਿਸਥਾਰ ਸਹਿਤ ਵਰਣਨ ਗੁਰੂ ਨਾਨਕ ਦੇਵ ਜੀ ਦਾ ਹੀ ਆਉਂਦਾ ਹੈ। ਹੋਰ ਗੁਰੂ ਸਾਹਿਬਾਨ ਦਾ ਘੱਟ ਹੈ। ਇਸੇ ਹੀ ਸਮੇਂ ਵਿਚ ਭਾਈ ਗੁਰਦਾਸ ਜੀ ਦੀ ਰਚਨਾ ਹੋਂਦ ਵਿਚ ਆਈ। ਇਸ ਰਚਨਾ ਵਿਚ ਗੁਰੂ ਅੰਗਦ ਦੇਵ ਜੀ ਬਾਬਤ ਵਿਸਥਾਰ ਨਾਲ ਨਹੀਂ ਦੱਸਿਆ ਗਿਆ।

ਭਾਈ ਨੰਦ ਲਾਲ ਜੀ ਨੇ ਆਪਣੇ ਦੀਵਾਨ ਵਿਚ ਦਸ ਗੁਰੂ ਸਾਹਿਬਾਨ ਨੂੰ ਯਾਦ ਕੀਤਾ ਅਤੇ ਉਸਤਤਿ ਗਾਈ ਹੈ। ਭਾਈ ਨੰਦ ਲਾਲ ਜੀ ਦੀ ਸੁਰ ਵੀ ਭੱਟਾਂ ਦੇ ਸਵੱਈਆਂ ਵਰਗੀ ਹੈ ਜਿਸ ਵਿਚ ਗੁਰ-ਸੋਭਾ ਹੈ। ਭਾਈ ਮਨੀ ਸਿੰਘ ਜੀ ਦੁਆਰਾ ਰਚਿਤ ਸਿੱਖਾਂ ਦੀ ਭਗਤਮਾਲਾ ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦਾ ਵਾਰਤਕ ਵਿਚ ਕੀਤਾ ਟੀਕਾ ਹੈ। ਇਸ ਟੀਕੇ ਦੀ ਵਚਿੱਤਰਤਾ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦਾ ਜ਼ਿਕਰ ਹੈ ਪਰ ਭਾਈ ਲਹਿਣਾ ਜੀ ਦਾ ਜ਼ਿਕਰ ਨਹੀਂ। ਗੁਰੂ ਅੰਗਦ ਦੇਵ ਜੀ ਦੇ ਸਿੱਖਾਂ ਦਾ ਵੀ ਅੱਗੇ ਜ਼ਿਕਰ ਕੀਤਾ ਪਰ ਗੁਰੂ ਜੀ ਦਾ ਜ਼ਿਕਰ ਨਹੀਂ।

ਜਨਮ ਸਾਖੀਆਂ ਵਿਚ ਗੁਰੂ ਅੰਗਦ ਦੇਵ ਜੀ ਦੀ ਨਿਮਰਤਾ, ਬੰਦਗੀ ਅਤੇ ਆਤਮ-ਸਮਰਪਣ ਦੀਆਂ ਘਟਨਾਵਾਂ ਅੰਕਿਤ ਹਨ। ਸਾਰੀਆਂ ਸਾਖੀਆਂ ਵਿਚ ਸਭ ਤੋਂ ਵਧੀਕ ਆਕਰਸ਼ਕ ਜਪੁ ਜੀ ਸਾਹਿਬ ਵਾਲੀ ਸਾਖੀ ਹੈ। ਸਾਖੀ ਅਨੁਸਾਰ, ਜਪੁ ਬਾਣੀ ਜੋ ਸਾਨੂੰ ਹੁਣ ਪ੍ਰਾਪਤ ਹੈ, ਸਮੇਂ-ਸਮੇਂ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਪਉੜੀਆਂ ਤੇ ਸਲੋਕਾਂ ਦੀ ਰਚਨਾ ਹੋਈ। ਇਕ ਦਿਨ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਸੱਦਿਆ ਤੇ ਕਿਹਾ—"ਪੁਰਖਾ ਇਕ ਅਜਿਹੀ ਬਾਣੀ ਤਿਆਰ ਕਰਨੀ ਹੈ ਜਿਸ ਦਾ ਨਿਤਨੇਮ ਹੋਇਆ ਕਰੇ। ਸਾਡੀ ਸਾਰੀ ਬਾਣੀ ਤੁਹਾਡੇ ਸਾਹਮਣੇ ਮੌਜੂਦ ਹੈ। ਇਸ ਵਿਚੋਂ ਪਉੜੀਆਂ ਅਤੇ ਸਲੋਕ ਚੁਣ ਕੇ ਸ਼੍ਰੋਮਣੀ ਲੜੀ ਬਣਾਉ।" ਗੁਰੂ ਜੀ ਦੀ ਨਿਗਰਾਨੀ ਹੇਠ ਭਾਈ ਲਹਿਣਾ ਜੀ ਨੇ ਪਉੜੀਆਂ ਨੂੰ ਤਰਤੀਬ ਦੇਣੀ ਆਰੰਭ ਕਰ ਦਿੱਤੀ। ਸਹੀ ਸਥਾਨ ਉੱਪਰ ਜਦੋਂ ਸਹੀ ਪਉੜੀ ਟਿਕਾਉਂਦੇ ਤਦ ਗੁਰੂ ਨਾਨਕ ਦੇਵ ਜੀ ਬਹੁਤ ਪ੍ਰਸੰਨਤਾ ਨਾਲ ਦੇਖਦੇ ਰਹੇ। ਬਾਣੀ ਤਿਆਰ ਹੋ ਗਈ ਤਾਂ ਬਹੁਤ ਅਸੀਸਾਂ ਦਿੱਤੀਆਂ ਤੇ ਕਿਹਾ—"ਕੇਵਲ ਜੌਹਰੀ ਹੀ ਜਾਣਦਾ ਹੁੰਦਾ ਹੈ ਕਿ ਕਿਹੜਾ ਨਗ, ਕਿਹੜਾ ਮੋਤੀ ਕਿਵੇਂ ਪਰੋਣਾ ਹੈ। ਤੂੰ ਜਾਣਕਾਰ ਹੋ ਗਿਆ ਹੈਂ। ਤੇਰੀ ਘਾਲਣਾ ਵੱਡੀ ਹੈ। ਤੂੰ ਖਰਾ ਪਾਰਖੂ ਹੈਂ।"

ਸੋਢੀ ਹਰਿ ਜੀ ਨੇ ਜਪੁਜੀ ਦਾ ਟੀਕਾ ਕਰਦਿਆਂ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਬਾਬਤ ਭਾਈ ਲਹਿਣਾ ਜੀ ਨੂੰ ਇਹ ਸ਼ਬਦ ਕਹੇ ਸਨ:

> "ਪੁਰਖਾ ਮੈਂ ਥੀਂ ਪਿਛਲਾ ਜਿ ਕੋਈ ਏਹੁ ਜਪੁ ਪੜੈ, ਸੁ ਮੈਨੂੰ ਸਮਾਏ ਹੋਏ ਨੂੰ ਆਇ ਮਿਲੈ। ਜਿ ਕੋਈ ਮੇਰਾ ਨਾਉਂ ਲਏਗਾ, ਸੁਣੇਗਾ, ਤਿਸ ਦਾ ਜ਼ਾਮਨ ਹੰਉ ਹਾਂ ਪੁਰਖਾ ਦਰਗਾਹ ਵਿਚਿ। ਪਰ ਪੁਰਖਾ ਬਿਨਾ ਜਪੁ ਜਪੇ ਤੇ ਮੈਂ ਪਾਸਿ ਆਵਣਾ ਨਾ ਮਿਲਸੀਉ ਦਰਗਾਹ ਪਰਮੇਸਰੁ ਕੀ ਮਹਿ। ਜਿਸ ਪਾਸਿ ਮੇਰਾ ਜਪੁ ਨੀਸਾਨੁ ਹੋਵੈਗਾ, ਸੁ ਮੈਂ ਪਾਸਿ

SikhBookClub.com

ਆਵੈਗਾ ਉਸਿ ਪੜਿਆਂ ਕਰਿ ਕਰਿ। ਜੁ ਜੀਉ ਪੜੈਗਾ ਸੁ ਮੁਕਤਾ ਹੋਇਗਾ।"

(ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ, ਪੰਨਾ 248-49)

ਗੁਰੂ ਅੰਗਦ ਦੇਵ ਜੀ ਦਾ ਬਿਰਤਾਂਤ ਉਦਾਸੀ ਸਾਧੂ ਸੇਵਾਦਾਰ ਦੀ ਪੋਥੀ ਪਰਚੀਆਂ ਸੇਵਾਦਾਰ ਵਿਚੋਂ ਵੀ ਪ੍ਰਾਪਤ ਹੁੰਦਾ ਹੈ। ਇਹ ਰਚਨਾ 1750 ਈਸਵੀ ਦੇ ਆਸ ਪਾਸ ਮੰਨੀ ਗਈ ਹੈ। ਇਸ ਵਿਚਲੀਆਂ ਸਾਖੀਆਂ ਤੋਂ ਸਾਨੂੰ ਗੁਰੂ ਅੰਗਦ ਦੇਵ ਜੀ ਦੇ ਨਿਰਮਲ ਹਿਰਦੇ ਦੇ ਦੀਦਾਰ ਹੁੰਦੇ ਹਨ। ਨਮੂਨੇ ਮਾਤਰ ਇਸ ਵਿਚੋਂ ਇਕ ਹਿੱਸਾ ਦੇਣਾ ਵਾਜਬ ਹੈ: "ਆਗੈ ਸਾਖੀ ਦੂਸਰੇ ਮਹਲ ਕੀ ਤੁਰੀ" ਫੇਰਿ ਗੁਰੂ ਬਾਬੇ ਗੁਰਾਈ ਦੇ ਤਖਤ ਉਪਰ ਗੁਰੂ ਅੰਗਦ ਕਉ ਬਇਠਾਇਆ ਤੇ ਆਪ ਜੋਤੀ ਮਹਿ ਜੋਤ ਸਮਾਨੇ।... ਜੋ ਗੁਰਾਈ ਕਾ ਤਖਤ ਗੁਰੂ ਅੰਗਦ ਜੀ ਕਉ ਬਖਸਿਆ।... ਗੁਰੂ ਜੀ ਤੈਂ ਬੜਾ ਗੜ ਸਾਧਿਆ ਹੈ। ਅਰ ਤੂ ਬੜਾ ਸੂਰਬੀਰ ਹਹਿ। ਸੋ ਤਿਸ ਪੁਰਖ ਕਉ ਤੈਂ ਰੀਝਾਇਆ ਹੈ। ਇਹ ਪਦੁ ਤੁਝੈ ਮੁਬਾਰਖ ਹੋਇ। ਇਹਿ ਬਡੀ ਜੀਤ ਪਰਮੇਸਰ ਤੋ ਕਉ ਬਖਸੀ ਹੈ। ਪਰ ਹਮ ਕੋ ਕਿਰਪਾ ਕਰਕੇ ਇਹ ਬਾਤ ਸੁਨਾਵਹੁ ਜੋ ਉਹ ਕਰਮ ਤੁਝੇ ਕਉਨ ਕੀਨਾ ਅਰ ਉਹ ਸੇਵਾ ਕਉਨ ਕੀਨੀ ਹੈ। ਅਰ ਉਹ ਕਉਨ ਸੀ ਆਗਿਆ ਮਾਨੀ ਜੋ ਗੁਰੂ ਬਾਬੇ ਤੇਰੇ ਬਿਖੇ ਅਪਨਾ ਸਰੂਪ ਪਲਟ ਛਡਿਆ ਹੈ। ਇਹ ਬਾਤ ਮੈਂ ਕਉ ਸੁਨਨ ਕੀ ਪਿਆਸ ਹੈ।... ਤਬ ਗੁਰੂ ਅੰਗਦ ਜੀ ਇਹੁ ਉਤਰ ਦੀਆ, ਜੋ ਮੈਂ ਉਨਕੀ ਕ੍ਰਿਪਾ ਕੀ ਘਾਲ ਘਾਲੀ ਹੈ। ਅਵਰ ਘਾਲ ਤਉ ਮੇਰੇ ਪਾਸਹੁ ਕਛੁ ਨਹੀਂ ਹੋਈ। ਅਰੁ ਜਉ ਕਛੁ ਘਾਲਿ ਹੁਈ ਭੀ ਹੈ ਤਉ ਗੁਰਹ ਕੀ ਕ੍ਰਿਪਾ ਸਿਉ ਹੁਈ ਹੈ। ਤਾਂ ਤੇ ਫਿਰ... ਗੁਰੂ ਜੀ ਤੁਮ ਸਤਿ ਕਹਤੇ ਹੋ। ਇਹ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ। ਇਹੀ ਜਾਨਨਾ ਪਰਵਾਨ ਹੈ।

ਇਸ ਪਿਛੋਂ ਜਿਹੜੀਆਂ ਹੋਰ ਸਾਖੀਆਂ ਦਾ ਵਰਣਨ ਸਾਧੂ ਸੇਵਾਦਾਰ ਨੇ ਕੀਤਾ ਹੈ ਉਹ ਹਨ—ਰਾਤ ਕਿੰਨੀ ਬੀਤੀ, ਅੱਧੀ ਰਾਤ ਨੂੰ ਕਿਹਾ ਦੁਪਹਿਰ ਹੈ, ਕਿੱਕਰ ਉੱਪਰ ਚੜ੍ਹ ਕੇ ਟਾਹਣ ਹਿਲਾਉਣ ਨਾਲ ਮਠਿਆਈਆਂ ਦੀ ਬਾਰਸ਼, ਚੁਬੱਚੇ ਵਿਚੋਂ ਕਟੋਰਾ ਕੱਢਣ, ਮੁਰਦਾ ਖਾਣ ਆਦਿਕ ਵਾਲੀਆਂ ਸਾਖੀਆਂ ਦਰਜ ਹਨ।

ਪਾਂਚ ਪੈਸੇ ਅਰੁ ਨਾਲੀਏਰ ਆਗੈ ਧਰਿ ਕੇ ਮਥਾ ਟੇਕਿਆ ਆਪਹੁ ਤੇ ਗੁਰਾਈ ਕੇ ਤਖਤ ਉਪਰਿ ਬੈਠਾਇਆ। ਫਿਰ ਸੰਗਤ ਕਉ ਹੁਕਮ ਹੋਆ ਜੋ ਇਨਹੀ ਕੇ ਆਗੇ ਮਸਤਕ ਟੇਕਹੁ। ਗੁਰੂ ਤੁਮਾਹਰਾ ਏਹੀ ਹੈ। ਫਿਰਿ ਇਹਿ ਤੁਕ ਪੜ੍ਹੀ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

(ਪੰਨਾ ੮)

ਮਾਤਾ ਦਇਆ ਕੌਰ ਅਤੇ ਪਿਤਾ ਭਾਈ ਫੇਰੂ ਜੀ ਦੇ ਘਰ 31 ਮਾਰਚ, 1504 ਈ. ਨੂੰ ਮੱਤੇ ਦੀ ਸਰਾਂ (ਜ਼ਿਲ੍ਹਾ ਮੁਕਤਸਰ) ਪਿੰਡ ਵਿਚ ਜਨਮ ਹੋਇਆ ਤੇ ਬੱਚੇ ਦਾ ਨਾਮ ਲਹਿਣਾ ਰੱਖਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਖਡੂਰ ਸਾਹਿਬ ਚਰਨ ਪਾਏ ਸਨ ਤਾਂ ਮਾਈ ਸਭਰਾਈ ਨੇ ਆਪ ਦੇ ਦਰਸ਼ਨ ਕਰਕੇ ਬੇਨਤੀ ਕੀਤੀ ਕਿ ਕੁਝ ਦਿਨ ਸਾਡੇ ਪਾਸ ਰਹੋ। ਗੁਰੂ ਜੀ ਨੇ ਕਿਹਾ, ਲੰਮਾ ਸਮਾਂ ਰਹਾਂਗੇ। 'ਮਹਿਮਾ ਪ੍ਰਕਾਸ਼' ਦੇ ਕਰਤਾ ਅਨੁਸਾਰ ਇਹ ਵਾਕ ਉਦੋਂ ਸੱਚ ਹੋਏ ਜਦੋਂ ਗੁਰੂ ਜੀ ਨੇ ਭਾਈ ਲਹਿਣਾ ਨੂੰ ਗੁਰਿਆਈ ਦੇ ਕੇ ਕਿਹਾ:

SikhBookClub.com

ਪੁਰਖਾ ਜੀ ਤੁਸੀਂ ਖਡੂਰ ਜਾਇ ਕੈ ਰਹੋ।
ਮਾਈ ਸਭਰਾਈ (ਭਰਾਹੀ, ਫਿਰਾਈ) ਦੇ ਘਰ ਸਾਡੇ ਬੈਠਣ ਦੀ ਮੰਜੀ ਹੈ।
ਤੁਸੀਂ ਉਥੇ ਜਾਇ ਕਰ ਬੈਠੋ।
ਅਸੀਂ ਤੁਹਾਡੇ ਪਾਸ ਆਵਾਂਗੇ।

ਭਾਈ ਲਹਿਣਾ ਜੀ ਦੀ ਪਰਖ ਵਾਸਤੇ ਜੋ ਪ੍ਰੀਖਿਆਵਾਂ ਲਈਆਂ ਗਈਆਂ ਉਨ੍ਹਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਨਾਲ ਜਾਣਨ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਦੀ ਜਿਹੜੀ ਪਾਰਖੂ ਅੱਖ ਲੱਖ ਅਕਾਸ਼ ਤੇ ਲੱਖ ਪਾਤਾਲ ਦੇਖ ਸਕਦੀ ਸੀ, ਉਨ੍ਹਾਂ ਦੀ ਸ਼ਕਤੀ ਸਾਹਮਣੇ ਨਾ ਕੋਈ ਬੰਦਾ ਆਪਣੇ ਗੁਣ ਲੁਕਾ ਸਕਦਾ ਸੀ ਨਾ ਔਗੁਣ। ਸਾਖੀਆਂ ਵਿਚ ਦਰਜ ਪ੍ਰੀਖਿਆਵਾਂ ਦੇ ਸੱਚ ਤੋਂ ਇਨਕਾਰੀ ਹੋਣ ਦੀ ਲੋੜ ਨਹੀਂ। ਇਹ ਪ੍ਰੀਖਿਆਵਾਂ ਲਈਆਂ ਗਈਆਂ ਸਨ। ਇਨ੍ਹਾਂ ਪ੍ਰੀਖਿਆਵਾਂ ਦੀ ਨਾ ਗੁਰੂ ਨਾਨਕ ਸਾਹਿਬ ਨੂੰ ਜ਼ਰੂਰਤ ਸੀ ਨਾ ਗੁਰੂ ਅੰਗਦ ਦੇਵ ਜੀ ਨੂੰ। ਸੰਗਤ ਨੂੰ ਇਹ ਦਿਖਾਉਣਾ ਜ਼ਰੂਰੀ ਸੀ ਕਿ ਬਾਕੀ ਸਭ ਦੇ ਮੁਕਾਬਲੇ ਭਾਈ ਲਹਿਣਾ ਜੀ ਸਰਬੋਤਮ ਹਨ। ਮਹਾਂਪੁਰਖਾਂ ਦੀਆਂ ਪ੍ਰੀਖਿਆਵਾਂ ਦਾ ਜ਼ਿਕਰ ਸਾਰਿਆਂ ਧਰਮਾਂ ਵਿਚ ਆਉਂਦਾ ਹੈ। ਇਨ੍ਹਾਂ ਪ੍ਰੀਖਿਆਵਾਂ ਵਿਚੋਂ ਲੋਕ ਪ੍ਰਤੀਤ ਕਰ ਲੈਂਦੇ ਹਨ ਕਿ ਜਿਸ ਦੀ ਪਰਖ ਕੀਤੀ, ਉਹ ਸਹੀ ਪਾਇਆ ਗਿਆ। ਪਰਖ ਬ਼ਗ਼ੈਰ ਸਥਾਪਤ ਕੀਤੇ ਮਹਾਂਪੁਰਖ ਉੱਪਰ ਕੋਈ ਸ਼ੱਕ ਨਾ ਕਰ ਸਕੇ, ਅਜਿਹੇ ਵਰਤਾਰੇ ਇਤਿਹਾਸ ਵਿਚ ਕਈ ਥਾਂ ਪ੍ਰਾਪਤ ਹੁੰਦੇ ਹਨ।

ਭਾਈ ਲਹਿਣਾ ਜੀ ਸਨਾਤਨੀ ਦੇਵੀ ਪੂਜਕ ਸਨ। ਇਸ ਕਰਕੇ ਕਈ ਵਾਰ ਇਤਿਹਾਸਕਾਰ ਇਸ ਦ੍ਰਿਸ਼ਟੀਕੋਣ ਤੋਂ ਵੀ ਉਨ੍ਹਾਂ ਬਾਬਾਤ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਪੁਰਾਣੇ ਸੰਸਕਾਰ ਮਿਟਾਉਣ ਵਿਚ ਬੜੀ ਮਿਹਨਤ ਕਰਨੀ ਪਈ ਹੋਵੇਗੀ। ਸਹੀ ਇਹ ਹੈ ਕਿ ਭਾਈ ਲਹਿਣਾ ਜੀ ਜਿਹੇ ਮਹਾਂਪੁਰਖ ਆਪਣੇ ਈਮਾਨ ਵਿਚ ਪੂਰੇ ਹੁੰਦੇ ਹਨ। ਜਦੋਂ ਉਹ ਦੇਵੀ ਪੂਜਕ ਸਨ, ਉਦੋਂ ਉਹ ਦੇਵੀ ਦੇ ਖਰੇ ਭਗਤ ਸਨ। ਕੋਈ ਦਿਖਾਵੇ ਦੇ ਭਗਤ ਨਹੀਂ ਸਨ। ਪਰ ਜਦੋਂ ਰਾਹ ਜਾਂਦਿਆਂ ਗੁਰੂ ਨਾਨਕ ਦੇਵ ਜੀ ਦੇ ਦੀਦਾਰ ਹੋਏ, ਤੁਰੰਤ ਉਨ੍ਹਾਂ ਦੇ ਹੋ ਗਏ। ਇਹ ਜਥਾ ਜਿਹੜਾ ਜਵਾਲਾ ਜੀ ਦੇ ਦਰਸ਼ਨਾਂ ਲਈ ਜਾ ਰਿਹਾ ਸੀ, ਉਹ ਉਸ ਦੇ ਨੇਤਾ ਸਨ ਤੇ ਜਾਂਦੇ ਜਾਂਦੇ ਰਸਤੇ ਵਿਚ ਕਰਤਾਰਪੁਰ ਲਾਗਿਓਂ ਲੰਘੇ ਤਾਂ ਇਹ ਸੋਚ ਕੇ ਕਿ ਜਥਾ ਥੋੜ੍ਹੀ ਦੇਰ ਆਰਾਮ ਕਰ ਲਵੇ, ਇੰਨੇ ਨੂੰ ਮੈਂ ਗੁਰੂ ਨਾਨਕ ਸਾਹਿਬ ਦੇ ਦੀਦਾਰ ਕਰ ਆਵਾਂ, ਉਸ ਪਿਛੋਂ ਜਵਾਲਾ ਜੀ ਲਈ ਚਾਲੇ ਪਾ ਦਿਆਂਗੇ। ਜਦੋਂ ਗੁਰੂ ਜੀ ਦੇ ਦੀਦਾਰ ਹੋਏ, ਤੁਰੰਤ ਬਾਕੀ ਦੀ ਸਭ ਖੇਡ ਖ਼ਤਮ ਹੋ ਗਈ। ਆਤਮ ਸਮਰਪਣ ਕਰ ਦਿੱਤਾ ਵਾਪਸ ਜਥੇ ਪਾਸ ਨਹੀਂ ਗਏ। ਸੁਨੇਹਾ ਭਿਜਵਾ ਦਿੱਤਾ ਕਿ ਜਿਸ ਨੇ ਜਵਾਲਾ ਜੀ ਦੇ ਦਰਸ਼ਨ ਕਰਨੇ ਹੋਣ ਚਲੇ ਜਾਣ, ਮੈਂ ਜਿਥੇ ਪੁੱਜਣ ਦੀ ਮੰਜ਼ਿਲ ਮਿਥੀ ਸੀ, ਉਥੇ ਪੁੱਜ ਗਿਆ ਹਾਂ। ਸਾਖੀਕਾਰ ਦੱਸਦੇ ਹਨ ਕਿ ਸਾਰੇ ਸੰਸਾਰ ਦੇ ਫਰਿਸ਼ਤੇ, ਦੇਵੀ-ਦੇਵਤੇ ਗੁਰੂ ਨਾਨਕ ਸਾਹਿਬ ਦੀ ਤਾਬਿਆਦਾਰੀ ਵਿਚ ਖਲੋਤੇ ਭਾਈ ਲਹਿਣਾ ਜੀ ਨੇ ਵੇਖੇ। ਦੇਵੀ ਭਗਤ ਬੁੜ ਬੁੜ ਕਰਦੇ ਹੋਏ ਕਿ ਦੇਵੀ ਦੀ ਬਜਾਏ, ਭਾਈ ਲਹਿਣਾ ਇਕ ਮਨੁੱਖ ਦਾ ਭਗਤ ਹੋ ਗਿਆ ਹੈ, ਚਲੇ ਗਏ। ਉਨ੍ਹਾਂ ਨੇ ਇਸ ਗੱਲ ਦਾ ਬੁਰਾ ਮਨਾਇਆ।

ਇਹ ਬਿਲਕੁਲ ਉਸ ਪ੍ਰਕਾਰ ਦਾ ਵਰਤਾਰਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਮਾਧੋਦਾਸ ਬੈਰਾਗੀ ਨੂੰ ਨਾਂਦੇੜ ਜਾ ਕੇ ਮਿਲੇ। ਮਾਧੋਦਾਸ ਜੰਗਲ ਵਿਚੋਂ ਗ਼ੁੱਸੇ ਨਾਲ ਆਪਣੇ ਡੇਰੇ ਵਿਚ

SikhBookClub.com

ਆਇਆ ਜਦੋਂ ਉਸ ਨੂੰ ਪਤਾ ਲੱਗਾ ਕਿ ਕੋਈ ਅਜਨਬੀ ਉਸ ਦੇ ਆਸਣ ਉੱਪਰ ਬਿਰਾਜਮਾਨ ਹੋ ਗਿਆ ਹੈ। ਜਦੋਂ ਦਰਸ਼ਨ ਕੀਤੇ, ਤੁਰੰਤ ਸ਼ਾਂਤ ਹੋ ਗਿਆ ਅਤੇ ਚਰਨੀਂ ਹੱਥ ਲਾ ਕੇ ਕਿਹਾ— ਮਹਾਰਾਜ ਮੈਂ ਤੁਹਾਡਾ ਬੰਦਾ ਹਾਂ, ਮੇਰੇ ਉਪਰ ਦਇਆਵਾਨ ਹੋਵੋ। ਦਹਾਕਿਆਂ ਦੀ ਕੀਤੀ ਹੋਈ ਤਪੱਸਿਆ ਦਾ ਕੋਈ ਮਾਣ ਨਾ ਰਿਹਾ। ਇਕ ਆਗਿਆਕਾਰੀ ਬਾਲਕ ਵਾਂਗ ਅਧੀਨ ਹੋ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਗੁਰੂ ਨਾਨਕ ਦੇਵ ਜੀ ਨੂੰ ਵੀ ਆਪਣੇ ਜਾਨਸ਼ੀਨ ਦਾ ਪਹਿਲਾਂ ਹੀ ਪਤਾ ਸੀ।

(4/2004)

SikhBookClub.com

ਭਾਈ ਸੱਤਾ ਬਲਵੰਡ ਤੇ ਭੱਟਾਂ ਦੀ ਦ੍ਰਿਸ਼ਟੀ ਵਿਚ
ਸ੍ਰੀ ਗੁਰੂ ਅੰਗਦ ਦੇਵ ਜੀ

ਸਿੱਖ ਇਤਿਹਾਸ ਵਿਚ ਭਾਈ ਸੱਤਾ ਤੇ ਭਾਈ ਬਲਵੰਡ ਜੀ ਨੂੰ ਗੁਰੂ ਦਰਬਾਰ ਦੇ ਪ੍ਰਸਿੱਧ ਕੀਰਤਨੀਏ (ਰਬਾਬੀ) ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਆਪਣੀ ਰਚਿਤ ਬਾਣੀ ਰਾਮਕਲੀ ਦੀ ਵਾਰ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪ੍ਰਤਿਭਾ ਨੂੰ ਬਾਖ਼ੂਬੀ ਕਲਮਬੱਧ ਕਰਨ ਦਾ ਯਤਨ ਕੀਤਾ ਹੈ। ਵਾਰ ਦੀਆਂ ੮ ਪਉੜੀਆਂ ਵਿਚੋਂ ੫ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਸੰਬੰਧਿਤ ਹਨ। ਭੱਟਾਂ ਦੇ ਸਵੱਈਏ ਜੋ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਕੀਰਤੀ ਹਿਤ ਰਚੇ ਹਨ, ਉਨ੍ਹਾਂ ਵਿਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਨ ਲਈ ਭੱਟ ਕਲਸਹਾਰ ਦੇ ੧੦ ਸਵੱਈਏ ਹਨ। ਇਨ੍ਹਾਂ ਦੋਨਾਂ ਰਚਨਾਵਾਂ ਦਾ ਅਧਿਐਨ ਕਰਨ ਉਪਰੰਤ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੈਵੀ (ਗੁਰੂ ਜੋਤਿ) ਸਰੂਪ ਨੂੰ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ।

ਭਾਈ ਸੱਤਾ ਤੇ ਭਾਈ ਬਲਵੰਡ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਬਾਦਸ਼ਾਹਤ ਕਾਇਮ ਕੀਤੀ ਅਤੇ ਸੱਚ ਦੇ ਕਿਲ੍ਹੇ ਦੀ ਮਜ਼ਬੂਤ ਬੁਨਿਆਦ ਰੱਖੀ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥

(ਪੰਨਾ ੯੬੬)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਗੁਰਿਆਈ ਭਾਈ ਲਹਿਣੇ ਨੂੰ ਸੌਂਪ ਕੇ ਗੁਰੂ 'ਅੰਗਦ' ਰੂਪ ਦਿੱਤਾ। ਭੱਟ ਕਵੀ ਕਲ੍ਹ ਸਹਾਰ ਜੀ ਇਸ ਪ੍ਰਥਾਇ ਲਿਖਦੇ ਹਨ:

ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥
ਸਤਿਗੁਰੁ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥
ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ
ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥

(ਪੰਨਾ ੧੩੯੧)

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਹ ਗੁਰਿਆਈ ਸਹਿਜੇ ਹੀ ਪ੍ਰਾਪਤ ਨਹੀਂ ਹੋਈ ਸਗੋਂ ਅਨੇਕਾਂ ਕਠਿਨ ਪ੍ਰੀਖਿਆਵਾਂ ਤੋਂ ਬਾਅਦ ਪ੍ਰਾਪਤ ਹੋਈ, ਜਿਨ੍ਹਾਂ ਦਾ ਜ਼ਿਕਰ ਜਨਮਸਾਖੀ ਸਾਹਿਤ ਵਿਚ ਵੱਖ-ਵੱਖ ਥਾਈਂ ਕੀਤਾ ਗਿਆ ਹੈ। ਭਾਈ ਸੱਤਾ ਤੇ ਭਾਈ ਬਲਵੰਡ ਜੀ ਨੇ ਵੀ ਇਸ ਦੀ ਪ੍ਰੋੜਤਾ ਕੀਤੀ ਹੈ:

SikhBookClub.com

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

(ਪੰਨਾ ੯੬੭)

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥

(ਪੰਨਾ ੯੬੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਗੁਰਗੱਦੀ ਨਾ ਦੇ ਕੇ ਸਗੋਂ ਯੋਗ ਵਿਅਕਤੀ ਦੀ ਚੋਣ ਕੀਤੀ। ਇਹ ਗੁਰੂ-ਘਰ ਦੀ ਵਡਿਆਈ ਹੈ। ਇਸ ਪ੍ਰਥਾਇ ਗੁਰਬਾਣੀ ਵਿਚ ਕਿਹਾ ਗਿਆ ਹੈ:

ਤਖਤਿ ਬਹੈ ਤਖਤੈ ਕੀ ਲਾਇਕ॥ *(ਪੰਨਾ ੧੦੩੯)*

ਭਾਈ ਸੱਤਾ ਤੇ ਭਾਈ ਬਲਵੰਡ ਜੀ ਲਿਖਦੇ ਹਨ ਜਦੋਂ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਤਾਂ ਭਾਈ ਲਹਿਣਾ ਜੀ ਦੀ ਦੋਹੀ (ਦੁਹਾਈ) ਫਿਰ ਗਈ ਪਰੰਤੂ ਹੈਰਾਨੀਜਨਕ ਗੱਲ ਇਹ ਹੋਈ ਕਿ ਗੁਰੂ ਜੋਤਿ ਤਾਂ ਉਹੋ ਹੀ ਰਹੀ ਅਤੇ ਉਸ ਨੂੰ ਨਿਰੰਤਰਤਾ ਪ੍ਰਦਾਨ ਕਰਨ ਲਈ ਜੁਗਤਿ ਦੇ ਸਿਧਾਂਤ ਵਿਚ ਕੋਈ ਫ਼ਰਕ ਨਹੀਂ ਆਉਣ ਦਿੱਤਾ, ਕੇਵਲ ਕਾਇਆ ਹੀ ਪਲਟੀ ਜਿਸ ਦੀ ਪ੍ਰੌੜਤਾ ਇਨ੍ਹਾਂ ਸਤਰਾਂ ਤੋਂ ਹੋ ਜਾਂਦੀ ਹੈ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਉਪਰੋਕਤ ਵਿਚਾਰਾਂ ਦੀ ਗਵਾਹੀ ਭਰਦੇ ਭਾਈ ਗੁਰਦਾਸ ਜੀ ਲਿਖਦੇ ਹਨ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥ *(ਵਾਰ ੧:੪੫)*

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਸਰੂਪ ਹੀ ਹਨ ਕਿਉਂਕਿ ਇਨ੍ਹਾਂ ਵਿਚ ਇਕ ਹੀ ਜੋਤਿ ਹੈ ਤੇ ਇਹੀ ਜੋਤਿ ਦਸ ਜਾਮਿਆਂ ਵਿਚ ਇਕ ਰੂਪ ਵਿਚਰਦੀ ਰਹੀ। ਇਸ ਵਿਚਾਰ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ:

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥

(ਪੰਨਾ ੫੯੯)

ਭੱਟ ਕਵੀ ਕਹਿੰਦੇ ਹਨ ਕਿ ਤੈਨੂੰ ਗੁਰੂ ਨਾਨਕ ਪਾਤਸ਼ਾਹ ਨੇ ਪ੍ਰਭੂਤਾ ਪ੍ਰਦਾਨ ਕੀਤੀ ਕਿਉਂਕਿ ਤੂੰ ਪ੍ਰਧਾਨ ਗੁਰਾਂ ਦੀ ਟਹਿਲ ਕਮਾਈ। ਹੇ ਗੁਰੂ ਅੰਗਦ! ਤੇਰਾ ਦਰਸ਼ਨ ਸਾਈਂ, ਹਰੀ (ਪਰਮਾਤਮਾ) ਦੇ ਦਰਸ਼ਨ ਵਰਗਾ ਹੈ:

SikhBookClub.com

ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ ਜਾਣੀਅ
ਅਕਲ ਗਤਿ ਗੁਰ ਪਰਵਾਨ॥
ਜਾ ਕੀ ਦ੍ਰਿਸਟਿ ਅਚਲ ਠਾਣ
ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥

(ਪੰਨਾ ੧੩੯੧)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਅਜਿਹੀ ਹੈ ਕਿ ਉਨ੍ਹਾਂ ਦੇ ਨੇਤਰਾਂ ਦੀ ਆਬਿ-ਹਯਾਤ ਦੀ ਨਦੀ ਪਾਪਾਂ ਦੀ ਕਾਲਖ ਨੂੰ ਧੋ ਸੁੱਟਦੀ ਹੈ ਅਤੇ ਉਨ੍ਹਾਂ ਦੇ ਦਰ ਦੇ ਦਰਸ਼ਨ ਬੇਸਮਝੀ ਦਾ ਹਨ੍ਹੇਰਾ ਦੂਰ ਕਰ ਦਿੰਦੇ ਹਨ। ਜੋ ਵੀ ਨਾਮ ਸਿਮਰਨ ਕਰਦੇ ਹਨ ਉਹ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰ ਜਾਂਦੇ ਹਨ ਅਤੇ ਪਾਪਾਂ ਦੇ ਬੋਝ ਤੋਂ ਖਲਾਸੀ ਪਾ ਲੈਂਦੇ ਹਨ।

ਭੱਟ ਕਵੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜਨਕ ਰਾਜੇ ਨਾਲ ਤੁਲਨਾ ਕੀਤੀ ਹੈ। ਹਿੰਦੂ ਇਤਿਹਾਸ ਅਨੁਸਾਰ ਇਕ ਜਨਕ ਰਾਜਾ ਹੀ ਅਜਿਹਾ ਹੋਇਆ ਹੈ, ਜਿਸ ਨੇ ਰਾਜ ਕਰਦਿਆਂ ਜਗਤ ਨੂੰ ਮਿਥਿਆ ਮੰਨਿਆ। ਗੁਰੂ ਅੰਗਦ ਸਾਹਿਬ ਵੀ ਉਸ ਵਾਂਗ ਨਿਰਲੇਪ ਇਸ ਜਗਤ ਵਿਚ ਪਾਣੀ (ਚਿੱਕੜ) ਅੰਦਰ ਕੰਵਲ ਦੀ ਨਿਆਈਂ ਹੈ। ਇਸ ਦੀ ਪ੍ਰੌੜਤਾ ਇਨ੍ਹਾਂ ਪੰਕਤੀਆਂ ਤੋਂ ਹੁੰਦੀ ਹੈ:

ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ ਰਹਹਿ
ਜਗਤ੍ਰ ਜਲ ਪਦਮ ਬੀਚਾਰ॥

(ਪੰਨਾ ੧੩੯੧)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪ੍ਰਤਿਭਾ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੀ ਹੈ। ਭੱਟ ਕਵੀ ਇਸ ਪ੍ਰਥਾਇ ਬਿਆਨ ਕਰਦੇ ਹਨ ਕਿ ਸਵਰਗੀ ਬ੍ਰਿਛ ਦੀ ਮਾਨੰਦ ਤੂੰ ਜਗਤ ਦੀਆਂ ਬੀਮਾਰੀਆਂ (ਦੁੱਖਾਂ-ਤਕਲੀਫ਼ਾਂ) ਨੂੰ ਨਸ਼ਟ ਕਰ ਦਿੰਦਾ ਹੈਂ:

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ
ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥

(ਪੰਨਾ ੧੩੯੧)

ਹੇ ਗੁਰੂ ਅੰਗਦ ! ਤੇਰੇ ਖ਼ਿਆਲ ਪਵਿੱਤਰ ਹਨ ਅਤੇ ਤੂੰ ਫਲ ਨਾਲ ਭਰੇ ਹੋਏ ਬ੍ਰਿਛ ਵਾਂਗ ਨਿਮਰਤਾ ਅੰਦਰ ਨਿਉਂਦਾ ਹੈਂ ਅਤੇ ਫਲਦਾਰ ਹੋਣ ਦਾ ਦੁੱਖ ਸਹਾਰਦਾ ਹੈ ਕਿਉਂਕਿ ਤੂੰ ਸਰਬ-ਵਿਆਪਕ ਤੇ ਅਦ੍ਰਿਸ਼ਟ ਅਤੇ ਅਦਭੁਤ ਸੁਆਮੀ ਨੂੰ ਅਨੁਭਵ ਕਰ ਲਿਆ ਹੈ। ਤੂੰ ਮਕਬੂਲ ਗੁਰੂ ਦਾ ਦਰਜਾ ਪ੍ਰਾਪਤ ਕਰ ਲਿਆ ਹੈ ਅਤੇ ਸੱਚ ਤੇ ਸੰਤੁਸ਼ਟਤਾ ਨੂੰ ਗ੍ਰਹਿਣ ਕਰ ਲਿਆ ਹੈ। ਭੱਟ ਕਵੀ ਕਲਸਹਾਰ ਜੀ ਕਹਿੰਦੇ ਹਨ ਕਿ ਜਿਸ ਕਿਸੇ ਨੂੰ ਭਾਈ ਲਹਿਣੇ ਦਾ ਦੀਦਾਰ ਪ੍ਰਾਪਤ ਹੋ ਜਾਂਦਾ ਹੈ ਉਹ ਆਪਣੇ ਹਰੀ ਨੂੰ ਮਿਲ ਜਾਂਦਾ ਹੈ। ਹਰੀ ਨੂੰ ਮਿਲਣ ਦਾ ਸਾਧਨ ਹੈ ਨਾਮ—ਨਾਮ ਤੇਰੀ ਦਵਾਈ ਹੈ, ਨਾਮ ਆਸਰਾ ਤੇ ਨਾਮ ਹੀ ਤੇਰੀ ਸਮਾਧੀ ਦਾ ਆਰਾਮ ਅਤੇ ਪ੍ਰਭੂ ਦੇ ਨਾਮ ਦੀ ਮੋਹਰ ਤੈਨੂੰ ਹਮੇਸ਼ਾ ਸੁਸ਼ੋਭਿਤ ਕਰਦੀ ਹੈ। ਤੂੰ ਪ੍ਰਭੂ ਦੇ ਪਿਆਰ ਨਾਲ ਰੰਗਿਆ ਹੋਇਆ ਹੈਂ। ਪ੍ਰਭੂ ਨਾਮ ਦੇਵਤਿਆਂ ਅਤੇ ਮਨੁੱਖਾਂ ਨੂੰ ਸੁਗੰਧਤ ਕਰ ਦਿੰਦਾ ਹੈ। ਜੇ ਕੋਈ ਨਾਮ ਰੂਪੀ ਪਾਰਸ ਨੂੰ ਪਾ ਲੈਂਦਾ ਹੈਂ ਤਾਂ ਉਹ ਸੱਚ ਸਰੂਪ ਹੋ ਜਾਂਦਾ ਹੈ ਅਤੇ ਉਸ ਦੀ ਪ੍ਰਭੂਤਾ ਦਾ ਸੂਰਜ ਸਾਰੇ ਸੰਸਾਰ ਅੰਦਰ ਚਮਕਦਾ ਹੈ।

SikhBookClub.com

ਉਪਰੋਕਤ ਵਿਆਖਿਆ ਤੋਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਗੁਰੂ ਤੇ ਪਰਮਾਤਮਾ ਇਕ ਹੀ ਹਨ। ਦੋਹਾਂ ਵਿਚ ਏਨੀ ਅਭੇਦਤਾ ਹੈ ਕਿ ਸਿੱਖ, ਗੁਰੂ ਵਿਚੋਂ ਹੀ ਗੋਬਿੰਦ ਨੂੰ ਦਿਬ-ਦ੍ਰਿਸ਼ਟੀ ਰਾਹੀਂ ਨਿਹਾਰਦਾ ਹੈ। ਇਸੇ ਕਰਕੇ ਡਾ· ਮਨਮੋਹਨ ਸਹਿਗਲ ਲਿਖਦੇ ਹਨ—

"ਜਿਉਂ ਜਿਉਂ ਚਿੰਤਨ ਦਾ ਖੇਤਰ ਵਿਸਤ੍ਰਿਤ ਹੁੰਦਾ ਹੈ, ਗੁਰੂ ਹੀ ਬ੍ਰਹਮ ਰੂਪ ਦਿਖਾਈ ਦੇਣ ਲੱਗਦਾ ਹੈ ਅਤੇ ਸਿੱਖ ਦੀ ਉਹ ਅਵਸਥਾ ਵੀ ਦੂਰ ਨਹੀਂ ਰਹਿ ਜਾਂਦੀ ਜਦ ਉਹ ਗੁਰੂ ਨੂੰ ਸਾਖਿਆਤ ਬ੍ਰਹਮ ਸਵੀਕਾਰ ਕਰਦਾ ਹੈ ਅਤੇ ਦੋਹਾਂ ਦੀ ਅਭੇਦਤਾ ਸਥਾਪਨਾ ਸਰੂਪ ਹੋ ਜਾਂਦੀ ਹੈ।"

(ਉਤਾਰਾ: ਲਤਾ ਬਾਂਸਲ, ਧਰਮ, ਪੰਨਾ ੨੬੯)

ਇਸ ਦਾ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਆਧਾਰ ਇਹੀ ਹੈ ਕਿ ਗੁਰੂ ਜੋਤਿ ਸਰੂਪੀ ਹੈ। ਗੁਰੂ ਫ਼ੁਰਮਾਨ ਹੈ:

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁਰੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥

(ਪੰਨਾ ੪੪੨)

ਸਿੱਖ ਸਿਧਾਂਤਾਂ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਗੁਰੂ ਦਾ ਪੰਜ ਭੂਤਕ ਸਰੀਰ ਗੁਰੂ ਨਹੀਂ, ਸਗੋਂ ਜੋਤਿ ਹੈ ਜੋ ਉਸ ਦੇ ਸਰੀਰ ਰਾਹੀਂ ਵਿਸ਼ਵ ਕਲਿਆਣ ਲਈ ਕੰਮ ਕਰਦੀ ਹੈ। ਗੁਰੂ ਸ਼ਬਦ ਸਰੂਪ ਹੈ ਤੇ ਇਹ ਸ਼ਬਦ ਆਪਣੀ ਸੂਖਮਤਾ ਵਿਚ ਜੋਤਿ ਦਾ ਪ੍ਰਕਾਸ਼ ਹੈ। ਸ਼ਬਦ ਦੀ ਵਿਚਾਰ ਕਰਨਾ ਜੋਤਿ ਦੇ ਸਰੂਪ ਨੂੰ ਅਨੁਭਵ ਕਰਨਾ ਹੈ। ਇਸ ਪ੍ਰਥਾਇ ਗੁਰ ਫ਼ੁਰਮਾਨ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਪੰਨਾ ੫੯੪)

ਗੁਰੂ ਦੇ ਅਸਲ ਦਰਸ਼ਨ ਗੁਰੂ ਦੀ ਵਿਚਾਰਧਾਰਾ ਨੂੰ ਅਪਣਾਉਣਾ ਹੈ। ਆਓ! ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵਿਚਾਰਧਾਰਾ ਨੂੰ ਮੰਨਦਿਆਂ ਅਸੀਂ ਵੀ ਇਹ ਪ੍ਰਣ ਕਰੀਏ ਕਿ ਅਸੀਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਤੁਰਨ ਦਾ ਯਤਨ ਕਰਾਂਗੇ। ਅੰਤ ਵਿਚ ਅਸੀਂ ਭਾਈ ਸੱਤਾ ਤੇ ਬਲਵੰਡ ਜੀ ਦੀਆਂ ਇਨ੍ਹਾਂ ਸਤਰਾਂ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਤ-ਮਸਤਕ ਹੁੰਦੇ ਹਾਂ:

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

(ਪੰਨਾ ੯੬੭)

(5/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਤੇ ਬਾਣੀ

ਸਿੱਖੀ ਵਿਚ ਗੁਰਗੱਦੀ ਪਰੰਪਰਾ ਵਿਰਾਸਤ ਦੇ ਅਸੂਲ 'ਤੇ ਆਧਾਰਤ ਨਹੀਂ। ਏਥੇ ਤਾਂ ਕਰੜੀ ਤਪੱਸਿਆ ਕਰਨੀ ਪੈਂਦੀ ਹੈ, ਘਾਲਣਾ ਘਾਲਣੀਆਂ ਪੈਂਦੀਆਂ ਹਨ, ਕਰੜੇ ਇਮਤਿਹਾਨਾਂ ਵਿਚੋਂ ਪਾਸ ਹੋਣਾ ਪੈਂਦਾ ਹੈ, ਸਾਲਾਂ-ਬੱਧੀ ਸਿਰਤੋੜ ਸੇਵਾ ਕਰਨੀ ਪੈਂਦੀ ਹੈ। ਇਸ ਗੱਲ ਦੀ ਗਵਾਹੀ ਸਿੱਖ ਇਤਿਹਾਸ ਨੇ ਦਿੱਤੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਪੂਰੇ ਸੱਤ ਸਾਲ ਭਾਈ ਲਹਿਣਾ ਜੀ ਦੀ ਬਹੁਪੱਖੀ ਉਸਾਰੀ ਕੀਤੀ ਤੇ ਜਦੋਂ ਉਹਨਾਂ ਨੂੰ ਯਕੀਨ ਹੋ ਗਿਆ ਕਿ ਹੁਣ ਭਾਈ ਲਹਿਣਾ ਜੀ ਮੇਰਾ ਅੰਗ (ਅੰਗਦ) ਬਨਣ ਦੇ ਯੋਗ ਹੋ ਗਏ ਹਨ ਤਾਂ ਉਸ ਵਿਚ ਆਪਣਾ ਆਪ ਅਭੇਦ ਕਰ ਕੇ ਉਸ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਇਸ ਅਮਲ ਦੀ ਗਵਾਹੀ ਹੇਠ ਲਿਖੀਆਂ ਪਾਵਨ ਪੰਕਤੀਆਂ ਤੋਂ ਮਿਲਦੀ ਹੈ:

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥

(ਪੰਨਾ ੯੬੭)

ਅਤੇ

ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥

(ਪੰਨਾ ੯੬੭)

ਸ੍ਰੀ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਬਣਾਉਣ ਸਮੇਂ ਇਕ ਕ੍ਰਾਂਤੀਕਾਰੀ ਅਮਲ ਕਰ ਵਿਖਾਇਆ। ਪਰੰਪਰਾ ਤੋਂ ਉਲਟ ਕਿਸੇ ਪੰਡਤ ਦੀ ਬਜਾਏ ਕਿਰਤੀ ਕਿਸਾਨ ਬਾਬਾ ਬੁੱਢਾ ਜੀ ਪਾਸੋਂ ਗੁਰੂ ਜੀ ਨੂੰ ਗੁਰਿਆਈ ਦਾ ਤਿਲਕ ਲਵਾਇਆ ਤੇ ਆਪ ਪਹਿਲੋਂ ਚੇਲੇ ਅੱਗੇ ਸਿਰ ਝੁਕਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਰ-ਦਰਸ਼ੀ ਅੱਖ ਨੇ ਵੇਖ ਲਿਆ ਸੀ ਕਿ ਜੇਕਰ ਉਹਨਾਂ ਦਾ ਕੋਈ ਸੁਯੋਗ ਉਤਰਾਧਿਕਾਰੀ ਨਾ ਹੋਇਆ ਤਾਂ ਉਹਨਾਂ ਦੇ ਜੀਵਨ ਭਰ ਦੇ ਕੀਤੇ ਕੰਮ ਤੇ ਯਤਨ ਅਸਫਲ ਜਾਣਗੇ। ਉਸ ਸਮੇਂ ਨਵੀਂ ਪੁੰਗਰੀ ਸਿੱਖ ਲਹਿਰ ਨੂੰ ਜਿਥੇ ਪ੍ਰਫੁਲਤ ਕਰਨ ਦੀ ਲੋੜ ਸੀ, ਉਥੇ ਉਸ ਦੀ ਰਾਖੀ ਦੀ ਵੀ ਜ਼ਰੂਰਤ ਸੀ। ਜੇਕਰ ਸ੍ਰੀ ਗੁਰੂ ਅੰਗਦ ਸਾਹਿਬ ਇਸ ਪਾਸੇ ਉਚੇਚਾ

SikhBookClub.com

ਧਿਆਨ ਨਾ ਦੇਂਦੇ ਤਾਂ ਸਿੱਖਾਂ ਦੀ ਅੱਡਰੀ ਹਸਤੀ ਖ਼ਤਮ ਹੋ ਜਾਂਦੀ ਤੇ ਉਹ ਫੇਰ ਹਿੰਦੂ ਧਰਮ ਵਿਚ ਜਜ਼ਬ ਹੋ ਜਾਂਦੇ। ਉਸ ਸਮੇਂ ਸਿੱਖ-ਲਹਿਰ ਨੂੰ ਉਦਾਸੀ ਸੰਪਰਦਾ ਤੋਂ ਦੂਰ ਰੱਖਣ ਦਾ ਮਸਲਾ ਵੀ ਸਾਹਮਣੇ ਸੀ। ਗੁਰੂ ਨਾਨਕ ਫ਼ਲਸਫ਼ੇ ਵਿਚ ਉਦਾਸੀਨਤਾ ਨੂੰ ਕੋਈ ਥਾਂ ਨਹੀਂ। ਇਹ ਤਾਂ ਜਿਉਂਦਾ ਜਾਗਦਾ ਧਰਮ ਹੈ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਪੰਨਾ ੪੬੩)

ਸਿੱਖ ਧਰਮ ਵਿਚ ਉਪਰਾਮਤਾ ਤੇ ਉਦਾਸੀਨਤਾ ਦੀ ਕੋਈ ਥਾਂ ਨਹੀਂ। ਡਰ ਸੀ ਕਿ ਜੇਕਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਨੇ ਵਕਤ ਸਿਰ ਲੋੜੀਂਦੀ ਕਾਰਵਾਈ ਨਾ ਕੀਤੀ ਤਾਂ ਸਿੱਖ ਜਾਂ ਤਾਂ ਆਪਣੀ ਵਿਲੱਖਣਤਾ ਗੁਆ ਬੈਠਣਗੇ ਜਾਂ ਫਿਰ ਹਿੰਦੂ ਧਰਮ ਅਥਵਾ ਉਦਾਸੀ ਫਿਰਕੇ ਵਿਚ ਜਜ਼ਬ ਹੋ ਜਾਣਗੇ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਗੱਦੀ ਸੰਭਾਲਣ ਦਾ ਸਿੱਟਾ ਇਹ ਹੋਇਆ ਕਿ ਅੱਗੇ ਕੀਰਤਨ ਤੇ ਲੰਗਰ ਦਾ ਜੋ ਪਰਵਾਹ ਰਾਵੀ ਕੰਢੇ (ਕਰਤਾਰਪੁਰ) ਚੱਲਦਾ ਸੀ, ਹੁਣ ਉਹ ਬਿਆਸ ਨੇੜੇ (ਖਡੂਰ ਸਾਹਿਬ) ਚੱਲਣ ਲੱਗ ਪਿਆ।

ਸ੍ਰੀ ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਆ ਬਿਰਾਜੇ। ਇਸ ਦੀ ਗਵਾਹੀ "ਰਾਮਕਲੀ ਕੀ ਵਾਰ" ਵਿਚ ਸਤੇ ਤੇ ਬਲਵੰਡ ਜੀ ਨੇ ਇਸ ਤਰ੍ਹਾਂ ਦਿੱਤੀ ਹੈ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ॥

... ...

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ *(ਪੰਨਾ ੯੬੭)*

ਖਡੂਰ ਸਾਹਿਬ ਉਹ ਪਵਿੱਤਰ ਧਰਤੀ ਹੈ ਜਿਥੋਂ ਦੀ ਨੇਕ-ਜਨ ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਿਚ ਘਿਆਲੀ ਖੀਰ ਵੰਡਿਆ ਕਰਦੀ ਸੀ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਲੰਗਰ ਦੀ ਸੰਸਥਾ ਭਾਵੇਂ ਚਲਾਈ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਹੀ ਸੀ ਪਰ ਸ੍ਰੀ ਗੁਰੂ ਅੰਗਦ ਸਾਹਿਬ ਨੇ ਇਸ ਦਾ ਵਿਸਥਾਰ ਕੀਤਾ ਤੇ ਇਸ ਦਾ ਪ੍ਰਬੰਧ ਵਧੇਰੇ ਚੰਗੇਰਾ ਕੀਤਾ, ਜਿਸ ਦੇ ਕਰਨ ਵਿਚ ਆਪ ਜੀ ਦੀ ਧਰਮ-ਪਤਨੀ ਨੇ ਭਰਪੂਰ ਯੋਗਦਾਨ ਦਿੱਤਾ। ਇਸ ਤੋਂ ਇਹ ਵੀ ਭਲੀ-ਭਾਂਤ ਪਤਾ ਲੱਗ ਜਾਂਦਾ ਹੈ ਕਿ ਸਿੱਖ ਧਰਮ ਵਿਚ ਮੁਢੋਂ ਹੀ ਇਸਤਰੀ ਦਾ ਸਨਮਾਨ ਰਿਹਾ ਹੈ ਤੇ ਉਸ ਦਾ ਆਜ਼ਾਦ ਵਿਅਕਤਿਤਵ ਕਾਇਮ ਰਿਹਾ ਹੈ। ਲੰਗਰ ਦੀ ਸੇਵਾ ਸੰਭਾਲ ਸ੍ਰੀ ਗੁਰੂ ਅੰਗਦ ਸਾਹਿਬ ਦੀ ਧਰਮ ਪਤਨੀ ਮਾਤਾ ਖੀਵੀ ਜੀ ਕਰਦੇ ਸਨ। ਗੁਰੂ ਕੇ ਲੰਗਰ ਦਾ ਖਰਚ ਸਿੱਖਾਂ ਦੀ ਕਾਰ-ਭੇਟ ਨਾਲ ਚੱਲਦਾ ਸੀ। ਲੰਗਰ ਨਿਆਸਰਿਆਂ ਤੇ ਅਤਿਥੀਆਂ ਵਾਸਤੇ ਹੁੰਦਾ ਸੀ। ਸ੍ਰੀ ਗੁਰੂ ਅੰਗਦ ਸਾਹਿਬ ਆਪ ਆਪਣੇ ਘਰ ਦਾ ਖਰਚ ਮੁੰਜ ਵੱਟ ਕੇ ਕਰਦੇ ਸਨ। ਡਾਕਟਰ ਗੋਕਲ ਚੰਦ ਨਾਰੰਗ ਨੇ ਲਿਖਿਆ ਹੈ, "ਲੰਗਰ ਦੀ ਸੰਸਥਾ ਕਾਇਮ ਕਰਕੇ ਸ੍ਰੀ ਗੁਰੂ ਨਾਨਕ (ਸਾਹਿਬ)

SikhBookClub.com

ਨੇ ਸਿੱਖਾਂ ਨੂੰ ਸਾਂਝੇ ਫੰਡ ਵਿਚ ਮਾਇਆ ਦੇਣ ਦੀ ਪਿਰਤ ਪਾਉਣ ਦਾ ਪਹਿਲਾ ਉਪਰਾਲਾ ਕੀਤਾ।" ਲੰਗਰ ਦੀ ਪਰੰਪਰਾ ਅਨੁਸਾਰ ਸਭ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ। ਇਸ ਨਾਲ ਜਾਤ-ਪਾਤ ਦੇ ਬੰਧਨ ਟੁੱਟਦੇ ਸਨ। ਲੰਗਰ ਅਸਲ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਬੜਾ ਲਾਭਦਾਇਕ ਵਸੀਲਾ ਹੈ। ਕਿਉਂਕਿ ਜੋ ਵੀ ਲੰਗਰ ਵਿਚ ਪ੍ਰਸ਼ਾਦਾ ਛਕਦਾ ਹੈ, ਉਹ ਪ੍ਰਭਾਵਤ ਹੋਏ ਬਗ਼ੈਰ ਨਹੀਂ ਰਹਿ ਸਕਦਾ। ਪ੍ਰਸਿੱਧ ਸਮਾਜ ਸੇਵਕ ਭਗਤ ਪੂਰਨ ਸਿੰਘ ਜੀ ਨੇ ਮੈਨੂੰ ਆਪ ਦੱਸਿਆ ਕਿ ਉਹ ਲੰਗਰ ਤੋਂ ਪ੍ਰਭਾਵਤ ਹੋ ਕੇ ਹੀ ਹਿੰਦੂ ਤੋਂ ਸਿੰਘ ਸਜੇ ਸਨ। ਉਹ ਦੱਸਦੇ ਹਨ ਕਿ ਉਹ ਇਕ ਸਨਾਤਨੀ ਹਿੰਦੂ ਪਰਿਵਾਰ ਵਿਚ ਜੰਮੇ ਤੇ ਉਨ੍ਹਾਂ ਦਾ ਬਚਪਨ ਦਾ ਨਾਮ 'ਰਾਮ ਜੀ ਦਾਸ' ਸੀ। ਵਿਦਿਆਰਥੀ-ਉਮਰ ਵਿਚ ਇਕ ਵਾਰੀ ਉਹ ਗੁਰਦੁਆਰਾ ਰੇਰੂ ਸਾਹਿਬ ਗਏ ਤੇ ਲੰਗਰ ਵਿਚ ਪ੍ਰਸ਼ਾਦਾ ਛਕਣ ਦਾ ਸੁਭਾਗ ਪ੍ਰਾਪਤ ਹੋਇਆ। ਲੰਗਰ ਵਿਚ ਸੇਵਾਦਾਰ ਕਹਿ ਰਹੇ ਸਨ, "ਲਓ ਗੁਰਮੁਖੋ! ਪ੍ਰਸ਼ਾਦਾ, ਲਓ ਗੁਰਮੁਖੋ! ਦਾਲਾ" ਇਹ ਆਦਰ ਭਰੇ ਬੋਲ ਸੁਣ ਕੇ ਤੇ ਪ੍ਰਸ਼ਾਦਾ ਛਕ ਕੇ ਭਗਤ ਜੀ ਉੱਤੇ ਜਾਦੂ ਦਾ ਅਸਰ ਹੋਇਆ ਤੇ ਉਹ 'ਸਿੰਘ ਸੱਜ ਗਏ' । ਇਹ ਜਿਉਂਦੀ ਜਾਗਦੀ ਮਿਸਾਲ ਹੈ "ਲੰਗਰ ਦੀ ਵਡਿਆਈ" ਦੀ।

ਸ੍ਰੀ ਗੁਰੂ ਅੰਗਦ ਸਾਹਿਬ ਨੇ ਆਪਣੇ ਸਮੇਂ ਵਿਚ ਗੁਰਮੁਖੀ ਲਿੱਪੀ ਨੂੰ ਪ੍ਰਚਾਰਨ ਦਾ ਸ਼ਲਾਘਾ ਯੋਗ ਉੱਦਮ ਕੀਤਾ। ਉਸ ਸਮੇਂ ਪੰਜਾਬ ਵਿਚ ਕਈ ਉਪਭਾਖਾਵਾਂ ਪ੍ਰਚੱਲਤ ਸਨ। ਪੰਜਾਬੀ ਬੋਲੀ ਦਾ ਠੁੱਕ ਅਜੇ ਬੱਝ ਰਿਹਾ ਸੀ। ਬਹੁਤ ਸਾਰੇ ਅਰਬੀ ਫ਼ਾਰਸੀ ਤੇ ਸੰਸਕ੍ਰਿਤ ਦੇ ਸ਼ਬਦ ਪ੍ਰਚਲੱਤ ਸਨ। ਆਮ ਕਾਰ-ਵਿਹਾਰ ਲੰਡਿਆਂ ਵਿਚ ਹੁੰਦਾ ਸੀ। ਸ੍ਰੀ ਗੁਰੂ ਅੰਗਦ ਸਾਹਿਬ ਦੇ ਸਾਹਮਣੇ ਇਹ ਸਮੱਸਿਆ ਸੀ ਕਿ ਆਮ ਲੋਕਾਂ ਨੂੰ ਆਪਣੇ ਵਿਚਾਰਾਂ ਦੀ ਜਾਣਕਾਰੀ ਕਿਸ ਬੋਲੀ ਵਿਚ ਦਿੱਤੀ ਜਾਵੇ। ਫ਼ਾਰਸੀ ਅਰਬੀ ਨੂੰ ਬਿਦੇਸ਼ੀ ਬੋਲੀਆਂ ਸਮਝਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਪਾਸੇ ਸੰਕੇਤ ਕਰਦਿਆਂ ਫ਼ੁਰਮਾਇਆ ਵੀ ਸੀ "ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।" ਇਸੇ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਪੰਜਾਬ ਦੇ ਲੋਕਾਂ ਦੀ ਜ਼ੁਬਾਨ ਪੰਜਾਬੀ ਨੂੰ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲਿੱਪੀ ਨੂੰ ਸੁਧਾਰ ਕੇ ਇਸ ਨੂੰ ਪ੍ਰਚਲਤ ਕੀਤਾ। ਸ੍ਰੀ ਗੁਰੂ ਅੰਗਦ ਸਾਹਿਬ ਦੇ ਸਮੇਂ ਇਸ ਲਿੱਪੀ ਵਿਚ ਕੇਵਲ ਸੁਧਾਰ ਹੀ ਹੋਇਆ। ਗੁਰੂ ਦੇ ਮੁੱਖ ਤੋਂ ਨਿਕਲੀ ਹੋਣ ਕਰਕੇ ਇਸ ਦਾ ਨਾਂ 'ਗੁਰਮੁਖੀ' ਪੈ ਗਿਆ। ਇਸ ਲਿੱਪੀ ਦੀ ਅੱਡਰੀ ਤੇ ਨਵੀਨ ਹੋਂਦ ਕਾਰਨ ਵੀ ਸਿੱਖ ਧਰਮ ਵਿਚ ਨਿਰਾਲੇਪਨ ਦਾ ਜਜ਼ਬਾ ਪੈਦਾ ਹੋਣਾ ਸ਼ੁਰੂ ਹੋ ਗਿਆ। ਇਸ ਲਿੱਪੀ ਦੇ ਪ੍ਰਚਾਰ ਲਈ ਗੁਰੂ ਜੀ ਨੇ ਬੱਚਿਆਂ ਲਈ 'ਗੁਰਮੁਖੀ ਪਾਠਸ਼ਾਲਾ' ਵੀ ਖੋਲ੍ਹੀ, ਜਿਥੇ ਗੁਰੂ ਸਾਹਿਬ ਆਪ ਵੀ ਪੜ੍ਹਾਇਆ ਕਰਦੇ ਸਨ। ਗੁਰਮੁਖੀ ਪਾਠਸ਼ਾਲਾ ਖੁੱਲ੍ਹ ਜਾਣ ਨਾਲ ਬ੍ਰਾਹਮਣ ਦੀ ਧਾਰਮਕ-ਚੌਧਰ ਉੱਤੇ ਕਰਾਰੀ ਸੱਟ ਵੱਜੀ। ਮਾਤ ਬੋਲੀ ਵਿਚ ਧਾਰਮਿਕ ਪੁਸਤਕਾਂ ਲਿਖੀਆਂ ਜਾਣ ਲੱਗੀਆਂ, ਜਿਨ੍ਹਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਆਰੰਭ ਹੋ ਗਿਆ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਅੰਗਦ ਸਾਹਿਬ ਨੇ ਬੱਚਿਆਂ ਲਈ ਇਕ 'ਬਾਲ ਬੋਧ' ਵੀ ਤਿਆਰ ਕੀਤਾ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਪਾਸ, ਸ੍ਰੀ ਗੁਰੂ ਨਾਨਕ ਸਾਹਿਬ ਦੀ ਸੌਂਪੀ ਹੋਈ, ਉਨ੍ਹਾਂ ਦੀ ਰਚਿਤ ਬਾਣੀ ਤਾਂ ਮੌਜੂਦ ਸੀ। ਹੁਣ ਗੁਰੂ ਸਾਹਿਬ ਨੇ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਉਨ੍ਹਾਂ ਦੇ ਜੀਵਨ ਦੇ ਹਾਲਾਤ ਲਿਖਵਾਣੇ ਸ਼ੁਰੂ ਕੀਤੇ।

SikhBookClub.com

ਸ੍ਰੀ ਗੁਰੂ ਅੰਗਦ ਸਾਹਿਬ ਪਾਸ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਮੌਜੂਦ ਸੀ, ਜਿਸ ਦਾ ਹਰ ਰੋਜ਼ ਸਤਿਸੰਗ ਵਿਚ ਪਾਠ ਕੀਤਾ ਜਾਂਦਾ ਸੀ। ਇਸ ਨਾਲ ਸਿੱਖਾਂ ਵਿਚ ਵੇਦ-ਮੰਤਰ ਪੜ੍ਹਨ ਦੀ ਆਦਤ ਘੱਟਦੀ ਗਈ ਅਤੇ ਗੁਰਬਾਣੀ ਪੜ੍ਹਨ ਦੀ ਵਧਦੀ ਗਈ। ਸਿੱਖ ਧਰਮ ਦੇ ਨਿਵੇਕਲੇ ਹੋਣ ਦਾ ਇਕ ਹੋਰ ਸਬੂਤ ਇਸ ਗੱਲ ਤੋਂ ਵੀ ਮਿਲਦਾ ਹੈ—ਆਪਣੀ ਬੋਲੀ, ਲਿੱਪੀ ਤੇ ਆਪਣੀ ਵੱਖਰੀ ਬਾਣੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੇਵਲ ਮਨ ਤੇ ਆਤਮਾ ਨੂੰ ਹੀ ਨਹੀਂ, ਸਗੋਂ ਸਰੀਰ ਨੂੰ ਵੀ ਨਰੋਏ ਤੇ ਬਲਵਾਨ ਰੱਖਣ ਉੱਤੇ ਜ਼ੋਰ ਦਿੱਤਾ। ਨਰੋਏ ਸਰੀਰ ਵਿਚ ਹੀ ਨਰੋਆ ਮਨ ਹੋ ਸਕਦਾ ਹੈ। ਇਸ ਸਿਧਾਂਤ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਲੌਢੇ ਪਹਿਰ ਗੱਭਰੂਆਂ ਨੂੰ ਕਸਰਤਾਂ ਕਰਾਇਆ ਕਰਦੇ ਸਨ। ਜਿਥੇ ਇਹ ਕਾਰਜ ਹੁੰਦਾ ਸੀ, ਉਥੇ ਅੱਜ ਕੱਲ੍ਹ ਖਡੂਰ ਸਾਹਿਬ ਵਿਚ 'ਮੱਲ ਅਖਾੜਾ ਸਾਹਿਬ' ਗੁਰਦੁਆਰਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਰੋਜ਼ਾਨਾ ਜੀਵਨ ਬਤੀਤ ਕਰਨ ਦੇ ਨਿਯਮ ਬਣਾਏ ਸਨ। ਗੁਰੂ ਅੰਗਦ ਸਾਹਿਬ ਨੇ ਇਹਨਾਂ ਦੇ ਪ੍ਰਚਾਰ ਵਲ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਸਾਹਿਬ ਨੇ ਪ੍ਰਚਾਰਕਾਂ ਨੂੰ ਅਨੁਸ਼ਾਸਨ ਵਿਚ ਰਹਿਣ ਦੀ ਪ੍ਰੇਰਨਾ ਦਿੱਤੀ। ਸਿੱਟਾ ਇਹ ਨਿਕਲਿਆ ਕਿ ਸਿੱਖਾਂ ਵਿਚ ਅਨੁਸ਼ਾਸਨ ਆ ਗਿਆ ਤੇ ਉਹ ਵਧਦੇ ਫੁਲਦੇ ਰਹੇ।

ਸ੍ਰੀ ਗੁਰੂ ਅੰਗਦ ਸਾਹਿਬ ਦੀ ਸੂਝ ਤੇ ਨਵੇਂ ਨਜ਼ਰੀਏ ਸਦਕਾ ਸਿੱਖ ਧਰਮ ਹਿੰਦੂ ਧਰਮ ਵਿਚ ਜਜ਼ਬ ਹੋਣ ਤੋਂ ਬਚ ਗਿਆ। ਪ੍ਰਸਿੱਧ ਇਤਿਹਾਸਕਾਰ ਸਰਦਾਰ ਖੁਸ਼ਵੰਤ ਸਿੰਘ ਆਪਣੀ ਪੁਸਤਕ 'ਦੀ ਸਿੱਖਸ' ਦੇ ਪੰਨਾ 26 'ਤੇ ਲਿਖਦਾ ਹੈ:

> "ਸਿੱਖ ਗੁਰੂਆਂ ਵਿਚੋਂ ਦੂਜੇ, ਚੌਥੇ, ਪੰਜਵੇਂ, ਛੇਵੇਂ ਤੇ ਦਸਵੇਂ ਗੁਰੂਆਂ ਦੀਆਂ ਕਾਰਵਾਈਆਂ ਸਦਕਾ ਸਿੱਖਾਂ ਵਿਚ ਜਾਤੀ-ਭਾਵ ਪੈਦਾ ਹੋਇਆ ਤੇ ਉਹ ਸੁਤੰਤਰ ਰੂਪ ਵਿਚ ਪ੍ਰਗਟ ਹੋਏ। ਜਿਸ ਦਾ ਪਰਤੱਖ ਭਾਵ ਹੈ ਕਿ ਸਿੱਖ ਵੱਖਰੀ ਕੌਮ ਹੈ, ਹਿੰਦੂਆਂ ਦਾ ਭਾਗ ਨਹੀਂ।"

1532 ਤੋਂ 1539 ਤੱਕ 7 ਸਾਲ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਰਹਿਣ ਦਾ ਅਵਸਰ ਪ੍ਰਾਪਤ ਹੋਇਆ। ਸਿਆਣੇ ਉਸਤਾਦ ਨੇ ਆਪਣੇ ਸ਼ਿਸ਼ ਦੀ ਘਾੜਤ ਐਸੇ ਸੁਚੱਜੇ ਢੰਗ ਨਾਲ ਘੜੀ ਕਿ ਉਸ ਨੂੰ ਆਪਣਾ ਸਰੂਪ ਬਖਸ਼ ਦਿੱਤਾ। ਕਈ ਅਵਸਰ ਕੁਦਰਤ ਵਲੋਂ ਆਏ, ਕਈ ਸਤਿਗੁਰੂ ਨੇ ਜਾਣ-ਬੁੱਝ ਕੇ ਪੈਦਾ ਕਰ ਦਿੱਤੇ ਤਾਂ ਕਿ ਆਪਣੇ ਸ਼ਿਸ਼ ਦੀ ਸਮੁੱਚੀ ਘਾੜਤ ਇਸ ਢੰਗ ਨਾਲ ਕਰ ਸਕਣ ਕਿ ਉਸ ਵਿਚ ਕੋਈ ਕਸਰ, ਕੋਈ ਘਾਟ, ਕੋਈ ਉਣਤਾਈ ਰਹਿ ਨਾ ਜਾਏ, ਅਤੇ ਜਦੋਂ ਗੁਰੂ ਸਾਹਿਬ ਨੇ ਵੇਖਿਆ ਕਿ 'ਗੁਰਮੁਖ' ਹਰ ਪ੍ਰਕਾਰ ਦੀਆਂ ਅਜ਼ਮਾਇਸ਼ਾਂ 'ਚੋਂ ਸਫਲ ਹੋ ਕੇ ਨਿਕਲਿਆ ਹੈ ਤਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਆਖਿਆ ਹੈ:

> "ਹੁਣ ਤੂੰ ਮੇਰਾ ਆਧਾ ਹੈਂ, ਮੇਰਾ ਅੰਗ ਹੈਂ। ਅੱਜ ਤੋਂ ਤੂੰ 'ਲਹਿਣਾ' ਨਹੀਂ ਰਿਹਾ, 'ਅੰਗਦ' ਹੋ ਗਿਆ ਹੈਂ।"

ਆਪ ਜੀ ਨੇ ਆਪਣੇ ਸਲੋਕਾਂ ਵਿਚ ਗੁਰੂ ਦੀ ਲੋੜ, ਮਨੁੱਖਤਾ, ਸਿਮਰਨ, ਪਰਮਾਤਮਾ ਨਾਲ ਮਿਲਾਪ ਤੇ ਤ੍ਰਿਸ਼ਨਾ ਦਾ ਇਲਾਜ ਆਦਿ ਵਿਸ਼ਿਆਂ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ।

SikhBookClub.com

ਗੁਰੂ ਦੀ ਲੋੜ

ਮਨੁੱਖ ਦਾ ਮਨ ਸੁਆਰਥੀ ਹੋਣ ਕਰਕੇ ਤੰਗ-ਦਿਲ ਹੋ ਜਾਂਦਾ ਹੈ। ਇਸ ਤੰਗ-ਦਿਲੀ ਤੋਂ ਕੇਵਲ ਗੁਰੂ ਦੀ ਸ਼ਰਨ ਪਿਆਂ ਹੀ ਛੁਟਕਾਰਾ ਹੋ ਸਕਦਾ ਹੈ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਜਨਮਾਂ-ਜਨਮਾਂਤਰਾਂ ਦੀਆਂ ਬਣੀਆਂ ਬੁਰੀਆਂ ਆਦਤਾਂ ਤੋਂ ਮਨੁੱਖ ਦਾ ਛੁਟਕਾਰਾ ਕੇਵਲ ਗੁਰੂ ਦੀ ਮਿਹਰ ਸਦਕਾ ਹੀ ਹੋ ਸਕਦਾ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਪੰਨਾ ੪੬੩)

ਮਨੁੱਖਤਾ

ਜੋ ਪ੍ਰਭੂ ਦੀ ਯਾਦ ਵਿਚ ਰਹਿੰਦਾ ਹੈ ਤੇ ਜਿਸ ਦੇ ਮਨ ਵਿਚ ਪ੍ਰਭੂ ਦੀ ਖਿੱਚ ਹੈ, ਉਹ ਹੀ ਅਸਲ ਮਨੁੱਖ ਹੈ:

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥

(ਪੰਨਾ ੮੯)

ਮਨੁੱਖਤਾ ਦਾ ਧਰਮ ਸਾਂਝਾ ਹੈ ਤੇ ਉਹ ਹੈ ਵਾਹਿਗੁਰੂ ਦਾ ਸਿਮਰਨ। ਸਿਮਰਨ ਕਰਕੇ ਹੀ ਮਨੁੱਖੀ-ਜੀਵਨ ਦਾ ਸੁਧਾਰ ਕੀਤਾ ਜਾ ਸਕਦਾ ਹੈ:

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥

(ਪੰਨਾ ੪੬੯)

ਦਾਤਾਂ ਵਿਚ ਰੁੱਝ ਕੇ ਮਨੁੱਖ ਦਾਤਾਰ ਨੂੰ ਭੁੱਲ ਜਾਂਦਾ ਹੈ ਤੇ ਫੇਰ ਮਨਮੁਖਿ ਅਖਵਾਂਦਾ ਹੈ:

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ॥

(ਪੰਨਾ ੧੩੮)

ਮਨ ਦੀ ਸ਼ਾਂਤੀ ਵਾਸਤੇ ਜ਼ਰੂਰੀ ਹੈ ਕਿ ਮਨੁੱਖ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਸਿਖੇ ਤੇ ਉਸ ਦੀ ਸਿਫਤ-ਸਾਲਾਹ ਵਿਚ ਜੁੜੇ ਕਿਉਂਕਿ:

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥

(ਪੰਨਾ ੪੭੪)

SikhBookClub.com

ਸਫਲ ਜੀਵਨ ਦਾ ਸੌਖਾ ਰਸਤਾ ਹੈ ਕਿ ਮਨੁੱਖ ਕਿਰਤ-ਵਿਹਾਰ ਕਰਦਾ ਹੋਇਆ ਵੀ ਭਲਿਆਂ ਦੀ ਸੰਗਤ ਵਿਚ ਰਹੇ ਤਾਂ ਕਿ ਮਾੜੇ ਪਾਸੇ ਚੱਲਣ ਤੋਂ ਬਚਿਆ ਰਹੇ:

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥

(ਪੰਨਾ ੧੪੬)

ਦੂਸਰਿਆਂ ਦੇ ਔਗੁਣ ਕੱਢਣ ਨਾਲੋਂ, ਮਨੁੱਖ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕਰੇ ਤਾਂ ਹੀ ਉਹ ਸਿਆਣਾ ਮੰਨਿਆ ਜਾ ਸਕਦਾ ਹੈ:

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥ *(ਪੰਨਾ ੧੪੮)*

ਸਿਮਰਨ

ਜਿਨ੍ਹਾਂ ਹਿਰਦਿਆਂ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਹੁੰਦਾ ਰਹਿੰਦਾ ਹੈ, ਉਹ ਸਦਾ ਖੇੜੇ ਵਿਚ ਰਹਿੰਦੇ ਹਨ:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥

(ਪੰਨਾ ੭੯੧)

ਸਿਮਰਨ ਤੇ ਸਿਫਤ-ਸਾਲਾਹ ਦੀ ਕਦਰ ਜਾਂ ਸਤਿਗੁਰੂ ਨੂੰ ਪਤਾ ਹੈ ਜਾਂ ਉਸ ਦੇ ਦੱਸੇ ਰਾਹ 'ਤੇ ਤੁਰਨ ਵਾਲੇ ਗੁਰਮੁਖਾਂ ਨੂੰ:

ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥ *(ਪੰਨਾ ੯੫੪)*

ਅਸਲ ਵਿਚ ਅੰਨ੍ਹੇ ਉਹ ਨਹੀਂ ਜਿਨ੍ਹਾਂ ਦੀਆਂ ਅੱਖਾਂ ਨਹੀਂ ਹੁੰਦੀਆਂ, ਸਗੋਂ ਅੰਨ੍ਹੇ ਉਹ ਹਨ ਜੋ ਸਿਮਰਨ ਬਿਨਾਂ ਜੀਵਨ ਬਤੀਤ ਕਰਦੇ ਹਨ:

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥

(ਪੰਨਾ ੯੫੪)

ਪਰਮਾਤਮਾ ਨਾਲ ਪਿਆਰ

ਪਰਮਾਤਮਾ ਦਾ ਪਿਆਰ, ਸਦਾ ਆਪਣੀ ਸੁਰਤ ਪ੍ਰਭੂ ਚਰਨਾਂ ਵਿਚ ਜੋੜ ਕੇ ਰੱਖਦਾ ਹੈ ਤੇ ਮਿਲੇ ਦੁੱਖ-ਸੁਖ ਨੂੰ ਉਸ ਦੀ ਰਜ਼ਾ ਮੰਨ ਕੇ ਖਿੜੇ ਮੱਥੇ ਪ੍ਰਵਾਨ ਕਰਦਾ ਹੈ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥

SikhBookClub.com

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥...
ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥

(ਪੰਨਾ ੪੭੪)

ਵਾਹਿਗੁਰੂ ਦੀ ਬੰਦਗੀ ਕਰਨ ਵਾਲਾ ਹਉਮੈ ਅਹੰਕਾਰ ਗੁਆ ਕੇ ਆਪਾ ਭਾਵ ਤਿਆਗ ਕੇ ਹੀ ਸਫਲ ਹੋ ਸਕਦਾ ਹੈ:

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਪੰਨਾ ੪੭੪)

ਮਨੁੱਖ ਦੀ ਨੀਅਤ ਅੰਦਰੋਂ ਬਾਹਰੋਂ ਇਕੋ ਜਿਹੀ ਹੋਣੀ ਚਾਹੀਦੀ ਹੈ। ਅੰਦਰੋਂ ਹੋਰ ਤੇ ਬਾਹਰੋਂ ਹੋਰ ਵਾਲੀ ਠੱਗੀ ਚੱਲ ਨਹੀਂ ਸਕਦੀ:

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥

(ਪੰਨਾ ੪੭੪)

ਗੁਰੂ ਅੰਗਦ ਸਾਹਿਬ (ਭਾਈ ਲਹਿਣਾ ਜੀ ਦੇ ਰੂਪ ਵਿਚ) ਗੁਰੂ ਨਾਨਕ ਸਾਹਿਬ ਪਾਸ 7 ਸਾਲ ਦਾ ਸਮਾਂ ਲਗਾਤਾਰ ਰਹੇ। ਇਸ ਸਮੇਂ ਵਿਚ ਉਨ੍ਹਾਂ ਨਾ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦ੍ਰਿਸ਼ਟੀਕੋਣ ਹੀ ਚੰਗੀ ਤਰ੍ਹਾਂ ਸਮਝਿਆ, ਸਗੋਂ ਗੁਰੂ ਨਾਨਕ ਸਾਹਿਬ ਨੇ ਆਪ ਉਨ੍ਹਾਂ ਦੀ ਮਾਨਸਿਕ ਘਾੜਤ ਬੜੀ ਦਿਲਚਸਪੀ ਤੇ ਲਗਣ ਨਾਲ ਘੜੀ। ਉਹ ਜੋ ਜ਼ਿੰਮੇਵਾਰੀ ਬਾਬਾ ਲਹਿਣਾ ਜੀ ਦੇ ਮੋਢਿਆਂ 'ਤੇ ਪਾਉਣਾ ਚਾਹੁੰਦੇ ਸਨ ਉਸ ਦੇ ਯੋਗ ਵੀ ਬਣਾਉਣਾ ਗੁਰੂ ਸਾਹਿਬ ਦਾ ਟੀਚਾ ਸੀ। ਗੁਰੂ ਅੰਗਦ ਸਾਹਿਬ ਨੇ ਆਪ ਭਾਵੇਂ ਕੇਵਲ 63 ਸਲੋਕ ਹੀ ਰਚੇ ਪਰ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਸਮੁੱਚੀ ਬਾਣੀ ਦਾ ਅਧਿਐਨ ਬੜੀ ਸਿਦਕ ਦਿਲੀ ਨਾਲ ਕੀਤਾ ਹੋਇਆ ਸੀ ਅਤੇ ਉਨ੍ਹਾਂ ਦੇ ਗੁਰੂ ਗੱਦੀ ਉੱਤੇ ਬਿਰਾਜਣ ਸਮੇਂ ਉਹ ਬਾਣੀ ਉਨ੍ਹਾਂ ਪਾਸ ਮੌਜੂਦ ਸੀ। ਜਗਿਆਸੂ ਸਿੱਖਾਂ ਦੇ ਕਲਿਆਣ ਲਈ ਉਹ ਰੋਜ਼ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਹਵਾਲੇ ਦੇਂਦੇ ਹੋਣਗੇ ਤੇ ਇਸ ਤਰ੍ਹਾਂ ਨਾਲ ਗੁਰੂ ਨਾਨਕ ਸਾਹਿਬ ਦੀ ਬਾਣੀ ਉਨ੍ਹਾਂ ਦੇ ਹਿਰਦੇ ਅੰਦਰ ਤਾਂ ਰਚ ਮਿਚ ਗਈ ਹੋਈ ਸੀ ਪਰ ਉਨ੍ਹਾਂ ਦੇ ਮੁਖਾਰਬਿੰਦ 'ਤੇ ਵੀ ਚੜ੍ਹੀ ਹੋਈ ਸੀ। ਜੋ ਰਚਨਾ ਅਸੀਂ ਰੋਜ਼ ਪੜ੍ਹੀਏ ਉਸ ਦਾ ਯਾਦ ਹੋ ਜਾਣਾ ਵੀ ਕੁਦਰਤੀ ਗੱਲ ਹੈ ਤੇ ਇਹੋ ਕਾਰਨ ਜਾਪਦਾ ਹੈ ਕਿ ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਸਾਹਿਬ ਦੀਆਂ ਕਈ ਤੁਕਾਂ ਦੀ ਸ਼ਬਦਾਵਲੀ ਤੱਕ ਸਾਂਝੀ ਹੈ। ਨਮੂਨੇ ਲਈ ਕੁਝ ਤੁਕਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

(ਪੰਨਾ ੨)

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥

(ਪੰਨਾ ੧੪੭)

SikhBookClub.com

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥

(ਪੰਨਾ ੪੭੪)

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥

(ਪੰਨਾ ੪੭੪)

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥...
ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥
ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥

(ਪੰਨਾ ੭੯੧)

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥

(ਪੰਨੇ ੭੨੪-੭੫)

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥

(ਪੰਨਾ ੧੦੯੩)

ਜਦੋਂ ਮੈਂ ਉੱਪਰ ਦਿੱਤੀਆਂ, ਮਿਲਦੀਆਂ-ਜੁਲਦੀਆਂ ਤੁਕਾਂ ਬਾਰੇ ਪੜ੍ਹ ਰਿਹਾ ਸਾਂ ਤਾਂ ਮੈਨੂੰ ਅੰਦਰੋਂ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਅਰਥ ਸਮਝ ਆਇਆ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਤੇ ਮੇਰੀ ਤਸੱਲੀ ਹੋ ਗਈ।

(5/1986)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ : ਜੀਵਨ ਤੇ ਉਪਦੇਸ਼

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਮੁੱਚਾ ਜੀਵਨ ਪੂਜਾ-ਭਗਤੀ, ਸੇਵਾ-ਘਾਲਣਾ, ਧਰਮ-ਗਿਆਨ, ਪ੍ਰੇਮ-ਭਾਵਨਾ, ਨਾਮ-ਨੀਸਾਣ ਤੇ ਸਿਫ਼ਤ-ਸਾਲਾਹ ਦੀ ਪ੍ਰਾਪਤੀ ਨਾਲ ਸ਼ਿੰਗਾਰਿਆ ਹੋਇਆ ਹੈ। ਇਤਿਹਾਸ ਸਾਖੀ ਹੈ, ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਸੀ। ਉਹਨਾਂ ਦਾ ਪ੍ਰਕਾਸ਼ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਰੱਜੇ-ਪੁੱਜੇ ਤੇ ਉੱਘੇ ਵਪਾਰੀ ਭਾਈ ਫੇਰੂ ਮਲ ਜੀ ਦੇ ਗ੍ਰਹਿ, ਮਾਤਾ ਦਇਆ ਕੌਰ ਜੀ ਦੀ ਕੁਖੋਂ 31 ਮਾਰਚ, 1504 ਨੂੰ ਮੱਤੇ ਦੀ ਸਰਾਂ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਹੋਇਆ ਸੀ।

ਭਾਈ ਫੇਰੂ ਮਲ ਜੀ ਬਾਰੇ ਪ੍ਰਸਿੱਧ ਹੈ ਕਿ ਉਹ ਸਾਰੀ ਜ਼ਿੰਦਗੀ ਦੇਵੀ-ਪੂਜਾ ਦੇ ਕੱਟੜ ਉਪਾਸ਼ਕ ਰਹੇ। ਜਵਾਲਾ ਮੁਖੀ ਦੀ ਉਪਾਸ਼ਨਾ ਤੇ ਪ੍ਰਸੰਨਤਾ-ਪ੍ਰਾਪਤੀ ਲਈ ਹਰ ਸਾਲ ਜਥਾ ਬਣਾ ਕੇ ਆਪ ਉਸ ਜਥੇ ਦੀ ਅਗਵਾਈ ਕਰ ਕੇ, ਯਾਤਰਾ ਰੂਪ ਵਿਚ ਜਵਾਲਾ ਮੁਖੀ ਜਾਂਦੇ ਸਨ। ਭਾਈ ਫੇਰੂ ਮਲ ਜੀ ਦੇ ਅਕਾਲ ਚਲਾਣੇ ਪਿੱਛੋਂ ਸਪੁੱਤਰ ਭਾਈ ਲਹਿਣਾ ਜੀ ਨੇ ਵੀ ਘਰ-ਪਰਿਵਾਰ ਦੀ ਇਸ ਅਧਿਆਤਮਕ ਪਰੰਪਰਾ ਨੂੰ ਲਗਾਤਾਰ ਜਾਰੀ ਰੱਖਿਆ। ਪਿਤਾ-ਪੁਰਖੀ ਸੰਸਕਾਰਾਂ ਵਿਚੋਂ ਹੀ ਭਾਈ ਲਹਿਣਾ ਜੀ ਨੂੰ ਦੇਵੀ-ਪੂਜਾ ਦਾ ਉਤਸ਼ਾਹ ਪ੍ਰਾਪਤ ਹੋਇਆ ਸੀ।

1519 ਈ. ਵਿਚ ਭਾਈ ਲਹਿਣਾ ਜੀ ਦੀ ਸ਼ਾਦੀ ਬੀਬੀ ਖੀਵੀ ਜੀ ਸਪੁੱਤਰੀ ਸ੍ਰੀ ਦੇਵੀ ਚੰਦ ਜੀ ਨਾਲ ਸ਼ੰਘਰ ਵਿਖੇ ਹੋ ਗਈ, ਕਿਰਤ-ਵਪਾਰ ਕਾਰਨ, ਹਰੀ ਕੇ ਪੱਤਣ ਛੱਡ ਆਪ ਪਹਿਲਾਂ ਸੰਘਰ, ਫਿਰ ਖਡੂਰ ਸਾਹਿਬ ਆ ਗਏ, ਪਰ ਘਰ-ਪਰਿਵਾਰ ਵਿਚ ਦੇਵੀ-ਪੂਜਾ ਸਦਾ ਪ੍ਰਧਾਨ ਬਣੀ ਰਹੀ। ਸ਼ਾਦੀ ਤੋਂ ਪਿੱਛੋਂ ਵੀ 1531 ਈ. ਤੱਕ ਭਾਈ ਲਹਿਣਾ ਜੀ ਜਵਾਲਾ ਮੁਖੀ ਦੇਵੀ ਦੀ ਪੂਜਾ-ਪ੍ਰਤਿਸ਼ਠਾ ਲਈ ਜਥੇ ਬਣਾ-ਬਣਾ ਯਾਤਰਾ ਲਈ ਜਾਂਦੇ ਰਹੇ। 1532 ਈ. ਵਿਚ ਹਾਲਾਂ ਜੱਥਾ ਲੈ ਜਾਣ ਦੀ ਤਿਆਰੀ ਵਿਚ ਸਨ ਕਿ ਭਾਈ ਲਹਿਣਾ ਜੀ ਦੇ ਕੰਨਾਂ ਵਿਚ ਭਾਈ ਜੋਧ ਜੀ ਦੇ ਬਾਣੀ-ਪਾਠ ਕਰਨ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀਆਂ ਕੁਝ ਸੁਰ ਸੁਣਾਈ ਦਿੱਤੀਆਂ। ਇਹ ਗੁਰੂ-ਬਾਣੀ ਦੀਆਂ ਸੁਰਾਂ ਹੀ ਸਨ, ਕਿ ਭਾਈ ਲਹਿਣਾ ਜੀ ਦੀ ਸੁਰਤਿ ਸਹਿਜੇ ਹੀ ਜਾਗ ਪਈ। ਜਾਗੀ ਹੋਈ ਸੁਰਤਿ ਵਿਚ ਇਕ ਪ੍ਰਸ਼ਨ ਸੀ ਕਿ ਇਹ ਦੇਵ-ਬਾਣੀ ਕਿਸ ਦੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਤਾਂ ਭਾਈ ਲਹਿਣਾ ਨੇ ਪਹਿਲਾਂ ਸੁਣਿਆ ਹੋਇਆ ਸੀ, ਪਰ 'ਦੇਵੀ-ਪੂਜਾ' ਘਰ-ਪਰਿਵਾਰ ਪ੍ਰੰਪਰਾ ਵਿਚ ਇੰਨੀ ਭਾਰੂ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕੁਝ ਸੁਣਿਆ, ਅਣ-ਸੁਣਿਆ ਦੇ ਬਰਾਬਰ ਸੀ। ਜਦੋਂ ਅਨੁਭਵ ਤੇ ਆਚਾਰ ਨਾਲ ਸ਼ਿੰਗਾਰੀ ਗੁਰੂ-ਬਾਣੀ ਬਾਰੇ ਭਾਈ ਜੋਧ ਜੀ ਨੂੰ ਪੁੱਛਿਆ ਤਾਂ, ਉਸ ਬੜੀ ਨਿਮ੍ਰਤਾ ਤੇ ਮਿੱਠਤ ਨਾਲ ਆਖਿਆ, ਕਿ ਇਹ ਬਾਣੀ ਜਗਤ-ਗੁਰੂ, ਨਾਨਕ ਦੇਵ ਜੀ ਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਵੇਲੇ ਦਰ-ਘਰ

SikhBookClub.com

ਕਰਤਾਰਪੁਰ ਵਿਖੇ ਹੈ। ਕਰਤਾਰਪੁਰ ਵਿਖੇ ਉਹਨਾਂ ਨੇ ਇਕ ਧਰਮਸਾਲ ਵੀ ਸਿਰਜੀ ਹੈ, ਜਿਥੋਂ 'ਬਾਣੀ' ਦਾ ਪ੍ਰਕਾਸ਼ ਹਰ ਪਾਸੇ ਰੁਸ਼ਨਾ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਦਾ ਪਹਿਰਾਵਾ ਲਾਹ ਦਿੱਤਾ ਹੈ। ਪਰਵਿਰਤੇ-ਮਾਰਗ ਨੂੰ ਹੀ ਪ੍ਰਥਮਤਾ ਦਿੰਦੇ ਹਨ। ਕਿਰਤ ਨੂੰ ਹੀ ਪੂਜਾ-ਭਗਤੀ ਦਾ ਅੰਗ ਮੰਨਦੇ ਹਨ ਤੇ ਧਰਮਸਾਲ ਵਿਚ ਹੀ ਅੰਮ੍ਰਿਤ ਵੇਲੇ ਜਪੁ ਦਾ ਜਾਪ ਕਰਦੇ ਹਨ, ਸ਼ਾਮ ਨੂੰ ਆਰਤੀ ਤੇ ਸੋਹਿਲਾ ਦੀ ਮਰਯਾਦਾ ਵੀ ਨਿਬਾਹੁੰਦੇ ਹਨ। ਸੰਗਤ ਨਾਲ ਸ਼ਬਦ ਦੀ ਗਿਆਨ ਗੋਸ਼ਟ ਤੇ ਅਧਿਆਤਮਕ ਚਰਚਾ ਵੀ ਕਰਦੇ ਹਨ। ਭਾਈ ਜੋਧ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਤਮਕ-ਪ੍ਰਤਿਭਾ ਦੀ ਜਿਵੇਂ ਪਛਾਣ ਕਰਾਈ, ਉਸ ਦਾ ਸਹਿਜੇ ਹੀ ਭਾਈ ਲਹਿਣਾ ਜੀ ਦੀ ਜਾਗੀ ਸੁਰਤਿ ਉੱਤੇ ਇੰਨਾ ਅਸਰ ਹੋਇਆ ਕਿ ਭਾਈ ਲਹਿਣਾ ਜੀ ਨੇ ਅੰਤਰ-ਆਤਮੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦਾ ਦ੍ਰਿੜ੍ਹ ਨਿਸਚਾ ਕਰ ਲਿਆ।

ਜਵਾਲਾਮੁਖੀ ਜਾ ਰਹੇ ਜਥੇ ਨੂੰ ਤੋਰ ਕੇ ਆਪ ਰਸਤੇ ਵਿਚ ਹੀ ਗੁਰੂ ਦਰਸ਼ਨ ਲਈ ਕਰਤਾਰਪੁਰ ਰੁਕ ਗਏ। ਹਾਲਾਂ ਕਰਤਾਰਪੁਰ ਵਿਚ ਪ੍ਰਵੇਸ਼ ਹੀ ਕੀਤਾ ਸੀ ਕਿ ਖੇਤਾਂ ਵਿਚੋਂ ਵਾਪਸ ਆਉਂਦੇ, ਗੁਰੂ ਨਾਨਕ ਦੇਵ ਜੀ ਦੇ ਦਰਸ਼ਨ-ਦੀਦਾਰ ਹੋ ਗਏ, ਪਰ ਹਾਲਾਂ 'ਤਾਕ' ਖੁਲ੍ਹਿਆ ਨਹੀਂ, ਗੁਰੂ-ਕੁੰਜੀ ਦੀ ਵਿਸ਼ੇਸ਼ਤਾ ਦਾ ਅਨੁਭਵ ਕਿਵੇਂ ਹੋਵੇ, ਭਾਈ ਲਹਿਣਾ ਜੀ ਨੇ ਪ੍ਰੇਮਪੀੜਾ ਅਧੀਨ ਗੁਰੂ ਜੀ ਕੋਲੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦੀ ਇੱਛਾ ਦਾ ਪ੍ਰਗਟਾਵਾ ਕੀਤਾ। ਦਿੱਬ ਦ੍ਰਿਸ਼ਟੀ ਦੇ ਸੁਆਮੀ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਨੂੰ ਲੈ ਤੁਰੇ ਤੇ 'ਧਰਮਸਾਲ' ਪਹੁੰਚਾ ਦਿੱਤਾ।

ਧਰਮਸਾਲ ਵਿਚ ਹੀ ਲਹਿਣਾ ਜੀ ਦੀ ਪਹਿਲੀ ਦਰਸ਼ਨ-ਮੁਲਾਕਾਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸ਼ੁੱਧ ਰੂਪ ਵਿਚ 'ਕਰਤਾਰੀ' ਸੀ, ਇਸ ਕਰਤਾਰੀ ਉਪਦੇਸ਼ ਕਾਰਨ ਹੀ ਸਾਰੇ ਸਿੱਖ ਆਪਣੇ ਆਪ ਨੂੰ ਕਰਤਾਰੀ ਵੀ ਅਖਵਾਂਦੇ ਸਨ ਤੇ ਕਰਤਾਰ ਜਾਂ ਦਾਤਾਰ ਦੀ ਏਕਤਾ ਕਾਰਨ ਧਰਮਸਾਲ ਦੇ ਮੰਡਲ ਵਿਚ ਨਾ ਵਰਨ-ਭੇਦ ਸੀ, ਨਾ ਰੂਪ-ਰੰਗ ਦਾ ਫ਼ਰਕ ਸੀ, ਨਾ ਉੱਤਮ ਜਾਤੀ ਜਾਂ ਮੱਧਮ ਜਾਤੀ ਦਾ ਵਿਤਕਰਾ ਸੀ ਤੇ ਨਾ ਅਮੀਰ-ਗਰੀਬ ਦੀ ਵੰਡ ਸੀ। ਭਾਈ ਲਹਿਣਾ ਜੀ ਨੂੰ ਇੰਜ ਅਨੁਭਵ ਹੋਇਆ, ਜਿਵੇਂ ਸਾਰੇ ਹੀ ਗੁਰੂ ਨਾਨਕ, ਦਰ ਘਰ ਤੋਂ ਵਰੋਸਾਏ ਹੋਏ ਹਨ। ਗੁਰੂ ਵਰੋਸਾਏ ਹੋਏ ਸਿੱਖਾਂ ਦੀ ਸੰਗਤ ਵਿਚ ਕੇਵਲ ਕਰਤੇ-ਕਰਤਾਰ ਦੀ ਸਿਫਤ-ਸਾਲਾਹ ਸੀ, ਕਿਸੇ ਦੇਵੀ-ਦੇਵਤੇ ਜਾਂ ਕੀਤੇ ਹੋਏ ਦੀ ਪੂਜਾ-ਪ੍ਰਤਿਸ਼ਟਤਾ ਨਹੀਂ ਸੀ। ਧਰਮਸਾਲ ਦੇ ਕਰਤਾਰੀ ਸ਼ੁੱਧ-ਆਤਮਕ, ਅੰਮ੍ਰਿਤ ਬਾਣੀ ਨਾਲ ਸ਼ਿੰਗਾਰੇ, ਧੁਰ ਦਰਗਾਹ ਦੇ ਹੁਕਮ ਵਿਚ ਸਿਰਜੇ ਸਤਿ ਸੰਗਤੀ ਮੰਡਲ ਨੇ ਭਾਈ ਲਹਿਣਾ ਜੀ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਉੱਤੇ ਇੰਨਾ ਅਸਰ ਕੀਤਾ ਕਿ ਉਹ ਸਦਾ ਲਈ ਗੁਰੂ ਨਾਨਕ ਦੇਵ ਜੀ ਦੇ ਹੋ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੋ ਜਾਣ ਦਾ ਸਪੱਸ਼ਟ ਰੂਪ ਇਹ ਸੀ ਕਿ ਭਾਈ ਲਹਿਣਾ ਜੀ ਜਿਨ੍ਹਾਂ ਸੰਸਕਾਰਾਂ ਤੇ ਵਿਸ਼ਵਾਸਾਂ ਵਿਚ ਜੰਮੇ ਪਲੇ ਤੇ ਵੱਡੇ ਹੋਏ ਸਨ, ਘਰ ਵਾਪਸ ਆਉਂਦਿਆਂ ਹੀ ਉਹਨਾਂ ਸਾਰੇ ਸੰਸਕਾਰਾਂ ਤੇ ਵਿਸ਼ਵਾਸਾਂ ਨੂੰ ਸੰਸਾਰੀ, ਸੁਰਤਿ-ਚਾਅ ਤੋਂ ਸੱਖਣੇ, ਭਰਮ ਗ੍ਰਸੇ, ਕੇਵਲ ਦੁਨਿਆਵੀ ਵਡਿਆਈ ਵਾਲੇ ਤੇ ਗੁਰੂ-ਪ੍ਰਾਪਤੀ ਲਈ ਅਰਥਹੀਣ ਮੰਨ ਕੇ ਤ੍ਰਿਸਕਾਰ ਦਿੱਤਾ। ਪੂਜਾ-ਭਗਤੀ, ਸੋਚ-ਚਿੰਤਨ, ਕਰਮ-ਅਮਲ ਦੀ ਸਮੁੱਚੀ ਕਿਰਿਆ ਵਿਚ ਮਾਤਾ ਖੀਵੀ ਜੀ ਤੇ ਬੱਚਿਆਂ ਨੇ ਵੀ ਸਹਜਿ ਸੁਭਾ ਫਰਕ ਦੇਖਿਆ।

ਭਾਈ ਲਹਿਣਾ ਜੀ ਪਹਿਲਾਂ ਆਪਣੀ ਸਾਰੀ ਜੀਵਨ-ਕਿਰਿਆ ਦਾ ਕੇਂਦਰ ਬਿੰਦੂ ਜਵਾਲਾ

SikhBookClub.com

ਮੁਖੀ ਦੀ ਦੇਵੀ ਨੂੰ ਬਣਾਦੇ ਸਨ, ਪਰ ਕਰਤਾਰਪੁਰ ਦੀ ਵਾਪਸੀ ਪਿੱਛੋਂ ਜੀਵਨ-ਕਿਰਿਆ ਦਾ ਕੀ, ਸਾਰੇ ਪਰਿਵਾਰ ਦਾ ਕੇਂਦਰ ਬਿੰਦੂ ਸ੍ਰੀ ਗੁਰੂ ਨਾਨਕ ਦੇਵ ਜੀ ਬਣ ਗਏ ਹਨ। ਹਰ ਸਾਲ ਜਥੇ ਬਣਾ ਕੇ, ਜਵਾਲਾ ਮੁਖੀ ਜਾਣ ਦੀ ਯਾਤਰਾ ਵਾਲੀ ਸੋਚ ਮੁਕ ਗਈ ਹੈ—ਸੁਰਤਿ, ਮਤਿ ਤੇ ਮਨਿ ਵਿਚ ਇਕੋ ਚਾਅ ਤੇ ਲਗਨ ਹੈ ਕਿ ਅੰਤਰ-ਆਤਮੇ ਗੁਰੂ ਦੇ ਦਰਸ਼ਨ-ਦੀਦਾਰ ਕਰਨੇ ਹਨ। ਭਾਈ ਫੇਰੂ ਮਲ ਜੀ ਦਾ ਕੀ, ਭਾਈ ਲਹਿਣਾ ਜੀ ਦਾ ਵੀ ਦ੍ਰਿੜ੍ਹ ਵਿਸ਼ਵਾਸ ਸੀ ਕਿ 'ਵੇਦ' ਹੀ ਸਰਬ ਸਰੇਸ਼ਟ ਤੇ ਉੱਤਮ ਗ੍ਰੰਥ ਹਨ, ਪੁੰਨ-ਪਾਪ ਤੇ ਸੁਰਗ-ਨਰਗ ਦਾ ਕਰਮਾਂ ਅਨੁਸਾਰ ਠੀਕ ਨਿਰਣਾ ਕਰਦੇ ਹਨ, ਅਵਤਾਰਾਂ ਦੀ ਧਰਮ-ਜਗਤ ਵਿਚ ਵਿਸ਼ੇਸ਼ ਥਾਂ ਹੈ, ਵਰਗ-ਵੰਡ ਤੇ ਜਾਤਿ-ਪਾਤਿ ਦੇ ਵਿਤਕਰੇ ਵੀ ਜਾਇਜ਼ ਹਨ, ਪਰ ਗੁਰੂ ਨਾਨਕ ਦੇਵ ਜੀ ਦੀ ਮਿਲਣੀ ਤੇ ਮੁਖਾਰ-ਬਿੰਦ ਤੋਂ ਅੰਮ੍ਰਿਤ ਬਾਣੀ ਸੁਣ ਕੇ ਭਾਈ ਲਹਿਣਾ ਜੀ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ 'ਵੇਦਾਂ ਨੇ ਤਾਂ ਕੇਵਲ ਕਥਾ-ਕਹਾਣੀ ਦਾ ਹੀ ਪ੍ਰਗਟਾਵਾ ਕੀਤਾ ਹੈ, ਤੱਤ-ਵਖਾਣਾ ਜਾਂ ਪ੍ਰਭੂ-ਸਾਖਿਆਤ ਕਰਨ ਦਾ ਸਮਰੱਥਾ ਤਾਂ ਕੇਵਲ 'ਗੁਰੂ' ਜਾਂ ਗੁਰੂ ਦੀ ਅੰਮ੍ਰਿਤ ਬਾਣੀ ਵਿਚ ਹੀ ਹੈ। ਮੋਹ-ਮਾਇਆ, ਲੋਭ-ਲਾਲਚ, ਹਉਮੈ-ਹੰਕਾਰ ਤੇ ਦੁਨਿਆਵੀ ਵਡਿਆਈਆਂ ਦਾ ਸੰਸਾਰ ਨਿਰੋਲ ਭਰਮ ਵਿਚ ਗ੍ਰਸਣ ਵਾਲਾ ਸੰਸਾਰ ਹੈ। ਭਾਈ ਲਹਿਣਾ ਜੀ ਨੂੰ ਸਪੱਸ਼ਟ ਹੋ ਗਿਆ ਕਿ 'ਏਹ ਭਰਮਿ ਭਵੈ ਸੰਸਾਰ' ਹੀ ਸੀ ਜਿਸ ਨੇ ਮੈਨੂੰ ਸਚਿਆਰ ਗੁਰੂ ਤੋਂ ਦੂਰ ਰਖਿਆ। ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਪਿਛਲੇ 60 ਸਾਲਾਂ ਤੋਂ 'ਬਲਿਓ ਚਰਾਗ' ਬਣ ਕੇ ਗਿਰਾਵਟ ਤੇ ਗੁਲਾਮੀ ਵਿਚ ਫਸੀ ਮਾਨਵਤਾ ਨੂੰ ਸੁਧਾਰ ਹੀ ਨਹੀਂ ਸਨ ਰਹੇ ਸਗੋਂ ਨਿਮ੍ਰਤਾ, ਨਾਮ, ਨਦਰਿ ਤੇ ਧੁਰ ਦਰਗਾਹੇ ਦੇ ਨੀਸਾਣ ਦੀ ਬਖ਼ਸ਼ਿਸ਼ ਵੰਡ-ਵੰਡ ਕੇ ਮਾਨਵਤਾ ਦਾ ਉਧਾਰ ਵੀ ਕਰ ਰਹੇ ਸਨ। ਭਾਈ ਲਹਿਣਾ ਜੀ ਦੇ 'ਗਿਆਨ' ਵਿਚ ਗੁਰੂ-ਮਹਾਨਤਾ ਤੇ ਗੁਰੂ ਦਰਸ਼ਨ ਅਤੇ ਗੁਰੂ ਮਿਲਣ ਦੀ ਇੱਛਾ ਤੀਬਰ ਹੋ ਗਈ, ਮਾਤਾ ਖੀਵੀ ਜੀ ਨੂੰ ਘਰ-ਬਾਰ ਤੇ ਬੱਚਿਆਂ ਦੀ ਸੰਭਾਵ ਦਾ ਜ਼ਿੰਮਾ ਸੌਂਪ ਕੇ ਭਾਈ ਲਹਿਣਾ ਜੀ 1532 ਈ. ਵਿਚ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਤਾਰੀ ਤੇ ਸੱਚੀ ਧਰਮਸਾਲ ਵਾਲੀ ਸੰਗਤ ਮਾਨਣ ਲਈ ਕਰਤਾਰਪੁਰ ਪਹੁੰਚ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਤਾਰੀ ਤੇ ਸੱਚੀ ਧਰਮਸਾਲ ਦੀ ਸੰਗਤ ਸ਼ਬਦ 'ਸੱਚੀ ਟਕਸਾਲ' ਦੀ ਸੰਗਤ ਹੀ ਸੀ। ਸੰਗਤ ਦਾ ਹਰ ਅੰਗ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਸੀ, ਭਾਵੇਂ ਭਾਈ ਲਹਿਣਾ ਜੀ ਸਨ, ਭਾਵੇਂ ਬਾਬਾ ਬੁੱਢਾ ਜੀ ਵਰਗੇ ਹੋਰ ਅਨੇਕਾਂ ਸਿੱਖ ਸਨ, ਹਰ ਸਿੱਖ ਲਈ ਗ੍ਰਹਿਸਤੀ ਤੇ ਕਿਰਤੀ ਹੋਣਾ ਲਾਜ਼ਮੀ ਸੀ। ਨਾਮ ਜਪਣਾ, ਵੰਡ ਛਕਣਾ ਤੇ ਸੇਵਾ ਕਰਨੀ ਇਹ ਵੀ ਕਰਤਾਰੀ ਸਿੱਖ ਦੇ ਸੁਭਾਅ ਵਿਚ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਖ਼ੁਸ਼ੀ ਤੇ ਪ੍ਰਸੰਨਤਾ ਇਸ ਕ੍ਰਿਆ ਵਿਚ ਸੀ ਕਿ ਹਰ ਸਿੱਖ ਧਰਮਸਾਲ ਦੀ ਹਾਜ਼ਰੀ ਭਰੇ ਤੇ ਗੁਰੂ-ਸੰਗਤ ਦੇ ਹਜ਼ੂਰੀ ਦਾ ਆਨੰਦ ਵੀ ਮਾਣੇ। ਭਾਈ ਲਹਿਣਾ ਜੀ ਨੇ 1532 ਈ. ਤੋਂ ਲੈ ਕੇ 1539 ਈ. ਤਕ ਲਗਾਤਾਰ ਸੱਤ ਸਾਲ ਗੁਰੂ ਨਾਨਕ ਦੇਵ ਜੀ ਦੀ ਹਾਜ਼ਰੀ ਵੀ ਭਰੀ ਤੇ ਧਰਮਸਾਲ ਵਿਚ ਸਵੇਰੇ-ਸ਼ਾਮ ਰੱਜ ਕੇ ਕਰਤਾਰੀ ਸੰਗਤ ਦੀ ਹਜ਼ੂਰੀ ਦਾ ਆਨੰਦ ਵੀ ਮਾਣਿਆ। ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਵੀ, ਧੁਰ ਦਰਗਾਹ ਤੋਂ ਪ੍ਰਮੇਸ਼ਰ ਵਲੋਂ ਬਖ਼ਸ਼ਿਸ਼ ਰੂਪ ਵਿਚ ਮਿਲਿਆ 'ਸ਼ਬਦ' ਪ੍ਰਥਮ ਸੀ ਤੇ ਧਰਮਸਾਲ ਵਿਚ ਜੁੜਦੀ ਸੰਗਤ ਦੇ ਜਾਪ-ਮਰਯਾਦਾ, ਗਿਆਨ-ਚਰਚਾ ਤੇ ਸੇਵਾ-ਘਾਲਣਾ ਦੀ ਸਾਰੀ ਕ੍ਰਿਆ ਵੀ 'ਸ਼ਬਦ' ਦੀ ਤਾਬਿਆ ਵਿਚ ਸੀ। 'ਸ਼ਬਦ' ਭਾਵੇਂ ਪ੍ਰਮੇਸ਼ਵਰ ਦਾ ਸਰੂਪ ਸੀ, ਪਰ ਗੁਰੂ ਹਿਰਦੇ ਦਾ

SikhBookClub.com

ਸੰਪੂਰਨ ਪ੍ਰਕਾਸ਼ ਵੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਅਖ਼ੀਰਲੇ 18 ਸਾਲ ਕਰਤਾਰਪੁਰ ਹੀ ਬਿਤਾਏ ਅਤੇ ਆਪਣੀ ਬਾਣੀ ਦਾ ਵੱਡਾ ਹਿੱਸਾ, ਖ਼ਾਸ ਕਰਕੇ ਜਪੁ ਜੀ, ਆਸਾ ਦੀ ਵਾਰ, ਸਿੱਧ ਗੋਸ਼ਟਿ ਤੇ ਬਾਰਹ ਮਾਹਾ ਤੁਖਾਰੀ ਵਰਗੀਆਂ ਲੰਮੀਆਂ ਬਾਣੀ ਨੂੰ ਇਥੇ ਹੀ ਸੰਪੂਰਨਤਾ ਪ੍ਰਦਾਨ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ 'ਸ਼ਬਦ' ਵਿਚ ਸੱਚੀ ਟਕਸਾਲ ਵਾਂਗ ਇਕ ਮਨੁੱਖ ਨੂੰ ਘੜਨ ਤੇ ਅੰਦਰੋਂ-ਬਾਹਰੋਂ ਸੰਪੂਰਨ ਤੇ ਸਤਿਗੁਰੂ ਦੀ ਮੁਹਰ ਵਿਚ ਸਿਰਜਣ ਦੀ ਪੂਰਨ ਸਮਰੱਥਾ ਹੈ। ਇਹੀ ਕਾਰਨ ਹੈ ਕਿ ਜਿਉਂ ਜਿਉਂ ਖਸਮ ਦੇ ਬਾਣੀ ਰੂਪ 'ਸ਼ਬਦ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਕਾਸ਼ਮਾਨ ਹੁੰਦੇ ਗਏ ਤਿਉਂ-ਤਿਉਂ ਭਾਈ ਲਹਿਣਾ ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਘੜਦੇ ਗਏ। ਸ਼ਬਦ ਸੱਚੀ ਟਕਸਾਲ ਵਿਚੋਂ ਅੰਮ੍ਰਿਤ ਜੀ ਨੂੰ ਉਘੇੜਨ ਲਈ, ਦੇ 'ਆਤਮਿਕ ਚਰਿੱਤਰ' ਨੂੰ ਘਾਲਣ ਤੇ ਗ੍ਰਹਿਣ ਕਰਨ ਦੇ ਆਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸਾਰੀ ਬਾਣੀ ਵਿਚ, ਖਾਸ ਕਰਕੇ 'ਜਪੁ ਜੀ' ਬਾਣੀ ਦੀ 38ਵੀਂ ਪਉੜੀ ਵਿਚ ਕੀਤੇ ਹਨ:

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥

(ਪੰਨਾ ੮)

ਅਸਲ ਵਿਚ ਜਤੁ, ਧੀਰਜੁ, ਮਤਿ, ਵੇਦ, ਭਉ, ਤਪ ਤੇ ਭਾਉ ਹੀ ਅੰਮ੍ਰਿਤ ਜੀਵਨ ਦੀਆਂ ਜ਼ਰੂਰੀ ਸਿਫ਼ਤਾਂ ਤੇ ਸ਼ਰਤਾਂ ਹਨ। ਭਾਈ ਲਹਿਣਾ ਜੀ ਨੇ ਆਪਣੇ ਸਾਰੇ ਜੀਵਨ ਤੇ ਆਪਣੀ ਸਾਰੀ ਘਾਲਣਾ ਨੂੰ 'ਗੁਰੂ-ਸ਼ਬਦ' ਦੇ ਆਤਮਕ-ਚਰਿੱਤਰ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ।

ਭਾਈ ਲਹਿਣਾ ਜੀ ਨੇ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਵੀ ਘਰ ਦਾ ਮੋਹ, ਪਰਿਵਾਰ ਦਾ ਮੋਹ, ਮਾਇਆ ਦਾ ਮੋਹ, ਰਿਸ਼ਤੇਦਾਰਾਂ ਦਾ ਮੋਹ, ਦੁਨਿਆਵੀ ਵਡਿਆਈਆਂ ਦਾ ਮੋਹ ਛੱਡ ਦਿੱਤਾ। ਕਿਉਂਕਿ ਅੰਦਰੋਂ 'ਮੋਹ' ਦੇ ਟੁੱਟਣ ਨਾਲ ਹੀ ਹਿਰਦਾ ਸ਼ਬਦ-ਸੱਚ ਨਾਲ ਸੰਵਾਰਿਆ ਜਾ ਸਕਦਾ:

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥

(ਪੰਨਾ ੯੧੭)

'ਮੋਹ' ਦੇ ਟੁੱਟਣ ਨਾਲ ਭਾਈ ਲਹਿਣਾ ਜੀ ਦਾ 'ਮੁਖ' ਪੂਰੀ ਤਰ੍ਹਾਂ ਗੁਰੂ-ਸ਼ਬਦ ਵਲ ਹੋ ਗਿਆ। ਅੰਮ੍ਰਿਤ ਵੇਲੇ ਉਠਦੇ ਹਨ; ਨਾਮ-ਸਿਮਰਨ ਵਿਚ ਜੁੜਦੇ ਹਨ, ਸੰਗਤੀ-ਸਾਂਝ ਕਰਦੇ ਹਨ, ਗਿਆਨ-ਚਰਚਾ ਵਿਚ ਵੀ ਹਿੱਸੇਦਾਰ ਬਣਦੇ ਹਨ, ਆਈ ਸੰਗਤ ਵਾਸਤੇ ਲੰਗਰ ਦੀ ਸੇਵਾ-ਘਾਲਿ ਵੀ ਨਿਬਾਹੁੰਦੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਤ ਵਿਚ ਵੀ ਹਿੱਸਾ ਪਾਉਂਦੇ ਹਨ, ਗੁਰੂ-ਹੁਕਮਾਂ ਦੀ ਪਾਲਣਾ ਇਸ ਤਰ੍ਹਾਂ ਕਰਦੇ ਹਨ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਨਿਕਟ

SikhBookClub.com

ਹਨ। ਸਿੱਖ ਗ੍ਰੰਥ ਸਾਖੀ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਪ੍ਰਤਿਭਾ ਨੂੰ ਸ਼ਬਦ-ਸੱਚੀ ਟਕਸਾਲ ਵਿਚ ਘੜਨ ਤੇ ਪਰਵਾਨ ਚੜ੍ਹਾਣ ਲਈ ਉਹਨਾਂ ਪ੍ਰਤੀ ਕਈ 'ਹੁਕਮ' ਕੀਤੇ। ਉਦਾਹਰਣ ਵਜੋਂ, ਖੇਤਾਂ ਵਿਚੋਂ ਪੱਠਿਆਂ ਦੀਆਂ ਪੰਡਾਂ ਚੁੱਕ ਲਿਆਉਣੀਆਂ, ਅਤਿ ਦੀ ਸਰਦੀ ਵਿਚ ਅੱਧੀ ਰਾਤੀਂ ਦਰਿਆ ਤੋਂ ਕਪੜੇ ਧੋ ਕੇ ਲਿਆਉਣੇ, ਧਰਮਸਾਲ ਦੀ ਢੱਠੀ ਕੰਧ ਨੂੰ ਉਸਾਰਨਾ, ਲਗਾਤਾਰ ਬਾਰਸ਼ ਦੀ ਝੜੀ ਕਾਰਨ ਲੱਕੜ ਨਾ ਹੋਣ ਕਾਰਨ ਲੰਗਰ ਮਸਤਾਨੇ ਹੋਣ 'ਤੇ ਕਿੱਕਰ ਬਾਲ-ਬਾਲ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖਣਾ, ਅਖ਼ੀਰ ਮੁਰਦਾ ਖਾਣ ਦਾ ਹੁਕਮ ਮੰਨਣਾ ਆਦਿ।

ਭਾਈ ਲਹਿਣਾ ਜੀ ਸ਼ਬਦ-ਸੱਚੀ ਟਕਸਾਲ ਵਿਚ ਆਪਣੇ ਆਪ ਨੂੰ ਇੰਨਾ ਘੜ ਚੁੱਕੇ ਸਨ ਕਿ 'ਗੁਰੂ-ਹੁਕਮਾਂ' ਦੀ ਪ੍ਰਕਿਰਤੀ ਤੇ ਰੂਪ ਜੈਸਾ ਵੀ ਸੀ, ਉਹ ਸਿਰ ਮੱਥੇ ਪਰਵਾਨ ਹੀ ਨਹੀਂ ਸੀ, ਸਗੋਂ ਪ੍ਰਮੇਸ਼ਵਰ ਦਾ ਹੁਕਮ ਸਮਝ ਕੇ ਖਿੜੇ ਮੱਥੇ ਸਵੀਕਾਰ ਵੀ ਸੀ। ਗੁਰੂ-ਮੁਖਿ ਵਾਲੇ ਦੀ ਵੱਡੀ ਪਛਾਣ ਵੀ ਇਹੀ ਹੈ ਕਿ ਉਹ ਆਪ ਵੀ ਤੇ ਸ੍ਰਿਸ਼ਟੀ ਮੰਡਲ ਤੇ ਜੀਵ-ਜਗਤ ਦੀ ਸਮੁੱਚੀ ਕ੍ਰਿਆ ਨੂੰ ਵੀ ਪ੍ਰਭੂ ਗੁਰੂ ਦੇ ਹੁਕਮ ਵਿਚ ਹੀ ਸਮਝਦਾ ਹੈ। ਉਸ ਦਾ ਸਪੱਸ਼ਟ ਤੇ ਦ੍ਰਿੜ੍ਹ ਵਿਸ਼ਵਾਸ ਬਣ ਜਾਂਦਾ ਹੈ।, ਕਿ 'ਹੁਕਮ' ਤੋਂ ਬਾਹਰ ਕੁਝ ਵੀ ਨਹੀਂ। ਹੁਕਮ ਵਿਚ ਜੀਉਣ ਵਾਲੇ ਨੂੰ ਹੀ ਆਤਮਿਕ ਵਡਿਆਈ ਅਤੇ ਬਖ਼ਸ਼ਿਸ਼ ਦੇ ਭੰਡਾਰ ਪ੍ਰਾਪਤ ਹੁੰਦੇ ਹਨ। ਭਾਈ ਬਲਵੰਡ ਜੀ, ਸੱਤਾ ਜੀ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਵਾਰ ਵਿਚ ਭਾਈ ਲਹਿਣਾ ਜੀ ਦੇ ਸ੍ਰੀ ਗੁਰੂ ਨਾਨਕ ਰਾਜ ਦੇ ਛੱਤਰ-ਸਿੰਘਾਸਣ ਦੇ ਅਧਿਕਾਰੀ ਬਣਨ 'ਤੇ "ਨਾਨਕ ਸਲਾਮਤਿ ਥੀਵਦੈ" ਦੀ ਸਮਰੱਥਾ ਪ੍ਰਾਪਤੀ ਦਾ ਜ਼ਿਕਰ ਕਰਦੇ ਹਨ ਤਾਂ ਉਹ ਵੀ 'ਹੁਕਮ ਮੰਨੇ' ਦੀ ਸਿਫ਼ਤਿ ਨੂੰ ਹੀ ਪ੍ਰਥਮ ਸਵੀਕਾਰ ਕਰਦੇ ਹਨ। ਵਾਰ ਦੇ ਬੋਲ ਹਨ:

ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥

(ਪੰਨਾ ੯੬੭)

ਗੁਰੂ ਦਰਬਾਰ ਦੇ ਪ੍ਰਵਾਣ ਬਾਣੀਕਾਰ ਭਾਈ ਗੁਰਦਾਸ ਤੇ ਬਲਵੰਡ-ਸੱਤਾ ਨੇ ਵੀ ਗੁਰੂ-ਸਪੁੱਤਰਾਂ ਦੇ ਆਕੀ ਹੋਣ ਦਾ ਜ਼ਿਕਰ ਇਸੇ ਪ੍ਰਸੰਗ ਵਿਚ ਹੀ ਕੀਤਾ ਹੈ:

(ੳ) *ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।*

(ਵਾਰ ੧/੩੮)

(ਅ) *ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥*
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

(ਪੰਨਾ ੯੬੭)

'ਹੁਕਮ' ਵਿਚ ਜੀਉਣ ਵਾਲੇ ਦੀ ਇਕ ਪਛਾਣ ਇਹ ਹੁੰਦੀ ਹੈ ਕਿ ਉਹ 'ਹਉਮੈ' ਦੀ ਵਿਕਾਰ-ਭਾਵਨਾ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ, ਨਿਮ੍ਰਤਾ ਤੇ ਮਿੱਠਤ, ਨਾਮ-ਸਿਮਰਨ, ਸਿਫ਼ਤ ਤੇ ਸਾਲਾਹ, ਸੇਵਾ ਤੇ ਸਹਿਜ ਉਸ ਦੀ ਘਾਲਣਾ ਦਾ ਵਿਸ਼ੇਸ਼ ਵਤੀਰਾ ਬਣ ਜਾਂਦਾ ਹੈ। ਕਰਤਾਰਪੁਰ ਵਿਚ ਰਹਿੰਦਿਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਮਾਣਦਿਆਂ, ਭਾਈ

SikhBookClub.com

ਲਹਿਣਾ ਜੀ ਦਾ ਬੋਲ ਤੇ ਵਤੀਰਾ ਸ਼ੁਧ ਰੂਪ ਵਿਚ ਆਤਮਕ ਹੋ ਗਿਆ, ਨਾ ਦੁਬਿੱਧਾ ਤੇ ਦਵੈਤ ਰਹੀ ਹੈ, ਨਾ ਕਠੋਰ ਤੇ ਕਪਟ-ਭਾਵ ਰਿਹਾ ਹੈ। ਭਾਈ ਲਹਿਣਾ ਜੀ ਦੇ ਬੰਦ ਬੰਦ ਵਿਚੋਂ ਧਰਮ-ਗਿਆਨ ਦਾ ਦੈਵੀ ਪ੍ਰਕਾਸ਼ ਉਜਾਗਰ ਹੋਣ ਲੱਗ ਪਿਆ ਹੈ। ਗੁਰੂ ਨਾਨਕ ਦੇਵ ਜੀ 'ਸ਼ਬਦ-ਸੱਚੀ ਟਕਸਾਲ' ਵਿਚੋਂ ਘੜੀ ਹੋਈ 'ਸਿੱਖ' ਦੀ ਜਿਹੋ ਜਿਹੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਵੇਖਣਾ ਚਾਹੁੰਦੇ ਸਨ, ਭਾਈ ਲਹਿਣਾ ਜੀ ਨੇ ਇਕ ਸਿੱਖ ਦੇ ਰੂਪ ਵਿਚ ਆਪਣੇ ਆਪ ਨੂੰ ਉਸ ਤਰ੍ਹਾਂ ਦਾ ਘੜ ਹੀ ਨਹੀਂ ਲਿਆ, ਸਗੋਂ ਪਹਿਲਾ 'ਪਰਵਾਨ ਗੁਰਸਿੱਖ' ਹੋਣ ਦਾ ਮਾਣ ਤੇ ਵਰਦਾਨ ਵੀ ਆਪਣੀ ਸੇਵਾ-ਘਾਲਣਾ ਸਦਕਾ ਪ੍ਰਾਪਤ ਕਰ ਲਿਆ ਹੈ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਰਵਾਨ 'ਗੁਰਸਿੱਖ' ਹੋਣ ਦਾ ਸੰਕੇਤ ਆਪਣੀਆਂ ਵਾਰਾਂ ਵਿਚ ਸਪੱਸ਼ਟ ਰੂਪ ਵਿਚ ਕੀਤਾ ਹੈ:

ਸਤਿਗੁਰ ਨਾਨਕ ਦੇਉ ਆਪੁ ਉਪਾਇਆ।
ਗੁਰ ਅੰਗਦੁ 'ਗੁਰਸਿਖੁ' ਬਬਾਣੇ ਆਇਆ।
ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ।
ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ।
ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ।
ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ॥੧॥ (ਵਾਰ ੨੦)

ਸਮੁੱਚੇ ਭਾਰਤ ਵਿਚ ਤੇ ਭਾਰਤ ਤੋਂ ਬਾਹਰ ਵੀ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦੀ ਗਿਣਤੀ ਬੇਅੰਤ ਸੀ। ਖਾਸ ਕਰ ਕੇ ਕਰਤਾਰਪੁਰ ਦੀ ਧਰਮਸਾਲ ਨਾਲ ਵੀ ਅਨੇਖਾਂ ਸਿੱਖ ਸਿੱਖੀ-ਸਿਖਿਆ ਕਾਰਨ ਜੁੜੇ ਹੋਏ ਸਨ, ਪਰ ਜੋ 'ਗੁਰੂ ਹੁਕਮਾਂ' ਪ੍ਰਤੀ ਸ਼ਰਧਾ ਤੇ ਸਤਿਕਾਰ ਦਾ, ਪ੍ਰੇਮ ਤੇ ਸਹਿਜ ਦਾ, ਸੇਵਾ ਤੇ ਸਮਰਪਿਤ ਹੋਣ ਦਾ ਪ੍ਰਗਟਾਵਾ ਭਾਈ ਲਹਿਣਾ ਜੀ ਆਪਣੀ ਜੀਵਨ ਕ੍ਰਿਆ ਰਾਹੀਂ ਪ੍ਰਕਾਸ਼ਮਾਨ ਕਰ ਰਹੇ ਸਨ, ਇਹ ਨਿਸਚੈ ਸੀ ਕਿ ਅਜਿਹੇ 'ਗੁਰਸਿੱਖ' ਨੂੰ ਗੁਰੂ ਨਾਨਕ ਦੇਵ ਜੀ ਆਪਣੇ ਅੰਗ ਨਾਲ ਲਾ ਕੇ ਅੰਦਰੋਂ ਬਾਹਰੋਂ ਰੱਜ ਕੇ ਪਿਆਰ ਵੀ ਕਰਦੇ ਤੇ ਪ੍ਰਵਾਨ ਗੁਰਸਿੱਖ ਹੋਣ ਦਾ ਐਲਾਨ ਵੀ ਕਰਦੇ। ਭਾਈ ਗੁਰਦਾਸ ਜੀ ਦੀ ਬਾਣੀ ਸਾਖੀ ਹੈ, ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਆਪਣੇ ਅੰਗ ਨਾਲ ਲਾ ਕੇ ਇੰਨਾ ਪਿਆਰ ਕੀਤਾ ਕਿ ਕੌਮ ਵਿਚ 'ਗੁਰੂ-ਚੇਲੇ' ਹੋਣ ਦਾ ਜਿਹੜਾ ਭਰਮ-ਭੇਦ ਸੀ, ਉਹ ਸਹਿਜੇ ਹੀ ਮਿੱਟਣਾ ਸ਼ੁਰੂ ਹੋ ਗਿਆ:

ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।

(ਵਾਰ ੨੬/੩੪)

ਜਿਵੇਂ ਗੰਗਾਂ ਤੇ ਗੰਗਾਂ ਦੀ ਤਰੰਗ ਵਿਚ ਕੋਈ ਫ਼ਰਕ ਨਹੀਂ, ਜਿਵੇਂ ਬਿਰਖ ਤੋਂ ਫਲ ਦੀ ਤੇ ਫਲ ਤੋਂ ਬਿਰਖ ਦੀ, ਪਿਉ ਤੋਂ ਪੁੱਤ ਤੇ ਪੁੱਤ ਤੋਂ ਪਿਉ ਦੀ ਪਛਾਣ ਹੁੰਦੀ ਹੈ, ਭਾਈ ਗੁਰਦਾਸ ਜੀ ਆਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਲਹਿਣਾ ਜੀ ਵਿਚ ਅਜਿਹੀ 'ਪ੍ਰੇਮ-ਇਕਰੂਪਤਾ' ਦੀ ਸਾਂਝ ਪਈ, ਕਿ ਹਰ ਕੋਈ ਸ੍ਰੀ ਗੁਰੂ ਅੰਗਦ ਦੇਵ ਜੀ 'ਬਾਬਾਣੈ ਗੁਰੂ ਅੰਗਦ ਆਇਆ' ਜਾਂ 'ਬਾਬਾਣੈ ਘਰ ਚਾਨਣ ਲਹਿਣਾ' ਆਖਣ ਲੱਗ ਪਿਆ:

ਅੰਗਹੁ ਅੰਗੁ ਓਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ।...
ਗੁਰ ਚੇਲਾ ਚੇਲਾ ਗੁਰੂ ਗੁਰੁ ਚੇਲਾ ਪਰਚਾ ਪਰਚਾਇਆ।
ਬਿਰਖਹੁ ਫਲੁ ਫਲ ਤੇ ਬਿਰਖੁ ਪਿਉ ਪੁਤਹੁ ਪੁਤੁ ਪਿਉ ਪਤੀਆਇਆ।...

SikhBookClub.com

ਬਾਬਾਣੇ ਗੁਰ ਅੰਗਦੁ ਆਇਆ॥ *(ਵਾਰ ੨੪/੫)*

'ਭੱਟ ਨਲ' ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਲਹਿਣਾ ਜੀ ਦੀ ਅਭੇਦਤਾ ਨੂੰ ਰਸ-ਆਤਮ ਦ੍ਰਿਸ਼ਟੀ ਤੋਂ ਪ੍ਰਗਟੇ ਪ੍ਰੰਪਰਾਗਤ ਰੂਪ ਵਿਚ ਆਖਦੇ ਹਨ:

ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥
ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸੁ ਹੀਅਉ॥

(ਪੰਨਾ ੧੪੦੫)

ਅਰਥਾਤ ਭਾਈ ਲਹਿਣਾ ਜੀ ਨੇ ਆਪਣਾ ਤਨ, ਮਨ ਤੇ ਧਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੌਂਪ ਦਿੱਤਾ ਤੇ ਆਪਣੇ ਹਿਰਦੇ ਵਿਚ ਸੱਚ-ਸ਼ਬਦ ਦੇ ਰਸ ਨੂੰ ਇਸ ਤਰ੍ਹਾਂ ਰਸਾਅ ਤੇ ਸਮਾਅ ਲਿਆ, ਜਿਵੇਂ 'ਸੱਚ' ਸੱਚ ਵਿਚ ਸਮਾਅ ਜਾਂਦਾ ਹੈ ਤੇ 'ਜੋਤਿ' ਜੋਤਿ ਵਿਚ ਇਕ-ਰੂਪਤਾ ਗ੍ਰਹਿਣ ਕਰ ਲੈਂਦੀ ਹੈ। ਭਾਈ ਗੁਰਦਾਸ ਜੀ ਤੇ ਬਲਵੰਡ-ਸੱਤਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਲਹਿਣਾ ਜੀ ਦੇ ਅੰਤਰ-ਆਤਮੇ ਮਿਲਣ ਨੂੰ 'ਜੋਤੀ ਜੋਤਿ ਮਿਲਾਇ ਕੈ' ਜਾਂ 'ਜੋਤਿ ਸਮਾਣੀ ਜੋਤਿ ਵਿਚ' ਜਾਂ 'ਜੋਤਿ ਓਹਾ ਜੁਗਤਿ ਸਾਇ' ਦੇ ਬਿੰਬਾਂ ਰਾਹੀਂ ਹੀ ਮੂਰਤੀਮਾਨ ਕੀਤਾ ਹੈ:

ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।

(ਵਾਰ ੧/੪ਪ)

ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ।

(ਵਾਰ ੨੪/੬)

ਭਾਈ ਸੱਤਾ ਬਲਵੰਡ ਜੀ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਆਪਣੇ ਅੰਗ ਲਾ ਕੇ ਪਹਿਲਾਂ 'ਅੰਗਦ' ਬਣਾਇਆ, ਫਿਰ 'ਅੰਗਦ-ਜੋਤਿ' ਵਿਚ ਨਿਰੰਕਾਰੀ ਜਾਂ ਕਰਤਾਰੀ-ਜੋਤਿ ਟਿਕਾ ਕੇ, ਐਸਾ 'ਗੁਰੂ-ਰੂਪ' ਪ੍ਰਦਾਨ ਕਰ ਦਿੱਤਾ ਕਿ ਭਾਈ ਲਹਿਣਾ ਜੀ ਸਦਾ ਲਈ ਸ੍ਰੀ ਗੁਰੂ ਅੰਗਦ ਦੇਵ ਬਣ ਗਏ। ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾਉਣ ਦੀ ਸਾਰੀ ਕਿਰਿਆ ਗੁਰੂ ਨਾਨਕ ਦੇਵ ਜੀ ਨੇ ਆਪ ਮਰਯਾਦਾ-ਬੱਧ ਢੰਗ ਨਾਲ ਨਿਭਾਈ:

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਉਂਦਿਆਂ ਹੀ ਗੁਰੂ ਨਾਨਕ-ਰਾਜ ਉੱਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਟਿਕਾ ਦਿੱਤਾ:

(ੳ) ਸਹਿ ਟਿਕਾ ਦਿਤੋਸੁ ਜੀਵਦੈ॥ *(ਪੰਨਾ ੯੬੬)*

(ਅ) ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ।

(ਵਾਰ ੧/੪ਪ)

2. ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਰਾਜ-ਸਿੰਘਾਸਣ ਉੱਤੇ ਬਿਠਾ ਕੇ ਜਿਵੇਂ ਚੇਲਾ ਗੁਰੂ ਅੱਗੇ ਰਹਰਾਸਿ ਕਰਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ 'ਚੇਲਾ' ਰੂਪ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਸਨਮੁਖ ਰਹਰਾਸਿ ਕੀਤੀ:

SikhBookClub.com

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥

(ਪੰਨਾ ੯੬੬)

3. ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ-ਸਿੰਘਾਸਣ ਉੱਤੇ ਟਿਕਾਣ ਲਈ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਸਾਰੇ ਸਿੱਖਾਂ ਤੇ ਪੁੱਤਰਾਂ ਨੂੰ ਪੂਰੀ ਤਰ੍ਹਾਂ ਘੋਖਿਆ ਤੇ ਯੋਗਤਾ ਸਿੱਧ ਕਰਨ ਲਈ ਮੌਕਾ ਦਿੱਤਾ, ਪਰ ਭਾਈ ਲਹਿਣਾ ਜੀ ਦੇ ਸਹੀ ਤੇ ਯੋਗ ਸਿੱਧ ਹੋਣ ਉੱਤੇ ਹੀ ਉਨ੍ਹਾਂ ਨੂੰ ਗੁਰੂ-ਸਿੰਘਾਸਣ ਉੱਤੇ ਬਿਠਾਇਆ ਗਿਆ:

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥

(ਪੰਨਾ ੯੬੭)

4. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਰਾਜ-ਸਿੰਘਾਸਣ ਉੱਤੇ ਕੇਵਲ ਸਥਾਪਿਤ ਹੀ ਨਹੀਂ ਸੀ ਕੀਤਾ, ਸਗੋਂ ਆਪ ਸਾਰੇ ਪਾਸੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ 'ਸਤਿ ਗੁਰ ਆਤਮ ਦੇਵ' ਤੇ 'ਖੜਗਿ ਜੋਰਿ ਪਰਾਕ੍ਰਮਿ ਜੀਅ ਦੈ' ਹੋਣ ਦੀ 'ਦੋਹੀ' ਵੀ ਫੇਰੀ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥

(ਪੰਨਾ ੯੬੬)

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥

(ਪੰਨਾ ੯੬੭)

5. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਰੂਪ ਵਿਚ ਐਲਾਨ ਕੀਤਾ:

ਕਿ ਸ੍ਰੀ ਗੁਰੂ ਅੰਗਦ ਦੇਵ ਜੀ ਹੁਣ ਗੁਰੂ ਹਨ, ਜੋਤਿ ਰੂਪਿ ਹਰਿ ਆਪਿ ਹਨ, ਜੋਤਿ-ਪ੍ਰਕਾਸ਼ ਦੇ ਅਧਿਕਾਰੀ ਹਨ, ਮੇਰੀ ਅਤੇ ਇਨ੍ਹਾਂ ਦੀ ਜੋਤਿ ਤੇ ਜੁਗਤਿ ਵਿਚ ਕੋਈ ਅੰਤਰ ਨਹੀਂ ਕੇਵਲ ਕਾਇਆਂ ਜ਼ਰੂਰ ਬਦਲੀ ਹੈ, 'ਨਾਨਕ' ਦਾ ਇਹ ਸਲਾਮਤਿ ਗੁਰੂ-ਰੂਪ ਹਨ।

ਸੱਤ ਸਾਲਾਂ ਦੀ ਨਿਰੰਤਰ ਸੇਵਾ ਤੇ ਘਾਲ-ਕਮਾਈ ਪਿਛੋਂ ਭਾਈ ਲਹਿਣਾ ਜੀ ਨੇ 'ਗੁਰੂ ਅੰਗਦ ਦੇਵ' ਜੀ ਦੇ ਰੂਪ ਵਿਚ, 'ਗੁਰੂ-ਜੋਤਿ' ਹੋਣ ਦਾ ਵਰਦਾਨ ਪ੍ਰਾਪਤ ਕਰਕੇ, 'ਨਾਨਕ-ਰਾਜ ਸਿੰਘਾਸਣ' ਉੱਤੇ ਬੈਠਣਾ ਤਾਂ ਪ੍ਰਵਾਨ ਕਰ ਲਿਆ, ਪਰ 'ਗੁਰੂ' ਬਣਨ ਪਿਛੋਂ ਵੀ ਆਪਣੇ ਆਪ ਨੂੰ 'ਨਾਨਕ' ਹੀ ਅਖਵਾਇਆ ਅਤੇ ਇਹੀ 'ਗੁਰੂ-ਮੁਹਰਾ' ਆਪਣੀ ਸਾਰੀ ਬਾਣੀ ਵਿਚ ਵਰਤੀ। ਪ੍ਰੋ. ਪੂਰਨ ਸਿੰਘ ਜੀ ਨੇ ਠੀਕ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਰੀਰ ਵਖੋ-ਵੱਖਰਾ ਸੀ, ਪਰ ਜੋਤਿ, ਜੁਗਤਿ ਤੇ ਉਪਦੇਸ਼ ਇਕੋ ਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਸਤੰਬਰ, 1539 ਈ. ਵਿਚ ਗੁਰਤਾ ਤੇ ਗੁਰੂ-ਸਿੰਘਾਸਣ ਦੀ ਸਾਰੀ ਜ਼ਿੰਮੇਵਾਰੀ ਗੁਰੂ ਅੰਗਦ ਦੇਵ ਜੀ ਨੇ ਸੰਭਾਲ ਲਈ। ਬਾਬਾ ਬੁੱਢਾ ਜੀ ਤੇ ਹੋਰ ਅਨੇਕਾਂ ਸਿੱਖ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ 'ਗੁਰੂ ਨਾਨਕ ਦੇਵ' ਹੀ ਸਵੀਕਾਰ ਕਰ ਰਹੇ ਸਨ। ਗੁਰੂ ਸਪੁੱਤਰਾਂ ਵਲੋਂ ਆਕੀ ਹੋਣ ਤੇ ਕਿੰਤੂ ਪਰੰਤੂ ਕਰਨ ਦੇ ਕਈ ਸੰਕੇਤ ਭਾਵੇਂ

SikhBookClub.com

ਉਭਰ ਰਹੇ ਸਨ, ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨਿਰੰਕਾਰੀ, ਕਰਤਾਰੀ, ਦਾਤਾਰੀ ਤੇ ਸਮ-ਦ੍ਰਿਸ਼ਟੀ ਅਨੁਸਾਰ ਹੀ 'ਧਰਮਸਾਲ' ਦੀ ਧਰਮ-ਮਰਯਾਦਾ ਨੂੰ ਚਲਾ ਰਹੇ ਸਨ। ਇਤਿਹਾਸ ਸਾਖੀ ਹੈ ਕਿ ਗੁਰੂ-ਸਪੁੱਤਰਾਂ ਤੇ ਉਹਨਾਂ ਦੇ ਸਹਿਯੋਗੀਆਂ ਦੇ ਵਿਰੋਧ ਨਾਲ ਟਕਰਾ ਦੀ ਸਥਿਤੀ ਪੈਦਾ ਕਰਨ ਤੋਂ ਬਚਣ ਲਈ ਅਤੇ ਸਿੱਖ ਲਹਿਰ ਨੂੰ ਸੰਸਥਾਪਤ ਰੂਪ ਦੇਣ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਛੱਡ ਦਿੱਤਾ ਅਤੇ ਗੁਰੂ-ਸਿੰਘਾਸਣ ਦਾ ਕੇਂਦਰ ਆਪਣੀ ਨਿਵਾਸ ਧਰਤੀ 'ਖਡੂਰ ਸਾਹਿਬ' ਨੂੰ ਸਥਾਪਿਤ ਕਰ ਲਿਆ। ਭਾਈ ਬਲਵੰਡ ਸੱਤਾ ਜੀ ਨੇ 'ਗੁਰੂ-ਕੇਂਦਰ' ਪਰਿਵਰਤਨ ਦਾ ਸਪੱਸ਼ਟ ਸੰਕੇਤ ਕੀਤਾ ਹੈ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥

(ਪੰਨਾ ੯੬੭)

ਗੁਰੂ ਅਤੇ ਸਿੱਖ ਦਾ ਰਿਸ਼ਤਾ ਸ਼ੁਧ ਰੂਪ ਵਿਚ ਜੋਤਿ ਤੇ ਜੁਗਤਿ ਦਾ ਰਿਸ਼ਤਾ ਸੀ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰੀ ਜਾਂ ਕਰਤਾਰੀ ਜੋਤਿ ਨੂੰ ਟਿਕਾਣ ਵਾਸਤੇ ਖ਼ੂਨੀ ਰਿਸ਼ਤਿਆਂ, ਪੁੱਤਰ-ਪਕੜ, ਜਾਇਦਾਦ ਦਾ ਲੋਭ-ਲਾਲਚ ਤੇ ਦੁਨਿਆਵੀ ਵਡਿਆਈਆਂ ਦੀ ਪਰਵਾਹ ਨਾ ਕੀਤੀ, ਇਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਕਰਤਾਰਪੁਰ ਛਡਦਿਆਂ, ਕਿਸੇ 'ਮੋਹ-ਪਕੜ' ਦਾ ਪ੍ਰਗਟਾਵਾ ਨਾ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁੰਦਿਆਂ, ਜਿਵੇਂ ਕਰਤਾਰਪੁਰ ਵਿਚ ਸ਼ਬਦ-ਸੱਚੀ ਟਕਸਾਲ ਦਾ ਮੰਡਲ ਸਿਰਜਿਆ ਹੋਇਆ ਸੀ ਤੇ ਜਿਹੜਾ ਸਿੱਖ ਵੀ ਗੁਰੂ-ਦਰਸ਼ਨ ਲਈ ਆਉਂਦਾ ਸੀ, ਉਹ ਗੁਰੂ-ਸ਼ਬਦ-ਜੋਤਿ ਦੇ ਪ੍ਰਕਾਸ਼ ਵਿਚੋਂ ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਘੜਨ ਵਾਸਤੇ ਜੁਗਤਿ ਦੀ ਪਛਾਣ ਜਾਂ ਜਾਣਕਾਰੀ ਲੈ ਜਾਂਦਾ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਿਲਕੁਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰ ਚਿੰਨ੍ਹਾਂ ਉੱਤੇ ਚਲਦਿਆਂ ਖਡੂਰ ਸਾਹਿਬ ਵਿਖੇ 'ਧਰਮਸਾਲ' ਦੀ ਸਿਰਜਨਾ ਕਰ ਲਈ ਅਤੇ ਨਿਰੰਤਰ ਗੁਰੂ-ਜੋਤਿ ਦਾ ਪ੍ਰਕਾਸ਼ ਵੀ ਹੋਣ ਲੱਗ ਪਿਆ। ਸ੍ਰੀ ਗੁਰੂ ਅੰਗਦ ਦੇਵ ਜੀ ਅੰਮ੍ਰਿਤ ਵੇਲੇ ਜਾਗਦੇ, ਸਚਿਆਰ ਸਿੱਖ ਅਮਰਦਾਰ ਜੀ ਵਲੋਂ ਬਿਆਸ ਦਰਿਆ ਤੋਂ ਭਰ ਕੇ ਲਿਆਂਦੇ ਪਾਣੀ ਦੀ ਗਾਗਰ ਨਾਲ ਰੋਜ਼ ਇਸ਼ਨਾਨ ਕਰਦੇ, ਧਰਮਸਾਲ ਵਿਚ ਜੁੜ, ਜਪੁ-ਜਾਪ ਕਰਦੇ, ਗੁਰਬਾਣੀ ਗਾਇਨ ਕਰਨ ਦੀ ਪਰੰਪਰਾ ਵੀ ਟੋਰ ਦਿੱਤੀ। ਗਿਆਨ, ਗੋਸ਼ਟਿ ਵਿਚ ਸਹਿਜ ਸੁਭਾ ਸ਼ਬਦ-ਲੰਗਰ ਇਸੇ ਤਰ੍ਹਾਂ ਵਰਤਾਂਦੇ ਕਿ ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਬਾਣੀ-ਰੰਗ ਵਿਚ ਰੰਗੇ ਹੋਏ ਹੀ ਨਹੀਂ, ਸਗੋਂ ਰਸੇ ਹੋਏ ਵੀ ਸਨ। ਜਦੋਂ ਬਲਵੰਡ-ਸੱਤਾ ਆਖਦੇ ਹਨ:

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥
ਦਰੁ ਸੇਵੇ ਉਮਤਿ ਖਤੀ ਮਸਕਲੈ ਹੋਇ ਜੰਗਾਲੀ॥
ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ॥

(ਪੰਨਾ ੯੬੭)

ਸੋ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦਾ 'ਪ੍ਰਭਾਵ' ਦਿਨੋ ਦਿਨ ਵੱਧ ਰਿਹਾ ਸੀ, ਚੂੰ ਕਿ 'ਸਿੱਖ' ਗੁਰੂ-ਸ਼ਬਦ ਦੇ ਆਸ਼ਕ ਸਨ ਅਤੇ ਆਪਣੇ ਗੁਰੂ ਤੋਂ ਹੀ ਬਲਿਹਾਰ ਜਾਂਦੇ ਸਨ, ਇਸ ਲਈ ਜਿਸ ਨੇ ਵੀ ਖਡੂਰ ਸਾਹਿਬ ਵਿਖੇ ਗੁਰੂ-ਜੋਤਿ ਦੇ

SikhBookClub.com

ਜਗਣ ਦੀ ਖ਼ਬਰ ਸੁਣੀ ਉਹ ਕਰਤਾਰਪੁਰ ਦੀ ਥਾਂ ਖਡੂਰ ਸਾਹਿਬ ਵਿਖੇ 'ਗੁਰੂ' ਦੇ ਦਰਸ਼ਨ-ਦੀਦਾਰ ਲਈ ਆਉਣ ਲੱਗ ਪਿਆ। ਜਾਪਦਾ ਹੈ ਕਿ ਦਿਨਾਂ ਵਿਚ ਹੀ ਸੰਗਤੀ-ਮੰਡਲ ਸਿਰਜਿਆ ਗਿਆ, ਜਿਸ ਵਿਚ ਸ਼ਬਦ ਲੰਗਰ ਦੇ ਨਾਲ ਨਾਲ ਦੇਗ ਲੰਗਰ ਵੀ ਵਰਤਣ ਦਾ ਪੂਰਾ ਪ੍ਰਬੰਧ ਕੀਤਾ ਗਿਆ। ਬਲਵੰਡ-ਸੱਤਾ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਵੰਡੀ ਜਾ ਰਹੀ ਜਿਥੇ ਨਾਮ ਦੀ ਦੌਲਤ ਤੇ ਨਾਮ-ਰਸ-ਲੰਗਰ ਦਾ ਸੰਕੇਤ ਕੀਤਾ ਹੈ, ਉਥੇ ਨੇਕ ਜਨ, ਸ਼ਾਂਤ ਸੁਭਾ ਤੇ ਸੇਵਾ ਭਾਰੀ ਮਾਤਾ ਖੀਵੀ ਜੀ (ਗੁਰੂ ਅੰਗਦ ਦੇਵ ਜੀ ਦੀ ਸੁਪਤਨੀ) ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਹੈ, ਕਿ ਮਾਤਾ ਜੀ ਆਪਣੇ ਹਥੀਂ 'ਦੇਗ' ਤਿਆਰ ਕਰਵਾਂਦੇ ਹਨ, ਲੰਗਰ ਵਿਚ ਖੁੱਲ੍ਹੀ ਹੱਥੀਂ ਪ੍ਰਸ਼ਾਦਿ ਵਰਤਾਂਦੇ ਹਨ, ਇਥੋਂ ਤਕ ਕਿ ਲੰਗਰ ਵਿਚ ਨਿਰੰਤਰ ਖੀਰ ਵੀ ਵਰਤਾਈ ਜਾਂਦੀ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਸ੍ਰੀ ਗੁਰੂ ਅੰਗਦ ਦੇਵ ਜੀ ਤੇ ਮਾਤਾ ਖੀਵੀ ਜੀ ਦੀ ਨਿਸ਼ਕਾਮ ਸੇਵਾ ਦਾ ਸਿੱਟਾ ਇਹ ਨਿਕਲਿਆ ਕਿ 'ਸਿੱਖ ਲਹਿਰ' ਸੰਸਥਾਗਤ ਰੂਪ ਵਿਚ ਉੱਜਲ-ਮੁੱਖ ਤੇ ਖੜਕਿ ਜੋਰ ਵਾਲੀ ਹੋ ਗਈ ਤੇ ਜਿਹੜੇ ਮਨਮੁਖ ਜਾਂ ਬੇਮੁੱਖ ਜਾਂ ਈਰਖਾਲੂ ਸਨ, ਉਹਨਾਂ ਦੇ ਮੂੰਹ ਪੀਲੇ ਪੈ ਗਏ ਅਰਥਾਤ ਉਹ ਗੁਰੂ-ਸੰਸਥਾ ਦੇ ਮੁਕਾਬਲੇ ਬੜੇ ਕਮਜ਼ੋਰ ਹੋ ਗਏ:

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

(ਪੰਨਾ ੯੬੭)

ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਖਡੂਰ ਵਿਖੇ ਸਹਾਇਤਾ-ਵਰ ਲਈ ਬਾਦਸ਼ਾਹ ਹਿਮਾਯੂੰ ਦਾ ਆਉਣਾ ਵੀ ਸਪੱਸ਼ਟ ਕਰਦਾ ਹੈ ਕਿ ਗੁਰੂ-ਸੰਸਥਾ ਬਲਵਾਨ ਹੋ ਰਹੀ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ 'ਗੁਰੂ-ਉਮਰ' ਭਾਵੇਂ 13 ਸਾਲ (1539 ਈ. ਤੋਂ 1552 ਈ. ਤਕ) ਸੀ, ਪਰ ਉਹਨਾਂ ਦਾ 'ਅਨੁਭਵ' ਬੜਾ ਡੂੰਘਾ, ਵਿਸ਼ਾਲ, ਵਿਆਪਕ ਸੀ। ਖ਼ਾਸ ਕਰਕੇ ਗੁਰੂ-ਭਗਤੀ, ਗੁਰੂ-ਸੇਵਾ, ਗੁਰੂ-ਧਰਮ ਗਿਆਨ, ਗੁਰੂ-ਸਹਿਜ-ਆਚਾਰ ਤੇ ਗੁਰੂ-ਨਦਰਿ-ਪ੍ਰਾਪਤੀ ਵਿਚ ਸਮੁੱਚੇ ਸਿੱਖ ਜਗਤ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਕੋਈ ਸਾਨੀ ਨਹੀਂ। ਲਗਾਤਾਰ 7 ਸਾਲ ਗੁਰੂ ਨਾਨਕ ਦੇਵ ਜੀ ਦੀ ਸੰਗਤ ਮਾਣਦਿਆਂ, ਮੁਖੋਂ ਬਾਣੀ ਉਚਾਰਦਿਆਂ ਤੇ ਬਾਣੀ ਸਿਧਾਂਤਾਂ ਦੀ ਗਿਆਨ ਚਰਚਾ ਸੁਣਦਿਆਂ, ਸ਼ਰਧਾਲੂ ਸਿੱਖਾਂ ਕੋਲੋਂ ਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ ਪੁੱਛਦਿਆਂ ਗੁਰੂ ਨਾਨਕ ਦੇਵ ਜੀ ਦੀ ਨਿਆਂਸ਼ੀਲ ਤੇ ਨਿਡਰ ਸੋਚ, ਪ੍ਰਚੰਡ ਸੁਧਾਰਵਾਦੀ ਬਿਰਤੀ, ਪ੍ਰਕ੍ਰਿਤੀ ਤੇ ਸੰਸਕ੍ਰਿਤੀ ਪ੍ਰਤੀ ਪਿਆਰ, ਸੰਗੀਤ, ਸੁਹਜ ਤੇ ਕਾਵਿ-ਪ੍ਰੰਪਰਾਵਾਂ ਦੀ ਪਛਾਣ ਕਰਦਿਆਂ, ਸ੍ਰੀ ਗੁਰੂ ਅੰਗਦ ਦੇਵ ਜੀ ਦਾ 'ਅਨੁਭਵ' ਸਹਿਜੇ ਹੀ ਡੂੰਘਾ ਵਿਸ਼ਾਲ, ਵਿਆਪਕ ਤੇ ਸਾਹਿੱਤਕ ਹੋ ਗਿਆ ਕਿ ਗੁਰੂ-ਰਾਜ-ਸਿੰਘਾਸਣ ਉੱਤੇ ਬੈਠ ਕੇ ਜਿਥੇ ਉਹਨਾਂ ਨੇ ਖਸਮ ਦੀ ਬਾਣੀ ਰਾਹੀਂ 'ਧਰਮ ਗਿਆਨ' ਦਾ ਪ੍ਰਚਾਰ ਕੀਤਾ, ਸੇਵਾ, ਚਾਕਰੀ, ਆਸ਼ਕੀ, ਭਗਤੀ ਰਾਸਿ ਤੇ ਸਿਫਤ-ਸਾਲਾਹ ਦਾ ਮਹੱਤਵ ਪ੍ਰਗਟ ਕੀਤਾ, ਉਥੇ ਸਿੱਖ ਲਹਿਰ ਨੂੰ ਸੰਸਥਾਗਤ ਤੇ ਸਾਰਥਿਕ ਰੂਪ ਦੇਣ ਵਾਸਤੇ ਅਦੁੱਤੀ ਯੋਗਦਾਨ ਦੀ ਸਿਰਜਨਾ ਵੀ ਕੀਤੀ।

SikhBookClub.com

ਗੁਰੂ ਅੰਗਦ ਦੇਵ ਜੀ ਦੀ ਬਾਣੀ:

ਗੁਰੂ-ਉਮਰ ਵਿਚ ਜਿਹੜੀ ਬਾਣੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚੋਂ ਪ੍ਰਕਾਸ਼ਮਾਨ ਹੋਈ ਹੈ, ਉਹ ਕੇਵਲ 63 ਸਲੋਕਾਂ ਤੱਕ ਹੀ ਸੀਮਤ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਲਗਭਗ ਸਾਰੇ ਕਾਵਿ-ਰੂਪਾਂ ਵਿਚ ਤੇ 19 ਰਾਗਾਂ ਵਿਚ ਆਪਣੀ ਬਾਣੀ ਰਚੀ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਕਾਵਿ-ਰੂਪਾਂ ਵਿਚੋਂ ਕੇਵਲ ਇਕੋ ਕਾਵਿ-ਰੂਪ 'ਸਲੋਕ' ਵਿਚ ਹੀ ਆਪਣੀ ਸਾਰੀ ਰਚਨਾ ਦੀ ਸਿਰਜਨਾ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਾਰੀ ਬਾਣੀ ਆਪਣੇ ਮੌਲਿਕ ਰੂਪ ਵਿਚ ਦਰਜ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਾਰੇ ਸਲੋਕਾਂ ਨੂੰ ਵਿਸ਼ੇ-ਵਸਤੂ ਦੀ ਸਪੱਸ਼ਟਤਾ ਤੇ ਸਾਰਥਿਕਤਾ ਦੀ ਦ੍ਰਿਸ਼ਟੀ ਤੋਂ 9 ਵਾਰਾਂ ਵਿਚ ਦਰਜ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਦੇ ਸਾਰੇ ਸਲੋਕ ਹੇਠ ਲਿਖੀਆਂ ਵਾਰਾਂ ਵਿਚ ਦਰਜ ਹਨ:

ਨੰ:	ਵਾਰ ਦਾ ਨਾਮ	ਵਾਰ ਕਰਤਾ	ਗਿਣਤੀ ਸਲੋਕ ਦੀ
1·	ਵਾਰ ਸਿਰੀ ਰਾਗ	ਮ: 4	2
2·	ਵਾਰ ਮਾਝ	ਮ: 1	12
3·	ਵਾਰ ਆਸਾ	ਮ: 1	15
4·	ਵਾਰ ਸੋਰਠਿ	ਮ: 4	1
5·	ਵਾਰ ਸੂਹੀ	ਮ: 3	11
6·	ਵਾਰ ਰਾਮਕਲੀ	ਮ: 3	7
7·	ਵਾਰ ਮਾਰੂ	ਮ: 3	1
8·	ਵਾਰ ਸਾਰੰਗ	ਮ: 4	9
9·	ਵਾਰ ਮਲਾਰ	ਮ: 1	5
	ਕੁਲ ਜੋੜ		63

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਾਰੇ ਸਲੋਕ ਕਿਸੇ ਰਾਗ-ਸਿਰਲੇਖ ਹੇਠਾਂ ਨਹੀਂ ਉਚਾਰੇ ਗਏ, ਪਰ ਜਦੋਂ ਵਾਰਾਂ ਵਿਚ ਦਰਜ ਇਹਨਾਂ ਸਲੋਕਾਂ ਦਾ ਨਿਖੇੜ ਕੀਤਾ ਜਾਂਦਾ ਹੈ ਤਾਂ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਾਰੀ ਰਚਨਾ ਭਾਵੇਂ 9 ਰਾਗਾਂ ਵਿਚ ਵੰਡੀ ਹੋਈ ਹੈ ਪਰ ਸਾਰੀ ਰਚਨਾ ਦਾ ਕਾਵਿ-ਰੂਪ ਨਿਰੰਤਰ ਇਕੋ ਹੀ ਹੈ। ਜਿਵੇਂ ਸਲੋਕ ਦੀ ਸਿਰਜਨਾ ਤੇ ਕਾਵਿ-ਪ੍ਰੰਪਰਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੁੱਲ੍ਹਾਂ ਮਾਣੀਆਂ, ਉਸੇ ਪ੍ਰੰਪਰਾ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਬਹੁਤੇ ਸਲੋਕ ਦੋ ਤੁਕਾਂ ਵਾਲੇ ਰਚੇ ਹਨ।

2· ਬਾਣੀ ਦੇ ਉਪਦੇਸ਼

ਚੂੰਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜੋਤਿ, ਸੋਚ ਤੇ ਆਦਰਸ਼ ਇਕ ਸੀ, ਇਸ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਾਣੀ ਉਪਦੇਸ਼ ਵੀ ਉਹੀ ਹਨ, ਜਿਨ੍ਹਾਂ ਨੂੰ

SikhBookClub.com

ਆਪਣੀ ਬਾਣੀ ਰਾਹੀਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨਿਰਧਾਰਤ ਕਰ ਗਏ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਾਰੇ ਉਪਦੇਸ਼ ਧਰਮ ਉੱਤੇ ਹੀ ਕੇਂਦਰਿਤ ਹਨ।

(ੳ) ਗੁਰੂ-ਭਗਤੀ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ, ਬਾਣੀ ਤੇ ਉਪਦੇਸ਼ਾਂ ਵਿਚ 'ਗੁਰੂ' ਦੀ ਮਹਾਨਤਾ ਤੇ ਗੁਰੂ-ਭਗਤੀ ਉੱਤੇ ਬੜਾ ਜ਼ੋਰ ਦਿੱਤਾ ਗਿਆ ਹੈ। ਉਹਨਾਂ ਦਾ ਦ੍ਰਿੜ੍ਹ ਨਿਸ਼ਚਾ ਹੈ ਕਿ 'ਗੁਰੂ' ਕੁੰਜੀ ਹੈ, 'ਗੁਰੂ' ਬਿਨਾਂ ਮਾਇਆ-ਮੋਹ ਵਿਚ ਗ੍ਰਸੇ 'ਮਨ ਦਾ ਤਾਕ' ਨਹੀਂ ਖੁੱਲ੍ਹ ਸਕਦਾ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਚੰਦਰਮਾ ਸੌ ਚੜ੍ਹ ਜਾਣ, ਸੂਰਜ ਹਜ਼ਾਰ ਹੋ ਜਾਣ, 'ਗੁਰੂ' ਦੇ ਚਾਨਣ ਦਾ ਮੁਕਾਬਲਾ ਇਹ ਨਹੀਂ ਕਰ ਸਕਦੇ। 'ਗੁਰੂ' ਬਿਨਾਂ ਜੀਵਨ ਵਿਚ ਹਨੇਰਾ ਹੀ ਹਨੇਰਾ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਪੰਨਾ ੪੬੩)

ਗੁਰੂ ਵਿਚ ਸਮਰਥਾ ਹੈ-ਮਾਨਸ ਨੂੰ ਦੇਵਤਾ ਬਣਾਨ ਦੀ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

(ਪੰਨਾ ੪੬੨)

ਗੁਰੂ ਅੰਗਦ ਦੇਵ ਜੀ ਦਾ ਇਹ ਵੀ ਪੂਰਾ ਵਿਸ਼ਵਾਸ ਹੈ ਕਿ ਗੁਰੂ ਕਿਰਪਾ ਬਿਨਾਂ ਨਾ ਸ਼ਬਦ ਦੀ ਕਮਾਈ ਹੋ ਸਕਦੀ ਹੈ ਅਤੇ ਨਾ ਹੀ ਹਉਮੈ ਨਾਲ ਜੁੜੇ ਬੰਧਨਾਂ, ਰੋਗਾਂ ਤੇ ਦੁੱਖਾਂ ਤੋਂ ਛੁਟਕਾਰਾ ਹੈ:

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

(ਪੰਨਾ ੪੬੬)

'ਗੁਰੁ-ਮੁਖਿ' (ਗੁਰਮੁਖਿ) ਅਖਵਾਣ ਦਾ ਅਧਿਕਾਰ ਵੀ ਉਸੇ ਦਾ ਹੈ, ਜਿਸ ਨੂੰ ਗੁਰੂ-ਉਪਦੇਸ਼ ਨੇ ਆਪ 'ਪ੍ਰਗਾਸ' ਪ੍ਰਦਾਨ ਕੀਤਾ ਹੈ:

ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥

(ਪੰਨਾ ੪੬੩)

'ਗੁਰਮੁਖਿ' ਚੂੰਕਿ ਸੁਰਤਿ ਦੇ ਚਾਅ ਤੇ ਗਿਆਨ ਧਿਆਨ ਵਿਚ ਜਿਉਂਦਾ ਹੈ, ਇਸ ਲਈ 'ਅੰਮ੍ਰਿਤ ਬਾਣੀ' ਨਾਲ ਉਸ ਦੀ ਸਹਿਜੇ ਹੀ ਸਾਂਝ ਪੈ ਜਾਂਦੀ ਹੈ:

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥

SikhBookClub.com

ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥

(ਪੰਨਾ ੧੨੪੩)

(ਅ) ਗੁਰੂ ਵਾਲੇ ਦਾ ਉਪਦੇਸ਼

ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਬਣਨ ਤੋਂ ਪਹਿਲਾਂ ਦਵੈਤ ਰੂਪ ਜਾਂ ਦੇਵੀ-ਦੇਵਤਿਆਂ ਦੇ ਉਪਾਸ਼ਕ ਸਨ, ਪਰ 'ਗੁਰੂ' ਬਣਨ ਪਿੱਛੋਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਇਕ ਪ੍ਰਮੇਸ਼ਰ ਦੇ ਦ੍ਰਿੜ੍ਹ ਵਿਸ਼ਵਾਸੀ ਵੀ ਰਹੇ ਅਤੇ ਦੂਜਾ ਸਿਮਰਨ ਵਾਲਿਆਂ ਨੂੰ ਪ੍ਰੇਰਦੇ ਵੀ ਰਹੇ। ਇਕ ਨਿਰੰਕਾਰੀ, ਕਰਤਾਰ, ਸਾਹਿਬ, ਦਾਤਾਰ ਜਾਂ ਦਾਤਾ ਦੀ ਭਾਵਨਾ ਉਹਨਾਂ ਦੀ ਬਾਣੀ ਵਿਚ ਬੜੀ ਵਿਆਪਕ ਹੈ:

ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

(ਪੰਨਾ ੧੩੮)

ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ॥

(ਪੰਨਾ ੧੪੯)

(ਏ) ਸਭ ਹੁਕਮ ਵਿਚ ਹੈ

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਅਧਿਆਤਮਕ ਜੀਵਨ ਵਿਚ 'ਹੁਕਮ' ਦੀ ਵਿਸ਼ੇਸ਼ਤਾ ਨੂੰ ਪ੍ਰਗਟਾਂਦਿਆਂ ਇਥੋਂ ਤਕ ਆਖਿਆ ਕਿ 'ਹੁਕਮ' ਵਿਚ ਆਪਣੇ ਆਪ ਨੂੰ ਢਾਲਣਾ 'ਪ੍ਰਭੂ-ਖਸਮ' ਨੂੰ ਪ੍ਰਾਪਤ ਕਰਨਾ ਹੀ ਹੈ:

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥

(ਪੰਨਾ ੧੨੪੩)

ਪ੍ਰਭੂ ਦਾ ਹੁਕਮ ਸਰਵੋਤਮ ਹੈ। ਪਾਤਿਸ਼ਾਹ, ਮਾਲਕ, ਤੇ ਫ਼ੌਜਾਂ ਦੇ ਸਰਦਾਰ ਵੀ ਪ੍ਰਭੂ ਹੁਕਮ ਮੰਨਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਚੂੰਕਿ ਗੁਰੂ-ਹੁਕਮ ਵਿਚ ਰਹਿ ਕੇ ਹੀ ਉੱਚ-ਅਧਿਆਤਮਕ ਪ੍ਰਾਪਤੀ ਕੀਤੀ ਸੀ, ਇਸ ਲਈ ਆਪਣੀ ਬਾਣੀ ਵਿਚ ਉਹਨਾਂ 'ਹੁਕਮ' ਦੀ ਵਿਸ਼ੇਸ਼ਤਾ ਨੂੰ ਵੀ ਮੂਰਤੀਮਾਨ ਕੀਤਾ ਹੈ:

ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ॥

(ਪੰਨਾ ੧੪੯)

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ॥
ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ॥

(ਪੰਨਾ ੧੨੩੮)

(ਸ) ਨਾਮ-ਨੀਸਾਨ ਦੀ ਪ੍ਰਾਪਤੀ

ਗੁਰੂ-ਭਗਤੀ ਤੇ ਗੁਰੂ-ਹੁਕਮ ਵਿਚ ਜੀਉਣ ਵਾਲੇ ਨੂੰ ਹੀ 'ਨਾਮ-ਨੀਸਾਨ' ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦ੍ਰਿੜ੍ਹ ਨਿਸ਼ਚਾ ਹੈ ਕਿ ਦੇਖਣ, ਸੁਣਨ ਜਾਂ ਜਾਨਣ ਨਾਲ 'ਨਾਉ'

SikhBookClub.com

ਦੀ ਪ੍ਰਾਪਤੀ ਨਹੀਂ ਹੁੰਦੀ। ਪ੍ਰਭੂ ਦੀ ਪ੍ਰਾਪਤੀ ਲਈ ਨਾਮ-ਸਿਮਰਨ ਜ਼ਰੂਰੀ ਹੈ। ਨਾਮ-ਸਿਮਰਨ ਨਾਲ ਇਕ ਸਹਜਿ-ਆਚਾਰ ਉਪਜਦਾ ਹੈ। ਇਸ ਸੱਚ-ਆਚਾਰ ਨਾਲ ਫਿਰ ਕੰਤ-ਮਿਲਾਵਾ ਹੁੰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਤੀਬਰ ਅਨੁਭਵ ਹੈ:

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥

(ਪੰਨਾ ੧੩੯)

(ਹ) ਗੁਰੂ-ਨਦਰਿ ਦੇ ਅਧਿਕਾਰੀ

ਜਿਨ੍ਹਾਂ ਦਾ ਜੀਵਨ-ਆਧਾਰ 'ਨਾਮ-ਨੀਸਾਨ' ਹੋ ਜਾਂਦਾ ਹੈ, ਸ੍ਰੀ ਗੁਰੂ ਅੰਗਦ ਸਾਹਿਬ ਆਖਦੇ ਹਨ ਕਿ ਉਹ ਫਿਰ 'ਗੁਰੂ-ਨਦਰਿ' ਦੇ ਅਧਿਕਾਰੀ ਬਣ ਜਾਂਦੇ ਹਨ:

ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥

(ਪੰਨਾ ੧੨੩੯)

ਪ੍ਰਭੂ ਦੀ ਨਦਰਿ ਹੋ ਜਾਵੇ ਤਾਂ ਵਿਕਾਰਾਂ ਵਲ ਵਾਪਸੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ:

ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥

(ਪੰਨਾ ੧੪੯)

ਸਾਬਤ ਰਾਸਿ ਵਾਲਾ ਹੀ ਨਦਰਿ ਪ੍ਰਾਪਤ ਕਰ ਸਕਦਾ ਹੈ:

ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ॥

(ਪੰਨਾ ੧੨੩੮)

ਨਦਰਿ ਵਾਲੇ ਨੂੰ ਤੇ ਸਿਫਤ-ਸਾਲਾਹ ਦੀ ਕੁੰਜੀ ਮਿਲ ਜਾਂਦੀ ਹੈ। ਜਿਸ ਕੋਲ 'ਕੁੰਜੀ' ਹੈ, ਗੁਰੂ-ਭੰਡਾਰ ਦਾ ਉਹ ਪੋਤੇਦਾਰ (ਵੰਡਾਰਾ) ਹੋ ਜਾਂਦਾ ਹੈ। ਗੁਰੂ-ਪ੍ਰਭੂ ਕੋਲ ਹੀ ਪੂਰਾ ਭੰਡਾਰ ਹੈ:

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥
ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥

(ਪੰਨਾ ੧੨੩੯)

ਸ੍ਰੀ ਗੁਰੂ ਅੰਗਦ ਦੇਵ ਜੀ ਲਈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ, ਦਰਸ਼ਨ ਤੇ ਉਪਦੇਸ਼ ਆਦਰਸ਼ ਸੀ, ਉਥੇ 'ਗੁਰਿਆਈ' ਪ੍ਰਾਪਤੀ ਲਈ ਬਾਬਾ 'ਅਮਰਦਾਸ' ਜੀ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ, ਬਾਣੀ ਤੇ ਉਪਦੇਸ਼ ਆਦਰਸ਼ ਸੀ, ਲਗਾਤਾਰ 12 ਸਾਲ ਦੀ ਸੇਵਾ, ਘਾਲਿ ਤੇ ਕਮਾਈ ਪਿਛੋਂ ਬਾਬਾ 'ਅਮਰਦਾਸ' ਜੀ ਬਿਲਕੁਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ 'ਜੋਤਿ-ਰੂਪ' ਗ੍ਰਹਿਣ ਕਰਕੇ ਹੋਰ ਸਿੱਖਾਂ-ਪੁੱਤਾਂ ਦੀ ਥਾਂ ਗੁਰੂ-ਸਿੰਘਾਸਣ ਉੱਤੇ ਬੈਠਣ ਲਈ ਪ੍ਰਵਾਨ ਹੋਏ। ਬਲਵੰਡ-ਸੱਤਾ ਦੀ ਗਵਾਹੀ ਬੜੀ ਭਾਵ-ਪੂਰਤ ਹੈ:

ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥

(ਪੰਨਾ ੯੬੮)

SikhBookClub.com

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ ਬਿਰਹੋਂ ਅਤੇ ਵੈਰਾਗ ਦੀ ਭਾਵਨਾ ਵੀ ਇੰਨੀ ਉਭਰਦੀ ਹੈ, ਕਿ 'ਪਿਆਰੇ' ਬਿਨਾ ਜਿਊਣਾ ਧ੍ਰਿਗ ਸਮਝਦੇ ਹਨ, ਜਿਹੜਾ 'ਸਿਰ' ਸਾਈਂ ਗੁਰੂ-ਪ੍ਰਭੂ ਅੱਗੇ ਨਹੀਂ ਝੁਕਦਾ, ਉਸ ਸਿਰ ਨੂੰ ਅਕਾਰਥ ਹੀ ਮੰਨਦੇ ਹਨ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

(ਪੰਨਾ ੮੩)

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥

(ਪੰਨਾ ੮੯)

(1) ਗੁਰੂ-ਸੰਸਥਾ ਤੇ ਗੁਰੂ-ਚਰਿੱਤਰ ਨਾਲ ਅੰਤਰ-ਆਤਮੈ ਤੋਂ ਸਿੱਖ ਜੁੜੇ ਰਹਿਣ, ਇਸ ਆਦਰਸ਼ ਦੀ ਪੂਰਤੀ ਲਈ ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਧਰਮਸਾਲ ਬਣਾ, ਸੰਗਤ ਤੇ ਪੰਗਤ ਸਜਾ ਰੋਜ਼ ਦੀ ਮਰਯਾਦਾ ਨਿਬਾਹੁਣ ਦਾ ਯੋਗ ਤੇ ਪੂਰਾ ਪ੍ਰਬੰਧ ਕੀਤਾ, ਉਥੇ ਸਿੱਖਾਂ ਨੂੰ ਬੜੇ ਸਰਲ, ਸਪੱਸ਼ਟ, ਸਿੱਧੇ ਤੇ ਸਾਰਥਿਕ ਢੰਗ ਨਾਲ ਗੁਰੂ-ਉਪਦੇਸ਼ ਸਮਝਾਉਣ ਦਾ ਵੀ ਯਤਨ ਕੀਤਾ:

(ੳ) ਗੁਰੂ-ਸਨਮੁਖ 'ਹੁਕਮ' ਦੀ ਬੋਲੀ ਨਾਲ ਨਹੀਂ, ਕੇਵਲ 'ਅਰਦਾਸ' ਦੀ ਭਾਵਨਾ ਨਾਲ ਵਿਚਰਨਾ ਚਾਹੀਦਾ ਹੈ:

ਸਾਹਿਬ ਸੇਤੀ ਹੁਕਮੁ ਨਾ ਚਲੈ ਕਹੀ ਬਣੈ ਅਰਦਾਸਿ॥ *(ਪੰਨਾ ੪੭੪)*

(ਅ) ਜੇ ਗੁਰੂ-ਪ੍ਰਭੂ ਨਾਲ ਆਸ਼ਕੀ (ਪ੍ਰੇਮ) ਕਰਨੀ ਹੈ, ਇਕ ਤਾਂ ਦੂਜੇ ਚਕਰ ਉੱਤੇ ਨਾ ਜਾਉ, ਦੂਜਾ ਪਿਆਰ ਵਿਚ 'ਲੇਖੇ' ਨਾ ਗਿਣੋ, ਕਿਸੇ ਨੂੰ ਵਧਾ, ਕਿਸੇ ਨੂੰ ਘਟਾ ਦਾ ਕਿੰਤੂ ਨਾ ਰੱਖੋ: ਸੱਚਾ ਆਸ਼ਕ ਤਾਂ ਗੁਰੂ-ਸੱਚ ਵਿਚ ਨਿਰੰਤਰ ਸਮਾਇਆ ਰਹਿੰਦਾ ਹੈ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥

(ਪੰਨਾ ੪੭੪)

(ੲ) ਜੇ ਪਰਵਾਨ ਗੁਰੂ-ਚਾਕਰ (ਸੇਵਕ) ਬਣਨਾ ਹੈ ਤਾਂ ਹਉਮੈ ਛੱਡ ਕੇ ਸੇਵਾ ਵਿਚ ਜੁੜ ਜਾ, ਹੰਕਾਰ ਦਾ ਬੋਲ ਨਾ ਬੋਲ, ਬਹੁਤੀਆਂ ਗੱਲਾਂ ਵੀ ਨਾ ਕਰੇ, ਕਿਉਂਕਿ ਇਹ ਰਸਤਾ ਖਸਮ ਦੀ ਪ੍ਰਸੰਨਤਾ ਪ੍ਰਾਪਤ ਕਰਨ ਦਾ ਨਹੀਂ। ਕੇਵਲ 'ਸੇਵਾ' ਵਾਲਾ ਹੀ ਮਾਨ-ਪਰਵਾਨ ਦਾ ਨੀਸਾਣੁ ਪ੍ਰਾਪਤ ਕਰ ਸਕਦਾ ਹੈ:

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥

SikhBookClub.com

ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਪੰਨਾ ੪੭੪)

(ਸ) ਗੁਰੂ-ਸੰਸਥਾ ਨਿਆਂਸ਼ੀਲ ਹੈ। ਜੇ ਬਿਖੁ ਬੀਜੋਗੇ ਤਾਂ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋਣੀ। ਅੰਮ੍ਰਿਤ ਬੀਜ ਕੇ ਹੀ 'ਰਸ' ਦੀ ਪ੍ਰਾਪਤੀ ਹੋਣੀ ਹੈ:

ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥

(ਪੰਨਾ ੪੭੪)

(ਹ) ਇਹ ਗੱਲ ਪੂਰੀ ਤਰ੍ਹਾਂ ਪਲੇ ਬੰਨ੍ਹ ਲੈ, ਕਿ ਕੂੜ ਕਮਾਣ ਨਾਲ ਬੰਦਾ ਕੂੜਾ ਹੋ ਜਾਂਦਾ ਹੈ:

ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥

(ਪੰਨਾ ੪੭੪)

ਜਿਵੇਂ ਇਆਣੇ ਨਾਲ ਦੋਸਤੀ ਕਦੇ ਰਾਸਿ ਨਹੀਂ ਆਉਂਦੀ ਇਸੇ ਤਰ੍ਹਾਂ ਲਾਲਚ ਅਧੀਨ ਕਿਸੇ ਵੱਡੇ ਨਾਲ ਪਾਇਆ ਪ੍ਰੇਮ ਵੀ ਪਾਣੀ ਵਿਚ ਪਾਈ ਲੀਕ ਵਾਂਗੂ ਹੀ ਹੈ:

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥

(ਪੰਨਾ ੪੭੪)

(ਕ) ਜਿਨ੍ਹਾਂ ਨੂੰ ਸਿਫ਼ਤ-ਸਾਲਾਹ ਦੁਆਰਾ ਸੱਚ ਵਿਚ ਇਕਸੁਰ ਹੋਣ ਦੀ ਦੀਖਿਆ ਗੁਰੂ ਨਾਨਕ ਦੇਵ ਜੀ ਨੇ ਸਮਝਾ-ਬੁਝਾ ਦਿੱਤੀ ਹੈ, ਉਹਨਾਂ ਨੂੰ ਹੋਰ ਕਿਸੇ ਉਪਦੇਸ਼ ਦੀ ਜਾਂ ਦੁਆਰੇ ਦੀ ਲੋੜ ਨਹੀਂ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਪੰਨਾ ੧੫੦)

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੱਸ਼ਟ ਤੇ ਸ਼ੁੱਧ-ਆਤਮਕ ਉਪਦੇਸ਼ਾਂ ਦਾ ਵੱਡਾ ਪ੍ਰਭਾਵ ਇਹ ਪਿਆ, ਕਿ ਸਿੱਖ ਗੁਰੂ-ਸੰਸਥਾ ਤੇ ਸਿੱਖ ਲਹਿਰ ਨਾਲ ਆਤਮਕ, ਮਾਨਸਿਕ ਤੇ ਜਥੇਬੰਦਕ ਰੂਪ ਵਿਚ ਜੁੜਨ ਲੱਗ ਪਏ।

(2) ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਨੂੰ ਸਿਖਿਆ ਦੀਖਿਆ ਦੇਣ ਲਈ 'ਖਡੂਰ' ਵਿਖੇ ਇਕ ਪਾਠਸ਼ਾਲਾ ਦੀ ਸਥਾਪਨਾ ਕੀਤੀ ਅਤੇ ਵਿਦਿਆ ਦੇ ਨਾਲ ਸਰੀਰ-ਸਾਧਨਾ ਦਾ ਸ਼ੌਕ ਵੀ ਪੈਦਾ ਕੀਤਾ।

(3) ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰਾਂ ਨੂੰ ਸੋਧ-ਸੁਧਾਈ ਕਰਕੇ ਪ੍ਰਮਾਣਿਕ ਰੂਪ ਦਿੱਤਾ ਤੇ 'ਕੈਦੇ' ਲਿਖ ਲਿਖ ਕੇ ਪੜ੍ਹਨ ਪੜ੍ਹਾਣ ਦਾ ਪੂਰਾ ਪ੍ਰਬੰਧ ਕੀਤਾ।

(4) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਜੀਵਨ, ਯਾਤਰਾ ਤੇ ਸੁਧਾਰ ਦੀਆਂ ਜਿਹੜੀਆਂ ਸਾਖੀਆਂ ਆਏ ਗਏ ਸਿੱਖਾਂ ਕੋਲੋਂ ਸੁਣੀਆਂ, ਉਹਨਾਂ ਦੇ ਆਧਾਰ ਉੱਤੇ ਗੁਰੂ ਨਾਨਕ ਸਾਹਿਬ ਦੀ ਪਹਿਲੀ ਤੇ ਇਤਿਹਾਸਕ, ਨਿਰੋਲ ਵਾਰਤਕ ਵਿਚ 'ਜਨਮ ਸਾਖੀ' ਲਿਖਵਾਈ, ਜਿਸ ਨੂੰ ਪੰਜਾਬੀ ਵਾਰਤਕ ਵਿਚ ਪਹਿਲੀ ਰਚਨਾ ਹੋਣ ਦਾ ਮਾਣ ਪ੍ਰਾਪਤ ਹੈ।

SikhBookClub.com

(5) ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਲੰਗਰ' ਨੂੰ ਇਸ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹਾਨਤਾ ਦਿੱਤੀ, ਤਾਂਕਿ ਖਾਣ-ਪੀਣ ਦੇ ਭਰਮ-ਭੇਦ ਮਿੱਟ ਜਾਣ ਤੇ ਸੰਗਤ-ਪੰਗਤ ਵਿਚੋਂ ਮਾਨਵ-ਏਕਤਾ ਤੇ ਮਾਨਵ-ਬਰਾਬਰੀ ਦਾ ਸਿਧਾਂਤ ਸਿੱਖਾਂ ਵਿਚ ਹੋਰ ਦ੍ਰਿੜ੍ਹ ਹੋ ਜਾਵੇ।

(6) ਗੁਰੂ ਨਾਨਕ-ਬਾਣੀ ਦੀ ਪੂਰੀ ਚੇਤੰਨਤਾ ਨਾਲ ਸੰਭਾਲ ਕੀਤੀ ਤਾਂ ਕਿ ਬਾਣੀ ਦੀ ਮੌਲਿਕਤਾ ਵਿਚ ਕੋਈ ਮਿਲਾਵਟ ਜਾਂ ਰਲਾ ਨਾ ਪਾ ਸਕੇ।

(7) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੌਲਿਕ, ਸੁਤੰਤਰ, ਵਿਲੱਖਣ ਤੇ ਸੰਪੂਰਨ ਧਰਮ ਉੱਤੇ ਵੀ ਕਿਸੇ ਉਦਾਸੀ, ਜੋਗੀ, ਜੈਨੀ ਤੇ ਸੂਫ਼ੀ ਦਾ ਪ੍ਰਭਾਵ ਨਾ ਪੈਣ ਦਿੱਤਾ।

(8) 1552 ਈ. ਵਿਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰੰਪਰਾ ਅਨੁਸਾਰ 'ਗੁਰੂ-ਰਾਜ-ਸਿੰਘਾਸਣ' ਲਈ ਸੇਵਾ-ਘਾਲਣਾ ਨਾਲ ਸ਼ਿੰਗਾਰਿਆ, ਸ੍ਰੇਸ਼ਟ ਤੇ ਵਿਸ਼ਿਸ਼ਟ ਬੁੱਧੀ ਵਾਲਾ ਸਿੱਖ-ਸੇਵਕ ਬਾਬਾ 'ਅਮਰਦਾਸ' ਜੀ ਨੂੰ ਸਥਾਪਿਤ ਕੀਤਾ ਤੇ ਇਸ ਤਰ੍ਹਾਂ 'ਨਾਨਕ-ਰਾਜ' ਨੂੰ ਅੱਗੇ ਚਲਾਣ ਦਾ ਯੋਗ ਪ੍ਰਬੰਧ ਕਾਇਮ ਰੱਖਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਰੋਕਤ ਦੇ ਅਦੁੱਤੀ ਯੋਗਦਾਨ ਨਾਲ ਗੁਰੂ-ਸੰਸਥਾ ਤੇ ਸਿੱਖ ਲਹਿਰ ਹੋਰ ਜਥੇਬੰਦ ਹੋ ਗਈ।

(7/1991)

SikhBookClub.com

ਲਹਣੇ ਧਰਿਓਨੁ ਛਤ੍ਰ ਸਿਰਿ

ਦੁਨੀਆਂ ਦੇ ਸਾਰੇ ਸ਼ਾਹੀ ਘਰਾਣੇ, ਸੰਤਾਂ, ਭਗਤਾਂ ਤੇ ਡੇਰਿਆਂ ਆਦਿ 'ਤੇ ਜਦੋਂ ਉਥੋਂ ਦਾ ਮੁਖੀ ਸੰਸਾਰ ਛੱਡ, ਪਰਲੋਕ ਪਿਆਨਾ ਕਰਦਾ ਹੈ ਤਾਂ ਅੱਗੋਂ ਗੱਦੀਨਸ਼ੀਨ ਤੇ ਮੁਖੀਆ ਚੁਣਨ ਲੱਗਿਆਂ ਕਈ ਥਾਈਂ ਭਾਰੀ ਮੱਤਭੇਦ ਪੈਦਾ ਹੋ ਜਾਂਦੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ-ਘਰ ਇਸ ਵਰਤਾਰੇ ਤੋਂ ਬਹੁਤ ਪਰ੍ਹੇ, ਉਚੇਰੇ ਤੇ ਵਿਲੱਖਣ ਹਨ। ਉਨ੍ਹਾਂ ਨੇ ਕਿਰਪਾ ਕਰ ਕੇ ਆਪਣੀ ਜੋਤ ਪੂਰੀ ਪਰਖ ਕਰਨ ਮਗਰੋਂ ਆਪਣੇ ਯੋਗ ਸੇਵਕ ਨੂੰ ਆਪਣੇ ਜਿਉਂਦੇ ਜੀਅ ਆਪਣੇ ਸਾਹਮਣੇ ਹੀ ਗੁਰਗੱਦੀ ਭਾਵ ਸੇਵਾ ਜਾਂ ਜ਼ੁੰਮੇਵਾਰੀ ਖ਼ੁਦ ਸੌਂਪੀ ਹੈ। ਇਸ ਦੇ ਨਾਲ ਹੋਰ ਭਾਰੀ ਵਿਲੱਖਣਤਾ ਹੈ ਕਿ ਗੱਦੀ 'ਤੇ ਬਿਰਾਜੇ ਹੋਏ ਗੁਰੂ ਸਾਹਿਬਾਨ ਨੇ ਖ਼ੁਦ ਆਪਣੇ ਸੇਵਕ ਨੂੰ ਮੱਥਾ ਟੇਕਿਆ ਅਤੇ ਅਜਿਹਾ ਹਰ ਗੁਰੂ ਸਾਹਿਬਾਨ ਨੇ ਕੀਤਾ।

ਇਹ ਠੀਕ ਹੈ ਕਿ ਇਸ ਦੇ ਬਾਵਜੂਦ ਕੁਝ ਚਾਲਾਕ ਬੰਦੇ ਗੁਰੂ ਪਾਤਸ਼ਾਹ ਦੀ ਸੁੱਚੀ ਕਿਰਤ ਤੇ ਹੁਕਮਾਂ ਦੇ ਵਿਰੁੱਧ ਸਾਜ਼ਿਸ਼ਾਂ ਰਚਦੇ ਰਹੇ। ਸ਼ਾਹੀ ਘਰਾਣਿਆਂ ਦੇ ਦਖ਼ਲ ਵੀ ਹੋਏ, ਪਰ ਹੋਇਆ ਉਹੀ ਜੋ ਗੁਰੂ ਜੀ ਨੇ ਕੀਤਾ। ਸਾਰੇ ਪੰਥ ਤੇ ਸਾਰੀ ਉਮਤ ਨੇ ਗੁਰੂ ਹੁਕਮ ਅੱਗੇ ਸੀਸ ਨਿਵਾਇਆ। ਇਸ ਸਬੰਧੀ ਗਵਾਹੀਆਂ ਤੇ ਇਤਿਹਾਸਕ ਤੱਥ, ਗੁਰੂ ਗ੍ਰੰਥ ਸਾਹਿਬ ਤੇ ਇਤਿਹਾਸਕ ਲਿਖਤਾਂ ਵਿਚ ਮੌਜੂਦ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਆਪਣਾ ਰੂਪ ਵੀ ਦਿੱਤਾ, ਅਸਥਾਨ ਵੀ ਬਖਸ਼ਿਆ ਅਤੇ ਜੋਤ ਵੀ ਬਖ਼ਸ਼ੀ। ਇਥੋਂ ਤਕ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਹੀ ਅੰਗ ਆਖਿਆ:

ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।

(ਵਾਰ ੨੪/੮)

ਗੁਰਮਤਿ ਵਿਚਾਰਧਾਰਾ ਦੇ ਪਰਿਵਰਤਕ ਤੇ ਦਾਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਤੋਂ ਵਸਤ ਪ੍ਰਾਪਤ ਕੀਤੀ। ਇਸ ਸਬੰਧੀ ਜਨਮ ਸਾਖੀ ਵਿਚ ਲਿਖਿਆ ਮੌਜੂਦ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਅਕਾਲ ਪੁਰਖ ਦੇ ਹਜ਼ੂਰ ਗਏ ਤਾਂ ਨਿਰੰਕਾਰ ਦਾਤਾਰ ਨੇ ਆਖਿਆ, ਨਾਨਕ ਜੀ! ਮੈਂ ਪਾਰਬ੍ਰਹਮ ਪਰਮੇਸ਼ਰ ਤੇ ਤੂੰ ਗੁਰ ਪਰਮੇਸ਼ਰ, ਇਹ ਨਾਮ ਦਾ ਪਿਆਲਾ ਤੂੰ ਆਪ ਵੀ ਪੀ ਤੇ ਦੁਨੀਆਂ ਨੂੰ ਵੀ ਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੀ ਗੰਭੀਰਤਾ ਨਾਲ ਸਾਰੀ ਗੱਲ ਨੂੰ ਵਿਚਾਰਿਆ, ਧਿਆਨ ਧਰ ਕੇ ਵੇਖਿਆ ਤਾਂ ਸਾਰੀ ਪ੍ਰਿਥਵੀ ਲਟ-ਲਟ ਬਲ ਰਹੀ ਸੀ। ਈਰਖਾ ਤੇ ਹਉਮੈ ਦੀ ਅਗਨੀ ਨੇ ਸਭ ਕੁਝ ਸਾੜ ਕੇ ਸੁਆਹ ਕੀਤਾ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਤ ਲੋਕਾਈ ਨੂੰ ਸੋਧਣ ਵਾਸਤੇ ਉਦਾਸੀ ਦੀ ਰੀਤ ਚਲਾਈ। ਸ੍ਰੀ ਗੁਰੂ ਨਾਨਕ ਸਾਹਿਬ

SikhBookClub.com

ਤੋਂ ਪਹਿਲਾਂ ਜੋਗੀ, ਜੰਗਮ, ਸਿਧ, ਸਰੇਵੜੇ, ਬੋਧੀ ਤੇ ਬੈਰਾਗੀ ਬੇਅੰਤ ਵੱਖ-ਵੱਖ ਦਿਸ਼ਾਵਾਂ ਵਿਚ ਪਏ ਭਟਕਦੇ ਸਨ। ਵਡਮੁੱਲੀ ਵਸਤ ਦਾ ਕਿਸੇ ਨੂੰ ਗਿਆਨ ਨਹੀਂ ਸੀ, ਜੇ ਥੋੜ੍ਹਾ ਬਹੁਤ ਚਾਨਣ ਹੁੰਦਾ ਵੀ ਤਾਂ ਉਨ੍ਹਾਂ ਦੀਆਂ ਆਪਣੀਆਂ ਹੀ ਅੱਖਾਂ ਚੁੰਧਿਆ ਜਾਂਦੀਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਉਦਾਸੀਆਂ ਦੇ ਸਬੰਧ ਵਿਚ ਬੜਾ ਨਿਰਨਾਤਮਕ ਤੇ ਸਪੱਸ਼ਟ ਤੌਰ 'ਤੇ ਲਿਖਿਆ ਹੈ ਕਿ ਇਹ ਗਿਆਨਵਾਨ ਬੰਦੇ ਦਿਸ਼ਾ ਰਹਿਤ ਹੀ ਭਰਮੀ ਜਾ ਰਹੇ ਸਨ। ਜਿਨ੍ਹਾਂ ਕੋਲ ਵਸਤ ਸੀ, ਉਹ ਸੰਸਾਰ ਤਿਆਗ ਜੰਗਲ ਵਿਚ ਲੁਕ ਗਏ ਤੇ ਜਾਂ ਪਹਾੜਾਂ 'ਤੇ ਚੜ੍ਹ ਗਏ। ਸੰਸਾਰੀ ਉਂਜ ਹੀ ਬੀਮਾਰੀ ਦਾ ਰੂਪ ਧਾਰੀ ਬੈਠਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਪੱਥਰ ਪੂਜੇ ਜਾ ਰਹੇ ਹਨ ਤੇ ਇੰਜ ਡੋਲਦੇ-ਭਰਮਦੇ ਲੋਕ ਉਦਾਸੀ ਬਣ ਜਾਂਦੇ ਹਨ। ਹੁਕਮ ਹੈ:

ਪੂਜਿ ਸਿਲਾ ਤੀਰਥ ਬਨ ਵਾਸਾ॥ ਭਰਮਤ ਡੋਲਤ ਭਏ ਉਦਾਸਾ॥
ਮਨਿ ਮੈਲੈ ਸੁਚਾ ਕਿਉ ਹੋਇ॥ ਸਾਚਿ ਮਿਲੈ ਪਾਵੈ ਪਤਿ ਸੋਇ॥

(ਪੰਨਾ ੬੮੬)

ਮਨ ਨੂੰ ਸੁੱਚਤਾ ਪ੍ਰਾਪਤ ਹੋਣ 'ਤੇ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ, ਮਨ ਦੀ ਮੈਲ ਇਸ ਮੇਲ ਵਿਚ ਰੁਕਾਵਟ ਹੈ। ਗੁਰੂ ਦੇਵ ਦਾ ਤੇ ਗੁਰਮਤਿ ਦਾ ਸਾਰਾ ਜ਼ੋਰ ਮਨ ਨੂੰ ਸੋਧਨ ਉੱਤੇ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੜ੍ਹਦੀ ਜਵਾਨੀ ਦੇ ਭਰਵੇਂ ਸਮੇਂ ਤਕ ਨੌਕਰੀ ਵੀ ਕੀਤੀ, ਵਣਜ ਵਪਾਰ ਵੀ ਕੀਤਾ। ਹੁਣ ਉਨ੍ਹਾਂ ਦੇ ਸਾਹਮਣੇ ਰੋਗੀ ਸੰਸਾਰ ਨੂੰ ਦਾਰੂ ਦੇਣ ਦਾ ਕਾਰਜ ਕਰਮ ਸੀ, ਇਸ ਲਈ ਉਨ੍ਹਾਂ ਨੇ ਬੜੇ ਵਿਉਂਤ-ਬੱਧ ਤਰੀਕੇ ਨਾਲ ਇਤਿਹਾਸਕ ਉਦਾਸੀਆਂ ਕੀਤੀਆਂ ਜਿਨ੍ਹਾਂ ਵਿਚ ਸਮਾਜ ਦੇ ਪ੍ਰਮੁੱਖ ਸਤੰਭ, ਜੋ ਸਾਰੇ ਨਿਜ਼ਾਮ ਨੂੰ ਚਲਾ ਰਹੇ ਸਨ, ਨੂੰ ਖ਼ੁਦ ਉਨ੍ਹਾਂ ਕੋਲ ਪੁੱਜ ਕੇ ਸੋਧਣ ਦੀ ਵਿਉਂਤ ਬਣਾਈ।

ਵਿਸਥਾਰ ਵਿਚ ਨਾ ਜਾਵਾਂ, ਇਹ ਜੀਵਨ-ਜੁਗਤ ਦੀ ਪਵਿੱਤਰ ਦਾਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ, ਕੁਰਖੇਤਰ, ਜਗਨਨਾਥਪੁਰੀ, ਲੰਕਾ, ਓਂਕਾਰੇਸ਼ਵਰ, ਦਿੱਲੀ, ਪਾਨੀਪਤ, ਮੱਕਾ, ਮਦੀਨਾ ਤੇ ਗੜ੍ਹ ਬਗ਼ਦਾਦ ਆਦਿ ਵਿਚ ਲੋਕਾਈ ਨੂੰ ਬੁੱਕੀਂ ਵੰਡੀ ਤੇ ਛੱਜੀਂ ਡੋਲ੍ਹੀ, ਤਦ ਸਭ ਸ਼੍ਰਿਸਟੀ ਨਾਨਕ-ਮਈ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਸ਼ਬਦ ਸੀ, ਨਾਮ ਸੀ, ਜਿਸ ਨਾਲ ਉਹ ਰੱਬ ਦੀ ਮਹਿਮਾ ਨੂੰ ਸਭਨਾਂ ਤਾਈਂ ਕੀਰਤਨ ਦੁਆਰਾ ਇਕਸਾਰੀ ਵੰਡਦੇ ਰਹੇ।

ਜਦੋਂ ਭਾਈ ਲਹਿਣਾ ਜੀ ਪਹਿਲੀ ਵਾਰ ਆਏ ਸਨ ਤੇ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਘੋੜੇ 'ਤੇ ਚੜ੍ਹ ਕੇ ਆਇਆ ਹਾਂ ਅਤੇ ਮੇਰਾ ਅਕਾਲ ਰੂਪੀ ਗੁਰੂ ਬਾਬਾ ਮੇਰੇ ਨਾਲ ਪੈਦਲ ਤੁਰ ਕੇ ਆਇਆ ਹੈ ਤਾਂ ਉਨ੍ਹਾਂ ਨੇ ਨਿਮਰਤਾ ਨਾਲ ਕਈ ਵਾਰ ਖ਼ਿਮਾ ਮੰਗੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਬਚਨ ਸਹਿਜੇ ਹੀ ਬੋਲਿਆ ਸੀ, 'ਲਹਿਣਾ ਜੀ! ਲਹਿਣੇਦਾਰ ਆਪਣਾ ਲਹਿਣਾ ਵਸੂਲ ਕਰਨ ਲਈ ਘੋੜੀਆਂ 'ਤੇ ਚੜ੍ਹ ਕੇ ਹੀ ਆਉਂਦੇ ਹਨ।'

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਜਾਨ-ਨਸ਼ੀਨ ਦੀ ਭਾਲ ਵਿਚ ਸਨ ਤਾਂ ਉਨ੍ਹਾਂ ਸਾਹਮਣੇ, ਬਹੁਤ ਸਾਰੇ ਸੁਘੜ ਸਿੱਖਾਂ ਤੋਂ ਇਲਾਵਾ ਉਨ੍ਹਾਂ ਦੇ ਦੋਵੇਂ ਫ਼ਰਜ਼ੰਦ ਬਾਬਾ ਲਖਮੀ ਚੰਦ ਤੇ ਬਾਬਾ ਸ੍ਰੀ ਚੰਦ ਜੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਸਾਰੀ ਜੁਗਤ ਦੇ ਜਾਣੂ ਸਨ। ਉਹ ਬੜੀ ਕਿਰਪਾਲੂ ਤੇ ਨੀਝ ਭਰੀ ਦ੍ਰਿਸ਼ਟੀ ਨਾਲ ਸਾਰੀ ਵਸਤ ਨੂੰ ਉਸਰਦਿਆਂ ਦੇਖ ਰਹੇ ਸਨ। ਬਾਬਾ ਸ੍ਰੀ ਚੰਦ ਜੀ

SikhBookClub.com

ਉਦਾਸੀ ਹੋ ਜਾਣ ਕਾਰਨ ਗੁਰਮਤਿ ਤੋਂ ਕਾਫ਼ੀ ਲਾਂਭੇ ਚੱਲ ਰਹੇ ਸਨ। ਬਾਬਾ ਲਖਮੀ ਚੰਦ ਜੀ ਨੂੰ ਪੁੱਤਰਪੁਣੇ ਦਾ ਵੱਡਾ ਮਾਣ ਸੀ, ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ-ਵਾਰ ਪ੍ਰੀਖਿਆ ਪਾਈ, ਉਨ੍ਹਾਂ ਸਾਰਿਆਂ ਦਾ ਵਿਸਥਾਰ ਬਹੁਤ ਲੰਮੇਰਾ ਹੋ ਜਾਏਗਾ। ਜਿਵੇਂ: ਚਿੱਕੜ ਵਿਚ ਡਿੱਗੇ ਹੋਏ ਕਟੋਰੇ ਦਾ ਕੱਢਣਾ, ਮੀਂਹ ਵਿਚ ਡਿੱਗ ਚੁੱਕੀ ਕੰਧ ਦੀ ਉਸਾਰੀ ਕਰਨਾ ਆਦਿ ਹੋਰ ਕਈ ਪ੍ਰੀਖਿਆਵਾਂ ਹਨ ਜੋ ਅਸੀਂ ਆਪਣੀ ਮਾਵਾਂ, ਦਾਦੀਆਂ ਤੇ ਨਾਨੀਆਂ ਦੀ ਗੋਦ ਵਿਚ ਬੈਠ ਕੇ ਸੁਣੀਆਂ ਹਨ ਤੇ ਅੱਜ ਤਕ ਭਲੀ ਪ੍ਰਕਾਰ ਯਾਦ ਹਨ। ਇਥੇ ਮੈਂ ਕੇਵਲ ਦੋ ਕੁ ਦਾ ਹੋਰ ਜ਼ਿਕਰ ਕਰ ਕੇ ਮੂਲ ਭਾਵਨਾ ਨੂੰ ਸਪੱਸ਼ਟ ਕਰਨ ਦਾ ਯਤਨ ਕਰਾਂਗਾ।

ਇਕ ਦਿਨ ਦੁਪਹਿਰ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਮੁੱਠੀ ਵਿਚ ਸਿੱਕਾ ਰੱਖਿਆ ਤੇ ਮੁੱਠੀ ਬੰਦ ਕਰ ਲਈ ਤੇ ਬਾਬਾ ਜੀ ਨੇ ਪੁੱਛਿਆ, "ਸ੍ਰੀ ਚੰਦ ਮੇਰੀ ਮੁੱਠੀ ਵਿਚ ਕੀ ਹੈ? ਤਾਂ ਬਾਬਾ ਸ੍ਰੀ ਚੰਦ ਨੇ ਆਖਿਆ, ਪਿਤਾ ਜੀ! ਸਾਡੇ ਸਾਹਮਣੇ ਤਾਂ ਤੁਸਾਂ ਪੈਸਾ ਰੱਖਿਆ ਹੈ, ਇਹਦੇ ਵਿਚ ਰਮਜ਼ ਵਾਲੀ ਕਿਹੜੀ ਗੱਲ ਹੈ?" ਫਿਰ ਬਾਬਾ ਲਖਮੀ ਚੰਦ ਤੋਂ ਪੁੱਛਿਆ, "ਲਖਮੀ ਚੰਦ! ਮੇਰੀ ਮੁੱਠੀ ਵਿਚ ਕੀ ਹੈ?" ਤਾਂ ਉਨ੍ਹਾਂ ਨੇ ਵੀ ਤਕਰੀਬਨ ਉਹੀ ਉੱਤਰ ਦਿੱਤਾ। ਜਦ ਅੰਤ ਵਿਚ ਭਾਈ ਲਹਿਣਾ ਜੀ ਪਾਸੋਂ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ, "ਬਾਬਾ! ਤੇਰੀ ਮੁੱਠੀ ਵਿਚ ਬਰਕਤਾਂ ਹਨ, ਰਹਿਮਤਾਂ ਹਨ ਅਤੇ ਤਿਰਲੋਕੀ ਦਾ ਰਾਜ ਹੈ।"

ਇਕ ਵਾਰੀ ਅੱਧੀ ਕੁ ਰਾਤ ਬੀਤੀ ਹੋਣੀ ਹੈ ਤਾਂ ਪਿਤਾ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, "ਲਹਿਣਿਆ ਕਿਤਨੀ ਕੁ ਰਾਤ ਬੀਤੀ ਹੈ" ਤਾਂ ਉਨ੍ਹਾਂ ਨੇ ਕਿਹਾ, "ਬਾਬਾ! ਜਿਤਨੀ ਤੂੰ ਬਿਤਾਈ ਤੇਰੇ ਹੁਕਮ ਵਿਚ ਭਲੀ ਬੀਤ ਗਈ, ਬਾਕੀ ਦੀ ਵੀ ਤੇਰੇ ਹੁਕਮ ਅਨੁਸਾਰ ਬੀਤ ਜਾਏਗੀ।" ਪਾਤਸ਼ਾਹ ਦੇਖ ਵੀ ਰਹੇ ਸਨ ਕਿ ਨਿਮਰਤਾ ਵੀ ਹੈ ਤੇ ਸਮਰਪਣ ਵੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮਨ ਚਿਤ ਅੰਦਰ ਤਕਰੀਬਨ ਨਿਰਣਾ ਕਰ ਹੀ ਲਿਆ ਸੀ ਪਰ ਸਿਖਰਲੀ ਪਰਖ ਬਾਕੀ ਸੀ।

ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਣਕ ਰੂਪ ਧਾਰਿਆ। ਮੋਢੇ ਉੱਤੇ ਇਕ ਝੋਲਾ ਜਿਹਾ ਪਾ ਲਿਆ ਤੇ ਆਪਣੇ ਹੱਥ ਵਿਚ ਕੁਤਕ (ਜੋਗੀਆਂ ਵਾਲਾ ਡੰਡਾ) ਫੜ ਕਰਤਾਰਪੁਰ ਤੋਂ ਬਾਹਰ ਦਰਿਆ ਰਾਵੀ ਦੇ ਕੰਢੇ ਤੇਜ਼-ਤੇਜ਼ ਚੱਲ ਪਏ। ਪਿੱਛੇ ਬਹੁਤ ਸਾਰੀਆਂ ਸੰਗਤਾਂ ਵੀ ਤੁਰੀਆਂ, ਬਹੁਤ ਤੇਜ਼ ਚੱਲਣ ਨਾਲ ਕੁਝ ਬੰਦੇ ਬਹੁਤ ਦੇਰ ਤਕ ਨਾਲ ਨਾ ਚਲ ਸਕੇ। ਫਿਰ ਗੁਰੂ ਜੀ ਨੇ ਆਪਣੇ ਝੋਲੇ ਵਿਚੋਂ ਮਖਾਣੇ, ਪਤਾਸੇ ਆਦਿ ਸੰਗਤਾਂ ਵੱਲ ਸੁੱਟੇ। ਬਹੁਤ ਸਾਰੇ ਲੋਕੀਂ ਉਹ ਖਾਣ ਪੀਣ ਦਾ ਸਮਾਨ ਚੁਣਨ ਸਾਂਭਣ ਤੇ ਖਾਣ ਵਿਚ ਹੀ ਰਹਿ ਗਏ। ਭੀੜ ਕੁਝ ਛਟ ਗਈ। ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਝੋਲੇ ਵਿਚੋਂ ਮੁੱਠੀਆਂ ਭਰ-ਭਰ ਕੇ ਸਿੱਕੇ ਸੰਗਤਾਂ ਵੱਲ ਨੂੰ ਵਗਾਹ ਵਗਾਹ ਕੇ ਸੁੱਟੇ। ਕਾਫ਼ੀ ਲੋਕ ਮਾਇਆ ਇਕੱਤਰ ਕਰਨ ਵਿਚ ਲੱਗ ਪਏ, ਭੀੜ ਹੋਰ ਘਟ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਹੁਣ ਤਿੱਖੇ ਕਦਮਾਂ ਨਾਲ ਅੱਗੇ-ਅੱਗੇ ਚਲ ਰਹੇ ਸਨ। ਕਾਫ਼ੀ ਅੱਗੇ ਜਾ ਕੇ ਗੁਰੂ ਜੀ ਨੇ ਭਾਈ ਲਹਿਣਾ ਜੀ ਤੋਂ ਪੁੱਛਿਆ, "ਲਹਿਣਿਆਂ! ਤੂੰ ਮੇਰਾ ਪਿੱਛਾ ਕਿਉਂ ਨਹੀਂ ਛੱਡਦਾ, ਤੂੰ ਵੀ ਜਾਹ" ਤਾਂ ਲਹਿਣਾ ਜੀ ਨੇ ਹੱਥ ਜੋੜ ਉੱਤਰ ਦਿੱਤਾ, "ਬਾਬਾ! ਮੈਂ ਕਿਥੇ ਜਾਵਾਂ? ਮੇਰਾ ਕੌਣ ਹੈ? ਮੇਰਾ ਤੇਰੇ ਬਿਨਾਂ ਕੋਈ ਨਹੀਂ।" ਤਦ ਗੁਰੂ ਜੀ ਨੇ ਬੜੇ ਸਨੇਹ ਤੇ ਵਜਦ ਵਿਚ ਆਖਿਆ, "ਲਹਿਣਿਆ! ਜੇ ਤੇਰਾ ਕੋਈ ਨਹੀਂ ਤਾਂ ਮੇਰਾ ਵੀ ਕੋਈ ਨਹੀਂ, ਮੈਂ ਵੀ ਆਪਣੀ

SikhBookClub.com

ਜੋਤ ਟਿਕਾਉਣ ਵਾਸਤੇ ਥਾਂ ਪਿਆ ਲੱਭਦਾ ਸਾਂ, ਉਹ ਮੈਨੂੰ ਮਿਲ ਗਈ।"

ਸਾਡਾ ਸਾਰਿਆਂ ਦਾ ਤਕਰੀਬਨ ਇਕੋ ਹੀ ਹਾਲ ਹੈ। ਅਸੀਂ ਗੁਰੂ ਦੇ ਪੈਰੋਕਾਰ ਆਪਣੀਆਂ ਕਾਮਨਾਵਾਂ ਤੇ ਲੋੜਾਂ ਪੂਰੀਆਂ ਕਰਨ ਲਈ ਉਹਦੇ ਪਿੱਛੇ ਚਲਦੇ ਹਾਂ। ਜਿਉਂ-ਜਿਉਂ ਸਾਡੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਅਸੀਂ ਪਿੱਛੇ ਹਟਦੇ ਜਾਂਦੇ ਹਾਂ। ਕੋਈ ਖਾਦ ਖੁਰਾਕ ਮਗਰ ਹੈ, ਕੋਈ ਕੱਪੜੇ-ਲੱਤੇ, ਮਾਇਆ ਤੇ ਕੀਮਤੀ ਵਸਤਾਂ ਵਾਸਤੇ ਗੁਰੂ ਪੂਜਦੇ ਹਨ। ਸਾਨੂੰ ਸਾਡੀ ਇੱਛਾ ਮੁਤਾਬਿਕ ਪ੍ਰਾਪਤੀਆਂ ਹੁੰਦੀਆਂ ਜਾਂਦੀਆਂ ਹਨ, ਅਸੀਂ ਰਾਹ ਛੱਡ ਦਿੰਦੇ ਹਾਂ। ਭਾਈ ਲਹਿਣਾ ਜੀ ਨੇ ਸਾਰੀ ਪ੍ਰੀਖਿਆਵਾਂ ਵਿਚੋਂ ਸਫ਼ਲ ਹੋ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪੱਲਾ ਨਹੀਂ ਛੱਡਿਆ, ਤੇ ਉਹ ਗੁਰੂ ਨਾਨਕ ਰੂਪ ਹੀ ਹੋ ਗਏ, ਇਸੇ ਗੱਲ ਦਾ ਜ਼ਿਕਰ ਰਾਮਕਲੀ ਦੀ ਵਾਰ ਵਿਚ ਭਾਈ ਸੱਤਾ ਬਲਵੰਡ ਜੀ ਨੇ ਕੀਤਾ ਹੈ।

ਸਾਰੀ ਦੁਨੀਆਂ ਨੇ ਵੇਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਲਟੀ ਗੰਗਾ ਵਹਾਈ। ਇਹ ਗੁਰੂ ਨਾਨਕ ਦੇਵ ਜੀ ਦਾ, ਗੁਰੂ ਹੋਣ ਦੇ ਬਾਵਜੂਦ ਚੇਲੇ ਨੂੰ ਸੰਪੂਰਨਤਾ ਪ੍ਰਦਾਨ ਕਰਕੇ ਉਹਦੇ ਅੱਗੇ ਮੱਥਾ ਟੇਕਣ ਵੱਲ ਸੰਕੇਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚਮੁੱਚ ਸਰੀਰ ਰੂਪੀ ਸਮੁੰਦਰ ਨੂੰ ਸੁਰਤ ਦਾ ਨੇੜਾ ਪਾ ਕੇ ਨਾਮ ਰੂਪੀ ਤੱਤ ਪ੍ਰਾਪਤ ਕਰਨ ਦੀ ਸਾਕਾਰ ਕਰਾਮਾਤ ਕੀਤੀ ਹੈ। ਸਾਰੇ ਦੈਵੀ ਗੁਣ ਹਾਸਲ ਕਰਕੇ ਉਨ੍ਹਾਂ ਦੀ ਚਮਕ ਆਪਣੇ ਬਚਨਾਂ ਦੁਆਰਾ ਲੋਕਾਈ ਤਕ ਪਹੁੰਚਾਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੋਰ ਕਮਾਲ ਵਿਖਾਈ ਹੈ ਕਿ ਸਰੀਰ ਦੇ ਵਿਚੋਂ ਹੀ ਤੱਤ ਪ੍ਰਗਟ ਕਰ ਦਿੱਤਾ ਹੈ ਜਿਸ ਨਾਲ ਬੇਲੋੜੇ ਕਰਮਕਾਂਡ ਆਦਿ ਦੀ ਸਮਾਪਤੀ ਹੋ ਜਾਂਦੀ ਹੈ।

ਹੋਰਿਂਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਨੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇਤ੍ਰੀ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥
ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥

(ਪੰਨਾ ੯੬੭)

ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ, ਜੋ ਕਿਸੇ ਅੱਗੇ ਨਹੀਂ ਸੀ ਝੁਕੇ, ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਮੱਥਾ ਟੇਕਿਆ। ਬਾਬਾ ਜੀ ਨੇ ਤਿਲਕ ਦਿੱਤਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ ਜੀ ਨੂੰ ਬਖ਼ਸ਼ ਦਿੱਤੀ ਅਤੇ ਉਨ੍ਹਾਂ ਨੂੰ ਅੰਗਦ ਜਾਂ ਅੰਗੇ-ਖ਼ੁਦ ਕਰ ਕੇ ਸੰਬੋਧਿਤ ਕੀਤਾ, ਜਿਸ ਦਾ ਭਾਵ ਹੈ ਆਪਣੇ ਅੰਗਾਂ ਤੋਂ ਉਪਜਿਆ ਹੋਇਆ।

ਗੱਦੀ ਬਖ਼ਸ਼ੇ ਜਾਣ ਮਗਰੋਂ ਇਕ ਦਿਨ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅੰਗਦ ਜੀ ਨੂੰ ਪੁੱਛਿਆ, "ਜਦੋਂ ਤੁਹਾਨੂੰ ਗੁਰੂ ਜੀ ਨੇ ਮੱਥਾ ਟੇਕਿਆ ਤਾਂ ਤੁਹਾਨੂੰ ਕੈਸਾ ਮਹਿਸੂਸ ਹੋਇਆ?" ਸਵਾਲ ਕੋਈ ਸੌਖਾ ਨਹੀਂ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਹਿਜੇ ਹੀ ਆਖਿਆ ਕਿ ਮੈਨੂੰ ਇੰਜ ਲੱਗਾ ਜਿਵੇਂ

SikhBookClub.com

ਮੈਲੇ ਤੇ ਧੂੜ ਮਿੱਟੀ ਵਿਚ ਅੱਟੇ ਹੋਏ ਗੋਡਿਆਂ ਪਰਨੇ ਰਿੜ੍ਹਦੇ ਜਾ ਰਹੇ ਬੱਚੇ ਨੂੰ ਉਸ ਦੀ ਮਾਂ ਨੇ ਕੁੱਛੜ ਚੁੱਕ ਕੇ ਆਪਣੇ ਜਿੰਨਾ ਵੱਡਾ ਕਰ ਲਿਆ ਹੋਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਖ਼ੁਦਾਈ ਰਹਿਮਤ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਉਨ੍ਹਾਂ ਦੇ ਸਿਰ ਉੱਤੇ ਛਤਰ ਰੂਪ ਬਖ਼ਸ਼ੀ। ਆਪੇ ਹੀ ਗੁਰੂ ਪਿਤਾ ਨੇ, ਸ੍ਰੀ ਗੁਰੂ ਅੰਗਦ ਦੇਵ ਜੀ ਉੱਤੇ ਰਹਿਮਤਾਂ ਦੀ ਬਾਰਿਸ਼ ਕੀਤੀ, ਗੁਣਾਂ ਦੇ ਖ਼ਜ਼ਾਨੇ ਖੋਲ੍ਹ ਦਿੱਤੇ ਤੇ ਆਪ ਹੀ ਉਸ ਦੀ ਪਾਰੰਗਤ ਪਾਈ। ਦੈਵੀ ਗੁਣ ਸਕੇ ਭੈਣ ਭਰਾ ਵਾਂਗ ਆਪਸ ਵਿਚ ਸੰਬੰਧਤ ਹੁੰਦੇ ਹਨ। ਪੂਰੀ ਉਸੇ ਦੀ ਪੈਂਦੀ ਹੈ ਜਿਸ ਉੱਤੇ ਆਪ ਬਖ਼ਸ਼ਿਸ਼ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਰਾਜ ਜ਼ੋਰ ਨਾਲ ਪ੍ਰਾਪਤ ਨਹੀਂ ਹੁੰਦਾ, ਸਗੋਂ ਨਿਮਰਤਾ ਨਾਲ ਮਿਲਦਾ ਹੈ:

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕ੍ਰਿਉ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ ॥੧॥

(ਪੰਨਾ ੯੬੬)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੱਤ ਇਤਨੀ ਬਲਵਾਨ ਹੈ ਕਿ ਉਸ ਦੇ ਗਿਆਨ ਦੇ ਖੜਕ ਦੇ ਪ੍ਰਾਕਰਮ ਨਾਲ ਆਤਮਾ ਬਲਵਾਨ ਤੇ ਅਜਿੱਤ ਹੋ ਜਾਂਦੀ ਹੈ। ਐਸੀ ਬਖ਼ਸ਼ਿਸ਼ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਹੋਈ। ਕਮਾਲ ਦੀ ਕ੍ਰਾਂਤੀ ਹੋਈ ਕਿ ਗੁਰੂ ਚੇਲਾ ਬਣ ਗਿਆ ਤੇ ਚੇਲਾ ਗੁਰੂ। ਜਾਂ ਇੰਜ ਕਹੀਏ ਕਿ ਗੁਰੂ ਤੇ ਚੇਲੇ ਵਿਚ ਕੋਈ ਅੰਤਰ ਨਾ ਰਿਹਾ। ਜਗਤ-ਗੁਰੂ, ਬਾਬਾ ਗੁਰੂ ਨਾਨਕ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੰਜ਼ਿਲ ਦੀ ਪੂਰਨਤਾ 'ਤੇ ਪਹੁੰਚਣ ਲਈ, ਭਰਪੂਰ ਰਾਹ ਦਾ ਖਰਚ ਬਖ਼ਸ਼ ਕੇ ਸੰਪੂਰਨਤਾ ਨਾਲ ਜੋੜ ਦਿੱਤਾ। ਅਜਿਹੀ ਕ੍ਰਾਂਤੀ ਸੰਸਾਰ ਦੇ ਇਤਿਹਾਸ ਵਿਚ ਪਹਿਲੀ ਵਾਰੀ ਹੋਈ ਕਿ ਦੇਣ ਵਾਲੇ ਨੇ ਆਪਣੇ ਜੀਉਂਦੇ-ਜੀਅ ਖ਼ੁਦ ਬਖ਼ਸ਼ਿਸ਼ ਕੀਤੀ।

ਖਡੂਰ ਸਾਹਿਬ ਵਿਚ ਜੋਤ ਜਗਾਉਣ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਿਸ ਪ੍ਰਕਾਰ ਸਿੱਖ ਸੰਗਤਾਂ ਦੀ ਰਹਿਨੁਮਾਈ ਕੀਤੀ, ਗੁਰੂ ਬਾਬੇ ਦੇ ਸੰਦੇਸ਼ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ, ਸੰਗਤ ਤੇ ਪੰਗਤ ਦੇ ਪ੍ਰਵਾਹ ਚੱਲੇ, ਗੁਰਬਾਣੀ ਦੀਆਂ ਪੋਥੀਆਂ ਆਦਿ ਦੀਆਂ ਬਣਤਰਾਂ ਬਣੀਆਂ, ਸ਼ਬਦ ਲੰਗਰ ਦੇ ਨਾਲ ਨਾਲ ਲੰਗਰ ਦੌਲਤ ਵਰਤਣੀ ਸ਼ੁਰੂ ਹੋਈ।

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਰਿਵਾਰਕ ਪਿਛੋਕੜ ਤੇ ਗ੍ਰਿਹਸਤੀ ਜੀਵਨ

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖ ਧਰਮ ਦੀ ਦੂਜੀ ਗੁਰੂ ਸ਼ਖ਼ਸੀਅਤ ਹਨ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ ਗੁਰੂ ਅੰਗਦ ਸਾਹਿਬ ਜੀ ਦੀ ਸ਼ਖ਼ਸੀਅਤ ਲਈ ਜੇ ਕੇਵਲ ਦੋ ਹੀ ਸ਼ਬਦ ਵਰਤਣੇ ਹੋਣ ਦਾ 'ਕੁਦਰਤੀ ਨੂਰ' ਦੇ ਲਫ਼ਜ਼ ਠੀਕ ਢੁਕਣਗੇ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਾਅਦ ਸਿੱਖੀ ਬੂਟੇ ਦੀ ਸਾਂਭ-ਸੰਭਾਲ ਕਰਨੀ ਕੋਈ ਸੌਖਾ ਕਾਰਜ ਨਹੀਂ ਸੀ।

ਸ੍ਰੀ ਗੁਰੂ ਅੰਗਦ ਸਾਹਿਬ ਦਾ ਪ੍ਰਕਾਸ਼ ਬਾਬਾ ਫੇਰੂ ਮੱਲ ਜੀ ਦੇ ਘਰ ਤੇ ਮਾਤਾ ਦਇਆ ਕੌਰ ਜੀ ਦੀ ਕੁਖੋਂ ਮੱਤੇ ਦੀ ਸਰਾਂ ਵਿਖੇ ਮਾਰਚ 31, 1504 ਈ. ਨੂੰ ਅੰਮ੍ਰਿਤ ਵੇਲੇ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਮ ਭਾਈ ਲਹਿਣਾ ਸੀ। ਇਸ ਬਾਰੇ 'ਗੁਰ ਪ੍ਰਣਾਲੀ' ਕ੍ਰਿਤ ਕਵੀ ਗੁਲਾਬ ਸਿੰਘ ਵਿਚ ਇਸ ਤਰ੍ਹਾਂ ਲਿਖਿਆ ਹੈ—'ਮਾਲਵੇ ਮੈਂ ਮਤੇ ਕੀ ਸਰਾਇ, ਹਰੀ ਕੇ ਗਿਰਾਉ, ਤ੍ਰੇਹਣ ਕੀ ਕੁਲ ਬਿਖੈ। ਇਹ ਵੀ ਸੂਰਜਬੰਸੀ ਲਛਮਣ ਦੀ ਸੰਤਾਨ ਮਧਯ ਤੇ ਹੀ ਨਿਕਸੈ ਹੈ।' ਭਾਈ ਫੇਰੂ ਮੱਲ ਦੇ ਦਾਦਕੇ ਪਿੰਡ ਮੰਗੋਵਾਲ ਦੇ ਸਨ ਜੋ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਦਾ ਇਕ ਵੱਡਾ ਪਿੰਡ ਸੀ ਤੇ ਗੁਜਰਾਤ ਤੋਂ 22 ਮੀਲ ਦੀ ਦੂਰੀ 'ਤੇ ਸੀ। ਮੰਗੋਵਾਲ ਤ੍ਰੇਹਣ ਖੱਤਰੀਆਂ ਦੇ ਬਹੁਤ ਘਰ ਸਨ। ਮੰਗੋਵਾਲ ਹੀ ਬਾਬਾ ਫੇਰੂ ਮੱਲ ਜੀ ਦੇ ਪਿਤਾ ਜੀ ਬਾਬਾ ਗੇਹਨੂੰ ਮੱਲ ਤੇ ਦਾਦਾ ਸੂਰਜ ਮੱਲ ਜੀ ਰਹਿੰਦੇ ਸਨ। ਗੇਹਨੂੰ ਮੱਲ ਜੀ ਦੇ ਚਾਰ ਲੜਕੇ ਭਾਈ ਰਾਜਾਨੀ, ਗੁਰਯਾ ਮੱਲ, ਫੇਰੂ ਮੱਲ ਤੇ ਅਰਥੀ ਮੱਲ ਸਨ। ਪੰਜਾਬ ਦਾ ਵਪਾਰ ਇਨ੍ਹਾਂ ਦੇ ਹੱਥ ਹੁੰਦਾ ਸੀ ਤੇ ਦੀਵਾਨੀ ਕੰਮਾਂ ਵਿਚ ਵੀ ਪੂਰੀ ਜਾਣਕਾਰੀ ਰੱਖਦੇ ਸਨ।

ਭਾਈ ਫੇਰੂ ਮੱਲ ਜੀ ਦੇ ਨਾਨਕੇ ਮੱਤੇ ਦੀ ਸਰਾਂ ਦੇ ਸਨ। ਇਹ ਪਿੰਡ, ਮੁਕਤਸਰ ਤੋਂ 9 ਕੁ ਮੀਲ ਉੱਤਰ-ਪੂਰਬ ਵੱਲ ਮੌਜੂਦਾ ਜ਼ਿਲ੍ਹਾ ਮੁਕਤਸਰ ਵਿਚ ਸੀ। ਬਾਬਰ ਦੇ ਹਮਲੇ ਸਮੇਂ ਹਮਲਾਵਰਾਂ ਨੇ ਇਸ ਸਥਾਨ ਨੂੰ ਢਹਿ-ਢੇਰੀ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਇਕ ਨਾਂਗੇ ਸਾਧੂ ਨੇ ਇਸ ਨੂੰ ਮੁੜ ਆਬਾਦ ਕੀਤਾ ਤੇ ਇਹ ਸਰਾਏ ਨਾਂਗਾਂ ਵਜੋਂ ਪ੍ਰਸਿੱਧ ਹੋ ਗਿਆ। ਭਾਈ ਫੇਰੂ ਮੱਲ ਜੀ ਨੂੰ ਨਾਨਕੇ ਮੱਤੇ ਦੀ ਸਰਾਂ ਲੈ ਆਏ ਤੇ ਪੜ੍ਹਾਈ-ਲਿਖਾਈ ਵੀ ਉਥੇ ਹੀ ਕਰਵਾਈ। ਪਹਿਲੀ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਮੱਤੇ ਕੀ ਸਰਾਂ ਵਿਖੇ ਚਰਨ ਪਾਏ ਤੇ ਉਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਵੀ ਸਸ਼ੋਭਿਤ ਹੈ।

ਬਾਬਾ ਫੇਰੂ ਜੀ ਹਿਸਾਬ-ਕਿਤਾਬ ਵਿਚ ਵੀ ਬਹੁਤ ਨਿਪੁੰਨ ਸਨ ਤੇ ਫ਼ਾਰਸੀ ਦਾ ਗਿਆਨ ਵੀ ਰੱਖਦੇ ਸਨ। ਭਾਈ ਫੇਰੂ ਜੀ ਵਪਾਰ ਵੀ ਕਰਦੇ ਤੇ ਸ਼ਾਹੂਕਾਰਾ ਵੀ। ਦਾਨ-ਪੁੰਨ ਦਾ ਸੁਭਾਅ ਹੋਣ ਕਰਕੇ ਸਾਧਾਂ-ਸੰਤਾਂ ਦੀ ਵੀ ਬਹੁਤ ਸੇਵਾ ਕਰਦੇ ਸਨ। ਪਰ ਅਚਾਨਕ ਵਪਾਰ ਵਿਚ ਬਹੁਤ ਘਾਟਾ

SikhBookClub.com

ਪੈਣ ਕਰਕੇ ਤਖਤ ਮੱਲ ਜੋ ਫ਼ਿਰੋਜ਼ਪੁਰ ਦੇ ਹਾਕਮ ਦਾ ਖ਼ਜ਼ਾਨਚੀ ਸੀ, ਉਸ ਕੋਲ ਨੌਕਰੀ ਕਰ ਲਈ। ਤਖਤ ਮੱਲ ਕੋਲ ਸੱਠਾਂ ਸੱਤਰਾਂ ਪਿੰਡਾਂ ਦੀ ਜਗੀਰ ਸੀ, ਉਹ ਆਪਣਾ ਕੰਮ ਬਹੁਤ ਇਮਾਨਦਾਰੀ ਨਾਲ ਕਰਦੇ ਸਨ। ਕਦੀ ਵੀ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਾ ਦਿੰਦੇ। ਸਾਰੇ ਹੀ ਉਨ੍ਹਾਂ ਦੇ ਕੰਮ 'ਤੇ ਖ਼ੁਸ਼ ਸਨ।

ਤਖਤ ਮੱਲ ਦੇ ਸੱਤ ਪੁੱਤਰ ਸਨ ਤੇ ਇਕ ਧੀ ਸੀ। ਸੱਤਾਂ ਭਰਾਵਾਂ ਦੀ ਇਕ ਭੈਣ ਹੋਣ ਕਰਕੇ ਉਸ ਦਾ ਨਾਮ ਸਤ ਭਰਾਈ ਸੀ। ਜੋ ਬੋਲ-ਚਾਲ 'ਚ ਵਿਰਾਈ ਹੋ ਗਿਆ। ਵਿਰਾਈ ਫੇਰੂ ਮੱਲ ਦੀ ਮੂੰਹ ਬੋਲੀ ਭੈਣ ਬਣ ਗਈ ਜੋ ਸੁਭਾਅ ਦੀ ਚੰਗੀ, ਮਿੱਠ ਬੋਲੜੀ ਤੇ ਸ਼ਰਮ ਦੀ ਮੂਰਤ ਸੀ।

ਬਾਬਾ ਤਖਤ ਮੱਲ ਨੇ ਬਾਬਾ ਫੇਰੂ ਜੀ 'ਤੇ ਇਕ ਵਾਰ ਹਿਸਾਬ-ਕਿਤਾਬ ਵਿਚ ਹੇਰਾਫੇਰੀ ਦਾ ਦੋਸ਼ ਲਗਾ ਦਿੱਤਾ। ਤਖਤ ਮੱਲ ਨੇ ਬਾਬਾ ਫੇਰੂ ਨੂੰ ਕੈਦ ਕਰ ਲਿਆ। ਜਦੋਂ ਇਸ ਗੱਲ ਦਾ ਵਿਰਾਈ ਨੂੰ ਪਤਾ ਲੱਗਾ ਤਾਂ ਉਸ ਨੇ ਪਿਤਾ ਨੂੰ ਮੁੜ ਹਿਸਾਬ-ਕਿਤਾਬ ਕਰਨ ਲਈ ਕਿਹਾ ਜਦੋਂ ਦੁਬਾਰਾ ਹਿਸਾਬ-ਕਿਤਾਬ ਕੀਤਾ ਗਿਆ ਤਾਂ ਗ਼ਲਤੀ ਪਕੜੀ ਗਈ। ਫਿਰ ਇਥੋਂ ਕਾਰੋਬਾਰ ਛੱਡ ਹਰੀਕੇ ਆ ਗਏ ਤੇ ਇਥੇ ਹੀ ਦੁਕਾਨ ਪਾ ਕੇ ਬੈਠ ਗਏ।

ਬਾਬਾ ਫੇਰੂ ਮੱਲ ਜੀ ਆਪ ਚੰਗੇ ਪੜ੍ਹੇ-ਲਿਖੇ ਹੋਣ ਕਰਕੇ ਵਿਦਿਆ ਦੇ ਮਾਹਿਰ ਹੋਣ ਕਰਕੇ ਭਾਈ ਲਹਿਣਾ ਜੀ ਦੀ ਪੜ੍ਹਾਈ ਦਾ ਵੀ ਉਚਿਤ ਪ੍ਰਬੰਧ ਕੀਤਾ। ਇਹ ਆਪਣੇ ਮਾਤਾ-ਪਿਤਾ ਦੇ ਲਾਡਲੇ ਪੁੱਤਰ ਸਨ। ਗੁਰਬਾਣੀ ਵਿਚ ਭੱਟਾਂ ਨੇ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਪਮਾ ਇਸ ਤਰ੍ਹਾਂ ਕੀਤੀ ਹੈ ਕਿ ਫੇਰੂ ਦਾ ਸ਼ੀਂਹ ਵਰਗਾ ਪੁੱਤਰ ਭਾਈ ਲਹਿਣਾ, ਜਗਤ ਗੁਰੂ ਅੰਗਦ ਹੋ ਕੇ ਰਾਜ ਜੋਗ ਮਾਣਦਾ ਹੈ:

ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥

(ਪੰਨਾ ੧੩੯੧-੯੨)

ਧਰਮ ਕਰਮ ਵਿਚ ਵੀ ਭਾਈ ਲਹਿਣਾ ਜੀ ਸਭ ਤੋਂ ਅੱਗੇ ਹੋ ਕੇ ਹਿੱਸਾ ਲੈਂਦੇ। ਗਿਆਨੀ ਗਿਆਨ ਸਿੰਘ ਦਾ ਕਹਿਣਾ ਹੈ ਕਿ ਇਮਾਨਦਾਰੀ ਕਰਕੇ ਭਾਈ ਫੇਰੂ ਜੀ ਦਾ ਵਪਾਰ ਬਹੁਤ ਵਧ ਗਿਆ। ਇਹ ਬਰਕਤਾਂ ਭਾਈ ਲਹਿਣਾ ਜੀ ਦੀਆਂ ਹੀ ਸਨ:

"ਅਲਪ ਕਾਲ ਮੈ ਬਹੁਤ ਬਯਾਪਾਰੂ"

ਭਾਈ ਲਹਿਣਾ ਜੀ ਉਸ ਵੇਲੇ 20 ਕੁ ਸਾਲ ਦੇ ਨੌਜਵਾਨ ਸਨ, ਜਦੋਂ ਉਨ੍ਹਾਂ ਨੇ ਆਪਣੇ ਪਿਤਾ ਨਾਲ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ। ਮਿੱਠਬੋਲੜੇ ਤੇ ਸੱਚੇ ਵਪਾਰੀ ਰੁਚੀਆਂ ਦੇ ਹੋਣ ਕਾਰਨ ਇਨ੍ਹਾਂ ਦਾ ਵਪਾਰ ਚੰਗਾ ਤੁਰ ਪਿਆ।

ਮਾਈ ਵਿਰਾਈ ਜੀ ਨਾਲ ਲਹਿਣਾ ਜੀ ਦਾ ਬੜਾ ਪਿਆਰ ਸਨੇਹ ਸੀ। ਮਾਈ ਵਿਰਾਈ ਜੀ ਨੇ ਸੰਘਰ ਦੇ ਸ਼ਾਹੂਕਾਰ ਦੇਵੀ ਚੰਦ ਮਰਵਾਹ ਖੱਤਰੀ ਦੀ ਪੁੱਤਰੀ ਬੀਬੀ ਖੀਵੀ ਜੀ ਨਾਲ ਆਪ ਦਾ ਰਿਸ਼ਤਾ ਕਰਵਾ ਦਿੱਤਾ। ਬੀਬੀ ਖੀਵੀ ਜੀ ਦਾ ਜਨਮ ਸੰਮਤ 1560 (1503 ਈ.) ਦੇ ਲਗਭਗ ਪਿੰਡ ਸੰਘਰ ਕੋਟ ਵਿਚ ਹੋਇਆ। ਭਾਈ ਦੇਵੀ ਚੰਦ ਜੀ ਵਪਾਰ ਤੇ ਦੁਕਾਨ ਦਾ ਕੰਮ ਬੜੀ ਲਗਨ ਨਾਲ ਕਰਦੇ ਸਨ, ਓਧਰ ਬਾਬਾ ਫੇਰੂ ਜੀ ਵੀ ਵਪਾਰੀ ਸਨ। ਬਾਬਾ ਫੇਰੂ ਜੀ ਕਦੀ ਹਰੀਕੇ ਪੱਤਣ ਆ ਕੇ ਵਪਾਰ ਦਾ ਕੰਮ ਕਰਦੇ ਰਹੇ ਤੇ ਫਿਰ ਖਡੂਰ ਸਾਹਿਬ ਆ ਕੇ ਕਾਰੋਬਾਰ ਸ਼ੁਰੂ ਕੀਤਾ। ਭਾਈ

SikhBookClub.com

ਦੇਵੀ ਚੰਦ ਤੇ ਬਾਬਾ ਫੇਰੂ ਮੱਲ ਨੇ ਭਾਈ ਲਹਿਣਾ ਜੀ ਤੇ ਬੀਬੀ ਖੀਵੀ ਜੀ ਦੇ ਵਿਆਹ ਦੀ ਤਾਰੀਖ਼ 16 ਮਾਘ ਸੰਮਤ 1576 (1519 ਈ.) ਨਿਸ਼ਚਿਤ ਕੀਤੀ ਤੇ ਵਿਆਹ ਕਰ ਦਿੱਤਾ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥

(ਪੰਨਾ ੨੦੪)

ਉਪਰੋਕਤ ਮਹਾਂਵਾਕ ਅਨੁਸਾਰ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਵਾਂਗ ਕੱਟੜ ਦੇਵੀ ਭਗਤ ਸਨ ਤੇ ਹਰ ਸਾਲ ਸੰਗ ਲੈ ਕੇ ਦੇਵੀ ਦੇ ਦਰਸ਼ਨ ਕਰਨ ਜਾਂਦੇ ਸਨ। ਪਹਿਲਾਂ ਭਾਈ ਫੇਰੂ ਜੀ ਜਥੇ ਦੇ ਆਗੂ ਹੁੰਦੇ ਸਨ। ਇਕ ਵਾਰੀ ਜਵਾਲਾ ਮੁਖੀ ਦੇ ਦਰਸ਼ਨ ਕਰਦਿਆਂ ਵਾਪਸੀ ਮੁੜਦਿਆਂ ਭਾਈ ਫੇਰੂ ਜੀ ਦਾ ਸਰੀਰ ਢਿੱਲਾ ਪੈ ਗਿਆ ਤੇ ਸੰਨ 1526 (ਸੰਮਤ 1583) ਵਿਚ ਸੰਘਰ ਵਿਖੇ ਹੀ ਚਲਾਣਾ ਕਰ ਗਏ। ਘਰ ਦੀ ਸਾਰੀ ਜ਼ਿੰਮੇਵਾਰੀ ਭਾਈ ਲਹਿਣਾ 'ਤੇ ਆਣ ਪਈ। ਬਾਬਾ ਫੇਰੂ ਜੀ ਦੇ ਚਲਾਣੇ ਮਗਰੋਂ ਉਹ ਜਥੇ ਦੇ ਆਗੂ ਬਣ ਕੇ ਦੇਵੀ ਦਰਸ਼ਨਾਂ ਨੂੰ ਜਾਣ ਲੱਗੇ। ਆਪ ਜਦੋਂ ਕੰਮ ਤੋਂ ਵਿਹਲੇ ਹੁੰਦੇ ਤਾਂ ਦੇਵੀ ਦੀਆਂ ਭੇਟਾਂ ਉੱਚੀ-ਉੱਚੀ ਗਾਉਂਦੇ। ਆਪ ਧਾਰਮਿਕ ਸਾਹਿਤ ਦੇ ਰਸੀਏ ਵੀ ਅਵੱਸ਼ ਸਨ। ਇਸ ਲਈ ਉੱਤਮ ਬਾਣੀ ਦੀ ਪਰਖ ਤੋਂ ਵੀ ਜਾਣੂ ਸਨ।

ਪਿਤਾ ਜੀ ਦੇ ਚਲਾਣੇ ਤੋਂ ਉਪਰੰਤ ਭਾਈ ਲਹਿਣਾ ਜੀ ਨੇ ਸੰਘਰ ਨੂੰ ਛੱਡ ਕੇ ਖਡੂਰ ਵਿਖੇ ਹੱਟੀ ਪਾ ਲਈ ਤੇ ਨਾਲ ਹੀ ਸ਼ਾਹੂਕਾਰਾ ਵੀ ਕਰਨ ਲੱਗ ਪਏ। ਇਨ੍ਹਾਂ ਦਿਨਾਂ ਵਿਚ ਵਪਾਰ ਚੰਗਾ ਹੋਣ ਕਰਕੇ ਤੇ ਇਲਾਕੇ ਵਿਚ ਚੰਗਾ ਰਸੂਖ ਹੋਣ ਕਰਕੇ ਆਪ ਦਾ ਤੇਜ ਪ੍ਰਤਾਪ ਵੱਧ ਗਿਆ। ਜਿਧਰ ਕਿਧਰੇ ਵੀ ਕੋਈ ਝਗੜਾ ਹੁੰਦਾ, ਆਪ ਹੀ ਫੈਸਲਾ ਕਰਵਾਉਂਦੇ। ਗਿਆਨੀ ਗਿਆਨ ਸਿੰਘ ਅਨੁਸਾਰ:

ਜੋ ਪਰੈ ਝਗਰਾ ਸਾਕਤੋ ਮੈ ਸਹੀ ਸੋਇ ਨਿਬੇਰ ਹੈ।

ਇਸ ਸਮੇਂ ਦੌਰਾਨ ਹੀ ਆਪ ਜੀ ਦੇ ਘਰ ਦੋ ਪੁੱਤਰ ਬਾਬਾ ਦਾਸੂ ਜੀ ਜਿਨ੍ਹਾਂ ਦਾ ਜਨਮ ਸੰਮਤ 1581 (ਅਗਸਤ 1524 ਈ.) ਨੂੰ ਸੰਘਰ ਹੋਇਆ ਤੇ ਬਾਬਾ ਦਾਤੂ ਜੀ ਜਿਨ੍ਹਾਂ ਦਾ ਜਨਮ ਸੰਮਤ 1584 (ਸੰਨ 1527) ਨੂੰ ਖਡੂਰ ਸਾਹਿਬ ਵਿਖੇ ਹੋਇਆ ਤੇ ਦੋ ਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਸਨ।

ਆਪ 'ਤੇ ਅਪਾਰ ਕਿਰਪਾ ਉਸ ਸਮੇਂ ਹੋਈ ਜਦੋਂ ਆਪ ਸੰਮਤ 1588-89 (1531-32 ਈ.) ਵਿਚ ਅੰਮ੍ਰਿਤ ਵੇਲੇ ਇਕ ਸਵੇਰ ਪਿੰਡ ਸੰਘਰ ਦੇ ਟੋਬੇ ਵਿਚ ਇਸ਼ਨਾਨ ਕਰ ਰਹੇ ਸਨ ਅਤੇ ਉਥੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਇਕ ਸਿੱਖ ਭਾਈ ਜੋਧ ਜੀ ਦੇ ਦਰਸ਼ਨ ਹੋਏ ਸਮਝੋ ਕਿ ਆਪ ਦੇ ਭਾਗ ਜਾਗ ਪਏ। ਸਿੱਖ ਇਤਿਹਾਸ ਵਿਚ ਜ਼ਿਕਰ ਹੈ ਕਿ ਭਾਈ ਜੋਧ ਜੀ ਉਸ ਦਿਨ ਆਸਾ ਦੀ ਵਾਰ ਦੀ 21ਵੀਂ ਪਉੜੀ

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ ॥

(ਪੰਨਾ ੪੭੪)

SikhBookClub.com

ਦਾ ਪਾਠ ਕਰਦੇ ਜਾ ਰਹੇ ਸਨ ਭਾਵ ਕਿ ਜਿਸ ਪਰਮਾਤਮਾ ਦੀ ਸੇਵਾ ਨਾਲ ਸਾਰੇ ਸੁਖ ਮਿਲਦੇ ਹਨ ਉਸ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਜਦ ਇਹ ਪਤਾ ਹੈ ਕਿ ਆਪਣਾ ਕੀਤਾ ਪਾਉਣਾ ਹੈ ਤਾਂ ਫਿਰ ਗ਼ਲਤ ਕੰਮ ਕਿਉਂ ਕੀਤੇ ਜਾਣ। ਜੀਵਨ ਉਸੇ ਦਾ ਚੰਗਾ ਹੈ ਜੋ ਮੰਦੇ ਕੰਮ ਨਹੀਂ ਕਰਦਾ। ਲੰਮੀ ਨਜ਼ਰ ਵਾਲਾ ਮਨੁੱਖ ਚੰਗੇ-ਮੰਦੇ ਦੀ ਵਿਚਾਰ ਨੂੰ ਜਾਣ ਜਾਂਦਾ ਹੈ ਤੇ ਮੰਦੇ ਕੰਮਾਂ ਵਿਚ ਨਹੀਂ ਪੈਂਦਾ। ਸਦਾ ਲਾਭ ਵਾਲਾ ਕੰਮ ਕਰਨਾ ਚਾਹੀਦਾ ਹੈ ਤੇ ਲਾਭ ਵਾਲਾ ਕੰਮ ਹੈ, ਪ੍ਰਭੂ ਨੂੰ ਯਾਦ ਰੱਖਣਾ।

ਇਸ ਇਲਾਹੀ ਬਾਣੀ ਨੇ ਭਾਈ ਲਹਿਣਾ ਜੀ ਦੀ ਸੋਚ ਨੂੰ ਅਜਿਹਾ ਬਦਲਿਆ ਕਿ ਉਹ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਲਈ ਉਤਾਵਲੇ ਹੋ ਗਏ ਤੇ ਭਾਈ ਜੋਧ ਜੀ ਅੱਗੇ ਸ੍ਰੀ ਗੁਰੂ ਨਾਨਕ ਸਾਹਿਬ ਕੋਲ ਜਾਣ ਲਈ ਜੋਦੜੀਆਂ ਕਰਨ ਲੱਗੇ। ਮਿਲਣ ਦੀ ਤਾਂਘ ਬਹੁਤ ਪ੍ਰਬਲ ਹੋ ਗਈ ਤੇ ਉਸ ਦਿਨ ਦੀ ਉਡੀਕ ਕਰਨ ਲੱਗ ਪਏ ਕਿ ਕਦੋਂ ਜੁਆਲਾ ਮੁਖੀ ਜਾਈਏ ਤੇ ਕਰਤਾਰਪੁਰ ਜਾ ਕੇ ਗੁਰੂ ਸਾਹਿਬ ਦੇ ਦਰਸ਼ਨ ਕਰੀਏ। ਜਦੋਂ ਰਾਵੀ ਪਾਰ ਕੀਤੀ ਤਾਂ ਸੰਗਤਾਂ ਨੂੰ ਕਿਹਾ ਕਿ ਤੁਸੀਂ ਰੁਕੋ, ਮੈਂ ਘੋੜੀ 'ਤੇ ਜਾ ਕੇ ਦਰਸ਼ਨ ਕਰਕੇ ਆ ਰਿਹਾ ਹਾਂ? 'ਮਹਿਮਾ ਪ੍ਰਕਾਸ਼' ਅਨੁਸਾਰ ਰਸਤੇ ਵਿਚ ਹੀ ਮੇਲ ਹੋ ਗਿਆ। ਘੋੜੀ ਰੋਕ ਕੇ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦਾ ਰਾਹ, ਬਾਬੇ ਨਾਨਕ ਤੋਂ ਹੀ ਪੁੱਛਿਆ ਕਿਹਾ:

ਤਪੇ ਕੇ ਦਰਸ਼ਨ ਕੌ ਜਾਨਾ ਹੈ, ਕਿਹੜੇ ਰਾਹ ਜਾਈਏ?

ਗੁਰੂ ਸਾਹਿਬ ਨੇ ਕਿਹਾ—ਪੁਰਖਾ! ਮੇਰੇ ਪਿੱਛੇ ਘੋੜੀ ਲਈ ਆਉ। ਮੈਂ ਤੈਨੂੰ ਬਾਬੇ ਦੇ ਘਰ ਲੈ ਚਲਦਾ ਹਾਂ। ਜਦੋਂ ਧਰਮਸ਼ਾਲ ਪਹੁੰਚੇ ਤਾਂ ਲਹਿਣਾ ਨੂੰ ਕਿਹਾ ਕਿ ਘੋੜੀ ਬੰਨ੍ਹ ਕੇ ਅੰਦਰ ਆ ਜਾਉ। ਅੰਦਰ ਕੀਰਤਨ ਹੋ ਰਿਹਾ ਸੀ, ਗੁਰੂ ਚਰਨਾਂ ਵਿਚ ਸੀਸ ਨਿਵਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਥੇ 'ਤੇ ਹੱਥ ਰੱਖ ਕੇ ਅਸੀਸ ਦਿੱਤੀ। ਭੱਟ ਕਲ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮੱਥੇ 'ਤੇ ਹੱਥ ਰੱਖਿਆ ਤਾਂ ਹਿਰਦੇ ਵਿਚ ਨਾਮ ਦੀ ਛਹਿਬਰ ਲੱਗ ਗਈ:

ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥
ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ
ਸੁਰਿ ਨਰ ਗਣ ਮੁਨਿ ਬੋਹਿਅ ਅਗਾਜਿ॥

(ਪੰਨਾ ੧੩੯੧)

ਜਦੋਂ ਸਿਰ ਚੁਕਿਆ ਤਾਂ ਸਾਹਮਣੇ ਉਹੀ ਮਹਾਂਪੁਰਸ਼ ਸਨ ਜੋ ਘੋੜੀ ਦੀ ਲਗਾਮ ਪਕੜ ਕੇ ਲਿਆਏ ਸਨ ਤਾਂ ਬੜੀ ਸ਼ਰਮਿੰਦਗੀ ਮਹਿਸੂਸ ਕੀਤੀ। ਜਦੋਂ ਗੁਰੂ ਨਾਨਕ ਸਾਹਿਬ ਨੇ ਨਾਂ ਪੁੱਛਿਆ ਤਾਂ ਉੱਤਰ ਮਿਲਿਆ 'ਲਹਿਣਾ' ਤਾਂ ਗੁਰੂ ਜੀ ਹੱਸ ਪਏ ਤੇ ਕਹਿਣ ਲੱਗੇ 'ਵਾਹ ਵਾਹ ਪੁਰਖਾ! ਵਾਹ ਵਾਹ ਵਾਹ, ਕਰਤਾਰ ਨੇ ਤੈਨੂੰ ਬਖ਼ਸ਼ਿਆ ਹੈ, ਡਰ ਨਾ। ਤੂੰ ਲਹਿਣਾ ਹੈ ਤੇ ਅਸੀਂ ਦੇਣਾ ਹੈ, ਚੰਗਾ ਹੈ ਜੇ ਆਪਣਾ ਲੈਣਾ ਆਪ ਹੀ ਲੈਣ ਆ ਗਿਆ ਹੈਂ, ਲਹਿਣੇਦਾਰ ਸਦਾ ਆਪਣੇ ਦੇਣਦਾਰਾਂ ਦੇ ਘਰੀਂ ਘੋੜੀ 'ਤੇ ਚੜ੍ਹ ਕੇ ਹੀ ਆਉਂਦੇ ਹਨ, ਤੂੰ ਕੋਈ ਅਨੋਖੀ ਗੱਲ ਨਹੀਂ ਕੀਤੀ।'

ਭਾਈ ਲਹਿਣਾ ਜੀ ਦਾ ਮਨ ਕੀਰਤਨ ਸੁਣ ਕੇ ਉਥੇ ਹੀ ਟਿਕ ਗਿਆ। ਸੰਗਤਾਂ ਨੇ ਗ਼ੁੱਸਾ ਮਨਾਇਆ। ਸਰਾਪਾਂ ਦੇ ਡਰ ਦਿੱਤੇ ਪਰ ਆਪ ਨੇ ਕਿਹਾ ਹੁਣ ਮੈਨੂੰ ਮੇਰੀ ਮੰਜ਼ਿਲ ਮਿਲ ਗਈ ਹੈ ਤੇ ਭਟਕਣਾ ਖ਼ਤਮ ਹੋ ਗਈ ਹੈ।

SikhBookClub.com

ਭਾਈ ਲਹਿਣਾ ਦੀ ਆਉ-ਭਗਤੀ ਤੇ ਰੋਜ਼ ਵਧਦਾ ਪਿਆਰ ਦੇਖ ਕੇ ਗੁਰੂ ਸਾਹਿਬ ਨੇ ਕਿਹਾ ਕਿ ਇਕ ਵਾਰ ਘਰ ਜਾ ਕੇ ਆਪਣਾ ਕਾਰ-ਵਿਹਾਰ ਨਿਬੇੜ ਆਉ। ਇਹ ਸੁਣ ਕੇ ਭਾਈ ਲਹਿਣਾ ਜੀ ਖਡੂਰ ਸਾਹਿਬ ਆ ਗਏ ਤੇ ਸਾਰੀ ਗੱਲਬਾਤ ਧਰਮ ਪਤਨੀ ਨੂੰ ਸੁਣਾਈ ਤੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਲੋਕ-ਪ੍ਰਲੋਕ ਦੇ ਦਾਤਾ ਹਨ, ਉਨ੍ਹਾਂ ਦੇ ਦਰਸ਼ਨ ਨਾਲ ਮੈਂ ਆਤਮਕ ਪਲਟਾ ਖਾਧਾ ਹੈ ਤੇ ਮੈਂ ਹੁਣ ਫੈਸਲਾ ਕਰ ਲਿਆ ਹੈ ਕਿ ਹੁਣ ਉਥੇ ਹੀ ਰਹਾਂਗਾ।

ਮਾਤਾ ਖੀਵੀ ਜੀ ਬਹੁਤ ਨੇਕ ਇਸਤਰੀ ਸਨ ਤੇ ਭਾਈ ਲਹਿਣਾ ਜੀ ਦੀ ਹਰੇਕ ਗੱਲ ਖਿੜੇ-ਮੱਥੇ ਪ੍ਰਵਾਨ ਕੀਤੀ ਤੇ ਆਪ ਵੀ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਘਰ ਆ ਕੇ ਕੰਮ-ਕਾਜ ਦੇਖਿਆ। ਵੱਡੇ ਪੁੱਤਰ ਬਾਬਾ ਦਾਸੂ ਜੀ ਨੂੰ ਹੱਟੀ 'ਤੇ ਬਿਠਾ ਦਿੱਤਾ ਤੇ ਭਰੋਸੇ ਵਾਲਿਆਂ ਨੌਕਰਾਂ ਨੂੰ ਸ਼ਾਹੂਕਾਰੇ ਦੀ ਸੌਂਪਣੀ ਕੀਤੀ। ਭਣੇਵੇਂ ਨੂੰ ਲੈਣ-ਦੇਣ ਦੱਸ ਦਿੱਤਾ ਤੇ ਆਪਣੇ ਪੁੱਤਰਾਂ ਨੂੰ ਕਿਹਾ ਕਿ ਜੋ ਕੁਝ ਹੱਟੀ ਵਿਚੋਂ ਮੁਨਾਫ਼ਾ ਮਿਲੇ ਉਸ ਵਿਚੋਂ ਹੀ ਗੁਜ਼ਾਰਾ ਕਰਨਾ ਹੈ ਤੇ ਆਪ ਵੀ ਪਹਿਲਾਂ ਆਪਣੇ ਗੁਜ਼ਾਰੇ ਲਈ ਮੁੰਜ ਵੱਟਣ ਦਾ ਕੰਮ ਕਰਦੇ ਸਨ। ਦੂਜੇ ਪਾਸੇ ਖਾਣਾ ਘਰੋਂ ਬਣਾ ਕੇ ਮਾਤਾ ਖੀਵੀ ਜੀ ਭੇਜਦੇ। ਭੇਟਾ ਨੂੰ ਨਿੱਜ ਦੀ ਵਰਤੋਂ ਲਈ ਨਹੀਂ ਵਰਤਦੇ ਸਨ। ਉਹ ਕਹਿੰਦੇ ਸਨ ਕਿ 'ਤੁਮ ਆਪਣੀ ਮੁਆਸ (ਗੁਜ਼ਾਰਾ) ਦੁਕਾਨਦਾਰੀ ਜਾਂ ਕਾਸ਼ਤਕਾਰੀ ਸੇ ਹਾਸਿਲ ਕਰੋ। ਯਹਿ ਪੂਜਾ ਦਾ ਮਾਲ ਤੁਮਾਰੇ ਲਈ ਜ਼ਹਿਰ ਹੈ।'

ਗੁਰੂ ਨਾਨਕ ਸਾਹਿਬ ਨੇ ਗ੍ਰਿਹਸਤ ਜੀਵਨ ਨੂੰ ਮਹਾਨਤਾ ਦਿੱਤੀ ਹੈ। ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ, 'ਸਕਲ ਧਰਮ ਮੇ ਗ੍ਰਿਹਸਥ ਪ੍ਰਧਾਨ ਹੈ' (ਕਬਿੱਤ 376)। ਗੁਰੂ ਨਾਨਕ ਮਾਰਗ 'ਤੇ ਚੱਲਦਿਆਂ ਗੁਰੂ ਅੰਗਦ ਸਾਹਿਬ ਨੇ ਵੀ ਆਤਮਿਕ ਉੱਨਤੀ ਦੇ ਨਾਲ ਗ੍ਰਿਹਸਤੀ ਜੀਵਨ ਵੱਲ ਵੀ ਪੂਰਾ ਧਿਆਨ ਦਿੱਤਾ। ਇਧਰ ਬੀਬੀ ਅਮਰੋ ਜੀ ਵੀ ਸਿਆਣੀ ਉਮਰ ਦੇ ਹੋ ਗਏ ਸਨ, ਰਿਸ਼ਤੇ ਆਉਣ ਲੱਗ ਪਏ। ਆਪ ਨੇ ਬੀਬੀ ਅਮਰੋ ਜੀ ਦੀ ਕੁੜਮਾਈ ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਭ ਤੋਂ ਛੋਟੇ ਭਰਾ ਭਾਈ ਮਾਣਕ ਚੰਦ ਦੇ ਪੁੱਤਰ ਬਾਬਾ ਜਸੂ ਨਾਲ ਕਰ ਦਿੱਤੀ। ਬਾਬਾ ਜਸੂ ਦੇ ਦਾਦਾ ਤੇਜ ਭਾਨ ਵੀ ਉੱਘੇ ਵਪਾਰੀ ਸਨ। ਬੀਬੀ ਅਮਰੋ ਨੂੰ ਵੀ ਬਹੁਤ ਬਾਣੀ ਕੰਠ ਸੀ, ਜਦੋਂ ਭਾਈ ਲਹਿਣਾ ਜੀ ਕਰਤਾਰਪੁਰ ਤੋਂ ਘਰ ਟਿਕਦੇ ਤਾਂ ਬੱਚੀਆਂ ਨੂੰ ਬਾਣੀ ਕੰਠ ਕਰਾਉਂਦੇ। ਇਸੇ ਬੀਬੀ ਅਮਰੋ ਜੀ ਤੋਂ ਬਾਣੀ ਸੁਣ ਕੇ ਬਾਬਾ ਅਮਰਦਾਸ ਜੀ ਗੁਰੂ ਚਰਨਾਂ ਦੇ ਭੌਰੇ ਬਣੇ ਸਨ।

ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਕੋਲ ਸੰਨ 1539 ਤਕ ਲਗਭਗ 7 ਸਾਲ ਤਕ ਰਹੇ। ਇਨ੍ਹਾਂ ਸੱਤਾਂ ਸਾਲਾਂ ਵਿਚ ਉਨ੍ਹਾਂ ਨੇ ਕਠਿਨ ਪ੍ਰੀਖਿਆਵਾਂ ਪਾਸ ਕੀਤੀਆਂ । ਆਪ ਅਡੋਲ ਰਹੇ ਤੇ ਹਰੇਕ ਪ੍ਰੀਖਿਆ ਵਿਚ ਪਾਸ ਹੁੰਦੇ ਰਹੇ।

ਇਸ ਤਰ੍ਹਾਂ ਗੁਰੂ ਜੀ ਦੀ ਸੇਵਾ ਕਮਾਉਂਦਿਆਂ ਤੇ ਗੁਰੂ ਜੀ ਦੇ ਪਾਏ ਗੁਰਸਿੱਖ ਜੀਵਨ ਦੇ ਪੂਰਨੇ 'ਤੇ ਤੁਰਦਿਆਂ ਤਿੰਨ ਸਾਲ ਲੰਘ ਗਏ। ਇਨ੍ਹਾਂ ਨੂੰ ਨੇੜੇ ਹੁੰਦਾ ਦੇਖ ਕੇ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਸ੍ਰੀ ਲਖਮੀ ਦਾਸ ਜੀ ਈਰਖਾ ਕਰਨ ਲੱਗ ਪਏ। ਇਸ ਲਈ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਖਡੂਰ ਸਾਹਿਬ ਭੇਜ ਦਿੱਤਾ। ਇਹ ਨਗਰ ਖਹਿਰਿਆਂ ਦੇ ਖਡੂਰ ਨਾਲ ਮਸ਼ਹੂਰ ਸੀ, ਪਰ ਗੁਰੂ ਜੀ ਕਰਕੇ ਖਡੂਰ ਸਾਹਿਬ ਕਰਕੇ ਪ੍ਰਸਿੱਧ ਹੋ ਗਿਆ, ਭਾਈ ਗੁਰਦਾਸ ਜੀ ਅਨੁਸਾਰ:

ਦਿਤਾ ਛੋੜਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ।

(ਵਾਰ ੧/੪੬)

SikhBookClub.com

ਮਾਤਾ ਖੀਵੀ ਜੀ ਬੱਚਿਆਂ ਨੂੰ ਨਾਲ ਲੈ ਕੇ ਦਰਸ਼ਨਾਂ ਲਈ ਗਏ ਤੇ ਘਰ ਚੱਲਣ ਲਈ ਬੇਨਤੀ ਕੀਤੀ। ਗੁਰੂ ਜੀ ਘਰ ਆ ਗਏ, ਵੱਡੇ ਪੱਧਰ 'ਤੇ ਲੰਗਰ ਦਾ ਪ੍ਰਬੰਧ ਹੋਣ ਲੱਗਾ। ਮਾਤਾ ਖੀਵੀ ਜੀ ਲੰਗਰ ਦਾ ਪ੍ਰਬੰਧ ਬੜੀ ਲਗਨ ਨਾਲ ਕਰਦੇ ਸਨ। ਜਿਨ੍ਹਾਂ ਦੇ ਬਾਰੇ ਭਾਈ ਸਤੇ ਬਲਵੰਡ ਜੀ ਰਚਿਤ 'ਰਾਮਕਲੀ ਕੀ ਵਾਰ' ਵਿਚ ਵੀ ਜ਼ਿਕਰ ਆਉਂਦਾ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪੜ੍ਹਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਇਸ ਤੋਂ ਸਿੱਧ ਹੁੰਦਾ ਹੈ ਕਿ ਮਾਤਾ ਖੀਵੀ ਜੀ ਲੰਗਰ ਵਿਚ ਖੀਰ ਬਣਾ ਕੇ ਘਿਉ ਪਾ ਕੇ ਵਰਤਾਇਆ ਕਰਦੇ ਸਨ। ਮਾਤਾ ਖੀਵੀ ਜੀ ਦਾ ਦੇਹਾਂਤ ਸੰਮਤ 1639 (ਸੰਨ 1582 ਈ.) ਵਿਚ ਹੋਇਆ।

ਭਾਈ ਵੀਰ ਸਿੰਘ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁਰਖਾਂ ਦੀ ਲੋੜ ਨਹੀਂ ਸੀ ਉਹ ਬਿਨਾਂ ਪਰਖੇ ਹੀ ਜਾਣ ਗਏ ਸਨ, ਪਰ ਸੰਗਤ ਨੂੰ ਵਿਦਿਤ ਕਰਨਾ ਚਾਹੁੰਦੇ ਸਨ। ਭਾਈ ਲਹਿਣਾ ਜੀ ਸਭ ਤੋਂ ਉੱਚੇ ਸਨ, ਜਾਣੀ-ਜਾਣ ਪਿਤਾ ਤੋਂ ਕੀ ਭੁਲਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਰੇਕ ਪ੍ਰੀਖਿਆ ਵਿਚ ਭਾਈ ਲਹਿਣਾ ਜੀ ਖਰੇ ਉਤਰੇ:

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥

(ਪੰਨਾ ੯੬੭)

ਭਾਈ ਲਹਿਣਾ ਜੀ ਦੀ ਰਹਿਣੀ, ਭਗਤੀ, ਗੁਰਮੁਖਤਾ, ਆਗਿਆ ਪਾਲਣ ਵਿਚ ਤਤਪਰਤਾ ਦੇਖ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹ 'ਅੰਗਦ' ਹੋ ਗਿਆ ਹੈ। ਅਖੀਰ ਸੰਮਤ 1596 (1539 ਈ.) ਵਿਚ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਮੱਥਾ ਟੇਕ ਕੇ ਅੰਗਦ ਬਣਾ ਕੇ ਵਡਿਆਈ ਦੇ ਪਾਤਰ ਬਣਾ ਦਿੱਤਾ। ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਨੇ ਲਗਾਇਆ। ਭਰੀ ਸੰਗਤ ਵਿਚ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਗੁਰੂਤਾ ਸੌਂਪੀ ਗਈ। 'ਸੂਰਜ ਪ੍ਰਕਾਸ਼' ਅਨੁਸਾਰ:

ਲਹਿਣੇ ਕੌ ਕਰੁਣਾ ਯੁਤ ਹੇਰਾ, ਲਿਯ ਪੰਚ ਪੈਸੇ ਇਕ ਨਹਿ ਘੇਰਾ।
ਕੀਨ ਪ੍ਰਦੱਛਨ ਤੀਨ ਚੁਫੇਰੇ, ਕਰ ਤੇ ਧਰਿ ਕੇ ਭੇਟ ਅਗੇਰੇ।
ਹਥਿ ਜੋਰ ਕੇ ਸੀਸ ਨਿਵਾਯੋ, ਲਹਿਣਾ ਪਿਖਿ ਭਰਿਓ ਬਿਸਮਾਯੋ।

ਭਾਈ ਗੁਰਦਾਸ ਜੀ ਨੇ ਗੁਰਗੱਦੀ ਬਾਬਤ ਇਸ ਤਰ੍ਹਾਂ ਲਿਖਿਆ ਹੈ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥

(ਵਾਰ ੧/੪੫)

ਅਖੀਰ ਵਿਚ ਗੁਰੂ ਜੀ ਨੇ ਗੋਇੰਦਵਾਲ ਨਗਰ ਆਬਾਦ ਕਰਕੇ ਉਥੇ ਸਿੱਖੀ ਦਾ ਕੇਂਦਰ ਬਣਾਉਣ ਦੀ ਤਜਵੀਜ਼ ਕੀਤੀ। ਸ਼ਾਹੀ ਸੜਕ ਹੋਣ ਕਰਕੇ ਉਥੇ ਲੋਕਾਂ ਦੀ ਆਮ ਆਵਾਜਾਈ ਸੀ।

SikhBookClub.com

ਇਹ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੁੱਤਰਾਂ ਨੂੰ ਨਾ ਸੌਂਪ ਕੇ ਗੁਰੂ ਅਮਰਦਾਸ ਜੀ ਨੂੰ ਦੇ ਦਿੱਤੀ ਆਪ ਸੰਮਤ 1609 (29 ਮਾਰਚ 1552 ਈ.) ਨੂੰ ਖਡੂਰ ਸਾਹਿਬ ਵਿਖੇ 12 ਸਾਲ 9 ਮਹੀਨੇ 17 ਦਿਨ ਗੁਰੂ ਨਾਨਕ ਜੋਤਿ ਦੇ ਅਧਿਕਾਰੀ ਬਣ ਕੇ ਸਾਰੀ ਉਮਰ 47 ਸਾਲ 11 ਮਹੀਨੇ 21 ਦਿਨ ਭੋਗ ਕੇ ਜੋਤੀ ਜੋਤਿ ਸਮਾ ਗਏ। ਭਾਈ ਸੱਤੇ ਬਲਵੰਡ ਜੀ ਨੇ ਇਸ ਬਾਰੇ ਬਹੁਤ ਸੋਹਣਾ ਲਿਖਿਆ ਹੈ:

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

(ਪੰਨਾ ੯੬੭)

ਸਹਾਇਕ ਪੁਸਤਕਾਂ

1. **ਮਹਾਨ ਕੋਸ਼**, ਭਾਈ ਕਾਨ੍ਹ ਸਿੰਘ ਨਾਭਾ।
2. **ਸਿੱਖ ਇਤਿਹਾਸ**, ਪ੍ਰਿੰ. ਸਤਿਬੀਰ ਸਿੰਘ।
3. **ਕੁਦਰਤੀ ਨੂਰ**, ਪ੍ਰਿੰ. ਸਤਿਬੀਰ ਸਿੰਘ।
4. **ਸਿੱਖ ਇਤਿਹਾਸ**, ਪ੍ਰੋ. ਪਿਆਰਾ ਸਿੰਘ ਪਦਮ।
5. **ਸਾਡੇ ਗੁਰਦੇਵ**, ਪ੍ਰੋ. ਪਿਆਰਾ ਸਿੰਘ ਪਦਮ।
6. **ਗੁਰੂ ਅੰਗਦ ਦੇਵ ਜੀ**, ਡਾ. ਤਾਰਨ ਸਿੰਘ।
7. **ਸਿੱਖ ਇਤਿਹਾਸ**, ਪ੍ਰੋ. ਕਰਤਾਰ ਸਿੰਘ।
8. **ਸਿੱਖ ਇਤਿਹਾਸ**, ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ।
9. **ਸਿੱਖ ਇਤਿਹਾਸ**, ਮੈਕਸ ਆਰਥਰ ਮੈਕਾਲਿਫ।
10. **ਤਵਾਰੀਖ਼ ਗੁਰੂ ਖ਼ਾਲਸਾ**, ਗਿਆਨੀ ਗਿਆਨ ਸਿੰਘ।
11. **ਪਰਚੀਆਂ ਸੇਵਾ ਦਾਸ**, ਸੰਪਾ. ਪ੍ਰੋ. ਹਰੀ ਸਿੰਘ, ਡਾ. ਗੰਡਾ ਸਿੰਘ।
12. **ਦਸ ਗੁਰ ਰਤਨਾਵਲੀ**, ਪ੍ਰਿੰ. ਹਰਿਭਜਨ ਸਿੰਘ।

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਗੁਰਮੁਖੀ ਲਿੱਪੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਨਵਧਰਮ ਦੀ ਸਥਾਪਨਾ ਕੀਤੀ ਸੀ, ਉਸ ਨੂੰ ਸਥਿਰਤਾ ਦੇਣ ਲਈ ਤੇ ਸਿੱਖੀ ਦੇ ਮਹਿਲ ਦੀ ਉਸਾਰੀ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ 14 ਜੂਨ, 1539 ਤੋਂ 29 ਮਾਰਚ, 1552 ਤਕ ਦੇ 13 ਸਾਲ ਦੇ ਸਮੇਂ ਵਿਚ ਕਈ ਮਹੱਤਵਪੂਰਨ ਕਾਰਜ ਕੀਤੇ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਗਰ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਬਾਣੀ ਨੂੰ ਸੰਭਾਲਣ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਇਕੱਠੇ ਕਰਨ, ਉਦਾਸੀ ਸੰਸਥਾ ਦੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਉਣ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਕੀਤੀ ਮਰਯਾਦਾ ਨੂੰ ਪੱਕਾ ਕਰਨ ਅਤੇ ਗੁਰਗੱਦੀ ਨੂੰ ਯੋਗ ਹੱਥਾਂ ਵਿਚ ਸੌਂਪਣ ਆਦਿ ਦੇ ਮਹੱਤਵਪੂਰਨ ਕਾਰਜ ਨਾ ਕਰਦੇ ਤਾਂ ਸਿੱਖਾਂ ਦੀ ਕੋਈ ਵੱਖਰੀ ਪਹਿਚਾਣ ਸ਼ਾਇਦ ਨਾ ਹੁੰਦੀ। ਇਸ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਮਾਂ ਸਿੱਖੀ ਦੇ ਮਹਿਲ ਦੀ ਉਸਾਰੀ ਲਈ ਇਕ ਬਹੁਤ ਹੀ ਮਹੱਤਵਪੂਰਨ ਸਮਾਂ ਸੀ। ਸਿੱਖ ਲਹਿਰ ਨੂੰ ਅੱਗੇ ਤੋਰਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਕਾਰਜਾਂ ਨੂੰ ਅੱਗੇ ਤੋਰਨ ਲਈ ਅਤੇ ਉਨ੍ਹਾਂ ਦੇ ਮਹੱਤਵਪੂਰਨ ਕਾਰਜਾਂ ਵਿਚੋਂ ਗੁਰਮੁਖੀ ਭਾਸ਼ਾ ਪ੍ਰਤੀ ਉਠਾਏ ਕਦਮਾਂ ਦੀ ਬਹੁਤ ਹੀ ਮਹੱਤਤਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਸ਼ੇਸ਼ ਕਰਕੇ ਪੰਜਾਬ ਦੇ ਲੋਕ ਸਭਿਆਚਾਰਕ ਤੌਰ 'ਤੇ ਗ਼ੁਲਾਮ ਹੋ ਚੁੱਕੇ ਸਨ। ਮੁਸਲਮਾਨੀ ਸਭਿਆਚਾਰ ਦਾ ਲੋਕਾਂ ਦੇ ਜੀਵਨ 'ਤੇ ਬਹੁਤ ਗਹਿਰਾ ਪ੍ਰਭਾਵ ਸੀ ਜਿਸ ਦੇ ਨਤੀਜੇ ਵਜੋਂ ਲੋਕਾਂ ਦਾ ਖਾਣ-ਪਾਣ, ਧਰਮ, ਪਹਿਰਾਵਾ ਅਤੇ ਬੋਲੀ ਮੁਸਲਮਾਨੀ ਸਭਿਆਚਾਰ ਅਨੁਸਾਰ ਹੋ ਚੁੱਕੀ ਸੀ। ਲੋਕਾਂ ਦੀ ਸਭਿਆਚਾਰਕ ਗ਼ੁਲਾਮੀ ਦੀ ਪ੍ਰੌੜ੍ਹਤਾ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਕਥਨਾਂ ਤੋਂ ਹੁੰਦੀ ਹੈ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

(ਪੰਨਾ ੬੬੩)

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥

(ਪੰਨਾ ੧੧੮੧)

ਸੋ ਇਸ ਤਰ੍ਹਾਂ ਪੰਜਾਬ ਦੇ ਲੋਕ ਪਰਾਈ ਬੋਲੀ ਅਪਣਾ ਕੇ ਆਪਣਾ ਧਰਮ ਛੱਡੀ ਜਾ ਰਹੇ ਸਨ।

ਜਿਹੜੇ ਲੋਕ ਆਪਣੀ ਬੋਲੀ ਤੇ ਸਭਿਆਚਾਰ ਤੋਂ ਟੁੱਟ ਜਾਂਦੇ ਹਨ, ਉਹ ਗ਼ੁਲਾਮੀ ਦੀ ਦਲਦਲ ਵਿਚ ਫਸ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਇਸ ਸਭਿਆਚਾਰਕ ਗ਼ੁਲਾਮੀ ਤੋਂ ਸੁਚੇਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੋਕਾਂ ਦੀ ਸਭਿਆਚਾਰਕ ਸੁਤੰਤਰਤਾ

SikhBookClub.com

ਲਈ ਇਕ ਬੜਾ ਮਹੱਤਵਪੂਰਨ ਕਾਰਜ ਕੀਤਾ ਤੇ ਉਹ ਸੀ ਲੋਕਾਂ ਨੂੰ ਆਪਣੀ ਭਾਸ਼ਾ ਵਿਚ ਧਰਮ ਦਾ ਗਿਆਨ ਦੇਣਾ ਤੇ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਗੁਰੂ ਜੀਵਨ ਨੂੰ ਪ੍ਰਦਾਨ ਕਰਨਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਪ੍ਰਸਾਰਣ ਲਈ ਗੁਰਬਾਣੀ ਦਾ ਪ੍ਰਚਾਰ ਜ਼ਰੂਰੀ ਸਮਝਿਆ ਅਤੇ ਲੋਕਾਂ ਨੂੰ ਸਿੱਖੀ ਨਾਲ ਜੋੜਨ ਲਈ ਤੇ ਗੁਰੂ ਪ੍ਰਤੀ ਸ਼ਰਧਾ ਪੈਦਾ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਨੂੰ ਜਨ-ਸਾਧਾਰਨ ਬੋਲੀ ਵਿਚ ਲਿਖਵਾਇਆ। ਉਨ੍ਹਾਂ ਨੇ ਗੁਰਮੁਖੀ ਪੜ੍ਹਨ ਅਤੇ ਪੜ੍ਹਾਉਣ ਉੱਤੇ ਬਹੁਤ ਜ਼ੋਰ ਦਿੱਤਾ। ਪੰਜਾਬ ਦੀ ਲੋਕ ਲਿੱਪੀ ਗੁਰਮੁਖੀ ਨੂੰ ਆਮ ਜਨਤਾ ਵਿਚ ਫੈਲਾਉਣ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਕ ਬਾਲ ਵਿਦਿਆਲਾ ਵੀ ਚਲਾਇਆ ਤਾਂ ਕਿ ਬਚਪਨ ਤੋਂ ਹੀ ਲੋਕ ਆਪਣੀ ਭਾਸ਼ਾ ਤੇ ਲਿੱਪੀ ਰਾਹੀਂ ਸਿੱਖੀ ਦੇ ਸਿਧਾਂਤਾਂ ਤੋਂ ਜਾਣੂ ਹੋ ਸਕਣ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੈਂਤੀ ਪੜ੍ਹਾਉਣ ਲਈ ਇਕ ਬਾਲ-ਬੋਧ ਵੀ ਲਿਖਿਆ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੈਂਤੀ ਅੱਖਰਾਂ ਦੀ ਕਾਢ ਕੀਤੀ ਪਰ ਗੁਰਬਾਣੀ ਦੀ ਰੋਸ਼ਨੀ ਵਿਚ ਇਹ ਵਿਚਾਰ ਠੀਕ ਨਹੀਂ ਜਾਪਦਾ, ਕਿਉਂਕਿ ਭਗਤ ਕਬੀਰ ਜੀ ਨੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਤੋਂ ਪਹਿਲਾਂ ਆਪਣੀ ਬਾਣੀ 'ਗਉੜੀ ਬਾਵਨ ਅੱਖਰੀ' ਅਤੇ ਆਸਾ ਰਾਗ ਵਿਚ ਰਚਿਤ ਬਾਣੀ 'ਪਟੀ' ਲਿਖੀ ਜਿਸ ਵਿਚ ਗੁਰਮੁਖੀ ਵਰਣ-ਮਾਲਾ ਦੇ ਅੱਖਰਾਂ ਦਾ ਵਰਣਨ ਉਚਾਰਨ ਸਹਿਤ ਦਿੱਤਾ ਹੈ, ਜਿਵੇਂ ਭਗਤ ਕਬੀਰ ਜੀ ਦਾ ਕਥਨ ਹੈ:

੧. ਕਕਾ ਕਿਰਣਿ ਕਮਲ ਮਹਿ ਪਾਵਾ॥
੨. ਖਖਾ ਇਹੈ ਖੋੜਿ ਮਨ ਆਵਾ॥
੩. ਗਗਾ ਗੁਰ ਕੇ ਬਚਨ ਪਛਾਨਾ॥

(ਪੰਨਾ ੩੪੦)

ਗੁਰੂ ਨਾਨਕ ਦੇਵ ਜੀ ਦੀ ਬਾਣੀ 'ਪਟੀ' ਵਿਚ ਪੈਂਤੀ ਅੱਖਰਾਂ ਦਾ ਉਲੇਖ ਉਚਾਰਨ ਸਹਿਤ ਵਰਣਨ ਇਸ ਤਰ੍ਹਾਂ ਮਿਲਦਾ ਹੈ:

੧. ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ॥
੨. ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥
੩. ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ॥

(ਪੰਨਾ ੪੩੨)

ਅਸਲ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੇ ਪੈਂਤੀ ਅੱਖਰਾਂ ਦੀ ਕਾਢ ਨਹੀਂ ਕੱਢੀ, ਸਗੋਂ ਇਨ੍ਹਾਂ ਨੂੰ ਲੋਕਾਂ ਵਿਚ ਪ੍ਰਚਲਤ ਕੀਤਾ। 'ਗੁਰਮੁਖੀ ਲਿੱਪੀ ਦਾ ਵਿਕਾਸ' ਪੁਸਤਕ ਦੇ ਕਰਤਾ ਡਾ· ਲਾਇਟਨਰ ਦਾ ਵਿਚਾਰ ਹੈ ਕਿ 'ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰੋ. ਹਕਸਲੇ ਵਾਂਗ ਬੱਚਿਆਂ ਲਈ ਬਾਲਬੋਧ ਦੇ ਕਾਇਦੇ ਲਿਖੇ। ਨਾਲ ਹੀ ਉਨ੍ਹਾਂ ਨੇ ਵਰਣ-ਮਾਲਾ ਅਨੁਸਾਰ ਅਨੇਕਾਂ ਸਿਖਿਆਦਾਇਕ ਸਦਾਚਾਰਕ ਮਾਟੋ ਵੀ ਲਿਖੇ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਜਿਹੇ ਉਪਰਾਲੇ ਨੇ ਗੁਰਮਤਿ ਦੇ ਸਾਹਿਤ ਨੂੰ ਸੰਸਕ੍ਰਿਤ ਤੇ ਉਸ ਦੇ ਸੋਮਿਆਂ ਵੇਦਾਂ ਤੋਂ ਅੱਡ ਕਰ ਦਿੱਤਾ। ਗੁਰਮੁਖੀ ਸਿੱਖਾਂ ਨੂੰ ਹਮੇਸ਼ਾ ਇਹ ਯਾਦ ਕਰਵਾਉਂਦੀ ਰਹਿੰਦੀ ਸੀ ਕਿ ਜੋ ਗੁਰੂ ਦੇ ਮੁਖ ਤੋਂ ਨਿਕਲਿਆ ਹੈ, ਉਹ ਸ਼ਬਦ ਹੈ, ਬਾਣੀ ਹੈ ਤੇ ਬਾਕੀ ਸਭ ਕੁਝ ਕੱਚੀ ਤੇ ਕੂੜੀ ਬਾਣੀ ਹੈ। ਗੁਰੂ ਸਾਹਿਬ ਦੇ ਅਜਿਹੇ

SikhBookClub.com

ਉਪਰਾਲੇ ਦੇ ਸਦਕਾ ਉਸ ਸਮੇਂ ਤੋਂ ਹੀ ਗੁਰਬਾਣੀ ਦੇ ਗੁਟਕੇ ਲਿਖ ਕੇ ਵੰਡਣ ਦਾ ਰਿਵਾਜ਼ ਪਿਆ ਤੇ ਅੱਗੇ ਜਾ ਕੇ ਇਹ ਰਹਿਤਨਾਮਿਆਂ ਦਾ ਇਕ ਜ਼ਰੂਰੀ ਅੰਗ ਬਣ ਗਿਆ ਕਿ ਹਰੇਕ ਸਿੱਖ ਜ਼ਿੰਦਗੀ ਵਿਚ ਘੱਟੋ-ਘੱਟ ਇਕ ਗੁਟਕਾ ਲਿਖੇ ਤੇ ਲਿਖਵਾ ਕੇ ਵੰਡੇ।'

ਅਸਲੀਅਤ ਇਹ ਹੈ ਕਿ ਇੰਜ ਸਿੱਖੀ ਦੀ ਜੜ੍ਹ ਇੰਨੀ ਮਜ਼ਬੂਤ ਹੋ ਗਈ ਕਿ ਕੋਈ ਇਸ ਨੂੰ ਹਿਲਾ ਨਾ ਸਕਿਆ। ਉਸ ਸਮੇਂ ਜਦੋਂ ਕਿ ਹਿੰਦੂ ਸਮਾਜ ਦੀ ਪ੍ਰਮਾਣੀਕ ਧਾਰਮਿਕ ਭਾਸ਼ਾ ਸੰਸਕ੍ਰਿਤ ਤੇ ਲਿੱਪੀ ਦੇਵਨਾਗਰੀ ਸੀ ਅਤੇ ਮੁਸਲਿਮ ਸਮਾਜ ਦੀ ਰਾਜ ਭਾਸ਼ਾ ਫ਼ਾਰਸੀ ਸੀ, ਉਸ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਮੁਖੀ ਲਿੱਪੀ ਅਤੇ ਪੰਜਾਬੀ ਬੋਲੀ ਵਿਚ ਸਿੱਖ ਸਿਧਾਂਤਾਂ ਤੇ ਗੁਰ-ਇਤਿਹਾਸ ਦਾ ਮੁੱਢ ਬੰਨ੍ਹਣਾ ਇਕ ਮਹਾਨ ਕਾਰਜ ਸੀ, ਜਿਸ ਨੇ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੂੰ ਇਕ ਵੱਖਰੀ ਧਾਰਮਕ ਤੇ ਸਭਿਆਚਾਰਕ ਪਛਾਣ ਦਿੱਤੀ।

ਇਸ ਨਾਲ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ ਉਪਰਾਲੇ ਸਦਕਾ ਬ੍ਰਾਹਮਣ ਜਗਤ ਨੂੰ ਇਕ ਤਕੜੀ ਸੱਟ ਵੱਜੀ। ਇਸ ਤੋਂ ਪਹਿਲਾਂ ਜਿਥੇ ਧਾਰਮਿਕ ਗਿਆਨ ਸੰਸਕ੍ਰਿਤ ਜਾਣਨ ਵਾਲਿਆਂ ਤਕ ਹੀ ਸੀਮਿਤ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਨਾਲ ਲੋਕਾਂ ਦੀ ਆਪਣੀ ਬੋਲੀ ਅਤੇ ਆਪਣੀ ਲਿੱਪੀ ਵਿਚ ਪ੍ਰਾਪਤ ਹੋਣਾ ਸੰਭਵ ਹੋਇਆ। ਸੋ ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਮੁਖੀ ਪ੍ਰਤੀ ਕੀਤੇ ਉਪਰਾਲੇ ਸਦਕਾ ਸਿੱਖ ਜਿਥੇ ਸਭਿਆਚਾਰਕ ਤੌਰ 'ਤੇ ਵਿਲੱਖਣ ਪਛਾਣ ਵਾਲੇ ਹੋਏ, ਉਥੇ ਉਨ੍ਹਾਂ ਨੂੰ ਆਪਣੇ ਗੁਰੂ ਦਾ ਗਿਆਨ ਆਪਣੀ ਬੋਲੀ ਵਿਚ ਉਪਲਬਧ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਦਕਾ ਹੀ ਲੋਕਾਂ ਨੂੰ ਪਹਿਲੀ ਵਾਰ ਆਪਣੀ ਬੋਲੀ ਤੇ ਆਪਣੀ ਲਿੱਪੀ ਵਿਚ ਧਰਮ ਦਾ ਗਿਆਨ ਪ੍ਰਾਪਤ ਹੋਇਆ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਰੋਕਤ ਉਪਰਾਲਿਆਂ ਨੇ ਇਕ ਸਭਿਆਚਾਰਕ ਕ੍ਰਾਂਤੀ ਦੀ ਨੀਂਹ ਰੱਖੀ।

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦਾ ਦ੍ਰਿਸ਼

ਐਡੀ ਵੱਡੀ ਡੂੰਘੀ ਦਲੀਲ ਤੇ ਸਿਦਕ ਬੁੱਧੀ ਦੇਖ ਕੇ ਦਸ ਪ੍ਰਕਾਰ ਦੀਆਂ ਕੁਲਾਣੀਆਂ ਕਸੌਟੀਆਂ ਦੇ ਕੇ ਜਦ ਲਹਿਣੇ ਜੀ ਨੂੰ ਬਾਰਾਂ ਵੰਨੀ ਦੇ ਕੰਚਨ ਵਾਂਗੂੰ ਸ਼ੁੱਧ ਗੁਰਿਆਈ ਦੇ ਲਾਇਕ ਦੇਖ ਲੀਤਾ ਤਾਂ ਬਾਬੇ ਜੀ ਨੇ ਬਹੁਤ ਖੁਸ਼ੀ ਹੋ ਕੇ ਲਹਿਣੇ ਜੀ ਨੂੰ ਭੁਜਾ ਵਿਚ ਘੁੱਟ ਕੇ ਗਲ ਨਾਲ ਲਾ ਲੀਤਾ ਅਤੇ ਬਚਨ ਕੀਤਾ, ਅੰਗਦਾ! ਤੈਂ ਅਸਾਨੂੰ ਅੰਗ ਦਿੱਤਾ ਸੀ ਹੁਣ ਅਸਾਂ ਤੈਨੂੰ ਆਪਣਾ ਅੰਗ ਦੇ ਕੇ ਤੇਰਾ ਨਾਮ ਅੰਗਦ ਰੱਖਿਆ, ਤੂੰ ਅੱਜ ਤੋਂ ਅੰਗਦ ਹੋਯਾ ਤੇ ਸਾਰੇ ਸਮੁੰਦ੍ਰ ਥੀਂ ਤਾਰਨ ਦਾ ਮਲਾਹ ਹੋਯਾ।

ਏਤਨੇ ਨਾਲ ਹੀ ਅੰਗਦ ਜੀ ਦੇ ਕਪਾਟ ਖੁੱਲ੍ਹ ਗਏ, ਰਿੱਧੀ ਸਿੱਧੀ ਬ੍ਰਹਮ ਗਯਾਨ ਸਭ ਸਾਖਯਾਤ ਹੋ ਗਿਆ, ਗੁਰ ਮੰਤ੍ਰ ਜਪਣ ਦੀ ਤੇ ਉਪਦੇਸ਼ ਕਥਨ ਦੀ ਸਭ ਰੀਤਿ ਤਾਂ ਪਹਿਲੇ ਹੀ ਸਮਝਾ ਰੱਖੀ ਸੀ, ਸਭ ਸੰਗਤ ਦਾ ਦਰਬਾਰ ਦੇ ਕੜਾਹ ਪ੍ਰਸਾਦ ਕਰਾਕੇ ਅੰਗਦ ਜੀ ਨੂੰ ਇਸ਼ਨਾਨ ਕਰਵਾ ਨਵੀਨ ਪੁਸ਼ਾਕੀ ਪਹਿਨਾ ਆਪਣੀ ਗੱਦੀ ਉੱਤੇ ਬਠਾ ਬਾਬੇ ਬੁੱਢੇ ਤੋਂ ਤਿਲਕ ਕਰਵਾ ਪੰਜ ਪੈਸੇ ਨਾਰੀਅਲ ਅੱਗੇ ਰੱਖ ਕੇ ਤਿੰਨ ਪ੍ਰਕਰਮਾ ਕਰਕੇ ਅੰਗਦ ਜੀ ਅੱਗੇ ਮੱਥਾ ਟੇਕ ਦਿੱਤਾ। ਅੰਗਦ ਜੀ ਜਦਪਿ ਏਸ ਬੋਝ ਨੂੰ ਉਠਾਉਣਾ ਨਹੀਂ ਚਾਹੁੰਦੇ ਸੇ, ਪਰ ਗੁਰੂ ਨਾਨਕ ਸਾਹਿਬ ਮਰਯਾਦਾ ਪੁਰਸ਼ੋਤਮ ਨੇ ਆਪਣਾ ਬਚਨ ਮਨਾ ਲਿਆ।

13 ਮੱਘਰ, ਸੰਮਤ 1594 ਬਿ. (1537 ਈ.) ਨੂੰ ਗੱਦੀ ਦੇ ਮੱਥਾ ਟੇਕ ਸੰਗਤਾਂ ਤੋਂ ਟਿਕਾ ਦਿੱਤਾ, ਤੇ ਬਾਬੇ ਬੁੱਢੇ ਆਦਿਕ ਸਭ ਸਿੱਖਾਂ ਨੂੰ ਹੁਕਮ ਸੁਣਾਯਾ ਕਿ ਅੱਜ ਤੋਂ ਅੰਗਦ ਜੀ ਮੇਰਾ ਸਰੂਪ ਮੰਨਣਾ, ਏਹ ਜਗਤ ਗੁਰੂ ਸੰਗਤਾਂ ਦੇ ਤਾਰਣਹਾਰਾ ਮਲਾਹ ਕੀਤਾ ਗਿਆ ਹੈ। ਜੋ ਏਸ ਨੂੰ ਮੇਰਾ ਸਰੂਪ ਨਾ ਮੰਨੇਗਾ ਉਹ ਮੇਰਾ ਸਿੱਖ ਨਹੀਂ। ਮੈਂ ਆਪਣੀ ਕਮਾਈ, ਸ਼ਕਤੀ ਅਕਾਲ ਪੁਰਖ ਦੀ ਬਖਸ਼ੀਸ਼ ਸਭ ਏਸ ਨੂੰ ਬਖਸ਼ੀ ਹੈ। ਏਸ ਬਚਨ ਨੂੰ ਸਭ ਨੇ ਪ੍ਰਵਾਨ ਕੀਤਾ; ਪਰੰਤੂ, ਪੁਤਰੀ ਕਉਲ ਨਾ ਪਾਲੀਅਨੇ ਅਤੇ ਕੰਨ ਮੋੜ ਚਲੇ ਗਏ।

(5/1983)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਤੇ ਮਾਤਾ ਖੀਵੀ ਜੀ: ਲੰਗਰ ਪ੍ਰਥਾ

'ਲੰਗਰ' ਪਦ ਸੰਸਕ੍ਰਿਤ ਧਾਤੂ 'ਲਗ' ਤੋਂ ਬਣਿਆ ਹੈ ਜਿਸ ਦੇ ਅਰਥ ਹਨ ਨੇੜੇ ਹੋਣਾ।[1] ਭਾਈ ਕਾਨ੍ਹ ਸਿੰਘ ਨਾਭਾ ਨੇ ਲੰਗਰ ਪਦ ਦੇ ਅਰਥ ਇਸ ਪ੍ਰਕਾਰ ਕੀਤੇ ਹਨ: 1. ਅਨਲਗ੍ਰਿਹ, ਪਾਕਸ਼ਾਲਾ, ਰਸੋਈ ਦਾ ਘਰ। 2. ਉਹ ਥਾਂ ਜਿਥੇ ਅਨਾਥਾਂ ਨੂੰ ਅੰਨਦਾਨ ਮਿਲੇ।[2] ਇਹ ਹੀ ਸਾਡੇ ਵਿਸ਼ੇ ਨਾਲ ਸੰਬੰਧਿਤ ਅਰਥ ਹੈ ਭਾਵ ਇਹ ਸ਼ਬਦ ਉਸ ਅੰਨਸ਼ਾਲਾ ਲਈ ਵਰਤਿਆ ਜਾਂਦਾ ਹੈ ਜਿਥੇ ਲੋੜਵੰਦਾਂ ਲਈ ਭੋਜਨ ਦਾ ਮੁਫ਼ਤ ਵਿਚ ਪ੍ਰਬੰਧ ਹੋਵੇ। ਗੁਰਬਾਣੀ ਅੰਦਰ ਲੰਗਰ ਪਦ ਇਨ੍ਹਾਂ ਅਰਥਾਂ ਲਈ ਪ੍ਰਯੋਗ ਹੋਇਆ ਹੈ:

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਇਸ ਤੋਂ ਇਲਾਵਾ ਗੁਰੂ ਸ਼ਬਦ ਦੇ ਲੰਗਰ ਦਾ ਜ਼ਿਕਰ ਵੀ ਮਿਲਦਾ ਹੈ:

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥

(ਪੰਨਾ ੯੬੭)

ਗੁਰਬਾਣੀ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਅੰਦਰ ਵੀ ਇਕ ਵਾਰ ਗੁਰ ਸ਼ਬਦ ਦੇ ਲੰਗਰ ਦੇ ਅਰਥਾਂ ਵਿਚ ਲੰਗਰ ਪਦ ਦੀ ਵਰਤੋਂ ਹੋਈ ਹੈ:

ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ॥

(ਵਾਰ ੨੪/੨੦)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ਮੌਕੇ ਸਮਾਜ ਅੰਦਰ ਜਾਤ-ਪਾਤ, ਛੂਤ-ਛਾਤ, ਸੁੱਚ-ਭਿੱਟ, ਈਰਖਾ, ਦਵੈਸ਼, ਨਫ਼ਰਤ ਆਦਿ ਬੁਰਾਈਆਂ ਪ੍ਰਬਲ ਰੂਪ ਧਾਰਨ ਕਰ ਚੁੱਕੀਆਂ ਸਨ, ਜਿਸ ਦੇ ਨਤੀਜੇ ਵਜੋਂ ਸਮਾਜ ਦੀ ਦਸ਼ਾ ਬਹੁਤ ਹੀ ਦੁਖਦਾਈ ਤੇ ਕਰੁਣਾਮਈ ਬਣ ਚੁੱਕੀ ਸੀ। ਸਮਾਜ ਦੀ ਅਜਿਹੀ ਅਵਸਥਾ ਨੂੰ ਸੁਧਾਰਨ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਉਪਦੇਸ਼ ਕੀਤਾ ਉਥੇ ਨਾਲ ਹੀ ਲੋਕਾਂ ਦੇ ਮਨਾਂ ਵਿਚੋਂ ਨਫ਼ਰਤ ਅਤੇ ਵਿਤਕਰਿਆਂ ਦੀਆਂ ਵੰਡੀਆਂ ਨੂੰ ਮਿਟਾ ਕੇ ਆਪਸੀ ਪਿਆਰ, ਮਿਲਵਰਤਨ, ਏਕਤਾ, ਬਰਾਬਰੀ ਦੀਆਂ ਭਾਵਨਾਵਾਂ ਦੇ ਸੰਚਾਰ ਲਈ ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਦੀ ਆਧਾਰਸ਼ਿਲਾ ਰੱਖੀ। ਇਨ੍ਹਾਂ ਦੋਹਾਂ ਸੰਸਥਾਵਾਂ ਨੇ ਸਮਾਜ ਅੰਦਰ 'ਰਾਣਾ ਰੰਕੁ ਬਰਾਬਰੀ' ਦੀ ਭਾਵਨਾ ਹੀ ਨਹੀਂ ਜਗਾਈ, ਸਗੋਂ ਮਾਨਵਤਾ ਦੀ ਏਕਤਾ ਤੇ ਬਰਾਬਰੀ ਦੇ ਵਿਚਾਰ ਨੂੰ ਇੰਨ-ਬਿੰਨ

SikhBookClub.com

ਲਾਗੂ ਕਰ ਕੇ ਸਮਾਜ ਅੰਦਰ ਇਕ ਵੱਡੀ ਤਬਦੀਲੀ ਦਾ ਮੁੱਢ ਬੰਨ੍ਹਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਵੇਂ ਚਲਾਏ ਨਿਰਮਲ ਪੰਥ ਨੂੰ ਪ੍ਰਪੱਕਤਾ ਤੇ ਵਿਕਾਸ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਖ਼ੂਬੀ ਨਿਭਾਈ। ਆਪ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਾਸਤੇ ਅਨੇਕਾਂ ਮਹਾਨ ਕਾਰਜ ਕੀਤੇ ਪਰੰਤੂ ਗੁਰੂ ਸਾਹਿਬ ਤੇ ਮਾਤਾ ਖੀਵੀ ਜੀ ਵੱਲੋਂ ਲੰਗਰ ਦੀ ਸੰਸਥਾ ਵਿਚ ਅਦੁੱਤੀ ਯੋਗਦਾਨ ਪਾਇਆ ਗਿਆ। ਬੰਸਾਵਲੀਨਾਮਾ ਅਨੁਸਾਰ ਗੁਰਤਾਗੱਦੀ ਦੀ ਪ੍ਰਾਪਤੀ ਉਪਰੰਤ ਆਪ ਜੀ ਖਡੂਰ ਸਾਹਿਬ ਆ ਗਏ ਜਿਥੇ ਸੰਗਤਾਂ ਗੁਰੂ ਦਰਸ਼ਨਾਂ ਲਈ ਭਾਰੀ ਗਿਣਤੀ ਵਿਚ ਆਉਣ ਲੱਗੀਆਂ। ਸ੍ਰੀ ਗੁਰੂ ਅੰਗਦ ਦੇਵ ਜੀ ਸੰਗਤਾਂ ਵੱਲੋਂ ਗੁਰੂ ਅਰਪਣ ਕੀਤੀਆਂ ਭੇਟਾਵਾਂ ਤੇ ਮਾਇਆ ਦੀ ਵਰਤੋਂ ਲੰਗਰ ਤਿਆਰ ਕਰਨ ਲਈ ਕਰਨ ਲੱਗੇ:

ਬਡੀ ਮਹਿਮਾ ਜਗਤ ਮਹਿ ਹੋਈ।
ਜੋ ਕੋਈ ਸੁਣੈ ਦਰਸਨ ਆਵੈ ਸੋਈ।
ਨਜਰ ਭੇਟ ਅਰਦਾਸਿ ਲਗੀ ਮਾਇਆ ਚੜ੍ਹਨੇ।
ਸਾਹਿਬ ਗੁਰੂ ਅੰਗਦ ਜੀ ਲੱਗੇ ਲੰਗਰ ਕਰਨੇ।[3]

ਲੰਗਰ ਦੋ ਵਕਤ ਹੋਵੇ, ਜੋ ਕੁਛ ਆਵੇ ਸਭ ਲੰਗਰ ਵਿਚ ਪਾ ਦੇਣ। ਖੀਰ ਕੜਾਹ ਪ੍ਰਸਾਦਿ ਲੱਗਾ ਹੋਣ। ਭਾਵੇਂ ਰਾਤ ਦਿਨ ਸੰਗਤ ਦੀ ਭੀੜ ਬਣੀ ਰਹੇ।[4]

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੀ ਰੋਜ਼ਮਰਾ ਮਰਯਾਦਾ ਦਾ ਜ਼ਿਕਰ ਕਰਦਿਆਂ 'ਜਨਮ ਸਾਖੀ ਸ੍ਰੀ ਗੁਰੂ ਅੰਗਦ ਜੀ' ਵਿਚ ਦੱਸਿਆ ਗਿਆ ਹੈ ਕਿ ਜਿਤਨਾ ਧਨ ਸੰਗਤ ਦਾ ਆਵੇ ਸੋ ਲੰਗਰ ਵਿਚ ਖਰਚ ਹੋਵੇ, ਭੁੱਖਾ, ਤਿਹਾਇਆ, ਰੋਗੀ, ਅਨਾਥ, ਨਿਰਧਨ, ਅੰਗ-ਭੰਗ, ਲੰਗੜਾ, ਲੂਲ੍ਹਾ, ਰਾਹੀ, ਪਰਦੇਸੀ ਜੋ ਆਵੇ, ਮਨ ਬਾਂਛਤ ਪ੍ਰਸਾਦਿ ਪਾਵੇ। ਅੱਗੇ ਲਿਖਿਆ ਹੈ ਕਿ ਪਹਿਰ ਦਿਨ ਚੜ੍ਹੇ ਲੰਗਰ ਲੱਗੇ, ਲੰਗਰ ਵਿਚ ਭਾਂਤ-ਭਾਂਤ ਦਾ ਪ੍ਰਸਾਦਿ ਸਭ ਨੂੰ ਇਕੋ ਜਿਹਾ ਮਿਲੇ।

'ਮਹਿਮਾ ਪ੍ਰਕਾਸ਼' ਦੇ ਕਰਤਾ ਬਾਵਾ ਸਰੂਪ ਦਾਸ ਭੱਲਾ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਖਡੂਰ ਸਾਹਿਬ ਵਿਖੇ ਚਲਾਏ ਲੰਗਰ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਲੰਗਰ ਵਿਚ ਸਾਰੇ ਰਸ ਪ੍ਰਾਪਤ ਸਨ। ਭਾਵ ਗੁਰੂ ਕੇ ਲੰਗਰ ਵਿਚ ਭਾਂਤ-ਭਾਂਤ ਦੇ ਸੁਆਦਲੇ ਪਕਵਾਨ ਤਿਆਰ ਕੀਤੇ ਜਾਂਦੇ ਸਨ। ਤਿਆਰ ਕੀਤਾ ਸੁਆਦਿਸ਼ਟ ਭੋਜਨ ਪੰਗਤਾਂ ਵਿਚ ਬਿਠਾ ਕੇ ਬਿਨਾਂ ਕਿਸੇ ਵਿਤਕਰੇ ਦੇ ਸਭਨਾਂ ਨੂੰ ਇਕ ਸਮਾਨ ਛਕਾਇਆ ਜਾਂਦਾ ਸੀ:

ਪੁੰਨ ਪੁਸਾਦਿ ਤਿਆਰ ਜਬ ਹੋਈ।
ਸਭ ਰਸ ਹੋਵੈ ਪਾਕ ਰਸੋਈ।
ਸਤਿਗੁਰ ਲੰਗਰ ਦਿਆਲ ਜਬ ਆਵੈ।
ਸਭ ਸੰਗੀ ਸਖਾ ਸੰਗ ਲੈ ਜਾਵੈ।
ਚਾਰ ਬਰਨ ਉਹਾਂ ਸਮਸਰੇ।
ਮਾਟੀ ਕੇ ਬਰਤਨ ਭੋਜਨ ਕਰੇ।[4]

ਸ੍ਰੀ ਗੁਰੂ ਅੰਗਦ ਦੇਵ ਜੀ ਜਿਥੇ ਪ੍ਰਵਚਨਾਂ ਦੁਆਰਾ ਗੁਰੂ ਦਰਬਾਰ ਵਿਚ ਆਉਣ ਵਾਲੇ ਜਗਿਆਸੂਆਂ ਨੂੰ ਆਤਮਕ ਗਿਆਨ ਦੇ ਭੋਜਨ ਦੁਆਰਾ ਤ੍ਰਿਪਤ ਕਰ ਕੇ ਉਨ੍ਹਾਂ ਦੇ ਮਨਾਂ ਦੀ

SikhBookClub.com

ਭਟਕਣਾ ਨੂੰ ਦੂਰ ਕਰਦੇ ਸਨ, ਉਥੇ ਮਾਤਾ ਖੀਵੀ ਜੀ ਆਉਣ ਵਾਲੀਆਂ ਸੰਗਤਾਂ ਵਾਸਤੇ ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ ਸੰਭਾਲਦੇ ਸਨ। ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਅਨੁਸਾਰ ਹੀ ਸੰਭਾਲੀ ਗਈ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸਪੁਰਦ ਕਰਨ ਦਾ ਜ਼ਿਕਰ ਕਰਦਿਆਂ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਆਪ ਜੀ ਨੇ ਫ਼ੁਰਮਾਇਆ: ਜਦੋਂ ਮੇਰੇ ਦਾਤਾ ਨੇ ਮੈਨੂੰ ਸ਼ਬਦ ਦਾਨ ਦਾ ਕੜਛਾ ਬਖ਼ਸ਼ਿਆ ਸੀ ਤਦੋਂ ਤੇਰੇ ਹਿੱਸੇ ਅੰਨ ਦੇਗ ਦਾ ਕੜਛਾ ਆਇਆ ਸੀ। ਵਰਤਾ, ਰਮਜ਼ਾਂ ਸਮਝਣ ਵਾਲੀ ਵਿਰਾਈ ਲੰਗਰ ਵੱਲ ਉਠ ਗਈ ਤੇ ਇਕ ਵੱਡੀ ਕੜਛੀ ਲਿਆ ਕੇ ਸਾਹਿਬਾਂ ਦੇ ਅੱਗੇ ਧਰ ਦਿੱਤੀ, ਪਾਤਸ਼ਾਹ! ਮੇਰੇ ਗੁਰੂ ਨਾਨਕ ਰਾਜ ਦੇ ਰਾਜ ਧਨੀ! ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦਾਨ ਦਾ ਕੜਛਾ ਆਪ ਆਪਣੇ ਹੱਥੀਂ ਆਪ ਨੂੰ ਸੌਂਪਿਆ ਸੀ। ਅੰਨ ਦਾਨ ਦਾ ਇਹ ਕੜਛਾ ਆਪ ਆਪਣੇ ਹੱਥੀਂ ਰਜ਼ਾ ਵਿਚ ਰਾਜ਼ੀ ਮੇਰੀ ਭਰਜਾਈ ਨੂੰ ਦਾਨ ਕਰੋ।[6]

ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਅੰਨ ਦੇਗ ਦਾ ਕੜਛਾ' ਮਾਤਾ ਖੀਵੀ ਜੀ ਨੂੰ ਇਵੇਂ ਫੜਾਇਆ ਜਿਵੇਂ ਭਵਿੱਖ ਵਿਚ ਬੋਹੜ ਬਣ ਜਾਣ ਵਾਲੇ ਕਿਸੇ ਵੱਡੇ ਦਰੱਖ਼ਤ ਦੀ ਪੌਂਦ ਉਨ੍ਹਾਂ ਦੇ ਸਪੁਰਦ ਕੀਤੀ ਗਈ ਹੋਵੇ। ਮਾਤਾ ਖੀਵੀ ਜੀ ਨੇ ਇਸ ਨਵੀਂ ਅਰੰਭ ਹੋ ਰਹੀ ਲੰਗਰ ਰੂਪੀ ਸੰਸਥਾ ਦੀ ਪੌਂਦ ਨੂੰ ਸਿੰਜਿਆ, ਸਵਾਰਿਆ ਤੇ ਜਰਖੇਜ਼ ਕੀਤਾ। ਨਤੀਜੇ ਵਜੋਂ ਉਨ੍ਹਾਂ ਦੀ ਸੁਚੱਜੀ ਸਰਪ੍ਰਸਤੀ ਹੇਠਾਂ ਲੰਗਰ ਇਕ ਪੂਰੀ ਤਰ੍ਹਾਂ ਵਿਕਸਿਤ ਤੇ ਸੰਪੂਰਨ ਸੰਸਥਾ ਦੇ ਰੂਪ ਵਿਚ ਸਿੱਖ ਪਰੰਪਰਾ ਦਾ ਅੰਗ ਬਣ ਗਿਆ। ਨਿਰਸੰਦੇਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਕਾਲ ਵਿਚ ਮਾਤਾ ਖੀਵੀ ਜੀ ਦਾ ਇਹ ਚਮਤਕਾਰੀ ਯੋਗਦਾਨ ਸੀ।[7]

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਮਾਤਾ ਖੀਵੀ ਜੀ ਦੁਆਰਾ ਲੰਗਰ ਦੀ ਸੰਸਥਾ ਨੂੰ ਜੋ ਇਤਿਹਾਸਕ ਪ੍ਰਪੱਕਤਾ ਪ੍ਰਾਪਤ ਹੋਈ, ਉਹ ਆਪ ਜੀ ਦੇ ਅਣਥੱਕ ਯਤਨਾਂ ਦਾ ਨਤੀਜਾ ਸੀ। ਮਾਤਾ ਖੀਵੀ ਜੀ ਦੇ ਇਸ ਯੋਗਦਾਨ ਦਾ ਜ਼ਿਕਰ ਗੁਰਬਾਣੀ ਅੰਦਰ ਵੀ ਭਾਈ ਸਤਾ ਤੇ ਬਲਵੰਡ ਦੁਆਰਾ 'ਰਾਮਕਲੀ ਕੀ ਵਾਰ' ਅੰਦਰ ਕੀਤਾ ਗਿਆ ਮਿਲਦਾ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪੜ੍ਹਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮਾਤਾ ਖੀਵੀ ਜੀ ਦੀ 'ਲੰਗਰਿ ਦਉਲਤਿ' ਵੰਡਣ ਦੇ ਸਬੰਧ 'ਚ ਉਪਮਾ ਦਰਜ ਹੈ। ਭਾਈ ਸਤੇ ਤੇ ਬਲਵੰਡ ਨੇ ਮਾਤਾ ਖੀਵੀ ਜੀ ਦੀ ਸ਼ਖ਼ਸੀਅਤ ਦੇ ਉਘੜਵੇਂ ਗੁਣਾਂ ਦਾ ਵਰਣਨ ਇਕ ਪਉੜੀ ਵਿਚ ਕੀਤਾ ਹੈ। ਆਪ ਨੇ ਜਿਥੇ ਮਾਤਾ ਖੀਵੀ ਜੀ ਨੂੰ 'ਨੇਕ ਜਨ' ਕਹਿ ਕੇ ਸਨਮਾਨਿਆ ਹੈ, ਉਥੇ ਨਾਲ ਹੀ ਮਾਤਾ ਖੀਵੀ ਜੀ ਦੀ ਸੰਗਤ ਵਿਚ ਮਿਲਣ ਵਾਲੇ ਸੁਖ ਤੇ ਸ਼ਾਂਤੀ ਨੂੰ 'ਬਹੁਤੀ ਛਾਉ ਪੜ੍ਹਾਲੀ' ਦੇ ਰੂਪਕ ਨਾਲ ਰੂਪਮਾਨ ਕੀਤਾ ਹੈ। ਭਾਵ ਜਿਵੇਂ ਮਾਂ ਦੀ ਠੰਡੀ ਛਾਂ ਵਿਚ ਸੰਤਾਨ ਸੁਖ ਮਾਣਦੀ ਹੈ, ਉਸੇ ਪ੍ਰਕਾਰ ਮਾਤਾ ਖੀਵੀ ਜੀ ਦੀ ਸਨੇਹ ਤੇ ਪ੍ਰੇਮ ਰੂਪੀ ਸੰਘਣੀ ਛਾਂ ਸਿੱਖ ਸੰਗਤਾਂ ਨੂੰ ਅਥਾਹ ਸੁਖ ਪ੍ਰਦਾਨ ਕਰਦੀ ਸੀ।

ਅੱਜ ਵਿਸ਼ਵ ਭਰ ਵਿਚ ਜਿਥੇ ਵੀ ਸਿੱਖ ਵਸੋਂ ਹੈ, ਉਥੇ ਗੁਰੂ-ਘਰ ਵੀ ਸੰਗਤਾਂ ਦੁਆਰਾ

SikhBookClub.com

ਤਿਆਰ ਕੀਤਾ ਗਿਆ ਹੈ। ਹਰ ਗੁਰੂ-ਘਰ ਵਿਚ ਲੰਗਰ ਦਾ ਵੀ ਯਥਾਜੋਗ ਪ੍ਰਬੰਧ ਸੰਗਤਾਂ ਲਈ ਕੀਤਾ ਜਾਂਦਾ ਹੈ। ਲੰਗਰ ਵਿਚ ਸੇਵਾ ਕਰਨ ਦੀ ਪ੍ਰਬਲ ਭਾਵਨਾ ਦੇ ਪ੍ਰਤੱਖ ਝਲਕਾਰੇ ਉਸ ਸਮੇਂ ਦੇਖਣ ਨੂੰ ਮਿਲਦੇ ਹਨ ਜਦੋਂ ਹਰ ਅਮੀਰ, ਗਰੀਬ, ਛੋਟਾ, ਵੱਡਾ ਵਿਅਕਤੀ ਪਰਸ਼ਾਦੇ ਤਿਆਰ ਕਰਨ, ਲੰਗਰ ਵਰਤਾਉਣ, ਬਰਤਨ ਸਾਫ਼ ਕਰਨ ਲਈ ਇਕ ਦੂਜੇ ਤੋਂ ਉਤਾਵਲਾ ਨਜ਼ਰ ਆਉਂਦਾ ਹੈ। ਲੰਗਰ ਦੀ ਸੇਵਾ ਨੂੰ ਬਹੁਤ ਹੀ ਉੱਤਮ ਤੇ ਪਵਿੱਤਰ ਮੰਨਿਆ ਜਾਂਦਾ ਹੈ। ਇਸ ਸਾਰੀ ਭਾਵਨਾ ਪਿੱਛੇ ਮਾਤਾ ਖੀਵੀ ਜੀ ਦੁਆਰਾ ਲੰਗਰ ਵਿਚ ਕੀਤੀ ਘਾਲਣਾ ਸਿੱਖ ਸੰਗਤਾਂ ਦੀ ਮੁੱਖ ਪ੍ਰੇਰਨਾ-ਸ੍ਰੋਤ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਲ ਦੌਰਾਨ ਮੀਤੀ ਖੀਵੀ ਜੀ ਨੇ ਨਾ ਕੇਵਲ ਲੰਗਰ ਦਾ ਕਾਰਜ ਭਾਰ ਹੀ ਸੰਭਾਲਿਆ, ਸਗੋਂ ਉਨ੍ਹਾਂ ਦੇ ਸਮੇਂ ਲੰਗਰ ਦੇ ਪਦਾਰਥ ਬਹੁਤ ਸੁਆਦਲੇ ਤੇ ਅੰਮ੍ਰਿਤ ਰਸਾਂ ਨਾਲ ਭਰਪੂਰ ਹੁੰਦੇ ਸਨ। ਅੱਜ ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਦੂਸਰੇ ਧਰਮਾਂ ਦੇ ਮੁਕਾਬਲੇ ਆਪਣੀ ਵਿਲੱਖਣ, ਨਿਰਾਲੀ ਤੇ ਅਦੁੱਤੀ ਹੋਂਦ ਰੱਖਦੀ ਹੈ। ਇਸ ਸੰਸਥਾ ਨੇ ਸਿੱਖ ਧਰਮ ਦੀ ਵਿਲੱਖਣਤਾ ਨੂੰ ਉਭਾਰਿਆ ਹੈ। ਲੰਗਰ ਦੀ ਪਰੰਪਰਾ ਕਾਰਨ ਹੀ ਸੰਗਤ ਤੇ ਪੰਗਤ ਦਾ ਸਿਧਾਂਤ ਪਰਪੱਕ ਹੋਇਆ ਹੈ।

ਇਸ ਸਦਕਾ ਹੀ ਗੁਰੂ ਦੇ ਲੰਗਰ ਵਿਚ ਹਰ ਧਰਮ ਦਾ ਵਿਅਕਤੀ ਊਚ-ਨੀਚ ਦੇ ਵਿਤਕਰਿਆਂ ਤੋਂ ਮੁਕਤ ਹੋ ਕੇ ਪਰਸ਼ਾਦਾ ਛਕ ਸਕਦਾ ਹੈ। ਇਸ ਨਿਰੋਲ ਇਨਸਾਨੀਅਤ ਦੇ ਪਾਠ ਨੂੰ ਦ੍ਰਿੜ੍ਹ ਕਰਵਾਉਣ ਵਿਚ ਲੰਗਰ ਦੀ ਪ੍ਰਥਾ ਆਪੋ-ਧਾਪੀ, ਖੁਦਗਰਜ਼ੀ ਤੇ ਜਾਤ, ਰੰਗ, ਨਸਲ, ਕੌਮ ਦੇ ਵਿਤਕਰਿਆਂ ਵਿਚ ਗ਼ਲਤਾਨ ਮਨੁੱਖੀ ਸਮਾਜ ਨੂੰ ਅੱਜ ਵੀ ਜੋੜਨ ਲਈ ਵਿਲੱਖਣ ਭੂਮਿਕਾ ਨਿਭਾ ਰਹੀ ਹੈ ਤੇ ਭਵਿੱਖ ਵਿਚ ਵੀ ਨਿਭਾਉਂਦੀ ਰਹੇਗੀ।

ਹਵਾਲੇ

1. ਸ. ਮਹਿੰਦਰ ਸਿੰਘ, **ਸਿੱਖ ਸੰਸਕਾਰ ਤੇ ਮਰਯਾਦਾ**, ਪੰਨਾ 144.
2. ਭਾਈ ਕਾਨ੍ਹ ਸਿੰਘ, **ਮਹਾਨ ਕੋਸ਼**, ਪੰਨਾ 1076.
3. ਭਾਈ ਕੇਸਰ ਸਿੰਘ ਛਿੱਬਰ, **ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ**, ਪੰਨਾ 54.
4. ਗਿਆਨੀ ਗਿਆਨ ਸਿੰਘ, **ਤਵਾਰੀਖ ਗੁਰੂ ਖਾਲਸਾ**, ਪੰਨਾ 318.
5. ਬਾਵਾ ਸਰੂਪ ਦਾਸ ਭੱਲਾ, **ਮਹਿਮਾ ਪ੍ਰਕਾਸ਼**, ਪੰਨੇ 84-85.
6. ਭਾਈ ਵੀਰ ਸਿੰਘ, **ਅਸ਼ਟ ਗੁਰ ਚਮਤਕਾਰ**, ਭਾਗ ਪਹਿਲਾ, ਪੰਨਾ 20.
7. ਡਾ. ਮਹਿੰਦਰ ਕੌਰ, **ਦਸ ਗੁਰੂ ਮਹਲ**, ਪੰਨਾ 52.

(5/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਸਥਾਪਤ ਅਦੁੱਤੀ ਕੀਰਤੀਮਾਨ

ਗੁਰਦੇਵ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਹਿਣਾ ਜੀ ਨੂੰ ਗੁਰਮਤਿ ਵਿਚ ਪੂਰਨ ਭਾਂਤ ਪ੍ਰਪੱਕ ਕਰ, ਗੁਰਦੇਵ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਏ। ਪ੍ਰਥਮ ਗੁਰੂ ਜੀ ਦਾ ਆਪ ਜੀ ਨੂੰ ਆਪਣੇ ਜੋਤੀ ਜੋਤ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਕਰਤਾਰਪੁਰ ਦਾ ਤਿਆਗ ਕਰਕੇ ਖਡੂਰ ਸਾਹਿਬ ਚਲੇ ਜਾਣ ਲਈ ਆਪ ਹੀ ਫ਼ੁਰਮਾਨ ਕਰ ਦੇਣਾ ਉਸ ਵੇਲੇ ਦੇ ਸਮੁੱਚੇ ਵਰਤਾਰਿਆਂ ਨੂੰ ਪ੍ਰਗਟ ਕਰ ਦਿੰਦਾ ਹੈ। ਇਸ ਪਿੱਛੇ ਗੁਰੂ-ਜੋਤ ਦੁਆਰਾ ਗੁਰਮਤਿ ਗਿਆਨ ਦਾ ਚਾਨਣਾ ਫੈਲ ਸਕਣ ਦੇ ਉਦੇਸ਼ ਮਹਿਸੂਸ ਹੁੰਦੇ ਹਨ। ਗੁਰੂ ਅੰਗਦ ਦੇਵ ਜੀ ਨੇ ਜਦੋਂ ਆਪਣਾ ਸੁਜੀਵ ਕਾਰਜ ਆਰੰਭਿਆ ਤਾਂ ਆਪ ਜੀ ਦੇ ਸਨਮੁਖ ਮੁੱਖ ਤੌਰ 'ਤੇ ਹੇਠ ਲਿਖੇ ਸਰੋਕਾਰ ਸਨ:

1. ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜਤ ਮਹਾਨ ਗੁਰਦੇਵ-ਪਰੰਪਰਾ ਤੇ ਅੰਬਰ-ਉੱਚੀਆਂ ਮਾਨਵ ਸੇਵੀ ਕਦਰਾਂ-ਕੀਮਤਾਂ ਨੂੰ ਸਮਾਂ ਉਪਯੁਕਤ ਗੌਰਵ ਸਹਿਤ ਸੰਭਾਲਣਾ ਤੇ ਰਵਾਂ ਰੱਖਣਾ।
2. ਸਦਾ ਜੀਵੰਤ ਗੁਰਬਾਣੀ ਦੀ ਪਰਮਉਚਿਤ ਸਾਂਭ ਕਰਨਾ ਅਤੇ ਸ਼ਬਦ-ਗੁਰੂ ਸਿਧਾਂਤ ਦਾ ਅਗਲਾ ਪੜਾਅ ਲੋਕਾਂ ਕੋਲ ਲੈ ਕੇ ਜਾਣਾ।
3. ਗੁਰਬਾਣੀ-ਸਿਰਜਣਾ ਕਰਕੇ ਇਸ ਅਹਿਮ ਖਜ਼ਾਨੇ ਨੂੰ ਹੋਰ ਭਰਪੂਰਤਾ ਪ੍ਰਦਾਨ ਕਰਨਾ।
4. ਸਮਾਜਕ ਖੇਤਰ 'ਚ ਠੋਸ ਕਾਰਜਾਂ ਦੁਆਰਾ ਲੋਕ-ਭਲਾਈ ਅਤੇ ਲੋਕਾਂ ਨੂੰ ਜਾਗ੍ਰਿਤ ਕਰਨਾ।
5. ਸਮਾਜਕ ਬੁਰਾਈਆਂ ਨੂੰ ਸੋਧਣਾ, ਨਵੇਂ ਦਿਸਹੱਦੇ ਤਲਾਸ਼ਣਾ, ਨਵੇਂ ਨਿਵੇਕਲੇ ਰਾਹ ਉਲੀਕਣਾ।

ਇਹ ਕਾਰਜ ਕਰਮ ਵਡੇਰੇ ਸਨ। ਇਨ੍ਹਾਂ ਦੀ ਪੂਰਤੀ ਲਈ ਕਿਸੇ ਯੁਗ ਪੁਰਸ਼ ਦੀ ਹੀ ਲੋੜ ਸੀ ਜਿਹੜੀ ਬਿਖਮ ਹਾਲਾਤ 'ਚ ਚੰਗੀ ਤਰ੍ਹਾਂ ਸੋਚ-ਵਿਚਾਰ ਕੇ ਨਿਰੰਤਰ ਕਾਰਜ ਕਰਨ ਦੇ ਸਮਰੱਥ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਖ਼ਸ਼ਿਸ਼ ਕੀਤੀਆਂ ਗਈਆਂ, ਬਹੁਮੁੱਲੀਆਂ ਤੇ ਬਹੁਪਰਤੀ ਦਾਤਾਂ ਦੀ ਪੂਰੀ-ਪੂਰੀ ਸੰਭਾਲ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਯੋਗ ਵਿਰਸੇ ਦੇ ਰੂਪ ਵਿਚ ਪਹੁੰਚਾਣ ਦਾ ਕਾਰਜ ਪੂਰਾ ਕਰਨਾ ਗੁਰੂ ਅੰਗਦ ਦੇਵ ਜੀ ਜਿਹੀ ਬਹੁਪੱਖੀ ਪ੍ਰਤਿਭਾ ਬਿਨਾਂ ਹੋਣਾ ਸੰਭਵ ਨਹੀਂ ਸੀ। ਗੁਰੂ ਜੀ ਨੇ ਭਾਈ ਲਹਿਣਾ ਜੀ ਜਿਹੀ ਕਾਰਜ-ਨਿਪੁੰਨ,

SikhBookClub.com

ਨਿਰੰਤਰ ਰੁਝਾਨ ਤੇ ਸਦ-ਸੁਹਿਰਦ ਪਹੁੰਚ ਵਾਲੀ ਸ਼ਖ਼ਸੀਅਤ ਨੂੰ ਚੁਣਦਿਆਂ ਨਾਨਕ ਨਿਰਮਲ ਪੰਥ ਤੇ ਸਮਾਜ-ਉਸਾਰੀ ਕਾਰਜਾਂ ਦੇ ਜਾਰੀ ਰਹਿਣ ਦਾ ਰਾਹ ਵੀ ਪੱਧਰਾ ਕਰ ਦਿੱਤਾ। ਇਹੋ ਕਾਰਨ ਹੈ ਕਿ ਸਤਾ ਬਲਵੰਡ ਫ਼ੁਰਮਾਨ ਕਰਦੇ ਹਨ:

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥

(ਪੰਨਾ ੯੬੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਮੁੱਚਾ ਜੀਵਨ ਵਕਤ ਦੀਆਂ ਅਤਿ ਭੈੜੀਆਂ ਹਾਲਤਾਂ ਨੂੰ ਸੁਖਾਵੀਆਂ ਤੇ ਲੋਕ-ਹਿਤੈਸ਼ੀ ਹਾਲਤਾਂ ਵਿਚ ਬਦਲਣ ਹਿੱਤ ਲਾਇਆ। ਜਗਤ ਕਲਿਆਣ ਤੇ ਸਮਾਜ-ਸੁਧਾਰ ਦੀ ਪ੍ਰਕ੍ਰਿਆ ਆਰੰਭ ਹੋ ਚੁੱਕੀ ਸੀ ਪਰ ਇਸ ਨੂੰ ਜਾਰੀ ਰੱਖਣਾ ਅਜੇ ਵੀ ਅਥਾਹ ਘਾਲਣਾ ਦੀ ਮੰਗ ਕਰਦਾ ਸੀ। ਇਹ ਘਾਲਣਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜ਼ਿੰਮੇ ਲੱਗੀ। ਅਧਿਆਤਮਕ ਅਤੇ ਸਭਿਆਚਾਰਕ ਵਿਰਾਸਤ ਦੀ ਨਿਰੰਤਰਤਾ ਤੇ ਸਦ-ਸਦੀਵੀ ਸੰਭਾਲ ਹਿਤ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਤਿ ਮਹੱਤਪਵੂਰਨ ਕਾਰਜ ਨਿਭਾਇਆ।

ਅਜੋਕੇ ਇਤਿਹਾਸਕਾਰ ਸ· ਖੁਸ਼ਵੰਤ ਸਿੰਘ ਨੇ ਚਾਰ-ਨੁਕਤੇ ਉਭਾਰਦਿਆਂ ਇਉਂ ਅੰਕਿਤ ਕੀਤਾ ਹੈ:

1. ਆਪਣੇ ਧੀਰਜ ਵਾਲੇ ਸੁਭਾਅ ਅਨੁਸਾਰ ਗੁਰੂ ਅੰਗਦ ਸਾਹਿਬ ਨੇ ਉਸ ਮਹਿਲ ਦੀ ਉਸਾਰੀ ਵਿਚ ਇੱਟਾਂ ਲਾਈਆਂ ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ।
2. ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਹੋਰ ਕੇਂਦਰ ਕਾਇਮ ਕੀਤੇ। ਚੜ੍ਹਾਵੇ ਦੇ ਇਕੱਤਰ ਕਰਨ ਲਈ ਤੇ ਲੰਗਰ ਦੇ ਖਰਚ ਨੂੰ ਪੂਰਾ ਕਰਨ ਲਈ ਬਾਕਾਇਦਾ ਵਿਉਂਤ ਬਣਾਈ।
3. ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਉਤਾਰੇ ਕਰਵਾਏ ਤੇ ਉਸ ਦੀ ਇਕ-ਇਕ ਕਾਪੀ (ਪ੍ਰਤੀ) ਸਾਰੇ ਕੇਂਦਰਾਂ ਨੂੰ ਭੇਜੀ।
4. ਗੁਰੂ ਅੰਗਦ ਦੇਵ ਜੀ ਨੇ ਸਰੀਰਕ ਸ਼ਕਤੀ ਵਧਾਉਣ ਬਾਰੇ ਵੀ ਉਤਸੁਕਤਾ ਦਿਖਾਈ। ਅੰਮ੍ਰਿਤ ਵੇਲੇ ਦੇ ਪਾਠ ਤੇ ਕੀਰਤਨ ਉਪਰੰਤ ਲੋਕ ਅਖਾੜੇ ਵਿਚ ਜੁੜਦੇ, ਕਸਰਤ ਕਰਦੇ ਅਤੇ ਕਰਤਬ ਦਿਖਾਉਂਦੇ।

(ਸਿੱਖ ਹਿਸਟਰੀ, ਪੰਨਾ ੪੬, ਪੰਜਾਬੀ ਸੰਸਕਰਣ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਰਮ ਅਤੇ ਗੁਰਮਤਿ ਦਰਸ਼ਨ ਦੁਆਰਾ ਇਕ ਕਰਮਸ਼ੀਲ ਗਾਡੀ ਰਾਹ ਦਾ ਨਿਰਮਾਣ ਕਰ ਦਿੱਤਾ, ਜਿਹੜਾ ਉਸ ਵੇਲੇ ਦੇ ਪ੍ਰਚਲਤ ਸਮਾਜੀ ਜੀਵਨ ਦੇ ਤੌਰ ਤਰੀਕਿਆਂ ਤੋਂ ਨਿਰਾਲਾ ਸੀ। ਇਸ ਜੀਵਨ-ਜਾਚ ਦਾ ਆਧਾਰ ਮੁਸ਼ੱਕਤ ਸੀ। ਨਾਮ ਸਿਮਰਨ, ਇਥੇ ਘਾਲ ਖਾਣਾ ਤਾਂ ਜ਼ਰੂਰੀ ਸੀ ਹੀ, ਨਾਲ ਹੀ ਘਾਲ-ਕਮਾਈ 'ਚੋਂ ਸਮਾਜਕ ਪੀੜ ਹਰਨ ਲਈ ਕੁਝ ਹੱਥੋਂ ਦੇਣਾ ਵੀ ਜ਼ਰੂਰੀ ਮੰਨਿਆ ਗਿਆ। ਗੁਰਮਤਿ ਅਨੁਸਾਰ ਇਨ੍ਹਾਂ ਤਿੰਨਾਂ ਧਰਾਤਲਾਂ 'ਤੇ ਪੂਰਾ ਉਤਰਨਾ ਹੀ ਸਫ਼ਲ ਤੇ ਅਰਥ ਭਰਪੂਰ ਮਨੁੱਖੀ ਜੀਵਨ ਦਾ ਮੂਲ ਆਧਾਰ ਬਣਿਆ। ਇਸ ਜੀਵਨ-ਜਾਚ ਵਿਚ ਵਹਿਮ-ਭਰਮ ਨੂੰ ਕੋਈ ਥਾਂ ਨਹੀਂ ਸੀ। ਕਿਸੇ ਦਾ ਹੱਕ ਖਾਣਾ ਹਰਾਮ ਸੀ। ਵਿਖਾਵੇ ਦਾ ਪਰਪੰਚ ਧਰਮ-ਵਿਰੋਧੀ ਕਰਾਰ ਦਿੱਤਾ ਗਿਆ। ਝੂਠੇ

SikhBookClub.com

ਕਰਮਕਾਂਡ ਪੂਰੀ ਤਰ੍ਹਾਂ ਰੱਦ ਕਰ ਦਿੱਤੇ ਗਏ। ਜਾਤ-ਪਾਤ, ਊਚ-ਨੀਚ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਇਸ ਦੀ ਥਾਂ ਸਮਾਜਕ ਬਰਾਬਰੀ ਦਾ ਆਧਾਰ ਅਮਲ 'ਚ ਲਿਆਂਦਾ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਸਾਰੇ ਆਧਾਰਾਂ ਉੱਪਰ ਭਰਪੂਰ ਅਮਲ ਕੀਤਾ। ਇਨ੍ਹਾਂ ਅਤੇ ਕਈ ਹੋਰ ਸਮਾਜਿਕ ਵਿਕਾਸ ਦੇ ਜ਼ਰੂਰੀ ਮਸਲਿਆਂ ਨੂੰ ਧਿਆਨ ਵਿਚ ਰੱਖ ਕੇ ਕਾਰਜ ਕੀਤਾ।

ਆਪ ਜੀ ਵਲੋਂ ਲੰਗਰ ਦੀ ਸੇਵਾ ਨੂੰ ਵਿਧੀਵਤ ਰੂਪ ਦੇਣਾ ਇਕ ਬੜੀ ਹੀ ਉਘੜਵੀਂ ਮਿਸਾਲ ਹੈ। ਸਾਰੇ ਵਕਤਾਂ ਵਿਚ ਸਾਧਾਰਨ ਮਨੁੱਖ ਦੀ ਸਭ ਤੋਂ ਪਹਿਲੀ ਲੋੜ ਰੋਜ਼ੀ-ਰੋਟੀ ਹੀ ਰਹੀ ਹੈ। ਗੁਰੂ ਜੀ ਨੇ ਲੰਗਰ-ਖਰਚਿਆਂ ਲਈ ਸੁਯੋਗ ਸੋਮੇ ਭਾਲੇ ਤੇ ਉਨ੍ਹਾਂ ਸੋਮਿਆਂ ਨੂੰ ਸੰਗਠਿਤ ਕੀਤਾ। ਲੰਗਰ-ਸੰਸਥਾ ਨਾਲ ਗੁਰੂ-ਘਰ ਦੇ ਵਡੇਰੇ ਆਸ਼ਿਆਂ ਦੀ ਪੂਰਤੀ ਹੋਈ। ਲੰਗਰ ਸੰਸਥਾ ਐਸੀ ਵਿਲੱਖਣ ਸੰਸਥਾ ਹੈ, ਜਿਸ ਵਿਚ ਅਥਾਹ ਸੇਵਾ ਭਾਵਨਾ ਤਾਂ ਰਹਿੰਦੀ ਹੈ ਸਗੋਂ ਇਸ ਦੇ ਨਾਲ ਹੀ ਇਕੋ ਥਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣ ਦੀ ਕਿਰਿਆ ਵੀ ਹੁੰਦੀ ਹੈ ਜੋ ਸਮਾਜਕ ਬਰਾਬਰੀ ਦਾ ਸੰਦੇਸ਼ ਵੀ ਵੰਡਦੀ ਹੈ। ਗੁਰੂ-ਘਰ ਦੀ ਲੰਗਰ ਸੰਸਥਾ ਇਕ ਮਹਾਨ ਇਨਕਲਾਬ ਕਹੀ ਜਾ ਸਕਦੀ ਹੈ। ਇਸ ਨੇ ਉਸ ਵਕਤ ਦੇ ਬਿਪਰਵਾਦੀ ਪ੍ਰਬੰਧ ਨੂੰ ਹਿਲਾ ਕੇ ਰੱਖ ਦਿੱਤਾ। ਇਹ ਇਕ ਨਵੀਂ ਸਮਾਜਕ ਵਿਵਸਥਾ ਵਜੋਂ ਸਾਹਮਣੇ ਆਈ।

ਲੰਗਰ-ਸੰਸਥਾ ਦੀ ਸਮਾਜਕ ਵਿਵਸਥਾ ਦੇ ਕਈ ਭਾਗੀਦਾਰ ਬਣੇ ਜਿਵੇਂ ਮਾਇਕ ਹਿੱਸਾ ਪਾਉਣ ਵਾਲੇ, ਪ੍ਰਬੰਧ ਕਰਨ ਵਾਲੇ, ਲੰਗਰ ਤਿਆਰ ਕਰਨ ਵਾਲੇ, ਲੰਗਰ ਛਕਾਉਣ/ਵਰਤਾਉਣ ਵਾਲੇ ਅਤੇ ਬਰਤਨ ਸਾਫ਼ ਕਰਨ ਵਾਲੇ ਆਦਿ। ਲੰਗਰ-ਸੰਸਥਾ ਦਾ ਹੀ ਜਮ੍ਹਾ-ਜੋੜ ਸਮਾਜਕ ਬਰਾਬਰੀ ਦਾ ਸੁਨੇਹਾ ਬਣਿਆ। ਇਸ ਨਾਲ ਹੀ ਸੰਗਤ ਤੇ ਪੰਗਤ ਦੀ ਨਿੱਗਰ ਹੋਂਦ ਸੰਭਵ ਹੋਈ। ਪਾਤਸ਼ਾਹ ਦੀ ਗੁਰਮਤਿ ਵਿਚਾਰਧਾਰਾ ਦੇ ਸਜਿੰਦ ਸੰਦੇਸ਼ੇ ਪ੍ਰਾਪਤ ਕਰਨ ਆਈਆਂ ਸੰਗਤਾਂ ਨੂੰ ਇਕੋ ਸਮੇਂ/ਸਥਾਨ 'ਤੇ ਰੂਹਾਨੀ ਅਤੇ ਸਰੀਰਕ ਸੰਤੁਸ਼ਟੀਆਂ ਪ੍ਰਾਪਤ ਹੋਣ ਲੱਗੀਆਂ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਦਰਸ਼ ਜੀਵਨ ਸਿੱਖੀ ਵਿਚਾਰਧਾਰਾ ਦੇ ਪਸਾਰ ਦਾ ਮੂਲ ਆਧਾਰ ਬਣਿਆ। ਦੂਜਾ ਆਧਾਰ ਗੁਰਬਾਣੀ ਦੇ ਰੂਪ ਵਿਚ ਜੱਗ-ਜਾਹਰ ਹੋਇਆ। ਇਨ੍ਹਾਂ ਦੋਹਾਂ ਆਧਾਰਾਂ ਨੇ ਗੁਰੂ ਸਾਹਿਬਾਨ ਵੱਲ ਸ਼ਰਧਾਲੂ ਸਿੱਖਾਂ ਦਾ ਪ੍ਰਵਾਹ ਬਣਾਇਆ। ਸਿੱਖੀ ਦਾ ਵਿਸਥਾਰ ਹੋਣ ਲੱਗਾ। ਜੇਕਰ ਅਸੀਂ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੇ ਗਏ ਗੁਰਬਾਣੀ ਸਰੂਪ ਅੰਮ੍ਰਿਤ-ਬਚਨ ਸ੍ਰਵਣ ਕਰਕੇ ਹੀ ਉਨ੍ਹਾਂ ਵੱਲ ਖਿੱਚੇ ਗਏ ਸਨ। ਇਸੇ ਕਾਰਨ ਉਹ ਗੁਰਬਾਣੀ ਦੇ ਧੁਰ ਅੰਦਰ ਤਕ ਧੂਹ ਪਾਉਣ ਵਾਲੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ। ਇਸੇ ਕਰਕੇ ਆਪ ਜੀ ਨੇ ਬਾਣੀ ਦੀਆਂ ਸੈਂਚੀਆਂ ਤਿਆਰ ਕਰਵਾਈਆਂ। ਇਹ ਕਾਰਜ ਅਤਿਅੰਤ ਮਹੱਤਵਪੂਰਨ ਸੀ। ਇਸ ਨੇ ਸੁੱਚ-ਸਿਧਾਂਤਾਂ ਨਾਲ ਭਰਪੂਰ ਗੁਰਮਤਿ ਵਿਚਾਰਧਾਰਾ ਦਾ ਠੁੱਕ ਬੰਨ੍ਹਿਆ। ਇਉਂ ਗੁਰਮਤਿ ਦਾ ਹੋਰ ਪ੍ਰਚਾਰ-ਪ੍ਰਸਾਰ ਸੰਭਵ ਹੋਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ ਜਿਨ੍ਹਾਂ ਨੇ ਸ਼ਬਦ ਦੀ ਯੁਗਾਂਤਰੀ ਹਸਤੀ ਦੀ ਪਛਾਣ ਕੀਤੀ ਤੇ ਫਿਰ ਉਸ ਨੂੰ ਅੰਗੀਕਾਰ ਕਰਕੇ ਅਦੁੱਤੀ ਅਰਥ ਲੋਕਾਈ ਨੂੰ ਦਿੱਤੇ। ਗੁਰੂ ਪਾਤਸ਼ਾਹ ਜੀ ਨੇ 'ਸ਼ਬਦ' ਦੇ ਪੁਰਾਣੇ ਪ੍ਰਚਲਤ ਸੀਮਤ ਅਰਥ ਬਦਲ ਕੇ ਰੱਖ ਦਿੱਤੇ ਤੇ ਨਵੇਂ ਅਰਥਾਂ 'ਚ ਸੁਸ਼ੋਭਤ ਕੀਤਾ ਗਿਆ। ਸ਼ਬਦ ਸਮਾਂ ਆਉਣ 'ਤੇ ਗੁਰੂ ਰੂਪ ਧਾਰਨ ਕਰ ਗਿਆ। ਸ੍ਰੀ ਗੁਰੂ ਅੰਗਦ ਦੇਵ

SikhBookClub.com

ਜੀ ਨੇ ਸ਼ਬਦ ਦੇ ਪ੍ਰਵਾਹ ਨੂੰ ਚਲਾਈ ਰੱਖਦਿਆਂ ਬਾਣੀ ਉਚਾਰਨ ਵੀ ਕੀਤੀ। ਇਸ ਪਾਵਨ ਤੇ ਮਨੋਹਰ ਬਾਣੀ ਵਿਚ ਗੁਰੂ-ਮਹਿਮਾ ਦਾ ਗਾਇਨ ਬੜਾ ਹੀ ਮਿੱਠਤ ਭਰਿਆ ਹੈ। ਇਕ ਉਦਾਹਰਣ ਵੇਖੀਏ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਪੰਨਾ ੪੬੩)

ਅਰਥਾਤ ਬੇਸ਼ੱਕ ਦੁਨੀਆਂ ਲਈ ਚਾਨਣ ਦੇ ਸ੍ਰੋਤ ਕਈ ਚੰਦਰਮਾ ਤੇ ਸੂਰਜ ਹਨ। ਜੇ ਇਨ੍ਹਾਂ ਵਿਚ ਬੇਓੜਕਾ ਵਾਧਾ ਹੋ ਜਾਵੇ ਤਾਂ ਵੀ ਰੂਹਾਨੀ ਚਾਨਣ ਦਾ ਗਹਿਰ ਗੰਭੀਰ ਅਰਥ ਕਾਇਮ ਰਹਿੰਦਾ ਹੈ ਜਿਹੜਾ ਸਿਰਫ਼ ਤੇ ਸਿਰਫ਼ ਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ ਤੇ ਜਿਸ ਬ਼ਗ਼ੈਰ ਇਸ ਸੰਸਾਰ ਵਿਚ ਹਨ੍ਹੇਰਾ ਹੀ ਰਹਿੰਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਉਚਾਰੀ ਬਾਣੀ ਵਿਚ ਗੁਰੂ ਮਹਿਮਾ ਦਾ ਬਖਾਨ, ਕਈ ਪਹਿਲੂਆਂ ਤੋਂ ਹੋਇਆ ਹੈ। ਆਪ ਜੀ ਮਨ ਨੂੰ ਇਕ ਕੋਠਾ ਤੇ ਤਨ ਨੂੰ ਇਕ ਛੱਤ ਕਹਿ ਕੇ ਨਿਵਾਜਦੇ ਹਨ। ਇਸ ਕੋਠੇ ਨੂੰ ਨਿਵਲ (ਜਿੰਦਰਾ) ਵੱਜਾ ਹੋਇਆ ਹੈ ਤੇ ਇਸ ਦੀ ਚਾਬੀ ਗੁਰੂ ਦੇ ਕੋਲ ਹੈ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਮਨੁੱਖੀ ਤਨ ਉਹ ਜ਼ਰਖੇਜ਼ ਜ਼ਮੀਨ ਹੈ ਜਿਸ ਵਿਚ ਮਨੋ-ਵਿਕਾਸ ਦਾ ਪੌਦਾ ਚੰਗੇਰਾ ਪਲਦਾ ਤੇ ਮੌਲਦਾ ਹੈ। ਗੁਰੂ ਜੀ ਪ੍ਰਪੱਕਤਾ ਨਾਲ ਮਹਿਸੂਸ ਕਰਦੇ ਸਨ ਕਿ ਮਨ ਤੇ ਆਤਮਾ ਦੇ ਵਿਕਾਸ ਦੀ ਮੰਜ਼ਿਲ ਨੂੰ ਤਨ ਦੀ ਅਰੋਗਤਾ ਤੇ ਨਿੱਗਰਤਾ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਨੇ ਇਸ ਪੱਖ ਵੱਲ ਤਵੱਜੋਂ ਦੇਣ ਦੀ ਦਇਆ ਦ੍ਰਿਸ਼ਟੀ ਵੀ ਕੀਤੀ। ਅਖਾੜਿਆਂ ਦੇ ਰੋਜ਼ਾਨਾ ਵਿਹਾਰ ਵਿਚ ਪਹਿਲਾਂ ਸਮੁੱਚੇ ਅਖਾੜੇ ਨੂੰ ਕਹੀਆਂ ਨਾਲ ਵਾਰ-ਵਾਰ ਗੋਡਿਆ ਜਾਂਦਾ ਹੈ ਤਾਂ ਕਿ ਮਿੱਟੀ ਪੋਲੀ ਤੇ ਭੁਰਭੁਰੀ ਹੋ ਜਾਵੇ, ਢੀਮਾਂ-ਢੇਲੇ ਨਾ ਰਹਿਣ, ਘੁਲਾਟੀਆਂ ਦੇ ਸਰੀਰਾਂ ਨੂੰ ਸੱਟ-ਫੇਟ ਨਾ ਲੱਗੇ। ਪਹਿਲੀ ਗੱਲ ਅਖਾੜੇ ਨੂੰ ਵਾਰ-ਵਾਰ ਗੋਡਣਾ ਹੀ ਮੱਲਾਂ ਦੇ ਮੁੜ੍ਹਕੇ ਚੁਆ ਦਿੰਦਾ ਹੈ। ਫਿਰ ਆਰੰਭ ਹੁੰਦੀ ਹੈ ਕੁਸ਼ਤੀ। ਦੂਜੇ ਸ਼ਬਦਾਂ ਵਿਚ ਸ਼ੁਰੂ ਹੁੰਦਾ ਹੈ ਅਭਿਆਸ ਤੇ ਮਿਹਨਤਾਂ ਦਾ ਸਿਲਸਿਲਾ। ਫਿਰ ਇਸ 'ਚ ਦਾਅ-ਪੇਚ ਵੀ ਸਿੱਖੇ/ਸਿਖਾਏ ਜਾਂਦੇ ਹਨ। ਦਾਅ-ਪੇਚ ਕਿਸੇ ਨਾਲ ਜੀਵਨ ਖੇਤਰ 'ਚ ਚਲਾਕੀਆਂ ਵਰਤਣ ਤੇ ਨੁਕਸਾਨ ਪਹੁੰਚਾਣ ਦੇ ਉਦੇਸ਼ ਦੀ ਪੂਰਤੀ ਨਹੀਂ ਕਰਦੇ ਪਰ ਹਰ ਇਨਸਾਨ ਨੂੰ ਜੀਵਨ-ਖੇਤਰ 'ਚ ਵਿਚਰਦਿਆਂ ਆਪਣੇ ਬਚਾਅ ਲਈ ਅਤੇ ਚੁਸਤ-ਦਰੁੱਸਤ ਰਹਿਣ ਲਈ ਇਨ੍ਹਾਂ ਦਾ ਮਹੱਤਵ ਹੋਣ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਅਖਾੜੇ 'ਚ ਉਤਰ ਕੇ ਮੱਲ ਸ਼ਕਤੀ ਸੰਚਾਰ ਵਾਸਤੇ ਬੈਠਕਾਂ ਕੱਢਦੇ ਤੇ ਡੰਡ ਪੇਲਦੇ ਹਨ। ਹਰੇਕ ਮਨੁੱਖ ਨੂੰ ਜੀਵਨ ਦੀ ਕੁਸ਼ਤੀ ਵਧੀਆ ਤਰ੍ਹਾਂ ਲੜਨ ਵਾਸਤੇ ਇਹ ਇਕ ਅਤਿਅੰਤ ਕਾਰਆਮਦ ਸਿਖਲਾਈ ਹੈ। ਸਰੀਰ ਨੂੰ ਕਮਾਉਣ ਦੇ ਨਾਲ ਮਨ ਕਈ ਪ੍ਰਕਾਰ ਦੇ ਵਿਕਾਰਾਂ ਤੋਂ ਵੀ ਬਚਦਾ ਹੈ।

ਜਦੋਂ ਗੁਰਬਾਣੀ ਦੁਆਰਾ ਸਿਧਾਏ ਮਨ ਅਤੇ ਕਠੋਰ ਮਿਹਨਤਾਂ ਦੁਆਰਾ ਕਮਾਏ ਤਨ ਦਾ

SikhBookClub.com

ਸੁਮੇਲ ਹੁੰਦਾ ਹੈ ਤਾਂ ਮਨੁੱਖ ਸਮੁੱਚੇ ਜੀਵਨ ਵਿਕਾਸ ਦੀਆਂ ਮੰਜ਼ਿਲਾਂ ਸਰ ਕਰਦਾ ਚਲਾ ਜਾਂਦਾ ਹੈ। ਤਨ ਵਿਚਲੇ ਵਿਗਾੜ ਸਰੀਰਕ ਮਿਹਨਤ ਨਾਲ ਦੂਰ ਹੋ ਜਾਂਦੇ ਹਨ ਅਤੇ ਮਨ ਦੇ ਵਿਕਾਰਾਂ ਨੂੰ ਗੁਰ-ਸ਼ਬਦ ਅਭਿਆਸ ਦੂਰ ਕਰਦਾ ਹੈ। ਇਉਂ ਗੁਰਸਿੱਖੀ ਦੀ ਜੀਵਨ-ਲੀਹ ਨਿੱਖਰ ਕੇ ਸਾਹਮਣੇ ਆਉਂਦੀ ਹੈ। ਇਸੇ ਲੀਹ 'ਤੇ ਚੱਲਦਿਆਂ ਮਗਰੋਂ ਸੰਤ-ਸਿਪਾਹੀ ਹੋਣ ਦਾ ਵਿਲੱਖਣ-ਅਦੁੱਤੀ ਸੰਕਲਪ ਵਿਕਸਤ ਹੁੰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਮਗਰੋਂ ਸਮਾਂ ਪਾ ਕੇ ਇਸ ਸੰਕਲਪ ਨਾਲ ਜੋ ਸੰਤ-ਸਿਪਾਹੀਆਂ ਦੀ ਕੌਮ ਇਸ ਦੁਨੀਆਂ ਦੇ ਨਕਸ਼ੇ 'ਤੇ ਉਭਰ ਕੇ ਸਾਹਮਣੇ ਆਈ, ਉਸ ਦੀ ਜਾਗ ਦੂਸਰੇ ਗੁਰਦੇਵ ਜੀ ਦੁਆਰਾ ਲਾਈ ਗਈ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜਤ ਮਿਆਰੀ ਮਾਨਵੀ ਕਦਰਾਂ ਦੀ ਕੇਵਲ ਪਾਲਣਾ ਹੀ ਨਹੀਂ ਕੀਤੀ, ਸਗੋਂ ਆਪਣੇ ਨਿੱਗਰ ਯਤਨਾਂ ਨਾਲ ਇਨ੍ਹਾਂ ਦਾ ਹੋਰ ਵਿਸਥਾਰ ਵੀ ਕੀਤਾ। ਨਿਡਰਤਾ ਤੇ ਭਾਰੀ ਅਡੋਲਤਾ ਦਰਸਾਉਂਦਿਆਂ ਹਮਾਯੂੰ ਨੂੰ ਉਸ ਦੀ ਅਸਲ ਹਾਲਤ ਦਾ ਗਿਆਨ ਕਰਵਾਇਆ। ਚੇਤੇ ਰਹੇ ਕਿ ਹਮਾਯੂੰ ਸ਼ੇਰ ਸ਼ਾਹ ਸੂਰੀ ਕੋਲੋਂ ਹਾਰ ਖਾ ਕੇ ਆਇਆ ਸੀ। ਗਹਿਰੀ ਸੋਚ 'ਚ ਹੋਣ ਕਰਕੇ ਜਦੋਂ ਗੁਰੂ ਜੀ ਨੇ ਉਸ ਵੱਲ ਫ਼ੌਰੀ ਧਿਆਨ ਨਾ ਦਿੱਤਾ ਤਾਂ ਅਸੀਸ ਦੀ ਚਾਹ ਰੱਖ ਕੇ ਆਇਆ ਹਮਾਯੂੰ ਹੌਛੇ ਹਥਿਆਰਾਂ 'ਤੇ ਉਤਰ ਆਇਆ। ਉਸ ਨੇ ਤਲਵਾਰ ਮਿਆਨੋਂ ਕੱਢ ਲਈ। ਗੁਰੂ ਜੀ ਨੇ ਉਸ ਨੂੰ ਸਮੇਂ ਅਨੁਸਾਰੀ ਠੋਕਵਾਂ ਉੱਤਰ ਦਿੱਤਾ ਕਿ ਇਹ ਤਲਵਾਰ ਜਿਥੇ ਚੱਲਣੀ ਸੀ ਉਥੇ ਤਾਂ ਚੱਲ ਨਹੀਂ ਸਕੀ ਤੇ ਹੁਣ ਫਕੀਰਾਂ 'ਤੇ ਚੱਲਣ ਲਈ ਤਿਆਰ ਪਈ ਹੁੰਦੀ ਹੈ? ਹਮਾਯੂੰ ਸ਼ਰਮਸਾਰ ਹੋਇਆ। ਉਸ ਨੇ ਗ਼ਲਤੀ ਨੂੰ ਮੰਨਿਆ ਤੇ ਸੁਧਾਰ ਕੀਤਾ। ਇੰਜ ਗੁਰਦੇਵ ਜੀ ਨੇ ਸਦੀਆਂ ਲਈ ਸੰਗਤਾਂ ਵਿਚ ਬੁਲੰਦੀਆਂ ਵਾਲੇ ਆਚਰਨ ਦੇ ਨਿਰਮਾਣ ਦੀ ਰੂਹ ਰਵਾਂ ਕਰ ਦਿੱਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਹੋਰ ਸਦੀਵੀ ਪਰਉਪਕਾਰ ਹੈ ਕਿ ਗੁਰਮੁਖੀ ਲਿੱਪੀ ਨੂੰ ਸੁਨਿਯੋਜਤ ਕਰਨਾ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਨੂੰ 'ਗੁਰਮੁਖੀ' ਨਾਮਕਰਣ ਦੀ ਪ੍ਰਾਪਤੀ ਵੀ ਆਪ ਜੀ ਵਲੋਂ ਹੀ ਹੋਈ। ਲਿੱਪੀ ਪ੍ਰਚਲਤ ਹੋਣ ਨਾਲ, ਜੋ ਮੁੱਖ ਤੌਰ 'ਤੇ ਗੁਰਦੇਵ ਜੀ ਦਾ ਹੀ ਉੱਦਮ ਉਪਰਾਲਾ ਸੀ, ਇਸ 'ਚ ਬਹੁਤ ਸਾਰਾ ਮਹੱਤਵਪੂਰਨ ਕਾਰਜ ਹੋਣ ਲੱਗਾ। ਇਹ ਯਾਦ ਰਹੇ ਕਿ ਉਸ ਵੇਲੇ ਤਕ ਧਾਰਮਕ ਸਾਹਿਤ ਸੰਸਕ੍ਰਿਤ ਭਾਸ਼ਾ 'ਚ ਹੀ ਰਚਿਆ ਜਾਣ ਦਾ ਰੁਝਾਨ ਸੀ ਜੋ ਆਮ ਲੋਕਾਂ ਤਕ ਘੱਟ ਹੀ ਅਪੜਦਾ ਸੀ। ਸੋ ਗੁਰਮੁਖੀ ਲਿੱਪੀ ਪ੍ਰਚਲਤ ਹੋਣ ਨਾਲ ਪਾਵਨ ਗੁਰਬਾਣੀ ਦਾ ਆਮ ਸਾਧਾਰਨ ਲੋਕਾਂ ਤਕ ਪਹੁੰਚਣ ਦਾ ਰਾਹ ਸਾਵਾਂ-ਪੱਧਰਾ ਹੋਇਆ।

ਇਉਂ ਇਕ ਸੇਵਾ ਸਾਧਨਾਮਈ ਤੇ ਸਮਰਪਣ ਵਾਲੀ ਜੀਵਨ-ਸ਼ੈਲੀ ਦਾ ਨਿਰਮਾਣ ਹੋਇਆ। ਉਦਾਸੀਨਾਂ ਦੀਆਂ ਦੰਭੀ ਲੀਹਾਂ ਰੱਦ ਹੋਈਆਂ। ਪ੍ਰਥਮ ਗੁਰੂ-ਜੋਤ ਦੁਆਰਾ ਸਿਰਜਿਤ ਨਵ-ਨਵੇਲੀਆਂ ਪ੍ਰਵਿਰਤੀਆਂ ਨੂੰ ਹੋਰ ਮਜ਼ਬੂਤੀ ਮਿਲੀ। ਉਨ੍ਹਾਂ ਵਿਚ ਸਮੇਂ ਅਨੁਸਾਰ ਨਵੇਂ ਰੁਝਾਨ ਮਿਲਾਏ ਗਏ ਤੇ ਇਉਂ ਉੱਤਮ ਤੇ ਉਪਯੋਗੀ ਕਰਮਕਾਰੀ ਗੁਰਮਤਿ ਗਾਡੀ ਰਾਹ ਹੋਰ ਵੀ ਰੌਸ਼ਨ ਹੋ ਗਈ।

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਅਤੇ ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਦੇ ਸਮੇਂ ਦੇਸ਼-ਵਿਦੇਸ਼ ਵਿਚ ਥਾਂ-ਥਾਂ ਜਾ ਕੇ ਲੋਕਾਂ ਨੂੰ ਪਿਆਰ ਅਤੇ ਅਮਨ ਦਾ ਸੁਨੇਹਾ ਦਿੱਤਾ। ਆਪ ਜੀ ਨੇ ਫੋਕੇ ਕਰਮਕਾਂਡਾਂ, ਰੀਤੀ-ਰਿਵਾਜਾਂ ਅਤੇ ਸਮਾਜ ਵਿਚ ਪਈਆਂ ਹੋਈਆਂ ਜਾਤ-ਪਾਤ ਦੀਆਂ ਵੰਡੀਆਂ ਦੀ ਕਰੜੀ ਆਲੋਚਨਾ ਕੀਤੀ। ਆਪ ਜੀ ਨੇ ਫ਼ਰਮਾਇਆ ਸੀ ਕਿ ਅਸੀਂ ਸਾਰੇ ਇਕ ਰੱਬ ਦੀ ਸੰਤਾਨ ਹਾਂ। ਸਾਰੇ ਇਨਸਾਨ ਬਰਾਬਰ ਹਨ। ਕੋਈ ਵੀ ਮਨੁੱਖ ਜਾਤ, ਜਨਮ ਜਾਂ ਰੰਗ ਕਰਕੇ ਨੀਵਾਂ ਜਾਂ ਸ੍ਰੇਸ਼ਟ ਨਹੀਂ ਹੋ ਸਕਦਾ। ਇਨਸਾਨ ਦੀ ਵਡਿਆਈ ਤਾਂ ਉਸ ਦੇ ਸ਼ੁਭ ਗੁਣਾਂ ਅਤੇ ਚੰਗੇ ਕਰਮਾਂ ਉੱਤੇ ਨਿਰਭਰ ਕਰਦੀ ਹੈ। ਆਪ ਜੀ ਨੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਉੱਤੇ ਜ਼ੋਰ ਦਿੱਤਾ। ਆਪ 1539 ਈਸਵੀ ਵਿਚ ਭਾਈ ਲਹਿਣਾ ਜੀ ਅਰਥਾਤ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਕੇ ਕਰਤਾਰਪੁਰ (ਅਜੋਕੇ ਪਾਕਿਸਤਾਨ) ਵਿਖੇ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿੱਤੇ ਜਾਣ ਦੀ ਅਦੁੱਤੀ ਘਟਨਾ ਨੂੰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕ੍ਰਿਤਿ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥

(ਪੰਨਾ ੯੬੬)

ਭਾਈ ਗੁਰਦਾਸ ਜੀ ਪਹਿਲੀ ਵਾਰ ਦੀ 45ਵੀਂ ਪਉੜੀ ਵਿਚ ਲਿਖਦੇ ਹਨ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ 1539 ਤੋਂ ਲੈ ਕੇ 1552 ਤਕ ਸਿੱਖ ਧਰਮ ਅਤੇ ਸਿੱਖ ਭਾਈਚਾਰੇ ਦੀ ਅਗਵਾਈ ਕੀਤੀ। ਆਪ ਜੀ ਦਾ ਗੁਰੂ-ਕਾਲ ਦਾ ਸਮਾਂ ਸਿੱਖ ਇਤਿਹਾਸ ਲਈ ਵੱਡੀਆਂ ਪ੍ਰਾਪਤੀਆਂ ਦਾ ਸਮਾਂ ਹੈ, ਜਿਸ ਦੀ ਅਮਰ ਛਾਪ ਅੱਜ ਵੀ ਵੇਖੀ ਅਤੇ ਮਹਿਸੂਸ ਕੀਤੀ ਜਾ ਸਕਦੀ ਹੈ। ਆਪ ਜੀ ਨੇ ਨਾ ਸਿਰਫ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਿਚਾਰਧਾਰਾ

SikhBookClub.com

ਨੂੰ ਹੀ ਪ੍ਰਚਾਰਨ ਦਾ ਯਤਨ ਕੀਤਾ ਸਗੋਂ ਉਨ੍ਹਾਂ ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਨੂੰ ਵੀ ਮਜਬੂਤ ਕੀਤਾ, ਜਿਨ੍ਹਾਂ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਰੱਖ ਕੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਸੰਭਾਲਿਆ। ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੰਗਤ, ਪੰਗਤ ਅਤੇ ਕੀਰਤਨ ਦੀ ਮਰਯਾਦਾ ਨੂੰ ਮਜਬੂਤ ਕੀਤਾ ਅਤੇ ਸਿੱਖਾਂ ਨੂੰ ਇਕ ਸੁਤੰਤਰ ਹੋਂਦ ਪ੍ਰਦਾਨ ਕੀਤੀ ਜਿਸ ਕਾਰਨ ਇਹ ਧਰਮ ਆਪਣੇ ਪੱਕੇ ਪੈਰਾਂ 'ਤੇ ਖੜਾ ਹੋ ਗਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ 31 ਮਾਰਚ 1504 ਈ. (1561 ਬਿਕ੍ਰਮੀ) ਨੂੰ ਮਾਤਾ ਦਇਆ ਕੌਰ ਅਤੇ ਬਾਬਾ ਫੇਰੂ ਮੱਲ ਜੀ ਦੇ ਗ੍ਰਹਿ ਵਿਖੇ ਮੱਤੇ ਦੀ ਸਰਾਂ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਹੋਇਆ ਸੀ। ਇਨ੍ਹਾਂ ਦੇ ਵਡੇਰੇ ਪਿੰਡ ਮੰਗੋਵਾਲ, ਜ਼ਿਲ੍ਹਾ ਗੁਜਰਾਤ (ਅਜੋਕੇ ਪਾਕਿਸਤਾਨ) ਦੇ ਰਹਿਣ ਵਾਲੇ ਸਨ। ਬਾਬਾ ਫੇਰੂ ਮੱਲ ਜੀ ਦੁਕਾਨਦਾਰੀ ਦਾ ਕੰਮ ਕਰਦੇ ਸਨ। ਆਪ ਪਿੰਡ ਦੇ ਚੌਧਰੀ ਤਖ਼ਤਮੱਲ ਅਤੇ ਫਿਰੋਜ਼ਪੁਰ ਦੇ ਸਥਾਨਕ ਪਠਾਣ ਹਾਕਮ ਦਾ ਹਿਸਾਬ-ਕਿਤਾਬ ਵੀ ਸੰਭਾਲਦੇ ਸਨ ਪਰ 1519 ਮਗਰੋਂ ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਇਨ੍ਹਾਂ ਦਾ ਪਿੰਡ, ਮੱਤੇ ਦੀ ਸਰਾਂ (ਮਗਰੋਂ ਸਰਾਏ ਨਾਗਾ) ਉਜਾੜ ਦਿੱਤਾ ਗਿਆ। ਬਾਬਾ ਫੇਰੂ ਮੱਲ ਜੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਪਹਿਲਾਂ ਹਰੀਕੇ ਪੱਤਣ, ਫਿਰ ਪਿੰਡ ਸੰਘਰ ਤੇ ਫਿਰ ਖਡੂਰ ਆ ਕੇ ਵੱਸ ਗਏ।

ਇਕ ਦਿਨ ਭਾਈ ਲਹਿਣਾ ਜੀ ਨੇ ਪਿੰਡ ਦੇ ਇਕ ਗੁਰਸਿੱਖ ਭਾਈ ਜੋਧਾ ਜੀ ਕੋਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ ਤਾਂ ਮਨ ਵਿਚ ਉਨ੍ਹਾਂ ਨੂੰ ਮਿਲਣ ਦੀ ਤਾਂਘ ਪੈਦਾ ਹੋਈ। 1532 ਈ. ਵਿਚ ਜਦੋਂ ਭਾਈ ਲਹਿਣਾ ਜੀ ਦੇਵੀ-ਭਗਤਾਂ ਦੇ ਜਥੇ ਨਾਲ ਦੇਵੀ ਦੇ ਦਰਸ਼ਨਾਂ ਲਈ ਜਾ ਰਹੇ ਸਨ ਤਾਂ ਕਰਤਾਰਪੁਰ ਦੇ ਸਥਾਨ 'ਤੇ ਉਨ੍ਹਾਂ ਦੀ ਮੁਲਾਕਾਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਈ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪ ਜੀ ਨੇ ਜਥੇ ਦੇ ਨਾਲ ਅੱਗੇ ਜਾਣ ਦਾ ਵਿਚਾਰ ਹੀ ਛੱਡ ਦਿੱਤਾ। ਆਪ ਜੀ ਨੇ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਕਿ ਹੁਣ ਉਨ੍ਹਾਂ ਨੂੰ ਕਿਤੇ ਹੋਰ ਜਾਣ ਦੀ ਲੋੜ ਨਹੀਂ, ਉਨ੍ਹਾਂ ਨੂੰ ਜਿਸ ਸੱਚੇ ਗੁਰੂ ਦੀ ਤਲਾਸ਼ ਸੀ, ਉਹ ਮਿਲ ਗਿਆ ਹੈ। ਬੰਸਾਵਲੀਨਾਮਾ ਦਾ ਕਰਤਾ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:

ਮਨੁ ਪ੍ਰਸੰਨੁ ਪੇਖਤ ਹੀ ਹੂਆ। ਮਿਟਿ ਗਿਆ ਭ੍ਰਮ ਤਮ ਕਾ ਕੂਆ।
ਪ੍ਰਾਤੇ ਸਾਥੁ ਭਇਆ ਤਯਾਰੁ। ਇਹ ਆਏ ਦਰਸਨ ਕਉ 'ਗੁਰ ਨਾਨਕ' ਦੇ ਦੁਆਰਿ।...
ਸਾਥੀ ਕਹਿਣ : 'ਚਲ ਦੇਵੀ ਦੁਆਰੇ'।
ਇਨ ਕਹਿਆ : 'ਕਾਰਜ ਰਾਸ ਹੂਏ ਹਮਾਰੇ॥'

ਭਾਈ ਲਹਿਣਾ ਜੀ ਸੱਤ ਸਾਲ (ਸੰਨ 1532-1539) ਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਰਹੇ। ਆਪ ਜੀ ਨੇ ਪੂਰਨ ਸਮਰਪਣ ਅਤੇ ਨਿਸ਼ਕਾਮ ਭਾਵਨਾ ਨਾਲ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤਾਂ ਦੀ ਅਜਿਹੀ ਸੇਵਾ ਕੀਤੀ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹੋ ਗਏ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤਿ ਭਾਈ ਲਹਿਣਾ ਜੀ ਵਿਚ ਟਿਕਾ ਕੇ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਆਪਣੀ

SikhBookClub.com

ਥਾਂ 'ਤੇ ਸਥਾਪਿਤ ਕਰ ਦਿੱਤਾ। ਭਾਈ ਗੁਰਦਾਸ ਜੀ ਲਿਖਦੇ ਹਨ:

ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ॥

(ਵਾਰ ੨੪/੮)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਚੋਣ ਸਿੱਖ ਧਰਮ ਦੇ ਵਿਕਾਸ ਅਤੇ ਇਤਿਹਾਸ ਵਿਚ ਇਕ ਮਹੱਤਵਪੂਰਨ ਕਦਮ ਸਾਬਤ ਹੋਈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਗੁਰੂ ਪਦਵੀ ਨੂੰ ਸਰੀਰਕ ਗੁਰਤਾ ਨਾਲੋਂ ਤੋੜ ਕੇ ਜੋਤਿ ਨਾਲ ਜੋੜ ਦਿੱਤਾ ਤੇ ਇਹੀ ਜੋਤਿ ਦਸਵੇਂ ਜਾਮੇ ਤੋਂ ਬਾਅਦ ਸ਼ਬਦ-ਗੁਰੂ-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਈ। ਇਕ ਇਤਿਹਾਸਕਾਰ ਡਾ. ਏ. ਸੀ. ਬੈਨਰਜੀ, ਗੁਰੂ ਨਾਨਕ ਦੇਵ ਜੀ ਦੇ ਇਸ ਕਦਮ ਦੀ ਸ਼ਲਾਘਾ ਕਰਦਾ ਹੋਇਆ ਲਿਖਦਾ ਹੈ: By nominating Angad as his successor, (Guru Nanak) established a precedent and initiated a tradition which moulded the Sikhs into an integrated community under uninterrupted spiritual leadership as nothing else have done.

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਥਾਂ ਖਡੂਰ ਸਾਹਿਬ ਨੂੰ ਸਿੱਖੀ-ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਇਹ ਨਗਰ ਦਰਿਆ ਬਿਆਸਾ ਤੋਂ ਪੰਜ ਕਿਲੋਮੀਟਰ ਦੂਰ ਹੈ। ਭਾਈ ਸਤਾ ਜੀ ਤੇ ਭਾਈ ਬਲਵੰਡ ਜੀ ਰਾਮਕਲੀ ਕੀ ਵਾਰ ਵਿਚ ਇਸ ਗੱਲ ਦਾ ਜ਼ਿਕਰ ਕਰਦੇ ਫ਼ੁਰਮਾਉਂਦੇ ਹਨ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ॥

(ਪੰਨਾ ੯੬੭)

ਖਡੂਰ ਸਾਹਿਬ ਰਹਿੰਦਿਆਂ ਆਪ ਨਿਤਾਪ੍ਰਤੀ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਦਾ ਉਪਦੇਸ਼ ਦਿੰਦੇ, ਸ਼ਬਦ ਦੀ ਵਿਆਖਿਆ ਕਰਦੇ ਅਤੇ ਅਮਲੀ ਜੀਵਨ ਵਿਚ ਚੰਗੇ ਅਤੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੇ। ਖਡੂਰ ਸਾਹਿਬ ਵਿਖੇ ਆਈਆਂ ਸੰਗਤਾਂ ਦੀ ਦੇਖ-ਭਾਲ ਅਤੇ ਉਨ੍ਹਾਂ ਦੇ ਸੁਖ-ਆਰਾਮ ਦਾ ਧਿਆਨ ਉਨ੍ਹਾਂ ਦੀ ਧਰਮ ਸੁਪਤਨੀ (ਮਾਤਾ) ਖੀਵੀ ਜੀ ਰੱਖਦੇ। ਮਾਤਾ ਜੀ ਬੜੇ ਨਿੱਘੇ ਅਤੇ ਮਿੱਠੇ ਸੁਭਾਅ ਦੇ ਸਨ। ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਆਪ ਜੀ ਦੀ ਤੁਲਨਾ ਬਹੁਤੇ ਪੱਤਰਾਂ ਵਾਲੇ ਛਾਂ ਦਾਰ ਰੁੱਖ ਨਾਲ ਕੀਤੀ ਹੈ, ਜਿਸ ਥੱਲੇ ਬੈਠ ਕੇ ਹਰ ਇਕ ਨੂੰ ਸੁਖ ਅਤੇ ਆਰਾਮ ਮਿਲਦਾ ਹੈ। ਮਾਤਾ ਖੀਵੀ ਜੀ ਦੁਆਰਾ ਚਲਾਏ ਜਾ ਰਹੇ ਲੰਗਰ ਦੀ ਵੀ ਉਨ੍ਹਾਂ ਨੇ ਬੜੀ ਪ੍ਰਸ਼ੰਸਾ ਕੀਤੀ ਹੈ। ਗੁਰੂ-ਘਰ ਦੇ ਇਹ ਰਬਾਬੀ ਫ਼ੁਰਮਾਉਂਦੇ ਹਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

(ਪੰਨਾ ੯੬੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਨੂੰ ਸਮਾਜ ਵਿਚ ਸਨਮਾਨਜਨਕ ਸਥਾਨ ਦੇਣ

SikhBookClub.com

ਦੀ ਗੱਲ ਕੀਤੀ। ਮਾਤਾ ਖੀਵੀ ਜੀ ਨੇ ਆਪਣੀ ਸੇਵਾ ਅਤੇ ਕਿਰਦਾਰ ਰਾਹੀਂ ਸਿੱਖ ਸਮਾਜ ਵਿਚ ਇਸ ਸਤਿਕਾਰਤ ਸਥਾਨ ਦੀ ਪਹਿਲੀ ਉਦਾਹਰਣ ਪੇਸ਼ ਕੀਤੀ। ਸਿੱਖ ਧਰਮ ਦੇ ਵਿਕਾਸ ਦੇ ਮੁੱਢਲੇ ਦੌਰ ਵਿਚ ਆਪ ਜੀ ਦਾ ਵੱਡਾ ਯੋਗਦਾਨ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੋ ਪੁੱਤਰ, ਬਾਬਾ ਦਾਸੂ ਜੀ ਅਤੇ ਬਾਬਾ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਸਨ। ਮਾਤਾ ਖੀਵੀ ਜੀ ਅਤੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਅਤੇ ਸਿੱਖਿਆ ਦਾ ਗਹਿਰਾ ਪ੍ਰਭਾਵ ਬੱਚੀਆਂ ਦੇ ਜੀਵਨ 'ਤੇ ਪ੍ਰਤੱਖ ਸੀ। ਇਹ ਬੀਬੀ ਅਮਰੋ ਜੀ ਹੀ ਸਨ ਜਿਨ੍ਹਾਂ ਦੇ ਕੋਲੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਸੁਣ ਕੇ (ਗੁਰੂ) ਅਮਰਦਾਸ ਜੀ ਗੁਰੂ-ਘਰ ਨਾਲ ਜੁੜੇ ਸਨ ਤੇ ਫਿਰ ਆਪਣੀ ਸੇਵਾ, ਸਿਦਕ ਅਤੇ ਬੰਦਗੀ ਕਾਰਨ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹੋ ਗਏ ਸਨ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥

(ਪੰਨਾ ੯੬੮)

ਖਡੂਰ ਸਾਹਿਬ ਵਿਚ ਰਹਿੰਦਿਆਂ ਸਿੱਖੀ ਪ੍ਰਚਾਰ ਨੂੰ ਮੁੱਖ ਰੱਖ ਕੇ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੁਲਤਾਨਪੁਰ ਤਕ ਕਈ ਪਿੰਡਾਂ ਦਾ ਦੌਰਾ ਕੀਤਾ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਆਪ ਕੁਝ ਸਮਾਂ ਮਾਲਵੇ ਵਿਚ ਵੀ ਵਿਚਰਦੇ ਰਹੇ। ਆਪ ਜੀ ਲੋਕਾਂ ਨੂੰ ਉਪਦੇਸ਼ ਦਿੰਦੇ ਸਨ ਕਿ ਪਰਮਾਤਮਾ ਘਟਿ ਘਟਿ ਵਿਚ ਰਮਿਆ ਹੋਇਆ ਹੈ:

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥

(ਪੰਨਾ ੧੨੩੮)

ਉਸ ਅਕਾਲ ਪੁਰਖ ਦੀ ਮਿਹਰ ਦਾ ਪਾਤਰ ਬਣਨ ਲਈ ਆਤਮ-ਸਮਰਪਣ ਅਤੇ ਸੇਵਾ ਵਰਗੇ ਗੁਣਾਂ ਦਾ ਹੋਣਾ ਜ਼ਰੂਰੀ ਹੈ। ਆਪ ਜੀ ਦਾ ਫ਼ੁਰਮਾਨ ਹੈ:

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਪੰਨਾ ੪੭੪)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਾਤ-ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬੜਾ ਕੰਮ ਕੀਤਾ। ਬੱਚਿਆਂ ਲਈ ਗੁਰਮੁਖੀ ਅੱਖਰਾਂ ਵਿਚ ਬਾਲ-ਬੋਧ ਤਿਆਰ ਕਰਵਾਏ ਅਤੇ ਖਡੂਰ ਸਾਹਿਬ ਵਿਖੇ ਪੰਜਾਬੀ ਦੀ ਪਹਿਲੀ ਪਾਠਸ਼ਾਲਾ ਸਥਾਪਿਤ ਕੀਤੀ। ਆਪ ਦਿਨ ਦਾ ਬਹੁਤਾ ਸਮਾਂ ਬੱਚਿਆਂ ਨਾਲ ਬਿਤਾਇਆ ਕਰਦੇ ਸਨ। ਆਪ ਜੀ ਨੇ ਪ੍ਰਭੂ-ਭਗਤੀ ਅਤੇ ਸਿਮਰਨ ਦੇ ਨਾਲ-ਨਾਲ ਸਰੀਰਕ ਤੌਰ 'ਤੇ ਨਰੋਆ ਅਤੇ ਰਿਸ਼ਟ-ਪੁਸ਼ਟ ਰਹਿਣ ਲਈ ਮੱਲ ਅਖਾੜੇ ਦੀ ਵੀ ਸਥਾਪਨਾ ਕੀਤੀ। ਸਮਾਂ ਪਾ ਕੇ ਸਿੱਖ ਚੰਗੇ, ਸ਼ਾਹ ਸਵਾਰ, ਸ਼ਸਤਰਧਾਰੀ ਅਤੇ ਨਿਰਭੈ ਯੋਧੇ ਬਣ ਗਏ।

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਪਹਿਰ ਰਾਤ ਰਹਿੰਦੀ ਉਠਦੇ। ਦਰਿਆ ਬਿਆਸਾ ਦੇ ਠੰਡੇ ਤੇ ਨਿਰਮਲ ਜਲ ਨਾਲ ਇਸ਼ਨਾਨ ਕਰਦੇ ਤੇ ਫਿਰ ਪ੍ਰਭੂ-ਸਿਮਰਨ ਵਿਚ ਜੁੜ ਜਾਂਦੇ। ਇਸ ਮਗਰੋਂ ਆਪ ਸੰਗਤ ਵਿਚ ਆ ਕੇ ਆਸਾ ਕੀ ਵਾਰ ਦਾ ਕੀਰਤਨ ਸ੍ਰਵਨ ਕਰਦੇ ਤੇ ਆਈ ਹੋਈ ਸੰਗਤ ਨੂੰ ਗੁਰਸਿੱਖੀ ਦਾ ਉਪਦੇਸ਼ ਦਿੰਦੇ। ਦੀਵਾਨ ਦੀ ਸਮਾਪਤੀ ਮਗਰੋਂ ਆਪ ਸਰੀਰਕ ਤੇ ਮਾਨਸਕ ਤੌਰ 'ਤੇ ਰੋਗੀਆਂ ਦੀ ਦੇਖ-ਭਾਲ ਕਰਦੇ।

ਬੇਸ਼ਕ ਗੁਰੂ ਕੇ ਲੰਗਰ ਵਿਚ ਹਰ ਪ੍ਰਕਾਰ ਦੇ ਪਦਾਰਥ ਤਿਆਰ ਕੀਤੇ ਤੇ ਪੰਗਤ ਵਿਚ ਵਰਤਾਏ ਜਾਂਦੇ ਸਨ, ਪਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਪਣਾ ਭੋਜਨ ਅਤੇ ਪਹਿਰਾਵਾ ਬਹੁਤ ਸਾਦਾ ਹੋਇਆ ਕਰਦਾ ਸੀ। ਆਪ ਜੀ ਨੇ ਸੰਗਤ ਵੱਲੋਂ ਆਈ ਚੜ੍ਹਤ ਨੂੰ ਕਦੇ ਵੀ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਸੀ ਵਰਤਿਆ। ਸਗੋਂ ਆਪ ਜੀ ਆਪਣੇ ਘਰ ਦਾ ਖਰਚ ਮੁੰਞ ਦੀਆਂ ਰੱਸੀਆਂ ਵੱਟ ਕੇ ਅਤੇ ਹੱਥੀਂ ਕਿਰਤ ਕਰ ਕੇ ਚਲਾਇਆ ਕਰਦੇ ਸਨ। ਬੰਸਾਵਲੀਨਾਮਾ ਵਿਚ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:

ਵਾਣੁ ਵਟਿ ਕਰਨ ਗੁਜਰਾਨ।
ਬਿਨਾ ਕਿਰਤ ਆਪਣੀ ਧਾਨ ਬਿਗਾਨਾ ਨਾ ਖਾਣੁ।

ਇਸੇ ਸਬੰਧ ਵਿਚ ਡਾ. ਹਰੀ ਰਾਮ ਗੁਪਤਾ ਲਿਖਦੇ ਹਨ, 'Guru Angad did not live on the offerings of the Sikhs. He earned his living by twisting coarse grass (munj) into strings used for making a cot.' ਆਪ ਜੀ ਸੰਗਤ ਦੇ ਪੈਸੇ ਨੂੰ ਗੁਰੂ-ਘਰ ਦੀ ਅਮਾਨਤ ਸਮਝਦੇ ਸਨ ਤੇ ਉਸ ਪੈਸੇ ਨੂੰ ਲੰਗਰ ਅਤੇ ਸਿੱਖੀ ਦੇ ਪ੍ਰਚਾਰ ਦੇ ਵਾਧੇ ਲਈ ਹੀ ਵਰਤਦੇ ਸਨ।

1540 ਈ. ਵਿਚ ਮੁਗ਼ਲ ਬਾਦਸ਼ਾਹ ਹਮਾਯੂੰ ਸ਼ੇਰਸ਼ਾਹ ਸੂਰੀ ਕੋਲੋਂ ਚੌਸਾ ਅਤੇ ਕਨੌਜ ਦੀਆਂ ਲੜਾਈਆਂ ਵਿਚ ਹਾਰ ਜਾਣ ਮਗਰੋਂ ਲਾਹੌਰ ਜਾਂਦਾ ਹੋਇਆ ਖਡੂਰ ਸਾਹਿਬ ਰੁਕਿਆ। ਉਹ ਦਿੱਲੀ ਅਤੇ ਆਗਰੇ ਦਾ ਤਖ਼ਤ ਮੁੜ ਹਾਸਲ ਕਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਕੋਲੋਂ ਅਸ਼ੀਰਵਾਦ ਲੈਣ ਆਇਆ ਸੀ। ਗੁਰੂ ਜੀ ਉਸ ਸਮੇਂ ਬੱਚਿਆਂ ਨੂੰ ਪੜ੍ਹਾਉਣ ਵਿਚ ਰੁੱਝੇ ਹੋਏ ਸਨ। ਆਪ ਜੀ ਨੇ ਬਾਦਸ਼ਾਹ ਵੱਲ ਕੋਈ ਧਿਆਨ ਨਾ ਦਿੱਤਾ। ਹਮਾਯੂੰ ਨੇ ਗੁਰੂ ਜੀ ਨੂੰ ਸਜ਼ਾ ਦੇਣ ਲਈ ਮਿਆਨ 'ਚੋਂ ਤਲਵਾਰ ਕੱਢ ਲਈ। ਗੁਰੂ ਜੀ ਨੇ ਭਗੌੜੇ ਬਾਦਸ਼ਾਹ ਵੱਲ ਵੇਖਿਆ ਤੇ ਮੁਸਕਰਾ ਪਏ। ਉਨ੍ਹਾਂ ਬੜੇ ਨਿਡਰ ਸੁਰ ਵਿਚ ਕਿਹਾ, 'ਤੇਰੀ ਇਹ ਤਲਵਾਰ ਸ਼ੇਰਸ਼ਾਹ ਸਾਹਮਣੇ ਕਿੱਥੇ ਸੀ, ਜਿਸ ਕੋਲੋਂ ਭਾਂਜ ਖਾ ਕੇ ਤੂੰ ਇਧਰ ਭੱਜ ਆਇਆ ਹੈਂ, ਤੇ ਹੁਣ ਆਪਣੀ ਤਲਵਾਰ ਦਾ ਜ਼ੋਰ ਫਕੀਰਾਂ ਨੂੰ ਵਿਖਾਉਣਾ ਚਾਹੁੰਦਾ ਹੈਂ?' ਗੁਰੂ ਜੀ ਦੀ ਬੇਬਾਕ ਤੌਰ 'ਤੇ ਕਹੀ ਗੱਲ ਸੁਣ ਕੇ ਹਮਾਯੂੰ ਸ਼ਰਮਿੰਦਾ ਹੋ ਗਿਆ ਤੇ ਚਰਨਾਂ 'ਤੇ ਡਿੱਗ ਪਿਆ।

ਗੁਰੂ ਜੀ ਦਾ ਹਿਰਦਾ ਬੜਾ ਕੋਮਲ ਅਤੇ ਪਿਆਰ ਭਾਵਨਾ ਨਾਲ ਭਰਪੂਰ ਸੀ। ਆਪ ਬੜੀ ਬਲਵਾਨ ਅਤੇ ਵਸ਼ਿਸ਼ਟ ਪ੍ਰਤਿਭਾ ਦੇ ਮਾਲਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਉਣ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਿਚ ਰੰਗੇ ਜਾਣ ਮਗਰੋਂ ਆਪ ਜੀ ਦੀ ਪ੍ਰਤਿਭਾ ਪੂਰਨ ਖਿੜਾਉ ਵਿਚ ਆਪਣੀ ਸਿਖਰ 'ਤੇ ਪਹੁੰਚ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਭਾਵ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿੱਚੋਂ ਪ੍ਰਤੱਖ ਵੇਖਿਆ ਜਾ ਸਕਦਾ ਹੈ। ਆਪ ਜੀ

SikhBookClub.com

ਦੀ ਬਾਣੀ ਦਾਰਸ਼ਨਿਕ ਅਤੇ ਸਿਧਾਂਤਕ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਹੀ ਪ੍ਰਗਟਾਉ ਹੈ। ਆਪ ਜੀ ਦੀ ਬਾਣੀ ਵਿਚ ਗੁਰੂ-ਪ੍ਰੇਮ, ਗੁਰੂ-ਭਗਤੀ, ਪ੍ਰਭੂ-ਮਿਲਾਪ, ਪ੍ਰਭੂ-ਪ੍ਰਾਪਤੀ ਦੇ ਸਾਧਨ, ਆਤਮ-ਸਮਰਪਣ ਅਤੇ ਸ੍ਵੈ-ਪੜਤਾਲ ਵਰਗੇ ਵਿਸ਼ੇ ਪ੍ਰਧਾਨ ਹਨ। ਆਪ ਜੀ ਦੀ ਸਾਰੀ ਰਚਨਾ ਸਰਲ, ਸਪੱਸ਼ਟ ਅਤੇ ਸੁੰਦਰ ਪੰਜਾਬੀ ਵਿਚ ਲਿਖੀ ਹੋਈ ਹੈ। ਕਿਤੇ-ਕਿਤੇ ਆਪ ਜੀ ਦੀ ਬਾਣੀ ਵਿਚ ਸਮੇਂ, ਸਮਾਜ ਅਤੇ ਰਾਜਸੀ ਹਾਲਾਤ ਦੇ ਸੰਕੇਤ ਵੀ ਦਰਜ ਹਨ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੁ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥

(ਪੰਨਾ ੧੨੯੮)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਲੋਕਾਂ ਰਾਹੀਂ, ਪੰਜਾਬ ਦੀ ਲੋਕਧਾਰਾ ਦੇ ਪਿਛੋਕੜ ਅਤੇ ਪ੍ਰਚਲਤ ਅਖਾਣਾਂ ਤੇ ਮੁਹਾਵਰਿਆਂ ਰਾਹੀਂ ਜੀਵਨ ਦੀਆਂ ਅਟੱਲ ਸਚਾਈਆਂ ਨੂੰ ਰੂਪਮਾਨ ਕੀਤਾ ਹੈ:

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥
ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥
ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥

(ਪੰਨਾ ੧੪੭)

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਪ੍ਰਮੁੱਖ ਸਿੱਖਾਂ ਵਿੱਚੋਂ ਬਾਬਾ ਬੁੱਢਾ ਜੀ, ਭਾਈ ਸਤਾ ਜੀ, ਭਾਈ ਬਲਵੰਡ ਜੀ, ਭਾਈ ਮਰਦਾਨਾ ਜੀ ਦਾ ਸਪੁੱਤਰ ਭਾਈ ਸ਼ਾਹਜ਼ਾਦਾ ਜੀ, ਭਾਈ ਸਾਦੂ ਜੀ, ਭਾਈ ਬਾਦੂ ਜੀ, ਭਾਈ ਜੀਵਾ ਜੀ, ਭਾਈ ਗੁੱਜਰ ਜੀ, ਭਾਈ ਧਿੰਙ ਜੀ, ਭਾਈ ਪਾਰੋ ਜੁਲਕਾ ਜੀ, ਭਾਈ ਮੱਲੂ ਸ਼ਾਹ ਜੀ, ਭਾਈ ਕਿਦਾਰੀ ਜੀ, ਭਾਈ ਦੀਪਾ ਜੀ, ਭਾਈ ਨਰੈਣ ਦਾਸ ਜੀ, ਭਾਈ ਬੂਲਾ ਜੀ, ਭਾਈ ਲਾਲੂ ਜੀ, ਭਾਈ ਦੁਰਗਾ ਜੀਵੰਦਾ ਜੀ, ਭਾਈ ਜੱਗਾ ਧਰਣੀ ਜੀ, ਭਾਈ ਖਾਨੂ ਜੀ, ਭਾਈ ਮਾਹੀਆ ਜੀ, ਭਾਈ ਗੋਵਿੰਦ ਜੀ ਅਤੇ ਭਾਈ ਜੋਧ ਜੀ ਦਾ ਨਾਮ ਬੜੇ ਆਦਰ ਨਾਲ ਲਿਆ ਜਾ ਸਕਦਾ ਹੈ ਜਿਨ੍ਹਾਂ ਸਿੱਖੀ ਦੇ ਪ੍ਰਚਾਰ ਅਤੇ ਵਾਧੇ ਲਈ ਗੁਰੂ-ਘਰ ਦੀ ਬਹੁਤ ਸੇਵਾ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਅਤੇ ਲਿਪੀਬੱਧ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੱਲ ਪਹਿਲਾ ਵੱਡਾ ਕਦਮ ਚੁੱਕਿਆ, ਜਿਸ ਰਾਹੀਂ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਹੱਥੋਂ ਲੰਘਦੀ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪਹੁੰਚੀ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਸੁਨੇਹਾ ਸਾਰੀ ਮਾਨਵ-ਜਾਤੀ ਵਾਸਤੇ ਇੱਕੋ ਜਿਹਾ ਅਤੇ ਕਲਿਆਣਕਾਰੀ ਹੈ। ਰੱਬ ਦੀ ਬੰਦਗੀ ਅਤੇ ਪ੍ਰਭੂ-ਪ੍ਰੇਮ ਦੇ ਸਾਹਮਣੇ, ਦੁਨੀਆਂ ਦੇ ਪਦਾਰਥ ਅਤੇ ਵਡਿਆਈਆਂ ਦਾ ਕੋਈ ਮੁੱਲ ਨਹੀਂ। ਆਪ ਜੀ ਫ਼ੁਰਮਾਉਂਦੇ ਹਨ:

SikhBookClub.com

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥

(ਪੰਨਾ ੧੨੯੦)

ਆਪ ਜੀ ਨੂੰ ਰੱਬ ਦੇ ਪਿਤਾ-ਪਾਲਕ ਵਾਲੇ ਸੁਭਾਅ 'ਤੇ ਪੂਰਨ ਵਿਸ਼ਵਾਸ ਸੀ। ਇਨਸਾਨ ਤਾਂ ਐਵੇਂ ਪਦਾਰਥਾਂ ਦੀ ਅੰਨ੍ਹੀ ਦੌੜ ਵਿਚ ਭੱਜੀ ਫਿਰਦਾ ਹੈ। ਗੁਰੂ ਜੀ ਤਾਂ ਫ਼ੁਰਮਾਨ ਕਰਦੇ ਹਨ:

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥

(ਪੰਨਾ ੯੫੫)

ਜਿਨ੍ਹਾਂ ਨੇ ਆਪਣੇ ਮਨ ਵਿਚ ਪ੍ਰਭੂ ਨੂੰ ਵਸਾਇਆ ਹੈ ਅਤੇ ਸੱਚੇ ਮਨ ਨਾਲ ਉਸ ਦੀ ਸੇਵਾ ਵਿਚ ਲੱਗ ਗਏ ਹਨ, ਉਨ੍ਹਾਂ ਦੀਆਂ ਸਾਰੀਆਂ ਚਿੰਤਾਵਾਂ ਤੇ ਫ਼ਿਕਰ ਦੂਰ ਹੋ ਜਾਂਦੇ ਹਨ। ਉਨ੍ਹਾਂ ਦੇ ਘਰ ਸਦਾ ਹੀ ਬਸੰਤ ਵਰਗਾ ਖੇੜਾ ਤੇ ਖੁਸ਼ੀ ਬਣੀ ਰਹਿੰਦੀ ਹੈ:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥

(ਪੰਨਾ ੭੮੧)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤੇਰ੍ਹਾਂ ਸਾਲ ਤਕ ਗੁਰਿਆਈ ਦੀ ਜ਼ਿੰਮੇਵਾਰੀ ਨੂੰ ਬੜੀ ਸੰਜੀਦਗੀ ਅਤੇ ਸਫ਼ਲਤਾ ਨਾਲ ਨਿਭਾਇਆ। ਆਪ ਜੀ ਦਾ ਸਮਾਂ ਸਿੱਖ ਧਰਮ ਦੇ ਵਿਕਾਸ ਵਿਚ ਇਕ ਮਹੱਤਵਪੂਰਨ ਕੜੀ ਹੈ। 3 ਵੈਸਾਖ ਸੰਮਤ 1609 ਬਿਕ੍ਰਮੀ ਨੂੰ ਆਪ ਜੋਤੀ ਜੋਤਿ ਸਮਾ ਗਏ।

(4/2009)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਤੇ ਰਚਨਾ

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ (ਅਕਾਲ ਰੂਪ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਸਦਕਾ ਸੇਵਕ ਤੋਂ ਗੁਰੂ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਵਾਸਤਵ ਵਿਚ ਇਹ ਆਤਮਿਕ ਵਿਰਸਾ (spiritual succession) ਸੀ ਜਿਸ ਨੂੰ ਪ੍ਰਾਪਤ ਕਰ ਕੇ ਇਕ ਸੇਵਕ ਨੇ ਗੁਰੂ ਵਾਲਾ ਦਰਜਾ ਹਾਸਲ ਕਰ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੇਠ ਲਿਖੇ ਗੁਰ-ਸ਼ਬਦ ਭਾਈ ਲਹਿਣਾ ਜੀ ਵੱਲੋਂ ਆਪਣੇ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਘਾਲ-ਕਮਾਈ ਕਰਨ ਅਤੇ ਪ੍ਰਭੂ ਦੀ ਦਰਗਾਹ ਵਿਚ ਕਬੂਲ ਹੋ ਕੇ ਗੁਰਗੱਦੀ ਦੇ ਵਾਰਸ ਬਣਨ ਤਕ ਦੇ ਸਮੁੱਚੇ ਘਟਨਾ-ਕ੍ਰਮ ਨੂੰ ਬਾਖੂਬੀ ਦਰਸਾਉਂਦੇ ਹਨ:

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ॥

(ਪੰਨਾ ੪੭੧)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਕਰਦਿਆਂ ਭੱਟ ਬਾਣੀਕਾਰ ਕਹਿ ਉੱਠੇ ਸਨ ਕਿ ਹਰੀ-ਰੂਪ ਜਗਤ ਦੇ ਗੁਰੂ ਨੂੰ ਪਰਸ ਕੇ ਲਹਿਣਾ ਜੀ ਦੀ ਸ਼ੋਭਾ ਸਾਰੇ ਸੰਸਾਰ ਵਿਚ ਫੈਲ ਰਹੀ ਹੈ ਅਤੇ ਬਾਬਾ ਫੇਰੂ ਜੀ ਦੇ ਸਪੁੱਤਰ, ਲਹਿਣਾ ਜੀ ਜਗਤ ਦੇ ਗੁਰੂ ਬਣ ਕੇ ਰਾਜ ਜੋਗ ਮਾਣਦੇ ਹਨ:

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤੁ ਗੁਰੁ ਪਰਸਿ ਮੁਰਾਰਿ॥...
ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥

(ਪੰਨਾ ੧੩੯੧)

ਜੀਵਨ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਦਾ ਅਧਿਐਨ ਅਸੀਂ ਦੋ ਪੜਾਵਾਂ ਵਿਚ ਕਰਦੇ ਹਾਂ। ਪਹਿਲੇ ਪੜਾਅ ਵਿਚ ਜਨਮ, ਮਾਤਾ-ਪਿਤਾ, ਵਿਆਹ, ਔਲਾਦ, ਗੁਰੂ ਮਿਲਾਪ ਦੀ ਤਾਂਘ ਤੇ ਗੁਰੂ ਮਿਲਾਪ, ਗੁਰੂ ਸੇਵਾ ਤੇ ਪ੍ਰੀਖਿਆਵਾਂ ਅਤੇ ਗੁਰਿਆਈ ਦੀ ਪ੍ਰਾਪਤੀ ਅਤੇ ਦੂਸਰੇ ਪੜਾਅ ਵਿਚ ਗੁਰਗੱਦੀ ਪ੍ਰਾਪਤੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਸਿੱਖ ਧਰਮ ਦੇ ਵਿਕਾਸ ਵਿਚ ਪਾਏ ਗਏ ਯੋਗਦਾਨ ਦਾ ਸੰਖੇਪ ਵਰਣਨ ਕਰਨਾ ਹੈ।

SikhBookClub.com

ਪਹਿਲਾ ਪੜਾਅ:

ਆਪ ਜੀ ਦਾ ਪਹਿਲਾ ਨਾਂ ਭਾਈ ਲਹਿਣਾ ਜੀ ਸੀ। ਭਾਈ ਲਹਿਣਾ ਜੀ ਦਾ ਪ੍ਰਕਾਸ਼ ਮਾਤਾ ਦਇਆ ਕੌਰ (ਸਭਰਾਈ) ਜੀ ਦੀ ਕੁੱਖੋਂ, ਮੱਤੇ ਦੀ ਸਰਾਂ, ਜ਼ਿਲ੍ਹਾ ਫਿਰੋਜ਼ਪੁਰ ਬਾਬਾ ਫੇਰੂ ਜੀ ਦੇ ਗ੍ਰਿਹ ਵਿਖੇ, 5 ਵੈਸਾਖ ਸੰਮਤ ਨਾਨਕਸ਼ਾਹੀ 36 ਅਨੁਸਾਰ 31 ਮਾਰਚ, 1504 ਈ. ਨੂੰ ਹੋਇਆ।[1] ਆਪ ਜੀ ਦੇ ਮਾਤਾ ਜੀ ਧਾਰਮਿਕ ਵਿਚਾਰਾਂ ਵਾਲੇ ਸਨ। ਬਾਬਾ ਫੇਰੂ ਮੱਲ ਜੀ ਸਾਧਾਰਨ ਵਪਾਰੀ ਸਨ ਜੋ ਕਾਰ-ਵਿਹਾਰ ਵਿਚ ਸੁੱਚੇ ਵਤੀਰੇ ਤੇ ਨਿੱਘੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਧਾਰਮਿਕ ਰੁਚੀਆਂ ਵਾਲੇ ਹੋਣ ਕਰਕੇ ਹਰ ਸਾਲ ਦੇਵੀ-ਭਗਤਾਂ ਦਾ ਜਥਾ ਲੈ ਕੇ ਦੇਵੀ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ। ਮਾਤਾ-ਪਿਤਾ ਦੇ ਧਾਰਮਿਕ ਸੰਸਕਾਰਾਂ ਦਾ ਪ੍ਰਭਾਵ ਭਾਈ ਲਹਿਣਾ ਜੀ 'ਤੇ ਵੀ ਪਿਆ।

ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਬਾਬਰ ਦੇ ਹਮਲਿਆਂ ਸਮੇਂ ਮੱਤੇ ਦੀ ਸਰਾਂ ਦੇ ਉਜੜਨ ਕਰਕੇ ਆਪ ਦੇ ਪਿਤਾ ਜੀ ਪਰਿਵਾਰ ਸਮੇਤ ਆਪਣੀ ਧਰਮ ਭੈਣ ਬੀਬੀ ਵਿਰਾਈ (ਜਾਂ ਵਿਰਾਹੀ) ਜੀ ਦੇ ਪਿੰਡ ਖਡੂਰ ਆ ਟਿਕੇ। ਇੱਥੇ ਹੀ ਭਾਈ ਲਹਿਣਾ ਜੀ ਦਾ ਵਿਆਹ 1519 ਈ. ਵਿਚ ਸੰਘਰ ਪਿੰਡ ਦੇ ਵਸਨੀਕ ਸ੍ਰੀ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਬੀਬੀ ਖੀਵੀ ਜੀ ਦੀ ਪਾਵਨ ਕੁੱਖ ਤੋਂ ਦੋ ਪੁੱਤਰ- ਭਾਈ ਦਾਸੂ ਜੀ ਤੇ ਭਾਈ ਦਾਤੂ ਜੀ ਹੋਏ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਪੈਦਾ ਹੋਈਆਂ।

ਭਾਈ ਲਹਿਣਾ ਜੀ ਆਪਣੇ ਪਿਤਾ (ਬਾਬਾ ਫੇਰੂ ਮੱਲ ਜੀ) ਵਾਂਗ ਹਰ ਸਾਲ ਦੇਵੀ ਭਗਤਾਂ ਦੇ ਸੰਗ ਦੇ ਮੁਖੀ ਬਣ ਕੇ ਦੇਵੀ ਦਰਸ਼ਨਾਂ ਲਈ ਜਾਇਆ ਕਰਦੇ ਸਨ ਪਰ ਆਪ ਦਾ ਮਨ ਬਹੁਤ ਉਚਾਟ ਰਹਿੰਦਾ ਸੀ। ਇਸੇ ਦੌਰਾਨ ਇਕ ਦਿਨ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਭਾਈ ਜੋਧਾ ਜੀ ਤੋਂ ਗੁਰੂ ਜੀ ਦੀ ਬਾਣੀ ਸੁਣੀ ਤਾਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦੇ ਧੁਰ-ਅੰਦਰ ਧੂਹ ਜਹੀ ਪਈ, ਮਨ ਖੇੜੇ ਵਿਚ ਆ ਗਿਆ ਤੇ ਅਕਹਿ ਸ਼ਾਂਤੀ ਮਿਲੀ। ਭਾਈ ਜੋਧਾ ਜੀ ਨੂੰ ਪੁੱਛਣ 'ਤੇ ਪਤਾ ਲੱਗਾ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਜੋ ਕਰਤਾਰਪੁਰ ਵਿਖੇ ਨਿਵਾਸ ਕਰਦੇ ਹਨ ਅਤੇ ਲੋਕਾਂ ਨੂੰ ਸੱਚ ਦਾ ਰਸਤਾ ਵਿਖਾ ਰਹੇ ਹਨ। ਉਸੇ ਸਮੇਂ ਤੋਂ ਭਾਈ ਲਹਿਣਾ ਜੀ ਦੇ ਦਿਲ ਵਿਚ ਗੁਰੂ-ਦਰਸ਼ਨਾਂ ਲਈ ਤੀਬਰ ਤਾਂਘ ਪੈਦਾ ਹੋ ਗਈ।

ਉਸੇ ਸਾਲ ਦੇਵੀ ਦੀ ਯਾਤਰਾ ਲਈ ਜਾਂਦੇ ਹੋਏ ਕਰਤਾਰਪੁਰ ਪਹੁੰਚ ਗਏ। ਭਾਈ ਲਹਿਣਾ ਜੀ ਨੇ ਕਰਤਾਰਪੁਰ ਪਹੁੰਚ ਕੇ ਦੇਵੀ-ਭਗਤਾਂ ਦਾ ਡੇਰਾ ਬਾਹਰਵਾਰ ਲਵਾ ਦਿੱਤਾ ਤੇ ਆਪ ਘੋੜੀ 'ਤੇ ਸਵਾਰ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਤੁਰ ਪਏ। ਰਸਤੇ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਿਲੇ। ਉਨ੍ਹਾਂ ਤੋਂ ਗੁਰੂ ਜੀ ਦੇ ਨਿਵਾਸ ਬਾਰੇ ਪੁੱਛਿਆ। ਗੁਰੂ ਜੀ ਨੇ ਮੁਸਕਰਾ ਕੇ ਕਿਹਾ,"ਪੁਰਖਾ! ਮੇਰੇ ਮਗਰ-ਮਗਰ ਘੋੜੀ ਲਈ ਆ, ਮੈਂ ਵੀ ਉਧਰ ਹੀ ਜਾਣਾ ਹੈ।" ਧਰਮਸਾਲ ਪਹੁੰਚ ਕੇ ਭਾਈ ਲਹਿਣਾ ਜੀ ਨੂੰ ਆਖਿਆ, "ਘੋੜੀ ਕਿੱਲੇ ਨਾਲ ਬੰਨ੍ਹ ਕੇ ਇਸ ਦਰਵਾਜ਼ੇ ਰਾਹੀਂ ਅੰਦਰ ਲੰਘ ਆ।" ਇਹ ਕਹਿ ਕੇ ਗੁਰੂ ਜੀ ਦੂਜੇ ਦਰਵਾਜ਼ੇ ਰਾਹੀਂ ਅੰਦਰ ਆ ਕੇ ਆਸਣ 'ਤੇ ਬੈਠ ਗਏ। ਸ੍ਰੀ ਲਹਿਣਾ ਜੀ ਨੇ ਜਦੋਂ ਅੰਦਰ ਆ ਕੇ ਮੱਥਾ ਟੇਕ ਕੇ ਉਤਾਂਹ ਵੇਖਿਆ ਤਾਂ ਹੈਰਾਨ ਹੀ ਨਹੀਂ ਸ਼ਰਮਸਾਰ ਵੀ ਹੋ ਗਏ ਕਿ ਗੁਰੂ ਮੇਰੇ ਅੱਗੇ ਅੱਗੇ ਪੈਦਲ ਤੁਰ ਰਹੇ ਸਨ ਤੇ ਮੈਂ ਘੋੜੀ 'ਤੇ ਚੜ੍ਹਿਆ ਹੋਇਆ ਸੀ। ਇਸ ਭੁੱਲ ਲਈ ਭਾਈ ਲਹਿਣਾ ਜੀ ਨੇ ਗੁਰੂ ਜੀ ਤੋਂ ਮਾਫ਼ੀ ਮੰਗੀ ਪਰ

SikhBookClub.com

ਦਿਆਲਤਾ ਦੇ ਪੁੰਜ ਗੁਰੂ ਜੀ ਨੇ ਉਨ੍ਹਾਂ ਦੇ ਸਿਰ 'ਤੇ ਹੱਥ ਫੇਰਿਆ ਤੇ ਦਿਲਾਸਾ ਦਿੱਤਾ।

ਗੁਰੂ ਜੀ ਦੇ ਦਰਸ਼ਨ ਕਰ ਕੇ ਤੇ ਸੁੰਦਰ ਉਪਦੇਸ਼ ਸੁਣ ਕੇ ਆਪ ਜੀ ਦਾ ਹਿਰਦਾ ਅਜਿਹਾ ਸ਼ਾਂਤ ਤੇ ਪ੍ਰਸੰਨ ਹੋਇਆ ਕਿ ਦੇਵੀ ਦਰਸ਼ਨਾਂ 'ਤੇ ਜਾਣ ਦਾ ਵਿਚਾਰ ਤਿਆਗ ਦਿੱਤਾ। ਆਪ ਜੀ ਨੇ ਅਨੁਭਵ ਕੀਤਾ ਕਿ ਪੂਰਨ ਸਤਿਗੁਰੂ ਦੀ ਪ੍ਰਾਪਤੀ ਹੋ ਗਈ ਹੈ ਤੇ ਪੱਕਾ ਟਿਕਾਣਾ ਲੱਭ ਗਿਆ ਹੈ। ਉਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਜੋ ਕੁਝ ਇਸ ਦਰ ਤੋਂ ਮਿਲ ਸਕਦਾ ਹੈ, ਉਸੇ ਦੀ ਹੀ ਉਨ੍ਹਾਂ ਨੂੰ ਲੋੜ ਸੀ। ਉਨ੍ਹਾਂ ਨੇ ਆਪ ਕਰਤਾਰਪੁਰ ਰਹਿਣ ਦਾ ਫੈਸਲਾ ਕਰ ਲਿਆ ਤੇ ਨਾਲ ਦੇ ਦੇਵੀ ਭਗਤਾਂ ਨੂੰ ਜਾਣ ਦੀ ਆਗਿਆ ਦੇ ਦਿੱਤੀ। ਇਸ ਤਰ੍ਹਾਂ ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਇਕ ਯਾਦਗਾਰੀ ਘਟਨਾ ਬਣ ਗਈ। ਕੁਝ ਦਿਨਾਂ ਬਾਅਦ ਆਪ ਜੀ ਗੁਰੂ ਜੀ ਦੇ ਹੁਕਮ ਕਰਨ 'ਤੇ ਸੰਘਰ-ਖਡੂਰ ਗਏ ਪਰ ਸਾਰਾ ਕੰਮ-ਕਾਜ ਭਣੇਵੇਂ ਨੂੰ ਸੌਂਪ ਦਿੱਤਾ। ਪ੍ਰੋ. ਸਤਿਬੀਰ ਸਿੰਘ ਨੇ 'ਮਹਿਮਾ ਪ੍ਰਕਾਸ਼' ਦੇ ਹਵਾਲੇ ਨਾਲ ਲਿਖਿਆ ਹੈ:

> 'ਘਰ ਕਾ ਕਾਰਜ ਬਾਰ ਸਭ ਬਿਲਾ ਬੰਦ ਕੀਆ। ਚਿੱਤ ਇਕਾਗਰ ਕਰ ਕੇ ਚਟਾਈ ਅਰ ਲੋਣ ਕੀ ਪੋਟ ਬਾਂਧ ਕਰ ਸਾਥ ਲੀਆ। ਬਾਬਾ ਜੀ ਕੇ ਦਰ ਪੁਰ ਚਲੇ।'[2]

ਕਰਤਾਰਪੁਰ ਪਹੁੰਚ ਕੇ ਲਿਆਂਦਾ ਹੋਇਆ ਲੂਣ ਲੰਗਰ ਵਿਚ ਭੇਟ ਕਰ ਕੇ ਖੇਤਾਂ ਵਿਚ ਚਲੇ ਗਏ। ਮਾਤਾ ਸੁਲੱਖਣੀ ਜੀ ਨੇ ਭਾਈ ਲਹਿਣਾ ਜੀ ਨੂੰ ਆਰਾਮ ਕਰਨ ਲਈ ਕਿਹਾ ਪਰ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਵਾਲੇ ਕਦੋਂ ਆਰਾਮ ਕਰਦੇ ਨੇ? ਭਾਈ ਲਹਿਣਾ ਜੀ ਨੇ ਖੇਤਾਂ ਵਿਚ ਪਹੁੰਚ ਕੇ ਸਤਿਗੁਰਾਂ ਦੇ ਪਵਿੱਤਰ ਦੀਦਾਰ ਕੀਤੇ ਜੋ ਨਦੀਨ ਕੱਢ ਰਹੇ ਸਨ। ਆਪ ਵੀ ਨਾਲ ਲੱਗ ਪਏ। ਘਾਹ ਦੀ ਪੰਡ ਤਿਆਰ ਹੋ ਗਈ। ਭਾਈ ਲਹਿਣਾ ਜੀ ਨੇ ਸਿਰ 'ਤੇ ਚੁੱਕ ਲਈ ਤੇ ਘਰ ਪਹੁੰਚ ਗਏ। ਭਾਈ ਲਹਿਣਾ ਜੀ ਨੂੰ ਵੇਖ ਕੇ ਮਾਤਾ ਸੁਲੱਖਣੀ ਜੀ ਗੁਰੂ ਜੀ ਨੂੰ ਕਹਿਣ ਲੱਗੇ ਕਿ ਭਾਈ ਲਹਿਣਾ ਜੀ ਤਾਂ ਆਪ ਜੀ ਨੂੰ ਮਿਲਣ ਵਾਸਤੇ ਆਏ ਸਨ, ਇਨ੍ਹਾਂ ਨੂੰ ਕਿਉਂ ਚਿੱਕੜ ਵਾਲਾ ਘਾਹ ਚੁਕਾਇਆ ਹੈ। ਇਨ੍ਹਾਂ ਦੇ ਬਸਤਰ ਚਿੱਕੜ ਨਾਲ ਭਿੱਜ ਗਏ ਹਨ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ ਕਿ ਇਨ੍ਹਾਂ ਦੇ ਸਿਰ ਘਾਹ ਦੀ ਪੰਡ ਨਹੀਂ, ਦੀਨ ਦੁਨੀਆਂ ਦਾ ਛਤ੍ਰ ਦਿੱਤਾ ਹੈ। ਇਹ ਚਿੱਕੜ ਦੇ ਛਿੱਟੇ ਨਹੀਂ, ਕੇਸਰ ਦੇ ਹਨ ਜੋ ਅਕਾਲ ਪੁਰਖ ਦੀ ਦਰਗਾਹ ਤੋਂ ਪ੍ਰਵਾਨ ਹੋ ਕੇ ਆਏ ਹਨ। ਇਹ ਵੱਡਾ ਭਾਗਵਾਨ ਪੁਰੁਖ ਹੈ। ਗੁਰੂ ਜੀ ਦੀ ਇਸ ਗੱਲ ਵਿਚ ਗੁੱਝਾ ਭੇਦ ਸੀ। 'ਮਹਿਮਾ ਪ੍ਰਕਾਸ਼' ਦੇ ਲੇਖਕ ਅਨੁਸਾਰ:

> ਮੈਂ ਦੀਨ ਦੁਨੀ ਕਾ ਛਤਰ ਸਿਰਧਾਰਾ।
> ਵਹ ਕੀਚ ਜਲ ਨਹੀਂ ਕੇਸਰ ਸਿਰ ਡਾਰਾ।
> ਇਹ ਲਹਨ, ਮੈਂ ਇਸ ਕੋ ਦੇਨਾ।
> ਕਹੋਂ ਸਤ, ਮਿਥਿਆ ਨਹੀਂ ਬੇਨਾ।
> ਇਨ ਕੀ ਮੋ ਸੋ ਹੈ ਬਿਧ ਬਨੀ। ਮੇਰੇ ਰਾਜ ਕੋ ਆਇਓ ਧਨੀ।
>
> *(ਸਾਖੀ ਪ੧, ਗੁਰੂ ਨਾਨਕ ਦੇਵ ਜੀ ਕੇ ਮਿਲਾਪ ਕੀ)*[3]

ਭਾਈ ਲਹਿਣਾ ਜੀ ਕਰਤਾਰਪੁਰ ਵਿਚ ਗੁਰੂ ਚਰਨਾਂ ਵਿਚ ਟਿਕ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਆਪ ਸਮਰਪਿਤ ਕਰ ਕੇ ਪੂਰੀ ਲਗਨ ਨਾਲ ਗੁਰ-ਸੇਵਾ ਵਿਚ ਜੁੜ ਗਏ। ਭਾਈ ਲਹਿਣਾ ਜੀ ਨੇ ਸੱਤ ਸਾਲ ਕਰਤਾਰਪੁਰ ਰਹਿ ਕੇ ਸੱਚੇ ਸੇਵਕ ਤੇ ਚਾਕਰ ਵਾਂਗ ਗੁਰੂ ਘਰ ਦੀ

SikhBookClub.com

ਨਿਸ਼ਕਾਮ ਸੇਵਾ ਕੀਤੀ। ਉਹ ਹਰ ਸਮੇਂ ਨਾਮ ਜਪਦੇ, ਕਿਰਤ ਕਰਦੇ ਤੇ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਤਿਆਰ ਰਹਿੰਦੇ ਸਨ। ਗੁਰੂ ਜੀ ਜੋ ਵੀ ਹੁਕਮ ਕਰਦੇ ਉਸ ਦੀ 'ਸਤ ਬਚਨ' ਕਹਿ ਕੇ ਚਾਅ ਨਾਲ ਪਾਲਣਾ ਕਰਦੇ ਹੋਏ ਆਪਣੇ ਧੰਨ ਭਾਗ ਸਮਝਦੇ ਸਨ। ਬਾਣੀਕਾਰ ਬਲਵੰਡ ਜੀ ਦੇ ਸ਼ਬਦਾਂ ਵਿਚ ਆਪ ਜੀ ਨੇ ਮਰਦਾਂ ਵਾਲੀ ਘਾਲ ਘਾਲੀ ਤਾਂ ਆਪਣੇ ਮਾਲਕ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਦਰ ਕਬੂਲ ਹੋਏ:

ਪਏ ਕਬੂਲੁ ਖਸਮ ਨਾਲਿ ਜਾਂ ਘਾਲ ਮਰਦੀ ਘਾਲੀ॥ *(ਪੰਨਾ ੯੬੭)*

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ 'ਹੁਕਮਿ ਮੰਨਿਐ' ਸਿਧਾਂਤ ਦੀ ਜਿਉਂਦੀ-ਜਾਗਦੀ ਇਤਿਹਾਸਿਕ ਗਵਾਹੀ ਹੈ ਜਿਨ੍ਹਾਂ ਨੇ ਸੱਚੇ ਸੇਵਕ ਤੇ ਚਾਕਰ ਵਾਂਗ ਬਿਨਾਂ ਹੀਲ-ਹੁੱਜਤ ਕੀਤਿਆਂ ਗੁਰੂ ਦੇ ਹੁਕਮਾਂ ਨੂੰ ਸਿਰ-ਮੱਥੇ ਮੰਨਿਆ ਤੇ ਨਿਸ਼ਕਾਮ ਸੇਵਾ ਕੀਤੀ। ਆਪਾ-ਭਾਵ ਗਵਾ ਕੇ ਕੀਤੀ ਸੇਵਾ ਦਾ ਫਲ ਇਹ ਹੋਇਆ ਕਿ ਆਪ ਸਤਿਗੁਰੂ ਦੀ ਕਿਰਪਾ ਦੇ ਪਾਤਰ ਬਣ ਗਏ। ਪਰ ਭਾਈ ਲਹਿਣਾ ਜੀ ਨੂੰ ਗੁਰੂ-ਸੇਵਾ ਦੌਰਾਨ ਸਤਿਗੁਰੂ ਦੀ ਕਿਰਪਾ ਹਾਸਲ ਕਰਨ ਲਈ ਕਈ ਕਰੜੀਆਂ ਪ੍ਰੀਖਿਆਵਾਂ ਵਿੱਚੋਂ ਲੰਘਣਾ ਪਿਆ। ਇਨ੍ਹਾਂ ਪ੍ਰੀਖਿਆਵਾਂ ਸੰਬੰਧੀ ਅਨੇਕਾਂ ਸਾਖੀਆਂ ਸਿੱਖ ਇਤਿਹਾਸ ਵਿਚ ਪ੍ਰਚਲਿਤ ਹਨ। ਇਨ੍ਹਾਂ ਵਿੱਚੋਂ ਕੁਝ ਸਾਖੀਆਂ ਨੂੰ ਵਿਚਾਰਦੇ ਹਾਂ ਤੇ ਉਨ੍ਹਾਂ ਵਿਚ ਛੁਪੇ ਗੁਰਮਤਿ ਦੇ ਗੁੱਝੇ ਰਾਜ਼ ਨੂੰ ਵੀ ਸਮਝਣ ਦਾ ਯਤਨ ਕਰਦੇ ਹਾਂ:

ਪਹਿਲੀ ਸਾਖੀ (ਜਿਸ ਦਾ ਜ਼ਿਕਰ ਪਹਿਲਾਂ ਕਰ ਚੁੱਕੇ ਹਾਂ) ਇਸ ਤਰ੍ਹਾਂ ਬਿਆਨ ਕੀਤੀ ਜਾਂਦੀ ਹੈ ਕਿ ਭਾਈ ਲਹਿਣਾ ਜੀ ਨੇ ਚਿੱਕੜ ਭਰੀ ਘਾਹ ਦੀ ਪੰਡ ਬਿਨਾਂ ਨਾਂਹ-ਨੁੱਕਰ ਕੀਤਿਆਂ ਸਿਰ 'ਤੇ ਚੁੱਕ ਕੇ ਲਿਆਂਦੀ। ਇਸ ਸਾਖੀ ਦੁਆਰਾ ਕਿਰਤ ਕਰਨ ਦੇ ਸਿਧਾਂਤ ਨੂੰ ਦਰਸਾਇਆ ਗਿਆ ਹੈ। ਗੁਰੂ ਜੀ ਕਿਰਤ ਕਰਨ ਨੂੰ ਕੇਸਰ ਦੀ ਖੁਸ਼ਬੂ ਤੇ ਰੰਗਣ ਨਾਲ ਤੁਲਨਾ ਦਿੰਦੇ ਹਨ। ਦੂਜੀ, ਗੰਦੇ ਪਾਣੀ ਵਿੱਚੋਂ ਕਟੋਰਾ ਕੱਢਣ ਵਾਲੀ ਸਾਖੀ ਬਚਪਨ ਤੋਂ ਸੁਣਦੇ ਆ ਰਹੇ ਹਾਂ ਕਿ ਇਕ ਵਾਰੀ ਇਕ ਕਟੋਰਾ ਗੰਦੇ ਟੋਏ ਵਿਚ ਡਿੱਗ ਪਿਆ। ਗੁਰੂ ਜੀ ਨੇ ਆਪਣੇ ਦੋਵਾਂ ਪੁੱਤਰਾਂ ਨੂੰ ਕਟੋਰਾ ਕੱਢਣ ਲਈ ਕਿਹਾ ਪਰ ਉਨ੍ਹਾਂ ਨੇ ਇਹ ਨੀਚਾਂ ਦੁਆਰਾ ਕਰਨ ਵਾਲਾ ਕੰਮ ਕਹਿ ਕੇ ਜਵਾਬ ਦੇ ਦਿੱਤਾ। ਜਦੋਂ ਭਾਈ ਲਹਿਣਾ ਜੀ ਨੂੰ ਹੁਕਮ ਹੋਇਆ ਤਾਂ ਉਹ ਕੱਢ ਲਿਆਏ। ਇਸ ਸਾਖੀ ਅਨੁਸਾਰ ਦਰਸਾਇਆ ਗਿਆ ਹੈ ਕਿ ਕੋਈ ਵੀ ਕੰਮ ਨੀਵਾਂ ਨਹੀਂ ਹੁੰਦਾ। ਤੀਜੀ, ਮੋਈ ਚੂਹੀ ਨੂੰ ਬਾਹਰ ਸੁੱਟਣ ਦੀ ਸਾਖੀ ਹੈ। ਜਦੋਂ ਪੁੱਤਰਾਂ ਨੇ ਇਨਕਾਰ ਕਰ ਦਿੱਤਾ ਤਾਂ ਭਾਈ ਲਹਿਣਾ ਜੀ ਨੇ ਚੁੱਕ ਕੇ ਸੁੱਟ ਦਿੱਤੀ। ਓਪਰੀ ਨਜ਼ਰੇ ਤਾਂ ਇਹ ਘਟਨਾਵਾਂ ਨਿੱਕੀਆਂ ਜਾਪਦੀਆਂ ਹਨ ਪਰ ਇਹ ਉਸ ਸਮੇਂ ਦੀਆਂ ਹਨ ਜਦੋਂ ਸਮਾਜ ਵਿਚ ਛੋਟੇ ਕੰਮ ਕਰਨ ਵਾਲਿਆਂ ਨੂੰ ਦੁਰਕਾਰਿਆ ਜਾਂਦਾ ਸੀ ਤੇ ਉਨ੍ਹਾਂ ਨਾਲ ਛੂਹ ਜਾਣ 'ਤੇ ਭਿੱਟ ਮੰਨੀ ਜਾਂਦੀ ਸੀ। ਆਪ ਜੀ ਗੁਰੂ ਜੀ ਦੀ ਕਸੌਟੀ 'ਤੇ ਪੂਰੇ ਉੱਤਰੇ ਤੇ ਉੱਚ-ਨੀਚ ਦਾ ਭੇਦ ਮਿਟਾਉਣ ਦੀ ਪ੍ਰੇਰਨਾ ਦਿੱਤੀ।

ਇਕ ਸਾਖੀ ਸਿਆਲ ਦੀ ਰੁੱਤ ਵਿਚ ਅੱਧੀ ਰਾਤ ਨੂੰ ਰਾਵੀ ਦਰਿਆ ਤੋਂ ਬਸਤਰ ਧੋ ਕੇ ਲਿਆਉਣ ਦੀ ਪ੍ਰਚਲਿਤ ਹੈ ਜਿਸ ਰਾਹੀਂ ਦੱਸਿਆ ਹੈ ਕਿ ਬਿਨਾਂ ਕਿੰਤੂ-ਪ੍ਰੰਤੂ ਕੀਤੇ ਹੁਕਮ ਦੀ ਪਾਲਣਾ ਕਰਨੀ ਸੇਵਕ ਦਾ ਫਰਜ਼ ਹੈ। ਪੰਜਵੀਂ ਸਾਖੀ ਠੰਢੀ ਰੁੱਤ ਵਿਚ ਢੱਠੀ ਕੰਧ ਦੀ ਬਾਰ-ਬਾਰ ਉਸਾਰੀ ਵਿਚ ਲੱਗੇ ਰਹਿਣ ਦੀ ਹੈ। 'ਹੁਕਮਿ ਮੰਨਿਐ ਹੋਵੈ ਪਰਵਾਨੁ' ਦੇ ਸਿਧਾਂਤ ਨੂੰ ਉਜਾਗਰ ਕਰਦੀ ਹੈ। ਅਗਲੀ ਸਾਖੀ ਗੁਰੂ ਜੀ ਦੇ ਇਸ਼ਨਾਨ ਸਮੇਂ ਰਾਵੀ ਦੇ ਕੰਢੇ ਚਮਕਦੀ ਬਿਜਲੀ ਤੇ

SikhBookClub.com

ਵਰ੍ਹਦੇ ਮੀਂਹ ਵਿਚ ਇਕੱਲੇ ਉਡੀਕ ਕਰਨ ਵਾਲੀ ਹੈ ਜਿਸ ਅਨੁਸਾਰ ਗੁਰੂ ਜੀ ਨੇ ਰਾਵੀ ਵਿਚ ਇਸ਼ਨਾਨ ਕਰਨ ਲਈ ਟੁੱਭੀ ਮਾਰੀ ਹੀ ਸੀ ਕਿ ਗੜੇ ਪੈਣ ਲੱਗ ਪਏ। ਸਾਰੇ ਦਰੱਖਤਾਂ ਦੇ ਓਹਲੇ ਹੋ ਗਏ ਪਰ ਭਾਈ ਲਹਿਣਾ ਜੀ ਉੱਥੇ ਖੜ੍ਹੇ ਗੁਰੂ ਜੀ ਦੇ ਨਿਕਲਣ ਦੀ ਉਡੀਕ ਕਰਦੇ ਰਹੇ। ਉਨ੍ਹਾਂ ਨੇ ਗੁਰੂ ਜੀ ਨੂੰ ਪੁੱਛਣ 'ਤੇ ਦੱਸਿਆ ਕਿ ਉਨ੍ਹਾਂ ਦਾ ਕਿਸੇ ਹੋਰ ਨਾਲ ਕੋਈ ਮਤਲਬ ਨਹੀਂ ਹੈ, ਕੇਵਲ ਗੁਰੂ ਨਾਲ ਹੈ। ਇਹ ਸਾਖੀ ਸਿੱਖ ਦੇ ਗੁਰੂ ਨਾਲ ਅਕਹਿ ਪਿਆਰ ਦਾ ਪ੍ਰਗਟਾਵਾ ਕਰਦੀ ਹੈ।

ਇਹ ਪ੍ਰੀਖਿਆ ਭਾਈ ਲਹਿਣਾ ਜੀ (ਸਿੱਖ) ਦੇ ਆਪਣੇ ਗੁਰੂ 'ਤੇ ਅਡੋਲ ਸਿਦਕ ਤੇ ਭਰੋਸੇ ਦੀ ਮਿਸਾਲ ਪੇਸ਼ ਕਰਦੀ ਹੈ। ਸਿੱਖ ਹਮੇਸ਼ਾ ਗੁਰੂ ਵਿਚ ਦ੍ਰਿੜ੍ਹ ਵਿਸ਼ਵਾਸ ਰੱਖੇ ਕਿਉਂਕਿ ਸਭ ਕੁਝ ਗੁਰੂ ਦੇ ਭਾਣੇ ਵਿਚ ਹੋ ਰਿਹਾ ਹੈ।

ਆਖਰੀ ਪ੍ਰੀਖਿਆ ਗੁਰੂ ਜੀ ਦੇ ਧਾਣਕ (ਜੰਗਲੀਆਂ ਵਾਲਾ) ਰੂਪ ਧਾਰਨ ਸਮੇਂ ਵੀ ਭਾਈ ਲਹਿਣਾ ਜੀ ਦੇ ਸਾਥ ਨਾ ਛੱਡਣ ਤੇ ਮੁਰਦਾ ਖਾਣ ਦੇ ਹੁਕਮ ਨੂੰ ਸਿਰ-ਮੱਥੇ ਮੰਨਣ ਦੀ ਹੈ। ਇਸ ਸਮੇਂ ਭਾਈ ਲਹਿਣਾ ਜੀ ਦੀ ਸਖ਼ਤ ਪ੍ਰੀਖਿਆ ਸੀ ਜਿਸ ਵਿਚ ਸਫਲ ਹੋ ਕੇ ਆਪ ਗੁਰੂ-ਕਿਰਪਾ ਦੇ ਪਾਤਰ ਬਣ ਗਏ। ਸਿੱਖ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ "ਗੁਰੂ ਨਾਨਕ ਜੀ ਇਹ ਦੇਖ ਰਹੇ ਸਨ ਕਿ ਭਾਈ ਲਹਿਣਾ ਜੀ, ਜਿਨ੍ਹਾਂ ਦੇ ਜ਼ਿੰਮੇ ਸਮੁੱਚੀ ਮਨੁੱਖਤਾ ਦਾ ਕਲਿਆਣ ਕਰਨ ਦਾ ਕੰਮ ਸੌਂਪਣਾ ਹੈ, ਮਾਣਸ ਖਾਣਿਆਂ ਨਾਲ ਨਫ਼ਰਤ ਤਾਂ ਨਹੀਂ ਕਰਦੇ? ਸੋ ਇਕ ਦਿਨ ਨਵੀਂ ਭਿਆਨਕ ਸ਼ਕਲ ਬਣਾ ਕੇ, ਹੱਥ ਵਿਚ ਡੰਡਾ ਲੈ ਕੇ, ਮਸਾਣਾਂ ਵੱਲ ਗੁਰੂ ਜੀ ਚੱਲ ਪਏ। ਬਹੁਤ ਲੋਕ ਪਿੱਛੇ ਹੋ ਪਏ ਕਿ ਗੁਰੂ ਜੀ ਦਾ ਕੀ ਕੌਤਕ ਹੈ! ਗੁਰੂ ਜੀ ਨੇ ਦੇਖਿਆ ਕਿ ਸੰਗਤਾਂ ਨਹੀਂ ਹਟਦੀਆਂ ਤਾਂ ਪੈਸੇ ਸੁੱਟੇ। ਬਹੁਤ ਸਾਰੇ ਲੋਕੀਂ ਪੈਸੇ ਚੁੱਕਣ ਲੱਗ ਪਏ। ਫਿਰ ਆਪ ਜੀ ਨੇ ਰੁਪਏ ਸੁੱਟੇ। ਬਾਕੀਆਂ ਵਿੱਚੋਂ ਕੁਝ ਰੁਪਏ ਚੁੱਕਣ ਲੱਗ ਪਏ। ਆਪ ਜੀ ਨੇ ਫਿਰ ਮੋਤੀ ਸੁੱਟੇ। ਕੁਝ ਮੋਤੀ ਚੁੱਕਣ ਲੱਗ ਪਏ। ਆਪ ਨੇ ਫਿਰ ਹੀਰੇ ਸੁੱਟੇ। ਕੁਝ ਹੀਰੇ ਚੁੱਕਣ ਲੱਗ ਪਏ। ਜਦ ਫਿਰ ਕੁਝ ਲੋਕੀਂ ਪਿੱਛੇ ਆਉਂਦੇ ਦਿੱਸੇ ਤਾਂ ਆਪ ਜੀ ਨੇ ਕੁੱਤੇ ਛੱਡ ਦਿੱਤੇ। ਕੁੱਤਿਆਂ ਤੋਂ ਡਰਦੇ ਸਭ ਹੀ ਹਟ ਗਏ। ਆਖਰ ਇੱਕੋ ਭਾਈ ਲਹਿਣਾ ਜੀ ਹੀ ਰਹਿ ਗਏ। ਉਨ੍ਹਾਂ ਨੂੰ ਮੁਰਦਾ ਖਾਣ ਦਾ ਹੁਕਮ ਹੋਇਆ। ਭਾਈ ਲਹਿਣਾ ਜੀ ਖਾਣ ਲਈ ਤਿਆਰ ਹੋ ਗਏ। ਜਦ ਉਨ੍ਹਾਂ ਮੁਰਦੇ ਤੋਂ ਕੱਪੜਾ ਉਤਾਰਿਆ ਤਾਂ ਉਹ ਕੜਾਹ ਪ੍ਰਸ਼ਾਦ ਦਿੱਸਿਆ। ਭਾਈ ਲਹਿਣਾ ਜੀ ਵਿਚ ਸ਼ਕਤੀ ਆ ਗਈ ਸੀ ਕਿ ਉਹ ਮੁਰਦਿਆਂ ਨੂੰ ਜੀਵਨ-ਸ਼ਕਤੀ, ਮਿਠਾਸ ਤੇ ਸੁਗੰਧੀ ਦੇ ਸਕਦੇ ਸਨ:

ਸੇਤ ਸੋ ਬਸਤ੍ਰ ਉਤਾਰਾ ਜਬ ਹੀ। ਤ੍ਰਿਹਾਵਲ ਪਿਖਹੀ ਤਬ ਹੀ।

(ਮਹਿਮਾ ਪ੍ਰਕਾਸ਼)[੪]

ਗੁਰੂ ਜੀ ਨੇ ਛਾਤੀ ਨਾਲ ਲਗਾਇਆ ਤੇ ਬਚਨ ਕੀਤੇ: 'ਪੁਰਖਾ! ਤੁਝ ਮੰਨੇਗਾ ਸੋ ਮੁਝੇ ਮੰਨੇਗਾ, ਤਉ ਕਰ ਸੇਵੇਗਾ ਸੋ ਮੈ ਕਉ ਸੇਵੇਗਾ, ਤੂੰ-ਮੈਂ, ਮੈਂ-ਤੂੰ, ਤੁਮ ਹਮ ਕਉ ਭਿੰਨ ਜਾਨੇਗਾ, ਸੋ ਗੁਰੂ ਤੇ ਬਿਛਰਿਆ ਰਹੇਗਾ।' (ਪਰਚੀਆਂ ਭਾਈ ਸੇਵਾ ਦਾਸ)[5] ਗੁਰਗੱਦੀ ਦੀ ਪ੍ਰੀਖਿਆ ਕਰਨ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੇਵਾ ਭਾਵ' ਤੇ 'ਹੁਕਮ ਮੰਨਣ ਦੀ ਤੱਤਪਰਤਾ' ਦੇ ਗੁਣ ਨੂੰ ਕਸਵੱਟੀ ਮੰਨਿਆ। ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਵਿਚ ਹੋਰ ਸਾਰੇ ਗੁਣ ਸਨ ਪਰ ਅਨਿੰਨ ਸੇਵਾ-ਭਾਵ ਤੇ ਆਗਿਆ ਪਾਲਣ ਦੀ ਘਾਟ ਸੀ ਜਿਸ ਕਾਰਨ ਪ੍ਰੀਖਿਆ ਵਿਚ ਫੇਲ੍ਹ ਹੋ ਗਏ। ਭਾਈ ਗੁਰਦਾਸ ਜੀ ਅਨੁਸਾਰ:

SikhBookClub.com

ਪੁਤਰੀ ਕਉਲੁ ਨ ਪਾਲਿਆ ਮਨਿ ਖੋਟੈ ਆਕੀ ਨਸਿਆਰਾ। *(ਵਾਰ ੧/੩੮)*

ਇਸ ਸੰਦਰਭ ਵਿਚ ਪ੍ਰੋ: ਜੋਗਿੰਦਰ ਸਿੰਘ ਲਿਖਦੇ ਹਨ, "ਗੁਰੂ ਸਿੱਖਿਆ ਦੇ ਪਾਂਧੀ ਤਾਂ ਉਸ ਵਕਤ ਕਈ ਹੋਣਗੇ...ਬਾਬਾ ਬੁੱਢਾ ਜੀ ਦਾ ਨਾਮ ਬੜਾ ਪ੍ਰਸਿੱਧ ਹੈ। ਹੋਰ ਵੀ ਅਨੇਕਾਂ ਆਤਮਾਵਾਂ ਸਿੱਖੀ ਜੀਵਨ ਵਿਚ ਢਲ ਰਹੀਆਂ ਹੋਣਗੀਆਂ। ਪਰ ਪ੍ਰਵਾਨ ਸ਼ਖ਼ਸੀਅਤ ਕੇਵਲ ਭਾਈ ਲਹਿਣਾ ਜੀ ਦੀ ਹੀ ਸੀ, ਜਿਹੜੀ ਪ੍ਰਤੱਖ ਤੌਰ 'ਤੇ ਲੋਕਾਂ ਦੇ ਸਾਹਮਣੇ ਆਈ।..." ਭਾਈ ਲਹਿਣਾ ਜੀ ਘਾਲ ਕਮਾਈ ਕਰਕੇ 'ਲਹਿਣੇ' ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਨਿਬੜੇ।[6] ਇਕ ਸ਼ਾਇਰ ਲਿਖਦਾ ਹੈ:

ਹਰ ਕਿ ਖ਼ਿਦਮਤ ਕਰਦ ਓ ਮਖਦੂਮ ਸ਼ੁਦ।
ਹਰ ਕਿ ਖ਼ੁਦ ਰਾ ਦੀਦ ਓ ਮਹਰੂਮ ਸ਼ੁਦ।

ਅਰਥਾਤ ਜਿਸ ਕਿਸੇ ਨੇ ਸੇਵਾ ਕੀਤੀ ਉਹ ਮਾਲਕ ਹੋ ਗਿਆ ਪਰ ਜੋ ਹਉਮੈ ਭਾਵ ਵਿਚ ਗ੍ਰਸਿਆ ਰਿਹਾ, ਉਹ ਖਾਲੀ ਰਹਿ ਗਿਆ।[7] ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਆਪਣੇ ਅੰਗ ਨਾਲ ਲਗਾ ਕੇ 'ਅੰਗਦ' ਬਣਾ ਦਿੱਤਾ। ਇਹ ਆਤਮਿਕ ਵਿਰਸਾ (spiritual succession) ਸੀ ਜਿਸ ਨੂੰ ਪ੍ਰਾਪਤ ਕਰਕੇ ਇਕ ਸੇਵਕ ਨੇ ਗੁਰੂ ਨਾਨਕ ਵਾਲਾ ਦਰਜਾ 'ਗੁਰਗਮਿ ਪ੍ਰਮਾਣੁ' ਹਾਸਲ ਕਰ ਲਿਆ। ਗੁਰੂ ਜੀ ਨੇ ਬਚਨ ਕੀਤਾ,

ਅਬ ਤੂੰ ਮੇਰੇ ਅੰਗ ਤੇ ਭਇਆ। ਤੂੰ ਲਹਿਨਾ ਮੈਂ ਦੇਨਾ ਭਇਆ।

(ਮਹਿਮਾ ਪ੍ਰਕਾਸ਼)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਪੈਸੇ ਤੇ ਨਾਰੀਅਲ ਭਾਈ ਲਹਿਣਾ ਜੀ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ ਤੇ 'ਨਾਨਕ-ਜੋਤਿ' ਉਨ੍ਹਾਂ ਵਿਚ ਧਰ ਕੇ ਗੁਰਤਾ ਗੱਦੀ ਸੌਂਪ ਦਿੱਤੀ। ਇਸ ਤਰ੍ਹਾਂ ਨਾਨਕ-ਜੋਤ ਭਾਈ ਲਹਿਣਾ ਜੀ ਵਿਚ ਪ੍ਰਵੇਸ਼ ਕਰ ਗਈ। ਜੋਤ ਤੋਂ ਜੋਤ ਜਗ ਪਈ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਲਹਿਣਾ ਜੀ ਵਿਚ ਕੋਈ ਭੇਦ ਨਾ ਰਿਹਾ। ਭਾਈ ਗੁਰਦਾਸ ਜੀ ਨੇ 'ਬਾਬਾਣੈ ਘਰਿ ਚਾਨਣੁ ਲਹਿਣਾ' ਸ਼ਬਦਾਂ ਦੁਆਰਾ ਭੇਦ ਖੋਲ੍ਹ ਦਿੱਤਾ ਹੈ ਕਿ ਗੁਰੂ ਜੀ ਨੇ 'ਗੁਰੂ ਸਿਖੁ ਸਿਖੁ ਗੁਰੂ ਹੈ ਏਕੋ' (ਪੰਨਾ ੪੪੪) ਦਾ ਆਦਰਸ਼ ਕਾਇਮ ਕਰ ਦਿੱਤਾ ਹੈ, ਦੀਵੇ ਤੋਂ ਦੀਵਾ ਬਲ ਪਿਆ ਹੈ ਤੇ ਹੀਰੇ ਨਾਲ ਹੀਰਾ ਬੇਧਿਆ ਹੈ:

ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ। *(ਵਾਰ ੧/੪੫)*

ਗੁਰੁ ਅੰਗਦ ਗੁਰੁ ਅੰਗ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।
ਹੀਰੈ ਹੀਰਾ ਬੇਧਿਆ ਛਲੁ ਕਰਿ ਅਛਲੀ ਅਛਲੁ ਛਲਿਆ।
ਕੋਇ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ। *(ਵਾਰ ੨੪/੮)*

ਇਸ ਤੱਥ ਦੀ ਪ੍ਰੋੜ੍ਹਤਾ ਦਸਮੇਸ਼ ਪਿਤਾ ਜੀ ਨੇ ਆਪਣੀ ਆਤਮ ਕਥਾ 'ਬਚਿੱਤ੍ਰ ਨਾਟਕ' ਵਿਚ ਵੀ ਕੀਤੀ ਹੈ:

ਨਾਨਕ ਅੰਗਦ ਕੌ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥ *(੫/੭)*

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਜਾਪਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਤਾ ਗੱਦੀ

SikhBookClub.com

ਦੀ ਪ੍ਰਾਪਤੀ ਨੂੰ ਕਿਸੇ ਤਾਣ ਜਾਂ ਮਾਣ ਦਾ ਸਿੱਟਾ ਨਹੀਂ ਮੰਨਦੇ ਸਗੋਂ ਅਕਾਲ ਪੁਰਖ ਦੀ ਬਖਸ਼ਿਸ਼ ਪ੍ਰਵਾਨ ਕਰਦੇ ਹਨ:

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥
ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥
ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥ (ਪੰਨਾ ੧੨੩੯)

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ (ਪੰਨਾ ੪੭੪-੭੫)

"ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਇਨਕਲਾਬੀ ਕਦਮ ਸੀ। ਅੱਜ ਤਕ ਕਿਸੇ ਅਚਾਰੀਆ, ਗੁਰੂ ਪੀਰ, ਨਬੀ ਰਸੂਲ ਨੇ ਆਪਣੇ ਸਿੱਖ ਸੇਵਕ ਸਾਹਵੇਂ ਝੁਕ ਕੇ ਉਹਨੂੰ ਆਪਣੇ ਵਰਗਾ ਗੁਰੂ ਪੀਰ ਨਹੀਂ ਸੀ ਬਣਾਇਆ। ਗੁਰੂ ਨਾਨਕ ਸਾਹਿਬ ਜੀ ਨੇ ਉਲਟੀ ਗੰਗਾ ਵਹਾ ਕੇ ਧਾਰਮਿਕ ਸੰਸਾਰ ਵਿਚ ਨਵੀਂ ਲੀਹ ਪਾ ਦਿੱਤੀ।" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਇ ਬਲਵੰਡ ਜੀ ਅਤੇ ਸਤਾ ਜੀ ਦੀਆਂ ਹੇਠ ਲਿਖੀਆਂ ਗਵਾਹੀਆਂ ਵੀ ਪ੍ਰਮਾਣਿਕ ਹਨ:

ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥...
ਸਹਿ ਟਿਕਾ ਦਿਤੋਸੁ ਜੀਵਦੈ॥ ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤ੍ਰ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥ (ਪੰਨਾ ੯੬੬)

ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥...
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ (ਪੰਨਾ ੯੬੭)

ਇਤਿਹਾਸਿਕ ਨਜ਼ਰੀਏ ਤੋਂ ਵੇਖਿਆਂ ਗੁਰਿਆਈ ਦੀ ਘਟਨਾ ਦਾ ਸਿੱਖ ਇਤਿਹਾਸ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ। ਇਸ ਨਾਲ ਸਿੱਖ ਲਹਿਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨਿਸ਼ਚਿਤ ਅਗਵਾਈ ਪ੍ਰਾਪਤ ਹੋਈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਰਹਿਨੁਮਾਈ ਤੇ ਦੇਖ-ਰੇਖ ਵਿਚ ਸਿੱਖ ਲਹਿਰ ਦਾ ਵਿਕਾਸ ਹੁੰਦਾ ਰਿਹਾ। ਵਿਦਵਾਨਾਂ ਦੀ ਰਾਇ ਹੈ ਕਿ ਜੇ ਪਹਿਲੇ ਗੁਰੂ ਸਾਹਿਬ ਭਾਈ ਲਹਿਣਾ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਨਾ ਕਰਦੇ ਤਾਂ ਸਿੱਖ ਧਰਮ ਦੀ ਹੋਂਦ ਹੌਲੀ-ਹੌਲੀ ਖ਼ਤਮ ਹੋ ਜਾਣੀ ਸੀ। ਆਈ. ਬੀ. ਬੈਨਰਜੀ ਦਾ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਗੱਦੀ 'ਤੇ ਨਿਯੁਕਤੀ ਸਿੱਖ ਇਤਿਹਾਸ ਦੀ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਸੀ ਕਿਉਂਕਿ ਇਸ ਨੇ ਸਿੱਖ ਲਹਿਰ ਨੂੰ ਇਕ ਨਿਸ਼ਚਿਤ ਤੇ ਵਿਵਾਦ-ਮੁਕਤ ਅਗਵਾਈ ਅਤੇ ਨਿਯੰਤਰਨ ਅਧੀਨ ਕਰ ਦਿੱਤਾ ਅਤੇ ਅਰੰਭ ਤੋਂ ਹੀ ਇਕ ਸਪੱਸ਼ਟ ਮੋੜ ਦੇ ਦਿੱਤਾ। ਵਿਦਵਾਨਾਂ ਦੀ ਰਾਇ ਹੈ ਕਿ ਅਜਿਹਾ ਇਸ ਲਈ ਕੀਤਾ ਗਿਆ ਕਿਉਂਕਿ ਅਜੇ ਮਨੁੱਖ ਨੂੰ ਦੇਵਤਾ ਬਣਾਉਣ ਦਾ ਕਾਰਜ ਨੌਂ ਜਾਮਿਆਂ ਵਿਚ ਹੋਣਾ ਸੀ। ਸ੍ਰੀ ਗੋਕਲ ਚੰਦ ਨਾਰੰਗ

SikhBookClub.com

ਅਨੁਸਾਰ: "Had Nanak died without a successor there would have been no Sikhism today or at best simply Kabirism."[8]

ਦੂਜਾ ਪੜਾਅ:

ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰੂ-ਜੀਵਨ (ਗੁਰਗੱਦੀ ਪ੍ਰਾਪਤੀ ਤੋਂ ਬਾਅਦ ਦਾ ਜੀਵਨ) ਵਿਸ਼ੇਸ਼ ਮਹੱਤਵ ਰੱਖਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਆਪ ਜੀ ਕਰਤਾਰਪੁਰ ਛੱਡ ਕੇ ਖਡੂਰ ਆ ਗਏ। ਨਾਨਕ-ਜੋਤਿ ਖਡੂਰ ਸਾਹਿਬ ਵਿਚ ਜਗਮਗ ਹੋ ਗਈ। ਭਾਈ ਸੱਤਾ ਜੀ ਭਾਈ ਬਲਵੰਡ ਜੀ ਤੇ ਭਾਈ ਗੁਰਦਾਸ ਜੀ ਇਸ ਤੱਥ ਦੀ ਗਵਾਹੀ ਦਿੰਦੇ ਹਨ: -

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ *(ਪੰਨਾ ੯੬੭)*

ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ। *(ਵਾਰ ੧/੪੬)*

ਸਤਿਗੁਰੂ ਜੀ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਵਿਖੇ ਦੂਰ-ਦੁਰਾਡਿਓਂ ਸੰਗਤਾਂ ਆਉਣ ਲੱਗ ਪਈਆਂ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਗੁਰਮਤਿ ਗਾਡੀ ਰਾਹ 'ਤੇ ਤੁਰਨ ਦੀ ਅਗਵਾਈ ਦੇਣੀ ਸ਼ੁਰੂ ਕਰ ਦਿੱਤੀ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ 'ਹਰ ਵੇਲੇ ਗੁਰੂ ਅੰਗਦ ਪਾਸ ਸਤਿਸੰਗ ਦਾ ਪਰਚਾ, ਲੰਗਰ ਦਾ ਖ਼ਰਚਾ ਤੇ ਹਰੀ ਦਾ ਚਰਚਾ ਬਣੇ ਰਹਿੰਦੇ ਸਨ।'[9]

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰੂ ਜੀਵਨ ਨਾਲ ਸੰਬੰਧਿਤ ਕਈ ਸਾਖੀਆਂ ਪ੍ਰਚਲਿਤ ਹਨ ਜਿਵੇਂ- ਗੁਪਤਵਾਸ ਤੇ ਗੁਰੂ ਲਾਧੋ, ਤਪੇ ਸ਼ਿਵਨਾਭ ਦੀ ਈਰਖਾ, ਹਮਾਯੂੰ ਦੀ ਗੁਰੂ ਅੰਗਦ ਦੇਵ ਜੀ ਨਾਲ ਮੁਲਾਕਾਤ, ਭਾਈ ਮਾਹਣਾ ਜੀ ਨੂੰ ਗਰੀਬਾਂ ਦੀ ਸੇਵਾ ਕਰਨ ਦਾ ਉਪਦੇਸ਼, ਜੋਗੀਆਂ ਦਾ ਖਡੂਰ ਸਾਹਿਬ ਆਉਣਾ, ਚੌਧਰੀ ਬਖਤਾਵਰ ਦਾ ਹੰਕਾਰ ਦੂਰ ਕਰਨਾ, ਭਾਈ ਜੀਵਾ ਜੀ ਦੀ ਧੀ ਜੀਵਾਈ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼, ਆਦਿ।[10]

ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ:

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਿਸ ਸੂਝ ਤੇ ਸਿਆਣਪ, ਲਗਨ ਤੇ ਮਿਹਨਤ ਨਾਲ ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ ਪਾਇਆ ਉਹ ਅਦੁੱਤੀ ਹੈ। ਪਰ ਆਪ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ ਨਿਰਮਲ ਪੰਥ ਨੂੰ ਪ੍ਰਪੱਕਤਾ ਦੇਣ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਹੈ। ਗੁਰੂ ਜੀ ਨੇ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਮਰਯਾਦਾ ਨੂੰ ਦ੍ਰਿੜ੍ਹ ਕਰਵਾਇਆ ਤੇ ਪਹਿਲਾਂ ਅਰੰਭੇ ਕਾਰਜਾਂ ਨੂੰ ਅਗਾਂਹ ਤੋਰਿਆ ਉੱਥੇ ਹੋਰ ਅਨੇਕਾਂ ਕੰਮ ਸ਼ੁਰੂ ਕੀਤੇ। ਜਿਵੇਂ ਸਮਾਜਿਕ ਬਰਾਬਰੀ ਲਈ ਸੰਗਤ ਤੇ ਪੰਗਤ ਦੀ ਰੀਤੀ, ਆਦਰਸ਼ਕ ਲੰਗਰ, ਗੁਰਬਾਣੀ ਸੰਭਾਲ ਦੇ ਯਤਨ, ਬਾਣੀ ਦੇ ਉਤਾਰੇ, ਗੁਰਮੁਖੀ ਲਿਪੀ ਨੂੰ ਯੋਜਨਾਬੱਧ ਕਰਨ ਉਪਰੰਤ ਇਸ ਦਾ ਪ੍ਰਚਾਰ ਤੇ ਪ੍ਰਸਾਰ, ਗੁਰਮੁਖੀ ਬਾਲ ਬੋਧ ਅਤੇ ਪਹਿਲੀ ਜਨਮ ਸਾਖੀ ਦੀ ਰਚਨਾ, ਸ਼ਬਦ ਚੌਂਕੀਆਂ ਦੀ ਆਰੰਭਤਾ, ਨਸ਼ਿਆਂ ਦੀਆਂ ਬੁਰਾਈਆਂ ਬਾਰੇ ਸੁਚੇਤਨਾ, ਨਰੋਏ ਮਨ ਲਈ ਨਰੋਏ ਤਨ ਦੀ ਲੋੜ ਭਾਂਪਦੇ ਹੋਏ ਮੱਲ ਅਖਾੜਿਆਂ ਦੀ ਸਿਰਜਨਾ, ਪੱਤ ਸਿਓਂ ਜ਼ਿੰਦਗੀ ਜਿਊਣ ਦੀ ਜਾਚ ਆਦਿ।

SikhBookClub.com

ਹਰੇਕ ਪਹਿਲੂ ਆਪਣੀ ਥਾਂ ਮਹਾਨ ਹੈ।[11] ਗੁਰੂ ਜੀ ਦੀ ਵਿਸ਼ੇਸ਼ ਦੇਣ ਇਹ ਵੀ ਹੈ ਕਿ ਆਪ ਜੀ ਨੇ ਸਿੱਖ ਧਰਮ ਦੀ ਵੱਖਰੀ ਹੋਂਦ ਕਾਇਮ ਰੱਖੀ ਅਤੇ ਗੋਇੰਦਵਾਲ (ਸਿੱਖੀ ਦਾ ਧੁਰਾ) ਦੀ ਸਥਾਪਨਾ ਲਈ ਸ੍ਰੀ ਅਮਰਦਾਸ ਜੀ ਨੂੰ ਘੱਲਿਆ।

ਲੰਗਰ ਤੇ ਪੰਗਤ ਦੀ ਸੰਸਥਾ:

ਜਿਹੜੀ ਲੰਗਰ ਦੀ ਪ੍ਰਥਾ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਪ੍ਰਚਲਿਤ ਜਾਤੀ-ਪ੍ਰਥਾ (ਜਿਸ ਨੇ ਸਮਾਜ ਨੂੰ ਘੁਣ ਵਾਂਗ ਖੋਖਲਾ ਬਣਾ ਦਿੱਤਾ ਸੀ) ਤੇ ਊਚ-ਨੀਚ ਦੇ ਪਾੜੇ ਨੂੰ ਸਮਾਪਤ ਕਰਨ ਅਤੇ ਲੋੜਵੰਦਾਂ ਦੀ ਸਰੀਰਕ ਭੁੱਖ ਮਿਟਾਉਣ ਦੇ ਉਦੇਸ਼ ਨਾਲ ਕੀਤਾ ਸੀ, ਉਸ ਨੂੰ ਸੰਸਥਾ ਦਾ ਰੂਪ ਦੂਸਰੇ ਗੁਰੂ ਜੀ ਦੇ ਸਮੇਂ ਪ੍ਰਾਪਤ ਹੋਇਆ। ਆਪ ਜੀ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਮਰਯਾਦਾ ਬੰਨ੍ਹੀ। ਇਤਿਹਾਸਕਾਰਾਂ ਨੇ ਲੰਗਰ ਦੀ ਸੰਸਥਾ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਕੀਤਾ ਹੈ:

-ਲੰਗਰ ਦੋ ਵਕਤ ਹੋਵੇ, ਜੋ ਕੁਛ ਆਵੇ ਸਭ ਲੰਗਰ ਵਿਚ ਪਾ ਦੇਣ।
ਖੀਰ ਕੜਾਹ ਪ੍ਰਸਾਦਿ ਲੱਗਾ ਹੋਣ।
ਭਾਵੇ ਰਾਤ ਦਿਨ ਸੰਗਤ ਦੀ ਭੀੜ ਬਣੀ ਰਹੇ।[12]

-ਪੁੰਨ ਪ੍ਰਸਾਦਿ ਤਿਆਰ ਜਬ ਹੋਈ। ਸਭ ਰਸ ਹੋਵੈ ਪਾਕ ਰਸੋਈ।
ਸਤਿਗੁਰ ਲੰਗਰ ਦਿਆਲ ਜਬ ਆਵੈ। ਸਭ ਸੰਗੀ ਸਖਾ ਸੰਗ ਲੈ ਜਾਵੈ।
ਚਾਰ ਬਰਨ ਊਹਾਂ ਸਮਸਰੇ। ਮਾਟੀ ਕੇ ਬਰਤਨ ਭੋਜਨ ਕਰੇ।[13]

-ਬਡੀ ਮਹਿਮਾ ਜਗਤ ਮਹਿ ਹੋਈ। ਜੋ ਕੋਈ ਸੁਣੈ ਦਰਸਨ ਆਵੈ ਸੋਈ।
ਨਜਰ ਭੇਟ ਅਰਦਾਸਿ ਲਗੀ ਮਾਇਆ ਚੜ੍ਹਨੇ।
ਸਾਹਿਬ ਗੁਰੂ ਅੰਗਦ ਜੀ ਲੱਗੇ ਲੰਗਰ ਕਰਨੇ।[14]

ਲੰਗਰ ਤੇ ਪੰਗਤ ਦੀ ਸੰਸਥਾ ਵਿਚ ਅਧਿਆਤਮਿਕ, ਸਮਾਜਿਕ ਤੇ ਆਰਥਿਕ ਤੱਤਾਂ ਦਾ ਸੁਮੇਲ ਮੰਨਿਆ ਗਿਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਜਿੱਥੇ ਪ੍ਰਵਚਨਾਂ ਦੁਆਰਾ ਗੁਰੂ-ਦਰਬਾਰ ਵਿਚ ਆਉਣ ਵਾਲੇ ਜਗਿਆਸੂਆਂ ਨੂੰ ਆਤਮਕ ਗਿਆਨ ਦੇ ਭੋਜਨ ਦੁਆਰਾ ਤ੍ਰਿਪਤ ਕਰ ਕੇ ਉਨ੍ਹਾਂ ਦੇ ਮਨਾਂ ਦੀ ਭਟਕਣਾ ਨੂੰ ਦੂਰ ਕਰਦੇ ਸਨ, ਉਥੇ ਮਾਤਾ ਖੀਵੀ ਜੀ ਆਉਣ ਵਾਲੀਆਂ ਸੰਗਤਾਂ ਵਾਸਤੇ ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ ਸੰਭਾਲਦੇ ਸਨ। ਮਾਤਾ ਖੀਵੀ ਜੀ ਦੇ ਇਸ ਯੋਗਦਾਨ ਦਾ ਜ਼ਿਕਰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਗੁਰਬਾਣੀ ਵਿਚ ਕੀਤਾ ਹੈ। ਇਨ੍ਹਾਂ ਨੇ ਮਾਤਾ ਜੀ ਦੀ ਸ਼ਖ਼ਸੀਅਤ ਦੇ ਉੱਘੜਵੇਂ ਗੁਣਾਂ ਦਾ ਵਰਣਨ ਕਰਦਿਆਂ ਜਿੱਥੇ ਨੇਕ ਜਨ ਕਹਿ ਕੇ ਸਨਮਾਨਿਆ ਹੈ, ਉਥੇ ਨਾਲ ਹੀ ਮਾਤਾ ਜੀ ਦੀ ਸੰਗਤ ਵਿਚ ਮਿਲਣ ਵਾਲੇ ਸੁਖ ਤੇ ਸ਼ਾਂਤੀ ਨੂੰ ਬਹੁਤੀ ਛਾਉ ਪਤ੍ਰਾਲੀ ਦੇ ਰੂਪਕ ਨਾਲ ਰੂਪਮਾਨ ਕੀਤਾ ਹੈ। ਭਾਵ ਜਿਵੇਂ ਮਾਂ ਦੀ ਠੰਡੀ ਛਾਂ ਵਿਚ ਸੰਤਾਨ ਸੁਖ ਮਾਣਦੀ ਹੈ, ਉਸੇ ਪ੍ਰਕਾਰ ਮਾਤਾ ਜੀ ਦੀ ਸਨੇਹ ਤੇ ਪ੍ਰੇਮ ਰੂਪੀ ਸੰਘਣੀ ਛਾਂ ਸਿੱਖ ਸੰਗਤਾਂ ਨੂੰ ਅਥਾਹ ਸੁਖ ਪ੍ਰਦਾਨ ਕਰਦੀ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ (ਪੰਨਾ ੯੬੭)

SikhBookClub.com

ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਅਨੁਸਾਰ ਹੀ ਸੰਭਾਲੀ ਗਈ ਸੀ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਆਪ ਜੀ ਨੇ ਫ਼ੁਰਮਾਇਆ- ਜਦੋਂ ਮੇਰੇ ਦਾਤੇ ਨੇ ਮੈਨੂੰ ਸ਼ਬਦ-ਦਾਨ ਦਾ ਕੜਛਾ ਬਖਸ਼ਿਆ ਸੀ ਤਦੋਂ ਤੇਰੇ ਹਿੱਸੇ ਅੰਨ ਦੇਗ ਦਾ ਕੜਛਾ ਆਇਆ ਸੀ। ਵਰਤਾ, ਰਮਜ਼ਾਂ ਸਮਝਣ ਵਾਲੀ ਵਿਰਾਈ ਲੰਗਰ ਵੱਲ ਉਠ ਗਈ ਤੇ ਇਕ ਵੱਡੀ ਕੜਛੀ ਲਿਆ ਕੇ ਸਾਹਿਬਾਂ ਦੇ ਅੱਗੇ ਧਰ ਦਿੱਤੀ, ਪਾਤਸ਼ਾਹ! ਮੇਰੇ ਗੁਰੂ ਨਾਨਕ ਰਾਜ ਦੇ ਰਾਜ ਧਨੀ! ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ-ਦਾਨ ਦਾ ਕੜਛਾ ਆਪ ਆਪਣੇ ਹੱਥੀਂ ਆਪ ਨੂੰ ਸੌਂਪਿਆ ਸੀ। ਅੰਨ ਦਾਨ ਦਾ ਇਹ ਕੜਛਾ ਆਪ ਆਪਣੇ ਹੱਥੀਂ ਰਜ਼ਾ ਵਿਚ ਰਾਜ਼ੀ ਮੇਰੀ ਭਰਜਾਈ ਨੂੰ ਦਾਨ ਕਰੋ।[15] 'ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੰਨ ਦੇਗ ਦਾ ਕੜਛਾ ਮਾਤਾ ਖੀਵੀ ਜੀ ਨੂੰ ਇਵੇਂ ਫੜਾਇਆ ਜਿਵੇਂ ਭਵਿੱਖ ਵਿਚ ਬੋਹੜ ਬਣ ਜਾਣ ਵਾਲੇ ਕਿਸੇ ਵੱਡੇ ਦਰਖ਼ਤ ਦੀ ਪੌਂਦ ਉਨ੍ਹਾਂ ਦੇ ਸਪੁਰਦ ਕੀਤੀ ਗਈ ਹੋਵੇ। ਮਾਤਾ ਖੀਵੀ ਜੀ ਨੇ ਇਸ ਨਵੀਂ ਅੰਕੁਰਿਤ ਹੋ ਰਹੀ ਲੰਗਰ ਰੂਪੀ ਸੰਸਥਾ ਦੀ ਪੌਂਦ ਨੂੰ ਸਿੰਜਿਆ, ਸਵਾਰਿਆ ਤੇ ਜਰਖੇਜ਼ ਕੀਤਾ। ਨਤੀਜੇ ਵਜੋਂ ਉਨ੍ਹਾਂ ਦੀ ਸੁਚੱਜੀ ਸਰਪ੍ਰਸਤੀ ਹੇਠਾਂ ਲੰਗਰ ਇਕ ਪੂਰੀ ਤਰ੍ਹਾਂ ਵਿਕਸਿਤ ਤੇ ਸੰਪੂਰਨ ਸੰਸਥਾ ਦੇ ਰੂਪ ਵਿਚ ਸਿੱਖ ਪਰੰਪਰਾ ਦਾ ਅੰਗ ਬਣ ਗਿਆ। ਨਿਰਸੰਦੇਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਕਾਲ ਵਿਚ ਮਾਤਾ ਖੀਵੀ ਜੀ ਦਾ ਇਹ ਚਮਤਕਾਰੀ ਯੋਗਦਾਨ ਸੀ।'[16]

ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਉਨ੍ਹਾਂ ਦੇ ਹੋਰ ਉਤਰਾਧਿਕਾਰੀ ਗੁਰੂ ਸਾਹਿਬਾਨ ਦੇ ਯੋਗਦਾਨ ਸਦਕਾ ਹੀ ਅੱਜ ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਦੂਸਰੇ ਧਰਮਾਂ ਦੇ ਮੁਕਾਬਲੇ ਆਪਣੀ ਵਿਲੱਖਣ, ਨਿਰਾਲੀ ਤੇ ਅਦੁੱਤੀ ਹੋਂਦ ਰੱਖਦੀ ਹੈ। ਇਸ ਸੰਸਥਾ ਨੇ ਸਿੱਖ ਧਰਮ ਦੀ ਵਿਲੱਖਣਤਾ ਨੂੰ ਉਭਾਰਿਆ ਹੈ ਅਤੇ ਸੰਗਤ ਤੇ ਪੰਗਤ ਦੇ ਸਿਧਾਂਤ ਨੂੰ ਪ੍ਰਪੱਕ ਕੀਤਾ ਹੈ। ਗੁਰੂ ਦੇ ਲੰਗਰ ਵਿਚ ਹਰ ਵਿਅਕਤੀ ਬਗ਼ੈਰ ਕਿਸੇ ਵਿਤਕਰੇ ਦੇ ਪਰਸ਼ਾਦਾ ਛਕ ਸਕਦਾ ਹੈ।

ਗੁਰਮੁਖੀ ਲਿੱਪੀ ਦੀ ਸਿਰਜਣਾ ਤੇ ਪ੍ਰਚਾਰ:

ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਸਿੱਖ ਧਰਮ ਦੇ ਵਿਕਾਸ ਵਿਚ ਕੀਤੇ ਕਾਰਜਾਂ ਵਿੱਚੋਂ ਮੁੱਖ ਕਾਰਜ ਗੁਰਮੁਖੀ ਲਿੱਪੀ ਦੀ ਸਿਰਜਣਾ ਅਤੇ ਇਸ ਨੂੰ ਹਰਮਨ ਪਿਆਰਾ ਬਣਾਉਣ ਲਈ ਯਤਨ ਕਰਨੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਾਈ ਬੋਲੀ ਬੋਲਣ ਵਾਲਿਆਂ ਨੂੰ ਚੰਗਾ ਨਾ ਸਮਝ ਕੇ ਟਕੋਰ ਕੀਤੀ ਹੈ ਕਿ 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥' ਇਸ ਲਈ ਦੂਸਰੇ ਪਾਤਸ਼ਾਹ ਨੇ ਆਪਣੀ ਬੋਲੀ ਤੇ ਲਿੱਪੀ (ਪੰਜਾਬੀ ਤੇ ਗੁਰਮੁਖੀ) ਨੂੰ ਪੜ੍ਹਨ-ਪੜ੍ਹਾਉਣ 'ਤੇ ਬਹੁਤ ਜ਼ੋਰ ਦਿੱਤਾ। ਇਕ ਰਵਾਇਤ ਅਨੁਸਾਰ ਆਪ ਜੀ ਨੇ ਆਪਣੇ ਸਿੱਖਾਂ ਨੂੰ ਪੈਂਤੀ ਪੜ੍ਹਾਉਣ ਲਈ ਇਕ 'ਬਾਲਬੋਧ' ਵੀ ਤਿਆਰ ਕਰਵਾਇਆ ਸੀ। "Guru Angad like Professor Huxley, did not consider it beneath his dignity to write primers for children, and he accordingly composed a number of mottoes and moral maxims which accompany the letters of the Alphabets."[17]

ਪ੍ਰਸਿੱਧ ਭਾਸ਼ਾ-ਵਿਗਿਆਨੀ ਡਾ. ਹਰਕੀਰਤ ਸਿੰਘ ਨੇ ਤੱਤਾਂ ਦੇ ਅਧਾਰ 'ਤੇ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਨ ਭਾਸ਼ਾ ਵਿਗਿਆਨੀ ਤੇ ਲਿੱਪੀ ਵਿਗਿਆਨੀ ਸਨ ਜਿਨ੍ਹਾਂ ਨੇ ਗੁਰਮੁਖੀ ਦੀ ਸਿਰਜਣਾ ਕੀਤੀ।

SikhBookClub.com

ਇਸ ਤਰ੍ਹਾਂ ਆਪ ਜੀ ਨੇ ਪੈਂਤੀ ਅੱਖਰਾਂ ਨੂੰ ਤਰਤੀਬ ਨਾਲ ਜੋੜ ਕੇ ਗੁਰਮੁਖੀ ਭਾਸ਼ਾ ਪ੍ਰਚਲਿਤ ਕੀਤੀ। ਇਸ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਠਾ ਕਰ ਕੇ ਗੁਰਮੁਖੀ ਵਿਚ ਲਿਖਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ ਗੁਰਮੁਖੀ ਵਿਚ ਲਿਖਵਾਉਣ ਦਾ ਉਪਰਾਲਾ ਕੀਤਾ। ਇਸ ਤੱਥ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਨੇ ਵੀ ਕੀਤੀ ਹੈ:

ਅੱਖਰ ਰਚ ਕੇ ਗੁਰਮੁਖੀ ਫਿਰ ਸਿੱਖਨ ਪੜ੍ਹਾਏ।
ਗੁਰ ਕੀ ਬਾਣੀ ਅਰ ਕਥਾ ਇਕ ਮੈਂ ਲਿਖਵਾਏ।

ਉਤਰਾਧਿਕਾਰੀ ਦੀ ਚੋਣ ਅਤੇ ਜੋਤੀ ਜੋਤਿ ਸਮਾਉਣਾ:

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਦ-ਚਿੰਨ੍ਹਾਂ 'ਤੇ ਚਲਦਿਆਂ ਆਪਣੇ ਉਤਰਾਧਿਕਾਰੀ ਦੀ ਚੋਣ ਪੂਰੀ ਘੋਖ-ਪੜਤਾਲ (ਸੇਵਾ ਤੇ ਸਿਮਰਨ ਦੀ ਕਸਵੱਟੀ 'ਤੇ ਪਰਖ ਕੇ) ਕਰਕੇ ਸੰਪੂਰਨ ਕੀਤੀ। ਆਪਣੇ ਪੁੱਤਰਾਂ ਨੂੰ ਅਯੋਗ ਸਮਝ ਕੇ ਤੇ ਸ੍ਰੀ ਅਮਰਦਾਸ ਜੀ (ਗੁਰੂ) ਨੂੰ ਯੋਗ ਜਾਣ ਕੇ ਉਨ੍ਹਾਂ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਤੇ ਗੁਰਤਾ ਗੱਦੀ ਸੰਭਾਲ ਦਿੱਤੀ। ਗੁਰੂ-ਕਿਰਪਾ ਦੁਆਰਾ ਸ੍ਰੀ ਅਮਰਦਾਸ ਜੀ ਨੂੰ ਸੇਵਕ ਤੋਂ (ਤੀਸਰੇ ਗੁਰੂ) ਸ੍ਰੀ ਗੁਰੂ ਅਮਰਦਾਸ ਜੀ ਬਣਨ ਦਾ ਮਾਣ ਪ੍ਰਾਪਤ ਹੋਇਆ ਤੇ ਉਨ੍ਹਾਂ ਵਿਚ ਨਾਨਕ-ਜੋਤਿ ਪ੍ਰਵੇਸ਼ ਕਰ ਗਈ:

ਨਾਨਕ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥ *(ਪੰਨਾ ੯੬੮)*

ਗੁਰਿ ਨਾਨਕਿ ਅੰਗਦੁ ਵਰ੍ਹ੍ਯੋ ਗੁਰਿ ਅੰਗਦਿ ਅਮਰ ਨਿਧਾਨੁ॥ *(ਪੰਨਾ ੧੪੦੭)*

ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥ *(ਪੰਨਾ ੧੪੦੮)*

ਸ੍ਰੀ ਗੁਰੂ ਅੰਗਦ ਦੇਵ ਜੀ 3 ਵੈਸਾਖ, ਨਾਨਕਸ਼ਾਹੀ 84 (29 ਮਾਰਚ, 1552 ਈ.) ਨੂੰ ਖਡੂਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ।[18]

ਰਚਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ 63 ਸਲੋਕ ਦਰਜ ਹਨ। ਇਨ੍ਹਾਂ ਸਲੋਕਾਂ ਦੀ ਗਿਣਤੀ ਹੇਠ ਲਿਖੇ ਚਾਰਟ ਵਿਚ ਵਾਰਾਂ ਦੀ ਤਰਤੀਬ ਅਨੁਸਾਰ ਦਰਸਾਈ ਗਈ ਹੈ:

ਕ੍ਰਮ ਸੰਖਿਆ	ਵਾਰ ਦਾ ਨਾਂ	ਸਲੋਕਾਂ ਦੀ ਗਿਣਤੀ
1	ਸਿਰੀਰਾਗੁ ਮਹਲਾ ੪	2
2	ਮਾਝ ਮਹਲਾ ੧	12
3	ਆਸਾ ਮਹਲਾ ੧	15
4	ਸੋਰਠਿ ਮਹਲਾ ੪	1
5	ਸੂਹੀ ਮਹਲਾ ੩	11
6	ਰਾਮਕਲੀ ਮਹਲਾ ੩	7
7	ਮਾਰੂ ਮਹਲਾ ੩	1
8	ਸਾਰੰਗ ਮਹਲਾ ੪	9
9	ਮਲਾਰ ਮਹਲਾ ੧	5

SikhBookClub.com

ਬੇਸ਼ੱਕ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਅਕਾਰ ਬਹੁਤ ਘੱਟ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦ੍ਰਿੜ੍ਹਾਏ ਗਏ ਗੁਰਮਤਿ ਤੇ ਗੁਰ-ਦਰਸ਼ਨ ਸੰਬੰਧੀ ਸਾਰੇ ਬੁਨਿਆਦੀ ਸਿਧਾਂਤ ਆਪ ਜੀ ਦੀ ਬਾਣੀ ਵਿਚ ਆਏ ਹੋਏ ਹਨ। ਸਲੋਕਾਂ ਵਿਚ ਵਿਚਾਰਾਂ ਦਾ ਅਥਾਹ ਸਾਗਰ ਭਰਿਆ ਹੋਇਆ ਹੈ। ਉਨ੍ਹਾਂ ਵਿੱਚੋਂ ਕੁਝ ਵਿਸ਼ਿਆਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ:

ਅਕਾਲ ਪੁਰਖ:

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਵਿਚ ਅਕਾਲ ਪੁਰਖ ਦੇ ਸਰੂਪ ਤੇ ਉਸ ਦੇ ਅਨੰਤ ਗੁਣਾਂ ਦਾ ਬਿਆਨ ਕੀਤਾ ਗਿਆ ਹੈ- ਪਰਮਾਤਮਾ ਇਕ ਹੈ (ਸਭਨਾ ਸਾਹਿਬੁ ਏਕੁ ਹੈ), ਸ੍ਰਿਸ਼ਟੀ ਦਾ ਕਰਤਾ ਹੈ (ਜਿਨਿ ਕੀਤਾ ਆਕਾਰੁ), ਸਭ ਕੁਝ ਕਰਨ ਦੇ ਸਮਰੱਥ (ਕਰਣ ਕਾਰਣ ਸਮਰਥੁ) ਹੈ, ਅੰਤਰਜਾਮੀ (ਆਪੇ ਜਾਣੈ ਜਾਣੁ) ਹੈ, ਸਦਾ ਕਾਇਮ ਰਹਿਣ ਵਾਲਾ (ਸਦੀਵ ਹੈ) ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ (ਅੰਤੁ ਨ ਪਾਰਾਵਾਰੁ), ਆਪ ਹੀ ਸਾਰਾ ਖੇਲ ਰਚਾਉਣ ਵਾਲਾ ਹੈ ਕੋਈ ਦੂਜਾ ਨਹੀਂ ਹੈ, ਸਾਰਿਆਂ ਵਿਚ ਜੋਤਿ ਸਰੂਪ ਹੋ ਕੇ ਵਿਚਰ ਰਿਹਾ ਹੈ, ਆਦਿ। ਅਕਾਲ ਪੁਰਖ ਦੀ ਵਡਿਆਈ ਵਿਚ ਲਿਖੇ ਨਿਮਨ ਅੰਕਿਤ ਸਲੋਕ ਵਿਚਾਰਨ ਯੋਗ ਹਨ:

ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥ (ਪੰਨਾ ੧੨੩੮)

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥ (ਪੰਨਾ ੧੪੮)

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥ (ਪੰਨਾ ੧੪੮)

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥ (ਪੰਨਾ ੧੩੮)

ਗੁਰੂ ਜੀ ਅਨੁਸਾਰ ਕੇਵਲ ਅਕਾਲ ਪੁਰਖ ਹੀ ਸਾਰੇ ਜੀਵਾਂ ਨੂੰ ਸਦੀਵ-ਕਾਲ ਰੋਜ਼ੀ ਦੇਣ ਵਾਲਾ ਵੱਡਾ ਦਾਤਾ ਹੈ:

ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥...
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੋਇ॥ (ਪੰਨਾ ੯੫੫)

ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ॥ (ਪੰਨਾ ੧੨੩੯)

ਸ੍ਰਿਸ਼ਟੀ/ਜਗਤ:

ਗੁਰੂ ਜੀ ਨੇ ਇਸ ਜਗਤ ਨੂੰ ਸੱਚਾ ਆਖਿਆ ਹੈ ਕਿਉਂਕਿ ਇਸ ਵਿਚ ਅਕਾਲ ਪੁਰਖ ਦਾ ਨਿਵਾਸ ਹੈ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ (ਪੰਨਾ ੪੬੩)

ਅਕਾਲ ਪੁਰਖ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਆਪ ਹੀ ਇਸ ਨੂੰ ਸਜਾਉਂਦਾ ਤੇ ਆਪ ਹੀ ਸੰਭਾਲ ਕਰਦਾ ਹੈ। ਇਸ ਸ੍ਰਿਸ਼ਟੀ ਵਿਚ ਜੀਵਾਂ ਨੂੰ ਆਪ ਹੀ ਪੈਦਾ ਕਰ ਕੇ ਵੇਖਦਾ, ਟਿਕਾਉਂਦਾ ਤੇ ਆਪ ਹੀ ਢਾਹ ਦਿੰਦਾ ਹੈ:

ਆਪੇ ਸਾਜੇ ਕਰੇ ਆਪਿ ਜਾਣੀ ਭਿ ਰਖੈ ਆਪਿ॥
ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ॥

SikhBookClub.com

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥ *(ਪੰਨਾ ੪੭੫)*

ਜੀਵ:

ਸਭ ਜੀਵਾਂ ਨੂੰ ਪਰਮਾਤਮਾ ਨੇ ਆਪਣੇ ਹੁਕਮ ਦੁਆਰਾ ਸਾਜਿਆ ਹੈ ਤੇ ਆਪਣੇ ਹੁਕਮ ਵਿਚ ਰੱਖ ਕੇ ਹੀ ਸਾਰਿਆਂ ਦੀ ਸੰਭਾਲ ਕਰਦਾ ਹੈ:

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥

(ਪੰਨਾ ੧੨੪੩)

ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਇਸ ਸੰਸਾਰ-ਸਾਗਰ ਵਿੱਚੋਂ ਬਚਾ ਕੇ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ਅਤੇ ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਹੀ ਇਸੇ ਵਿਚ ਡੋਬ ਦੇਂਦਾ ਹੈ । ਕਈ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਆ ਦੇ ਮੋਹ ਵਿੱਚੋਂ ਕੱਢ ਲੈਂਦਾ ਹੈ, ਕਈਆਂ ਨੂੰ ਇਸੇ ਵਿਚ ਫਸਾਈ ਰੱਖਦਾ ਹੈ। ਇਹ ਗੱਲ ਭੀ ਦੱਸੀ ਨਹੀਂ ਜਾ ਸਕਦੀ ਕਿ ਰੱਬ ਕਿਸ ਦਾ ਬੇੜਾ ਪਾਰ ਕਰਦਾ ਹੈ। ਜਿਸ ਮਨੁੱਖ ਨੂੰ ਗੁਰੂ ਦੀ ਰਾਹੀਂ ਗਿਆਨ ਰੂਪੀ ਚਾਨਣ ਬਖ਼ਸ਼ਦਾ ਹੈ, ਉਸ ਨੂੰ ਸਮਝ ਪੈ ਜਾਂਦੀ ਹੈ:

ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥

(ਪੰਨਾ ੪੬੩)

ਜੀਵ ਅਕਾਲ ਪੁਰਖ ਦੇ ਹੁਕਮ ਨਾਲ ਇਸ ਜਗਤ ਵਿਚ ਆਇਆ ਹੈ ਤੇ ਜਦੋਂ ਅਕਾਲ ਪੁਰਖ ਦਾ ਹੁਕਮ ਹੋਇਆ ਇਸ ਨੇ ਚਲੇ ਜਾਣਾ ਹੈ। ਜੰਮਣਾ ਤੇ ਮਰਨਾ ਇਸ ਦੇ ਹੱਥ ਵਿਚ ਨਹੀਂ ਹੈ:

ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ॥
ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

(ਪੰਨਾ ੧੨੩੯)

ਗੁਰੂ ਜੀ ਨੇ ਹੇਠ ਲਿਖੀਆਂ ਤੁਕਾਂ ਵਿਚ ਜੀਵਨ ਦੇ ਥੋੜ੍ਹ-ਚਿਰੇ ਹੋਣ ਦਾ ਅਹਿਸਾਸ ਕਰਵਾਇਆ ਹੈ:

ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥
ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ॥

(ਪੰਨਾ ੭੮੭)

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ॥ *(ਉਹੀ)*

SikhBookClub.com

ਸੱਚ ਤਾਂ ਇਹ ਹੈ ਕਿ ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ ਹੈ। ਮਾਲਕ ਦੀ ਰਜ਼ਾ ਅਨੁਸਾਰ ਜਿੱਥੇ ਉਸ ਦਾ ਦਾਣਾ-ਪਾਣੀ ਹੁੰਦਾ ਹੈ ਉੱਥੇ ਖਾਣਾ ਪੈਂਦਾ ਹੈ ਅਰਥਾਤ ਮਨੁੱਖ ਨੂੰ ਰਿਜ਼ਕ ਹੀ (ਦੇਸ ਪਰਦੇਸ ਵਿਚ) ਖਿੱਚੀ ਫਿਰਦਾ ਹੈ:

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥

(ਪੰਨਾ ੬੫੩)

ਜੀਵਨ-ਉਦੇਸ਼:

ਗੁਰਬਾਣੀ ਵਿਚ ਮਨੁੱਖੀ ਜੀਵਨ ਦਾ ਉਦੇਸ਼ ਬ੍ਰਹਮ ਨੂੰ ਪਛਾਣਨਾ ਭਾਵ ਆਪਣੇ ਮੂਲ ਨਾਲ ਸਾਂਝ ਪਾਉਣੀ ਦੱਸਿਆ ਹੈ। ਗੁਰੂ ਦੀ ਕਿਰਪਾ ਨਾਲ ਜੋ ਜੀਵ ਪਰਮਾਤਮਾ ਦੇ ਨਾਮ ਵਿਚ ਜੁੜਦੇ ਹਨ ਉਹ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਂਦੇ ਹਨ। ਇਸ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੀਵ ਨੂੰ ਸਚਾਈ ਤੋਂ ਜਾਣੂ ਕਰਵਾਇਆ ਹੈ ਕਿ ਅਕਾਲ ਪੁਰਖ ਨੂੰ ਪਛਾਣੇ ਬਿਨਾਂ ਉਸ ਦਾ ਜਨਮ ਵਿਅਰਥ ਜਾ ਰਿਹਾ ਹੈ:

ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ॥
ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ॥ *(ਪੰਨਾ ੧੪੮)*

ਹਉਮੈ:

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਪ੍ਰਭੂ-ਮਿਲਣ ਵਿਚ ਹਉਮੈ ਸਭ ਤੋਂ ਵੱਡੀ ਰੁਕਾਵਟ ਹੈ ਕਿਉਂਕਿ ਇਸ ਕਾਰਨ ਜੀਵ ਵੱਖਰੀ ਹੋਂਦ ਬਣਾ ਲੈਂਦਾ ਹੈ। ਹਉਮੈ ਮਨੁੱਖ ਦੇ ਜਨਮ-ਮਰਨ ਦੇ ਚੱਕਰ ਦਾ ਕਾਰਨ ਬਣਦੀ ਹੈ। ਸਲੋਕ ਵਿਚ ਤਿੰਨ ਗੱਲਾਂ ਸਾਹਮਣੇ ਆਉਂਦੀਆਂ ਹਨ- ਪਹਿਲੀ, ਹਉਮੈ ਦੀਰਘ ਰੋਗ ਹੈ; ਦੂਸਰੇ, ਇਹ ਲਾ-ਇਲਾਜ ਨਹੀਂ ਹੈ; ਤੀਸਰੇ, ਪ੍ਰਭੂ ਦੀ ਕਿਰਪਾ ਨਾਲ ਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਇਹ ਰੋਗ ਕੱਟਿਆ ਜਾ ਸਕਦਾ ਹੈ:

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥...
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ *(ਪੰਨਾ ੪੬੬)*

ਗੁਰੂ:

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਵਿਸ਼ੇਸ਼ ਵਿਸ਼ਾ ਗੁਰੂ ਦੀ ਮਹਿਮਾ ਹੈ। ਆਪ ਜੀ ਦਾ ਵਿਸ਼ਵਾਸ ਹੈ ਕਿ ਗੁਰੂ ਚਾਨਣ-ਮੁਨਾਰਾ ਹੈ। ਜੇ ਅਨੰਤ ਰੋਸ਼ਨੀਆਂ ਹੋ ਜਾਣ ਫਿਰ ਵੀ ਗੁਰੂ ਦੇ ਗਿਆਨ ਤੋਂ ਬਿਨਾਂ ਅਗਿਆਨ ਰੂਪੀ ਘੁੱਪ ਹਨੇਰਾ ਖ਼ਤਮ ਨਹੀਂ ਹੁੰਦਾ। ਗੁਰੂ ਕੁੰਜੀ ਹੈ, ਇਸ ਤੋਂ ਬਿਨਾਂ ਮਨ ਦਾ ਬੂਹਾ ਨਹੀਂ ਖੁੱਲ੍ਹ ਸਕਦਾ ਭਾਵ, ਮਨ ਤੋਂ ਮਾਇਆ ਦਾ ਪ੍ਰਭਾਵ ਗੁਰੂ ਹੀ ਦੂਰ ਕਰ ਸਕਦਾ ਹੈ। ਗੁਰ-ਵਾਕ ਹਨ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

SikhBookClub.com

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਪੰਨਾ ੪੬੩)

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩)

ਗੁਰੂ ਜੀ ਨੇ ਗੁਰ-ਉਪਦੇਸ਼ ਭਾਵ, ਪ੍ਰਭੂ ਦੇ ਨਾਮ ਵਿਚ ਜੁੜਨ ਦੀ ਸਿੱਖਿਆ ਨੂੰ ਹੋਰ ਸਾਰੀਆਂ ਸਿੱਖਿਆਵਾਂ ਤੋਂ ਉੱਪਰ ਮੰਨਿਆ ਹੈ। ਜਿਨ੍ਹਾਂ ਨੂੰ ਗੁਰੂ ਨੇ ਸਿੱਖਿਆ ਦੇ ਕੇ ਗਿਆਨ ਦਿੱਤਾ ਹੈ ਤੇ ਸਿਫ਼ਤਿ-ਸਾਲਾਹ ਦੇ ਰਾਹੀਂ ਸੱਚ ਵਿਚ ਜੋੜਿਆ ਹੈ, ਉਨ੍ਹਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਪੰਨਾ ੧੫੦)

ਜਦੋਂ ਅਸੀਂ ਆਪਣੇ ਮਨ ਵਿਚ ਚਤਰ ਬਣ ਕੇ ਗੁਰੂ ਨੂੰ ਮਨੋਂ ਵਿਸਾਰ ਦੇਂਦੇ ਹਾਂ, ਗੁਰੂ ਦੀ ਰਾਹਬਰੀ ਦੀ ਲੋੜ ਨਹੀਂ ਸਮਝਦੇ, ਤਾਂ ਇਸ ਮਨ ਦੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਅਨੇਕਾਂ ਮਾਲਕ ਬਣ ਜਾਂਦੇ ਹਨ ਭਾਵ ਮਨ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ:

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਭੁਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥...

(ਪੰਨਾ ੪੬੩)

ਅਕਾਲ ਪੁਰਖ ਨਾਲ ਮਿਲਣ ਦੇ ਸਾਧਨ:

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਕਾਲ ਪੁਰਖ ਨੂੰ ਮਿਲਣ ਲਈ ਉਸ ਦੇ ਹੁਕਮ ਨੂੰ ਪਛਾਣਨਾ ਲਾਜ਼ਮੀ ਸ਼ਰਤ ਦੱਸੀ ਹੈ। ਆਪ ਜੀ ਨੇ ਆਪ 'ਹੁਕਮੁ ਪਛਾਣਿ' ਦੇ ਸਿਧਾਂਤ ਨੂੰ ਅਮਲੀ ਤੌਰ 'ਤੇ ਜੀਵਨ ਵਿਚ ਅਪਣਾ ਕੇ ਮਿਸਾਲ ਕਾਇਮ ਕੀਤੀ ਹੈ:

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਪੰਨਾ ੧੩੯)

ਜੀਵ ਰੂਪੀ ਇਸਤਰੀ ਨੂੰ ਸੇਧ ਦਿੱਤੀ ਹੈ ਕਿ ਜੇ ਉਹ ਪਰਮਾਤਮਾ-ਪਤੀ ਦਾ ਸੰਜੋਗ ਚਾਹੁੰਦੀ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਸ ਦੇ ਭਉ ਤੇ ਭਾਉ ਵਿਚ ਰਹਿ ਕੇ ਆਪਣੀ ਸੁਰਤਿ ਨੂੰ ਪ੍ਰਭੂ ਦੀ ਯਾਦ ਵਿਚ ਹਮੇਸ਼ਾ ਜੋੜ ਕੇ ਰੱਖੇ:

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥

(ਉਹੀ)

SikhBookClub.com

ਜਿਨ੍ਹਾਂ ਜੀਵ-ਇਸਤਰੀਆਂ ਦਾ ਪਿਆਰ ਪ੍ਰਭੂ-ਪਤੀ ਨੂੰ ਛੱਡ ਕੇ ਹੋਰਨਾਂ ਨਾਲ ਹੁੰਦਾ ਹੈ ਉਹ ਮੰਦ-ਭਾਗਣਾਂ ਦੁਖੀ ਹੁੰਦੀਆਂ ਹਨ। ਦੂਜੇ ਪਾਸੇ ਜਿਨ੍ਹਾਂ ਦਾ ਪਰਮਾਤਮਾ ਨਾਲ ਪਿਆਰ ਬਣਿਆ ਹੈ ਉਹ ਭਾਗਾਂ ਵਾਲੀਆਂ ਸੁਖੀ ਜੀਵਨ ਬਿਤਾਉਂਦੀਆਂ ਹਨ:

ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ॥ *(ਪੰਨਾ ੧੨੮੦)*

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ॥ *(ਉਹੀ)*

ਗੁਰੂ ਜੀ ਨੇ ਅਕਾਲ ਪੁਰਖ ਦੇ ਮਿਲਾਪ ਲਈ ਮਨੁੱਖ ਨੂੰ ਅਕਾਲ ਪੁਰਖ (ਪਰਮਾਤਮਾ) ਨੂੰ ਸਦਾ ਯਾਦ ਕਰਨ ਭਾਵ ਨਾਮ ਜਪਣ ਦੀ ਪ੍ਰੇਰਨਾ ਦਿੱਤੀ ਹੈ। ਆਪ ਜੀ ਨੇ ਨਿਸਚਾ ਕਰਵਾਇਆ ਹੈ ਕਿ ਜਿਨ੍ਹਾਂ ਮਨੁੱਖਾਂ ਨੇ ਨਾਮ ਸਿਮਰਿਆ ਹੈ, ਉਹ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਹੋ ਗਏ ਹਨ ਅਤੇ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਹੋਰ ਅਨੇਕਾਂ ਤਰ ਰਹੇ ਹਨ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥

(ਪੰਨਾ ੧੪੬)

ਨਾਮ ਜਪਣ ਵਾਲਿਆਂ ਦੇ ਮਨ ਅੱਠੇ ਪਹਿਰ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗੇ ਰਹਿੰਦੇ ਹਨ:

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥

(ਪੰਨਾ ੧੨੩੮)

ਗੁਰੂ ਜੀ ਨੇ ਨਾਮ-ਸਿਮਰਨ ਤੋਂ ਬਿਨਾਂ ਹੋਰ ਸਾਰੇ ਕੰਮ (ਧਾਰਮਿਕ ਕਰਮਕਾਂਡ) ਵਿਅਰਥ ਕਹੇ ਹਨ। ਨਾਮ ਜਪਣ ਵਾਲਾ ਪਰਮਾਤਮਾ ਦੇ ਦਰਬਾਰ ਵਿਚ ਆਦਰ ਪਾਉਂਦਾ ਹੈ:

ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ॥

(ਪੰਨਾ ੯੫੪)

ਗੁਰੂ ਜੀ ਨੇ ਨਾਮ ਨੂੰ ਅੰਮ੍ਰਿਤ ਆਖਿਆ ਹੈ ਜੋ ਹਰੇਕ ਮਨੁੱਖ ਦੇ ਮਨ ਵਿਚ ਹੀ ਹੈ, ਪਰ ਮਿਲਦਾ ਹੈ ਗੁਰੂ ਦੀ ਕਿਰਪਾ ਨਾਲ; ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਲਿਖਿਆ ਹੋਇਆ ਹੈ; ਉਨ੍ਹਾਂ ਨੇ ਹੀ ਸੁਆਦ ਨਾਲ ਪੀਤਾ ਹੈ:

ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥
ਤਿਨੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥

(ਪੰਨਾ ੧੨੩੮)

ਅਰਦਾਸ:

ਅਰਦਾਸ ਸਿੱਖ ਦੇ ਜੀਵਨ ਦਾ ਅਟੁੱਟ ਅੰਗ ਹੈ। ਸੇਵਕ ਨੇ ਕੇਵਲ ਸਰਵਸ਼ਕਤੀਮਾਨ ਅਕਾਲ ਪੁਰਖ ਅੱਗੇ ਅਰਦਾਸ ਕਰਨੀ ਹੈ ਕਿਉਂਕਿ ਉਹ ਹੀ ਸਾਰੇ ਕਾਰਜ ਰਾਸ ਕਰਨ ਵਾਲਾ ਹੈ ਅਤੇ ਅਰਦਾਸ ਸਤਿਕਾਰ ਸਹਿਤ ਕਰਨੀ ਹੈ:

SikhBookClub.com

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥

(ਪੰਨਾ ੪੭੪)

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥ *(ਪੰਨਾ ੧੦੯੩)*

ਆਦਰਸ਼ਕ ਪ੍ਰਭੂ ਪ੍ਰੇਮ/ ਸੱਚਾ ਪਿਆਰ:

ਗੁਰੂ ਜੀ ਨੇ ਪਿਆਰ ਕਰਨ ਵਾਲੇ ਸਿੱਖ ਨੂੰ ਸੱਚੇ ਪ੍ਰੇਮ ਦੀ ਪਰਿਭਾਸ਼ਾ ਦੱਸ ਕੇ ਸਮਝਾਇਆ ਹੈ ਕਿ ਪਿਆਰ ਨਿਸ਼ਕਾਮ ਹੋਵੇ ਭਾਵ ਇਸ ਨੂੰ ਵਪਾਰ ਦੀ ਚੀਜ਼ ਨਾ ਬਣਾਇਆ ਜਾਵੇ। ਸੱਚਾ ਪਿਆਰ ਹੈ- ਪਿਆਰੇ ਦੇ ਹੁਕਮ ਵਿਚ ਰਾਜ਼ੀ ਰਹਿਣਾ ਤੇ ਸਦਾ ਉਸ ਨੂੰ ਯਾਦ ਕਰਨਾ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥

(ਪੰਨਾ ੪੭੪)

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥

(ਪੰਨਾ ੭੯੧-੯੨)

ਗੁਰਬਾਣੀ ਅਨੁਸਾਰ ਪਿਆਰੇ ਨਾਲ ਮਿਲਣ ਦਾ ਅਰਥ ਅੰਤਰ-ਆਤਮੇ ਦੋ ਆਤਮਾਵਾਂ ਦਾ ਜਾਂ ਆਤਮਾ ਦਾ ਪਰਮਾਤਮਾ ਨਾਲ ਮਿਲਣਾ ਹੈ:

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥

(ਪੰਨਾ ੭੯੧)

ਆਪਣੇ ਸਹੁ ਨੂੰ ਸੱਚਾ ਪਿਆਰ ਕਰਨ ਵਾਲੀਆਂ ਸੁਹਾਗਣਾਂ ਸਦੀਵੀ ਸੁਖ ਦੀ ਪ੍ਰਾਪਤੀ ਕਰ ਲੈਂਦੀਆਂ ਹਨ:

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ॥

(ਪੰਨਾ ੧੨੮੦)

ਸੇਵਕ/ਚਾਕਰ ਦੇ ਲੱਛਣ:

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਆਪਾ-ਭਾਵ ਗਵਾ ਕੇ ਤੇ ਹੁਕਮ ਰਜ਼ਾ ਵਿਚ ਰਹਿ ਕੇ ਸੇਵਾ ਕਰਨ ਵਾਲਾ ਸੇਵਕ ਪ੍ਰਵਾਨ ਹੁੰਦਾ ਹੈ। ਆਪਣੇ ਮਾਲਕ ਦੀ ਮਰਜ਼ੀ ਅਨੁਸਾਰ ਤੁਰਨ ਵਾਲਾ ਸੇਵਕ ਬਹੁਤ ਇੱਜ਼ਤ ਪਾਉਂਦਾ ਹੈ ਤੇ ਤਨਖ਼ਾਹ ਵੀ ਵੱਧ ਲੈਂਦਾ ਹੈ। ਪਰ ਮਾਲਕ ਦੀ ਬਰਾਬਰੀ ਕਰਨ ਵਾਲਾ ਮਨ ਵਿਚ ਸ਼ਰਮਿੰਦਗੀ ਹੀ ਉਠਾਉਂਦਾ ਹੈ, ਆਪਣੀ ਪਹਿਲੀ ਤਨਖ਼ਾਹ ਭੀ ਗਵਾ ਬੈਠਦਾ ਹੈ ਤੇ ਸਦਾ ਮੂੰਹ 'ਤੇ ਜੁੱਤੀਆਂ ਖਾਂਦਾ ਭਾਵ ਬੇਇਜ਼ਤ ਹੁੰਦਾ ਹੈ:

SikhBookClub.com

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਪੰਨਾ ੪੭੪)

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥ *(ਉਹੀ)*

ਜੋ ਸੇਵਕ ਆਪਣੇ ਮਾਲਕ ਦੇ ਹੁਕਮ ਅੱਗੇ ਕਦੇ ਤਾਂ ਸਿਰ ਨਿਵਾਉਂਦਾ ਹੈ ਅਤੇ ਕਦੇ ਉਸ ਦੇ ਕੀਤੇ ਉੱਤੇ ਇਤਰਾਜ਼ ਕਰਦਾ ਹੈ, ਉਹ ਮਾਲਕ ਦੀ ਰਜ਼ਾ ਦੇ ਰਾਹ ਉੱਤੇ ਤੁਰਨ ਤੋਂ ਉੱਕਾ ਹੀ ਖੁੰਝਿਆ ਜਾ ਰਿਹਾ ਹੈ:

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ *(ਉਹੀ)*

ਸੱਚਾ ਸੇਵਕ ਉਹੀ ਅਖਵਾਉਂਦਾ ਹੈ ਜੋ ਆਪਣੇ ਮਾਲਕ ਦੇ ਨਾਲ ਇਕ-ਰੂਪ ਹੋ ਜਾਂਦਾ ਹੈ, ਵਿੱਥ ਨਹੀਂ ਰਹਿੰਦੀ:

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥
ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥

(ਪੰਨਾ ੪੭੫)

ਗੁਰਸਿੱਖ ਦੀ ਜੀਵਨ-ਜਾਚ:

ਗੁਰੂ ਜੀ ਨੇ ਸਿੱਖਾਂ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਪਰਮਾਤਮਾ ਨੂੰ ਯਾਦ ਕਰਨ ਤੇ ਸਦਾਚਾਰੀ ਬਣਨ ਦੀ ਸਿੱਖਿਆ ਦਿੱਤੀ ਹੈ। ਗੁਰਮੁਖਾਂ ਦੀ ਸੰਗਤ ਕਰਨ ਨੂੰ ਗੁਰਸਿੱਖ ਦੀ ਜੀਵਨ-ਜਾਚ ਦਾ ਜ਼ਰੂਰੀ ਅੰਗ ਬਣਾਇਆ ਹੈ ਕਿਉਂਕਿ ਭਲਿਆਂ ਦੀ ਸੰਗਤ ਵਿਚ ਚੰਗੇ ਮੰਦੇ ਕੰਮ ਦੀ ਵਿਚਾਰ ਹੁੰਦੀ ਹੈ, ਬੁਰੇ ਕੰਮ ਕਰਨ ਤੋਂ ਵਰਜਿਆ ਜਾਂਦਾ ਹੈ ਤੇ ਚੰਗੇ ਕੰਮ ਕਰਨ ਦੀ ਪ੍ਰੇਰਨਾ ਮਿਲਦੀ ਹੈ। ਓਥੇ ਇਹ ਭੀ ਸਮਝ ਪੈ ਜਾਂਦੀ ਹੈ ਕਿ ਕਿਸੇ ਵਾਪਰੇ ਦੁੱਖ ਦਾ ਗ਼ਿਲਾ ਕਰਨਾ ਵਿਅਰਥ ਹੈ, ਦੁੱਖ ਸੁਖ ਉਹ ਖਸਮ ਪ੍ਰਭੂ ਆਪ ਹੀ ਦੇਂਦਾ ਹੈ:

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥ *(ਪੰਨਾ ੧੪੯)*

SikhBookClub.com

ਗੁਰਬਾਣੀ ਤੇ ਵੇਦਾਂ ਦੀ ਸਿੱਖਿਆ ਵਿਚ ਅੰਤਰ:

ਗੁਰੂ ਜੀ ਅਨੁਸਾਰ ਵੇਦਾਂ ਨੇ ਜੋ ਤਾਲੀਮ ਦਿੱਤੀ ਹੈ ਉਸ ਵਿਚ ਪਾਪ ਤੇ ਪੁੰਨ, ਆਪਣੇ ਕੀਤੇ ਕਰਮਾਂ ਅਨੁਸਾਰ ਨਰਕ ਵਿਚ ਜਾਂ ਸੁਰਗ ਵਿਚ ਜਾਣ, ਉੱਚੀਆਂ ਨੀਵੀਆਂ ਜਾਤਾਂ ਤੇ ਵਹਿਮਾਂ ਆਦਿ ਬਾਰੇ ਦੱਸਿਆ ਹੈ। ਦੂਜੇ ਪਾਸੇ, ਗੁਰਬਾਣੀ ਨਾਮ-ਅੰਮ੍ਰਿਤ ਨਾਲ ਭਰੀ ਹੋਈ ਹੈ ਤੇ ਪ੍ਰਭੂ ਦੇ ਗੁਣ ਬਿਆਨ ਕਰਦੀ ਹੈ। ਬਾਣੀ ਦੀ ਬਰਕਤਿ ਨਾਲ ਜੀਵ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਜੀਵ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ:

ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ॥

(ਪੰਨਾ ੧੨੪੩)

ਚੰਗਾ ਵੈਦ ਤੇ ਅਸਲ ਪਾਰਖੂ:

ਗੁਰੂ ਜੀ ਨੇ ਚੰਗੇ ਵੈਦ ਦੀ ਪਛਾਣ ਇਹ ਦੱਸੀ ਹੈ ਕਿ ਉਸ ਨੂੰ ਰੋਗ ਤੇ ਦਾਰੂ ਭਾਵ ਇਲਾਜ ਦੀ ਪੂਰੀ ਸਮਝ ਹੋਣੀ ਲਾਜ਼ਮੀ ਹੈ ਅਤੇ ਚੰਗੀ ਦਵਾਈ ਉਹ ਹੈ ਜਿਸ ਨਾਲ ਰੋਗ ਖ਼ਤਮ ਹੋ ਜਾਵੇ ਤੇ ਸਰੀਰ ਅਰੋਗ ਹੋ ਸਕੇ। ਐਨਾ ਹੀ ਨਹੀਂ, ਉਹ ਆਪ ਬਿਮਾਰੀ ਨਾਲ ਗ੍ਰਸਤ ਨਾ ਹੋਵੇ। ਇੱਥੇ ਆਤਮਿਕ ਰੋਗ ਅਤੇ ਧਾਰਮਿਕ ਆਗੂਆਂ ਵੱਲ ਵੀ ਸੰਕੇਤ ਕੀਤਾ ਜਾਪਦਾ ਹੈ ਜੋ ਲੋਕਾਂ ਨੂੰ ਆਤਮਿਕ ਤੌਰ 'ਤੇ ਠੀਕ ਕਰਨ ਦੇ ਦਾਅਵੇ ਕਰਦੇ ਹਨ ਪਰ ਆਪ ਰੋਗੀ ਹਨ। ਦੂਜਿਆਂ ਦੇ ਵਿਕਾਰਰੂਪ ਰੋਗ ਲੱਭਣ ਦੀ ਥਾਂ ਜੇ ਮਨੁੱਖ ਆਪਣਾ (ਆਤਮਕ) ਰੋਗ ਤੇ ਰੋਗ ਦਾ ਇਲਾਜ ਦੋਵੇਂ ਸਮਝ ਲਏ ਤਾਂ ਉਸ ਨੂੰ ਸਿਆਣਾ ਹਕੀਮ ਸਮਝ ਲਵੋ। ਇਸੇ ਤਰ੍ਹਾਂ ਦੂਜਿਆਂ ਦੀ ਪੜਚੋਲ ਕਰਨ ਦੀ ਥਾਂ ਜੇ ਮਨੁੱਖ ਆਪਣੇ ਆਪ ਨੂੰ ਪਰਖੇ, ਤਾਂ ਉਸ ਨੂੰ ਅਸਲ ਪਾਰਖੂ ਜਾਣਨਾ ਚਾਹੀਦਾ ਹੈ:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ॥

(ਪੰਨਾ ੧੨੨੯)

ਅੰਧੇ ਆਗੂ:

ਗੁਰੂ ਜੀ ਨੇ ਉਨ੍ਹਾਂ ਧਾਰਮਿਕ ਆਗੂਆਂ ਨੂੰ ਅੰਨ੍ਹੇ ਕਹਿ ਕੇ ਫਿਟਕਾਰ ਪਾਈ ਹੈ ਜਿਹੜੇ ਆਪ ਪਰਮਾਤਮਾ ਬਾਰੇ ਕੁਝ ਨਹੀਂ ਜਾਣਦੇ ਪਰ ਦੂਜਿਆਂ ਨੂੰ ਰਾਹ ਦੱਸਦੇ ਫਿਰਦੇ ਹਨ। ਅੰਨ੍ਹੇ ਦੁਆਰਾ ਵਿਖਾਏ ਰਾਹ 'ਤੇ ਅੰਨ੍ਹਾ ਹੀ ਤੁਰਦਾ ਹੈ, ਸੁਜਾਖਾ ਮਨੁੱਖ (ਅੰਨ੍ਹੇ ਦੇ ਆਖੇ) ਕੁਰਾਹੇ ਨਹੀਂ ਪੈਂਦਾ। ਪਰ ਆਤਮਕ ਜੀਵਨ ਵਿਚ ਇਹੋ ਜਿਹੇ ਬੰਦਿਆਂ ਨੂੰ ਅੰਨ੍ਹੇ ਨਹੀਂ ਕਹੀਦਾ ਜਿਨ੍ਹਾਂ ਦੇ ਮੂੰਹ ਉਤੇ

SikhBookClub.com

ਅੱਖਾਂ ਨਹੀਂ ਹਨ, ਅਸਲ ਵਿਚ ਅੰਨ੍ਹੇ ਉਹੀ ਹਨ ਜੋ ਮਾਲਕ-ਪ੍ਰਭੂ ਤੋਂ ਖੁੰਝੇ ਜਾ ਰਹੇ ਹਨ। ਗੁਰੂ ਜੀ ਨੇ ਹੋਰ ਸਪੱਸ਼ਟ ਕੀਤਾ ਹੈ ਕਿ ਜੋ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਨੇਤ੍ਰ-ਹੀਣ ਹੋ ਗਿਆ ਉਸ ਨੂੰ ਅਸੀਂ ਅੰਨ੍ਹਾ ਨਹੀਂ ਆਖਦੇ, ਉਹ ਮਨੁੱਖ ਅੰਨ੍ਹਾ ਕਿਹਾ ਜਾਂਦਾ ਹੈ ਜੋ ਰਜ਼ਾ ਨੂੰ ਸਮਝਦਾ ਨਹੀਂ। ਗੁਰ ਫ਼ੁਰਮਾਨ ਹਨ:

- *ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥*
  ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥...
- *ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥*
  ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥...
- *ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥*
  ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥...
- *ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥*
  ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥

(ਪੰਨਾ ੯੫੪)

- *ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥*
  ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥

(ਪੰਨਾ ੧੪੯)

ਕਲਜੁਗ ਦੇ ਲੱਛਣ:

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਲਜੁਗ ਦੇ ਲੱਛਣਾਂ ਦਾ ਬਿਆਨ ਇਵੇਂ ਕੀਤਾ ਹੈ: ਲੋਕਾਂ ਦੀ ਸੋਚ ਹੀ ਉਲਟੀ ਹੋ ਜਾਂਦੀ ਹੈ- ਕੰਗਾਲ (ਨਾਮ ਬਿਨਾਂ) ਨੂੰ ਪਾਤਸ਼ਾਹ, ਮੂਰਖ ਨੂੰ ਪੰਡਿਤ (ਗਿਆਨੀ) ਅਤੇ ਗਿਆਨਹੀਣ (ਅੰਨ੍ਹੇ) ਨੂੰ ਵਿਦਵਾਨ ਦੀ ਪਦਵੀ ਦਿੱਤੀ ਜਾਂਦੀ ਹੈ। ਸਮਾਜ ਵਿਚ ਝੂਠੇ, ਫ਼ਰੇਬੀ ਤੇ ਸ਼ਰਾਰਤੀ ਲੋਕਾਂ ਦਾ ਬੋਲ-ਬਾਲਾ ਹੁੰਦਾ ਹੈ। ਜਿੱਥੇ ਵੀ ਅਜਿਹੀ ਸਥਿਤੀ ਹੋਵੇ ਸਮਝੋ ਕਿ ਕਲਜੁਗ ਵਰਤ ਗਿਆ ਹੈ, ਪਰ ਗੁਰੂ ਦੀ ਕਿਰਪਾ ਨਾਲ ਹੀ ਇਹ ਸਮਝ ਆਉਂਦੀ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥ *(ਪੰਨਾ ੧੨੮੯)*

ਸਾਹਿਤਕ ਪੱਖ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਰਚਨਾ ਕਾਵਿ-ਕਲਾ ਦਾ ਉੱਤਮ ਨਮੂਨਾ ਹੈ। ਇਸ ਵਿਚ ਸਮੁੱਚੇ ਗੁਰਮਤਿ ਸਿਧਾਂਤਾਂ ਨੂੰ ਸੰਖੇਪ ਵਿਚ ਬਿਆਨਿਆ ਗਿਆ ਹੈ। ਸੱਚ ਜਾਣਿਓਂ! ਜਿਉਂ ਜਿਉਂ ਗੁਰੂ ਜੀ ਦੇ ਸਲੋਕ ਪੜ੍ਹ ਕੇ ਵਿਚਾਰਦੇ ਹਾਂ ਗੁਰੂ ਦੀ ਕਿਰਪਾ ਨਾਲ ਕਈ ਗੁੱਝੇ ਭੇਦ ਖੁੱਲ੍ਹਦੇ ਜਾਂਦੇ ਹਨ।ਤਾਂ ਤੇ ਆਓ! ਆਪਾਂ ਪ੍ਰਣ ਕਰੀਏ ਕਿ ਸਮਾਂ ਕੱਢ ਕੇ ਗੁਰਬਾਣੀ ਪੜ੍ਹਾਂਗੇ, ਵਿਚਾਰਾਂਗੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਪਾਏ ਹੋਏ ਪੂਰਨਿਆਂ 'ਤੇ ਤੁਰਨ ਦਾ ਯਤਨ ਕਰਾਂਗੇ।

SikhBookClub.com

ਪਦ-ਟਿਪਣੀਆਂ ਅਤੇ ਹਵਾਲੇ

1. ਕਰਤਾਰ ਸਿੰਘ (ਪ੍ਰੋ.) **ਸਿੱਖ ਇਤਿਹਾਸ**, ਭਾਗ ਪਹਿਲਾ, ਪੰਨਾ 112.
2. **ਸਾਡਾ ਇਤਿਹਾਸ**, ਪੰਨਾ 147.
3. ਉਹੀ।
4. ਉਹੀ, ਪੰਨਾ 150
5. ਉਹੀ।
6. **ਗੁਰਮਤਿ ਤੇ ਗੁਰਦਰਸ਼ਨ**, ਪੰਨਾ 53.
7. ਹਰਿਭਜਨ ਸਿੰਘ (ਪ੍ਰਿੰ.), **ਗੁਰਮਤਿ ਵਿਆਖਿਆਨ**, ਪੰਨਾ 220-21.
8. **Transformation of Sikhism**, p. 27.
9. **ਸਾਡਾ ਇਤਿਹਾਸ**, ਪੰਨਾ 152.
10. (ਸੰਪਾਦਕੀ) **ਗੁਰਮਤਿ ਪ੍ਰਕਾਸ਼**, ਅਪਰੈਲ 2004, ਪੰਨਾ 7.
11. **ਸਿੱਖ ਇਤਿਹਾਸ**, ਭਾਗ ਪਹਿਲਾ, ਪੰਨੇ 112-36.
12. ਗਿਆਨੀ ਗਿਆਨ ਸਿੰਘ, **ਤਵਾਰੀਖ ਗੁਰੂ ਖਾਲਸਾ**, ਪੰਨਾ 318.
13. ਬਾਵਾ ਸਰੂਪ ਦਾਸ ਭੱਲਾ, **ਮਹਿਮਾ ਪ੍ਰਕਾਸ਼**, ਪੰਨੇ 84-85.
14. ਭਾਈ ਕੇਸਰ ਸਿੰਘ ਛਿੱਬਰ, **ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ**, ਪੰਨਾ 54.
15. **ਅਸ਼ਟ ਗੁਰ ਚਮਤਕਾਰ**, ਭਾਗ ਪਹਿਲਾ, ਪੰਨਾ 20.
16. ਡਾ. ਮਹਿੰਦਰ ਕੌਰ, **ਦਸ ਗੁਰੂ ਮਹਲ**, ਪੰਨਾ 52.
17. **ਸਾਡਾ ਇਤਿਹਾਸ**, ਪੰਨਾ 160.
18. **ਸਿੱਖ ਇਤਿਹਾਸ**, ਭਾਗ ਪਹਿਲਾ, ਪੰਨਾ 136.

(7/2008)

SikhBookClub.com

ਬਾਸਰਕੇ ਤੋਂ ਗੋਇੰਦਵਾਲ

ਪੰਜਾਬ ਭਰ 'ਚੋਂ ਜ਼ਿਲ੍ਹਾ ਅੰਮ੍ਰਿਤਸਰ ਦਾ ਚੌਗਿਰਦਾ ਭਗਤ ਜਨਾਂ ਤੇ ਸਤਿਗੁਰੂ ਮਹਿਮਾ ਦਾ ਵਚਿੱਤਰ ਤੇ ਯਾਦਗਾਰੀ ਇਤਿਹਾਸ ਪੇਸ਼ ਕਰਦਾ ਹੈ। ਇਸ ਧਰਤੀ 'ਤੇ ਉਪਜੇ ਰੁੱਖ ਬਿਰਖ ਤੇ ਪੰਛੀ ਵੀ ਸਤਿਗੁਰਾਂ ਦੇ ਅਮਰ ਗੀਤ ਬੋਲ ਕੇ ਪਰਦੇਸੀ ਯਾਤਰੂਆਂ ਤੇ ਰਾਹੀਆਂ ਦੀ ਰੂਹ ਨੂੰ ਖੇੜਾ ਬਖ਼ਸ਼ਦੇ ਹਨ। ਇਸੇ ਪਾਵਨ ਭੋਂ ਦੀ ਕੁੱਖ 'ਚੋਂ ਬਾਸਰਕੇ ਪਿੰਡ ਅਮਰਦਾਸ ਜੀ ਨੇ 5 ਮਈ, 1479 ਈ. ਨੂੰ ਪ੍ਰਕਾਸ਼ ਧਾਰਿਆ। ਇਹ ਬਾਸਰਕੇ ਪਿੰਡ ਅੰਮ੍ਰਿਤਸਰ-ਛੇਹਰਟਾ ਤੋਂ ਲਗਭਗ 4-5 ਮੀਲ ਦੀ ਵਿੱਥ 'ਤੇ ਦੱਖਣ-ਪੱਛਮ ਵੱਲ ਹੈ। ਆਪ ਜੀ ਦੇ ਪਿਤਾ ਦਾ ਨਾਮ ਤੇਜਭਾਨ ਜੀ ਤੇ ਮਾਤਾ ਸੁਲੱਖਣੀ ਭੱਲਾ ਖੱਤਰੀ ਬਰਾਦਰੀ ਨਾਲ ਸਬੰਧ ਰੱਖਦੇ ਸਨ। ਜਿਸ ਬਾਰੇ ਜ਼ਿਕਰ ਵੀ ਹੈ। ਤੇਜਭਾਨ ਦੇ ਪੁੱਤਰ! ਹੇ ਅਮਰਦਾਸ ਜੀ! ਤੂੰ ਭੱਲਿਆਂ ਦੀ ਕੁਲ 'ਚੋਂ ਸ਼੍ਰੋਮਣੀ ਹੈਂ। (ਗੁਰੂ) ਨਾਨਕ ਦੇ ਉਪਦੇਸ਼ ਨਾਲ ਤੂੰ ਰਾਜਿਆਂ ਦਾ ਰਾਜਾ ਹੈਂ—ਆਦਿ ਆਦਿ।

ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥
ਗੁਰ ਅਮਰਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ॥

(ਪੰਨਾ ੧੩੯੬)

ਕਿਉਂਕਿ ਪਿਤਾ ਜੀ ਏਸੇ ਪਿੰਡ ਵਿਚ ਦੁਕਾਨਦਾਰੀ ਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਸੋ ਗੁਰੂ ਅਮਰਦਾਸ ਜੀ ਨੂੰ ਵੀ ਆਪਣੇ ਪਿਤਾ ਪੁਰਖੀ ਕੰਮਾਂ ਵਿਚ ਹੱਥ ਵਟਾਉਣਾ ਪੈਂਦਾ ਸੀ। ਇਸ ਪੇਸ਼ਾਵਰ ਕੰਮਾਂ ਵਿਚ ਜਦ ਗੁਰੂ ਅਮਰਦਾਸ ਜੀ ਨਿਪੁੰਨ ਹੋ ਕੇ ਜਵਾਨ ਹੋ ਗਏ ਤਾਂ ਆਪ ਜੀ ਦਾ ਵਿਆਹ 11 ਮਾਘ ਸੰਮਤ 1559 (1502 ਈ.) ਨੂੰ ਸ੍ਰੀ ਮਨਸਾ ਦੇਵੀ ਨਾਲ ਹੋਇਆ। (ਇਸ ਸੁਭਾਗ ਜੋੜੀ ਤੋਂ ਬੀਬੀ ਦਾਨੀ ਜੀ, ਬੀਬੀ ਭਾਨੀ ਜੀ, ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਸੰਤਾਨ ਪੈਦਾ ਹੋਈ।) ਪਹਿਲਾਂ ਤੋਂ ਹੀ ਆਪ ਜੀ ਦਾ ਸਾਰਾ ਖਾਨਦਾਰ ਤੇ ਬਰਾਦਰੀ ਵੈਸ਼ਨਵ ਮੱਤ ਦੀ ਪੂਜਾ ਕਰਦੇ ਸਨ। ਇਸ ਮੰਤਵ ਦੀ ਪੂਰਤੀ ਤੇ ਉਪਾਸ਼ਨਾ ਕਰਨ ਲਈ ਹਰ ਸਾਲ ਸਾਰਾ ਪਰਿਵਾਰ ਗੰਗਾ ਦੇ ਇਸ਼ਨਾਨ ਕਰਨ ਜਾਂਦਾ। ਗੁਰੂ ਅਮਰਦਾਸ ਜੀ ਨੂੰ ਵੀ ਭੋਲੇ ਭਾਅ ਪਿਤਾ ਨਾਲ ਗੰਗਾ ਜਾਣ ਦਾ ਅਵਸਰ ਮਿਲ ਜਾਇਆ ਕਰਦਾ। ਇਸ ਤਰ੍ਹਾਂ ਲਗਭਗ ਵੀਹ ਵੇਰਾਂ ਗੰਗਾ ਜੀ ਦੇ ਦਰਸ਼ਨ ਇਸ਼ਨਾਨ ਕੀਤੇ, ਪਰ ਕਰੜੀ ਤਪੱਸਿਆ ਮਨ ਨੂੰ ਸ਼ਾਂਤ ਨਾ ਕਰ ਸਕੀ। ਇਕ ਦਿਨ ਸਬੱਬ ਨਾਲ ਤੜਕੇ ਘਰੋਂ ਬਾਹਰ ਨੂੰ ਵਿੱਚਰ ਰਹੇ ਸਨ ਕਿ ਇਕ ਨੁੱਕਰੋਂ ਅਜਿਹੀ ਮਧੁਰ ਆਵਾਜ਼ ਕੰਨੀਂ ਪਈ ਸੀ:

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥

... ...

SikhBookClub.com

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥

(ਪੰਨਾ ੯੯੦)

ਇਹ ਆਵਾਜ਼ ਬੀਬੀ ਅਮਰੋ ਜੀ ਦੀ ਸੀ ਜੋ ਕਿ ਗੁਰੂ ਅੰਗਦ ਜੀ ਦੀ ਸਪੁੱਤਰੀ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਗੁਰੂ ਅਮਰਦਾਸ ਜੀ ਨੂੰ ਇਸ ਬਾਣੀ 'ਚੋਂ ਇਤਨੀ ਸ਼ਾਂਤੀ ਦੇ ਹੁਲਾਸ ਮਿਲਿਆ ਤੇ ਧੰਨ! ਗੁਰੂ ਨਾਨਕ! ਧੰਨ ਤੂੰ! ਪੁਕਾਰ ਉਠੇ.....ਅਗਲੇ ਦਿਨ ਹੀ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਜੀ ਦੀ ਗੱਦੀ 'ਤੇ ਬਿਰਾਜਮਾਨ ਸਤਿਗੁਰੂ ਅੰਗਦ ਦੇਵ ਜੀ ਪਾਸ ਖਡੂਰ ਪਹੁੰਚ ਗਏ।

ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ॥

(ਪੰਨਾ ੧੪੦੧)

ਬਸ ਨੂਰਾਨੀ ਦਰਸ਼ਨ ਕਰਕੇ ਹੀ ਗਦ-ਗਦ ਹੋ ਗਏ ਤੇ ਸੰਮਤ 1597 (1540 ਈ.) ਵਿਚ ਗੁਰਸਿਖੀ ਧਾਰਨ ਕੀਤੀ। ਭਾਵੇਂ ਗੁਰੂ ਅਮਰਦਾਸ ਜੀ ਉਸ ਵਕਤ ਇਕਾਹਠ ਵਰ੍ਹਿਆਂ ਦੇ ਸਨ ਤਾਂ ਵੀ ਰੋਜ਼ਾਨਾ ਪ੍ਰਭਾਤ ਵੇਲੇ ਤਕ ਬਿਆਸਾ ਦਰਿਆ ਤੋਂ ਪਾਣੀ ਦੀ ਗਾਗਰ ਲਿਆ ਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ।.....ਮੀਂਹ ਹਨੇਰੀ, ਝੱਖੜ ਝਾਂਜਾ ਤੇ ਲੋਕ ਲਾਜ ਪਿਛਾਂਹ ਸੁੱਟ ਕੇ ਆਪ ਨੇ ਸਿਦਕ ਤੇ ਸ਼ਰਧਾ ਨਾਲ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦਾ ਆਸਰਾ ਬਖ਼ਸ਼ਿਸ਼ ਪ੍ਰਾਪਤ ਕੀਤੀ। ਗੁਰੂ ਅੰਗਦ ਦੇਵ ਜੀ ਆਪ ਜੀ ਦੀ ਨਿਸ਼ਕਾਮ ਘਾਲਣਾ 'ਤੇ ਇਤਨੇ ਪ੍ਰਸੰਨ ਹੋਏ ਕਿ 3 ਵੈਸਾਖ, ਸੰਮਤ 1609 (1552 ਈ.) ਨੂੰ ਗੁਰ-ਗੱਦੀ ਬਖ਼ਸ਼ ਦਿੱਤੀ।

ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥

(ਪੰਨਾ ੧੪੦੮)

ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥

(ਪੰਨਾ ੧੪੦੧)

ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ॥

(ਪੰਨਾ ੧੩੯੭)

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ॥

(ਪੰਨਾ ੧੪੦੫)

ਪੁੰਨ ਸੰਗਤਿ ਕੌ ਕਹਿਤ ਸੁਨਾਈ।
ਮਮ ਸਰੂਪ ਅਬ ਰਹੇ ਸਹਾਈ।

ਇਸ ਨਾਲ ਹੀ ਗੁਰੂ ਅਮਰਦਾਸ ਜੀ ਨੂੰ ਹੁਕਮ ਹੋਇਆ ਕਿ ਤੁਸੀਂ ਗੋਇੰਦਵਾਲ ਜਾ ਕੇ ਜੀਵਾਂ ਦਾ ਉਧਾਰ ਕਰੋ ਤੇ ਗੁਰਮਤਿ ਦਾ ਪ੍ਰਚਾਰ ਕਰੋ। ਤਾਂ ਤੇ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਤਿ ਮਾਰਗ ਪ੍ਰਚਾਰਨ ਲੱਗ ਪਏ।

SikhBookClub.com

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥

(ਪੰਨਾ ੧੩੯੭)

ਧਰਮ ਦੇ ਪ੍ਰਚਾਰਨ ਲਈ ਉਨ੍ਹਾਂ 'ਬਾਈ' ਮੰਜੀਆਂ ਨੀਯਤ ਕੀਤੀਆਂ। ਸ੍ਰੀ ਗੁਰੂ ਅਮਰਦਾਸ ਜੀ ਨੇ ਕੁਝ ਉੱਤਮ ਪ੍ਰਚਾਰਕ ਚੁਣ ਕੇ ਉਨ੍ਹਾਂ ਨੂੰ ਉਪਦੇਸ਼ਕ ਗੱਦੀਆਂ ਬਖ਼ਸ਼ੀਆਂ। ਭਾਈ ਸੰਤੋਖ ਸਿੰਘ ਜੀ ਵੀ ਜ਼ਿਕਰ ਕਰਦੇ ਹਨ:

ਦ੍ਵੈਵਿੰਸ਼ਤਿ ਦਿੱਲੀ ਉਮਰਾਇਵ। ਤਿਤੋ ਸਿੱਖ ਮੰਜੀ ਸੁ ਬਣਾਇਵ।

(ਗੁਰ ਪ੍ਰਤਾਪ ਸੂਰਜ)

ਮੰਜੀਆਂ ਦੇ ਅਧਿਕਾਰੀ ਗੁਰਸਿੱਖ ਇਹ ਸੀ—

ਅੱਲਾਯਾਰ, ਸੱਚਨਸੱਚ, ਸਧਾਰਣ, ਸਾਵਣਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂ ਸ਼ਾਹ, ਦਰਬਾਰੀ ਪਾਰੋ, ਭਾਈ ਫੇਰਾ, ਬੂਆ, ਬੈਣੀ, ਮਹੇਸ਼ਾ, ਮਾਈਦਾਸ, ਮਾਣਕਚੰਦ, ਮੁਰਾਰੀ, ਰਾਜਾ ਰਾਮ, ਰੰਗ ਸ਼ਾਹ, ਰੰਗ ਦਾਸ, ਲਾਲੋ। ਇਸ ਤੋਂ ਇਲਾਵਾ ਬੀਬੀਆਂ ਨੂੰ ਵੀ ਪੀੜ੍ਹੇ ਬਖ਼ਸ਼ੇ।

(ਮਹਾਨ ਕੋਸ਼)

ਪਰ ਦਾਤੂ ਤੇ ਦਾਸੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਗੁਰੂ ਅਮਰਦਾਸ ਜੀ ਦੇ ਵਧਦੇ ਪ੍ਰਤਾਪ ਨੂੰ ਵੇਖ ਕੇ ਸਖ਼ਤ ਵਿਰੋਧਤਾ ਤੇ ਘਿਰਣਾ ਕਰਨ ਲੱਗੇ। ਇਥੋਂ ਤਕ ਕਿ ਦਾਤੂ ਨੇ ਆਪਣੀ ਵੱਖਰੀ ਗੁਰ-ਗੱਦੀ ਸਥਾਪਤ ਕਰ ਲਈ, ਪਰ ਸੁਣੇ ਕੌਣ। ਉਧਰ ਸਿੱਖ ਸੰਗਤਾਂ ਦੀਆਂ ਵਹੀਰਾਂ ਧੜਾ-ਧੜ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਗੋਇੰਦਵਾਲ ਪੁੱਜ ਰਹੀਆਂ ਸਨ। ਇੰਜ ਗੋਇੰਦਵਾਲ ਦਾ ਆਲਾ ਦੁਆਲਾ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਤੇ ਨਾਮ ਦੀ ਕਮਾਈ ਨਾਲ ਰੌਸ਼ਨ ਹੋ ਗਿਆ।

ਪਰ ਦਾਤੂ ਸਤਿਗੁਰ ਮਹਿਮਾ ਦੀ ਚਹਲ-ਪਹਲ ਵੇਖ ਕੇ ਜਰ ਨਾ ਸਕਿਆ ਤੇ ਮਨ ਵਿਚ ਈਰਖਾ ਦੇ ਭਾਂਬੜ ਇੰਨੇ ਬਲ ਉੱਠੇ ਕਿ ਇਕ ਦਿਨ ਖ਼ੁਦ ਗੋਇੰਦਵਾਲ ਪੁੱਜ ਕੇ ਭਰੇ ਦੀਵਾਨ ਵਿਚ ਸ਼ਾਂਤ-ਸਰੂਪ ਗੁਰੂ ਅਮਰਦਾਸ ਜੀ ਨੂੰ ਕਬੋਲ ਬੋਲੇ ਤੇ ਲੱਤ ਵੀ ਕੱਢ ਮਾਰੀ... "ਤੂੰ ਤਾਂ ਸਾਡੇ ਘਰ ਦਾ ਕਹਾਰ ਏਂ, ਹੁਣ ਗੁਰੂ ਬਣਿਆ ਫਿਰਦਾ ਏਂ।"

ਪਰ ਗੁਰਦੇਵ ਤਲਖੀ ਵਿਚ ਨਾ ਆਏ ਸਗੋਂ ਬੜੇ ਅਦਬ ਸਹਿਤ ਸ਼ਾਂਤੀ ਸਰੂਪ ਹੋ ਕੇ ਦਾਤੂ ਜੀ ਨੂੰ ਕਹਿਣ ਲੱਗੇ, "ਤੁਸੀਂ ਤਾਂ ਸਾਡੇ ਸਾਹਿਬਾਂ ਦੇ ਸਪੁੱਤਰ ਹੋ ਤੇ ਮੇਰੇ ਹੱਡ ਬਿਰਧ ਸਰੀਰ ਹੋਣ ਕਰਕੇ ਸਖ਼ਤ ਹਨ। ਕਿਤੇ ਤੁਹਾਨੂੰ ਸੱਟ ਤਾਂ ਨਹੀਂ ਲੱਗੀ, ਦੱਸੋ ਕੀ ਹੁਕਮ ਏ..." ਦਾਤੂ ਗ਼ੈਰਤਮੰਦ ਹੋ ਬੋਲਿਆ, 'ਇਹ ਗੁਰ-ਗੱਦੀ ਸਾਡੀ ਏ ਤੇ ਤੂੰ ਸਾਡਾ ਚਾਕਰ ਸੀ, ਹੁਣ ਜਾਉ ਇਥੋਂ, ਕਿਧਾਰਾ ਕਰੋ, ਤੁਹਾਡੀ ਸਾਨੂੰ ਹੁਣ ਲੋੜ ਨਹੀਂ" ਆਦਿ।

ਸਤਿ ਸਰੂਪ ਸਤਿਗੁਰੂ ਅਮਰਦਾਸ ਜੀ ਸਭੋ ਕੁਝ ਵੇਖ ਕੇ ਬਗ਼ੈਰ ਝਗੜੇ ਬਹਿਸ ਦੇ ਵਾਪਸ ਆਪਣੀ ਜੰਮ ਭੋਇੰ ਬਾਸਰਕੇ ਪੁੱਜ ਗਏ। ਇਥੇ ਹੀ ਕੁਝ ਦੂਰੀ 'ਤੇ ਇਕਾਂਤਵਸ ਕੱਚੇ ਜਿਹੇ ਕੋਠੇ ਵਿਚ ਵੜ ਭਜਨ ਬੰਦਗੀ ਕਰਨ ਲੱਗ ਪਏ। ਇਸ ਕੋਠੇ ਦਾ ਦਰਵਾਜ਼ਾ ਬੰਦ ਕਰਕੇ ਉਨ੍ਹਾਂ ਇਹ ਸ਼ਬਦ ਲਿਖ ਦਿੱਤੇ ਕਿ 'ਜੇ ਕੋਈ ਸਿੱਖ ਇਹ ਦਰਵਾਜ਼ਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ ਆਦਿ...'

SikhBookClub.com

ਪਰ ਗੁਰਦੇਵ ਦਾ ਚੁਪ ਚਪੀਤੇ ਇਸ ਤਰ੍ਹਾਂ ਰੂਹਪੋਸ਼ ਹੋ ਜਾਣਾ ਸੰਗਤਾਂ ਵਿਚ ਭਾਰੀ ਬੇਚੈਨੀ ਦਾ ਕਾਰਨ ਬਣ ਗਿਆ। ਗੁਰੂ ਘਰ ਦੇ ਢੰਡੋਰਚੀ ਤੇ ਸ਼ਰਧਾਲੂ ਸ੍ਰੀ ਗੁਰੂ ਅਮਰਦਾਸ ਜੀ ਦੀ ਭਾਲ ਵਿਚ ਇਧਰ ਉਧਰ ਭੱਜ ਪਏ। ਪਰ ਥਹੁ ਪਤਾ ਨਾ ਲੱਗੇ। ਸਿੱਖ ਸਮਾਜ ਵਿਚ ਚਰਚਾ ਦਾ ਮੁੱਖ ਵਿਸ਼ਾ ਇਹੋ ਹੋ ਗਿਆ ਤੇ ਬਾਬਾ ਬੁੱਢਾ ਜੀ ਵੀ ਭਾਲ ਕਰਨ ਵਿਚ ਜੁਟ ਗਏ। ਫਿਰਦੇ ਫਿਰਾਉਂਦਿਆਂ ਸਿੱਖਾਂ ਇਕ ਦਿਨ ਇਸ ਕੱਚੇ ਜਿਹੇ ਕੋਠੇ ਵਲ ਧਿਆਨ ਦਿੱਤਾ ਤਾਂ ਕਿਤੇ ਇਹ ਸ਼ਬਦ ਪੜ੍ਹੇ। ਫਿਰ ਸਿੱਖਾਂ ਨੂੰ ਪਤਾ ਲੱਗਾ ਕਿ ਅਮਰ ਜੋਤਿ ਸਤਿਗੁਰੂ ਇਸ ਕੋਠੇ ਵਿਚ ਭਗਤੀ ਸਿਮਰਨ ਦੀ ਸਮਾਧ ਵਿਚ ਮਗਨ ਹਨ। ਪਰ ਗੁਰਵਾਕਾਂ ਦੀ ਅਵੱਗਿਆ ਕਰਨ ਨੂੰ ਕਿਸੇ ਦਾ ਹੀਆ ਨਾ ਪਏ। ਤਾਂ ਤੇ ਬਾਬਾ ਬੁੱਢਾ ਜੀ ਨੂੰ ਦੂਰ ਦੀ ਸੁੱਝੀ। ਕੋਠੇ ਦੀ ਪਿਛਲੀ ਕੰਧ ਨੂੰ ਪਾੜ (ਸੰਨ੍ਹ) ਲਗਵਾਈ ਤੇ ਅੰਦਰ ਵੜ ਕੇ ਗੁਰਾਂ ਦੇ ਦਰਸ਼ਨ ਕੀਤੇ। ਇਸੇ ਜਗ੍ਹਾ ਅੱਜ ਕਲ੍ਹ ਸੰਨ੍ਹ ਸਾਹਿਬ ਗੁਰਦੁਆਰਾ ਸੁਸ਼ੋਭਤ ਹੈ ਜੋ ਕਿ ਬਾਸਰਕੇ ਪਿੰਡ ਤੋਂ ਇਕ ਕੋਹ ਦੀ ਵਿੱਥ 'ਤੇ ਹੈ। ਗੁਰਦੁਆਰੇ ਦਾ ਦਰਵਾਜ਼ਾ ਪੱਛਮ ਵੱਲ ਹੈ ਤੇ ਸੰਨ੍ਹ ਪੂਰਵ ਦਿਸ਼ਾ ਵੱਲ ਹੈ। ਗੁਰਵਾਕ ਹੈ:

ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦੁ ਪਰਹਰਿ ਪਰੈ॥

(ਪੰਨਾ ੧੩੯੫)

ਇਥੇ ਸਾਲਾਨਾ ਭਾਰੀ ਜੋੜ ਮੇਲਾ ਹੁੰਦਾ ਹੈ। ਸੋ, ਭੋਂ ਬਾਸਰਕੇ ਦੀ ਹਿੱਕ 'ਤੇ ਉਸਰਿਆ ਇਹ ਤੀਰਥ ਲੁਕਾਈ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਮਿੱਠੀ ਯਾਦ ਵਿਚ ਜੋੜ ਕੇ ਪ੍ਰਮਾਰਥ ਦਾ ਰਸਤਾ ਦੱਸ ਰਿਹਾ ਹੈ।

ਗੁਰਮਤਿ ਲੇਹੁ ਤਰਹੁ ਭਵ ਦੁਤਰ।

(ਗੁਰ ਪ੍ਰਤਾਪ ਸੂਰਜ ਗ੍ਰੰਥ)

ਗੋਇੰਦਵਾਲ ਗੋਬਿੰਦਪੁਰੀ ਸਮ

ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੂੰ ਫਿਰ ਗੋਇੰਦਵਾਲ ਲੈ ਆਂਦਾ ਗਿਆ। ਗੁਰਦੇਵ ਨੇ ਇਥੇ ਪੁੱਜਦਿਆਂ ਸਾਰ ਹੀ ਧਰਮ ਪ੍ਰਚਾਰ ਜਨਤਾ ਕਲਿਆਣ ਲਈ ਕਮਰਕੱਸੇ ਕਰ ਲਏ। ਇੰਝ ਉਨ੍ਹਾਂ ਸਮੇਂ ਦੀ ਲੋੜ ਨੂੰ ਪਰਖ ਕੇ ਰਸਮਾਂ ਰਿਵਾਜਾਂ, ਰਹੁ-ਰੀਤਾਂ ਤੇ ਤਿਉਹਾਰਾਂ ਦਾ ਨਵ-ਨਿਰਮਾਣ ਕੀਤਾ। ਇਥੇ ਹੀ ਗੁਰੂ ਜੀ ਨੇ ਲੰਗਰ ਦੀ ਪ੍ਰਥਾ ਵਿਚ ਉੱਚ-ਨੀਚ, ਛੂਤ-ਛਾਤ ਦੇ ਭੇਦ ਭਾਵ ਮਿਟਾ ਕੇ ਇਕ ਉਸਾਰੂ ਸਮਾਜ ਦੀ ਨੀਂਹ ਰੱਖੀ। ਗੁਰੂ ਜੀ ਦਾ ਲੰਗਰ ਬਾਰੇ ਵਿਸ਼ੇਸ਼ ਹੁਕਮ ਸੀ ਕਿ ਜਿਸ ਕਿਸੇ ਨੂੰ ਵੀ ਸਾਡੇ ਦਰਸ਼ਨਾਂ ਦੀ ਲੋਚਾ ਹੈ। ਉਹ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇ ਤਾਂ ਹੀ ਉਸ ਨੂੰ ਸਾਡੇ ਦਰਸ਼ਨ ਨਸੀਬ ਹੋ ਸਕਣਗੇ। ਇਥੋਂ ਤਕ ਕਿ ਬਾਦਸ਼ਾਹ ਅਕਬਰ ਵਰਗਿਆਂ ਤੇ ਰਾਣੀਆਂ ਨੂੰ ਵੀ ਇਸ ਨਿਯਮ ਦੀ ਪਾਲਣਾ ਕਰਨੀ ਪਈ ਤਾਂ ਹੀ ਗੁਰੂ ਦਰਸ਼ਨ ਪ੍ਰਾਪਤ ਕਰ ਸਕੇ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਅਕਬਰ ਨੂੰ ਫਿਰ ਆਸ਼ੀਰਵਾਦ ਵੀ ਦਿੱਤੀ ਸੀ।

ਤਬ ਅਕਬਰ ਦਿਲੀ ਤੇ ਆਵਾ।
ਸਰਿਤਾ ਉਤਰ ਸਿਵਰ ਨਿਜ ਪਾਵਾ।

SikhBookClub.com

ਧਰ ਪ੍ਰਤੀਤਿ ਦਰਸਨ ਕੋ ਚਾਹਯੋ।
ਉਤਮ ਲੀਨ ਉਪਾਯਨ ਆਹਯੋ। *(ਗੁਰ ਪ੍ਰਤਾਪ ਸੂਰਜ ਗ੍ਰੰਥ)*

ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਉਪਤਿ ਹੋਈ ॥੨॥
ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥
(ਪੰਨਾ ੧੧੨੮)

ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥
(ਪੰਨਾ ੩੬੩)

ਸ੍ਰੀ ਗੁਰੂ ਅਮਰਦਾਸ ਜੀ ਦੀ ਇਸ ਇਨਕਲਾਬੀ ਵਿਚਾਰਧਾਰਾ ਨੇ ਅਕਬਰ ਦੀ ਸੁਰਤ ਉੱਤੇ ਜਾਦੂ ਦਾ ਅਸਰ ਕਰ ਵਿਖਾਇਆ। ਉਸ ਨੇ ਹਿੰਦੂਆਂ ਤੋਂ ਜਜੀਆ ਤੇ ਤੀਰਥ ਯਾਤਰਾ ਟੈਕਸ ਮੁਕਤ ਕਰ ਦਿੱਤੇ ਤੇ ਉਨ੍ਹਾਂ ਦੇ ਖਾਣ ਪੀਣ ਤੇ ਵਿਸ਼ਰਾਮ ਲਈ ਧਰਮਪੁਰ ਤੇ ਖੈਰਪੁਰ ਆਸ਼ਰਮ ਬਣਵਾਏ। ਕੁਝ ਭੋਂ ਗੁਰੂ ਜੀ ਦੇ ਲੰਗਰ ਵਾਸਤੇ ਦੇਣ ਦੀ ਪੇਸ਼ਕਸ਼ ਵੀ ਕੀਤੀ। ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, "ਇਹ ਲੰਗਰ ਜਗੀਰਾਂ 'ਤੇ ਚਲਦਾ ਚੰਗਾ ਨਹੀਂ ਭਾਉਂਦਾ ਸਗੋਂ ਸੰਗਤਾਂ ਦੇ ਤਿਲ ਫੁਲ ਦੇ ਦਾਨ ਨਾਲ ਚਲਦਾ ਸ਼ੋਭਾ ਦਿੰਦਾ ਹੈ।"

ਸ੍ਰੀ ਗੁਰੂ ਅਮਰਦਾਸ ਜੀ ਦੀ ਪਵਿੱਤਰ ਨਗਰੀ ਗੋਇੰਦਵਾਲ ਗੁਰੂ ਜੀ ਦੇ ਪਰਉਪਕਾਰਾਂ, ਵਿਚਾਰਾਂ ਤੇ ਸ਼ਖ਼ਸੀ ਸਮਾਨਤਾ ਦੀ ਉੱਤਮ ਕਲਾ ਦਾ ਨਮੂਨਾ ਹੈ। ਜਿਨ੍ਹਾਂ ਗੁਰਸਿੱਖਾਂ ਖਾਸ ਮਦਦ ਕੀਤੀ ਉਹਨਾਂ ਵਿਚੋਂ ਗੋਂਦਾ ਮਰਵਾਹ ਜਿਸ ਨੇ ਭੋਂ ਦਿੱਤੀ ਸੀ। ਪ੍ਰਿਥੀ ਮਲ, ਤੁਲਸਾ, ਜੇਠਾ, ਪਾਰੋ, ਬਲੂ ਆਦਿ ਨੇ ਆਪਣੀ ਹੱਥੀਂ ਬਹੁਤ ਸੇਵਾ ਕੀਤੀ। ਭਾਈ ਪਾਰੋ ਨੂੰ ਗੁਰੂ ਜੀ ਨੇ ਉਪਦੇਸ਼ ਵੀ ਦਿੱਤਾ:

ਭਾਈ ਪਾਰੋ ਕੋ ਵਰ ਭਯੋ। ਸ੍ਰੀ ਗੁਰ ਅਮਰਦਾਸ ਜੀ ਦਯੋ।
ਗੁਰ ਘਰ ਸੋਂ ਤਵ ਕੁਲ ਕੋ ਨਾਤਾ। ਹੋਇ ਹੈ ਆਗੈ ਜਗ ਬਖਯਾਤਾ।
(ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾ: ੪, ਅੰਸੂ ੫)

ਭੱਟ ਵੀ ਜਦ ਇਸ ਗੁਰੂ ਨਗਰ ਤੇ ਤੀਰਥ ਮਹਿਮਾ ਵੇਖਣ ਗਏ ਤਾਂ ਗਦ-ਗਦ ਹੋ ਕੇ ਇੰਝ ਸੋਹਲੇ ਗਾਉਣ ਲੱਗ ਪਏ:

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੁਨ ਤੀਰਿ ਬਿਪਾਸ ਬਨਾਯਉ ॥
(ਪੰਨਾ ੧੪੦੦)

ਸ੍ਰੀ ਗੁਰੂ ਅਮਰਦਾਸ ਜੀ ਨੇ ਬੈਕੁੰਠ ਵਰਗਾ ਗੋਇੰਦਵਾਲ ਨਗਰ ਬਿਆਸ ਦੇ ਕੰਢੇ 'ਤੇ ਬਣਾ ਦਿੱਤਾ ਹੈ। ਇਸ ਨਗਰ ਵਿਚ ਇਹ ਗੁਰਧਾਮ ਦਰਸ਼ਨ ਕਰਨ ਯੋਗ ਹਨ: 'ਬਾਉਲੀ ਸਾਹਿਬ ਜੋ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਪਾਣੀ ਦੀ ਔਕੜ ਹੱਲ ਕਰਨ ਲਈ ਸੰਮਤ 1616 (1559 ਈ.) ਵਿਚ ਬਣਵਾਈ ਸੀ। ਇਥੇ ਹੀ ਹਵੇਲੀ ਸਾਹਿਬ (ਜੋ ਗੁਰੂ ਜੀ ਦਾ ਰਿਹਾਇਸ਼ੀ ਮਕਾਨ) ਗੁਰਦੁਆਰਾ ਹੈ। ਬਾਹਰ ਬਰਾਂਡੇ ਵਿਚ ਬੀਬੀ ਭਾਨੀ ਜੀ ਦਾ ਰਸੋਈ ਚੁੱਲ੍ਹਾ ਜੋ ਕਿ ਹੁਣ ਸੰਗਮਰਮਰ ਦਾ ਬਣਿਆ ਹੈ। ਇਸ ਦੇ ਨਾਲ ਹੀ ਉਹ ਕਿੱਲੀ ਜਿਸ ਨੂੰ ਫੜ ਕੇ ਗੁਰੂ ਜੀ ਰਾਤ ਸਮੇਂ ਭਜਨ ਬੰਦਗੀ ਕਰਦੇ ਸਨ।

SikhBookClub.com

ਥੋੜ੍ਹਾ ਕੁ ਅੱਗੇ ਹੋਰ ਜਾਈਏ ਤਾਂ ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ-ਜੋਤਿ ਸਮਾਉਣ ਦਾ ਅਸਥਾਨ ਹੈ। ਇਥੇ ਹੀ ਬਾਬਾ ਮੋਹਨ ਜੀ ਦਾ ਮਕਾਨ ਹੈ, ਜਿਥੋਂ ਗੁਰੂ ਪੰਚਮ ਪਾਤਸ਼ਾਹ ਪੋਥੀਆਂ ਲੈਣ ਗਏ ਸਨ। ਪੰਚਮ ਗੁਰਦੇਵ ਸੀਤਲ ਜੋਤ (ਗੁਰੂ) ਅਰਜਨ ਦੇਵ ਜੀ ਦਾ ਪ੍ਰਕਾਸ਼ ਭੋਇੰ, ਇਹੋ ਨਗਰੀ ਗੋਇੰਦਵਾਲ ਹੈ। ਗੁਰੂ ਰਾਮਦਾਸ ਜੀ ਦਾ ਗੁਰਿਆਈ ਅਸਥਾਨ ਤੇ ਉਨ੍ਹਾਂ ਦੁਆਰਾ ਲਗਵਾਇਆ ਇਕ ਖੂਹ ਵੀ ਇਥੇ ਹੀ ਸੁਸ਼ੋਭਿਤ ਹੈ, ਇਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਤਾਪ੍ਰਤਿ ਪ੍ਰਕਾਸ਼ ਹੁੰਦਾ ਹੈ।' ਗੋਇੰਦਵਾਲ ਦੇ ਬਹੁਤੇ ਗੁਰਧਾਮਾਂ ਦੀ ਸੰਗਮਰਮਰ ਦੀ ਸੇਵਾ ਜ਼ਿਆਦਾ ਮਹਾਰਾਜਾ ਫਰੀਦਕੋਟ ਨੇ ਕਰਵਾਈ ਸੀ। ਇਸ ਗੁਰਧਾਮ ਤੇ ਪਵਿੱਤਰ ਤੀਰਥ ਦੇ ਨਾਂ ਬਹੁਤ ਸਾਰੀ ਜ਼ਮੀਨ ਤੇ ਜਾਇਦਾਦ ਇਨ੍ਹਾਂ ਕਸਬਿਆਂ, ਪਿੰਡਾਂ, ਸ਼ਹਿਰਾਂ ਵਿਚ ਹੈ: ਟੋਡੇਵਾਲਾ, ਦੁਗਲਵਾਲਾ, ਝੰਡੇਰ, ਫਤਹਚਕ, ਖਾਡੂਰ, ਅਕਬਰਪੁਰਾ, ਕਾਵਾਂ, ਮਿਆਣੀ, ਖੱਖ, ਵੈਰੋਵਾਲ, ਧੂੰਦਾ, ਫਿਰੋਜ਼ਪੁਰ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ ਆਦਿ। ਰਿਆਸਤਾਂ ਵੇਲੇ ਕਪੂਰਥਲਾ, ਫਰੀਦਕੋਟ ਤੇ ਨਾਭੇ 'ਚੋਂ ਵੀ ਮਿਲੀ ਸੀ।

(5/1979)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ

ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥

(ਪੰਨਾ ੪੬੩)

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਰ ਲਿਖੇ ਵਾਕ ਇਕ ਅਟੱਲ ਸੱਚਾਈ ਹਨ ਅਤੇ ਉਹਨਾਂ ਦੇ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਵੀ ਇਸ ਦੇ ਅਨੁਕੂਲ ਹਨ। ਵਾਹਿਗੁਰੂ ਨੇ ਉਹਨਾਂ ਨੂੰ ਚਾਨਣ ਬਖ਼ਸ਼ ਕੇ ਇਕ ਸੱਚੇ ਗੁਰੂ ਦੀ ਰਾਹੀਂ ਸੋਝੀ ਦਿੱਤੀ ਅਤੇ ਮਾਇਆ ਦੇ ਮੋਹ ਅਤੇ ਭਰਮਾਂ ਵਿਚੋਂ ਕੱਢ ਲਿਆ। ਉਹਨਾਂ ਨੇ ਇਸ ਦਾਤ ਨੂੰ ਕਦਾਚਿਤ ਆਪਣਾ ਹੱਕ ਨਾ ਸਮਝਿਆ ਕਿਉਂ ਜੋ ਉਹ ਫ਼ੁਰਮਾਉਂਦੇ ਹਨ ਕਿ ਇਹ ਨਹੀਂ ਆਖਿਆ ਜਾ ਸਕਦਾ ਕਿ ਵਾਹਿਗੁਰੂ ਕਿਸ 'ਤੇ ਤੁਠੇਗਾ ਅਤੇ ਉਸ ਦਾ ਬੇੜਾ ਭਵ ਸਾਗਰ ਤੋਂ ਪਾਰ ਉਤਾਰੇਗਾ। ਇਥੇ ਅਸੀਂ ਉਨ੍ਹਾਂ ਦੇ ਜੀਵਨ ਬਿਰਤਾਂਤ ਅਤੇ ਉਹਨਾਂ ਦੀ ਰੱਬੀ ਨੂਰ ਭਰਪੂਰ ਬਾਣੀ ਵਿਚੋਂ ਕੁਝ ਕੁ ਮਾਣਕ-ਮਣੀ ਸਲੋਕਾਂ 'ਤੇ ਸੰਖੇਪ ਵਿਚਾਰ ਕਰਦੇ ਹੋਏ ਉਹਨਾਂ ਦੀ ਸਿਫਤ ਸਾਲਾਹ ਕਰਨ ਦਾ ਤੁਛ ਜਿਹਾ ਯਤਨ ਕਰਾਂਗੇ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਲਹਿਣਾ ਸੀ, ਉਨ੍ਹਾਂ ਦੇ ਪਿਤਾ ਜੀ ਦਾ ਨਾਂ ਭਾਈ ਫੇਰੂ ਮਲ ਅਤੇ ਮਾਤਾ ਜੀ ਦਾ ਨਾਂ ਦਇਆ ਕੌਰ ਸੀ ਜੋ ਕਿ ਮਤੇ ਦੀ ਸਰਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਵਸਨੀਕ ਸਨ ਅਤੇ ਉਹਨਾਂ ਦਾ ਜਨਮ 31 ਮਾਰਚ 1504 ਨੂੰ ਹੋਇਆ। ਬਾਬਰ ਦੇ ਹਮਲਿਆਂ (1524-26) ਦੇ ਕਾਰਨ ਜੋ ਤਰਥਲੀ ਮਚੀ ਉਸ ਵਿਚ ਇਹ ਪਿੰਡ ਉਜੜ ਗਿਆ ਅਤੇ ਲਹਿਣਾ ਜੀ ਦਾ ਪਰਿਵਾਰ ਖਡੂਰ ਆ ਵਸਿਆ। ਇਹ ਉਨ੍ਹਾਂ ਦੀ ਭੂਆ ਦਾ ਪਿੰਡ ਸੀ ਅਤੇ ਇਥੇ ਹੀ ਉਹਨਾਂ ਦਾ ਆਪਣਾ ਵਿਆਹ ਵੀ ਮਾਤਾ ਖੀਵੀ ਜੀ ਨਾਲ ਹੋਇਆ ਸੀ।

ਲਹਿਣਾ ਜੀ ਸ਼ੁਰੂ ਤੋਂ ਹੀ ਧਾਰਮਕ ਰੁਚੀ ਰੱਖਦੇ ਸਨ। ਉਹਨਾਂ ਦੀ ਕਾਫ਼ੀ ਮਾਨਤਾ ਵੀ ਸੀ ਅਤੇ ਕਈ ਲੋਕ ਉਹਨਾਂ ਦੇ ਸ਼ਰਧਾਲੂ ਵੀ ਸਨ। ਉਸ ਸਮੇਂ ਦੀ ਰੀਤ ਅਨੁਸਾਰ ਉਹ ਤੀਰਥ ਯਾਤਰਾ 'ਤੇ ਹਰ ਸਾਲ ਜਾਇਆ ਕਰਦੇ ਸਨ। ਸੰਨ 1532 ਵਿਚ ਉਹ ਹਮੇਸ਼ਾ ਵਾਂਗ ਦੇਵੀ ਦੇ ਦਰਸ਼ਨਾਂ ਲਈ ਜਾ ਰਹੇ ਸਨ ਕਿ ਰਾਹ ਵਿਚ ਰਾਵੀ ਦੇ ਕੰਢੇ ਕਰਤਾਰਪੁਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦਾ ਫੁਰਨਾ ਉਹਨਾਂ ਦੇ ਮਨ ਵਿਚ ਫੁਰਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਹਨਾਂ ਦੀ ਸਿਫਤ ਉਨ੍ਹਾਂ ਨੇ ਖਡੂਰ ਵਾਸੀ ਭਾਈ ਜੋਧਾ ਜੀ ਪਾਸੋਂ ਸੁਣੀ ਹੀ ਹੋਈ ਸੀ। ਸਤਿਗੁਰੂ ਦੇ ਦਰਸ਼ਨ ਕੀਤੇ, ਗੁਰ ਉਪਦੇਸ਼ ਸੁਣਿਆ, ਦੇਵੀ ਦੇਵਤੇ ਭੁੱਲ ਗਏ,

SikhBookClub.com

ਭਰਮ ਦੂਰ ਹੋ ਗਏ ਅਤੇ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਹੋ ਗਏ। ਇਸ ਅਗੰਮੀ ਮੇਲ ਦੇ ਦਰਸ਼ਨ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ 'ਚੋਂ ਹੁੰਦੇ ਹਨ:

ਸਿਰੀਰਾਗੁ ਮਹਲਾ ੧॥
ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥੧॥
ਮੇਰੇ ਮਨ ਲੈ ਲਾਹਾ ਘਰਿ ਜਾਹਿ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥੧॥ ਰਹਾਉ ॥
ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ॥੨॥
ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੁਖ ਸੰਤਾਪੁ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥੩॥
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥

(ਪੰਨਾ ੭੦)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਕਈ ਵਾਰੀ ਆਪਣੇ ਪਰਿਵਾਰ ਪਾਸ ਖਡੂਰ ਜਾਣ ਲਈ ਕਿਹਾ। ਪਰ ਹੁਣ ਮੁੜੇ ਕੌਣ? ਇਕ ਦੋ ਵਾਰੀ ਗਏ ਪਰ ਮੁੜ ਆਪਣੇ ਗੁਰੂ ਦੇ ਚਰਨਾਂ ਵਿਚ ਆ ਰਹੇ ਅਤੇ ਉਥੇ ਹੀ ਗੁਰ ਸੇਵਾ ਵਿਚ ਤਨੋਂ ਮਨੋਂ ਜੁਟੇ ਗਏ। ਗੁਰੂ ਜੀ ਦੇ ਹਰ ਹੁਕਮ ਦੀ ਪਾਲਣਾ ਕਰਦੇ ਰਹੇ। ਲਹਿਣਾ ਜੀ ਗੁਰੂ ਦ੍ਰਿਸ਼ਟੀ ਨਾਲ ਕੇਸਰੀ ਬਣ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਵਸਥਾ 70 ਕੁ ਸਾਲ ਦੀ ਹੋ ਚੁੱਕੀ ਸੀ ਅਤੇ ਜਿਸ ਮੰਤਵ ਲਈ ਉਹ ਇਸ ਜਗ ਵਿਚ ਪਠਾਏ ਗਏ ਸਨ ਉਸ ਨੂੰ ਆਪਣੇ ਪਿੱਛੋਂ ਅਗੇਰੇ ਲਿਜਾਣ ਲਈ ਯੋਗ ਵਿਅਕਤੀ ਦੀ ਭਾਲ ਵਿਚ ਸਨ। 'ਗੁਰੂ ਛੋਹ ਨਾਲ ਮੁਰਦਾ ਸੰਸਾਰ ਸੁਰਜੀਤ ਹੁੰਦਾ ਹੈ। ਕਾਮਾਦਿਕ 'ਤੇ ਜਿੱਤ ਪ੍ਰਾਪਤ ਹੁੰਦੀ ਹੈ ਅਤੇ ਅਗਿਆਨ ਦਾ ਨਾਸ ਹੁੰਦਾ ਹੈ, ਮੈਲਾ ਮਨ ਨਿਰਮਲ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿਸ ਨੂੰ ਆਪਣੀ ਗੱਦੀ ਦੇਣੀ ਸੀ, ਉਸ ਵਿਚ ਇਹ ਸਮਰਥਾ ਉਪਜਾਣੀ ਸੀ ਅਤੇ ਉਸ ਦੀ ਸਮਰੱਥਾ ਦਾ ਪ੍ਰਤਾਵਾ ਵੀ ਲੈਣਾ ਸੀ। ਲਹਿਣਾ ਜੀ ਘਟੋ-ਘੱਟ ਸਤ ਸਾਲ ਗੁਰੂ ਜੀ ਪਾਸ ਰਹੇ ਅਤੇ ਡੂੰਘੀ ਸ਼ਰਧਾ ਨਾਲ ਗੁਰੂ ਪ੍ਰੇਮ ਕੀਤਾ। ਉਨ੍ਹਾਂ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਚੰਦ ਭਾਵੇਂ ਸ਼ੁਭ ਆਚਰਣ ਵਾਲੇ ਸਨ ਪਰ ਉਹ ਉਸ ਦਰਜੇ ਤਕ ਨਹੀਂ ਸਨ ਪਹੁੰਚਦੇ, ਜਿਸ ਦੀ ਲੋੜ ਸੀ ਗੁਰੂ ਨਾਨਕ ਦੇ ਮਿਸ਼ਨ ਨੂੰ ਅੱਗੇ ਚਲਾਉਣ ਦੀ। ਪਰ ਜੋ ਕੌਤਕ ਗੁਰੂ ਜੀ ਨੇ ਆਪਣੇ ਜਾਂ-ਨਸ਼ੀਨ ਨੂੰ ਪਰਖਣ ਲਈ ਰਚੇ ਉਹਨਾਂ ਵਿਚ ਲਹਿਣਾ ਜੀ ਹੀ ਪੂਰੇ ਉਤਰੇ। ਸ੍ਰੀ ਗੁਰੂ ਨਾਨਕ ਜੀ ਦੇ ਕਹਿਣ 'ਤੇ ਚਿੱਕੜ ਨੁਚੜਦੀ ਨਦੀਨ ਦੀ ਪੰਡ ਚੁੱਕਣਾ, ਮੁਰਦੇ

SikhBookClub.com

ਖਾਣਾ, ਮੋਈ ਚੂਹੀ ਚੁੱਕਣਾ, ਅੱਧੀ ਰਾਤੀਂ ਕਪੜੇ ਧੋਣ ਜਾਣਾ, ਕੰਧ ਨੂੰ ਉਸਾਰਨਾ ਪਰ ਗੁਰਾਂ ਦੇ ਬਾਰ ਬਾਰ ਵਿੰਗੀ ਦਸੇ ਜਾਣ 'ਤੇ ਢਾਹੁਣਾ ਤੇ ਮੁੜ ਮੁੜ ਕੇ ਉਸਾਰਨਾ, ਕਟੋਰਾ ਚਿੱਕੜ 'ਚੋਂ ਕੱਢਣਾ, ਮਿਠਾਈ ਲਈ ਕਿੱਕਰ ਨੂੰ ਹਲੂਣਾ ਦੇਣਾ, ਕੁਝ ਕੁ ਅਜ਼ਮਾਇਸ਼ਾਂ ਸਨ ਜਿਹਨਾਂ ਨੇ ਸਿੱਧ ਕਰ ਦਿੱਤਾ ਕਿ ਲਹਿਣਾ ਜੀ ਨੇ ਆਪਣੀਆਂ ਵਾਗਾਂ ਗੁਰੂ ਜੀ ਦੇ ਹਵਾਲੇ ਕਰ ਦਿੱਤੀਆਂ ਸਨ, ਜਿਧਰ ਮੋੜਿਆ ਉਧਰ ਮੁੜੇ ਸਨ ਤੇ ਜਿਥੇ ਰੋਕਿਆ ਉਥੇ ਰੁਕੇ ਸਨ।' ਇਹਨਾਂ ਨਾਟਕੀ ਸਾਖੀਆਂ ਵਿਚ ਬਹੁਤ ਡੂੰਘੀਆਂ ਰਮਜ਼ਾਂ ਜਾਪਦੀਆਂ ਹਨ ਜੋ ਇਸ ਥਾਂ ਵਿਸਥਾਰੀਆਂ ਨਹੀਂ ਜਾ ਸਕਦੀਆਂ।

ਭਾਈ ਲਹਿਣਾ ਜੀ ਦਾ ਇਸ਼ਕ ਖੇਚਲਾਂ, ਕਠਿਨਾਈਆਂ, ਔਕੜਾਂ ਆਦਿ ਤੋਂ ਘਬਰਾਉਣ ਵਾਲਾ ਨਹੀਂ ਸੀ। ਉਸ ਗੁਰੂ ਦੇ ਆਸ਼ਕ ਦਾ ਪਿਆਰ ਲੇਖੇ ਗਿਣ-ਗਿਣ ਕੇ ਕੀਤਾ ਗਿਆ ਨਹੀਂ ਸੀ। ਉਹਨਾਂ ਤਾਂ ਫ਼ੁਰਮਾਇਆ ਸੀ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥

(ਪੰਨਾ ੪੭੪)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਆਪਣਾ ਰੂਪ ਦੱਸਿਆ। ਗੁਰਿਆਈ ਦੀ ਦਾਤ ਉਹਨਾਂ ਨੂੰ ਬਖ਼ਸ਼ੀ ਅਤੇ ਇਸ ਤਰ੍ਹਾਂ 'ਲਹਿਣੇ ਪਾਈ ਨਾਨਕੋਂ'। ਰਸਮੀ ਤੌਰ 'ਤੇ ਬਾਬਾ ਬੁੱਢਾ ਜੀ ਪਾਸੋਂ ਕੇਸਰ ਦਾ ਟਿੱਕਾ ਉਹਨਾਂ ਦੇ ਮਸਤਕ 'ਤੇ ਲਗਵਾ ਆਪਣੇ ਅੰਗ ਨਾਲ ਲਾ ਕੇ ਲਹਿਣੇ ਨੂੰ ਅੰਗਦ ਬਣਾ ਦਿੱਤਾ।

ਸਹਿ ਟਿਕਾ ਦਿਤੋਸੁ ਜੀਵਦੈ॥

(ਪੰਨਾ ੯੬੬)

ਬਾਬਾ ਸ੍ਰੀ ਚੰਦ ਅਤੇ ਹੋਰ ਦੂਜੇ ਕੁਝ ਪੁਰਸ਼ਾਂ ਦੇ ਈਰਖਾ ਅਤੇ ਵਿਰੋਧ ਕਰਨ ਦੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਕਿਹਾ 'ਪੁਰਖਾ ਖਡੂਰ ਜਾ ਰਹੁ'। ਭਾਵੇਂ ਉਨ੍ਹਾਂ ਦਾ ਮਨ ਨਹੀਂ ਸੀ ਮੰਨਦਾ ਤੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਦੇ ਅੰਤਲੇ ਦਿਨਾਂ ਵਿਚ ਉਹਨਾਂ ਪਾਸ ਹੀ ਰਹਿ ਕੇ ਉਹਨਾਂ ਦੀ ਸੇਵਾ ਕਰਨੀ ਚਾਹੁੰਦੇ ਸਨ ਪਰ ਹੁਕਮ ਮੰਨਦੇ ਹੋਏ ਉਹ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਖਡੂਰ ਚਲੇ ਗਏ, ਪਰ ਵੈਰਾਗ ਵਿਚ। ਉਸੇ ਵੈਰਾਗ ਦੀ ਦਸ਼ਾ ਵਿਚ ਉਹ ਕਈ ਮਹੀਨੇ ਮਾਈ ਭਰਾਹੀ ਦੇ ਘਰ ਅੰਦਰ ਹੀ ਅਲੋਪ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਹੀ ਗੁਰੂ ਦਰਸ਼ਨਾਂ ਬਾਝੋਂ ਵਿਆਕੁਲ ਸੰਗਤਾਂ ਦੇ ਕਹਿਣ 'ਤੇ ਬਾਬਾ ਬੁੱਢਾ ਜੀ ਨੇ ਆਪਣੀ ਪ੍ਰੇਮ ਭਾਵਨਾ ਦੁਆਰਾ ਉਹਨਾਂ ਨੂੰ ਪ੍ਰਗਟ ਕੀਤਾ। ਉਹਨਾਂ ਦੀ ਹੀ ਬੇਨਤੀ ਮੰਨ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਗਤਾਂ ਨੂੰ ਦਰਸ਼ਨ ਦਿੱਤੇ ਅਤੇ 'ਬੈਠ ਖਡੂਰੇ ਜੋਤਿ ਜਗਾਈ'। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਰੀਰਕ ਤੌਰ 'ਤੇ ਵਿਛੜਨ ਕਾਰਨ ਉਹ ਅਤਿਅੰਤ ਵੈਰਾਗ ਵਿਚ ਸਨ। ਇਤਿਹਾਸ ਅਨੁਸਾਰ ਉਸ ਸਮੇਂ ਉਹਨਾਂ ਇਹ ਸਲੋਕ ਉਚਾਰਿਆ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ *(ਪੰਨਾ ੮੩)*

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ 1539 ਤੋਂ 1552 ਈਸਵੀ ਤਕ 13 ਸਾਲ ਗੁਰਗੱਦੀ 'ਤੇ ਬਿਰਾਜਮਾਨ ਰਹੇ। ਆਪਣੀ ਨਿਮਰਤਾ, ਸੰਜਮ ਅਤੇ ਸੀਲ ਸੁਭਾਵ ਦੁਆਰਾ ਉਹਨਾਂ ਨੇ ਆਪਣੇ ਸਿੱਖਾਂ ਅਤੇ ਬਾਬਾ ਸ੍ਰੀ ਚੰਦ ਜੀ ਦੇ ਮੁਰੀਦਾਂ ਵਿਚਕਾਰ ਪਾਟੋ ਧਾੜ ਪੈਣ ਨੂੰ ਰੋਕਿਆ। ਬਾਬੇ ਨਾਨਕ ਦੀ ਬਾਣੀ ਨੂੰ ਥਾਂ ਥਾਂ 'ਤੇ ਕੇਂਦਰ ਖੋਲ੍ਹ ਸੰਗਤਾਂ ਤਕ ਪਹੁੰਚਾਇਆ। ਲੰਗਰ ਦਾ ਪ੍ਰਬੰਧ ਪੱਕਾ ਤੇ ਸੁਚੱਜਾ ਕੀਤਾ। ਸੰਗਤਾਂ ਦੀ ਮਾਨਸਕ ਅਤੇ ਆਤਮਕ ਅਵਸਥਾ ਨੂੰ ਪ੍ਰਬਲ ਕਰਨ ਦੇ ਨਾਲ-ਨਾਲ ਉਹਨਾਂ ਦੀ ਸਰੀਰਕ ਸ਼ਕਤੀ ਵਧਾਉਣ ਦੇ ਵੀ ਹੀਲੇ ਕੀਤੇ ਅਤੇ ਹਰ ਧਰਮ-ਸਾਲ ਨਾਲ ਅਖਾੜੇ ਕਾਇਮ ਕਰਾਏ। ਸੰਗਤਾਂ ਨੂੰ ਗੁਰਮੁਖੀ ਅੱਖਰ ਸਿਖਾਉਣ ਦਾ ਪ੍ਰਬੰਧ ਕੀਤਾ। ਅੰਤ ਵਿਚ ਆਪਣੇ ਪੁੱਤਰ ਦਾਤੂ ਤੇ ਦਾਸੂ ਦੋਹਾਂ ਨਾਲੋਂ ਅਮਰਦਾਸ ਜੀ ਨੂੰ ਅਧਿਕ ਯੋਗ ਸਮਝ ਕੇ ਉਨ੍ਹਾਂ ਨੂੰ ਨਿਮਾਣਿਆਂ ਦੇ ਮਾਣ, ਨਿਥਾਵਿਆਂ ਦੇ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗਤ ਆਦਿ ਗੁਣ ਦੇ ਕੇ ਗੁਰਗੱਦੀ ਦੀ ਸੌਂਪਣਾ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਗੋਇੰਦਵਾਲ ਜਾ ਰਹਿਣ ਦੀ ਆਗਿਆ ਕੀਤੀ ਅਤੇ ਆਪ ਸ੍ਰੀ ਖਡੂਰ ਸਾਹਿਬ ਵਿਖੇ ਸੰਨ 1552 ਈਸਵੀ ਵਿਚ 48 ਵਰ੍ਹਿਆਂ ਦੀ ਆਯੂ ਵਿਚ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਣਾਂ ਦਾ ਅੰਦਾਜ਼ਾ ਲਾਉਣਾ ਇਕ ਤੁਛ ਬੁੱਧੀ ਵਾਲੇ ਵਿਅਕਤੀ ਲਈ ਸੰਭਵ ਨਹੀਂ। ਹਾਂ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:

ਸੋ ਟਿਕਾ ਸੋ ਛਤ੍ਰੁ ਸਿਰਿ, ਸੋਈ ਸਚਾ ਤਖਤੁ ਟਿਕਾਈ। (ਵਾਰ ੧/੪੬)

ਭਟ ਕਲ ਸਹਾਰ ਉਚਾਰਦੇ ਹਨ:

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥

(ਪੰਨਾ ੧੩੯੧)

ਭਟ ਗਯੰਦ ਜੀ ਦਾ ਕਥਨ ਹੈ:

ਲਹਣੈ ਪੰਥੁ ਧਰਮ ਕਾ ਕੀਆ॥

(ਪੰਨਾ ੧੪੦੧)

ਅਤੇ ਭਟ ਬਲ ਜੀ ਨੇ ਉਚਾਰਿਆ ਹੈ:

ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯੁ ਹੀਅਉ॥

(ਪੰਨਾ ੧੪੦੫)

ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ ਵਿਚੋਂ ਕੁਝ ਕੁ ਵਾਕ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਇੰਝ ਹਨ:

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥...

(ਪੰਨਾ ੯੬੭)

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
ਝੁਲੈ ਸੁ ਛਤ੍ਰੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥

SikhBookClub.com

ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥

(ਪੰਨਾ ੯੬੬-੬੭)

ਖਰਚੇ ਦਿਤਿ ਖਸੰਮ ਦੀ ਆਪ ਖਹਦੀ ਥੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥
... ...
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥

(ਪੰਨਾ ੯੬੭)

ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥
ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥
ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥

(ਪੰਨਾ ੯੬੭)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਆਕਾਰ ਵਿਚ ਕੇਵਲ 63 ਸਲੋਕ ਹਨ ਜੋ ਸਿਰੀ ਰਾਗ ਕੀ ਵਾਰ ਮ: ੪, ਮਾਂਝ ਕੀ ਵਾਰ ਮ: ੧, ਆਸਾ ਦੀ ਵਾਰ ਮ: ੧, ਸੋਰਠਿ ਕੀ ਵਾਰ ਮ: ੪, ਸੂਹੀ ਕੀ ਵਾਰ ਮ: ੩, ਰਾਮਕਲੀ ਕੀ ਵਾਰ ਮ: ੩, ਸਾਰੰਗ ਕੀ ਵਾਰ ਮ: ੪ ਅਤੇ ਮਲਾਰ ਕੀ ਵਾਰ ਮ: ੧ ਵਿਚ ਸਮਿਲਤ ਅਤੇ ਸੁਸੱਜਿਤ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਪਾਠ ਉਹਨਾਂ ਆਦਰਸ਼ਕ ਅਮਲੀ ਜੀਵਨ ਦੇ ਅਸੂਲਾਂ, ਆਤਮਕ ਅਟੱਲ ਸਚਿਆਈਆਂ ਅਤੇ ਗੁਝੀਆਂ ਰਮਜ਼ਾਂ ਨੂੰ ਸਪੱਸ਼ਟ ਕਰਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਆਪਣੇ ਜੀਵਨ ਦੀ ਕਮਾਈ ਅਤੇ ਘਾਲਣਾ ਦੀ ਗਵਾਹੀ ਦੇ ਕੇ ਕੀਤੀ। ਉਹਨਾਂ ਨੇ ਗੁਰੂ ਲਭਾ, ਉਸ ਦੇ ਹੁਕਮ ਦੀ ਪਾਲਣਾ ਕੀਤੀ ਅਤੇ ਨਿਸ਼ਕਾਮ ਸੇਵਾ ਕੀਤੀ। 'ਮਨਮੁਖਤਾ' ਤੇ 'ਗੁਰਮੁਖਤਾ' ਦਾ ਭੇਦ ਪਾ ਲਿਆ। 'ਕੰਤ' ਦੀ ਰਜ਼ਾ ਵਿਚ ਰਹਿ ਕੇ ਬਿਰਹਾ, ਵੈਰਾਗ, ਸਿਦਕ, ਭਰੋਸਾ ਤੇ ਵਿਸ਼ਵਾਸ ਦੇ ਵਸੀਲੇ ਵਰਤ ਕੇ 'ਕੰਤ ਮਿਲਾਵਾ' ਪ੍ਰਾਪਤ ਕੀਤਾ ਅਤੇ 'ਜਿਉਂ ਜਲ ਮਹਿ ਜਲ ਆਇ ਖਟਾਨਾ॥ ਤਿਉਂ ਜੋਤੀ ਸੰਗ ਜੋਤਿ ਸਮਾਨਾ॥' ਉਹਨਾਂ ਨੇ ਆਪਣੀ ਬਾਣੀ ਵਿਚ ਦੱਸਿਆ ਕਿ ਸਭ ਤੋਂ ਸ੍ਰੇਸ਼ਟ ਧਰਮ ਪ੍ਰਭੂ ਦਾ ਸਿਮਰਨ ਹੈ। ਜਿਸ ਵਿਅਕਤੀ ਨੂੰ ਇਹ ਸੋਝੀ ਆ ਜਾਂਦੀ ਹੈ ਉਹ ਆਪ ਵੀ ਪ੍ਰਭੂ ਦਾ ਰੂਪ ਹੈ:

ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥

(ਪੰਨਾ ੧੩੫੩)

ਗੁਰੂ ਦੀ ਲੋੜ ਬਾਰੇ ਫੁਰਮਾਇਆ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਪੰਨਾ ੪੬੩)

SikhBookClub.com

ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥

(ਪੰਨਾ ੧੨੩੮)

ਪਰ ਉਹ ਗੁਰੂ ਕੈਸਾ ਹੋਵੇ ਜਿਸ ਦਵਾਰਾ ਮਨ ਦੇ ਅੰਦਰ ਅੰਮ੍ਰਿਤ ਰੂਪੀ ਨਾਮ ਪ੍ਰਾਪਤ ਹੋ ਜਾਏ ਅਤੇ ਗਿਆਨ ਦਾ ਪ੍ਰਕਾਸ਼:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ॥

(ਪੰਨਾ ੧੨੨੯)

ਅਤੇ ਸਿਟੇ ਦੇ ਤੌਰ 'ਤੇ ਉਹਨਾ ਫ਼ੁਰਮਾਇਆ ਹੈ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਪੰਨਾ ੧੪੦)

ਪਰ ਗੁਰੂ ਨਾਲ ਮਿਲਾਪ ਓਪਰਾ ਨਹੀਂ, ਤਨੋਂ ਮਨੋਂ ਹੋਣਾ ਜ਼ਰੂਰੀ ਹੈ:

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥

(ਪੰਨਾ ੭੯੧)

ਜਦ ਐਸਾ ਗੁਰੂ ਪਾ ਲਏ ਤਾਂ ਪ੍ਰਾਣੀ ਫੇਰ ਉਸ ਦੇ ਹੁਕਮ ਨੂੰ ਪਾਲਣ ਅਤੇ ਉਸ ਦੀ ਸੇਵਾ ਕਰਨ ਵਿਚ ਜੁਟ ਜਾਏ। 'ਬਧਾ ਚਟੀ' ਨਾ ਭਰੇ। 'ਸਲਾਮੁ' ਦੇ ਨਾਲ 'ਜਬਾਬੁ' ਨਾ ਕਰੇ। ਗਾਰਬੁ ਵਾਦੁ ਵਿਚ ਨਾ ਪਵੇ ਬਲਕਿ:

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਪੰਨਾ ੪੭੪)

ਪਰ 'ਆਪੁ' ਗਵਾਉਣਾ ਅਤੇ 'ਹਉਮੈ' ਦੀ ਮੈਲ ਉਤਾਰਨੀ ਸੌਖੀਆਂ ਗੱਲਾਂ ਨਹੀਂ। 'ਹਉਮੈ ਦੀਰਘ ਰੋਗ ਹੈ' ਕਿਉਂਜੋ ਪ੍ਰਾਣੀ ਆਪਣੇ ਪੂਰਬਲੇ ਅਤੇ ਇਸ ਜਨਮ ਦੇ ਕੀਤੇ ਕੰਮਾਂ ਤੇ ਸੰਸਕਾਰਾਂ ਦੇ ਅਸਰ ਹੇਠ ਮੁੜ ਮੁੜ ਉਹੋ ਹੀ ਕੰਮ ਕਰਨ ਦੀ ਰੁਚੀ ਨੂੰ ਰੋਕ ਨਹੀਂ ਪਾ ਸਕਦੇ। ਪਰ ਗੁਰੂ ਜੀ ਸਮਝਾਉਂਦੇ ਹਨ ਕਿ 'ਦਾਰੂ ਭੀ ਇਸ ਮਾਹਿ।' ਅਤੇ ਉਹ ਦਾਰੂ ਹੈ 'ਗੁਰੂ ਦਾ ਸਬਦਿ ਕਮਾਉਣਾ' ਜੋ ਅਵੱਸ਼ ਕਮਾਇਆ ਜਾ ਸਕਦਾ ਹੈ। ਸ਼ਰਤ? 'ਕਿਰਪਾ ਕਰੇ ਜੇ ਆਪਣੀ।' ਕੌਣ ਕਿਰਪਾ ਕਰੇ? ਜੋ 'ਦੁਹਾ ਸਿਰਿਆ ਕਾ ਆਪੇ ਖਸਮੁ ਹੈ' ਅਤੇ ਜਿਸ ਦੇ ਹੱਥ ਵਿਚ ਜੀਵਨ ਦੀ 'ਨਕਿ ਨਥਿ' ਹੈ।

SikhBookClub.com

ਤਾਂ ਤੇ ਉਸ ਦੀ ਕਿਰਪਾ ਦਾ ਪਾਤਰ ਬਣਨ ਲਈ ਅਰਜੋਈ ਕਰੇ ਕਿਉਂ ਜੋ:

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥

(ਪੰਨਾ ੪੭੪)

ਇਹ ਅਰਦਾਸ, ਬੇਨਤੀ, ਜੋਦੜੀ, ਦਿਲੋਂ ਨਿਕਲੇ ਤਾਂ ਹੀ ਅਸਰ ਰੱਖਦੀ ਹੈ। ਸਾਹਿਬ ਫ਼ੁਰਮਾਉਂਦੇ ਹਨ:

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥ *(ਪੰਨਾ ੪੭੪)*

ਹਾਂ ਜਦ ਅਰਦਾਸ ਕਬੂਲ ਹੋ ਗਈ, ਗੁਰ ਦਾ ਸਬਦਿ ਕਮਾਉਣ ਦੀ ਦਾਤ ਮਿਲ ਗਈ ਤਾਂ ਫਿਰ ਕਾਇਆ ਪਲਟ ਜਾਂਦੀ ਹੈ। ਮਨੁੱਖ 'ਮਨਮੁਖ' ਤੋਂ 'ਗੁਰਮੁਖ' ਬਣ ਜਾਂਦਾ ਹੈ ਅਤੇ ਪੁਕਾਰ ਉਠਦਾ ਹੈ:

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥

(ਪੰਨਾ ੧੨੯੦)

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥

(ਪੰਨਾ ੮੯)

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥

(ਪੰਨਾ ੭੯੧-੯੨)

ਉਸ ਦੇ ਮਨ ਵਿਚ ਬਿਰਹਾ ਉਪਜਦਾ ਹੈ। ਉਹਨਾਂ ਦਾ 'ਕੰਤੈ ਚਿਤਿ ਕਰੇਹੁ' ਅਤੇ 'ਸਹ ਨਾਲ ਪਿਆਰ' ਉਛਾਲੇ ਮਾਰਦਾ ਹੈ। ਉਹਨਾਂ ਦਾ ਸਿਦਕ ਭਰੋਸਾ, ਜੀਵਨ ਢੰਗ ਅਤੇ ਮੰਜ਼ਲੇ ਮਕਸੂਦ ਸਚੇ ਪਾਤਿਸ਼ਾਹ ਇਸ ਤਰ੍ਹਾਂ ਬਿਆਨ ਕਰਦੇ ਹਨ:

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥

(ਪੰਨਾ ੯੫੫)

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥

(ਪੰਨਾ ੧੪੮)

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥

(ਪੰਨਾ ੧੪੯)

SikhBookClub.com

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਪੰਨਾ ੧੩੯)

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥

(ਪੰਨਾ ੧੩੯)

ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ॥
ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ॥

(ਪੰਨਾ ੭੯੨)

ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਅਸਾਡੇ ਨਿਸ਼ਾਨੇ ਦੀ ਸੋਝੀ ਕਰਾਈ ਅਤੇ ਉਸ 'ਤੇ ਪਹੁੰਚਣ ਲਈ ਜੁਗਤ ਵੀ ਦੱਸੀ। ਸਾਨੂੰ ਸੁਜਾਖਾ ਕੀਤਾ ਤਾਂ ਜੋ ਅਸੀਂ 'ਘਲੇ ਆਇ ਨਾਨਕਾ ਸਦੇ ਉਠੀ ਜਾਹਿ' ਦੇ ਫੁਰਮਾਨ ਨੂੰ ਸਨਮੁਖ ਰੱਖਦੇ ਹੋਏ ਔਝੜੇ ਨਾ ਪੈਂਦੇ, ਵਾਹਿਗੁਰੂ ਦੇ ਹੁਕਮ ਤੇ ਰਜ਼ਾ ਨੂੰ ਬੁਝਦੇ, ਕਰਤੇ ਦੀ ਸਿਫਤ ਸਾਲਾਹ ਕਰਦੇ, ਉਸ ਦੀ ਨਦਰਿ ਦੇ ਪਾਤਰ ਬਣ ਕੇ 'ਨਾਮੁ ਦੀ ਨੀਸਾਣੁ' ਦੇ ਚਾਹਵਾਨ ਹੋ ਸਕੀਏ।

(7/1971)

SikhBookClub.com

ਭੱਟਾਂ ਦੀ ਨਜ਼ਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਜਾਣਕਾਰੀ ਦੇਣ ਵਾਲੇ ਨਿਕਟਵਰਤੀ ਸਰੋਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੁਆਰਾ ਰਚਿਤ ਸਵੱਈਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਭੱਟਾਂ ਨੇ 123 ਛੰਦ ਰਚੇ ਹਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 1389 ਤੋਂ 1409 ਤੱਕ ਦਰਜ ਹਨ। ਇਹ ਸਵੱਈਏ ਪੰਜ ਗੁਰੂ ਸਾਹਿਬਾਨ ਦੀ ਉਸਤਤੀ ਵਿਚ ਹਨ। ਸ੍ਰੀ ਗੁਰੂ ਅੰਗਦ ਸਾਹਿਬ ਬਾਰੇ ਭੱਟਾਂ ਦਾ ਨਜ਼ਰੀਆ ਕੀ ਹੈ, ਬਾਰੇ ਜਾਣਨ ਤੋਂ ਪਹਿਲਾਂ ਭੱਟ ਕੌਣ ਸਨ? ਇਨ੍ਹਾਂ ਨਾਲ ਸਬੰਧਤ ਕੁਝ ਹੋਰ ਵਿਚਾਰ ਗੋਚਰੇ ਮੁੱਦਿਆਂ ਬਾਰੇ ਜਾਣਨਾ ਜ਼ਰੂਰੀ ਹੈ। 'ਭੱਟ' ਦਾ ਅਰਥ ਹੈ, ਉਸਤਤ ਪੜ੍ਹਨ ਵਾਲਾ ਕਵੀ।[1] ਪੁਰਾਣੇ ਸਮਿਆਂ ਵਿਚ ਰਾਜ-ਦਰਬਾਰਾਂ ਵਿਚ ਰਾਜਿਆਂ ਤੇ ਸੂਰਬੀਰਾਂ ਦੀ ਬੀਰਤਾ ਦੇ ਗੀਤ, ਜੱਸ ਗਾਉਣ ਜਾਂ ਉਸਤਤ ਕਰਨ ਵਾਲੇ ਲੋਕਾਂ ਨੂੰ ਭੱਟ ਕਿਹਾ ਜਾਂਦਾ ਸੀ। ਪੰਜਾਬ ਦੇ ਭੱਟ ਕੌਸ਼ਿਸ਼ ਗੋਤ ਦੇ ਬ੍ਰਾਹਮਣ ਸਨ ਜੋ ਸਰਸਵਤੀ ਨਦੀ ਦੇ ਕੰਢੇ ਉੱਤੇ ਵੱਸੇ ਹੋਏ ਸਨ। ਇਹ ਨਦੀ ਪਹਿਲਾਂ ਪਹੋਏ ਜ਼ਿਲ੍ਹਾ ਕਰਨਾਲ ਕੋਲ ਵਗਦੀ ਸੀ ਅਤੇ ਉਰਲੇ—(ਦੱਖਣ-ਪੱਛਮ) ਪਾਸੇ ਵੱਸਣ ਕਰਕੇ ਉਹ ਸ਼ਾਰਸਤ ਅਤੇ ਪਰਲੇ (ਉੱਤਰ-ਪੂਰਬ) ਪਾਸੇ ਵਾਲੇ ਗੌੜ ਅਖਵਾਉਂਦੇ ਸਨ।[2] ਇਹ ਸੁਲਤਾਨਪੁਰ (ਜ਼ਿਲ੍ਹਾ ਕਰਨਾਲ) ਦੇ ਵਸਨੀਕ ਦੱਸੇ ਜਾਂਦੇ ਹਨ।[3] ਇਹ ਭੱਟ ਪੰਜਾਬ, ਹਰਿਆਣਾ ਤੋਂ ਇਲਾਵਾ ਯੂ.ਪੀ., ਮੱਧ ਪ੍ਰਦੇਸ਼ ਆਦਿ ਥਾਵਾਂ ਉੱਤੇ ਵੀ ਵੱਸ ਗਏ। ਅੱਜ ਵੀ ਸਭ ਭੱਟਾਂ ਕੋਲ ਵਹੀਆਂ ਹਨ, ਜਿਨ੍ਹਾਂ ਉੱਤੇ ਉਹ ਪੁਰਾਤਨ ਸਮਿਆਂ ਤੋਂ ਆਪਣੇ ਜਜਮਾਨਾਂ ਦੀ ਬੰਸਾਵਲੀ ਤੇ ਉਸਤਤੀ ਆਦਿ ਲਿਖਦੇ ਆ ਰਹੇ ਹਨ।

ਜਿਹੜੇ ਭੱਟ ਬਾਣੀਕਾਰ ਹਨ, ਉਨ੍ਹਾਂ ਬਾਰੇ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਪਹਿਲੀ ਵਾਰ ਜਾਣਕਾਰੀ ਭਾਈ ਗੁਰਦਾਸ ਜੀ 11ਵੀਂ ਵਾਰ ਵਿਚ ਮਿਲਦੀ ਹੈ। ਭਾਈ ਭਿਖਾ ਤੇ ਟੋਡਾ ਦਾ ਨਾਮ ਸੁਲਤਾਨਪੁਰੀਏ ਸਿੱਖਾਂ ਦੀ ਸੂਚੀ ਵਿਚ ਦਿੱਤਾ ਹੈ।[4] ਇਹ ਭਗੀਰਥ ਭੱਟ ਦੀ ਬੰਸ ਵਿੱਚੋਂ ਸਨ ਅਤੇ ਰਈਆ ਭੱਟ ਦੇ ਪੁੱਤਰ ਸਨ।[5] ਰਈਏ ਭੱਟ ਦੇ ਭਿਖਾ, ਸੇਖਾ, ਤੋਖਾ, ਗੋਖਾ, ਚੋਖਾ ਅਤੇ ਟੋਡਾ ਛੇ ਪੁੱਤਰ ਸਨ।[6] ਬਾਣੀਕਾਰ ਭੱਟ ਇਨ੍ਹਾਂ ਹੀ ਛੇ ਭੱਟਾਂ ਦੇ ਅੱਗੋਂ ਪੁੱਤਰ ਸਨ। 'ਮਹਿਮਾ ਪ੍ਰਕਾਸ਼' ਅਨੁਸਾਰ ਗੁਰੂ ਅਮਰਦਾਸ ਜੀ ਦੇ ਕਰਬਾਰ ਵਿਚ ਸਭ ਤੋਂ ਪਹਿਲਾਂ ਭਿਖਾ ਭੱਟ ਗੋਇੰਦਵਾਲ ਆਇਆ।[7] ਬਾਣੀਕਾਰ ਭੱਟਾਂ ਦੀ ਗਿਣਤੀ ਸਬੰਧੀ ਵੀ ਵਿਚਾਰ ਭਿੰਨਤਾਵਾਂ ਹਨ। ਪੁਰਾਣੇ ਸੰਪਰਦਾਈ ਗਿਆਨੀਆਂ ਅਤੇ ਕੁਝ ਗ੍ਰੰਥਾਂ ਅਨੁਸਾਰ ਭੱਟਾਂ ਦੀ ਗਿਣਤੀ 17 ਹੈ।[8] ਇਹ ਨਾਂ ਹਨ—ਭਿਖਾ, ਕਲਸਹਾਰ, ਕਲ੍ਹ, ਜਲ੍ਹਣ, ਨਲ੍ਹ, ਟਲ, ਸਲ, ਜਲ, ਬਲ, ਮਥਰਾ, ਹਰਿਬੰਸ, ਜਾਲਪ, ਕੀਰਤ, ਗੋਇੰਦ, ਦਾਸ, ਸਦਰੰਗ, ਭਲ। ਪਰੰਤੂ ਪ੍ਰੋ· ਸਾਹਿਬ ਸਿੰਘ ਨੇ ਛੰਦ ਅੰਕਾਂ ਦੀ ਗਿਣਤੀ ਅਨੁਸਾਰ ਭੱਟਾਂ ਦੀ ਗਿਣਤੀ 11 ਸਿੱਧ ਕੀਤੀ ਹੈ।[9] ਇਨ੍ਹਾਂ 11 ਭੱਟਾਂ ਦੇ ਨਾਂ ਹਨ-ਕਲ

SikhBookClub.com

ਸਹਾਰ, ਜਾਲਪ, ਕੀਰਤ, ਸਲ੍ਹ, ਭਲ੍ਹ, ਨਲ੍ਹ, ਭਿਖਾ ਗਯੰਦ, ਬਲ੍ਹ, ਮਥੁਰਾ, ਹਰਿਬੰਸ ਹਨ। ਭੱਟਾਂ ਦੇ ਸਵੱਈਆਂ ਵਿਚ ਭਾਵੇਂ ਗੁਰੂ ਉਪਮਾ ਵਧੇਰੇ ਹੈ। ਇਸ ਦੇ ਨਾਲ ਹੀ ਗੁਰੂ ਸਿਧਾਂਤ ਦੀ ਵਿਆਖਿਆ, ਗੁਰੂ ਇਕ ਜੋਤ ਹਨ ਤੇ ਸੰਕਲਪ ਦਾ ਵਰਣਨ ਹੈ। ਸਵੱਈਏ ਤੋਂ ਸਿੱਖ ਧਰਮ ਦੇ ਵਿਕਾਸ ਦੀ ਇਤਿਹਾਸਕ ਟੋਹ ਵੀ ਲੱਗਦੀ ਹੈ। ਭੱਟਾਂ ਦੇ ਸਵੱਈਆਂ 'ਚ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਦੀ ਜੋਤ ਦਾ ਅੱਗੋਂ ਪ੍ਰਗਟਾਵਾ ਦੱਸਿਆ ਹੈ ਜੋ ਜੁਗਾਂ-ਜੁਗਾਂਤਰਾਂ ਤੋਂ ਵੱਖ ਪੂਰਬਲੇ ਭਗਤਾਂ ਅਤੇ ਅਵਤਾਰਾਂ ਵਿਚ ਪ੍ਰਜਵਲਤ ਹੁੰਦੀ ਰਹੀ ਹੈ। ਕਲਜੁਗ ਵਿਚ ਇਹ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਪਹੁੰਚੀ ਅਤੇ ਅੱਗੋਂ ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਆਦਿ ਵਿਚ ਪ੍ਰਜਵਲਤ ਹੋਈ:

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

(ਪੰਨਾ ੧੩੯੦)

ਗੁਰੂ ਸਿਧਾਂਤ ਦੀ ਸਪੱਸ਼ਟਤਾ ਲਈ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਵਿਚ ਅਭੇਦ ਮੰਨਿਆ ਹੈ:

ਪਰਤਖਿ ਦੇਹ ਪਾਰਬ੍ਰਹਮ ਸੁਆਮੀ ਆਇ ਰੂਪਿ ਪੇਖਣ ਭਰਣੰ॥

(ਪੰਨਾ ੧੪੦੧)

ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਹਿਓ
ਬਿਮਲ ਬੁਧਿ ਸਤਿਗੁਰਿ ਸਮਾਣਉ॥
ਆਜੋਨੀ ਸੰਭਵਿਅਉ ਸੁਜਸੁ ਕਲ੍ਹ ਕਵੀਅਣਿ ਬਖਾਣਿਅਉ॥
ਗੁਰਿ ਨਾਨਕਿ ਅੰਗਦੁ ਵਰ੍ਹਉ ਗੁਰਿ ਅੰਗਦਿ ਅਮਰ ਨਿਧਾਨੁ॥
ਗੁਰਿ ਰਾਮਦਾਸ ਅਰਜੁਨ ਵਰ੍ਹਉ ਪਾਰਸੁ ਪਰਸੁ ਪ੍ਰਮਾਣੁ ॥

(ਪੰਨਾ ੧੪੦੨)

ਇਸ ਤੋਂ ਗੁਰੂ ਸਾਹਿਬਾਨ ਦੀ ਗੁਰੂ ਪਦਵੀ ਦੇ ਅਧਿਕਾਰ, ਮਾਨਤਾ ਦਾ ਪਤਾ ਲੱਗਦਾ ਹੈ। ਇਸ ਤੋਂ ਬਿਨਾਂ ਸਿੱਖੀ ਦੇ ਵਿਕਾਸ ਲਈ ਗੋਇੰਦਵਾਲ ਦੀ ਕੇਂਦਰੀ ਸਥਾਨ ਵਜੋਂ ਮਾਨਤਾ ਅਤੇ ਅੰਮ੍ਰਿਤ ਸਰੋਵਰ ਦੀ ਸਥਾਪਨਾ ਦੀ ਜਾਣਕਾਰੀ ਮਿਲਦੀ ਹੈ। ਭੱਟ ਬਾਣੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਵਰਣਨ ਬਹੁਤ ਹੋਇਆ ਹੈ। ਮੁੱਖ ਤੌਰ 'ਤੇ ਇਨ੍ਹਾਂ ਦਸ ਸਵੱਈਆਂ ਵਿਚ ਚਾਰ ਪੱਖ ਉੱਘੜਦੇ ਹਨ, ਪਹਿਲਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਗੁਰਗੱਦੀ ਦੀ ਬਖ਼ਸ਼ਿਸ਼, ਦੂਜਾ ਗੁਰੂ ਸਾਹਿਬ ਦੁਆਰਾ ਕੀਤੀ ਸੇਵਾ ਦਾ ਪ੍ਰਵਾਨ ਹੋਣਾ, ਤੀਜਾ ਚਮਤਕਾਰੀ ਸ਼ਖ਼ਸੀਅਤ ਦਾ ਪ੍ਰਗਟਾਵਾ, ਚੌਥਾ ਆਪ ਜੀ ਦੇ ਪਿਤਾ ਭਾਈ ਫੇਰੂ ਜੀ ਦੇ ਨਾਮ ਦੀ ਸੂਚਨਾ ਹੈ।

ਪਹਿਲਾ, ਭੱਟਾਂ ਅਨੁਸਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਉੱਪਰ

SikhBookClub.com

ਆਪਣੀ ਬਖ਼ਸ਼ਿਸ਼ ਦੀ ਹੱਥ ਰੱਖਿਆ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਪਰਸ਼ ਨਾਲ ਸ੍ਰੀ ਗੁਰੂ ਅੰਗਦ ਸਾਹਿਬ ਦੀ ਸ਼ੋਭਾ ਸਾਰੇ ਸੰਸਾਰ ਵਿਚ ਫੈਲੀ ਹੈ:

ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥
ਤ ਧਰਿਓ ਮਸਤਕਿ ਹਥੁ ਸਹਜਿ
ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥

(ਪੰਨਾ ੧੩੯੧)

ਦੂਜਾ, ਸ੍ਰੀ ਗੁਰੂ ਅੰਗਦ ਦੇਵ ਦੁਆਰਾ ਸ੍ਰੀ ਗੁਰੂ ਨਾਨਕ ਸਾਹਿਬ ਦੀ ਸੇਵਾ ਬਾਕੀ ਹੋਰ ਗੁਰਸਿਖਾਂ ਦੇ ਮੁਕਾਬਲੇ ਵਧੇਰੇ ਪ੍ਰਵਾਨ ਚੜ੍ਹੀ। ਇਸ ਘਾਲ ਬਦਲੇ ਹੀ ਗੁਰੂ ਬਖ਼ਸ਼ਿਸ਼ ਹੋਈ:

ਤੈ ਤਾ ਹਦਰਥਿ ਪਾਇਓ ਮਾਨ ਸੇਵਿਆ ਗੁਰੁ ਪਰਵਾਨੁ
ਸਾਧਿ ਅਜਗਰੁ ਜਿਨਿ ਕੀਆ ਉਨਮਾਨੁ॥
ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ
ਜਾਣੀਅ ਅਕਲ ਗਤਿ ਗੁਰ ਪਰਵਾਨ॥

(ਪੰਨਾ ੧੩੯੧)

ਸ੍ਰੀ ਗੁਰੂ ਅੰਗਦ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਪ੍ਰਤੀ ਸ਼ਰਧਾ ਬਣਾਈ ਤੇ ਪਾਤਸ਼ਾਹ ਨੇ ਆਪ ਨੂੰ ਹਰੀ ਨਾਲ ਮਿਲਾ ਦਿੱਤਾ:

ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ॥
ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ॥

(ਪੰਨਾ ੧੩੯੨)

ਤੀਜਾ, ਸ੍ਰੀ ਗੁਰੂ ਅੰਗਦ ਦੇਵ ਵਿੱਚੋਂ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤ ਪ੍ਰਜਵਲਤ ਹੋ ਗਈ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਗੁਣਾਂ, ਆਤਮਕ ਸ਼ਕਤੀਆਂ ਦੇ ਮਾਲਕ ਆਪ ਬਣ ਗਏ। ਇਸ ਗੱਲ ਉੱਤੇ ਭੱਟ ਕਲ ਸਹਾਰ ਜੀ ਬਾਰ-ਬਾਰ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਨਾਨਕ ਜੀ ਵਾਂਗ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਿਹਰ ਦੀ ਨਜ਼ਰ ਏਨੀ ਬਲਵਾਨ ਹੈ ਕਿ ਦ੍ਰਿਸ਼ਟੀ ਕਰਦਿਆਂ ਹੀ, ਅਗਿਆਨ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ, ਪਾਪ ਸੜ ਜਾਂਦੇ ਹਨ, ਨਾਸ਼ ਹੋ ਜਾਂਦੇ ਹਨ। ਸ਼ਬਦ ਦਾ ਸੂਰਮਾ ਗੁਰੂ ਸਭ ਵਿਕਾਰਾਂ ਕਾਮ, ਕ੍ਰੋਧ ਆਦਿ ਨੂੰ ਸਾੜ ਦਿੰਦਾ ਹੈ। ਸ਼ਰਨ ਆਏ ਸਭ ਦੀ ਲਾਜ ਰੱਖਦਾ ਹੈ। ਸਭ ਦੀ ਪਾਲਣਾ ਕਰਦਾ ਹੈ। ਆਤਮਕ ਪ੍ਰੇਮ ਅਤੇ ਅੰਮ੍ਰਿਤ ਬੋਲਾਂ ਨਾਲ ਭਰਪੂਰ ਹਨ ਸ੍ਰੀ ਗੁਰੂ ਅੰਗਦ ਦੇਵ ਜੀ;

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥
ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥
ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥
ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ॥

(ਪੰਨਾ ੧੩੯੧)

ਸ੍ਰੀ ਗੁਰੂ ਅੰਗਦ ਸਾਹਿਬ ਜੀ ਉਦਾਰਚਿਤ ਸਹਿਜ ਦੇ ਧਾਰਨੀ ਵਾਲੇ ਤੇ ਪਾਪਾਂ ਦਾ ਨਾਸ਼ ਕਰਨ ਵਾਲੇ ਹਨ:

SikhBookClub.com

ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਭ੍ਰਸਨ॥
ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ॥

(ਪੰਨਾ ੧੩੯੨)

ਗੁਰਮਤਿ ਸਿਧਾਂਤ ਅਨੁਸਾਰ ਅਸਲ ਵਿਚ ਸਭ ਤਰ੍ਹਾਂ ਦੇ ਦੁੱਖ ਕਲੇਸ਼, ਪਾਪ ਆਦਿ ਹਰਨ ਵਾਲਾ ਪ੍ਰਭੂ ਹੈ। ਪ੍ਰਮਾਤਮਾ ਦੇ ਨਾਮ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਰੱਤੇ ਹੋਏ ਹਨ। ਨਾਮ ਦੀ ਬਰਕਤ ਸਦਕਾ ਗੁਰੂ ਅੰਗਦ ਦੇਵ ਜੀ ਬਖ਼ਸ਼ਿਸ਼ਾਂ ਦੇ ਸਮਰੱਥ ਹਨ। ਸ੍ਰੀ ਗੁਰੂ ਅੰਗਦ ਪਾਤਸ਼ਾਹ ਦੇ ਦਰਸ਼ਨਾਂ ਨਾਲ ਹੀ ਅਠਸਠਿ ਤੀਰਥਾਂ ਦੇ ਇਸ਼ਨਾਨ ਦੀ ਪ੍ਰਾਪਤੀ ਅਤੇ ਆਚਰਨ ਉੱਚਾ ਹੁੰਦਾ ਹੈ:

ਨਾਮੁ ਅਵਖਧੁ ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ॥
ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ॥
ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ॥
ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ॥

(ਪੰਨਾ ੧੩੯੨)

ਨਾਮ ਹੀ ਗੁਰਸਿੱਖ ਲਈ ਤੀਰਥ, ਇਸ਼ਨਾਨ, ਪਿਆਰ, ਭੋਜਨ ਹੈ। ਇਸ ਨਾਮ ਨੂੰ ਗੁਰੂ ਪਾਤਸ਼ਾਹ ਨੇ ਪ੍ਰਾਪਤ ਕੀਤਾ ਹੈ ਅਤੇ ਇਸ ਨਾਲ ਹੀ ਸੰਗਤਾਂ ਸੁਗੰਧਤ ਹੁੰਦੀਆਂ ਹਨ। ਇਸ ਨਾਮ ਦੀ ਪ੍ਰਾਪਤੀ ਗੁਰੂ ਦੇ ਦਰਸ਼ਨ ਕੀਤਿਆਂ ਹੁੰਦੀ ਹੈ। ਇਸ ਨਾਲ ਹੀ ਜਨਮ ਸਫਲ ਹੁੰਦਾ ਹੈ:

ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ॥
ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ॥
ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ॥
ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ॥

(ਪੰਨਾ ੧੩੯੨)

ਇਸ ਲਈ ਨੌਂ ਨਿੱਧੀਆਂ, ਦਇਆ ਦੇ ਮਾਲਕ, ਜਨਮਾਂ-ਜਨਮਾਂਤਰਾਂ ਦੇ ਪਾਪਾਂ ਦੀ ਮੈਲ ਧੋਣ ਦੇ ਸਮਰੱਥ, ਜਨਮ-ਮਰਨ ਦੇ ਚੱਕਰ ਨੂੰ ਕੱਟਣ ਵਾਲੇ ਸੱਚੇ ਸਤਿਗੁਰੂ ਨੂੰ ਦਿਨ-ਰਾਤ ਆਤਮਕ ਅਡੋਲਤਾ ਅਤੇ ਪ੍ਰੇਮ ਭਾਉ ਵਿਚ ਟਿਕ ਕੇ ਸਿਮਰਨ ਕਰਨਾ ਚਾਹੀਦਾ ਹੈ। ਇਹ ਗੱਲ ਭੱਟ ਕਲਸਹਾਰ ਜੀ ਦ੍ਰਿੜ੍ਹ ਕਰਾਉਂਦੇ ਹਨ:

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖ ਜਾਇ॥

(ਪੰਨਾ ੧੩੯੨)

ਚੌਥਾ ਪੱਖ, ਭੱਟ ਬਾਣੀ ਵਿਚ ਸ੍ਰੀ ਗੁਰੂ ਅੰਗਦ ਸਾਹਿਬ ਦੇ ਪਿਤਾ ਬਾਬਾ ਫੇਰੂ ਜੀ ਦੇ ਨਾਮ

SikhBookClub.com

ਦਾ ਉਲੇਖ ਬਾਰੇ ਹੈ ਜੋ ਇਤਿਹਾਸਕ ਪੱਖ ਤੋਂ ਮਹੱਤਵਪੂਰਨ ਹੈ। ਭੱਟ ਕਲ ਸਹਾਰ ਜੀ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਬਾਬਾ ਫੇਰੂ ਜੀ ਸਪੁੱਤਰ ਹਨ ਅਤੇ ਰਾਜ-ਯੋਗ ਦੇ ਮਾਲਕ ਹਨ:

ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥
ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥

(ਪੰਨੇ ੧੩੯੧-੯੨)

ਭੱਟ ਕਲ ਸਹਾਰ ਤੋਂ ਬਿਨਾਂ ਦੂਜੇ ਭੱਟ ਬਾਣੀਕਾਰਾਂ ਨੇ ਗੁਰੂ ਅੰਗਦ ਸਾਹਿਬ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਹੀ ਜੋਤਿ ਦੱਸਿਆ ਹੈ ਅਤੇ ਅੱਗੋਂ ਸ੍ਰੀ ਗੁਰੂ ਅਮਰਦਾਸ ਜੀ ਵਿਚ ਇਹ ਜੋਤ ਜਗ ਰਹੀ ਹੈ:

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

(ਪੰਨਾ ੧੩੯੦)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਨਾਮ ਦੀ ਬਖ਼ਸ਼ਿਸ਼ ਸ੍ਰੀ ਗੁਰੂ ਅੰਗਦ ਦੇਵ ਨੂੰ ਕੀਤੀ, ਉਹ ਬਖ਼ਸ਼ਿਸ਼ ਉਨ੍ਹਾਂ ਗੁਰੂ ਅਮਰਦਾਸ ਜੀ ਨੂੰ ਦਿੱਤੀ:

ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ॥
ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ॥
ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ॥

(ਪੰਨਾ ੧੩੯੫)

ਕਲ ਭੱਟ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਸਾਹਿਬ ਸੰਸਾਰ ਕਲਿਆਣ ਲਈ ਪ੍ਰਗਟ ਹੋਏ ਸਨ। ਫਿਰ ਸੰਸਾਰ ਦੇ ਕਲਿਆਣ ਕਰਨ ਦੀ ਸਮਰੱਥਾ ਸ੍ਰੀ ਗੁਰੂ ਅੰਗਦ ਸਾਹਿਬ ਨੂੰ ਪ੍ਰਾਪਤ ਹੋਈ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਸਾਰ ਦੀ ਪਤਿ ਰੱਖੀ ਅਤੇ ਅੱਗੋਂ ਇਹ ਬਖ਼ਸ਼ਿਸ਼ ਸ੍ਰੀ ਗੁਰੂ ਰਾਮਦਾਸ ਜੀ ਨੂੰ ਕਰ ਦਿੱਤੀ:

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਹ ਜਨ ਕੀਅਉ ਪ੍ਰਗਾਸ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ
ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥

(ਪੰਨਾ ੧੩੯੯)

ਨਾਨਕ ਨਿਰਮਲ ਪੰਥ ਜਿਸ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਕੀਤੀ ਸੀ, ਇਸ ਧਰਮ ਦੇ ਮਾਰਗ ਦੀ ਅਗਵਾਈ ਸ੍ਰੀ ਗੁਰੂ ਨਾਨਕ ਸਾਹਿਬ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖ਼ਸ਼ਿਸ਼ ਕੀਤੀ। ਸ੍ਰੀ ਗੁਰੂ ਅੰਗਦ ਸਾਹਿਬ ਨੇ ਇਸ ਧਰਮ ਦੀ ਅਗਵਾਈ ਕੀਤੀ ਅਤੇ ਅੱਗੋਂ ਦਾਤ ਗੁਰੂ ਅਮਰਦਾਸ ਜੀ ਨੂੰ ਦੇ ਦਿੱਤੀ। ਭੱਟ ਗਯੰਦ ਜੀ ਇਸ ਬਾਰੇ ਬਿਆਨ ਕਰਦੇ ਹਨ:

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥

(ਪੰਨਾ ੧੪੦੧)

SikhBookClub.com

ਇਸ ਤਰ੍ਹਾਂ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭੱਟਾਂ ਦੇ ਸਵੱਈਆਂ ਵਿਚ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਅਕਾਲ ਪੁਰਖ ਜੋਤਿ ਨਾਲ ਇਕਮਿਕ ਹੋਈ ਦੱਸਿਆ ਹੈ। ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਸਰਬ ਗੁਣ ਭਰਪੂਰ ਸ਼ਖ਼ਸੀਅਤ ਨੂੰ ਬਿਆਨ ਕਰਦਿਆਂ ਉਨ੍ਹਾਂ ਨੂੰ ਮੁਕਤੀ ਦਾਤੇ, ਪਾਪ ਬਿਨਾਸਨ, ਜਨਮ-ਮਰਨ ਦੇ ਮੇਟਣਹਾਰੇ, ਉਦਾਰਚਿਤ, ਸਤ, ਸੰਜਮ ਦੀ ਮੂਰਤ, ਸਭ ਦੇ ਪ੍ਰਤਿਪਾਲਕ ਦੱਸਿਆ ਹੈ; ਸ੍ਰੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਦਰ ਦੀ ਬਖ਼ਸ਼ਿਸ਼ ਪ੍ਰਾਪਤ ਕਰਕੇ ਅੱਗੋਂ ਬਖ਼ਸ਼ਿਸ਼ਾਂ ਵੰਡਣ ਦੇ ਸਮਰੱਥ ਬਣੇ।

ਫ਼ੁਟ ਨੋਟ

1. **ਮਹਾਨ ਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪਟਿਆਲਾ, 1981, ਚੌਥੀ ਐਡੀਸ਼ਨ, ਪੰਨਾ 904.
2. **ਭੱਟਾਂ ਦੇ ਸਵੱਈਏ**, ਪ੍ਰੋ· ਸਾਹਿਬ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1992, ਪੰਨਾ 9.
3. **ਆਲੋਚਨਾ**, ਭੱਟ ਤੇ ਉਨ੍ਹਾਂ ਦੀ ਰਚਨਾ, ਗਿਆਨੀ ਗੁਰਦਿੱਤ ਸਿੰਘ, ਲੁਧਿਆਣਾ, ਅਗਸਤ 1961, ਪੰਨਾ 66.
4. ਭਿਖਾ ਟੋਡਾ ਭੱਟ ਦੁਇ...।, **੧੧-੨੧ ਵਾਰਾਂ ਭਾਈ ਗੁਰਦਾਸ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1987.
5. **ਗੁਰੂ ਅਮਰਦਾਸ ਸ੍ਰੋਤ ਪੁਸਤਕ**, ਸੰਪਾ· ਡਾ· ਰਾਏਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1986, ਪੰਨਾ 9.
6. **ਸ੍ਰੀ ਗੁਰੂ ਪੰਥ ਪ੍ਰਕਾਸ਼**, ਪ੍ਰੋ· ਪਿਆਰਾ ਸਿੰਘ ਪਦਮ, ਕਲਮ ਮੰਦਰ ਪਟਿਆਲਾ, 1977, ਪੰਨਾ 62-63.
7. **ਮਹਿਮਾ ਪ੍ਰਕਾਸ਼**, ਭਾਗ ਦੂਜਾ, ਸਰੂਪ ਦਾਸ ਭੱਲਾ, ਭਾਸ਼ਾ ਵਿਭਾਗ ਪੰਜਾਬ, 1971, ਪੰਨਾ 128-30.
8. **ਗੁਰਬਿਲਾਸ ਪਾਤਸ਼ਾਹੀ ਛੇਵੀਂ**, ਸੰਪਾ· ਸ· ਇੰਦਰ ਸਿੰਘ, ਪੰਨਾ 87.
9. **ਭੱਟਾਂ ਦੇ ਸਵੱਈਏ**, ਪ੍ਰੋ· ਸਾਹਿਬ ਸਿੰਘ, ਪੰਨਾ 52.

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਸੇਵਾ ਅਤੇ ਸਮਰਪਣ

ਗੁਰਮਤਿ ਵਿਚ 'ਸੇਵਾ' ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਗੁਰਬਾਣੀ ਦਾ ਸਪੱਸ਼ਟ ਫ਼ੁਰਮਾਨ ਹੈ ਕਿ ਇਸ ਦੁਨੀਆਂ ਵਿਚ ਸੇਵਾ ਹੀ ਮੁਕਤੀ ਦਾ ਦਰਵਾਜ਼ਾ ਹੈ। ਜੋ ਮਨੁੱਖ ਨਿਸ਼ਕਾਮ ਭਾਵ ਨਾਲ ਸੇਵਾ ਕਰਦਾ ਹੈ, ਉਹੀ ਅਕਾਲ ਪੁਰਖ ਦੀ ਨਦਰਿ ਪ੍ਰਾਪਤ ਕਰ ਪਾਉਂਦਾ ਹੈ ਅਤੇ ਉਸ ਨੂੰ ਹੀ 'ਦਰਗਾਹ' ਵਿਚ ਸਥਾਨ ਮਿਲਦਾ ਹੈ:

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

(ਪੰਨਾ ੨੬)

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

(ਪੰਨਾ ੨੮੬)

ਇਸ ਸੰਦਰਭ ਵਿਚ ਗੁਰਬਾਣੀ ਦਾ ਹੁਕਮ ਹੈ ਕਿ ਸਾਰੀਆਂ ਸਿਆਣਪਾਂ ਛੱਡ ਕੇ ਸੇਵਕ ਵਾਂਗ ਤਨੋ-ਮਨੋ ਸੇਵਾ ਵਿਚ ਲੱਗੇ ਰਹਿਣਾ ਚਾਹੀਦਾ ਹੈ:

ਸਗਲ ਸਿਆਨਪ ਛਾਡਿ॥
ਕਰਿ ਸੇਵਾ ਸੇਵਕ ਸਾਜਿ ॥

(ਪੰਨਾ ੮੮੫)

ਗੁਰਮਤਿ ਅਨੁਸਾਰ ਨਿਰੂਪਤ ਸੇਵਾ ਦੇ ਇਸ ਸੰਕਲਪ ਨੂੰ ਮੂਰਤ ਰੂਪ ਪ੍ਰਦਾਨ ਕੀਤਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੇ। 31 ਮਾਰਚ, 1504 ਈ. ਨੂੰ ਮੱਤੇ (ਨਾਂਗੇ) ਦੀ ਸਰਾਂ ਵਿਖੇ ਪਿਤਾ ਫੇਰੂਮੱਲ ਜੀ ਅਤੇ ਮਾਤਾ ਦਇਆ ਕੌਰ ਦੇ ਗ੍ਰਹਿ ਪ੍ਰਕਾਸ਼ ਧਾਰਨ ਕਰਨ ਵਾਲੇ ਭਾਈ ਲਹਿਣਾ ਜੀ 1532 ਤੋਂ 1539 ਤੱਕ, ਪੂਰੇ ਸੱਤ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਰਹੇ। ਗੁਰੂ ਜੀ ਦੀ ਐਸੀ ਨਿਸ਼ਕਾਮ ਤੇ ਸਮਰਪਿਤ ਸੇਵਾ ਕੀਤੀ ਜਿਸ ਦੀ ਮਿਸਾਲ ਮਿਲਣਾ ਅਸੰਭਵ ਹੈ। ਆਰਥਿਕ ਤੌਰ 'ਤੇ ਖਾਂਦੇ-ਪੀਂਦੇ ਪਰਿਵਾਰ ਨਾਲ ਸੰਬੰਧਤ ਭਾਈ ਲਹਿਣਾ ਜੀ ਨੇ ਗੁਰੂ ਦੇ ਹੁਕਮ ਵਿਚ ਰਹਿ ਕੇ, ਨਿਮਰ, ਆਗਿਆਕਾਰੀ ਸੇਵਕ ਵਾਂਗ ਰਹਿੰਦੇ ਹੋਏ ਅਣਥੱਕ ਸੇਵਾ ਕੀਤੀ। ਖੇਤੀ, ਲੰਗਰ, ਪੱਖਾ ਝੱਲਣਾ, ਪਾਣੀ ਢੋਣਾ...ਐਸਾ ਕਿਹੜਾ ਸੇਵਾ ਦਾ ਕਾਰਜ ਸੀ ਜੋ ਭਾਈ ਲਹਿਣਾ ਜੀ ਨੇ ਨਾ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਇਸ ਸੇਵਾ ਰੂਪੀ ਘਾਲਣਾ ਦੀ ਸ਼ਲਾਘਾ ਕਰਦੇ ਹੋਏ ਰਾਏ ਬਲਵੰਡ ਜੀ ਕਹਿੰਦੇ ਹਨ:

SikhBookClub.com

ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥

(ਪੰਨਾ ੮੯੫)

ਭਾਈ ਲਹਿਣਾ ਦੇ ਰੂਪ 'ਚ ਗੁਰੂ ਅੰਗਦ ਦੇਵ ਜੀ ਨੇ ਆਪਣੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋ ਸੇਵਾ ਕੀਤੀ, ਉਸ ਸਬੰਧੀ ਅਨੇਕ ਪ੍ਰਸੰਗ ਜਨਮ ਸਾਖੀਆਂ ਵਿਚ ਮਿਲਦੇ ਹਨ। ਇਹ ਪ੍ਰਸੰਗ ਭਾਈ ਲਹਿਣਾ ਜੀ ਦੀ ਸੇਵਾ ਸਮਰਪਣ ਦੇ ਵੱਖ-ਵੱਖ ਪਹਿਲੂਆਂ ਨੂੰ ਵੀ ਉਜਾਗਰ ਕਰਦੇ ਹਨ ਅਤੇ ਦੂਜੇ ਪਾਤਸ਼ਾਹ ਦੇ ਵਿਅਕਤਿਤਵ ਦੀਆਂ ਅਨੇਕਾਂ ਵਿਸ਼ੇਸ਼ਤਾਈਆਂ ਨੂੰ ਉਭਾਰਦੇ ਹਨ। ਇਨ੍ਹਾਂ ਪ੍ਰਸੰਗਾਂ ਵਿਚੋਂ ਕੁਝ ਕੁ ਇਥੇ ਪੇਸ਼ ਹਨ।

ਘਾਹ ਦੀ ਪੰਡ ਚੁਕਵਾਉਣਾ

1532 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਦਰਸ਼ਨ ਪ੍ਰਾਪਤ ਕਰਕੇ ਭਾਈ ਲਹਿਣਾ ਜੀ ਕੁਝ ਸਮੇਂ ਲਈ ਆਪਣੇ ਪਿੰਡ ਖਡੂਰ ਚਲੇ ਗਏ, ਪਰ ਛੇਤੀ ਹੀ ਇਨ੍ਹਾਂ ਦਾ ਮਨ ਗੁਰੂ ਦਰਸ਼ਨਾਂ ਲਈ ਬਿਹਬਲ ਹੋ ਗਿਆ ਤੇ ਇਹ ਕਰਤਾਰਪੁਰ ਵਾਪਸ ਆ ਗਏ। ਗੁਰੂ ਸਥਾਨ 'ਤੇ ਆ ਕੇ ਪਤਾ ਲੱਗਾ ਕਿ ਗੁਰੂ ਜੀ ਖੇਤਾਂ ਵਿਚ ਗਏ ਹੋਏ ਹਨ। ਦਰਸ਼ਨਾਂ ਦੀ ਲੋਚਾ ਲੈ ਕੇ ਭਾਈ ਲਹਿਣਾ ਜੀ ਖੇਤਾਂ ਵਿਚ ਜਾ ਪਹੁੰਚੇ ਤਾਂ ਵੇਖਿਆ ਕਿ ਗੁਰੂ ਜੀ ਖੇਤ ਵਿਚੋਂ ਨਦੀਨ ਤੇ ਘਾਹ ਪੁਟਾ ਕੇ ਪੰਡ ਬੰਨ੍ਹਵਾ ਰਹੇ ਸਨ। ਗੁਰੂ ਜੀ ਨੇ ਭਾਈ ਲਹਿਣੇ ਨੂੰ ਹੁਕਮ ਦਿੱਤਾ ਕਿ ਉਸ ਪੰਡ ਨੂੰ ਘਰ ਲੈ ਚਲੋ। ਭਾਈ ਲਹਿਣੇ ਨੇ ਅੱਖ ਪਲਕਾਰੇ 'ਚ ਉਹ ਚਿੱਕੜ ਨਾਲ ਭਰੀ ਪੰਡ ਸਿਰ 'ਤੇ ਚੁੱਕ ਲਈ ਤੇ ਘਰ ਨੂੰ ਤੁਰ ਪਏ। ਪੰਡ ਵਿਚੋਂ ਚੋਂਦੇ ਚਿੱਕੜ ਨਾਲ ਭਾਈ ਲਹਿਣੇ ਦੇ ਰੇਸ਼ਮੀ ਬਸਤਰ ਲਿੱਬੜ ਗਏ। ਮਾਤਾ ਸੁਲੱਖਣੀ ਨੇ ਗੁਰੂ ਜੀ ਨੂੰ ਕਿਹਾ ਕਿ ਇਹ ਕੀ ਕੀਤਾ, ਤੁਸਾਂ ਭਾਈ ਲਹਿਣੇ ਦੇ ਕੱਪੜਿਆਂ ਦਾ ਵੀ ਖਿਆਲ ਨਹੀਂ ਕੀਤਾ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਲਹਿਣੇ ਦੇ ਬਸਤਰਾਂ ਉੱਤੇ ਚਿੱਕੜ ਨਹੀਂ, ਕੇਸਰ ਲੱਗਿਆ ਹੋਇਆ ਹੈ:

ਪੰਕ ਜੌਨ ਤੁਮ ਕੌ ਦ੍ਰਿਸ਼ਟਾਵਾ।
ਕੇਸਰ ਕੌ ਹਮਨੈ ਛਿਰਕਾਵਾ।

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਭਾਈ ਸੰਤੋਖ ਸਿੰਘ, ਉਤਰਾਰਧ, ਅਧਯਾਯ ੪੮, ਪੰਨਾ ੧੧੬੦)

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਸਮਝਾ ਦਿੱਤਾ ਕਿ ਸਿੱਖ ਕਿਸੇ ਤਰ੍ਹਾਂ ਦੀ ਵੀ ਮਿਹਨਤ, ਕਿਰਤ ਕਮਾਈ ਤੋਂ ਪਿੱਛੇ ਨਹੀਂ ਹਟਦਾ ਅਤੇ ਗਰੀਬਾਂ-ਮਿਹਨਤਕਸ਼ਾਂ ਤੋਂ ਨਫ਼ਰਤ ਨਹੀਂ ਕਰਦਾ।

ਗੰਦੇ ਨਾਲੇ ਵਿਚੋਂ ਕਟੋਰਾ ਕੱਢਣਾ ਤੇ ਮਰੀ ਚੂਹੀ ਸੁੱਟਣਾ

ਇਕ ਵਾਰ ਦਾ ਪ੍ਰਸੰਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਟੋਰਾ ਗੰਦੇ ਨਾਲੇ ਵਿਚ ਡਿੱਗ ਪਿਆ। ਗੁਰੂ ਜੀ ਨੇ ਪੁੱਤਰਾਂ ਅਤੇ ਸਿੱਖਾਂ ਨੂੰ ਕਟੋਰਾ ਕੱਢਣ ਲਈ ਕਿਹਾ ਤਾਂ ਸਾਰਿਆਂ ਨੇ ਨੱਕ ਚੜ੍ਹਾ ਕੇ ਇਨਕਾਰ ਕਰ ਦਿੱਤਾ ਤਾਂ ਗੁਰੂ ਜੀ ਨੇ ਭਾਈ ਲਹਿਣੇ ਨੂੰ ਹੁਕਮ ਦਿੱਤਾ:

ਤਬਿ ਲਹਿਣੇ ਦਿਸ਼ ਕ੍ਰਿਪਾ ਨਿਧਾਨਾ। ਅਵਲੋਕਜੋ ਅਸ ਬਚਨ ਬਖਾਨਾ ॥੪੪॥
ਮਹਾਂਭਾਗ! ਕਰਦਮ ਕੈ ਮਾਂਹੀ। ਜਾਇ ਨਿਕਾਸਿ ਸ਼ੁੱਛ ਕਰਿ ਤਾਂਹੀ ॥੪੫॥

SikhBookClub.com

ਭਾਈ ਲਹਿਣਾ ਜੀ ਉਸੇ ਵੇਲੇ ਨਾਲੇ ਵਿਚ ਕੁੱਦ ਪਏ ਤੇ ਧੋ-ਮਾਂਜ ਕੇ ਕਟੋਰਾ ਲਿਆ ਹਾਜ਼ਰ ਕੀਤਾ:

ਕੂਦ ਪਰਜੋ ਕਰਦਮ ਕੇ ਮਾਂਹੀ॥
ਆਇਸੁ ਅਨੁਸਾਰੀ ਪ੍ਰਨ ਜਾਂਹੀ॥
ਬਾਸਨ ਕੋ ਨਿਕਾਸਿ ਲੈ ਆਵਾ॥
ਮਾਂਝ ਪਖਾਰਜੋ ਭਲੋ ਬਨਾਵਾ॥੪੬॥

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਭਾਈ ਸੰਤੋਖ ਸਿੰਘ, ਉਤਰਾਰਧ, ਅਧਆਯ ੫੨, ਪੰਨਾ ੧੨੦੦)

ਇਸ ਪ੍ਰਕਾਰ ਭਾਈ ਲਹਿਣਾ ਜੀ ਨੇ ਸਾਬਤ ਕਰ ਦਿੱਤਾ ਕਿ ਸੇਵਾ ਵਿਚ ਹੱਥ-ਪੈਰ, ਸਰੀਰ ਤੇ ਕੱਪੜੇ ਲਿੱਬੜ ਕੇ ਹੀ ਪਵਿੱਤਰ ਹੁੰਦੇ ਹਨ।

ਇਕ ਹੋਰ ਦਿਨ ਦੀ ਘਟਨਾ ਹੈ : ਵਿਹੜੇ ਵਿਚ ਇਕ ਚੂਹੀ ਮਰੀ ਪਈ ਸੀ। ਗੁਰੂ ਜੀ ਦੇ ਕਹਿਣ 'ਤੇ ਵੀ ਕਿਸੇ ਨੇ ਉਸ ਨੂੰ ਨਹੀਂ ਚੁੱਕਿਆ। ਭਾਈ ਲਹਿਣਾ ਜੀ ਨੇ ਆਗਿਆ ਮਿਲਦੇ ਹੀ ਚੂਹੀ ਚੁੱਕ ਕੇ ਬਾਹਰ ਸੁੱਟ ਦਿੱਤੀ ਅਤੇ ਵਿਹੜਾ ਸਾਫ਼ ਕਰ ਦਿੱਤਾ। ਉਨ੍ਹਾਂ ਸਿੱਧ ਕੀਤਾ ਕਿ ਸੇਵਕ ਨੂੰ ਚੰਗੇ-ਮੰਦੇ ਕੰਮ ਦਾ ਵਿਚਾਰ ਨਹੀਂ ਕਰਨਾ ਚਾਹੀਦਾ, ਸਿਰਫ਼ ਗੁਰੂ ਦੀ ਆਗਿਆ ਦੀ ਪਾਲਣਾ ਕਰਨੀ ਚਾਹੀਦੀ ਹੈ।

ਸਿਆਲੀ ਰਾਤ ਵਿਚ ਢੱਠੀ ਕੰਧ ਉਸਾਰਨਾ

ਭਾਈ ਲਹਿਣਾ ਜੀ ਦਾ ਵਿਚਾਰ ਸੀ ਕਿ ਸੇਵਕ ਨੂੰ ਸਿਰਫ਼ ਸੇਵਾ ਕਰਨ ਤੇ ਹੁਕਮ ਮੰਨਣ 'ਚ ਹੀ ਮਨ ਲਗਾਉਣਾ ਚਾਹੀਦਾ ਹੈ। ਇਕ ਵਾਰ ਦੀ ਗੱਲ ਹੈ ਸਿਆਲ ਦੀ ਰੁੱਤ ਸੀ। ਰਾਤ ਭਰ ਤੇਜ਼ ਬਾਰਿਸ਼ ਹੁੰਦੀ ਰਹੀ। ਅੱਧੀ ਰਾਤ ਤੋਂ ਬਾਅਦ ਗੁਰੂ ਜੀ ਦੀ 'ਧਰਮਸ਼ਾਲ' ਦੀ ਕੰਧ ਅਚਾਨਕ ਢਹਿ ਗਈ। ਗੁਰੂ ਜੀ ਨੇ ਪੁੱਤਰਾਂ ਤੇ ਹੋਰ ਸਿੱਖਾਂ ਨੂੰ ਕਿਹਾ ਕਿ ਉਹ ਹੁਣੇ ਕੰਧ ਉਸਾਰਨ, ਪਰ ਸਾਰਿਆਂ ਨੇ 'ਸਵੇਰੇ ਦੇਖਾਂਗੇ' ਕਹਿ ਕੇ ਗੁਰੂ ਜੀ ਨੂੰ ਟਾਲ ਦਿੱਤਾ। ਜਦੋਂ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਕਿਹਾ ਤਾਂ ਉਹ ਉਸੇ ਵੇਲੇ ਕੰਧ ਬਣਾਉਣ ਲੱਗ ਪਏ। ਜਦ ਕੰਧ ਤਿਆਰ ਹੋ ਗਈ ਤਾਂ ਗੁਰੂ ਜੀ ਨੇ ਕਿਹਾ ਕਿ ਇਹ ਕੰਧ ਤਾਂ ਟੇਢੀ ਹੈ। ਇਸ ਨੂੰ ਢਾਹ ਦਿਓ। ਭਾਈ ਲਹਿਣਾ ਜੀ ਨੇ ਬਿਨਾਂ ਕੁਝ ਕਹੇ ਕੰਧ ਢਾਹ ਦਿੱਤੀ। ਫਿਰ ਜਦੋਂ ਕੰਧ ਬਣ ਕੇ ਤਿਆਰ ਹੋਈ ਤਾਂ ਗੁਰੂ ਜੀ ਨੇ ਫਿਰ ਕੋਈ ਨੁਕਸ ਕੱਢ ਕੇ ਕੰਧ ਢੁਹਾ ਦਿੱਤੀ ਤੇ ਫਿਰ ਤੋਂ ਉਸਾਰੀ ਕਰਨ ਲਈ ਕਿਹਾ। ਭਾਈ ਲਹਿਣਾ ਜੀ ਚੁੱਪ-ਚਾਪ ਕੰਮ ਕਰਦੇ ਰਹੇ। ਸਵੇਰ ਤਕ ਚਾਰ ਵਾਰ ਕੰਧ ਬਣੀ ਤੇ ਚਾਰ ਵਾਹ ਢਾਹੀ ਗਈ। ਆਖ਼ਰ ਮਾਤਾ ਸੁਲੱਖਣੀ ਤੋਂ ਰਿਹਾ ਨਹੀਂ ਗਿਆ, ਆਪ ਲਹਿਣਾ ਜੀ ਨੂੰ ਬੋਲੇ ਕਿ ਗੁਰੂ ਜੀ ਤਾਂ ਬੇਪਰਵਾਹ ਹਨ, ਤੂੰ ਕਦੋਂ ਤਕ ਕੰਧ ਬਣਾਉਂਦਾ/ਢਾਹੁੰਦਾ ਰਹੇਂਗਾ। ਭਾਈ ਲਹਿਣੇ ਨੇ ਸ਼ਾਂਤ ਭਾਵ ਨਾਲ ਉੱਤਰ ਦਿੱਤਾ: "ਮਾਤਾ ਜੀ! ਮੇਰਾ ਕੰਮ ਤਾਂ ਗੁਰੂ ਦਾ ਹੁਕਮ ਮੰਨਣਾ ਹੈ, ਕੰਧ ਬਣੇ, ਨਾ ਬਣੇ, ਮੇਰਾ ਕੋਈ ਪ੍ਰਯੋਜਨ ਨਹੀਂ।"

ਇਸੇ ਤਰ੍ਹਾਂ ਗੁਰੂ ਆਗਿਆ ਦੀ ਪਾਲਣਾ ਕਰਦੇ ਹੋਏ ਭਾਈ ਲਹਿਣਾ ਜੀ ਇਕ ਰਾਤ ਕੰਧ ਢਹਿ ਜਾਣ ਤੋਂ ਬਾਅਦ ਸਾਰੀ ਰਾਤ ਛੱਤ ਨੂੰ ਸਿਰ 'ਤੇ ਥੰਮ੍ਹ ਕੇ ਖੜ੍ਹੇ ਰਹੇ। ਸੋ ਗੁਰੂ ਬਚਨਾਂ ਦੀ ਪਾਲਣਾ ਨੂੰ ਭਾਈ ਲਹਿਣਾ ਆਪਣਾ ਪਹਿਲਾ ਕਰਤੱਵ ਮੰਨਦੇ ਰਹੇ।

SikhBookClub.com

ਅੱਧੀ ਰਾਤੀਂ ਰਾਵੀ ਤੋਂ ਬਸਤਰ ਧੋ ਕੇ ਲਿਆਉਣਾ

ਇਕ ਹੋਰ ਪ੍ਰਸੰਗ ਹੈ ਕਿ ਇਕ ਰਾਤ ਗੁਰੂ ਜੀ ਨੇ ਪੁੱਤਰਾਂ ਤੇ ਹੋਰ ਸਿੱਖਾਂ ਨੂੰ ਕਿਹਾ ਕਿ ਜਾਓ! ਹੁਣੇ ਰਾਵੀ ਤੋਂ ਮੇਰੇ ਕੱਪੜੇ ਧੋ ਕੇ ਲਿਆਓ। ਸਾਰਿਆਂ ਜਵਾਬ ਦਿੱਤਾ ਕਿ ਗੁਰੂ ਜੀ ਅਜੇ ਸੌਂ ਜਾਓ, ਅੱਧੀ ਰਾਤ ਦਾ ਵੇਲਾ ਹੈ। ਗੁਰੂ ਜੀ ਨੇ ਭਾਈ ਲਹਿਣੇ ਨੂੰ ਪੁੱਛਿਆ: ਕਿੰਨੀ ਕੁ ਰਾਤ ਹੈ? ਭਾਈ ਜੀ ਨੇ ਅੱਗਿਓਂ ਕਿਹਾ ਜਿੰਨੀ ਤੁਸਾਂ ਕਹੀ, ਬਸ ਓਨੀ ਹੀ :

ਰਾਤ ਦਿਵਸ ਹਮ ਜਾਨਤ ਨਾਹੀ।
ਨਿਸ ਦਿਨ ਧਿਆਨ ਸਤਿਗੁਰ ਮਨਾਹੀ।

(ਮਹਿਮਾ ਪ੍ਰਕਾਸ਼)

ਗੁਰੂ ਜੀ ਨੇ ਕਿਹਾ: ਦਿਨ ਚੜ੍ਹ ਗਿਆ ਹੈ। ਹੁਣੇ ਜਾਓ! ਨਦੀ ਤੋਂ ਬਸਤਰ ਧੋ ਕੇ ਲਿਆਓ। ਭਾਈ ਲਹਿਣਾ ਜੀ ਉਸੇ ਵੇਲੇ ਰਾਵੀ 'ਤੇ ਗਏ ਅਤੇ ਬਸਤਰ ਧੋ ਲਿਆਂਦੇ।

ਹਰ ਵੇਲੇ ਗੁਰੂ ਜੀ ਦੀ ਸੇਵਾ ਵਿਚ ਰਹਿਣਾ

ਭਾਈ ਲਹਿਣਾ ਜੀ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਐਸੀ ਪ੍ਰੀਤੀ ਸੀ ਕਿ ਉਹ ਹਰ ਵੇਲੇ ਗੁਰੂ ਜੀ ਦੀ ਸੇਵਾ ਵਿਚ ਰਹਿੰਦੇ। ਇਕ ਵਾਰੀ ਸਿਆਲ ਦੀ ਰੁੱਤੇ ਗੁਰੂ ਜੀ ਰਾਵੀ 'ਚ ਇਸ਼ਨਾਨ ਲਈ ਗਏ। ਗੁਰੂ ਜੀ ਇਸ਼ਨਾਨ ਕਰਨ ਲੱਗੇ। ਅਚਾਨਕ ਤੇਜ ਠੰਡੀ ਹਵਾ ਵਗਣੀ ਸ਼ੁਰੂ ਹੋ ਗਈ ਤੇ ਗੜੇ ਪੈਣ ਲੱਗ ਪਏ। ਸਾਰੇ ਸਿੱਖ ਭੱਜ ਕੇ ਇਧਰ-ਉਧਰ ਲੁੱਕ ਗਏ ਪਰ ਭਾਈ ਲਹਿਣਾ ਜੀ ਧੀਰਜ ਧਾਰ ਕੇ ਉਥੇ ਹੀ ਖਲੋਤੇ ਰਹੇ ਤੇ ਗੁਰੂ ਜੀ ਨੂੰ ਇਕੱਲਿਆਂ ਛੱਡ ਕੇ ਨਹੀਂ ਗਏ।

ਆਖ਼ਰੀ ਇਮਤਿਹਾਨ

ਭਾਈ ਲਹਿਣਾ ਜੀ ਦੀ ਅਖੀਰਲੀ ਪ੍ਰੀਖਿਆ ਬੇਹੱਦ ਮੁਸ਼ਕਿਲ ਸੀ ਪਰ ਆਪਣੇ ਸੇਵਾ ਭਾਵ, ਸਮਰਪਣ ਤੇ ਗੁਰੂ ਭਗਤੀ ਸਦਕਾ ਭਾਈ ਜੀ ਇਥੇ ਵੀ ਸਫ਼ਲ ਹੋਏ ਅਤੇ ਉਸ ਪਦਵੀ ਤਕ ਪਹੁੰਚ ਗਏ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਲੈ ਕੇ ਜਾਣਾ ਚਾਹੁੰਦੇ ਸਨ।

ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਿਆਨਕ ਰੂਪ ਧਾਰ ਲਿਆ ਤੇ ਉਹ ਘਰੋਂ ਨਿਕਲ ਤੁਰੇ। ਉਨ੍ਹਾਂ ਸਿੱਖਾਂ ਨੂੰ ਡਰਾਉਂਦਿਆਂ ਕਿਹਾ ਕਿ ਜਾਓ! ਘਰ ਮੁੜ ਜਾਓ। ਅਨੇਕਾਂ ਸਿੱਖ ਡਰ ਕੇ ਘਰਾਂ ਨੂੰ ਪਰਤ ਗਏ। ਫਿਰ ਗੁਰੂ ਜੀ ਇਕ ਜੰਗਲ ਵਿਚ ਪਹੁੰਚੇ। ਪਿੱਛੇ ਆ ਰਹੇ ਸਿੱਖਾਂ ਨੂੰ ਡਰਾਇਆ ਤਾਂ ਭਾਈ ਲਹਿਣੇ ਨੂੰ ਛੱਡ ਕੇ ਸਾਰੇ ਸਿੱਖ ਮੁੜ ਗਏ। ਕਈ ਵਾਰ ਕਹਿਣ ਦੇ ਬਾਵਜੂਦ ਵੀ ਭਾਈ ਲਹਿਣਾ ਜੀ ਪਿੱਛੇ-ਪਿੱਛੇ ਤੁਰਦੇ ਆਏ। ਜੰਗਲ ਵਿਚ ਇਕ ਥਾਂ 'ਤੇ ਮੁਰਦਾ ਪਿਆ ਸੀ। ਉਨ੍ਹਾਂ ਭਾਈ ਲਹਿਣੇ ਨੂੰ ਕਿਹਾ ਕਿ ਇਸ ਮੁਰਦੇ ਨੂੰ ਖਾਓ—

ਜੇ ਤੁਮ ਹਮਰੇ ਸਿੱਖ ਕਹਾਵਹੁ। ਮਾਂਨਉ ਬਚਨ ਨ ਸਦਨ ਸਿਧਾਵਹੁ।
ਪਰਜੋ ਸਿੜ੍ਹੀ ਪਰ ਸ਼ਵ ਇਹ ਖਾਵਉ। ਜੇ ਨਹਿ ਖਾਵਹੁ ਤਉ ਪਛੁਤਾਵਉ।।੭੧।।

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਭਾਈ ਸੰਤੋਖ ਸਿੰਘ, ਉਤਰਾਰਧ, ਅਧਯਾਯ ੫੨, ਪੰਨਾ ੧੨੦੦)

SikhBookClub.com

ਭਾਈ ਲਹਿਣਾ ਜੀ ਤਾਂ ਸਦਾ ਹੀ ਗੁਰੂ ਆਗਿਆ ਵਿਚ ਰਹਿੰਦੇ ਸਨ। ਬੜੀ ਨਿਮਰਤਾਈ ਨਾਲ ਬੋਲੇ—ਕਿਸ ਪਾਸੇ ਤੋਂ ਖਾਵਾਂ, ਪੈਰਾਂ ਵਲੋਂ ਜਾਂ ਸਿਰ ਵਲੋਂ:

ਜਿਤ ਦਿਸ਼ ਹੁਕਮ ਕਰੋ ਤਿਹ ਖਾਵੋਂ।

(ਉਹੀ, ਪੰਨਾ ੧੧੮੪)

ਪਰ ਕੀ ਹੋਇਆ? ਜਦੋਂ ਮੁਰਦੇ ਉਪਰੋਂ ਕੱਪੜਾ ਚੁੱਕਿਆ ਤਾਂ ਹੇਠਾਂ ਤ੍ਰਿਭਾਵਲ ਜਾਂ 'ਕੜਾਹ ਪ੍ਰਸ਼ਾਦ' ਨਿਕਲਿਆ:

ਸੇਤ ਸੁ ਬਸਤ੍ਰ ਉਤਾਰਾ ਜਬਿ ਹੀ। ਦੇਖਜੋ ਸਰਬ ਤਿਹਾਵਲ ਤਬਿ ਹੀ।

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਭਾਈ ਸੰਤੋਖ ਸਿੰਘ)

ਭਾਈ ਲਹਿਣਾ ਜੀ ਦੀ ਪਰੀਖਿਆ ਸਮਾਪਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗਲ ਨਾਲ ਲਾ ਲਿਆ ਅਤੇ ਪਿਆਰ ਨਾਲ ਕਿਹਾ ਕਿ ਤੂੰ ਮੇਰੇ ਸਰੀਰ ਦੇ ਅੰਗ ਜਿਹਾ ਪਿਆਰਾ ਹੈਂ, ਇਸ ਲਈ ਅੱਜ ਤੋਂ ਤੇਰਾ ਨਾਂ 'ਅੰਗਦ' ਹੋਇਆ:

ਅਬ ਤੂ ਮੇਰੇ ਅੰਗ ਤੇ ਭਇਆ।
ਤੂ ਲਹਨਾ ਮੈਂ ਦੇਨ ਦਇਆ।

(ਮਹਿਮਾ ਪ੍ਰਕਾਸ਼)

ਜੋਤੀ ਜੋਤਿ ਸਮਾਉਣ ਦੀ ਘੜੀ ਨਿਕਟ ਜਾਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਸਿੱਖਾਂ ਨੂੰ ਬੁਲਾਇਆ। ਸ੍ਰੀ ਅੰਗਦ ਦੇਵ ਜੀ ਦੇ ਸਾਹਮਣੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ ਅਤੇ ਆਪਣੀ ਜੋਤ ਉਨ੍ਹਾਂ ਵਿਚ ਧਰ ਦਿੱਤੀ।

ਇਸ ਤਰ੍ਹਾਂ ਭਾਈ ਲਹਿਣਾ ਜੀ ਦੀ ਸੇਵਾ, ਸਮਰਪਣ ਅਤੇ ਨਿਮਰਤਾ ਹੀ ਸੀ ਜਿਸ ਨੇ ਇਕ ਸਾਧਾਰਨ ਦੇਵੀ ਦੇ ਭਗਤ ਨੂੰ ਐਨਾ ਸਮਰਥ ਬਣਾ ਦਿੱਤਾ ਕਿ ਉਹ ਗੁਰੂ-ਪਦ ਦਾ ਅਧਿਕਾਰੀ ਬਣ ਸਕਿਆ। ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਲਹਿਣੇ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੀਤੀ ਗਈ ਸੇਵਾ ਮਨੁੱਖਤਾ ਨੂੰ ਨਿਸ਼ਕਾਮ ਭਾਵ ਨਾਲ ਸੇਵਾ ਕਰਨ ਲਈ ਪ੍ਰੇਰਦੀ ਹੈ।

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਆਕਾਰ ਰੂਪ ਵਿਚ ਭਾਵੇਂ ਬਹੁਤ ਘੱਟ ਹੈ, ਪਰੰਤੂ ਵਿਸ਼ੇ ਰੂਪ ਅਤੇ ਸਿਧਾਂਤ ਦੇ ਪੱਖ ਤੋਂ ਬੜੀ ਮਹਾਨ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਵੱਡੇ ਗੁਰਮਤਿ ਸਿਧਾਂਤਾਂ ਨੂੰ, ਸੀਮਿਤ ਸ਼ਬਦਾਂ ਵਿਚ ਪ੍ਰਸਤੁਤ ਕਰ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕੁਲ 63 ਸਲੋਕ ਹਨ। ਹਰ ਸਲੋਕ ਆਪਣੇ ਆਪ ਵਿਚ ਵਿਲੱਖਣ ਅਤੇ ਸੁਤੰਤਰ ਅਰਥਾਂ ਦਾ ਧਾਰਨੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 9 ਵਾਰਾਂ ਵਿਚ ਆਪ ਜੀ ਦੇ ਸਲੋਕ ਸ਼ਾਮਲ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਵਾਰਾਂ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ 32 ਸਲੋਕ ਨਿਮਨਲਿਖਿਤ ਅਨੁਸਾਰ ਹਨ:

ੳ) ਮਾਝ ਕੀ ਵਾਰ ਵਿਚ : 12 ਸਲੋਕ
ਅ) ਆਸਾ ਕੀ ਵਾਰ ਵਿਚ : 15 ਸਲੋਕ
ੲ) ਮਲਾਰ ਕੀ ਵਾਰ ਵਿਚ : 5 ਸਲੋਕ
ਕੁੱਲ : 32 ਸਲੋਕ

ਸ੍ਰੀ ਗੁਰੂ ਅਮਰਦਾਸ ਜੀ ਰਚਿਤ ਵਾਰਾਂ ਵਿਚ ਆਪ ਜੀ ਦੇ ਸਲੋਕਾਂ ਦੀ ਗਿਣਤੀ 19 ਹੈ:

ੳ) ਸੂਹੀ ਕੀ ਵਾਰ ਵਿਚ : 11 ਸਲੋਕ
ਅ) ਰਾਮਕਲੀ ਕੀ ਵਾਰ ਵਿਚ : 7 ਸਲੋਕ
ੲ) ਮਾਰੂ ਕੀ ਵਾਰ ਵਿਚ : 1 ਸਲੋਕ
ਕੁੱਲ : 19 ਸਲੋਕ

ਸ੍ਰੀ ਗੁਰੂ ਰਾਮਦਾਸ ਜੀ ਰਚਿਤ ਵਾਰਾਂ ਵਿਚ ਆਪ ਜੀ ਦੇ 12 ਸਲੋਕ ਹਨ:

ੳ) ਵਾਰ ਸਿਰੀ ਰਾਗ ਵਿਚ : 2 ਸਲੋਕ
ਅ) ਸੋਰਠਿ ਕੀ ਵਾਰ ਵਿਚ : 1 ਸਲੋਕ
ੲ) ਸਾਰੰਗ ਕੀ ਵਾਰ ਵਿਚ : 9 ਸਲੋਕ
ਕੁੱਲ : 12 ਸਲੋਕ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਰਚਨਾ ਵਿਚੋਂ ਕੁਝ ਕੁ ਗੁਰਮਤਿ ਸਿਧਾਂਤ ਉਦਾਹਰਣ ਪੇਸ਼ ਹਨ:

SikhBookClub.com

ਮਾਝ ਕੀ ਵਾਰ ਵਿਚੋਂ

ਪੂਰੇ ਗੁਰੂ ਦੀ ਕਿਰਪਾ ਤੋਂ ਬਿਨਾਂ ਸੰਸਾਰ ਸਾਗਰ ਨਹੀਂ ਤਰਿਆ ਜਾ ਸਕਦਾ। ਗੁਰੂ ਤੋਂ ਹੀਣ ਅਰਥਾਤ ਨਿਗੁਰੇ ਪੁਰਸ਼ਾਂ ਦਾ ਜਨਮ ਵਿਅਰਥ ਚਲਾ ਜਾਂਦਾ ਹੈ। ਸਾਰੀ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਸਰਬ ਕਲਾ ਸਮਰੱਥ ਹੈ। ਉਸ ਨੇ ਹੀ ਸਾਰੇ ਸੰਸਾਰ ਵਿਚ ਆਪਣੀ ਸੱਤਾ ਟਿਕਾਅ ਰੱਖੀ ਹੈ।

ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ॥
ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ॥
ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥

(ਪੰਨਾ ੧੪੯)

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਜੋ ਮਨੁੱਖ ਗੁਰ ਉਪਦੇਸ਼ ਦੁਆਰਾ, ਸਵਾਸ-ਸਵਾਸ ਸਿਮਰਨ ਸਦਕਾ ਪ੍ਰਭੂ ਵਿਚ ਵਿਲੀਨ (ਇਕਮਿਕ) ਹੋ ਗਏ ਹਨ, ਉਨ੍ਹਾਂ ਨੂੰ ਹੋਰ ਕਿਸੇ ਪ੍ਰਕਾਰ ਦੇ ਵੀ ਉਪਦੇਸ਼ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਸਾਰੇ ਉਪਦੇਸ਼ਾਂ ਤੋਂ ਸਰਬ-ਉੱਚ ਕੇਵਲ ਨਾਮ-ਸਿਮਰਨ ਹੀ ਹੈ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਪੰਨਾ ੧੫੦)

ਜਿਵੇਂ ਲੂਲ੍ਹਾ, ਟੁੰਡਾ ਅਤੇ ਨੇਤਰਹੀਣ ਪੁਰਸ਼ ਮਿਲਾਪ ਦੇ ਦੁਨਿਆਵੀ ਰਸਾਂ ਦਾ ਪੂਰਾ ਅਨੰਦ ਨਹੀਂ ਲੈ ਸਕਦਾ, ਉਸੇ ਤਰ੍ਹਾਂ ਪ੍ਰਭੂ ਦੇ ਭੈ, ਭਾਵ ਅਤੇ ਸਿਮਰਨ ਤੋਂ ਸੱਖਣੇ ਮਨੁੱਖ ਪਰਮੇਸ਼ਰ-ਪਤੀ ਨਾਲ ਮਿਲਾਪ ਨਹੀਂ ਕਰ ਸਕਦੇ। ਰੱਬੀ ਭੈ-ਰੂਪੀ ਚਰਨ, ਪ੍ਰਭੂ-ਪ੍ਰੇਮ ਰੂਪੀ ਹੱਥ ਅਤੇ ਧਿਆਨ ਰੂਪੀ ਅੱਖਾਂ ਨਾਲ ਸੱਚੇ ਕੰਤ ਦੀ ਪ੍ਰਾਪਤੀ ਹੋ ਸਕਦੀ ਹੈ:

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥

(ਪੰਨਾ ੧੩੯)

ਇਹ ਲੋਕ ਅਤੇ ਪਰਲੋਕ ਅਥਵਾ ਮਨਮੁਖਤਾ ਅਤੇ ਗੁਰਮੁਖਤਾ, ਦੋਵਾਂ ਪਾਸਿਆਂ ਦਾ ਮਾਲਕ ਖ਼ੁਦ ਅਕਾਲ ਪੁਰਖ ਹੀ ਹੈ। ਦੋਵਾਂ ਜਹਾਨਾਂ ਵਿਚ ਸਭ ਕੁਝ ਉਸੇ ਦੇ ਹੁਕਮ/ਰਜ਼ਾ ਵਿਚ ਹੋ ਰਿਹਾ ਹੈ:

ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ॥

(ਪੰਨਾ ੧੪੯)

SikhBookClub.com

ਆਸਾ ਕੀ ਵਾਰ ਵਿਚੋਂ

ਆਸਾ ਕੀ ਵਾਰ (ਰਚਿਤ ਸ੍ਰੀ ਗੁਰੂ ਨਾਨਕ ਦੇਵ ਜੀ) ਵਿਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਸਿਧਾਂਤ ਇਸ ਪ੍ਰਕਾਰ ਹਨ:

ਸਾਰੇ ਦੇਵੀ-ਦੇਵਤਿਆਂ ਦਾ ਮੂਲ (ਆਤਮਾ) ਕੇਵਲ ਪਰਮੇਸ਼ਰ ਹੀ ਹੈ। ਦੇਵਤਿਆਂ ਦੇ ਇਸ਼ਟ ਦਾ ਮੂਲ ਅਤੇ ਆਸਰਾ ਵੀ ਖ਼ੁਦ ਪਰਮੇਸ਼ਰ ਹੀ ਹੈ ਜੋ ਮਾਇਆ ਤੋਂ ਨਿਰਲੇਪ ਹੈ:

ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥
ਆਤਮਾ ਬਾਸੁਦੇਵਸ੍ਯ ਜੇ ਕੋ ਜਾਣੈ ਭੇਉ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥

(ਪੰਨਾ ੪੬੯)

ਸਮੁੱਚੇ ਬ੍ਰਹਿਮੰਡ ਵਿਚ ਸਗਲੇ ਜੀਵ-ਜੰਤੂ, ਬਨਸਪਤੀ ਦਾ ਕਰਤਾ, ਨਾਸ਼ ਕਰਨ ਵਾਲਾ ਅਤੇ ਸਭ ਦੀ ਸੰਭਾਲ ਕਰਨ ਵਾਲਾ ਵੀ ਪਰਮੇਸ਼ਰ ਖ਼ੁਦ ਆਪ ਹੀ ਹੈ। ਇਸ ਲਈ ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਅੱਗੇ ਵੀ ਬੇਨਤੀ ਕਰਨੀ ਚੰਗੀ ਨਹੀਂ ਲੱਗਦੀ, ਕਿਉਂਕਿ ਸਭ ਥਾਈਂ ਤਾਂ ਉਹ ਆਪ ਹੀ ਵਰਤ ਰਿਹਾ ਹੈ:

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ॥
ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ॥
ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥

(ਪੰਨਾ ੪੭੫)

ਗੁਰੂ ਦੇ ਹੁਕਮ ਵਿਚ ਰਹਿਣ ਵਾਲੇ ਸਿੱਖ ਅੰਦਰੋਂ-ਬਾਹਰੋਂ ਇਕ ਹੁੰਦੇ ਹਨ। ਕਹਿਣੀ ਤੇ ਕਰਨੀ ਦੇ ਪੂਰੇ ਹੁੰਦੇ ਹਨ। ਵਿਖਾਵੇ ਦੀ ਖ਼ਾਤਰ ਕੀਤੀ ਗਈ ਗੁਰੂ-ਭਗਤੀ ਕਦੇ ਵੀ ਪ੍ਰਵਾਨ ਨਹੀਂ ਹੁੰਦੀ। ਮਨੁੱਖ ਦੇ ਮਨ ਵਿਚ ਜੋ ਕੁਝ ਵੀ ਹੁੰਦਾ ਹੈ, ਉਹ ਉਸ ਦੇ ਜੀਵਨ-ਵਰਤਾਰੇ ਵਿਚੋਂ ਪਤਾ ਲੱਗ ਜਾਂਦਾ ਹੈ। ਅੰਦਰੋਂ ਕਪਟੀ ਅਤੇ ਬਾਹਰੋਂ ਬਗਲੇ ਭਗਤ, ਆਪਣੇ ਹੱਥੀਂ ਤਾਂ ਜ਼ਹਿਰ ਬੀਜਦੇ ਹਨ ਪਰੰਤੂ ਫ਼ਲ ਵਜੋਂ ਆਸ ਅੰਮ੍ਰਿਤ ਦੀ ਰੱਖਦੇ ਹਨ। ਅਜਿਹਾ ਕਦੇ ਵੀ ਨਹੀਂ ਹੋ ਸਕਦਾ। ਇਹ ਕਿੱਧਰ ਦਾ ਨਿਆਂ ਹੈ? ਪ੍ਰਭੂ ਦੇ ਦਰਬਾਰ ਵਿਚ ਸਦਾ ਹੀ ਸੱਚਾ ਨਿਆਂ ਹੁੰਦਾ ਹੈ:

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥

(ਪੰਨਾ ੪੭੪)

ਵਾਰ ਮਲਾਰ ਵਿਚੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਮਲਾਰ (ਮਹਲਾ ੧) ਵਿਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਗੁਰਮਤਿ ਸਿਧਾਂਤ ਇਸ ਪ੍ਰਕਾਰ ਹਨ:

ਕਲਯੁਗ ਦੇ ਲੱਛਣ ਹੀ ਇਹੀ ਹਨ ਕਿ ਮਨੁੱਖਾਂ ਦੀ ਸੋਚਣੀ ਹੀ ਪੁੱਠੀ ਹੋ ਜਾਂਦੀ ਹੈ। ਉਹ ਹਰ ਗੱਲ ਆਪਣੀ ਉਲਟੀ ਸੋਚ ਅਨੁਸਾਰ ਕਰਦੇ ਹਨ। ਜਿਵੇਂ ਕੰਗਾਲ ਮਨੁੱਖ ਨੂੰ ਪਾਤਸ਼ਾਹ ਆਖ

SikhBookClub.com

ਦੇਣਾ, ਮੂਰਖ ਨੂੰ ਪੰਡਤ (ਗਿਆਨੀ), ਗਿਆਨਹੀਣ (ਅੰਨ੍ਹੇ) ਨੂੰ ਵਿਦਵਾਨ ਦੀ ਪਦਵੀ ਦੇ ਦੇਣੀ ਅਰਥਾਤ ਵਿਕਾਰੀ ਅਤੇ ਨੀਵੇਂ ਪੁਰਸ਼, ਭਲੇ ਪੁਰਸ਼ਾਂ ਵਾਲੇ ਰੁਤਬੇ ਨੂੰ ਪਾ ਕੇ ਖ਼ੁਸ਼ ਹੁੰਦੇ ਹਨ। ਝੂਠ, ਫ਼ਰੇਬ ਅਤੇ ਸ਼ਰਾਰਤ ਸਮਾਜ ਵਿਚ ਪ੍ਰਧਾਨਗੀ ਕਰਦੀਆਂ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ, ਜਿਥੇ ਵੀ ਕਿਤੇ ਇਹੋ ਜਿਹੀਆਂ ਪੁੱਠੀਆਂ/ਉਲਟੀਆਂ ਰੀਤਾਂ (ਸੋਚਾਂ) ਦਾ ਜ਼ੋਰ ਹੋਵੇ, ਉਥੇ ਸਮਝ ਲਉ ਕਿ ਕਲਯੁਗ ਵਰਤ ਗਿਆ ਹੈ। ਗੁਰੂ ਦੀ ਕਿਰਪਾ ਰਾਹੀਂ ਇਸ ਭੇਦ ਦੀ ਸੋਝੀ ਆਉਂਦੀ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥

(ਪੰਨਾ ੧੨੮੮)

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਚੰਗਾ ਵੈਦ (ਡਾਕਟਰ) ਉਹ ਹੈ, ਜਿਸ ਨੂੰ ਰੋਗ ਅਤੇ ਦਾਰੂ ਦੋਵਾਂ ਦੀ ਪੂਰੀ ਸੂਝ ਹੋਵੇ। ਵੈਦ ਤਾਂ ਮਨੁੱਖਾਂ ਦੇ ਸਰੀਰਕ ਰੋਗਾਂ ਦਾ ਇਲਾਜ ਕਰਦੇ ਹਨ ਪਰ ਸਤਿਗੁਰੂ ਜੀ ਆਪਣੇ ਸਿੱਖ ਦੇ ਆਤਮਿਕ ਅਤੇ ਸਰੀਰਕ ਦੋਵਾਂ ਪ੍ਰਕਾਰ ਦੇ ਰੋਗਾਂ ਦਾ ਇਲਾਜ ਕਰਦੇ ਹਨ। ਰੋਗੀ ਵੈਦ, ਮਰੀਜ਼ ਦਾ ਕੀ ਇਲਾਜ ਕਰੇਗਾ? ਜਿਸ ਦਵਾਈ ਨਾਲ ਸਰੀਰਕ ਰੋਗ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ ਅਤੇ ਸਰੀਰ ਨੂੰ ਸੁਖ ਮਿਲੇ, ਉਹ ਦਾਰੂ (ਦਵਾਈ) ਵਧੀਆ ਹੁੰਦੀ ਹੈ। ਤੰਦਰੁਸਤ ਡਾਕਟਰ ਹੀ ਵਧੀਆ ਇਲਾਜ ਕਰ ਸਕਦਾ ਹੈ। ਇਸੇ ਪ੍ਰਕਾਰ ਚੰਗਾ ਧਰਮ ਪ੍ਰਚਾਰਕ, ਸਾਧੂ ਜਾਂ ਕੋਈ ਮਹਾਂਪੁਰਸ਼ ਉਹੀ ਚੰਗਾ ਹੈ, ਜਿਸ ਨੇ ਆਪਣਾ ਆਤਮਿਕ ਰੋਗ ਪੂਰੀ ਤਰ੍ਹਾਂ ਖ਼ਤਮ ਕਰ ਲਿਆ ਹੋਵੇ:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ॥

(ਪੰਨਾ ੧੨੨੯)

ਸ੍ਰੀ ਗੁਰੂ ਅੰਗਦ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਜਿਵੇਂ ਸਾਵਣ ਦੇ ਮਹੀਨੇ ਮੀਂਹ ਪੈਣ ਨਾਲ ਧਰਤੀ ਹਰੀ-ਭਰੀ ਅਤੇ ਵਾਤਾਵਰਨ ਸੁਹਾਵਨਾ ਹੋ ਜਾਂਦਾ ਹੈ, ਇਸੇ ਤਰ੍ਹਾਂ ਸਤਿਗੁਰੂ ਰੂਪੀ ਸਾਵਣ ਦੇ ਮਿਲਾਪ ਅਤੇ ਕਿਰਪਾ ਨਾਲ ਸਰਬ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ-ਪਤੀ ਨੂੰ ਛੱਡ ਕੇ, ਦੂਜੇ ਵਿਸ਼ੇ-ਵਿਕਾਰਾਂ ਵਿਚ ਗ੍ਰਸਤ ਹੋਈਆਂ ਜੀਵ ਰੂਪ ਇਸਤਰੀਆਂ ਨੂੰ, ਵੇਲਾ ਗਵਾ ਕੇ ਪਛਤਾਉਣਾ ਪੈਂਦਾ ਹੈ। ਜਿਨ੍ਹਾਂ ਨੂੰ ਪ੍ਰਭੂ-ਪਤੀ ਨਾਲ ਸੱਚਾ ਪਿਆ ਹੈ, ਉਹ ਸੁਹਾਗਣੀਆਂ ਸਦੀਵੀ ਸੁਖ ਦੀ ਪ੍ਰਾਪਤੀ ਕਰਦੀਆਂ ਹਨ:

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ॥
ਨਾਨਕ ਝੁਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ॥
ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥

SikhBookClub.com

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ ॥

(ਪੰਨਾ ੧੨੮੦)

ਸੂਹੀ ਕੀ ਵਾਰ ਵਿਚੋਂ

ਜਿਨ੍ਹਾਂ ਸੰਤ ਜਨਾਂ ਦੇ ਹਿਰਦੇ ਵਿਚ ਸਵਾਸ-ਸਵਾਸ ਸਿਮਰਨ ਚਲਦਾ ਰਹਿੰਦਾ ਹੈ, ਉਨ੍ਹਾਂ ਦੇ ਮਨ ਵਿਚ ਬਸੰਤ ਰੁੱਤ ਵਾਂਗ ਸਦੀਵੀ ਅਨੰਦ ਬਣਿਆ ਰਹਿੰਦਾ ਹੈ। ਇਸ ਦੇ ਉਲਟ ਪ੍ਰਭੂ-ਪਤੀ ਤੋਂ ਭੁੱਲੇ ਮਨਮੁਖ ਵਿਅਕਤੀ ਰਾਤ-ਦਿਨ ਭਰਮਾਂ ਦੀ ਅੱਗ ਵਿਚ ਸੜਦੇ ਰਹਿੰਦੇ ਹਨ:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥

(ਪੰਨਾ ੭੯੧)

ਵਿਖਾਵੇ ਅਤੇ ਮਾਇਆ ਦੀ ਖਾਤਰ, ਮਜਬੂਰੀ ਵੱਸ ਕੀਤੀ ਗਈ ਪ੍ਰਭੂ-ਭਗਤੀ ਵਿਅਰਥ ਹੈ। ਉਸ ਵਿਚ ਨਾ ਤਾਂ ਕੋਈ ਗੁਣ ਹੈ ਅਤੇ ਨਾ ਹੀ ਉਸ ਵਿਚ ਕੋਈ ਭਲੇ ਦੀ ਗੱਲ ਹੀ ਹੈ। ਆਤਮਿਕ ਖ਼ੁਸ਼ੀ ਨਾਲ, ਸੱਚੇ ਮਨ ਨਾਲ ਕੀਤੀ ਗਈ ਭਗਤੀ ਹੀ ਸਫ਼ਲ ਹੁੰਦੀ ਹੈ। ਗੁਰੂ ਦੇ ਸ਼ਬਦ ਦੀ ਵਿਚਾਰ ਸ਼ੁੱਧ ਮਨ ਨਾਲ ਕਰਨੀ ਹੀ ਲਾਹੇਵੰਦ ਹੈ:

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥
ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ॥
ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥

(ਪੰਨਾ ੭੮੭)

ਰਾਮਕਲੀ ਕੀ ਵਾਰ ਵਿਚੋਂ

ਰਾਮਕਲੀ ਕੀ ਵਾਰ ਵਿਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਗੁਰਮਤਿ ਸਿਧਾਂਤ ਵੰਨਗੀ ਮਾਤਰ ਇਸ ਪ੍ਰਕਾਰ ਹਨ:

ਗਿਆਨ ਵਿਹੂਣਾ ਵਿਅਕਤੀ ਜੋ ਖ਼ੁਦ ਅੰਨ੍ਹਾ ਹੈ, ਉਹ ਕਿਸੇ ਦੇ ਗੁਣਾਂ (ਰਤਨਾਂ) ਦੀ ਕੀ ਪਰਖ ਕਰ ਸਕਦਾ ਹੈ? ਇਵੇਂ ਹੀ ਰੱਬੀ ਗਿਆਨ ਤੋਂ ਸੱਖਣੇ, ਆਪੂੰ ਬਣੇ 'ਨਕਲੀ ਗੁਰੂ' ਆਪਣੇ ਚੇਲਿਆਂ ਦਾ ਭਲਾ ਨਹੀਂ ਕਰ ਸਕਦੇ। ਅੰਤ ਕਿਸੇ ਵੇਲੇ ਉਨ੍ਹਾਂ ਦਾ ਫੋਕਾ ਪੋਲ ਆਖਰ ਨੰਗਾ ਹੋ ਹੀ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਤਿ ਸ਼ਰਮਿੰਦਗੀ ਦਾ ਮੂੰਹ ਝੇਲਣਾ ਪੈਂਦਾ ਹੈ। ਇਸ ਲਈ ਨਕਲੀ ਗੁਰੂਆਂ ਨੂੰ ਛੱਡ ਕੇ, ਕੇਵਲ ਇਕ ਸੱਚੇ ਗੁਰੂ ਦੀ ਸ਼ਰਨ ਹੀ ਲੈਣੀ ਚਾਹੀਦੀ ਹੈ ਤਾਂ ਜੋ ਸਦੀਵੀਂ ਸੁਖ ਬਣਿਆ ਰਹੇ:

ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥

(ਪੰਨਾ ੯੫੪)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਸਾਰੀ ਸ੍ਰਿਸ਼ਟੀ ਨੂੰ ਰਿਜ਼ਕ ਦੇਣ ਵਾਲਾ ਪ੍ਰਭੂ ਸਭ ਨੂੰ, ਸਭ ਥਾਵਾਂ 'ਤੇ ਰਿਜ਼ਕ ਦੇ ਰਿਹਾ ਹੈ। ਪਾਣੀ ਵਿਚ ਜੀਵ ਪੈਦਾ ਕਰ ਕੇ, ਉਨ੍ਹਾਂ ਦਾ ਆਹਾਰ ਵੀ ਉਥੇ ਹੀ ਪਹੁੰਚਾ ਰਿਹਾ ਹੈ। ਪਾਣੀ ਵਿਚ ਨਾ ਤਾਂ ਕੋਈ ਦੁਕਾਨ ਹੈ, ਨਾ ਸੌਦਾ ਹੈ, ਨਾ ਹੀ ਕੋਈ ਧੰਦਾ/ਕਾਰੋਬਾਰ ਹੀ ਚਲਦਾ ਹੈ ਪਰ ਪ੍ਰਭੂ ਨੇ ਉਥੇ ਵੀ ਜੀਵ ਦੀ ਖੁਰਾਕ ਜੀਵ ਹੀ ਪੈਦਾ ਕਰ ਦਿੱਤੇ ਹਨ। ਸਮੁੰਦਰਾਂ ਵਿਚ ਜੀਵ ਪੈਦਾ ਕਰ ਕੇ, ਉਥੇ ਵੀ ਉਨ੍ਹਾਂ ਦੀ ਸੰਭਾਲ ਕਰ ਰਿਹਾ ਹੈ। ਇਸ ਲਈ ਮਨੁੱਖ ਨੂੰ ਕਿਸੇ ਪ੍ਰਕਾਰ ਦੀ ਵੀ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਅਕਾਲ ਪੁਰਖ ਨੂੰ ਤਾਂ ਸਾਰਿਆਂ ਦੀ ਚਿੰਤਾ ਹੈ। ਸਭ ਲਈ ਰੋਟੀ ਰੋਜ਼ੀ ਦਾ ਦਾਤਾ ਉਹ ਆਪ ਹੈ:

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੋਇ ॥

(ਪੰਨਾ ੯੫੫)

ਮਾਰੂ ਕੀ ਵਾਰ ਵਿਚੋਂ

ਮਾਰੂ ਕੀ ਵਾਰ (ਰਚਿਤ ਗੁਰੂ ਅਮਰਦਾਸ ਜੀ) ਵਿਚ, ਸ੍ਰੀ ਗੁਰੂ ਅੰਗਦ ਦੇਵ ਜੀ ਦਾ ਕੇਵਲ ਇਕ ਹੀ ਸਲੋਕ ਹੈ, ਜਿਸ ਦਾ ਭਾਵ ਹੈ ਕਿ ਸੇਵਕ ਨੂੰ ਅਰਦਾਸ ਕੇਵਲ ਅਕਾਲ ਪੁਰਖ ਅੱਗੇ ਹੀ ਕਰਨੀ ਚਾਹੀਦੀ ਹੈ। ਉਹ ਸਰਬ ਕਲਾ ਸਮਰੱਥ ਹੈ। ਸਭ ਕੁਝ ਕਰਨਹਾਰ, ਬੁੱਝਣਹਾਰ ਅਤੇ ਸਰਬੱਤ ਦੇ ਕਾਰਜ ਰਾਜ ਕਰਨ ਵਾਲਾ ਉਹ ਕੇਵਲ ਆਪ ਹੀ ਹੈ। ਉਸ ਸਰਬ ਸ਼ਕਤੀਵਾਨ ਪਰਮੇਸ਼ਰ ਅੱਗੇ ਸਦਾ ਹੀ ਪੂਰਨ ਸਤਿਕਾਰ ਸਹਿਤ ਅਰਦਾਸ ਕਰਨੀ ਹਰ ਪ੍ਰਾਣੀ ਦਾ ਫ਼ਰਜ਼ ਹੈ:

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥

(ਪੰਨਾ ੧੦੯੩)

ਵਾਰ ਸਿਰੀ ਰਾਗ ਵਿਚੋਂ

ਗੁਰੂ ਦਾ ਹਰ ਹੁਕਮ ਮੰਨਣਾ ਸੇਵਕ ਲਈ ਜ਼ਰੂਰੀ ਹੁੰਦਾ ਹੈ ਕਿਉਂਕਿ ਸੇਵਕ ਗੁਰੂ ਨਾਲ (ਪਿਆਰੇ ਨਾਲ) ਪਿਆਰ ਕਰਦਾ ਹੈ। ਪ੍ਰਭੂ-ਪਿਆਰੇ ਦੀ ਰਜ਼ਾ/ਹੁਕਮ ਵਿਚ ਨਿਰਹੰਕਾਰ ਹੋ ਕੇ ਚੱਲਣਾ ਚਾਹੀਦਾ ਹੈ। ਨਿਰਮਾਣਤਾ ਵਿਚ ਹੀ ਸਭ ਕੁਝ ਹੈ। ਉਸ ਵਿਅਕਤੀ ਨੂੰ ਲਾਹਨਤ ਹੈ, ਜੋ ਪਰਮੇਸ਼ਰ ਦੀ ਰਜ਼ਾ ਤੋਂ ਬੇਮੁਖ ਹੋ ਕੇ ਰਹੇ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥

SikhBookClub.com

ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

(ਪੰਨਾ ੮੩)

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਸੇਵਕ ਨੂੰ ਆਪਣੇ ਪਿਆਰੇ ਸਾਈਂ ਤੋਂ ਤਨ, ਮਨ, ਧਨ ਅਰਪਣ ਕਰ ਦੇਣਾ ਚਾਹੀਦਾ ਹੈ, ਕਿਉਂਕਿ ਸਭ ਕੁਝ ਤਾਂ ਉਸੇ ਦਾ ਹੀ ਹੈ। ਉਸ ਦੀਆਂ ਦਾਤਾਂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਜਿਹੜਾ ਸਿਰ ਹੰਕਾਰ-ਵੱਸ ਅਕਾਲ ਪੁਰਖ ਅੱਗੇ ਨਹੀਂ ਝੁਕਦਾ, ਉਸ ਸਿਰ ਨੂੰ ਕੀ ਕਰਨਾ ਹੈ? ਉਹ ਵਿਅਰਥ ਹੈ ਅਤੇ ਕੱਟਣ ਦੇ ਯੋਗ ਹੈ। ਇਸੇ ਤਰ੍ਹਾਂ ਜਿਸ ਸਰੀਰ ਵਿਚ ਪ੍ਰਭੂ ਪਿਆਰੇ ਦੀ ਤੜਪ-ਪਿਆਰ ਨਹੀਂ, ਉਹ ਸਰੀਰ ਵੀ ਸਾੜ ਦੇਣ ਦੇ ਯੋਗ ਹੀ ਹੈ। ਪ੍ਰਭੂ ਪਿਆਰ ਅਤੇ ਉਸ ਦੀ ਪ੍ਰਾਪਤੀ ਲਈ ਜਗਿਆਸੂ ਨਿਮਾਣਾ ਹੋ ਕੇ ਰਹੇ ਅਤੇ ਹਰ ਵੇਲੇ ਉਸ ਦਾ ਸਿਮਰਨ ਕਰਦਾ ਰਹੇ:

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥

(ਪੰਨਾ ੮੯)

ਸੋਰਠਿ ਕੀ ਵਾਰ ਵਿਚੋਂ

ਸੋਰਠਿ ਕੀ ਵਾਰ ਵਿਚ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਕੇਵਲ ਇਕ ਹੀ ਸਲੋਕ ਹੈ ਜਿਸ ਦੇ ਅਰਥ ਬੜੇ ਸਪੱਸ਼ਟ ਹਨ ਕਿ ਬੰਦੇ ਨੂੰ ਹਰ ਥਾਂ ਰਿਜ਼ਕ ਹੀ ਖਿੱਚੀ ਫਿਰਦਾ ਹੈ:

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥

(ਪੰਨਾ ੬੫੩)

ਸਾਰੰਗ ਕੀ ਵਾਰ ਵਿਚੋਂ

ਇਸ ਵਾਰ ਦੇ ਅੰਤਰਗਤ ਸ੍ਰੀ ਗੁਰੂ ਅੰਗਦ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਗੁਰੂ ਤੋਂ ਬਿਨਾਂ ਮਨੁੱਖ ਦਾ ਕਲਿਆਣ ਨਹੀਂ ਹੋ ਸਕਦਾ। ਮਨੁੱਖੀ ਮਨ 'ਤੇ ਲੱਗੇ ਹੋਏ ਜੰਦਰੇ ਦੀ ਚਾਬੀ ਗੁਰੂ ਦੇ ਕੋਲ ਹੈ। ਮਨ ਕੋਠਾ ਹੈ, ਸਰੀਰ ਇਸ ਦੀ ਛੱਤ ਦੇ ਸਮਾਨ ਹੈ। ਮਨ ਰੂਪੀ ਕੋਠੇ ਦੇ ਦਰਵਾਜ਼ੇ ਉੱਪਰ ਮਾਇਆ ਦਾ ਮਜ਼ਬੂਤ ਜੰਦਰਾ ਲੱਗਾ ਹੋਇਆ ਹੈ। ਜੋ ਪੂਰੇ ਗੁਰੂ ਤੋਂ ਬਿਨਾਂ ਨਹੀਂ ਖੁੱਲ੍ਹ ਸਕਦਾ। ਕਿਉਂਕਿ ਇਸ ਦੀ ਚਾਬੀ ਕੇਵਲ ਗੁਰੂ ਦੇ ਕੋਲ ਹੀ ਹੈ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਸ੍ਰੀ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਆਪ ਪਰਮੇਸ਼ਰ ਹੈ ਤਾਂ ਫਿਰ ਮੰਦਾ ਕਿਸ ਨੂੰ ਆਖੀਏ? ਸਾਰੇ ਜੀਵਾਂ ਨੂੰ ਉਸ ਨੇ ਮਾਇਕ ਧੰਦਿਆਂ ਵਿਚ ਲਗਾ ਰੱਖਿਆ ਹੈ। ਕਿਸੇ ਨੂੰ ਘੱਟ ਮਾਇਕ ਧੰਦੇ ਲਗਾਏ ਹਨ ਅਤੇ ਕਿਸੇ ਨੂੰ ਏਨੇ ਜ਼ਿਆਦਾ ਧੰਦੇ

SikhBookClub.com

ਲਗਾ ਦਿੱਤੇ ਹਨ ਕਿ ਉਹ ਧੰਦਿਆਂ ਵਿਚ ਫਸ ਕੇ ਪਰਮੇਸ਼ਰ ਨੂੰ ਹੀ ਭੁੱਲ ਗਏ ਹਨ। ਸੰਸਾਰ ਵਿਚ ਜੀਵ ਖਾਲੀ ਹੱਥ ਆਉਂਦੇ ਹਨ ਅਤੇ ਖਾਲੀ ਹੀ ਸੰਸਾਰ ਵਿਚੋਂ ਚਲੇ ਜਾਂਦੇ ਹਨ। ਪਾਰਲੌਕਿਕ ਜਗਤ ਵਿਚ ਅੱਗੇ ਜਾ ਕੇ ਇਨ੍ਹਾਂ ਜੀਵਾਂ ਨੂੰ ਕਿਹੋ ਜਿਹੀ ਕਾਰ (ਧੰਦਾ) ਮਿਲੇਗੀ, ਇਸ ਬਾਰੇ ਤਾਂ ਕੇਵਲ ਅਕਾਲ ਪੁਰਖ ਹੀ ਜਾਣਦਾ ਹੈ। ਉਸ ਦਾ ਹੁਕਮ ਜਾਣਿਆ ਨਹੀਂ ਜਾ ਸਕਦਾ। ਇਹ ਸਦੀਵੀ ਅਟੱਲ ਹੈ:

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥
ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥
ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ॥
ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ ॥

(ਪੰਨਾ ੧੨੩੮)

ਉਪਰੋਕਤ ਵਿਚਾਰ-ਚਰਚਾ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਰਚਨਾ, ਮਾਤਰਾ ਵਿਚ ਭਾਵੇਂ ਥੋੜ੍ਹੀ ਹੈ ਪਰੰਤੂ ਗੁਰਬਾਣੀ ਵਾਲਾ ਸਿਧਾਂਤ/ਵਿਸ਼ਾ ਹੀ ਇਸ ਬਾਣੀ ਰਚਨਾ ਵਿਚ ਉਪਲਬਧ ਹੈ ਅਤੇ ਬਹੁਤੀ ਗੱਲ ਨੂੰ ਸੀਮਤ ਸ਼ਬਦਾਂ ਵਿਚ ਬਿਆਨ ਕਰ ਦੇਣਾ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਾਵਿ-ਕਲਾ ਦੀ ਇਕ ਉੱਤਮ ਵਿਸ਼ੇਸ਼ਤਾ ਹੈ।

(4/2004)

SikhBookClub.com

ਸ਼੍ਰੀ ਗੁਰੂ ਅੰਗਦ ਦੇਵ ਜੀ:
ਧਾਰਮਿਕਤਾ ਅਤੇ ਵਿਵਹਾਰਕਤਾ ਦਾ ਸੁਮੇਲ

ਆਜ਼ਾਦੀ ਦੇ ਬਾਅਦ ਵੀ ਭਾਰਤੀ ਲੋਕਾਂ ਦੇ ਸੋਚਣ ਦੇ ਢੰਗ ਵਿਚ ਕੋਈ ਖ਼ਾਸ ਅੰਤਰ ਨਹੀਂ ਆਇਆ। ਭਾਸ਼ਾ, ਖੇਤਰਵਾਦ, ਜਾਤ-ਪਾਤ ਦੀ ਸਮੱਸਿਆ ਅੱਜ ਵੀ ਉਤਨੀ ਹੀ ਭਿਆਨਕ ਹੈ ਜਿਤਨੀ ਅੱਜ ਤੋਂ 50-60 ਸਾਲ ਪਹਿਲਾਂ ਸੀ। ਰਾਜਨੀਤਕ ਲੀਡਰਸ਼ਿਪ ਨੇ ਪਹਿਲਾਂ ਤਾਂ ਸਾਧਾਰਨ ਵਿਅਕਤੀ ਦੀ ਅਨਪੜ੍ਹਤਾ ਅਤੇ ਸਰਲਤਾ ਨੂੰ ਪੂਰੀ ਤਰ੍ਹਾਂ ਵਰਤਿਆ ਅਤੇ ਫਿਰ ਸਤਵੇਂ ਤੋਂ ਨੌਵੇਂ ਦਹਾਕੇ ਤਕ ਰਾਜਨੀਤੀ ਦੇ ਖਿਲਾੜੀਆਂ ਨੇ ਧਾਰਮਿਕ ਲੀਡਰਸ਼ਿਪ ਨੂੰ ਇਸ ਦੰਗਲ ਵਿਚ ਆਪਣੇ ਨਾਲ ਖਿੱਚ ਲਿਆ ਅਤੇ ਵਿਖੰਡਨਕਾਰੀ ਸ਼ਕਤੀਆਂ ਦੇ ਨਕਸ਼ੇ ਧਾਰਮਿਕ ਭਾਵੁਕਤਾ ਦੀ ਕੈਨਵਸ ਉੱਤੇ ਉਭਰਨੇ ਸ਼ੁਰੂ ਹੋ ਗਏ। ਇਸ ਉਭਾਰ ਨੇ ਜਾਤੀਵਾਦ ਅਤੇ ਸੰਪ੍ਰਦਾਇਕਵਾਦ ਦੇ ਉਲਾਰਾਂ ਦੀ ਪੂਰੀ ਤਰ੍ਹਾਂ ਹੌਸਲਾ-ਅਫ਼ਜਾਈ ਕਰਨੀ ਸ਼ੁਰੂ ਕਰ ਦਿੱਤੀ। ਧਰਮ, ਜਿਸ ਨੂੰ ਕਿ ਅਜੇ ਤਕ ਸਭ ਪ੍ਰਕਾਰ ਦੇ ਡਰਾਂ ਨੂੰ ਸਮਾਪਤ ਕਰਨ ਵਾਲਾ ਸਮਝਿਆ ਜਾਂਦਾ ਸੀ, ਹੁਣ ਹੱਡੀਆਂ ਤਕ ਭੈਭੀਤ ਕਰਨ ਵਾਲੀ ਸ਼ਕਤੀ ਦੇ ਰੂਪ ਵਿਚ ਅਨੁਭਵ ਕੀਤਾ ਜਾਣ ਲੱਗ ਪਿਆ। ਧਰਮ ਨਾਲ ਮਿਲ ਕੇ ਜਾਤ-ਪਾਤ ਦੀ ਰਾਜਨੀਤੀ ਲੀਡਰਾਂ ਦੇ ਹੱਥ ਵਿਚ ਇਕ ਬਹੁਤ ਹੀ ਭਰੋਸੇਯੋਗ ਹਥਿਆਰ ਬਣ ਗਈ ਤੇ ਅਸੀਂ ਸਾਰੇ ਜਾਣਦੇ ਹਾਂ ਕਿ ਭਾਰਤੀ ਸਮਾਜ ਜਿਹੜਾ ਪਹਿਲਾਂ ਹੀ ਬਹੁਤ ਸਾਰੇ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਹੋਰ ਅੱਗੋਂ forward, backward ਅਤੇ other backward ਕਲਾਸਾਂ ਵਿਚ ਹੋਰ ਟੁਕੜੇ-ਟੁਕੜੇ ਕਰ ਦਿੱਤਾ ਗਿਆ।

ਜਾਤ ਅਤੇ ਵਰਨ-ਵਿਵਸਥਾ ਤਾਂ ਭਾਰਤੀ ਜਨਤਾ ਲਈ ਪਹਿਲਾਂ ਤੋਂ ਹੀ ਮਾਨਸਿਕ ਤੌਰ 'ਤੇ ਮੰਨੀਆਂ ਹੋਈਆਂ ਕਦਰਾਂ-ਕੀਮਤਾਂ ਵਿਚੋਂ ਇਕ ਸਵੀਕਾਰ ਹੋ ਚੁੱਕੀ ਸੀ ਪਰੰਤੂ ਪਿਛਲੀ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਇਸ ਨੇ ਕਿਸੇ ਤਰ੍ਹਾਂ ਵਿਧਾਨਿਕ ਰੂਪ ਵੀ ਦੇ ਕੇ ਇਸ ਨੂੰ ਹੋਰ ਸ਼ਕਤੀਸ਼ਾਲੀ ਬਣਾ ਦਿੱਤਾ ਗਿਆ ਤਾਂ ਕਿ ਸਮਾਜਕ ਅਤੇ ਰਾਜਨੀਤਕ ਲੜਾਈਆਂ ਵਿਚ ਸਰਬਉੱਚਤਾ ਪ੍ਰਾਪਤ ਕਰਨ ਦਾ ਅਤੇ ਅੰਤ ਵਿਚ ਸੂਬੇ ਦੀ ਜਾਂ ਦੇਸ ਦੇ ਕੇਂਦਰ ਦੀ ਸ਼ਕਤੀ ਨੂੰ ਹਥਿਆਉਣ ਲਈ ਰਾਹ ਪੱਧਰਾ ਹੋ ਸਕੇ। ਸਮਾਜਕ ਅਤੇ ਰਾਜਨੀਤਕ ਵਿਗਿਆਨੀਆਂ ਨੇ ਗੁਜਰਾਤ ਨੂੰ ਧਾਰਮਿਕਤਾ ਦੀ ਕੁਠਾਲੀ ਬਣਾ ਕੇ ਜੋ ਪ੍ਰਯੋਗ ਕੀਤਾ, ਇਸ ਵਿਚ ਉਨ੍ਹਾਂ ਨੂੰ ਸਫ਼ਲ ਵੀ ਸਮਝਿਆ ਗਿਆ ਅਤੇ ਇਹ ਪ੍ਰਯੋਗ ਭਾਰਤ ਦੇ ਸਭਿਆਚਾਰਕ ਇਤਿਹਾਸ ਵਿਚ ਇਕ ਬਿਲਕੁਲ ਹੀ ਨਵਾਂ ਵਾਯੂਮੰਡਲ ਸਿਰਜਣ ਵਿਚ ਸਹਾਇਕ ਹੋ ਰਿਹਾ ਹੈ।

ਆਗੂਆਂ ਕੋਲੋਂ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਇਕ ਅਜਿਹੀ ਚੇਤਨਾ ਪੈਦਾ ਕਰਦੇ ਜਿਸ ਰਾਹੀਂ ਵਿਹਾਰਕ ਅਤੇ ਸਰਬੱਤ ਦੇ ਭਲੇ ਲਈ ਕੰਮ ਵਿਚ ਰੁੱਝੇ ਲੋਕਾਂ ਦਾ ਆਦਰ-ਸਨਮਾਨ

SikhBookClub.com

ਕੀਤਾ ਜਾਂਦਾ ਹੈ। ਲੋਕਾਂ ਨੂੰ ਅਰਥਹੀਣ ਕਰਮਕਾਂਡਾਂ, ਅੰਧ-ਵਿਸ਼ਵਾਸਾਂ ਦੀ ਨਿਰਾਰਥਕਤਾ ਬਾਰੇ ਚੇਤੰਨ ਕੀਤਾ ਜਾਣਾ ਚਾਹੀਦਾ ਸੀ ਤਾਂ ਕਿ ਪਾਖੰਡਾਂ, ਰੁਕਾਵਟਾਂ ਨੂੰ ਇਕ ਪਾਸੇ ਰੱਖ ਕੇ ਉਹ ਆਪਣਾ ਵਿਕਾਸ ਕਰ ਸਕੇ ਪਰੰਤੂ ਨੇਤਾ ਬਣਨ ਤੋਂ ਬਾਅਦ ਇਨ੍ਹਾਂ ਲੀਡਰਾਂ ਕੋਲ ਅਜਿਹੇ ਜ਼ਰੂਰੀ ਕੰਮਾਂ ਵਾਸਤੇ ਵਿਹਲ ਨਹੀਂ ਹੁੰਦੀ ਅਤੇ ਨਤੀਜੇ ਸਾਡੇ ਸਾਹਮਣੇ ਹਨ। ਪੁਲਿਸ ਚੌਕੀਆਂ ਦੀ ਗਿਣਤੀ ਅਤੇ ਵਕੀਲਾਂ ਦੀ ਗਿਣਤੀ ਬਹੁਤ ਵੱਧ ਗਈ ਹੈ ਪਰੰਤੂ ਨਾਲ ਹੀ ਅਪਰਾਧ ਵੀ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰ ਗਏ ਹਨ। ਹੋ ਸਕਦਾ ਹੈ ਚੋਰਾਂ ਨੂੰ ਫੜਿਆ ਵੀ ਜਾਂਦਾ ਹੋਵੇ ਅਤੇ ਉਨ੍ਹਾਂ ਨੂੰ ਸਜ਼ਾ ਵੀ ਦਿੱਤੀ ਜਾਂਦੀ ਹੋਵੇ, ਪਰੰਤੂ ਚੋਰੀ ਕਰਨ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਬਾਹਰੀ ਸਜ਼ਾਵਾਂ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਕਾਨੂੰਨ ਰਾਹੀਂ ਲਿਆਂਦੀ ਗਈ ਸਮਾਨਤਾ ਉਪਰੋਂ ਥੋਪੀ ਹੋਈ ਸਮਾਨਤਾ ਤਾਂ ਹੋ ਸਕਦੀ ਹੈ ਪਰੰਤੂ ਅਜਿਹੀ ਸਮਾਨਤਾ ਹਿਰਦੇ ਅਤੇ ਮਨ ਦੀਆਂ ਪਰਤਾਂ ਨੂੰ ਛੂਹ ਨਹੀਂ ਸਕਦੀ। ਧਰਮ ਵਾਸਤਵ ਵਿਚ ਹਿਰਦੇ ਦੀਆਂ ਡੂੰਘਾਈਆਂ ਤਕ ਉਤਰਨ ਵਾਲੀ ਭਾਵਨਾ ਹੈ, ਇਸ ਤੱਥ ਨੂੰ ਸਿੱਖ ਧਰਮ ਨੇ ਖੁੱਲ੍ਹ ਕੇ ਸਵੀਕਾਰ ਕੀਤਾ ਹੈ ਅਤੇ ਇਸ ਲਈ ਇਹ ਧਰਮ ਅੰਦਰੂਨੀ ਸਮਾਨਤਾ ਉੱਤੇ ਵੱਧ ਜ਼ੋਰ ਦੇਣ ਦਾ ਯਤਨ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਦੀ ਵੀ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਸੀ ਮੰਨਿਆ। ਉਨ੍ਹਾਂ ਦੀ ਹਮੇਸ਼ਾ ਹੀ ਇੱਛਾ ਸੀ ਕਿ ਸਾਰਿਆਂ ਨੂੰ ਸਮਾਨ ਅਵਸਰ ਮਿਲਣ। ਵਿਅਕਤੀ ਨੂੰ ਸਮਾਜ ਦੀ ਸਭ ਤੋਂ ਮਹੱਤਵਪੂਰਨ ਇਕਾਈ ਮੰਨਦੇ ਹੋਏ ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸ਼ਬਦਾਂ ਵਿਚ ਇਕ ਆਦਰਸ਼ਕ ਮਨੁੱਖ ਨੂੰ ਗੁਰਮੁਖ ਦੇ ਤੌਰ 'ਤੇ ਚਿਤਰਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਇਸੇ ਨੂੰ ਹੀ ਬ੍ਰਹਮ ਗਿਆਨੀ ਕਹਿੰਦੇ ਹਨ। ਇਨ੍ਹਾਂ ਗੁਰਮੁਖਾਂ ਅਤੇ ਬ੍ਰਹਮ ਗਿਆਨੀਆਂ 'ਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਕੀਤੀ। ਇਹ ਖ਼ਾਲਸਾ ਪਾਖੰਡਾਂ, ਕਰਮਕਾਂਡਾਂ ਅਤੇ ਜਾਤ-ਪਾਤ ਦੇ ਸਿਸਟਮ ਦੇ ਝੂਠੇ ਅਭਿਮਾਨ ਤੋਂ ਪਰ੍ਹੇ ਸੀ। ਵਾਸਤਵਿਕਤਾ ਇਹ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜਿਸ ਵਿਚ ਸੁਰਤਿ, ਮਤਿ, ਮਨ ਅਤੇ ਬੁੱਧੀ ਇਕ ਦੂਸਰੇ ਦੇ ਨਾਲ ਇਕਸੁਰ ਹੋ ਕੇ ਵਿਅਕਤੀ ਨੂੰ ਇਕ ਸੁੰਦਰ ਆਦਰਸ਼ਕ ਨਮੂਨੇ ਦੇ ਤੌਰ 'ਤੇ ਪੇਸ਼ ਕਰਨ।

ਸਿੱਖ ਧਰਮ ਤੋਂ ਪਹਿਲਾਂ ਸਮਾਜ ਦੇ ਕੁਝ ਲੋਕਾਂ ਦੇ ਅਧਿਕਾਰ ਬਹੁਤ ਹੀ ਜ਼ਿਆਦਾ ਸਨ ਅਤੇ ਕੇਵਲ ਇਤਨਾ ਹੀ ਨਹੀਂ, ਉਹ ਅਧਿਕਾਰ ਕਾਫ਼ੀ ਹੱਦ ਤੱਕ ਸੁਰੱਖਿਅਤ ਵੀ ਸਨ। ਪਵਿੱਤਰਤਾ, ਵਿਦਿਆ ਪ੍ਰਾਪਤੀ ਅਤੇ ਗਿਆਨ ਦੇ ਪਸਾਰ ਦਾ ਅਧਿਕਾਰ ਇਕ ਜਾਤ ਵਿਸ਼ੇਸ਼ ਅਧਿਕਾਰ ਦੇ ਨਾਂ 'ਤੇ ਕੁਝ ਹੋਰ ਜਾਤਾਂ ਦੇ ਮੱਥੇ ਮੜ੍ਹਿਆ ਹੋਇਆ ਸੀ। ਸਿੱਖ ਧਰਮ ਅਜਿਹੇ ਵਿਤਕਰੇ ਦੇ ਖ਼ਿਲਾਫ਼ ਦ੍ਰਿੜ੍ਹਤਾ ਪੂਰਵਕ ਖੜ੍ਹਾ ਹੋਇਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਇਸ ਮਾਮਲੇ ਵਿਚ ਲਏ ਗਏ ਪੱਖ ਨੂੰ ਪੂਰਦਿਆਂ ਹੋਇਆਂ ਤਥਾ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਦਿਆਂ ਹੋਇਆਂ ਸਪੱਸ਼ਟ ਤੌਰ 'ਤੇ ਅਜਿਹਾ ਸਿੱਖ-ਚਿੰਤਨ ਪੱਕਿਆਂ ਕੀਤਾ ਜਿਸ ਵਿਚ ਸਾਰਿਆਂ ਨੂੰ ਸਾਰੇ ਅਧਿਕਾਰ ਦਿੱਤੇ ਗਏ ਹਨ। ਇਕ ਸਲੋਕ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਜ਼ੋਰਦਾਰ ਤਰੀਕੇ ਨਾਲ ਫ਼ੁਰਮਾਉਂਦੇ ਹਨ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥

SikhBookClub.com

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ (ਪੰਨਾ ੪੬੯)

ਅਰਥਾਤ ਵਿਦਿਆ ਅਤੇ ਗਿਆਨ ਉਪਾਰਜਨ ਕਰਨਾ ਜੋਗੀਆਂ ਦਾ ਮਾਰਗ ਮੰਨਿਆ ਜਾਂਦਾ ਹੈ, ਵੇਦਾਂ ਦਾ ਪਾਠ ਕਰਨਾ ਬ੍ਰਾਹਮਣਾਂ ਦਾ ਮਾਰਗ ਮੰਨਿਆ ਜਾਂਦਾ ਹੈ, ਖੱਤਰੀਆਂ ਦਾ ਜੀਵਨ-ਮਾਰਗ ਸੂਰਬੀਰਤਾ ਦਾ ਮਾਰਗ ਮੰਨਿਆ ਜਾਂਦਾ ਹੈ ਅਤੇ ਪਰਾਈ ਕਿਰਤ ਅਰਥਾਤ ਸੇਵਾ ਕਰਨਾ ਸਮਾਜਕ, ਧਾਰਮਕ ਆਗੂਆਂ ਵੱਲੋਂ ਸ਼ੂਦਰ ਦਾ ਮਾਰਗ ਮੰਨਿਆ ਗਿਆ ਹੈ। ਉਪਰੋਕਤ ਪੰਕਤੀਆਂ ਵਿਚੋਂ ਅਖੀਰਲੀਆਂ ਦੋ ਪੰਕਤੀਆਂ ਵਿਚ ਸ੍ਰੀ ਗੁਰੂ ਅੰਗਦ ਸਾਹਿਬ ਜੀ ਸਪੱਸ਼ਟ ਤੌਰ 'ਤੇ ਫ਼ੁਰਮਾਉਂਦੇ ਹਨ ਕਿ ਗੁਰੂ ਤਾਂ ਉਸ ਦਾ ਦਾਸ ਬਣ ਸਕਦਾ ਹੈ ਜਿਹੜਾ ਵਿਅਕਤੀ ਸਮਾਜ ਦੇ ਇਨ੍ਹਾਂ ਬਣਾਏ ਹੋਏ ਵਿਤਕਰਿਆਂ ਨੂੰ ਨਾ ਮੰਨ ਕੇ ਚਲਦਾ ਹੈ। ਹਰ ਇਕ ਨੂੰ ਹਰ ਪ੍ਰਕਾਰ ਦਾ ਕੰਮ ਕਰਨ ਲਈ ਆਖਿਆ ਗਿਆ ਹੈ। ਇਹ ਕੰਮ ਭਾਵੇਂ ਸਰੀਰਕ ਸੇਵਾ ਹੋਵੇ, ਅਕਾਦਮਿਕ ਹੋਵੇ, ਸੂਰਬੀਰਤਾ ਨਾਲ ਸਬੰਧਤ ਹੋਵੇ ਅਤੇ ਭਾਵੇਂ ਲੈਣ-ਦੇਣ ਵਪਾਰ ਲਈ ਦੂਜਿਆਂ ਨਾਲ ਗੱਲਬਾਤ ਕਰਨ ਦਾ ਹੋਵੇ। ਵਿਅਕਤੀ ਦੀ ਪਹਿਚਾਣ ਉਸ ਦੇ ਵਰਨ ਜਾਂ ਜਾਤ ਨੂੰ ਨਹੀਂ ਮੰਨਿਆ ਜਾਣਾ ਚਾਹੀਦਾ।

ਸਮਾਜ ਦਾ ਇਸ ਪ੍ਰਕਾਰ ਦਾ ਬਨਾਵਟੀ ਵਰਗੀਕਰਨ ਇਕ ਅਣਚਾਹੀ ਹਉਮੈ ਦੀ ਭਾਵਨਾ ਨੂੰ ਪੈਦਾ ਕਰਦਾ ਹੈ ਅਤੇ ਸਵੈਮਾਨ ਦੀ ਭਾਵਨਾ ਨੂੰ ਨਹੀਂ ਵਧਾਉਂਦਾ। ਸਵੈਮਾਨ ਦੀ ਭਾਵਨਾ ਵਿਅਕਤੀ ਦੀ ਸੰਤੋਖੀ ਸ਼ਖ਼ਸੀਅਤ ਦਾ ਬਹੁਤ ਹੀ ਜ਼ਰੂਰੀ ਹਿੱਸਾ ਹੁੰਦੀ ਹੈ। ਸਿੱਖ ਸ਼ਬਦਾਵਲੀ ਵਿਚ ਅਭਿਮਾਨ ਲਈ 'ਹਉਮੈ' ਸ਼ਬਦ ਵਰਤਿਆ ਗਿਆ ਹੈ। ਜਿਸ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਜੀ ਇਕ ਬਹੁਤ ਹੀ ਮਾੜੀ ਬੀਮਾਰੀ ਅਤੇ ਦੀਰਘ ਰੋਗ ਕਹਿੰਦੇ ਹਨ। ਇਹ ਦੀਰਘ ਰੋਗ ਵਿਅਕਤੀ ਦੀਆਂ ਸਾਰੀਆਂ ਚੰਗਿਆਈਆਂ ਨੂੰ ਖਾ ਜਾਂਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਹੁਤ ਡੂੰਘਾਈ ਵਿਚ ਜਾ ਕੇ ਇਸ ਮਾਨਸਿਕ ਰੋਗ ਦੇ ਸਰੂਪ ਅਤੇ ਉਸ ਦੇ ਇਲਾਜ ਬਾਰੇ ਚਿੰਤਨ ਕੀਤਾ ਹੈ। ਇਕ ਸਲੋਕ ਵਿਚ ਆਪ ਫ਼ੁਰਮਾਨ ਕਰਦੇ ਹਨ: 'ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥' ਅਰਥਾਤ ਹਉਮੈ ਇਕ ਜਾਨਲੇਵਾ, ਲੰਮਾ ਅਤੇ ਵੱਡਾ ਰੋਗ ਹੈ ਪਰੰਤੂ ਇਸ ਦਾ ਦਾਰੂ ਵੀ ਇਸ ਦੇ ਅੰਦਰ ਹੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਿਹੜਾ ਇਹ ਵਿਚਾਰ ਲੋਕਾਂ ਦੇ ਸਾਹਮਣੇ ਰੱਖਿਆ ਉਹ ਇਕ ਨਵਾਂ ਹੀ ਵਿਚਾਰ ਸੀ, ਜਿਸ ਵਿਚ ਰੋਗ ਨੂੰ ਹੀ ਉਸ ਦਾ ਇਲਾਜ ਵੀ ਮੰਨ ਲਿਆ ਗਿਆ ਹੈ। ਦਰਅਸਲ ਗੁਰੂ ਜੀ ਇਥੇ ਇਹ ਚਾਹੁੰਦੇ ਹਨ ਕਿ ਲੋਕਾਂ ਨੂੰ ਦੱਸਿਆ ਤੇ ਸਮਝਾਇਆ ਜਾਏ ਕਿ ਹਉਮੈ ਨੂੰ ਮਨੁੱਖੀ ਮਾਨਸਿਕਤਾ ਤੋਂ ਵੱਖਰਿਆਂ ਕਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਇਕ ਅਜਿਹਾ ਰੋਗ ਹੈ ਜਿਸ ਨਾਲ ਕੋਈ ਵੀ ਨਹੀਂ ਰਹਿਣਾ ਚਾਹੇਗਾ। ਜਦੋਂ ਤਕ ਵਿਅਕਤੀ ਨੂੰ ਆਪਣੇ ਰੋਗ ਬਾਰੇ ਪਤਾ ਹੀ ਨਾ ਲੱਗੇ ਤਾਂ ਹੋ ਸਕਦਾ ਹੈ ਕਿ ਉਹ ਲਾਪਰਵਾਹੀ ਨਾਲ ਉਸ ਦੇ ਨਾਲ ਹੀ ਰਹਿੰਦਾ ਚਲਾ ਜਾਏ ਪਰੰਤੂ ਜਦੋਂ ਕਿਸੇ ਨੂੰ ਇਹ ਪਤਾ ਲੱਗ ਜਾਵੇ ਕਿ ਉਹ ਰੋਗੀ ਦੇ ਰੂਪ ਵਿਚ ਇਸ ਰੋਗ ਨੂੰ ਨਾਲ ਨਾਲ ਲਈ ਫਿਰਦਾ ਹੈ ਤਾਂ ਫਿਰ ਉਹ ਉਸ ਨਾਲ ਰਹਿਣਾ ਪਸੰਦ ਨਹੀਂ ਕਰੇਗਾ। ਫਿਰ ਉਹ ਜਲਦੀ ਤੋਂ ਜਲਦੀ ਰੋਗ ਨੂੰ ਦੂਰ ਭਜਾਉਣਾ ਚਾਹੇਗਾ ਅਤੇ ਕਿਸੇ ਸਿਆਣੇ ਡਾਕਟਰ ਦੀ ਖੋਜ ਵਿਚ ਇਧਰ-ਉਧਰ ਨੱਠ-ਭੱਜ ਕਰਦਾ ਰਹੇਗਾ ਅਤੇ ਹੋ ਸਕਦਾ ਹੈ ਕਿ ਅੰਤ ਵਿਚ ਉਹ ਇਸ ਰੋਗ ਤੋਂ ਛੁਟਕਾਰਾ ਪਾ ਲਏ। ਪਰੰਤੂ ਜੇਕਰ ਉਹ ਇਸ ਤੱਥ ਨੂੰ ਹੀ ਸਵੀਕਾਰ ਨਾ ਕਰੇ ਕਿ ਉਸ ਦਾ ਸਰੀਰ ਰੋਗੀ ਹੈ ਤਾਂ ਛੇਤੀ ਜਾਂ ਥੋੜ੍ਹੀ ਦੇਰ ਬਾਅਦ ਉਸ ਦੇ ਸਰੀਰ ਦੇ ਢਾਂਚੇ ਨੇ ਲੜਖੜਾ ਕੇ ਡਿੱਗਣਾ ਹੀ ਡਿੱਗਣਾ ਹੁੰਦਾ ਹੈ। ਲੇਕਿਨ ਜੇਕਰ ਪਹਿਲਾਂ ਉਹ ਆਪਣੇ

SikhBookClub.com

ਸਰੀਰ ਦੇ ਸਿਸਟਮ ਵਿਚ ਬੀਮਾਰੀ ਦੀ ਹੋਂਦ ਨੂੰ ਸਵੀਕਾਰ ਕਰੇਗਾ ਤਾਂ ਹੀ ਉਹ ਉਸ ਤੋਂ ਛੁਟਕਾਰਾ ਪਾਉਣ ਲਈ ਯਤਨ ਵੀ ਕਰ ਸਕੇਗਾ।

ਇਸ ਤਰ੍ਹਾਂ ਹੀ ਵਿਅਕਤੀ ਜੇਕਰ ਹਉਮੈ ਨੂੰ ਆਪਣੀ ਸ਼ਖ਼ਸੀਅਤ ਦਾ ਰਹਿਣਾ ਨਾ ਸਮਝ ਕੇ ਇਕ ਰੋਗ ਮੰਨ ਲਵੇ ਤਾਂ ਫਿਰ ਉਸ ਦਾ ਰੋਗ ਨਾਲ ਰਹਿਣਾ ਅਸੰਭਵ ਹੋ ਜਾਏਗਾ ਅਤੇ ਪੂਰਾ ਜ਼ੋਰ ਲਾ ਕੇ ਉਸ ਨੂੰ ਆਪਣੀ ਸ਼ਖ਼ਸੀਅਤ ਵਿਚੋਂ ਬਾਹਰ ਕੱਢ ਦੇਵੇਗਾ। ਇਸ ਪ੍ਰਕਾਰ ਹਉਮੈ ਨੂੰ ਇਕ ਰੋਗ ਸਮਝਣ ਦੇ ਨਾਲ ਹੀ ਇਹ ਰੋਗ ਹੀ ਹਉਮੈ ਦਾ ਇਲਾਜ ਬਣ ਜਾਏਗਾ। ਤਰ੍ਹਾਂ-ਤਰ੍ਹਾਂ ਦੇ ਪਾਖੰਡ, ਵਿਖਾਵੇ ਅਤੇ ਧਨ-ਦੌਲਤ ਦੀ ਹੋਰ ਅਤੇ ਹੋਰ ਭੁੱਖ ਹਉਮੈ ਪੈਦਾ ਕਰਦੇ ਹਨ ਜਿਹੜੀ ਕਿ ਜਾਨਲੇਵਾ ਬੀਮਾਰੀ ਹੈ ਅਤੇ ਗੁਰੂ ਅੰਗਦ ਦੇਵ ਜੀ ਆਸ ਕਰਦੇ ਹਨ ਕਿ ਕੋਈ ਵੀ ਤੰਦਰੁਸਤ ਇਸ ਨੂੰ ਆਪਣੇ ਨਾਲ ਨਹੀਂ ਰੱਖੇਗਾ।

ਸਮਾਜ ਵਿਚ ਇਕ ਤੰਦਰੁਸਤ ਸਮਾਜਕ ਅਤੇ ਧਾਰਮਕ ਤਰਤੀਬ ਪੈਦਾ ਕਰਨ ਵਾਸਤੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਵੱਲੋਂ ਦਿੱਤੇ ਗਏ ਕਈ ਸਿਧਾਂਤਾਂ ਵਿਚੋਂ ਆਸਾ ਦੀ ਵਾਰ ਵਿਚ ਸੱਚੇ ਅਤੇ ਸੁਆਰਥੀ ਤਥਾ ਝੂਠੇ ਪ੍ਰੇਮ ਦੇ ਬਾਰੇ ਦਿੱਤਾ ਹੋਇਆ ਸਲੋਕ ਇਕ ਸੰਤੁਲਿਤ ਜੀਵਨ ਲਈ ਚਾਨਣ-ਮੁਨਾਰਾ ਹੈ। ਆਪ ਜੀ ਲੋਕਾਂ ਨੂੰ ਕਹਿੰਦੇ ਹਨ ਕਿ ਸੱਚੇ ਪਿਆਰ ਨੂੰ ਵਪਾਰ ਦੀ ਵਸਤੂ ਨਾ ਬਣਾਉ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥ *(ਪੰਨਾ ੪੭੪)*

ਅਰਥਾਤ ਇਹ ਪਰਮਾਤਮਾ ਨਾਲ ਕਿਸ ਤਰ੍ਹਾਂ ਦਾ ਪਿਆਰ ਹੈ ਜਿਹੜਾ ਇਕ ਪਰਮਾਤਮਾ ਦੇ ਨਾਲ ਵੀ ਦੱਸਿਆ ਜਾਂਦਾ ਹੈ ਅਤੇ ਦੂਜੇ ਹੋਰ ਇਸ਼ਟਾਂ ਵੱਲ ਵੀ ਝੁਕਾਉ ਬਣਾਈ ਰੱਖਦਾ ਹੈ? ਸੱਚਾ ਪ੍ਰੇਮੀ ਉਹ ਹੈ ਜਿਹੜਾ ਸਦਾ ਉਸ ਇਕ ਵਿਚ ਹੀ ਲੀਨ ਬਣਿਆ ਰਹਿੰਦਾ ਹੈ। ਅਜਿਹਾ ਵਿਅਕਤੀ ਜਿਹੜਾ ਕਿ ਉਦੋਂ ਤਕ ਹੀ ਚੰਗਾ ਹੈ ਜਦੋਂ ਤਕ ਉਹ ਤੁਹਾਡੇ ਨਾਲ ਆਪਣੇ ਲਾਭ ਲਈ ਕੰਮ ਕਰਦਾ ਜਾਏ ਅਤੇ ਜੇਕਰ ਬੁਰੇ ਦਿਨਾਂ ਵਿਚ ਤੁਹਾਡੇ ਕੋਲੋਂ ਉਸ ਲਈ ਗ਼ਲਤ ਕੰਮ ਹੋ ਜਾਏ ਤਾਂ ਉਹ ਤੁਹਾਡਾ ਸਾਥ ਛੱਡ ਕੇ ਬੁਰਾ-ਭਲਾ ਕਹਿਣ ਲੱਗ ਪੈਂਦਾ ਹੈ। ਅਜਿਹੇ ਵਿਅਕਤੀ ਨੂੰ ਪ੍ਰੇਮੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਪ੍ਰੇਮ ਨਹੀਂ ਕਰ ਰਿਹਾ ਹੁੰਦਾ, ਸਗੋਂ ਦੇਣ ਅਤੇ ਲੈਣ ਦਾ ਪੂਰਾ ਲੇਖਾ-ਜੋਖਾ ਰੱਖਦੇ ਹੋਏ ਪਿਆਰ ਦਾ ਵਪਾਰ ਕਰ ਰਿਹਾ ਹੁੰਦਾ ਹੈ। ਅਜਿਹੀ ਮਾਨਸਿਕਤਾ ਵਾਲਾ ਵਿਅਕਤੀ ਜਿਹੜਾ ਕਿ ਆਪਣੇ ਆਪ ਨੂੰ ਸਾਰੇ ਪ੍ਰਾਣੀਆਂ ਵਿਚੋਂ ਉੱਚਾ ਸਮਝਦਾ ਹੈ, ਆਪਣੇ ਅਭਿਮਾਨ ਦੇ ਰਾਹੀਂ ਇਕ ਅਜਿਹੇ ਸਮਾਜ ਦੀ ਰਚਨਾ ਕਰੇਗਾ ਜਿਹੜਾ ਠੱਗਾਂ ਦਾ, ਧੋਖੇਬਾਜ਼ਾਂ ਦਾ ਅਤੇ ਪਾਖੰਡੀਆਂ ਦਾ ਸਮਾਜ ਹੋਵੇਗਾ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਸਲੋਕਾਂ ਵਿਚ ਸਮਾਜ ਦੇ ਅਜਿਹੇ ਵਰਤਾਰੇ ਬਾਰੇ ਬੜੀ ਖੁੱਲ੍ਹ ਕੇ ਵਿਚਾਰ ਕੀਤੀ ਹੈ। ਇਸ ਸਭ ਤੋਂ ਇਲਾਵਾ ਗੁਰਮੁਖੀ ਲਿੱਪੀ ਦੀ ਰਚਨਾ ਅਤੇ ਪ੍ਰਚਲਣ ਕਰਨ ਕਾਰਨ ਸਾਨੂੰ ਗੁਰੂ ਅੰਗਦ ਸਾਹਿਬ ਜੀ ਦੀ ਅਕਾਦਮਿਕ ਸੂਝ-ਬੂਝ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਜ਼ਿੰਮੇਵਾਰੀ ਦੇ ਅਹਿਸਾਸ ਦਾ ਵੀ ਪਤਾ ਲੱਗਦਾ ਹੈ।

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਸਮਾਜਿਕ ਚੇਤਨਾ

ਸਿੱਖ ਧਰਮ ਪ੍ਰਵਿਰਤੀ ਮਾਰਗ ਦਾ ਹਮਾਇਤੀ ਹੈ ਤੇ ਨਵਿਰਤੀ ਮਾਰਗ ਨੂੰ ਮੂਲੋਂ ਹੀ ਰੱਦ ਕਰਦਾ ਹੈ। ਇਸ ਦਾ ਬੁਨਿਆਦੀ ਕਾਰਨ ਹੈ ਕਿ ਮਨੁੱਖ ਇਕ ਸਮਾਜਕ ਜੀਵ ਹੈ ਅਤੇ ਜਿੰਨੀਆਂ ਵੀ ਵਿਚਾਰਧਾਰਾਵਾਂ ਸਮੇਂ-ਸਮੇਂ ਚਲਦੀਆਂ ਰਹੀਆਂ ਹਨ, ਉਹ ਸਭ ਮਨੁੱਖ ਅਤੇ ਸਮਾਜ ਦੇ ਕਲਿਆਣ ਅਤੇ ਬਿਹਤਰੀ ਦਾ ਹੀ ਦਾਅਵਾ ਕਰਦੀਆਂ ਰਹੀਆਂ ਹਨ। ਮੋਟੇ ਤੌਰ 'ਤੇ ਜੇ ਕਹਿਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ, ਸਮਾਜ ਲਈ ਹੈ। ਸਮਾਜ ਤੋਂ ਬਿਨਾਂ ਧਰਮ ਦੀ ਧਾਰਣਾ ਤਾਂ ਮੂਲੋਂ ਹੀ ਵਿਅਰਥ ਹੈ। ਸਿੱਖ ਧਰਮ ਸਮੂਹਿਕ ਧਰਮ ਹੈ, ਵਿਅਕਤੀਵਾਦ ਨਹੀਂ। ਇਸ ਲਈ ਇਥੇ ਤਾਂ ਧਰਮ ਜਨ-ਕਲਿਆਣ ਦਾ ਆਧਾਰ ਹੈ। ਇਸੇ ਲਈ ਅਸੀਂ ਵੇਖਦੇ ਹਾਂ ਕਿ ਜਿਨ੍ਹਾਂ ਧਰਮਾਂ ਵਿਚ ਗ੍ਰਿਹਸਤ ਅਤੇ ਔਰਤ ਨੂੰ ਬੁਰਾ ਭਲਾ ਕਿਹਾ ਗਿਆ ਹੈ, ਉਹ ਗੁਰੂ ਸਾਹਿਬਾਨ ਦੀ ਕਰੜੀ ਆਲੋਚਨਾ ਦਾ ਸ਼ਿਕਾਰ ਬਣੇ ਹਨ। ''ਅੰਜਨਿ ਮਾਹਿ ਨਿਰੰਜਨ'' ਜਾਂ ''ਗਿਰਹੀ ਮਹਿ ਸਦਾ ਹਰਿ ਜਨ ਉਦਾਸੀ'' ਦੀ ਧਾਰਨਾ ਅਸਲ ਵਿਚ ਦੀਨ ਤੇ ਦੁਨੀਆਂ ਦਾ ਸੁਮੇਲ ਹੈ। ਗੁਰਬਾਣੀ ਵਿਚਲਾ ਆਦਰਸ਼ ਮਨੁੱਖ ਇਕੋ ਵੇਲੇ ਸੰਤ ਵੀ ਹੈ ਤੇ ਸਿਪਾਹੀ ਵੀ। ਗ੍ਰਿਹਸਤੀ ਵੀ ਹੈ ਤੇ ਉਦਾਸੀ ਵੀ, ਭਗਤ ਵੀ ਹੈ ਅਤੇ ਸੰਸਾਰੀ ਵੀ। ਇਸ ਲਈ ਸਭ ਤੋਂ ਪਹਿਲਾਂ ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਸੰਸਾਰ ਬਾਰੇ ਧਾਰਨਾ ਕੀ ਹੈ? ਗੁਰੂ ਅੰਗਦ ਦੇਵ ਜੀ ਸਮਾਜ (ਜੱਗ) ਨੂੰ 'ਸਚੇ ਕੀ ਕੋਠੜੀ' ਕਹਿੰਦੇ ਹਨ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥

(ਪੰਨਾ ੪੬੩)

ਜੇ ਇਹ ਜੱਗ ਸੱਚਾ ਹੈ ਤਾਂ ਇਸ ਵਿਚ ਬੁਰਿਆਈਆਂ ਕਿਥੋਂ ਆ ਵੜੀਆਂ? ਜੇ ਇਹ ਸੱਚ ਦੇ ਵਾਸ ਵਾਲੀ ਕੋਠੜੀ ਹੈ ਤਾਂ ਫਿਰ ਸੱਚਾਈ ਤੇ ਪਾਕੀਗਜ਼ੀ ਦੀ ਕਿਉਂ ਲੋੜ ਪਈ? ਇਸ ਦਾ ਸਿੱਧਾ ਜਿਹਾ ਉੱਤਰ ਗੁਰਮਤਿ ਇਹ ਦਿੰਦੀ ਹੈ ਕਿ ਇਥੇ ਸਾਰੇ ਗੁਰਮੁਖ ਨਹੀਂ, ਮਨਮੁਖ, ਸਾਕਤ ਤੇ ਵਿਭਚਾਰੀ ਲੋਕ ਵੀ ਹਨ। ਇਸ ਮਲੀਨਤਾ ਦੇ ਕਈ ਪਹਿਲੂ ਹਨ। ਸਭ ਤੋਂ ਪਹਿਲਾਂ ਹੈ ਮਨੁੱਖ, ਮਨੁੱਖ ਵਿਚਕਾਰ ਅੰਤਰ ਕਰਨਾ ਤੇ ਵੰਡੀਆ ਪਾਉਣੀਆਂ। ਮਨੂੰਵਾਦੀ ਸੋਚ ਨੇ ਮਨੁੱਖ ਨੂੰ ਮਨੁੱਖ ਨਾਲੋਂ ਇਸ ਕਦਰ ਦੂਰ ਕਰ ਦਿੱਤਾ ਕਿ ਇਕ ਧਿਰ ਦੂਜੇ ਦੇ ਪਰਛਾਵੇਂ ਕੋਲੋਂ ਵੀ ਝਹਿੰਦੀ ਸੀ। ਗੁਰੂ ਅੰਗਦ ਦੇਵ ਜੀ ਦੀ ਨਜ਼ਰ ਵਿਚ ਸਾਰੇ ਮਨੁੱਖ ਬਰਾਬਰ ਹਨ, ਇਕ ਅਕਾਲ ਪੁਰਖ ਦੀ ਸੰਤਾਨ ਹਨ। ਇਸ ਲਈ ਕੋਈ ਚੰਗਾ ਜਾਂ ਮੰਦਾ ਨਹੀਂ, ਉੱਚਾ ਜਾਂ ਨੀਵਾਂ ਨਹੀਂ ਅਤੇ ਸਵਰਨ ਜਾਂ ਸ਼ੂਦਰ ਨਹੀਂ। ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰਨ ਵਾਲੀ ਸੋਚ ਦਾ ਮੂਲੋਂ ਹੀ ਖੰਡਨ ਹੈ:

SikhBookClub.com

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥

(ਪੰਨਾ ੧੨੩੮)

ਵਰਨ-ਵੰਡ ਅਤੇ ਇਸ ਵਿਚੋਂ ਉਪਜੀ ਜਾਤ-ਪਾਤ ਨੇ ਮਨੁੱਖ ਦੇ ਕਰਮ ਵੀ ਵੰਡ ਦਿੱਤੇ। ਜਿਵੇਂ ਬ੍ਰਾਹਮਣ ਦਾ ਧਰਮ ਵੇਦਾਂ ਦਾ ਪੜ੍ਹਨਾ-ਪੜ੍ਹਾਉਣਾ ਹੈ, ਖੱਤਰੀਆਂ ਦਾ ਧਰਮ ਸੂਰਬੀਰਤਾ ਅਤੇ ਲੜਨਾ-ਮਰਨਾ ਹੈ ਅਤੇ ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨਾਂ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਇਸ ਸਿਧਾਂਤ ਨੂੰ ਰੱਦ ਕਰਦੇ ਫ਼ੁਰਮਾਉਂਦੇ ਹਨ ਕਿ ਸਾਰਿਆਂ ਵਿਚ ਪਰਮਾਤਮਾ ਦੇ ਨਾਦ ਦੀ ਇਕ ਹੀ ਧੁਨੀ ਸੁਣਾਈ ਦਿੰਦੀ ਹੈ। ਇਸ ਲਈ ਹਰ ਜੀਵ ਨੂੰ ਗਿਆਨ ਹਾਸਲ ਕਰਨਾ, ਪੂਜਾ-ਪਾਠ ਕਰਨ, ਸੂਰਬੀਰ ਹੋਣ ਅਤੇ ਸੇਵਾ ਦੇ ਧਰਮ ਨਿਭਾਉਣੇ ਚਾਹੀਦੇ ਹਨ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥

(ਪੰਨਾ ੪੬੯)

ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਆਪਣੀ ਪਾਵਨ ਰਚਨਾ ਵਿਚ 'ਕਲਜੁਗ' ਸ਼ਬਦ ਕਈ ਥਾਵਾਂ 'ਤੇ ਵਰਤਿਆ ਹੈ। ਜੇ ਥੋੜ੍ਹਾ ਗਹਿਰਾਈ ਵਿਚ ਜਾ ਕੇ ਸੋਚੀਏ ਤਾਂ ਪਤਾ ਲੱਗਦਾ ਹੈ ਕਿ ਕਲਜੁਗ ਕਿਸੇ ਸਮੇਂ ਜਾਂ ਕਾਲ ਦੀ ਵੰਡ ਵੱਲ ਇਸ਼ਾਰਾ ਨਹੀਂ, ਸਗੋਂ ਇਹ ਤਾਂ ਮਨੁੱਖੀ ਬਿਰਤੀ, ਚਰਿੱਤਰ ਸੁਭਾਅ ਅਤੇ ਡਿੱਗਦੇ-ਡੋਲਦੇ ਸਦਾਚਾਰ ਦੇ ਪਤਨ ਦਾ ਹੀ ਦੂਜਾ ਨਾਂ ਹੈ। ਸਮਾਜ ਜਦੋਂ ਚੰਗੀਆਂ ਤੇ ਨਰੋਈਆਂ ਨੈਤਿਕ ਤੇ ਮਾਨਵੀ ਪਰੰਪਰਾਵਾਂ ਅਤੇ ਧਾਰਨਾਵਾਂ ਦੇ ਉਲਟ ਗ਼ਲਤ ਕੀਮਤਾਂ ਅਪਣਾ ਲੈਂਦਾ ਹੈ ਤਾਂ ਉਹ ਕਲਜੁਗੀ ਸਮਾਂ ਬਣ ਜਾਂਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਵੀ ਸਮਾਜਕ ਵਿਰੋਧ (Paradoxes) ਬਰਾਬਰ ਚਲੇ ਆ ਰਹੇ ਸਨ ਜਿਵੇਂ ਨਾਮਹੀਣ ਧਨਾਢ ਨੂੰ ਪਾਤਸ਼ਾਹ ਕਿਹਾ ਜਾਂਦਾ, ਆਚਰਣਹੀਨ ਮੂਰਖ ਨੂੰ ਪੰਡਿਤ, ਅਗਿਆਨੀ ਨੂੰ ਪਾਰਖੂ ਅਤੇ ਸ਼ਰਾਰਤੀ ਜਾਂ ਸ਼ੈਤਾਨੀ ਦਿਮਾਗ ਵਾਲੇ ਨੂੰ ਚੌਧਰੀ ਦਾ ਲਕਬ ਦਿੱਤਾ ਜਾਂਦਾ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥

(ਪੰਨਾ ੧੨੮੮)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਅੰਧਾ (ਅੰਨ੍ਹਾ) ਸ਼ਬਦ ਵੀ ਬਹੁਤ ਥਾਵਾਂ 'ਤੇ ਆਇਆ ਹੈ। ਗੁਰੂ ਜੀ ਦੀ ਨਜ਼ਰ ਵਿਚ ਅੰਧੇ ਤੋਂ ਭਾਵ ਨੇਤਰਹੀਣ ਨਹੀਂ:

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥

(ਪੰਨਾ ੯੫੪)

ਸਗੋਂ ਉਨ੍ਹਾਂ ਦਾ ਅੰਧ ਤੋਂ ਭਾਵ ਮੋਟੇ ਤੌਰ 'ਤੇ ਉਸ ਤੋਂ ਹੈ ਜੋ ਆਤਮ-ਪੜਚੋਲ ਤਾਂ ਕਰਦਾ

SikhBookClub.com

ਨਹੀਂ, ਸਗੋਂ ਦੂਜਿਆਂ ਵਿਚ ਬੁਰਿਆਈਆਂ ਭਾਲਦਾ ਹੈ। ਦੂਜਿਆਂ ਦੀਆਂ ਬੁਰਿਆਈਆਂ ਭਾਲਣਾ ਅਤੇ ਆਪਣਿਆਂ ਦੋਸ਼ਾਂ ਤੋਂ ਅੱਖਾਂ ਮੀਟੀ ਰੱਖਣਾ ਵੀ ਇਕ ਵਿਆਪਕ ਸਮਾਜਕ ਵਰਤਾਰਾ ਤੇ ਮਨੁੱਖੀ ਕੁਰੀਤੀ ਮੰਨੀ ਜਾ ਸਕਦੀ ਹੈ ਕਿਉਂਕਿ ਕਈਆਂ ਝਗੜਿਆਂ ਦੀ ਤਹਿ ਵਿਚ ਇਹੋ ਹੀ ਮੂਲ ਕਾਰਨ ਹੁੰਦਾ ਹੈ। ਆਤਮ-ਚੀਨਣ ਵਾਲੇ ਲੋਕ ਦੂਜਿਆਂ ਵਿਚੋਂ ਭੈੜ ਟੋਲਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਦੇ ਹਨ:

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥

(ਪੰਨਾ ੧੪੯)

ਅੰਧੇ ਤੋਂ ਦੂਜਾ ਭਾਵ ਮਨਮੁਖ, ਸਾਕਤ ਅਤੇ ਅਗਿਆਨੀ ਦਾ ਵੀ ਲਿਆ ਜਾ ਸਕਦਾ ਹੈ। ਇਕ ਵਚਿੱਤਰ ਗੱਲ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਮਿਲਦੀ ਹੈ, ਉਹ ਇਹ ਹੈ ਕਿ ਇਸ ਵਿਚ 'ਮਨਮੁਖ' ਸ਼ਬਦ ਦੀ ਵਰਤੋਂ ਸਿਰਫ਼ ਦੋ ਵਾਰ ਹੀ ਹੋਈ ਹੈ। ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਅੰਧਾ ਸ਼ਬਦ ਨੂੰ ਹੀ ਇਨ੍ਹਾਂ ਦੇ ਸਮਾਨਾਰਥਕ ਵਜੋਂ ਵਰਤ ਕੇ ਲੋੜੀਂਦਾ ਭਾਵ ਸੰਚਾਰ ਕਰਕੇ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਕੋਲ ਰਤਨ ਨੂੰ ਪਰਖਣ ਦੀ ਕਲਾ ਹੈ, ਉਹ ਹੀ ਜੌਹਰੀ ਹਨ; ਜਿਨ੍ਹਾਂ ਕੋਲ ਇਹ ਗੁਣ ਨਹੀਂ ਪਰ ਪਰਖਣ ਦਾ ਪਾਖੰਡ ਕਰਦੇ ਹਨ, ਉਹ ਅੰਨ੍ਹੇ ਹਨ:

ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੋਇ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ॥

(ਪੰਨਾ ੯੫੪)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਚਾਕਰ (ਚਾਕਰੀ) ਸੇਵਕ ਅਤੇ ਖਸਮ ਜਾਂ ਸਾਹਿਬ ਆਦਿ ਸ਼ਬਦ ਵੀ ਵਰਤੇ ਹੋਏ ਮਿਲਦੇ ਹਨ। ਅਧਿਆਤਮਕ ਪੱਧਰ ਉੱਪਰ ਇਨ੍ਹਾਂ ਸ਼ਬਦਾਂ ਦੇ ਅਰਥ ਜੀਵ ਅਤੇ ਪਰਮਾਤਮਾ ਦੇ ਸੰਬੰਧ ਸੂਚਕ ਹਨ ਪਰ ਸਮਾਜਕ ਪੱਧਰ ਉੱਪਰ ਇਨ੍ਹਾਂ ਦੇ ਅਰਥ ਮਾਲਕ ਅਤੇ ਗ਼ੁਲਾਮ ਦੇ ਵੀ ਲਏ ਜਾ ਸਕਦੇ ਹਨ। ਅਮੀਰ ਮੁਸਲਮਾਨਾਂ ਵਿਚ ਕਿਸੇ ਮਨੁੱਖ ਦੀ ਕੀਮਤ ਦੇ ਕੇ ਉਸ ਨੂੰ ਵਸਤੂ ਵਾਂਗ ਖਰੀਦਣ ਦਾ ਆਮ ਰਿਵਾਜ਼ ਸੀ ਅਤੇ ਖਰੀਦੇ ਹੋਏ ਮਨੁੱਖ ਨੂੰ ਗ਼ੁਲਾਮ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੇ ਵੇਲੇ ਤਕ ਵੀ ਗ਼ੁਲਾਮ ਪ੍ਰਥਾ ਜਾਰੀ ਸੀ। ਕਿਉਂਕਿ ਜਨਮ ਸਾਖੀਆਂ ਵਿਚ ਅਜਿਹੇ ਕਈ ਸੰਕੇਤ ਹਨ। ਸੰਭਵ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੇਲੇ ਤਕ ਵੀ ਗ਼ੁਲਾਮ ਪ੍ਰਥਾ ਚਲਦੀ ਰਹੀ ਹੋਵੇਗੀ। ਭਾਵੇਂ ਇਹ ਮੁੱਖ ਤੌਰ 'ਤੇ ਨੈਤਿਕਤਾ 'ਤੇ ਆਧਾਰਤ ਪਾਵਨ ਬਾਣੀ ਦੇ ਬੋਲ ਹਨ ਪਰ ਇਨ੍ਹਾਂ ਦੇ ਸਮਾਜਕ ਅਰਥ ਲਏ ਜਾ ਸਕਦੇ ਹਨ:

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥...
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥

(ਪੰਨਾ ੪੭੪)

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਲੰਗਰ-ਪ੍ਰਥਾ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਜ਼ਬੂਤੀ ਬਖ਼ਸ਼ੀ ਅਤੇ ਮਾਤਾ ਖੀਵੀ ਜੀ ਤਾਂ ਇਸ ਪਾਸੇ ਵਧੇਰੇ ਦਿਲਚਸਪੀ ਲੈਂਦੇ ਦਿਖਾਈ ਦਿੰਦੇ ਹਨ। ਵਰਨ-ਵੰਡ, ਜਾਤ-ਪਾਤ ਅਤੇ ਛੂਆ-ਛੂਤ ਵਰਗੀਆਂ ਬੁਰਾਈਆਂ ਨੂੰ ਦੂਰ ਕਰਨ

SikhBookClub.com

ਲਈ ਮਨੁੱਖ ਨੂੰ ਦੂਜੇ ਮਨੁੱਖ ਦੇ ਨੇੜੇ ਲਿਆਉਣਾ ਬਹੁਤ ਜ਼ਰੂਰੀ ਸੀ, ਜਿਸ ਨੂੰ ਮਨੂੰਵਾਦੀ ਸੋਚ ਨੇ ਫਾੜੀਆਂ ਵਾਂਗ ਨਿਖੇੜ ਸੁੱਟਿਆ ਸੀ। ਬ੍ਰਾਹਮਣ ਤਾਂ ਕਿਸੇ ਸ਼ੂਦਰ ਨਾਲ ਬੈਠ ਕੇ ਰੋਟੀ ਖਾਣਾ ਤਾਂ ਦੂਰ, ਉਸ ਦੇ ਪਰਛਾਵੇਂ ਤੋਂ ਵੀ ਡਰਦੇ ਸਨ ਕਿ ਕਿਧਰੇ ਭਿੱਟੇ ਨਾ ਜਾਣ। ਸਮਾਜਕ ਬਰਾਬਰੀ ਕਾਇਮ ਕਰਨ ਲਈ ਰੋਟੀ ਦੀ ਸਾਂਝ ਅਤਿ ਆਵੱਸ਼ਕ ਸੀ ਅਤੇ ਲੰਗਰ ਤੇ ਪੰਗਤ ਦੀ ਸੰਸਥਾ ਨੇ ਇਸ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪਾਸੇ ਉਚੇਚੇ ਉਪਰਾਲੇ ਕੀਤੇ।

ਹੁਣ ਤਕ ਅਸੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਨੂੰ ਹੀ ਆਧਾਰ ਬਣਾ ਕੇ ਉਨ੍ਹਾਂ ਵਲੋਂ ਸਮਾਜਕ ਕੁਰੀਤੀਆਂ ਖ਼ਤਮ ਕਰਨ ਦੇ ਸਿਧਾਂਤਕ ਅਤੇ ਵਿਹਾਰਕ ਤੌਰ 'ਤੇ ਕੀਤੇ ਉਪਰਾਲਿਆਂ ਦੀ ਵਿਚਾਰ ਕੀਤੀ ਹੈ। ਹੁਣ ਅਸੀਂ ਉਨ੍ਹਾਂ ਦੇ ਜੀਵਨ-ਬਿਰਤਾਂਛ ਵਿਚੋਂ ਵੀ ਕੁਝ ਅਜਿਹੀਆਂ ਮਿਸਾਲਾਂ ਦੇਣੀਆਂ ਚਾਹਾਂਗੇ। ਮਹਿਮਾ ਪ੍ਰਕਾਸ਼ ਦੇ ਕਰਤਾ ਬਾਵਾ ਸਰੂਪ ਦਾਸ ਭੱਲਾ ਨੇ ਜਿਥੇ ਗੁਰੂ ਅੰਗਦ ਦੇਵ ਜੀ ਦੀਆਂ ਸਾਖੀਆਂ ਦਾ ਬਿਰਤਾਂਤ ਲਿਖਿਆ ਹੈ ਅਤੇ ਜਿਨ੍ਹਾਂ ਵਿਚੋਂ ਇਕ ਸਾਖੀ ਸੂਰਜ ਪ੍ਰਤਾਪ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਨੇ ਵੀ ਸ਼ਾਮਲ ਕੀਤੀ ਹੈ, ਉਹ ਹੈ ਖਡੂਰ ਸਾਹਿਬ ਦੇ ਚੌਧਰੀ ਨੂੰ ਸ਼ਰਾਬ ਛੱਡਣ ਦੇ ਪ੍ਰੇਰਨਾ ਦੇਣੀ। ਸਾਖੀ ਇਸ ਤਰ੍ਹਾਂ ਚਲਦੀ ਹੈ ਕਿ ਖਡੂਰ ਸਾਹਿਬ ਵਿਚ ਇਕ ਧੜੱਲੇਦਾਰ ਚੌਧਰੀ ਰਹਿੰਦਾ ਸੀ ਜਿਸ ਨੂੰ ਸ਼ਰਾਬ ਪੀਣ ਦੀ ਲੱਤ ਲੱਗੀ ਹੋਈ ਸੀ। ਉਹ ਧਰਮ-ਕਰਮ ਨੂੰ ਟਿੱਚ ਹੀ ਜਾਣਦਾ ਸੀ। ਉਸ ਨੂੰ ਮਿਰਗੀ ਰੋਗ ਸੀ। ਇਕ ਦਿਨ ਉਸ ਨੇ ਗੁਰੂ ਜੀ ਅੱਗੇ ਇਹ ਸੁਆਲ ਰੱਖਿਆ ਕਿ ਜੇ ਉਹ ਉਸ ਦੀ ਮਿਰਗੀ ਠੀਕ ਕਰ ਦੇਣ ਤਾਂ ਉਹ ਜਾਣੇ! ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਸ ਦੀ ਮਿਰਗੀ ਠੀਕ ਹੋ ਜਾਵੇਗੀ ਜੇ ਉਹ ਸ਼ਰਾਬ ਛੱਡ ਦੇਵੇ। ਚੌਧਰੀ ਨੇ ਗੁਰੂ ਜੀ ਦਾ ਕਹਿਣਾ ਮੰਨ ਕੇ ਸ਼ਰਾਬ ਦਾ ਤਿਆਗ ਕਰ ਦਿੱਤਾ ਤੇ ਉਸ ਦਾ ਰੋਗ ਦੂਰ ਹੋ ਗਿਆ। ਇਕ ਦਿਨ ਬਰਸਾਤ ਦੇ ਮੌਸਮ ਵਿਚ ਅਸਮਾਨ ਉੱਤੇ ਛਾਈਆਂ ਕਾਲੀਆਂ ਘਟਾਵਾਂ ਦੇਖ ਕੇ ਉਸ ਦਾ ਮਨ ਫਿਰ ਮਚਲ ਗਿਆ ਤੇ ਉਹ ਸ਼ਰਾਬ ਨੂੰ ਲਲਚਾਉਣ ਲੱਗ ਪਿਆ। ਉਸ ਨੇ ਗੁਰੂ ਜੀ ਦਾ ਹੁਕਮ ਵਿਸਾਰ ਕੇ ਬੋਤਲ ਮੰਗਵਾ ਲਈ ਤੇ ਗਟਾਗਟ ਪੀ ਕੇ ਮਸਤਾਨਾ ਹੋ ਗਿਆ। ਲੋਰ ਵਿਚ ਹੀ ਉਹ ਕੋਠੇ 'ਤੇ ਚੜ੍ਹ ਗਿਆ। ਉਸ ਨੂੰ ਫਿਰ ਮਿਰਗੀ ਦਾ ਦੌਰਾ ਪਿਆ ਤੇ ਉਹ ਕੋਠੇ ਤੋਂ ਡਿੱਗ ਕੇ ਮਰ ਗਿਆ। ਇਹ ਸਾਖੀ ਸਰੂਪ ਦਾਸ ਭੱਲਾ ਦੇ ਸ਼ਬਦਾਂ ਵਿਚ ਸੰਖੇਪ 'ਚ ਇਸ ਤਰ੍ਹਾਂ ਹੈ:

ਦੋਹਰਾ॥ ਦਿਵਸ ਏਕ ਪ੍ਰਭ ਪੈ ਗਇਓ, ਕਹੀ ਬ੍ਰਿਖਾ ਦੁਖ ਸਭ ਜਾਇ।
ਹੇ ਤਪਾ ਦਿਆਲ ਸਭ ਦੁਖ ਰਹੇ, ਮਮ ਮ੍ਰਿਗੀ ਦੇਹੁ ਛਡਾਇ।
ਚੌਪਈ॥ ਤਬ ਹਸੇ ਦਿਆਲ ਕਹਿਓ ਤੂ ਤਦ ਤਿਆਗ।
ਮਿਰਗੀ ਤੁਮਰੀ ਬਾਧੇ ਤਾਗ।
ਜਬ ਤੂੰ ਕਰੇ ਬਹੁਰ ਮਦ ਪਾਨ।
ਤਬ ਮ੍ਰਿਗੀ ਛੁਟ ਤਹਿ ਲਗੇ ਨਿਦਾਨ।
ਬਤ ਮਦ ਪਾਨ ਤਿਆਗ ਤਿਨ ਕੀਆ।
ਮ੍ਰਿਗੀ ਰੋਗ ਛੁਟਕ ਤਬ ਗਇਆ।
ਬਹੁਤ ਕਾਲ ਤਾ ਕੋ ਸੁਖ ਬੀਤਾ।

SikhBookClub.com

ਪੁਨ ਤਾ ਕੇ ਮਨ ਭਈ ਅਨੀਤਾ।
ਦਿਵਸ ਏਕ ਘਟਾ ਸਿਆਮ ਸੁਹਾਇ।
ਪੁਨ ਮਦਰਾ ਤਿਨ ਲੀਓ ਮੰਗਾਇ।
ਪੀਓ ਮਤਵਾਰਾ ਚੜਿਓ ਅਟਾਰੀ।
ਮਦ ਪੀਓ ਤਪਾ ਹਮ ਕਹਿਓ ਪੁਕਾਰੀ।
ਸੁਨ ਹਸੇ ਦਿਆਲ ਕਹਿਓ ਬਚਨ ਬਿਲਾਸ।
ਅਬ ਮ੍ਰਿਗੀ ਛੁਟ ਗਈ ਤੁਮ ਪਾਸ।
ਲਗਤ ਤਹਾ ਤੇ ਵੈ ਗਿਰਿਓ।
ਪਰਿਓ ਭੂਮ ਸੀਸ ਫੁਟ ਮਰਿਓ

(ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੧, ਪੰਨਾ ੩੮)

(4/2004)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸਿੱਖ ਫ਼ਲਸਫ਼ਾ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੱਦੀ-ਨਸ਼ੀਨੀ ਹੀ ਸਿੱਖ ਫ਼ਲਸਫ਼ੇ ਦੀ ਇਕ ਡੂੰਘੀ ਅਤੇ ਮਜ਼ਬੂਤ ਬੁਨਿਆਦ ਹੈ। ਜਿਥੇ ਗੁਰਗੱਦੀ-ਨਸ਼ੀਨੀ ਨਿਸ਼ਕਾਮ ਸੇਵਾ ਦਾ ਫਲ ਸੀ ਉਥੇ ਇਹ ਬਹੁਤ ਵੱਡੀ ਜ਼ਿੰਮੇਵਾਰੀ ਵੀ ਸੀ। ਇਹ ਜ਼ਿੰਮੇਵਾਰੀ ਇਸ ਕਰਕੇ ਵੀ ਵੱਧ ਗਈ ਕਿ ਗੁਰੂ ਜੀ ਨੂੰ ਉਸ ਸਮੇਂ ਗੁਰਮਤਿ ਦੇ ਫ਼ਲਸਫ਼ੇ ਨੂੰ ਹਰ ਤਰ੍ਹਾਂ ਦੇ ਰਲਾਅ ਅਤੇ ਸਿੱਧੇ-ਅਸਿੱਧੇ ਵਿਰੋਧੀ ਪ੍ਰਭਾਵ ਤੋਂ ਕਦਮ-ਕਦਮ 'ਤੇ ਬਚਾਅ ਕੇ ਰੱਖਣਾ ਪੈਣਾ ਸੀ।

ਬਾਬਾ ਸ੍ਰੀ ਚੰਦ ਜੀ ਦੀ ਮਾਨਤਾ ਇਕ ਸੁਭਾਵਿਕ ਗੱਲ ਸੀ ਕਿਉਂਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸਨ। ਇਸ ਮਾਨਤਾ ਦੇ ਸਿੱਟੇ ਵਜੋਂ ਹੀ ਉਦਾਸੀ-ਮੱਤ ਹੋਂਦ ਵਿਚ ਆਇਆ। ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਗਏ ਨਿਰਮਲ-ਪੰਥ ਦੇ ਧਾਰਨੀਆਂ ਵਿਚ ਵੀ ਇਸ ਮੱਤ ਪ੍ਰਤੀ ਖਿੱਚ ਸਪੱਸ਼ਟ ਸੀ। ਉਦਾਸੀ ਮੱਤ ਗੁਰਮਤਿ ਦੇ ਬੁਨਿਆਦੀ ਆਦਰਸ਼ ਗ੍ਰਹਿਸਤ ਵਿਚ ਉਦਾਸ ਦੇ ਉਲਟ ਸੀ। ਸਿੱਖਾਂ ਦੇ ਸਾਹਮਣੇ ਇਕ ਬੜਾ ਵੱਡਾ ਪ੍ਰਸ਼ਨ ਸੀ ਕਿ ਕੀ ਉਹ ਗ਼ੈਰ-ਗ੍ਰਹਿਸਤੀ ਬਾਬਾ ਸ੍ਰੀ ਚੰਦ ਜੀ ਦੀ ਅਗਵਾਈ ਨੂੰ ਮੰਨਣ ਜਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਥਾਪੇ ਗ੍ਰਹਿਸਤੀ ਗੁਰੂ ਦੀ ਸ਼ਰਨ ਵਿਚ ਰਹਿਣ?

ਉਸ ਸਮੇਂ ਸਿੱਧਾਂ, ਨਾਥਾਂ ਅਤੇ ਜੋਗੀਆਂ ਦੇ ਪ੍ਰਭਾਵ ਸਦਕਾ ਆਮ ਲੋਕਾਂ ਦੇ ਮਨਾਂ ਵਿਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਬ੍ਰਹਮਚਰਯ ਦੀ ਪਾਲਣਾ ਕਰਨ ਵਾਲਾ ਮਨੁੱਖ, ਗ੍ਰਹਿਸਤੀ ਮਨੁੱਖ ਨਾਲੋਂ ਜ਼ਰੂਰੀ ਹੀ ਉਚੇਰਾ ਹੁੰਦਾ ਹੈ। ਖ਼ੁਦ ਗੁਰੂ ਨਾਨਕ ਦੇਵ ਜੀ ਨੇ ਇਸ ਉੱਚਤਾ ਨੂੰ ਸਿੱਧੇ ਰੂਪ ਵਿਚ ਵੰਗਾਰਿਆ ਸੀ ਅਤੇ ਅਮਲੀ ਰੂਪ ਵਿਚ ਇਹ ਸਾਬਤ ਕਰ ਵਿਖਾਇਆ ਸੀ ਕਿ ਅਧਿਆਤਮਕ-ਸਮਾਜਿਕ ਦ੍ਰਿਸ਼ਟੀ ਤੋਂ ਗ੍ਰਹਿਸਤੀ ਮਨੁੱਖ ਕਿਸੇ ਤਰ੍ਹਾਂ ਵੀ ਗ਼ੈਰ-ਗ੍ਰਹਿਸਤੀ ਮਨੁੱਖ ਨਾਲੋਂ ਘੱਟ ਨਹੀਂ ਸਗੋਂ ਉਸ ਨੂੰ ਵਧੇਰੇ ਉੱਚਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਗ੍ਰਿਹ ਹੀ ਮਾਹਿ ਉਦਾਸੁ' ਦੇ ਆਦਰਸ਼ ਨੂੰ ਅਮਲੀ ਰੂਪ ਦੇਣ ਲਈ ਗ੍ਰਹਿਸਤੀ ਮਾਰਗ ਨੂੰ ਉੱਚਤਮ ਦਰਸਾਇਆ। ਗੁਰੂ ਜੀ ਦੇ ਇਸ ਐਲਾਨ ਨੇ ਸਿੱਖ ਫ਼ਲਸਫ਼ੇ ਦੇ ਨਿਆਰੇਪਨ ਨੂੰ ਕਾਇਮ ਰੱਖਿਆ ਅਤੇ ਸਿੱਖਾਂ ਨੂੰ ਸਹੀ ਮਾਰਗ 'ਤੇ ਚਲਦੇ ਰਹਿਣ ਲਈ ਲਾਮਬੰਦ ਕੀਤਾ।

ਦੂਜਾ ਕਦਮ ਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਠਾ ਕਰਨ ਵਾਲੇ ਪਾਸੇ ਚੁੱਕਿਆ। ਇਹ ਉਸ ਸਮੇਂ ਦੀ ਇਕ ਸਿਧਾਂਤਕ ਅਤੇ ਇਤਿਹਾਸਕ ਲੋੜ ਸੀ। ਗੁਰੂ ਜੀ ਦੀ ਬਾਣੀ ਨੂੰ ਕਿਸੇ ਤਰ੍ਹਾਂ ਦੇ ਰਲਾਅ ਤੋਂ ਬਚਾਉਣ ਲਈ ਅਤੇ ਸਿੱਖ ਫ਼ਲਸਫ਼ੇ ਦੀ ਨਿਰਮਲਤਾ ਨੂੰ ਕਾਇਮ ਰੱਖਣ ਲਈ ਇਹ ਕੰਮ ਅਤਿ ਜ਼ਰੂਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਆਪਣੇ

SikhBookClub.com

ਪ੍ਰਚਾਰ ਲਈ ਬਾਬਾ ਸ੍ਰੀ ਚੰਦ ਜੀ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਵੱਲੋਂ ਵਰਤਿਆ ਜਾ ਰਿਹਾ ਸੀ। ਕਿਉਂਕਿ ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸਨ, ਇਸ ਲਈ ਗੁਰੂ ਜੀ ਦਾ ਨਾਂ ਅਤੇ ਉਨ੍ਹਾਂ ਦੀ ਬਾਣੀ 'ਤੇ ਅਧਿਕਾਰ ਜਮਾਉਣ ਵਾਲੀ ਗੱਲ ਲੋਕਾਂ ਨੂੰ ਬਹੁਤੀ ਗ਼ੈਰ-ਸੁਭਾਵਿਕ ਜਾਪਣ ਦੀ ਥਾਂ ਸੁਭਾਵਿਕ ਹੀ ਜਾਪਦੀ ਸੀ।

ਗੁਰਬਾਣੀ ਦੇ ਪ੍ਰਵਾਹ ਨੂੰ ਅੱਗੇ ਤੋਰਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖ਼ੁਦ ਵੀ ਬਾਣੀ ਰਚੀ। ਇਸ ਬਾਣੀ ਰਚਨਾ ਕਰਦੇ ਸਮੇਂ ਗੁਰੂ ਜੀ ਨੇ ਆਪਣਾ ਨਾਂ ਲਿਖਣ ਦੀ ਥਾਂ ਨਾਨਕ ਪਦ ਦੀ ਹੀ ਵਰਤੋਂ ਕੀਤੀ। ਇਹ ਕੋਈ ਛੋਟੀ-ਮੋਟੀ ਜਾਂ ਸਾਧਾਰਨ ਗੱਲ ਨਹੀਂ ਸੀ। ਸਿੱਖ ਫ਼ਲਸਫ਼ੇ ਦੀਆਂ ਜੜ੍ਹਾਂ ਨੂੰ ਹੋਰ ਡੂੰਘਾ ਲਾਉਣ ਲਈ ਇਹ ਇਕ ਤੀਜਾ ਕਦਮ ਸੀ ਜਿਹੜਾ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਠਾਉਣਾ ਜ਼ਰੂਰੀ ਸਮਝਿਆ। ਨਾਨਕ ਪਦ ਦੀ ਵਰਤੋਂ ਨੇ ਜਿਥੇ ਗੁਰੂ ਗੱਦੀ-ਨਸ਼ੀਨੀ ਦੀ ਸਿਧਾਂਤਕ ਪਰੰਪਰਾ 'ਤੇ ਪੱਕੀ ਮੋਹਰ ਲਾਈ ਉਥੇ ਇਹ ਗੱਲ ਵੀ ਸਾਬਤ ਹੋ ਗਈ ਕਿ ਗੁਰੂ ਪੀੜ੍ਹੀ ਵਿਚ ਅਸਲ ਵਾਰਸ ਸ੍ਰੀ ਗੁਰੂ ਅੰਗਦ ਦੇਵ ਜੀ ਹੀ ਹਨ। ਇਸ ਪਦ ਦੀ ਵਰਤੋਂ ਨੇ ਸਿੱਖ ਫ਼ਲਸਫ਼ੇ ਦੇ ਸਿਧਾਂਤਾਂ 'ਆਪੇ ਗੁਰੁ ਚੇਲਾ' ਅਤੇ 'ਇਕ ਜੋਤਿ' ਨੂੰ ਵੀ ਦ੍ਰਿੜ੍ਹਾਇਆ। ਭਾਈ ਗੁਰਦਾਸ ਜੀ ਦੇ ਕਥਨ 'ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ' ਨੂੰ ਬਹੁਤ ਹੀ ਗਹਿਰਾਈ ਵਿਚ ਲਾਗੂ ਕਰਨ ਲਈ ਨਾਨਕ ਪਦ ਦੀ ਵਰਤੋਂ ਦਾ ਮਾਰਗ-ਦਰਸ਼ਨ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤਾ। ਗੁਰੂ ਸਾਹਿਬ ਜੀ ਦੀ ਬਾਣੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਵਿਚ 'ਨਾਨਕ' ਸ਼ਬਦ ਦੀ ਗੂੰਜ ਪਈ।

ਫ਼ਲਸਫ਼ੇ ਨੂੰ ਦਰਸਾਉਣ ਲਈ ਇਤਿਹਾਸ ਦੀ ਅਹਿਮੀਅਤ ਬਹੁਤ ਹੁੰਦੀ ਹੈ। ਇਤਿਹਾਸ ਦੇ ਸੋਮੇ ਸਮਕਾਲੀ ਰਚਨਾਵਾਂ ਦੇ ਤੌਰ 'ਤੇ ਮੁੱਖ ਮੰਨੇ ਜਾਂਦੇ ਹਨ। ਕੁਝ ਇਤਿਹਾਸਕਾਰਾਂ ਦੇ ਮੱਤ ਅਨੁਸਾਰ ਸਿੱਖ ਫ਼ਲਸਫ਼ੇ ਨੂੰ ਇਤਿਹਾਸ ਦੀ ਪਿੱਠ-ਭੂਮੀ ਪ੍ਰਦਾਨ ਕਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਪੈੜਾ ਮੋਖਾ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਘਟਨਾਵਾਂ ਨੂੰ ਇਕੱਠਾ ਕਰਕੇ ਜਨਮ-ਸਾਖੀ ਲਿਖਵਾਈ। ਇਹ ਜਨਮ-ਸਾਖੀ ਭਾਈ ਬਾਲੇ ਵਾਲੀ ਜਨਮ-ਸਾਖੀ ਕਰਕੇ ਪ੍ਰਚਲਤ ਹੈ। ਭਾਵੇਂ ਕਿ ਇਸ ਦੇ ਮੌਜੂਦਾ ਰੂਪ ਨੂੰ ਬਹੁਤ ਸਾਰੇ ਵਿਦਵਾਨਾਂ ਨੇ ਸ਼ੁੱਧ ਨਹੀਂ ਮੰਨਿਆ। ਫਿਰ ਵੀ ਇਹ ਜਨਮ-ਸਾਖੀ ਗੁਰ-ਇਤਿਹਾਸ ਦੇ ਇਕ ਬੁਨਿਆਦੀ ਸੋਮੇ ਵਜੋਂ ਪ੍ਰਚਲਤ ਹੈ। ਇਹ ਉਹ ਚੌਥਾ ਕਦਮ ਸੀ ਜਿਸ ਨੇ ਵਾਰਤਕ ਰੂਪ ਵਿਚ ਅਤੇ ਕਥਾ-ਰੂਪ ਵਿਚ ਸਿੱਖ ਫ਼ਲਸਫ਼ੇ ਲਈ ਬੁਨਿਆਦੀ ਸਾਹਿਤ ਤਿਆਰ ਕੀਤਾ।

ਪੰਜਵਾਂ ਵਿਸ਼ੇਸ਼ ਕਦਮ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਚੁੱਕਿਆ। ਜਿਵੇਂ ਬੁੱਧ ਮੱਤ ਨੇ ਸੰਸਕ੍ਰਿਤ ਦੇ ਏਕਾਧਿਕਾਰ ਅਤੇ ਉੱਚਤਾ ਨੂੰ ਵੰਗਾਰਿਆ ਸੀ ਉਸੇ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੋਕਾਂ ਦੀ ਆਮ ਬੋਲੀ ਵਿਚ ਗੁਰਮਤਿ ਦੇ ਪ੍ਰਚਾਰ ਦਾ ਝੰਡਾ ਚੁੱਕਿਆ। ਡੂੰਘਾਈ ਵਿਚ ਜਾ ਕੇ ਸੋਚੀਏ ਤਾਂ ਇਉਂ ਜਾਪਦਾ ਹੈ ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਮੇਂ ਇਕ ਤਕੜੀ ਸਾਖ਼ਰਤਾ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਜੇ ਉਨ੍ਹਾਂ ਨੂੰ ਪੰਜਾਬ ਵਿਚ ਸਾਖ਼ਰਤਾ ਮਿਸ਼ਨ ਦੇ ਬਾਨੀ ਵੀ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਫ਼ਲਸਫ਼ੇ ਦੇ ਪ੍ਰਚਾਰ ਲਈ ਵਿੱਦਿਆ ਬਹੁਤ ਜ਼ਰੂਰੀ ਹੈ। ਗੁਰੂ ਜੀ ਨੇ ਲੋਕਾਂ ਨੂੰ ਅੱਖਰੀ ਗਿਆਨ ਨਾਲ ਜੋੜ ਕੇ ਗੁਰਬਾਣੀ ਨਾਲ ਜੋੜਿਆ। ਅੱਖਰੀ ਗਿਆਨ ਨੇ ਲੋਕਾਂ ਦੀ ਆਰਥਿਕ ਦਸ਼ਾ ਅਤੇ ਵਪਾਰਕ ਕਾਰੋਬਾਰ ਨੂੰ ਵੀ ਭਾਰੀ ਉਤਸ਼ਾਹਿਤ ਕੀਤਾ।

SikhBookClub.com

ਸਿੱਖ ਫ਼ਲਸਫ਼ੇ ਦੇ ਬਰਾਬਰੀ ਅਤੇ ਸਾਂਝੀਵਾਲਤਾ ਦੇ ਬੁਨਿਆਦੀ ਸੰਕਲਪਾਂ ਨੂੰ ਲਾਗੂ ਕਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਛੇਵਾਂ ਕਦਮ ਲੰਗਰ ਦੀ ਪ੍ਰਥਾ ਚਾਲੂ ਰੱਖਣ ਦਾ ਚੁੱਕਿਆ। ਲੰਗਰ ਦੀ ਪ੍ਰਥਾ ਜਿਥੇ ਸੇਵਾ-ਭਾਵਨਾ ਨਾਲ ਓਤ-ਪੋਤ ਹੈ ਉਥੇ ਇਹ ਪੰਗਤ ਦੇ ਆਦਰਸ਼ ਰਾਹੀਂ ਜਾਤ-ਪਾਤ, ਰੰਗ ਨਸਲ, ਮਜ਼ਹਬ, ਲਿੰਗ ਆਦਿ ਹਰ ਤਰ੍ਹਾਂ ਦੇ ਭਿੰਨ-ਭੇਦ ਨੂੰ ਤੋੜਦੀ ਹੈ। ਲੰਗਰ ਦੀ ਪ੍ਰਥਾ ਕਿਰਤ ਅਤੇ ਸੇਵਾ ਦੇ ਨਾਲ-ਨਾਲ ਸਮੂਹਿਕ ਰੂਪ ਵਿਚ ਨਾਮ-ਸਿਮਰਨ ਦੀ ਕਿਰਿਆ ਨੂੰ ਵੀ ਅਮਲੀ ਰੂਪ ਦਿੰਦੀ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਉਪਰੋਕਤ ਕਦਮਾਂ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖ ਫ਼ਲਸਫ਼ੇ ਨੂੰ ਮਹਾਨ ਦੇਣ ਦਿੱਤੀ ਅਤੇ ਸਿੱਖ ਫ਼ਲਸਫ਼ੇ ਦੇ ਅਮਲ ਅਤੇ ਪ੍ਰਸਾਰ ਲਈ ਆਪ ਜੀ ਨੇ ਵਿਲੱਖਣ ਅਤੇ ਵਿਸ਼ਾਲ ਹਿੱਸਾ ਪਾਇਆ।

(6/1998)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ: ਯੋਗਦਾਨ ਤੇ ਮਹਿਮਾ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਕਾਲ ਤੇ ਉਸ ਸਮੇਂ ਨੇਪਰੇ ਚਾੜ੍ਹੇ ਗਏ ਕਾਰਜ ਸਿੱਖ ਧਰਮ ਦੇ ਵਿਕਾਸ ਵਿਚ ਬੜੇ ਮਹੱਤਵਪੂਰਨ ਹਨ। ਪ੍ਰਸਿੱਧ ਇਤਿਹਾਸਕਾਰ ਡਾ· ਜਗਤਾਰ ਸਿੰਘ ਅਨੁਸਾਰ ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ਆਰੰਭ ਹੋਏ ਕਾਰਜਾਂ ਨੂੰ ਹੋਰ ਵਿਸਥਾਰ ਦਿੱਤਾ ਗਿਆ ਤੇ ਕਈ ਮਹੱਤਵਪੂਰਨ ਪਹਿਲੂਆਂ 'ਤੇ ਵਧੇਰੇ ਬਲ ਦਿੱਤਾ ਗਿਆ।[1] ਸਿੱਖੀ ਦੇ ਨਵ-ਜੰਮੇ ਬੂਟੇ ਨੂੰ ਅਨੇਕ ਪਾਸਿਆਂ ਤੋਂ ਖ਼ਤਰਾ ਸੀ ਤੇ ਅਨੇਕਾਂ ਵੰਗਾਰਾਂ ਸਨ। ਇਸ ਚੁਣੌਤੀ ਭਰੇ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਪੱਕੀ ਕੀਤੀ ਤੇ ਜਿਵੇਂ ਇਕ ਕਿਸਾਨ ਆਪਣੀ ਫਸਲ ਨੂੰ ਵਾੜ ਕਰ ਕੇ ਉਸ ਦੀ ਰੱਖਿਆ ਕਰਦਾ ਹੈ, ਗੁਰੂ ਅੰਗਦ ਦੇਵ ਜੀ ਨੇ ਅਨੁਸ਼ਾਸਨ ਲਾਗੂ ਕਰ ਕੇ ਸਿੱਖ ਧਰਮ ਨੂੰ ਵਿਰੋਧੀ ਹਮਲਿਆਂ ਤੋਂ ਬਚਾਇਆ। ਸਨਾਤਨੀ ਹਿੰਦੂਆਂ, ਨਾਥਾਂ, ਸਾਧਾਂ, ਯੋਗੀਆਂ ਤੇ ਬਾਬਾ ਸ੍ਰੀ ਚੰਦ ਜੀ ਦੇ ਉਦਾਸੀ ਮੱਤ ਦੀ ਵੰਗਾਰ ਨੂੰ ਜਿਵੇਂ ਗੁਰੂ ਅੰਗਦ ਦੇਵ ਜੀ ਨੇ ਠੱਲ੍ਹ ਪਾਈ, ਉਹ ਕੋਈ ਸਾਧਾਰਨ ਕਾਰਜ ਨਹੀਂ ਸੀ। ਜਾਤ-ਪਾਤ, ਛੂਤ-ਛਾਤ, ਕਰਮਕਾਂਡ, ਭਰਮ-ਭੁਲੇਖਿਆਂ ਦੇ ਜਾਲ-ਜਕੜੇਵੇਂ ਤੋਂ ਸਮਾਜ ਨੂੰ ਮੁਕਤ ਕਰਨਾ। ਮਲੇਛ ਭਾਸ਼ਾ ਤੇ ਦੇਵ-ਭਾਸ਼ਾ ਦੇ ਗਲਬੇ ਤੋਂ ਪੰਜਾਬੀ ਸਮਾਜ ਨੂੰ ਮੁਕਤ ਕਰਨਾ। ਆਪਣੀ ਬੋਲੀ, ਬਾਣੀ ਤੇ ਲਿੱਪੀ ਦੀ ਢਾਲ ਸਿੱਖੀ ਦੀ ਰਾਖੀ ਲਈ ਜ਼ਰੂਰੀ ਸੀ। ਇਸ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਰਜਾਂ ਦੀ ਰੱਖਿਆ ਹੋਣੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਕਾਰਜ ਭਲੀ-ਭਾਂਤ ਕੀਤਾ ਜਿਸ ਕਾਰਨ ਸਿੱਖ ਲਹਿਰ ਨੂੰ ਇਕ ਨਿਸ਼ਚਿਤ ਤੇ ਨਿਰਵਿਵਾਦ ਅਗਵਾਈ ਪ੍ਰਾਪਤ ਹੋਈ। ਪ੍ਰਿੰਸੀਪਲ ਸਤਿਬੀਰ ਸਿੰਘ ਦਾ ਇਹ ਕਥਨ ਠੀਕ ਹੈ: 'ਉਹ ਸਭ ਕੁਝ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੰਚਿਆ, ਖਿੱਲਰ-ਪੁੱਲਰ ਤੇ ਖਿੰਡ-ਪੁੰਡ ਜਾਂਦਾ ਜੇ ਦੂਜੇ ਪਾਤਸ਼ਾਹ ਦੀ ਦ੍ਰਿੜ੍ਹ-ਚਿੱਤ ਆਤਮਾ ਉਸ ਸਾਜੇ ਪੰਥ ਦੀ ਰਾਖੀ ਸਖ਼ਤੀ ਨਾਲ ਨਾਂਹ ਕਰਦੀ।'[2]

ਇਸ ਵਿਚ ਕੋਈ ਸੰਦੇਹ ਨਹੀਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਉਨ੍ਹਾਂ ਸਾਰੀਆਂ ਘਟਨਾਵਾਂ ਦੇ ਆਰੰਭਕ ਚਿੰਨ੍ਹ ਦ੍ਰਿਸ਼ਟੀਗੋਚਰ ਹੋਣ ਲੱਗ ਪਏ ਸਨ ਜਿਨ੍ਹਾਂ ਦੇ ਫ਼ਲਸਰੂਪ ਸਿੱਖ ਧਰਮ ਨੇ ਹੌਲੀ-ਹੌਲੀ ਇਕ ਸੁਤੰਤਰ ਧਰਮ-ਪੰਥ ਦਾ ਰੂਪ ਧਾਰਨ ਕਰ ਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੇ ਗਏ ਸਿੱਖੀ ਸਿਧਾਂਤ ਦਾ ਕੇਵਲ ਪ੍ਰਚਾਰ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਨੂੰ ਪ੍ਰਪੱਕ ਵੀ ਕੀਤਾ। ਸ਼ਾਇਦ ਇਸ ਤੱਤ ਤੇ ਤੱਥ ਨੂੰ ਧਿਆਨ 'ਚ ਰੱਖਦਿਆਂ ਭਾਈ ਕੇਸਰ ਸਿੰਘ ਛਿੱਬਰ ਨੇ ਆਪ ਜੀ ਨੂੰ 'ਬੇਮਿਸਾਲ' ਤੇ ਅਦੁੱਤੀ ਸਿੱਖ ਲਿਖਿਆ ਹੈ:

ਸਿੱਖ ਨਹੀਂ ਕੋਈ ਅੰਗਦ ਜੇਹਾ ਹੋਇਆ।[3]

ਭਾਈ ਲਹਿਣਾ ਜੀ ਅਦੁੱਤੀ 'ਸ਼ਿਸ਼' ਜਾਂ 'ਸਿੱਖ' ਸਨ, ਜੋ ਗੁਰੂ ਜੀ ਦੀ 'ਰਜ਼ਾ' ਤੇ 'ਹੁਕਮ'

SikhBookClub.com

ਨੂੰ ਮੰਨਣ ਲਈ ਤਤਪਰ ਰਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ: ਨਾਨਕ ਅੰਗਦ ਕੋ ਬਪੁ ਧਰਾ।। ਧਰਮ ਪ੍ਰਚੁਰਿ ਇਹ ਜਗ ਮੋ ਕਰਾ।[4]

ਆਪ ਗੁਰੂ ਦੀ ਪਰਖ ਵਿਚ ਪੂਰੇ ਉਤਰੇ ਅਤੇ ਨਵ-ਪ੍ਰੰਗਰਦੇ ਪੰਥ ਦੀ ਅਗਵਾਈ ਵਾਲੀ ਇਤਿਹਾਸਕ ਮਹੱਤਤਾ ਦੇ ਕਾਰਜ ਵਿਚ ਹੀ ਅਤਿਅੰਤ ਸਫ਼ਲ ਰਹੇ। ਇਸ ਕਾਰਜ ਨੂੰ ਜਿਸ ਸਹਿਜ, ਦ੍ਰਿੜ੍ਹਤਾ, ਅਨੁਸ਼ਾਸਨ, ਸ਼ਾਂਤ-ਬਿਰਤੀ ਨਾਲ ਤੇ ਸੇਵਾ, ਸਿਮਰਨ ਦੇ ਆਸਰੇ ਸ਼ਰਧਾ ਪੂਰਵਕ ਸੰਪੂਰਨਤਾ ਬਖ਼ਸ਼ੀ, ਉਹਦੇ ਤੁੱਲ ਕੋਈ ਮਿਸਾਲ ਨਹੀਂ ਮਿਲਦੀ।

ਗੁਰੂ ਜੀ ਵਲੋਂ ਕੀਤੇ ਮਹਾਨ ਕਾਰਜ

1· ਗੁਰਬਾਣੀ ਦੀ ਸੰਭਾਲ:

ਇਸ ਪ੍ਰਮੁੱਖ ਕਾਰਜ ਵੱਲ ਉਨ੍ਹਾਂ ਸਭ ਤੋਂ ਪਹਿਲਾਂ ਧਿਆਨ ਦਿੱਤਾ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਤਰ ਕੀਤੀ। ਆਪ ਜੀ ਨੇ ਖਡੂਰ ਸਾਹਿਬ ਵਿਚ ਸ਼ਬਦ ਦੀਆਂ ਦੋ ਚੌਕੀਆਂ ਦੀ ਮਰਯਾਦਾ ਕਾਇਮ ਕੀਤੀ। ਸ਼ਬਦ ਦੀ ਚੌਕੀ ਸਮੇਂ ਆਪ ਸੰਗਤ ਵਿਚ ਬੈਠ ਕੇ ਹੀ ਸ਼ਬਦ ਸੁਣਦੇ। ਆਪ ਜੀ ਦਾ ਬਾਣੀ ਸਤਿਕਾਰ ਪ੍ਰਤੀ ਉਪਦੇਸ਼ ਸੀ ਕਿ ਬਾਣੀ ਗਿਆਨ ਧਿਆਨ ਵਿਚੋਂ ਆਈ ਹੈ:

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥

(ਪੰਨਾ ੧੨੪੩)

ਆਪ ਨੇ ਸੰਗਤ ਨੂੰ ਉਦਾਸੀਆਂ, ਸੰਨਿਆਸੀਆਂ, ਜੋਗੀਆਂ ਤੇ ਨਾਥਾਂ ਦੇ ਵਰਤਾਰਿਆਂ ਤੋਂ ਦੂਰ ਰੱਖਿਆ। ਬਾਣੀ ਦੀ ਸੰਭਾਲ ਕਰ ਕੇ ਗੁਰਬਾਣੀ ਦੇ ਲੜ ਲਾਇਆ। ਬਾਣੀ ਦੀ ਸਾਂਭ-ਸੰਭਾਲ ਦੀ ਪਿਰਤ ਕਾਰਨ ਹੀ ਪੰਜਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਸੰਪੰਨ ਕੀਤਾ।

'ਮਹਿਮਾ ਪ੍ਰਕਾਸ਼' ਦਾ ਕਰਤਾ ਲਿਖਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੋਥੀ, ਕਮਰਕੱਸਾ ਤੇ ਰਬਾਬੀ ਬਲਵੰਡ ਮੰਗੇ ਸਨ।[5] ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ:

ਬਲਵੰਡ ਰਬਾਬੀ ਤੁਮ ਸੰਗ ਜਾਵੈ। ਸਮੇਂ ਸਮੇਂ ਹਰਿ ਭਜਨ ਸੁਨਾਵੈ।
ਇਸ ਪਰ ਦਇਆਵੰਤ ਸਦ ਰਹੀਐ। ਦਾਂਤਨ ਮੇ ਜਿਮ ਜੀਭ ਰਖਈਐ।[6]

2· ਗੁਰਮੁਖੀ ਲਿੱਪੀ ਦੀ ਵਰਤੋਂ ਤੇ ਪ੍ਰਚਾਰ:

ਗੁਰਮੁਖੀ ਲਿੱਪੀ ਦੀ ਵਰਤੋਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕਰ ਦਿੱਤੀ ਸੀ, ਪਰੰਤੂ ਇਸ ਦਾ ਸੁਧਾਰ ਤੇ ਪ੍ਰਚਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਕੀਤਾ। ਇਸ ਵਿਚ ਬਾਲ-ਬੋਧ ਤਿਆਰ ਕੀਤੇ ਤੇ ਬਾਲਕਾਂ ਨੂੰ ਪੜ੍ਹਾਉਣ ਦਾ ਕਾਰਜ ਆਰੰਭ ਕੀਤਾ। ਡਾਕਟਰ ਲੈਟਰਨ ਲਿਖਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਲ-ਬੋਧ ਲਿਖੇ ਤੇ ਵਰਣ-ਮਾਲਾ ਅਨੁਸਾਰ ਸੂਤਰ-ਸਿਧਾਂਤ

SikhBookClub.com

ਜਾਂ ਨੀਤੀ ਵਚਨ ਗੁਰ ਨਾਨਕ ਬਾਣੀ ਵਿਚੋਂ ਤਿਆਰ ਕੀਤੇ।[7] ਨਿਰਸੰਦੇਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਦੀ ਵਰਣ-ਮਾਲਾ ਵਿਚਲੀ ਵਿਉਂਤ ਨੂੰ ਵਰਤਮਾਨ ਸਰੂਪ ਦਿੱਤਾ ਤੇ ਇਸ ਦੀ ਵਰਤੋਂ ਇਤਨੀ ਪ੍ਰਚਲਤ ਕੀਤੀ ਕਿ ਇਸ ਲਿੱਪੀ ਦਾ ਨਾਮ ਹੀ ਗੁਰਮੁਖੀ ਪ੍ਰਸਿੱਧ ਹੋ ਗਿਆ। ਸ. ਖੁਸ਼ਵੰਤ ਸਿੰਘ ਲਿਖਦਾ ਹੈ ਕਿ ਗੁਰਮੁਖੀ ਲਿੱਪੀ ਨੂੰ ਸਰਬਵਿਆਪੀ ਤੇ ਹਰਮਨ ਪਿਆਰੀ ਬਣਾਉਣਾ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਾਨ ਸਫਲਤਾ ਸੀ, ਜਿਸ ਦੇ ਬਹੁਤ ਦੂਰ-ਰਸ ਤੇ ਮਹੱਤਵਪੂਰਨ ਸਿੱਟੇ ਨਿਕਲੇ। ਇਸ ਲਿੱਪੀ ਵਿਚ ਸਿੱਖਾਂ ਦੇ ਸਾਰੇ ਧਾਰਮਕ ਗ੍ਰੰਥ ਲਿਖੇ ਗਏ।[8]

3· ਪਹਿਲੀ ਜਨਮ ਸਾਖੀ ਦੀ ਰਚਨਾ:

ਸਿੱਖਾਂ ਦੀ ਜਾਣਕਾਰੀ ਲਈ ਪਹਿਲੀ ਜਨਮ ਸਾਖੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਲਿਖਵਾਈ। ਇਹ ਜਨਮ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਕਰਕੇ ਪ੍ਰਸਿੱਧ ਹੈ ਤੇ ਇਸ ਦਾ ਲਿਖਣ ਕਾਰਜ ਭਾਈ ਪੈੜੇ ਮੋਖੇ ਨੇ ਕੀਤਾ। ਭਾਵੇਂ ਬਹੁਤ ਸਾਰੇ ਲੇਖਕ ਜਿਵੇਂ ਟਰੰਪ, ਮੈਕਾਲਿਫ, ਸ. ਕਰਮ ਸਿੰਘ, ਇੰਦੂ ਭੂਸ਼ਣ ਬੈਨਰਜੀ, ਡਾ. ਕਿਰਪਾਲ ਸਿੰਘ ਆਦਿ ਇਸ ਵਿਚਾਰ ਨਾਲ ਸਹਿਮਤ ਨਹੀਂ, ਪਰੰਤੂ ਮੁੱਢ ਤੋਂ ਤੁਰੀ ਆ ਰਹੀ ਬਲਵਾਨ ਰਵਾਇਤ ਨੂੰ ਰੱਦ ਕਰਨਾ ਇਤਨਾ ਆਸਾਨ ਵੀ ਨਹੀਂ। ਗਿਆਨੀ ਈਸ਼ਰ ਸਿੰਘ (ਨਾਰਾ), ਸ. ਖਜ਼ਾਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਤੇ ਇਨ੍ਹਾਂ ਸਤਰਾਂ ਦਾ ਲੇਖਕ ਇਸ ਵਿਚਾਰ ਦੇ ਹਾਮੀ ਹਨ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਗੁਰੂ ਸਾਹਿਬ ਨੇ ਲਿਖਵਾਈ ਭਾਵੇਂ ਮਗਰੋਂ ਮਨਮਤੀਆਂ ਤੇ ਹਿੰਦਾਲੀਆਂ ਨੇ ਉਸ ਵਿਚ ਮਿਲਾਵਟ ਕਰਕੇ ਇਸ ਜਨਮ ਸਾਖੀ ਨੂੰ ਸ਼ੱਕੀ ਬਣਾ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਨੇ ਠੀਕ ਹੀ ਲਿਖਿਆ ਸੀ ਕਿ ਭਾਵੇਂ ਅਸਲੀ ਜਨਮ ਸਾਖੀ ਤਾਂ ਨਹੀਂ ਮਿਲਦੀ, ਪਰ ਇਸ ਹਕੀਕਤ ਤੋਂ ਅੱਖਾਂ ਬੰਦ ਕਰਨੀਆਂ ਵੀ ਠੀਕ ਨਹੀਂ।

4· ਉਦਾਸੀਆਂ ਦੀ ਸੰਪਰਦਾ ਤੋਂ ਸਿੱਖੀ ਦੀ ਰਾਖੀ:

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦੇ ਬੂਟੇ ਨੂੰ ਉਦਾਸੀ ਮੱਤ ਦੇ ਬਖੇੜੇ ਤੋਂ ਬਚਾਉਣ ਲਈ ਵੀ ਬੜਾ ਤਕੜਾ ਸੰਘਰਸ਼ ਕੀਤਾ। ਜਦੋਂ ਬਾਬਾ ਸ੍ਰੀ ਚੰਦ ਜੀ ਤਿਆਗ ਤੇ ਵੈਰਾਗ ਦਾ ਪ੍ਰਚਾਰ ਕਰ ਰਹੇ ਸਨ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਬੁਲੰਦ ਆਵਾਜ਼ ਵਿਚ ਤਿਆਗ ਦੀ ਮਨੋਬਿਰਤੀ ਨੂੰ ਨਕਾਰ ਰਹੇ ਸਨ। 'ਮਹਿਮਾ ਪ੍ਰਕਾਸ਼' ਦਾ ਕਰਤਾ ਗੁਰੂ ਜੀ ਵਲੋਂ ਸਿੱਖਾਂ ਨੂੰ ਉਦਾਸੀਆਂ ਤੇ ਸਨਾਤਨੀ ਪ੍ਰਭਾਵ ਦੇ ਲੋਕਾਂ ਤੋਂ ਦੂਰ ਰੱਖਣ ਦੇ ਕੀਤੇ ਗਏ ਯਤਨਾਂ ਬਾਰੇ ਵਿਸਥਾਰ ਸਹਿਤ ਜ਼ਿਕਰ ਕਰਦਾ ਹੈ।

5· ਗੁਰੂ ਕੇ ਲੰਗਰ ਦੀ ਵਿਵਸਥਾ:

ਇਸ ਵਿਵਸਥਾ ਦਾ ਸਿੱਖ ਧਰਮ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਕਿਰਤ ਕਰਨ ਤੇ ਵੰਡ ਛਕਣ ਦਾ ਸਿੱਖ ਧਰਮ ਵਿਚ ਉਹੀ ਸਥਾਨ ਹੈ ਜਿਤਨਾ ਨਾਮ ਜਪਣ ਦਾ। ਗੁਰਬਾਣੀ ਦਾ ਮਹਾਂਵਾਕ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਪੰਨਾ ੧੨੪੫)

ਲੰਗਰ ਮਰਯਾਦਾ ਅਨੁਸਾਰ ਗੁਰੂ ਸਾਹਿਬ ਦੀ ਸਪੁਤਨੀ ਮਾਤਾ ਖੀਵੀ ਜੀ ਦੀ ਦੇਖ-ਰੇਖ

SikhBookClub.com

ਵਿਚ ਤਿਆਰ ਹੁੰਦਾ ਸੀ। ਉਨ੍ਹਾਂ ਦੀ ਸਹਾਇਤਾ ਮਾਤਾ ਸਭਰਾਈ, ਭਾਈ ਜੋਧ ਰਸੋਈਆ, ਭਾਈ ਗੁੱਜਰ ਤੇ ਭਾਈ ਜੀਵਾ ਜਿਹੇ ਸਿੱਖ ਕਰਦੇ ਸਨ। ਲੰਗਰ ਵਿਚ ਜਾਤ-ਪਾਤ, ਉੱਚ-ਨੀਚ ਦਾ ਕੋਈ ਭੇਦ-ਭਾਵ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਬੰਧ ਦੀ ਬੜੀ ਉਪਮਾ ਕੀਤੀ ਗਈ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਬੀਏ ਪਰਾਲੀ॥

(ਪੰਨਾ ੯੬੭)

ਗੁਰੂ ਅੰਗਦ ਦੇਵ ਜੀ ਦੀ ਮਹਿਮਾ

ਗੁਰੂ ਸਾਹਿਬ ਦੇ ਮਹਾਨ ਕਾਰਜਾਂ 'ਤੇ ਉੱਚ ਦੁਮਾਲੜੀ ਸ਼ਖ਼ਸੀਅਤ ਅਤੇ ਅਨਿੰਨ ਸ਼ਰਧਾ ਤੇ ਭਗਤੀ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ, ਭਾਈ ਸੱਤਾ-ਬਲਵੰਡ ਜੀ, ਭਾਈ ਗੁਰਦਾਸ ਜੀ ਅਤੇ ਭੱਟ ਸਾਹਿਬਾਨ ਨੇ ਅਤੇ ਮਗਰੋਂ ਲਿਖਣ ਵਾਲੇ ਲੇਖਕਾਂ ਨੇ ਉਪਮਾ-ਮਹਿਮਾ ਕੀਤੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਅੰਕਿਤ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਵਿਰੁੱਧ ਉਪੱਦਰ ਖੜ੍ਹੇ ਕਰਨ ਵਾਲਿਆਂ ਨੂੰ ਫਿਟਕਾਰਿਆ, ਭਾਵੇਂ ਉਨ੍ਹਾਂ ਵਿਚ ਉਨ੍ਹਾਂ ਦੇ ਆਪਣੇ ਸਾਹਿਬਜ਼ਾਦੇ ਵੀ ਸ਼ਾਮਲ ਸਨ:

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥

(ਪੰਨਾ ੩੦੨)

ਸੱਤਾ ਬਲਵੰਡ ਨੇ 'ਰਾਮਕਲੀ ਦੀ ਵਾਰ' ਵਿਚ ਗੁਰੂ ਮਹਿਮਾ ਕਰਦੇ ਲਿਖਿਆ ਹੈ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤ੍ਰ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਪੈਰਿ ਦਬਟੀਐ ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

(ਪੰਨਾ ੯੬੬-੬੭)

ਭਾਈ ਨੰਦ ਲਾਲ ਗੋਯਾ ਗੁਰੂ ਜੀ ਨੂੰ ਬੇਮਿਸਾਲ ਸੇਵਕ ਤੇ ਲਾ-ਕਮਾਲ ਮੁਰਸ਼ਦ ਕਹਿੰਦੇ ਹਨ: 'ਅਵਲ ਮੁਰੀਦ-ਇ-ਸਾਜਦ, ਵ ਆਖਿਰ ਮੁਰਸ਼ਦ-ਇ-ਮਸਜੂਦਸ਼।'

ਮਹਾਨ ਗੁਰਦੇਵ ਜੀ ਦੀ ਮਹਿਮਾ-ਉਪਮਾ ਤੇ ਯੋਗਦਾਨ ਦਾ ਵੇਰਵਾ ਇਸ ਨਿਮਾਣੇ ਲੇਖਕ ਦੀ ਕਲਮ ਲਈ ਕਰ ਸਕਣਾ ਅਸੰਭਵ ਜਿਹਾ ਕਾਰਜ ਹੈ।

SikhBookClub.com

ਫੁਟ ਨੋਟ

1. **The Sikhs of the Punjab,** p. 47.
2. **ਕੁਦਰਤੀ ਨੂਰ,** ਪੰਨਾ 5.
3. **ਬੰਸਾਵਲੀਨਾਮਾ 10 ਪਾਤਸ਼ਾਹੀਆਂ ਕਾ,** ਪੰਨਾ 156.
4. ਭਾਈ ਰਣਧੀਰ ਸਿੰਘ, **'ਸ਼ਬਦਾਰਥ ਦਸਮ ਗ੍ਰੰਥ'** (ਪੋਥੀ ਪਹਿਲੀ), ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 70.
5. ਬਾਵਾ ਸਰੂਪ ਦਾਸ ਭੱਲਾ, **ਮਹਿਮਾ ਪ੍ਰਕਾਸ਼,** ਪੰਨਾ 207.
6. ਉਹੀ।
7. Dr. Seitner, **History of Indigenous Education in Punjab.**
8. **A History of the Sikhs,** p. 52.

(4/2004)

SikhBookClub.com

ਗੁਰ ਅੰਗਦ ਕੀ ਦੋਹੀ ਫਿਰੀ

ਧੁਰੋਂ ਬਖ਼ਸ਼ਿਸ਼ ਹੋਈ ਨਿਰੰਕਾਰੀ ਜੋਤ ਦਾ ਸਦਕਾ ਸਤਿਗੁਰੂ ਨਾਨਕ ਦੇਵ ਜੀ ਨੇ ਦੇਸ਼-ਵਿਦੇਸ਼ ਦਾ ਰਟਨ ਕੀਤਾ ਅਤੇ ਸਤਿ, ਧਰਮ, ਦਇਆ, ਪਿਆਰ, ਏਕਤਾ ਤੇ ਬਰਾਬਰੀ ਦਾ ਸੰਦੇਸ਼ ਦੇ ਕੇ ਤਪਤ ਜਗਤ ਨੂੰ ਸ਼ਾਂਤੀ ਪ੍ਰਦਾਨ ਕੀਤੀ। ਆਪ ਜੀ ਦੇ ਦੇਸ਼ਾਂਰਟਨ ਦਾ ਸਦਕਾ ਨਾਨਕ ਨਿਰਮਲ ਪੰਥ ਦੀ ਖ਼ੁਸ਼ਬੋਈ ਦੂਰ ਦੁਰਾਡੇ ਦੇਸ਼ਾਂਤਰਾਂ ਵਿਚ ਫੈਲੀ। ਅਠਵੰਜਾ ਸਾਲ ਦੀ ਉਮਰ ਵਿਚ ਆਪ ਜੀ ਨੇ ਉਦਾਸੀਆਂ ਵਾਲਾ ਭੇਖ ਉਤਾਰ ਕੇ ਕਰਤਾਰਪੁਰ ਵਿਚ ਠਿਕਾਣਾ ਕਰ ਲਿਆ ਅਤੇ ਆਸਨ ਉੱਤੇ ਬੈਠ ਕੇ ਹੀ ਨਾਮ ਬਾਣੀ ਦਾ ਪ੍ਰਚਾਰ ਕਰਦੇ ਰਹੇ। ਜਦ ਆਪ ਦੇ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ ਅਕਾਲ ਗੁਰਗੱਦੀ ਦੀ ਰੀਤ ਚਲਾਉਣ ਲਈ ਹੇਠ ਲਿਖੇ ਅਸੂਲ ਵਰਤੋਂ ਵਿਚ ਲਿਆਂਦੇ:

1. ਜ਼ਰੂਰੀ ਨਹੀਂ ਕਿ ਗੁਰ-ਗੱਦੀ ਦਾ ਵਾਰਸ ਬਿੰਦੀ ਸੰਤਾਨ ਵਿਚੋਂ ਹੀ ਹੋਵੇ ਸਗੋਂ ਇਸ ਦੇ ਵਾਸਤੇ ਉੱਚ ਅਧਿਆਤਮਕਤਾ, ਅਜਰ ਨੂੰ ਜਰਨ, ਸੇਵਾ ਭਾਵ, ਨਿਰਮਾਣਤਾ, ਨਿਸ਼ਕਾਮਤਾ, ਸਰਬਤ ਜੀਵਾਂ ਵਿਚ ਰੱਬੀ ਜੋਤੀ ਦੀ ਅਨੁਭਵਤਾ, ਭਾਣਾ ਮੰਨਣ ਤੇ ਲੋਕਾਈ ਲਈ ਕੁਰਬਾਨੀ ਕਰ ਸਕਣ ਦੀ ਸਮਰਥਾ ਆਦਿ ਗੁਣ ਲਾਜ਼ਮੀ ਤੌਰ 'ਤੇ ਕਰਾਰ ਦਿੱਤੇ।
2. ਗੱਦੀ ਪ੍ਰਾਪਤ ਕਰਨ ਵਾਲੇ ਵਿਅਕਤੀ ਵਿਚ ਦਾਤਾ-ਗੁਰੂ ਵਾਲੀ ਜੋਤ, ਜੁਗਤ ਤੇ ਨਾਮ-ਕਲਾ ਪੂਰਨ ਤੌਰ 'ਤੇ ਵਰਤੇ।
3. ਅੱਗੋਂ ਗੱਦੀ ਪ੍ਰਦਾਨ ਕਰਨ ਵਾਸਤੇ ਸਿੱਖਾਂ ਪੁੱਤਰਾਂ ਨੂੰ ਘੋਖਣ ਤੇ ਸੁਯੋਗ ਵਿਅਕਤੀ ਦੀ ਚੋਣ ਕਰਨ ਦੀ ਸਮਰੱਥਾ ਹੋਵੇ।

ਨਿਰੰਕਾਰੀ ਗੁਰ-ਪ੍ਰਣਾਲੀ ਵਿਚ ਕਾਇਆਂ ਪਲਟਣ ਦਾ ਇਹ ਪਹਿਲਾ ਮੌਕਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰੱਬੀ ਆਗਿਆ ਆਉਣ ਬਾਰੇ 'ਪ੍ਰਾਚੀਨ ਜਨਮ ਸਾਖੀ' ਵਿਚ ਇਉਂ ਲਿਖਿਆ ਹੈ:

> "ਇਕੁ ਦਿਨੁ ਸ੍ਰੀ ਬਾਬੈ ਜੀ ਨੂੰ ਆਗਿਆ ਆਈ, 'ਨਾਨਕ ਜੀ! ਤੂੰ ਮੇਰੇ ਪਾਸੁ ਆਉ ਅਰੁ ਅਪੁਨਾ ਸੇਵਕੁ ਜਗਤੁ ਕੇ ਉਪਦੇਸੁ ਕਰਣੇ ਕਉ ਜਗਤੁ ਬਿਖੈ ਛਡਿ ਆਉ। ਪ੍ਰਮੇਸਰੁ ਕਾ ਨਾਉ ਜਪਾਉਣ ਕਉ ਛਡਿ ਆਉ। ਪਿਛੈ ਸੰਸਾਰੁ ਨੋ ਧਰਮੁ ਦਿੜਾਵੈ।'
> ਸ੍ਰੀ ਬਾਬੈ ਜੀ ਤਿਨਿ ਲੋਇ ਸੋਧੇ। ਜਬਿ ਦੇਖੈ ਤਾਂ ਅੰਗਦੁ ਸਾਰਖਾ ਕੋਈ ਨਾਹੀ। ਬਹੁੜਿ ਆਪੁਨੇ ਸਿਖ ਘੋਖੇ। ਜਬਿ ਦੇਖੈ ਤਾ ਸਿਖ ਭੀ ਐਸਾ ਕੋਈ ਨਾਹੀ। ਬਹੁੜਿ ਪੁਤਾ ਨੋ ਦੇਖਿਆ ਇਨਾ ਨੋ ਵਡਿਆਈ ਦੇਵਾ। ਜਬਿ ਦੇਖੈ ਤਾਂ ਹੋਰਥੇ ਵਡਿਆਈ ਸਮਾਉਣ ਨੋ ਥਾਉ ਨਾਹੀ।" *(ਪ੍ਰਾਚੀਨ ਜਨਮ ਸਾਖੀ, ਪੰਨਾ 312)*

SikhBookClub.com

ਇਸ ਸਮੇਂ ਤਕ ਭਾਈ ਲਹਿਣਾ ਜੀ, ਕਰਤਾਰਪੁਰ ਪੁੱਜ ਕੇ ਗੁਰੂ ਜੀ ਦੀ ਸੇਵਾ ਸੰਭਾਲ ਚੁੱਕੇ ਸਨ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਸੱਤ ਬਚਨ ਸੋ ਮਾਨ ਗੁਰੂ ਢਿਗ ਰਹਿਨੇ ਲਾਗਾ।
ਰਿਦਾ ਹੁਤੋ ਅਤਿ ਸੁਧ ਗਿਆਨ ਝਟ ਭਯੋ ਬਿਲਾਗਾ।
ਤਨ ਮਨ ਧਨ ਕਰ ਸੇਵ, ਗੁਰੂ ਕੀ ਇਨ ਬਹੁ ਕੀਨੀ।
ਕਸਟ ਕਸੌਟੀ ਬਹੁ ਸਹਾਰ, ਪਦਵੀ ਬਡ ਲੀਨੀ।...
ਤਉ ਕਸੌਟੀ ਲਾਇ ਪਰਖ ਕੁੰਦਨ ਜਬ ਲੀਉ।
ਲਾਇਕ ਸਬ ਬਿਧਿ ਪੇਖ, ਤਬੈ ਗੁਰਤਾ ਪਦ ਦੀਓ।
ਲਾਇ ਅੰਗ ਸੋ ਅੰਗ, ਨਾਮ ਤਬ ਅੰਗਦ ਰਖਯੋ।
ਜਯੋਂ ਪਾਰਸ ਛੁਹਿ ਲੋਹ, ਕਨਕ ਹੁਇ ਤਯੋਂ ਇਹੁ ਲਖਿਓ।
ਗਾਦੀ ਪਰ ਬੈਠਾਇ, ਸ੍ਰੀ ਅੰਗਦ ਕੇ ਤਾਂਈ।
ਪੈਸੇ ਪਾਂਚ ਨਲੇਰ ਅਗ੍ਰ ਧਰ ਮਾਥ ਝੁਕਾਈ।

(ਪੰਥ ਪ੍ਰਕਾਸ਼, ਪੰਨਾ ੭੬-੭੭)

ਰਾਇ ਬਲਵੰਡ ਤਥਾ ਸਤੈ ਡੂਮਿ ਨੇ ਆਪਣੀ ਰਾਮਕਲੀ ਕੀ ਵਾਰ ਦੀ ਚੌਥੀ ਪਉੜੀ ਵਿਚ ਇਸ ਪ੍ਰਸੰਗ ਦਾ ਵਰਨਣ ਇਹਨਾਂ ਸ਼ਬਦਾਂ ਵਿਚ ਕੀਤਾ ਹੈ:

ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁੜਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥

(ਪੰਨਾ ੯੬੭)

ਆਪਣੇ ਅੰਗ ਤੋਂ ਪੈਦਾ ਕਰ ਕੇ ਤੇ ਨਿਰੰਕਾਰੀ ਜੋਤ-ਜੁਗਤ ਦਾ ਪ੍ਰਵੇਸ਼ ਲਹਿਣੇ ਵਿਚ ਕਰ ਕੇ, ਉਹਨਾਂ ਨੂੰ ਗੁਰੂ ਅੰਗਦ ਬਣਾ ਦਿੱਤਾ ਅਤੇ ਆਪ 22 ਸਤੰਬਰ, 1539 ਈਸਵੀ ਨੂੰ ਜੋਤੀ ਜੋਤ ਸਮਾ ਗਏ।

ਗੁਰ-ਗੱਦੀ ਦੀ ਮਹਾਨ ਜ਼ਿੰਮੇਵਾਰੀ 12 ਸਾਲ 9 ਮਹੀਨੇ ਤੇ 17 ਦਿਨ ਜਿਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਿਭਾਈ, ਉਹ ਆਪਣੀ ਮਿਸਾਲ ਆਪ ਹੈ। ਸੱਤੇ ਬਲਵੰਡ ਦੀ ਵਾਰ ਜਿਸ ਵਿਚ ਪਹਿਲੇ ਪੰਜ ਗੁਰੂ ਸਾਹਿਬਾਂ ਦਾ ਸੰਖੇਪ ਉਪਮਾ ਦਾ ਵਰਨਣ ਆਉਂਦਾ ਹੈ, ਦੀਆਂ ਅੱਠ ਪਉੜੀਆਂ ਵਿਚੋਂ ਚਾਰ ਪਉੜੀਆਂ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਤੀ ਸਮਰਪਿਤ ਹਨ, ਜਿਹਨਾਂ ਦਾ ਆਰੰਭ ਹੇਠ ਲਿਖੀਆਂ ਤੁਕਾਂ ਤੋਂ ਹੁੰਦਾ ਹੈ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤ੍ਰ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਪੈਰਿ ਦਬਟੀਐ॥

SikhBookClub.com

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

(ਪੰਨਾ ੯੬੬-੬੭)

ਇਨ੍ਹਾਂ ਪਉੜੀਆਂ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵਿਅਕਤਿਤਵ ਵਿਚੋਂ ਹੇਠ ਲਿਖੇ ਤੱਥਾਂ ਦੀ ਇਤਿਹਾਸਕ ਗਵਾਹੀ ਮਿਲਦੀ ਹੈ:

1. ਗੁਰੂ ਅੰਗਦ ਦੇਵ ਜੀ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤ ਤੇ ਜੁਗਤ ਵਰਤ ਰਹੀ ਸੀ, ਕੇਵਲ ਸਰੀਰਕ ਜਾਮੇ ਦੀ ਹੀ ਤਬਦੀਲੀ ਹੋਈ ਸੀ।
2. ਗੁਰੂ ਅੰਗਦ ਦੇਵ ਜੀ ਨੇ ਆਪਣੇ ਸਮੇਂ ਵਿਚ ਉਹੋ ਕਾਰਜ ਕੀਤੇ, ਜਿਹੜੇ ਤੇ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਏ ਸਨ।
3. ਆਪਦਾ ਚਲਾਇਆ ਅਤੁੱਟ ਤੇ ਅਖੁੱਟ, 'ਗੁਰ ਸਬਦ' ਦਾ ਆਤਮਕ ਲੰਗਰ ਨਿਰੰਤਰ ਚਲਦਾ ਸੀ, ਜਿਸ ਰਾਹੀਂ ਸਿੱਖਾਂ ਦੇ ਜੰਗਾਲੇ ਹੋਏ ਮਨ ਸਿਕਲ ਹੋ ਕੇ ਲਸ਼ਕ ਪੈਂਦੇ ਸਨ।
4. ਗੁਰੂ ਅੰਗਦ ਦੇਵ ਜੀ ਜੋ ਕੁਝ ਚਿਤਵਦੇ ਤੇ ਕਰਦੇ ਸਨ, ਉਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਸੀ।
5. ਗੁਰੂ ਅੰਗਦ ਦੇਵ ਜੀ ਦੀ ਪਵਿੱਤਰ ਕਰਨੀ, ਜੀਅ-ਦਾਨ, ਪਰਉਪਕਾਰ ਤੇ ਉੱਚਤਾ ਦਾ ਜਸ ਸਾਰੇ ਸੰਸਾਰ ਵਿਚ ਫੈਲ ਗਿਆ, ਜਿਵੇਂ ਕਿ 'ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ' ਤੁਕ ਤੋਂ ਸਪੱਸ਼ਟ ਹੁੰਦਾ ਹੈ।
6. ਗੁਰੂ ਜੀ ਦੇ ਲੰਗਰ ਵਿਚ ਅੰਮ੍ਰਿਤ ਰਸ ਭਰਪੂਰ ਘਿਓ ਵਾਲੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪ ਸੇਵਾ ਦਾ ਰੂਪ ਹੋਏ ਹੋਏ ਸਨ, ਜਿਨ੍ਹਾਂ ਦੇ ਉਪਕਾਰੀ ਕਰਤਵਾਂ ਤੋਂ ਸਾਰੇ ਸਿੱਖ ਸੇਵਕ ਵਰੋਸਾਏ ਜਾਂਦੇ ਸਨ।
7. ਖਡੂਰ ਨਗਰ ਵਿਚ ਗੁਰੂ ਅੰਗਦ ਦੇਵ ਜੀ ਦੀ ਜਗਮਗ ਜਗ ਰਹੀ ਜੋਤ ਤੋਂ ਤਪਤ ਹਿਰਦਿਆਂ ਨੂੰ ਸੁਖ ਤੇ ਸ਼ਾਂਤੀ ਦੇਣ ਵਾਲਾ 'ਕੁਦਰਤੀ ਨੂਰ' ਵਰ੍ਹ ਰਿਹਾ ਸੀ ਜਿਵੇਂ ਕਿ:

ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ॥
ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ॥
ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ॥

(ਪੰਨਾ ੯੬੭)

ਏਸੇ ਤਰ੍ਹਾਂ ਕਲ ਸਹਾਰ ਤੇ ਟਲ ਨਾਮੀ ਭੱਟਾਂ ਨੇ ਆਪਣੇ ਉਚਾਰੇ ਹੋਏ ਦਸ ਸਵੱਈਆਂ ਵਿਚ ਸਤਿਗੁਰੂ ਅੰਗਦ ਦੇਵ ਜੀ ਬਾਰੇ ਆਪਣੀ ਸ਼ਰਧਾ ਦਰਸਾਉਂਦਿਆਂ ਹੋਇਆਂ ਫ਼ੁਰਮਾਇਆ ਹੈ:

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ
ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ ਗੁਰੁ ਪਰਸਿ ਮੁਰਾਰਿ॥...
ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥

SikhBookClub.com

ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥

(ਪੰਨਾ ੧੩੯੨)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਕੀ ਗੁਰੂ ਸਾਹਿਬਾਂ ਦੇ ਟਾਕਰੇ ਤੇ ਅਕਾਰ ਵਿਚ ਸਭ ਨਾਲੋਂ ਘੱਟ ਹੈ। ਆਪ ਜੀ ਨੇ ਕੁੱਲ 63 ਸ਼ਲੋਕ ਉਚਾਰਨ ਕੀਤੇ ਹਨ, ਜਿਨ੍ਹਾਂ ਵਿਚ ਅਕਾਲ ਪੁਰਖ ਦੀ ਸਿਫਤ, ਗੁਰੂ ਦੀ ਮਹਿਮਾ, ਹਉਮੈ ਦਾ ਖੰਡਨ, ਸੱਚੀ ਆਸ਼ਕੀ, ਸੱਚੀ ਸੇਵਾ, ਗੁਰਮੁਖ ਤੇ ਮਨਮੁਖ ਦਾ ਫਰਕ, ਸੱਚੀ ਚਾਕਰੀ, ਤੇ ਫਿੱਕਾ ਨਾ ਬੋਲਣ ਆਦਿ ਵਿਸ਼ਿਆਂ ਸੰਬੰਧੀ ਅਮੋਲਕ ਉਪਦੇਸ਼ ਭਰੇ ਹੋਏ ਹਨ। ਆਪ ਦੀ ਰਚਨਾ ਵਿਚ ਬਿਆਨ ਦੀ ਰਵਾਨੀ, ਵਿਚਾਰਾਂ ਦੀ ਸਪੱਸ਼ਟਤਾ, ਜਜ਼ਬੇ ਦੀ ਤੀਬਰਤਾ, ਸ਼ਬਦਾਂ ਦਾ ਸੰਜਮ ਤੇ ਸੂਤਰਾਂ ਵਾਂਗ ਸੰਖੇਪਤਾ ਤੇ ਨਿੱਗਰਤਾ ਹੈ। ਆਪ ਦੇ ਸ਼ਲੋਕਾਂ ਦੀ ਵੰਨਗੀ ਇਸ ਪ੍ਰਕਾਰ ਹੈ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

(ਪੰਨਾ ੮੩)

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਪੰਨਾ ੧੨੩੭)

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

(ਪੰਨਾ ੧੨੩੯)

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥

(ਪੰਨਾ ੧੨੯੦)

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥
ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥

(ਪੰਨਾ ੪੭੫)

ਇਤਿਹਾਸਕ ਤੌਰ 'ਤੇ ਆਪ ਨੇ ਖਡੂਰ ਵਿਚ ਰਹਿੰਦਿਆਂ ਕਈ ਕੌਤਕ ਵਰਤਾਏ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਵਿਚੋਂ ਅਨਪੜ੍ਹਤਾ ਦੂਰ ਕਰਨ ਤੇ ਗੁਰੂ-ਗਿਆਨ ਨੂੰ ਸਮਝ ਸਕਣ ਲਈ ਗੁਰਮੁਖੀ ਅੱਖਰਾਂ ਵਿਚ ਵਿਦਿਆ ਪ੍ਰਚਾਰਨੀ ਸ਼ੁਰੂ ਕੀਤੀ। ਸਿੱਖਾਂ ਨੂੰ ਪੌਸ਼ਟਿਕ ਖੁਰਾਕ ਖੁਆ ਕੇ ਕਰਸਤ ਕਰਨ ਤੇ ਇਉਂ ਸਰੀਰਕ ਨਿਤਾਣਪੁਣਾ ਦੂਰ ਕਰਨ ਦੀ ਪ੍ਰਪਾਟੀ ਤੋਰੀ। ਆਪ ਦੀ ਇਸ ਯਾਦ ਵਿਚ ਖਡੂਰ ਵਿਚ ਗੁਰਦੁਆਰਾ ਮੱਲ ਅਖਾੜਾ ਵਿਦਮਾਨ ਹੈ। ਗੁਰਦੁਆਰਾ

SikhBookClub.com

ਤਪਿਆਣਾ ਸਾਹਿਬ ਤੇ ਗੁਰਦੁਆਰਾ ਮਾਈ ਭਰਾਈ, ਆਪ ਦੀ ਯਾਦਗਾਰੀ ਘਾਲਣਾ ਪ੍ਰਗਟ ਕਰਨ ਵਾਲੇ ਅਸਥਾਨ ਹਨ। ਇਉਂ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਸਿੱਖੀ ਦੀ ਲਹਿਰ ਨੂੰ ਸਰੀਰਕ, ਭਾਈਚਾਰਕ, ਆਤਮਕ ਤੇ ਪਰਮਾਤਕ ਤੌਰ 'ਤੇ ਬਲਵਾਨ ਤੇ ਜਥੇਬੰਦ ਕਰਕੇ ਸ਼ਕਤੀਸ਼ਾਲੀ ਬਣਾਉਣ ਵਿਚ ਆਪ ਨੇ ਵਿਸ਼ੇਸ਼ ਹਿੱਸਾ ਪਾਇਆ। ਨਗਰ ਖਡੂਰ ਜ਼ਿਲ੍ਹਾ ਅੰਮ੍ਰਿਤਸਰ ਦੀ ਧਰਤੀ ਦਾ ਇਕ ਇਕ ਕਣ ਆਪ ਦੀ ਪਵਿੱਤਰ ਚਰਨ-ਛੂਹ ਪ੍ਰਾਪਤ ਕਰ ਕੇ ਰਹਿੰਦੀ ਦੁਨੀਆਂ ਤਕ ਗੁਰੂ ਜੀ ਦੀ ਉੱਚਤਾ ਪਵਿੱਤਰਤਾ ਤੇ ਪ੍ਰਾਗਲਭਤਾ ਦਾ ਪ੍ਰਤੀਕ ਬਣ ਕੇ ਆਪ ਦੀ ਉਪਕਾਰੀ ਤੇ ਮਿੱਠੀ ਯਾਦ ਨੂੰ ਸੰਭਾਲੀ ਬੈਠਾ ਹੈ।

(4/1974)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਇਤਿਹਾਸਕ ਦੇਣ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਚੁਣਨਾ ਇਕ ਬਹੁਤ ਵਿਸ਼ੇਸ਼ ਤੇ ਦੀਰਘ ਦ੍ਰਿਸ਼ਟੀ ਵਾਲਾ ਕਰਤੱਵ ਸੀ। ਗੁਰੂ ਅੰਗਦ ਨੂੰ ਗੁਰ-ਗੱਦੀ ਦੇਣ ਦਾ ਭਾਵ ਆਪਣੇ ਸਿੱਖਾਂ ਦੀ ਅਗਵਾਈ ਜਾਰੀ ਰੱਖਣਾ ਸੀ।

ਸ੍ਰੀ ਗੁਰੂ ਅੰਗਦ ਜੀ ਦਾ ਪਹਿਲਾ ਨਾਂ ਲਹਿਣਾ ਜੀ ਸੀ। ਆਪ 1504 ਈ. ਵਿਚ ਭਾਈ ਫੇਰੂ ਦੇ ਘਰ ਪਿੰਡ ਮੱਤੇ ਦੀ ਸਰਾਏ ਵਿਚ ਜਨਮੇ। ਪੈਂਤੀ ਸਾਲ ਦੀ ਅਵਸਥਾ ਵਿਚ ਗੁਰੂ ਬਣੇ ਤੇ ਤੇਰ੍ਹਾਂ ਸਾਲ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੀ ਅਗਵਾਈ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਭ ਤੋਂ ਵੱਡਾ ਕੰਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸੁਰੱਖਿਅਤ ਕਰਨਾ ਸੀ। ਪੁਰਾਤਨ ਜਨਮ ਸਾਖੀ ਵਿਚ ਲਿਖਿਆ, "ਤਿਤੁ ਮਹਲਿ ਜੋ ਸ਼ਬਦ ਹੋਆ ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ"। ਗੁਰੂ ਨਾਨਕ ਦੀ ਬਾਣੀ ਗੁਰੂ ਅੰਗਦ ਨੂੰ ਮਿਲਣ ਦੀ ਪੁਸ਼ਟੀ ਆਸਾ ਜੀ ਦੀ ਵਾਰ ਵਿਚ ਦਿੱਤੇ ਗੁਰੂ ਅੰਗਦ ਜੀ ਦੇ ਸਲੋਕਾਂ ਤੋਂ ਹੁੰਦੀ ਹੈ। ਪਉੜੀਆਂ ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਹਨ ਤੇ ਕਿਧਰੇ ਸਲੋਕ ਗੁਰੂ ਅੰਗਦ ਦੇ ਹਨ ਜੋ ਪਉੜੀਆਂ ਦਾ ਭਾਵ ਹੀ ਦਰਸਾਉਂਦੇ ਹਨ। ਜਿਵੇਂ ਕਿ ਆਸਾ ਜੀ ਦੀ ਵਾਰ ਵਿਚ ਬਾਈਵੀਂ ਪਉੜੀ ਤੇ ਸਲੋਕ ਹੈ:

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥ *(ਪੰਨਾ ੪੭੪)*

ਇਸ ਸਲੋਕ ਦੇ ਨਾਲ ਅੱਗੇ ਪਉੜੀ ਗੁਰੂ ਨਾਨਕ ਸਾਹਿਬ ਦੀ ਹੈ:

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥
ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥ *(ਪੰਨਾ ੪੭੪)*

ਸ੍ਰੀ ਗੁਰੂ ਅੰਗਦ ਦੇਵ ਨੇ ਗੁਰਮੁਖੀ ਲਿੱਪੀ ਦਾ ਪ੍ਰਚਾਰ ਕੀਤਾ। ਪੰਜਾਬ ਦੇ ਅੱਡ-ਅੱਡ

SikhBookClub.com

ਇਲਾਕਿਆਂ ਵਿਚ ਪ੍ਰਚੱਲਤ ਲਿਪੀਆਂ ਜਿਵੇਂ ਸ਼ਾਰਦਾ, ਲੰਡੇ, ਟਾਕਰੇ ਆਦਿ ਸਨ, ਵਿਚੋਂ ਸਵਰ ਤੇ ਵਿਅੰਜਨ ਲਾ ਕੇ ਇਕ ਮੁਕੰਮਲ ਲਿੱਪੀ ਦੀ ਵਰਤੋਂ ਕੀਤੀ ਤੇ ਇਸ ਦੇ ਪ੍ਰਯੋਗ ਦਾ ਪ੍ਰਚਾਰ ਸਿੱਖਾਂ ਵਿਚ ਕੀਤਾ। ਕਿਉਂਕਿ ਇਹ ਲਿੱਪੀ ਪੂਰਨ ਰੂਪ ਵਿਚ ਗੁਰੂ ਅੰਗਦ ਦੇ ਮੁਖ ਤੋਂ ਨਿਕਲੀ ਸੀ ਇਸ ਲਈ ਕੁਝ ਸਮੇਂ ਪਿੱਛੋਂ ਇਸ ਦਾ ਨਾਂ 'ਗੁਰਮੁਖੀ' ਪੈ ਗਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਆਦਰਸ਼ਾਂ ਨੂੰ ਅਮਲੀ ਰੂਪ ਦਿੱਤਾ। ਆਪ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖ ਧਰਮ ਗ੍ਰਹਿਸਥੀਆਂ ਦਾ ਧਰਮ ਹੈ, ਉਦਾਸੀਆਂ, ਸੰਨਿਆਸੀਆਂ ਆਦਿ ਦਾ ਨਹੀਂ। ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖਿਆ ਜਿਸ ਨਾਲ ਜਾਤ-ਪਾਤ ਦੀ ਨਿਖੇਧੀ ਤੇ ਛੂਤ-ਛਾਤ ਦਾ ਖੰਡਨ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਬਾਰੇ ਬਲਵੰਡ ਨੇ ਇਸ ਤਰ੍ਹਾਂ ਲਿਖਿਆ ਹੈ:

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ *(ਪੰਨਾ ੯੬੭)*

ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ 1479 ਈਸਵੀ ਪਿੰਡ ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ। 24 ਸਾਲ ਦੀ ਉਮਰ ਵਿਚ ਆਪ ਦੀ ਸ਼ਾਦੀ ਹੋਈ ਤੇ ਆਪ ਦੇ ਚਾਰ ਬੱਚੇ: ਮੋਹਨ ਤੇ ਮੋਹਰੀ—ਦੋ ਪੁੱਤਰ ਅਤੇ ਦੋ ਧੀਆਂ—ਬੀਬੀ ਦਾਨੀ ਤੇ ਬੀਬੀ ਭਾਨੀ। ਆਪਣੀ ਪਹਿਲੀ ਉਮਰ ਵਿਚ ਅਮਰਦਾਸ ਜੀ ਵਿਸ਼ਨੂੰ ਦੇ ਪੁਜਾਰੀ ਸਨ ਤੇ ਹਰ ਸਾਲ ਵੈਸ਼ਨੋ ਦੇਵੀ 'ਤੇ ਜਾਇਆ ਕਰਦੇ ਸਨ। ਇਕਾਹਠ ਸਾਲ ਦੀ ਅਵਸਥਾ ਵਿਚ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤੇ ਬਾਰਾਂ ਸਾਲਾਂ ਦੀ ਸੇਵਾ ਪਿੱਛੋਂ (1552 ਈ.) ਸਿੱਖਾਂ ਦੇ ਤੀਸਰੇ ਗੁਰੂ ਬਣੇ। ਆਪ ਨੇ ਬਾਈ ਸਾਲ ਗੁਰਿਆਈ ਕੀਤੀ ਤੇ 1574 ਈਸਵੀ ਵਿਚ ਜੋਤੀ-ਜੋਤ ਸਮਾਏ।

ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਦਾ ਸਮਾਂ ਸਿੱਖਾਂ ਲਈ ਇਕ ਮੋੜ ਦਾ ਸਮਾਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਦੀ ਅਗਵਾਈ ਥੱਲੇ ਉਦਾਸੀ ਸੰਪਰਦਾ ਦਾ ਵਿਕਾਸ ਹੋ ਰਿਹਾ ਸੀ। ਗੁਰੂ ਅਮਰਦਾਸ ਜੀ ਨੇ ਸਪੱਸ਼ਟ ਤੌਰ 'ਤੇ ਇਹ ਨਿਰਣਾ ਕਰ ਦਿੱਤਾ ਕਿ ਸਿੱਖ ਧਰਮ ਗ੍ਰਹਿਸਥੀਆਂ ਦਾ ਧਰਮ ਹੈ।

ਸ੍ਰੀ ਗੁਰੂ ਅਮਰਦਾਸ ਜੀ ਜਾਣਦੇ ਸਨ ਕਿ ਸਿੱਖੀ ਧਾਰਨ ਕਰਨ ਵਾਲੇ ਵਿਸ਼ੇਸ਼ ਕਰਕੇ ਹਿੰਦੂ ਸਮਾਜ ਵਿਚੋਂ ਆਉਂਦੇ ਸਨ ਤੇ ਹਿੰਦੂਆਂ 'ਤੇ ਨਵੇਂ ਧਰਮ ਦਾ ਬਹੁਤੀ ਦੇਰ ਅਸਰ ਨਹੀਂ ਰਹਿ ਸਕਦਾ ਜਿੰਨਾ ਚਿਰ ਉਨ੍ਹਾਂ ਨੂੰ ਪੁਰਾਣੇ ਸਮਾਜਕ ਢਾਂਚੇ ਵਿਚੋਂ ਬਾਹਰ ਨਾ ਕੱਢਿਆ ਜਾਏ। ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਨਵੇਂ ਸਮਾਜ ਦੀਆਂ ਨਵੀਆਂ ਰੀਤਾਂ ਦਾ ਨਿਰਮਾਣ ਕੀਤਾ। ਉਨ੍ਹਾਂ ਉਪਦੇਸ਼ ਦਿੱਤਾ ਕਿ ਸਿੱਖ ਜਨਮ, ਵਿਆਹ ਤੇ ਮੌਤ ਸਮੇਂ ਹਿੰਦੂ ਰਹੁ-ਰੀਤਾਂ ਦਾ ਪ੍ਰਯੋਗ ਕਰਨ ਦੀ ਥਾਂ ਗੁਰਬਾਣੀ ਦਾ ਪਾਠ ਕਰਿਆ ਕਰਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਬਿਆਸ ਦਰਿਆ ਕੰਢੇ ਗੋਇੰਦਵਾਲ ਸਾਹਿਬ ਵਸਾਇਆ ਤੇ ਇਸ ਵਿਚ ਇਕ ਬਉਲੀ ਬਣਾਈ। ਇਸ ਬਉਲੀ ਦੇ ਬਨਾਉਣ ਨਾਲ ਸਿੱਖਾਂ ਦਾ ਇਕ ਨਵਾਂ ਤੀਰਥ ਅਸਥਾਨ ਬਣ ਗਿਆ। ਪਹਿਲਾਂ ਸਿੱਖ ਹਿੰਦੂਆਂ ਦੇ ਤੀਰਥ ਹਰਿਦੁਆਰ, ਬਨਾਰਸ, ਪਰਿਆਗ ਆਦਿ ਜਾਂਦੇ ਪਰ ਹੁਣ ਸ੍ਰੀ ਗੋਇੰਦਵਾਲ ਦੇ ਦਰਸ਼ਨਾਂ ਨੂੰ ਜਾਣ ਲੱਗ ਪਏ।

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਪ੍ਰਥਾ ਨੂੰ ਬੜੀ ਦ੍ਰਿੜ੍ਹਤਾ ਨਾਲ ਜਾਰੀ ਰੱਖਿਆ। ਹਰ ਸਿੱਖ ਲਈ ਲੰਗਰ ਵਿਚ ਜਾਣਾ ਜ਼ਰੂਰੀ ਸੀ। ਲੰਗਰ ਵਿਚ ਪ੍ਰਸ਼ਾਦ ਛਕਣ ਦਾ ਭਾਵ ਨੀਚ ਜਾਤ ਤੇ ਉੱਚੀ ਜਾਤ ਵਾਲੇ ਲੋਕਾਂ ਨਾਲ ਇਕ ਪੰਗਤ ਵਿਚ ਬੈਠ ਕੇ ਰੋਟੀ ਖਾਣਾ ਸੀ। ਲੰਗਰ ਵਿਚ ਪ੍ਰਸ਼ਾਦ ਛਕਣ ਨਾਲ ਜਾਤ-ਪਾਤ ਦੇ ਭਰਮ ਦੂਰ ਹੁੰਦੇ ਸਨ ਤੇ ਛੂਤ-ਛਾਤ ਦਾ ਵਹਿਮ ਮਿਟਦਾ ਸੀ। ਇਸ ਲਈ ਲੰਗਰ ਸਿੱਖੀ ਪ੍ਰਚਾਰ ਦਾ ਇਕ ਵੱਡਾ ਸਾਧਨ ਸੀ। ਆਰਥਕ ਤੌਰ 'ਤੇ ਵੀ ਰੋਟੀ ਦਾ ਹੀ ਉਨ੍ਹਾਂ ਦਿਨਾਂ ਵਿਚ ਵੱਡਾ ਮਸਲਾ ਸੀ, ਕਪੜੇ ਜਾਂ ਰਹਿਣ ਦੀ ਥਾਂ ਦੀ ਕੋਈ ਵਿਸ਼ੇਸ਼ ਸਮੱਸਿਆ ਨਹੀਂ ਸੀ। ਲੰਗਰ ਨਾਲ ਸਿੱਖੀ ਦਾ ਪ੍ਰਚਾਰ ਤੇ ਜਾਤ-ਪਾਤ ਵਿਰੁੱਧ ਨਵੇਂ ਸਮਾਜ ਦਾ ਨਿਰਮਾਣ ਹੁੰਦਾ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਅਸਥਾਪਤ ਕੀਤੀਆਂ ਇਸ ਦਾ ਭਾਵ ਬਾਈ ਪ੍ਰਚਾਰਕ ਨੀਅਤ ਕਰਨਾ ਸੀ ਜੋ ਦੂਰ ਦੂਰ ਦੇਸ਼ ਵਿਚ ਜਾ ਕੇ ਸਿੱਖੀ ਦਾ ਪਸਾਰਾ ਕਰਨ। ਸਿੱਖੀ ਪ੍ਰਚਾਰ ਲਈ ਇਹ ਜੋ ਬਾਈ ਪ੍ਰਚਾਰਕ ਨੀਅਤ ਹੋਏ ਇਨ੍ਹਾਂ ਦੇ ਨਾਂ ਸੁਨਹਿਰੀ ਪੱਤਰੇ 'ਤੇ ਉਕਰੇ ਹੋਏ ਹੁਣ ਤਕ ਮਿਲਦੇ ਹਨ। ਇਹ ਨਾਮ ਇਸ ਤਰ੍ਹਾਂ ਹਨ: ਅਲਾਯਾਰ, ਸਚਨ ਸੱਚ, ਸਾਧਾਰਣ, ਸਾਵਣਮਲ, ਸੁਖਣ, ਹੰਦਾਲ, ਕੇਦਾਰੀ, ਖੇਡਾ, ਰੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਈ ਦਾਸ, ਆਣਕ ਚੰਦ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗ ਦਾਸ, ਲਾਲੋ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਵੀ ਹੁਕਮ ਦਿੱਤਾ ਸੀ ਕਿ ਸਭ ਸੰਗਤਾਂ ਤਿੰਨ ਸਮਿਆਂ 'ਤੇ ਵਿਸਾਖੀ, ਦਿਵਾਲੀ ਤੇ ਮਾਘੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਆਇਆ ਕਰਨ। ਇਨ੍ਹਾਂ ਤਿੰਨ ਮੇਲਿਆਂ ਦਾ ਪ੍ਰਯੋਜਨ ਇਹ ਸੀ ਕਿ ਸਿੱਖ ਜਦੋਂ ਗੋਇੰਦਵਾਲ ਆਉਣ, ਉਨ੍ਹਾਂ ਦਾ ਤੇ ਗੁਰੂ ਜੀ ਦਾ ਪਰਸਪਰ ਸੰਪਰਕ ਬਣਿਆ ਰਹੇ ਤੇ ਸਿੱਖਾਂ ਦੇ ਸ਼ੰਕੇ ਦੂਰ ਹੁੰਦੇ ਰਹਿਣ। ਇਸ ਤਰ੍ਹਾਂ ਕਰਨ ਨਾਲ ਸਿੱਖਾਂ ਵਿਚ ਪਰਸਪਰ ਪਿਆਰ ਤੇ ਏਕਤਾ ਵਿਚ ਵਾਧਾ ਹੋਇਆ। ਉਨ੍ਹਾਂ ਨੂੰ ਅਨੁਭਵ ਹੋਣ ਲੱਗਾ ਕਿ ਉਹ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਵੱਖਰੇ ਹਨ, ਉਨ੍ਹਾਂ ਦੇ ਧਰਮ ਅਸਥਾਨ ਵੱਖਰੇ ਹਨ ਤੇ ਉਨ੍ਹਾਂ ਦੇ ਮੇਲੇ ਵੱਖਰੇ ਹਨ।

ਗੁਰੂ ਜੀ ਨੇ ਸਮਾਜਕ ਸੁਧਾਰ ਦਾ ਬੀੜਾ ਚੁੱਕਿਆ। ਰਾਜਾ ਹਰੀ ਚੰਦ ਹੰਡੂਰ (ਨਵੀਨ ਨਾਲਾਗੜ੍ਹ) ਆਪਣੀਆਂ ਰਾਣੀਆਂ ਸਮੇਤ ਗੋਇੰਦਵਾਲ ਸਾਹਿਬ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਹਰੀ ਚੰਦ ਨਾਲ ਰਾਣੀਆਂ ਤੇ ਹੋਰ ਇਸਤਰੀਆਂ ਨੇ ਪਰਦੇ ਕੀਤੇ ਹੋਏ ਸਨ। ਗੁਰੂ ਜੀ ਨੇ ਹੁਕਮ ਦਿੱਤਾ ਜਿਸ ਨੇ ਸੰਗਤ ਵਿਚ ਆਉਣਾ ਹੈ ਉਹ ਪਰਦਿਆਂ ਨਾਲ ਨਹੀਂ ਆ ਸਕਦਾ। ਇਸ ਤਰ੍ਹਾਂ ਸਿੱਖਾਂ ਵਿਚ ਇਸਤਰੀਆਂ ਦੇ ਪਰਦੇ ਦੇ ਰਿਵਾਜ ਨੂੰ ਦੂਰ ਕੀਤਾ। ਗੁਰੂ ਸਾਹਿਬ ਵੇਲੇ ਇਸਤਰੀਆਂ ਆਪਣੇ ਮੋਏ ਪਤੀ ਨਾਲ ਹੀ ਜਿਉਂਦੀਆਂ ਸੜ ਜਾਂਦੀਆਂ ਸਨ। ਗੁਰੂ ਸਾਹਿਬ ਨੇ ਇਸ ਭੈੜੀ ਰਸਮ ਨੂੰ ਵੀ ਰੋਕਿਆ ਤੇ ਇਸ ਦੇ ਵਿਰੁੱਧ ਆਵਾਜ਼ ਉਠਾਈ। ਗੁਰੂ ਜੀ ਨੇ ਕਿਹਾ:

ਸਲੋਕੁ ਮਃ ੩ ॥
ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥
ਮਃ ੩ ॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥੨॥ (ਪੰਨਾ ੭੮੭)

(9/1994)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਬਾਰੇ ਜਦੋਂ ਵੱਖ-ਵੱਖ ਵਿਦਵਾਨਾਂ ਦੀਆਂ ਵੱਖ-ਵੱਖ ਪੁਸਤਕਾਂ ਦਾ ਅਧਿਐਨ ਕੀਤਾ ਤਾਂ ਹੈਰਾਨੀ ਹੋਈ ਕਿ ਗੁਰੂ ਸਾਹਿਬ ਦੀ ਥੋੜ੍ਹੀ ਜਿਹੀ ਬਾਣੀ ਜੋ ਸਲੋਕਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹੈ, ਉਥੇ ਬਾਰੇ ਵੀ ਵਿਦਵਾਨ ਇਕ ਮੱਤ ਨਹੀਂ। ਕੁਝ ਵਿਦਵਾਨਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਦੀ ਗਿਣਤੀ 62 ਲਿਖੀ ਹੈ ਅਤੇ ਕਈਆਂ ਨੇ ਇਹ ਗਿਣਤੀ 63 ਦੱਸੀ ਹੈ। ਇਸ ਇਕ ਸਲੋਕ ਦਾ ਭੁਲੇਖਾ ਕਿਥੇ ਅਤੇ ਕਿਸ ਤਰ੍ਹਾਂ ਪਿਆ। ਕਾਫ਼ੀ ਮਿਹਨਤ ਤੋਂ ਬਾਅਦ ਇਹ ਪਤਾ ਲੱਗਾ ਕਿ ਆਸਾ ਦੀ ਵਾਰ ਵਿਚ ਕਈ ਵਿਦਵਾਨ 14 ਸਲੋਕ ਗਿਣਦੇ ਹਨ ਅਤੇ ਕੁਝ ਪੰਦਰਾਂ, ਜਦ ਕਿ ਹਕੀਕਤ ਵਿਚ ਪੰਦਰਾਂ ਹੀ ਹਨ।

ਫਿਰ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਕਿਹੜੇ ਸਲੋਕ ਬਾਰੇ ਭੁਲੇਖਾ ਹੈ। ਆਸਾ ਦੀ ਵਾਰ ਦੇ ਸਾਰੇ ਸਲੋਕਾਂ ਨੂੰ ਸਿਲਸਿਲੇ ਵਾਰ ਪੜ੍ਹਨ ਤੋਂ ਬਾਅਦ ਪਤਾ ਚਲਿਆ ਕਿ:

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥

(ਪੰਨਾ ੪੭੪)

ਵਾਲੇ ਸਲੋਕ ਬਾਰੇ ਭੁਲੇਖਾ ਪਿਆ ਹੈ। ਇਹ ਉਪਰ ਲਿਖਿਆ ਸਲੋਕ ਕੁਝ ਵਿਦਵਾਨਾਂ ਨੇ ਮ: ੧ ਕਰਕੇ ਸਮਝਿਆ ਹੈ ਅਤੇ ਬਾਕੀਆਂ ਨੇ ਮ: ੨ ਕਰਕੇ। ਇਥੇ ਹੀ ਫ਼ਰਕ ਹੈ। ਹਕੀਕਤ ਵਿਚ ਇਹ ਸਲੋਕ ਮ: ੨ ਦਾ, ਭਾਵ ਗੁਰੂ ਅੰਗਦ ਦੇਵ ਜੀ ਦਾ ਹੀ ਹੈ।

ਫਿਰ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਕਿਹੜੇ ਵਿਦਵਾਨ ਦੀ ਕਿਹੜੀ ਪੁਸਤਕ ਵਿਚ ਇਹ ਫ਼ਰਕ ਹੈ। ਪਹਿਲਾਂ ਉਨ੍ਹਾਂ ਪੁਸਤਕਾਂ ਅਤੇ ਲਿਖਾਰੀਆਂ ਦੇ ਨਾਮ ਹਨ, ਜਿਨ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ 62 ਸਲੋਕ ਹੋਣ ਬਾਰੇ ਲਿਖਿਆ ਹੈ:

1. ਡਾ· ਤਾਰਨ ਸਿੰਘ ਵਲੋਂ ਲਿਖੀ ਪੁਸਤਕ 'ਗੁਰੂ ਅੰਗਦ ਦੇਵ ਜੀ' ਦੇ ਪੰਨਾ ਨੰ: ੩੯ ਉੱਪਰ ਉਹ 62 ਸਲੋਕਾਂ ਦਾ ਜ਼ਿਕਰ ਕਰਦੇ ਹਨ। ਆਪਣੀ ਇਸੇ ਪੁਸਤਕ ਦੇ ਪੰਨਾ ਨੰ: 50 ਉੱਪਰ 'ਜੋ ਜੀਇ ਹੋਇ ਸੁ ਉਗਵੈ.....' ਵਾਲੇ ਸਲੋਕ ਨੂੰ ਮ: ੧ ਦਾ ਮੰਨਦੇ ਹਨ।

2. ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੀ 'ਗੁਰੂ ਗ੍ਰੰਥ ਰਤਨਾਵਲੀ' ਦੇ ਪੰਨਾ ਨੰ: 14 ਉੱਪਰ 62 ਸਲੋਕਾਂ ਦੀ ਸਾਰਣੀ ਬਣੀ ਹੈ। ਇਸ ਵਿਚ ਵੀ ਆਸਾ ਦੀ ਵਾਰ ਦੇ 14 ਸਲੋਕ ਮ: ੨ ਦੇ ਦੱਸੇ ਹਨ।

3. ਡਾ· ਬਿਕਰਮ ਸਿੰਘ ਆਪਣੀ ਪੁਸਤਕ 'ਆਸਾ ਦੀ ਵਾਰ ਇਕ ਸਾਹਿਤਕ ਅਧਿਐਨ' ਦੇ ਸਫ਼ਾ 102 ਉੱਪਰ 'ਜੋ ਜੀਇ ਹੋਇ ਸੁ ਉਗਵੈ.....' ਵਾਲੇ ਸਲੋਕ ਨੂੰ ਮ: ੧ ਦਾ ਮੰਨਦੇ ਹਨ।

SikhBookClub.com

ਉਹ ਆਪਣੀ ਦੂਸਰੀ ਪੁਸਤਕ 'ਚਿੰਤਨ ਅਤੇ ਕਲਾ' ਵਿਚ ਵੀ ਉਪਰੋਕਤ ਸਲੋਕ ਨੂੰ ਮ: ੧ ਦਾ ਮੰਨਦੇ ਹਨ।

4. ਸ਼ੁੱਧ ਗੁਰਬਾਣੀ ਟ੍ਰਸਟ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰ: ੪੭੭ ਉੱਪਰ ਵੀ ਇਸ ਸਲੋਕ ਨੂੰ ਮ: ੧ ਦਾ ਲਿਖਿਆ ਹੈ।

ਹੁਣ ਉਨ੍ਹਾਂ ਵਿਦਵਾਨਾਂ ਦੇ ਨਾਮ ਅਤੇ ਪੁਸਤਕਾਂ ਬਾਰੇ ਵਰਨਣ ਹੈ, ਜਿਨ੍ਹਾਂ ਨੇ 'ਜੋ ਜੀਇ ਹੋਇ ਸੁ ਉਗਵੈ.....' ਵਾਲੇ ਸਲੋਕ ਨੂੰ ਮ: ੨ ਦਾ ਲਿਖਿਆ ਹੈ।

1. ਪ੍ਰੋ· ਪ੍ਰੀਤਮ ਸਿੰਘ ਜੀ ਦੀ ਪੁਸਤਕ 'ਬਾਣੀ ਗੁਰੂ ਅੰਗਦ ਸਾਹਿਬ' ਸਟੀਕ ਦੇ ਸਫ਼ਾ 80 ਉੱਪਰ ਉਪਰੋਕਤ ਸਲੋਕ ਨੂੰ ਮ: ੨ ਲਿਖਿਆ ਹੈ।

2. ਗਿਆਨੀ ਹਰਬੰਸ ਸਿੰਘ ਆਪਣੀ ਪੁਸਤਕ 'ਆਸਾ ਕੀ ਵਾਰ ਨਿਰਣਯ' ਦੇ ਸਫ਼ਾ 306 ਉੱਪਰ ਇਸ ਸਲੋਕ ਨੂੰ ਮ: ੨ ਲਿਖਿਆ ਹੈ। ਆਪ ਆਪਣੀ ਪੁਸਤਕ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੇ ਸਟੀਕ ਤੁਲਨਾਤਮਿਕ ਅਧਿਐਨ' ਵਿਚ ਵੀ ਇਸ ਸਲੋਕ ਨੂੰ ਮ: ੨ ਲਿਖਦੇ ਹਨ। ਇਹ ਉਨ੍ਹਾਂ ਦੀ ਛੇਵੀਂ ਪੋਥੀ ਦੇ ਸਫ਼ਾ ੨੭੦ 'ਤੇ ਅੰਕਿਤ ਹੈ।

3. ਸੁਆਮੀ ਆਨੰਦਘਨ ਜੀ ਦੇ ਟੀਕੇ ਵਿਚ ਵੀ ਮ: ੨ ਹੀ ਲਿਖਿਆ ਮਿਲਦਾ ਹੈ। ਇਸ ਟੀਕੇ ਦੀ ਸੰਪਾਦਨਾ ਡਾ. ਰਤਨ ਸਿੰਘ (ਜੱਗੀ) ਨੇ ਕੀਤੀ ਹੈ। ਇਸ ਟੀਕੇ ਦੇ ਸਫ਼ਾ 119 ਉੱਪਰ ਮ: ੨ ਦਰਜ ਹੈ।

4. ਪ੍ਰੋ. ਸਾਹਿਬ ਸਿੰਘ 'ਆਸਾ ਦੀ ਵਾਰ ਸਟੀਕ' ਵਿਚ 'ਜੋ ਜੀਇ ਹੋਇ ਸੁ ਉਗਵੈ.....' ਵਾਲੇ ਸਲੋਕ ਨੂੰ ਮ: ੨ ਦਾ ਲਿਖਦੇ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰੋ· ਸਾਹਿਬ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਜਿਸ ਨੂੰ ਰਾਜ ਪਬਲਿਸ਼ਰਜ਼ ਨੇ ਛਾਪਿਆ ਹੈ, ਉਸ ਦੀ ਪੋਥੀ ਨੰ: 3 ਦੇ ਸਫ਼ਾ ਨੰ: ੬੮੫ ਉੱਪਰ ਇਸੇ ਸਲੋਕ ਨੂੰ ਮ: ੨ ਲਿਖਿਆ ਗਿਆ ਹੈ।

5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮ: ੨ ਹੀ ਠੀਕ ਲਿਖਿਆ ਹੈ।

6. ਮਹਾਨ ਕੋਸ਼ ਦੇ ਕਰਤਾ ਨੇ ਪੰਨਾ ੪੩੭ ਉੱਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ 63 ਸਲੋਕ ਲਿਖੇ ਹਨ।

ਅਖ਼ੀਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਵਾਲੇ ਨਾਲ ਨਿਰਣਾ ਕਰੀਏ ਤਾਂ ਇਥੇ ਪੰਨਾ ੪੭੪ ਉੱਪਰ ਮ: ੨ ਹੀ ਅੰਕਿਤ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੈਸਲੇ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਸਲੋਕਾਂ ਦੀ ਗਿਣਤੀ 63 ਹੀ ਬਣਦੀ ਹੈ।

ਜਿਨ੍ਹਾਂ ਉਪਰੋਕਤ ਵਿਦਵਾਨਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਸਲੋਕਾਂ ਦੀ ਗਿਣਤੀ 62 ਲਿਖੀ ਹੈ, ਉਨ੍ਹਾਂ ਨੂੰ ਇਹ ਦੁਬਾਰਾ ਘੋਖਣਾ ਪਵੇਗਾ ਕਿ ਇਹ ਭੁਲੇਖਾ ਕਿਸ ਤਰ੍ਹਾਂ ਲੱਗਾ।

(4/2004)

SikhBookClub.com

ਬਧਾ ਚਟੀ ਜੋ ਭਰੇ...

ਸਮੁੱਚੀ ਪਾਵਨ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਕਿਸੇ ਨਾ ਕਿਸੇ ਸੰਦਰਭ ਵਿਚ ਅੰਕਿਤ ਹੈ। ਗੁਰਬਾਣੀ ਦੇ ਰਾਗ ਪ੍ਰਬੰਧ, ਅੰਕ ਪ੍ਰਬੰਧ, ਸ਼ਬਦਾਂ, ਛੰਤਾਂ, ਅਸਟਪਦੀਆਂ, ਵਾਰਾਂ ਦੀ ਤਰਤੀਬ ਨੂੰ ਜੇਕਰ ਪ੍ਰਮੁੱਖ ਤੌਰ 'ਤੇ ਦੇਖਿਆ ਜਾਵੇ ਤਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੈਵੀ ਸੰਪਾਦਨ ਕਲਾ ਦੇ ਨਜ਼ਾਰੇ ਪ੍ਰਤੱਖ ਹੁੰਦੇ ਹਨ, ਵਾਰਾਂ ਵਿਚ ਪਉੜੀਆਂ ਦੇ ਨਾਲ ਸਲੋਕਾਂ ਨੂੰ ਵਿਸ਼ੇ ਅਨੁਸਾਰ ਅੰਕਿਤ ਕੀਤਾ ਗਿਆ ਹੈ। ਫਿਰ ਖ਼ੂਬੀ ਦੇਖੋ ਕਿ ਵਾਰ ਮੂਲ ਰੂਪ ਪਉੜੀਆਂ ਦੇ ਰੂਪ ਵਿਚ ਹੁੰਦੀ ਹੋਈ ਵੀ ਸਲੋਕਾਂ ਤੋਂ ਵੱਖ ਕਰ ਕੇ ਨਹੀਂ ਦੇਖੀ ਜਾ ਸਕਦੀ। ਵਾਰ ਵਿਚਲੇ ਸਲੋਕਾਂ ਦਾ ਸੰਬੰਧ ਪਉੜੀਆਂ ਨਾਲ ਹੁੰਦਾ ਹੈ ਪਰ ਮੂਲ ਰੂਪ ਵਿਚ ਪਉੜੀਆਂ ਅਲੱਗ ਬਾਣੀਕਾਰ ਦੀ ਰਚਨਾ ਹਨ ਤੇ ਸਲੋਕ ਦੂਸਰੇ ਗੁਰੂ ਵਿਅਕਤੀ ਦੇ ਵੀ ਹੋ ਸਕਦੇ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕੇਵਲ 63 ਪਾਵਨ ਸਲੋਕ ਮਿਲਦੇ ਹਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਵਾਰਾਂ ਵਿਚ ਪਉੜੀ ਦੇ ਨਾਲ ਅੰਕਿਤ ਕੀਤੇ ਹਨ।

ਵਿਚਾਰ ਅਧੀਨ ਸਲੋਕ ਸੂਹੀ ਕੀ ਵਾਰ ਮ: 3 ਵਿਚ ਅੰਕਿਤ ਹੈ। ਇਸ ਵਾਰ ਵਿਚ ਗੁਰਦੇਵ ਦੇ 11 ਸਲੋਕ ਹਨ। ਚਾਰ ਪਾਵਨ ਸਲੋਕ ਪਉੜੀ ਨੰ:7 ਵਿਚ ਆਏ ਹਨ। ਪੂਰਾ ਸਲੋਕ:

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥

(ਪੰਨਾ ੭੮੭)

ਇਸ ਸਲੋਕ ਦੇ ਅਰਥ ਸੰਦਰਭ ਵਿਚ ਹੀ ਦੇਖੇ ਜਾ ਸਕਦੇ ਹਨ। ਬਧਾ, ਚਟੀ, ਗੁਣ, ਉਪਕਾਰ, ਆਦਿ ਸ਼ਬਦ ਗੁਰਬਾਣੀ ਵਿਚ ਵਿਭਿੰਨ ਰੂਪ ਵਿਚ ਵੱਖ-ਵੱਖ ਥਾਵਾਂ 'ਤੇ ਆਏ ਹਨ।

ਬਧਾ: ਬੰਨ੍ਹਿਆ ਹੋਇਆ, ਗ਼ੁਲਾਮ, ਮਜਬੂਰ

ਚਟੀ: ਜੁਰਮਾਨਾ (ਇਹ ਸ਼ਬਦ ਕੇਵਲ ਇਕ ਵਾਰੀ ਗੁਰਬਾਣੀ ਵਿਚ ਆਇਆ ਹੈ)

ਹਾਕਮ ਦਾ ਬੱਧਾ ਜੋ ਚੱਟੀ ਭਰਦਾ ਹੈ ਉਹ ਗੁਣ ਅਤੇ ਉਪਕਾਰ ਵਿਚ ਸ਼ੁਮਾਰ ਨਹੀਂ।

ਗੁਣ: ਸਿਫ਼ਤ, ਸ਼ੀਲ, ਸੁਭਾਉ, ਹੁਨਰ, ਤਾਸੀਰ, ਫਲ, ਕਰਮ, ਨਿਆਉਂ ਆਦਿ

ਉਪਕਾਰ: ਸੰਗਯਾ, ਸਹਾਇਤਾ, ਮਦਦ, ਭਲਿਆਈ, ਨੇਕੀ, ਨੌਕਰੀ, ਚਾਕਰੀ, ਮਿਹਰਬਾਨੀ ਆਦਿ।

ਸੰਸਾਰ ਵਿਚ ਵਿਚਰਦਿਆਂ ਅਸੀਂ ਜਿਹੜਾ ਵੀ ਕਾਰਜ ਕਰਦੇ ਹਾਂ ਉਸ ਦੇ ਦੋ ਹੀ ਪੱਖ ਹਨ—ਆਪਣੇ ਵਾਸਤੇ, ਦੂਸਰੇ ਲਈ। ਆਪਣੇ ਵਾਸਤੇ ਸਿਫ਼ਤ ਸਾਲਾਹ ਦਾ ਕਾਰਨ ਬਣੇ ਅਤੇ ਦੂਸਰੇ ਵਾਸਤੇ ਉਪਕਾਰ ਦਾ ਸਾਧਨ। ਬਾਬਾ ਫ਼ਰੀਦ ਜੀ ਵੀ ਸਪੱਸ਼ਟ ਕਰਦੇ ਹਨ ਕਿ ਜਿਨ੍ਹਾਂ ਕੰਮਾਂ ਵਿਚ ਗੁਣ ਨਹੀਂ, ਸਿਫ਼ਤ ਸਾਲਾਹ ਨਹੀਂ, ਬਦਨਾਮੀ ਦਾ ਕਾਰਨ ਬਣਦੇ ਹਨ, ਉਨ੍ਹਾਂ ਨੂੰ ਵਿਸਾਰ

SikhBookClub.com

ਦੇਣਾ ਚਾਹੀਦਾ ਹੈ ਭਾਵ ਛੱਡਣ ਵਿਚ ਹੀ ਭਲਾ ਹੈ ਨਹੀਂ ਤਾਂ ਮਾਲਕ ਦੇ ਦਰ 'ਤੇ ਸ਼ਰਮਿੰਦਗੀ ਉਠਾਉਣੀ ਪਵੇਗੀ। ਆਪ ਦਾ ਕਥਨ ਹੈ:

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡ਼ੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

(ਪੰਨਾ ੧੩੮੧)

ਗੁਣਵਾਨ ਨਾਲ ਮਿਲਵਰਤਨ ਅਤੇ ਔਗੁਣਿਆਰੇ ਨਾਲ ਨਾ-ਮਿਲਵਰਤਨ ਦਾ ਆਦੇਸ਼ ਵੀ ਗੁਰਬਾਣੀ ਕਰਦੀ ਹੈ:

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿਰੁ ਮਲੀਐ॥

(ਪੰਨਾ ੭੬੬)

ਕਿਸੇ ਕਥਨ ਨੂੰ ਲੋਕ ਮੁਹਾਵਰੇ ਵਿਚ ਪ੍ਰਵਾਨਗੀ ਮਿਲਣੀ, ਉਸ ਕਥਨ ਦੀ ਸਾਰਥਕਤਾ ਨੂੰ ਪ੍ਰਤੱਖ ਕਰਦੀ ਹੈ। ਵਿਚਾਰ ਅਧੀਨ ਪਾਵਨ ਪੰਕਤੀ ਵੀ ਲੋਕ ਮੁਹਾਵਰੇ ਵਜੋਂ ਆਮ ਬੋਲ-ਚਾਲ ਵਿਚ ਸ਼ਾਮਲ ਹੈ।

'ਬਧਾ' ਤੋਂ ਭਾਵ ਗ਼ੁਲਾਮ, ਮਜਬੂਰ। 'ਚਟੀ' ਤੋਂ ਭਾਵ ਬਿਨਾਂ ਕਸੂਰ ਤੋਂ ਕਿਸੇ ਨੂੰ ਨੁਕਸਾਨ ਪਹੁੰਚਾਉਣਾ। ਮੈਨੂੰ ਤਾਂ ਚੱਟੀ ਪੈ ਗਈ, ਮੈਨੂੰ ਕੀ ਚੱਟੀ ਪਈ ਹੈ? ਆਮ ਹੀ ਅਸੀਂ ਸੁਣਦੇ ਹਾਂ।

ਸੰਸਾਰ ਦਾ ਕੋਈ ਵੀ ਧਾਰਮਿਕ, ਸਮਾਜਕ, ਰਾਜਸੀ ਕਾਰਜ ਜੇਕਰ ਮਨ-ਬਚਨ-ਕਰਮ ਕਰਕੇ ਨਹੀਂ ਕੀਤਾ ਜਾਂਦਾ ਤਾਂ ਉਹ ਬੱਧਾ ਚੱਟੀ ਭਰਨਾ ਹੀ ਹੁੰਦਾ ਹੈ। ਇਕ ਕੈਦੀ ਦੇ ਪੀਸੇ ਆਟੇ ਤੇ ਮਾਂ ਦੇ ਪੀਸੇ ਆਟੇ ਦੀ ਰੋਟੀ ਵਿਚ ਢੇਰ ਸਾਰਾ ਅੰਤਰ ਹੁੰਦਾ ਹੈ। ਇਕ ਮਜਬੂਰੀ ਵੱਸ ਆਟਾ ਪੀਹ ਰਿਹਾ ਹੈ ਤੇ ਦੂਸਰੇ ਪਾਸੇ ਮਾਂ ਭਾਵਨਾ ਅਧੀਨ ਕਾਰਜਸ਼ੀਲ ਹੈ। ਕੋਈ ਵੀ ਕੰਮ ਕਿਸ ਤਰ੍ਹਾਂ ਹੋਇਆ, ਇਹ ਨਿਰਭਰ ਕਰਦਾ ਹੈ ਕਿ ਕੰਮ ਕਰਨ ਵਾਲਾ ਕੌਣ ਹੈ? ਤੇ ਦੂਸਰਾ, ਕੰਮ ਕਿਸ ਵਾਸਤੇ ਹੋ ਰਿਹਾ ਹੈ? ਜਿਸ ਵਾਸਤੇ ਕੰਮ ਹੁੰਦਾ ਹੈ ਉਸ ਵਾਸਤੇ 'ਉਪਕਾਰ' ਹੁੰਦਾ ਹੈ। ਗੁਣ, ਮਨ-ਬਚਨ-ਕਰਮ ਦੀ ਇਕਾਗਰਤਾ 'ਚੋਂ ਨਿਕਲਣਾ ਹੈ। ਮਜ਼ਦੂਰ, ਮਜ਼ਦੂਰੀ ਵਾਸਤੇ ਕੰਮ ਕਰਦਾ ਹੈ ਨਾ ਕਿ ਭਾਵਨਾ ਕਰਕੇ। ਇਸ ਵਿਚ ਉਪਕਾਰ ਤੇ ਗੁਣ ਨਹੀਂ ਹੋ ਸਕਦੇ। ਪਰ ਮਾਂ ਬੱਚੇ ਦੀ ਸੇਵਾ-ਸੰਭਾਲ, ਪਰਿਵਾਰ ਦੀ ਪਰਵਰਿਸ਼ ਭਾਵਨਾ ਨਾਲ ਕਰਦੀ ਹੈ। ਉਸ ਵਿਚ ਗੁਣ ਵੀ ਹੈ ਤੇ ਉਪਕਾਰ ਵੀ।

ਜੇਕਰ ਅਸੀਂ ਸ੍ਰੀ ਗੁਰੂ ਅੰਗਦ ਸਾਹਿਬ ਦੇ ਅਧਿਆਤਮਕ ਜੀਵਨ ਦੇ ਦਰਸ਼ਨ ਕਰੀਏ ਤਾਂ ਸਾਨੂੰ ਕਿਧਰੇ ਵੀ ਮਜਬੂਰੀ ਨਜ਼ਰ ਨਹੀਂ ਆਉਂਦੀ ਪਰ ਉਨ੍ਹਾਂ ਸਮਾਜ ਵਿਚ ਹੋ ਰਹੇ ਦਿਖਾਵੇ ਦੇ ਕਾਰਜਾਂ ਨੂੰ ਤੱਕ ਕੇ ਹੀ ਜੀਵਨ ਸੱਚ, ਪਾਵਨ ਪੰਕਤੀ ਰਾਹੀਂ ਰੂਪਮਾਨ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ ਟਹਿਲ ਸੇਵਾ ਕਰਨ ਵਾਲੇ ਤਾਂ ਅਨੇਕਾਂ ਸਨ ਪਰ ਜੋ ਭਾਵਨਾ ਸ੍ਰੀ ਗੁਰੂ ਅੰਗਦ ਸਾਹਿਬ ਨੂੰ ਪ੍ਰਾਪਤ ਹੋਈ, ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਸ੍ਰੀ ਗੁਰੂ ਅੰਗਦ ਸਾਹਿਬ ਦੇ ਜੀਵਨ ਦਰਸ਼ਨ ਨੂੰ ਜੇਕਰ ਓਪਰੀ ਨਜ਼ਰੇਂ ਵੀ ਦੇਖਿਆ ਜਾਵੇ ਤਾਂ ਉਨ੍ਹਾਂ ਦੇ ਜੀਵਨ ਦੇ ਹਰ ਪਲ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਪ੍ਰਤੀ ਸਮਰਪਣ ਦੀ ਭਾਵਨਾ ਪ੍ਰਤੱਖ ਪ੍ਰਗਟ ਹੁੰਦੀ ਹੈ।

ਸ੍ਰੀ ਗੁਰੂ ਅੰਗਦ ਸਾਹਿਬ ਦੇ ਵਿਚਾਰ ਅਧੀਨ ਪਾਵਨ ਸਲੋਕ ਪ੍ਰਗਟਾਏ ਵਿਚਾਰਾਂ ਦੀ ਪ੍ਰੌੜਤਾ

SikhBookClub.com

ਹੋਰ ਸਲੋਕਾਂ ਵਿਚੋਂ ਵੀ ਹੁੰਦੀ ਹੈ। ਜਿਵੇਂ ਚਾਕਰ/ਚਾਕਰੀ ਜਾਂ ਸੇਵਕ/ਸੇਵਕੀ ਦੀਆਂ ਧਾਰਨਾਵਾਂ ਸੰਬੰਧੀ ਉਨ੍ਹਾਂ ਦੇ ਵਿਚਾਰ ਬਹੁਤ ਹੀ ਸਪੱਸ਼ਟ ਹਨ। ਗੁਰਦੇਵ ਸਮਝਾਉਂਦੇ ਹਨ ਕਿ ਚਾਕਰ ਦਾ ਮੂਲ ਕੰਮ ਚਾਕਰੀ ਵਿਚ ਮਾਲਕ ਦੇ ਹੁਕਮ ਅਨੁਸਾਰ ਲੱਗੇ ਰਹਿਣਾ ਹੈ। ਚਾਕਰ ਵਾਸਤੇ ਹੁਕਮ ਅਨੁਸਾਰ ਚਾਕਰੀ ਕਰਦਿਆਂ ਹੁਕਮੀ ਬੰਦਾ ਬਣਨਾ ਜ਼ਰੂਰੀ ਹੈ। ਜੇਕਰ ਉਹ ਸਮਝੇ ਕਿ ਮੈਂ ਚਾਕਰੀ ਵੀ ਕਰਾਂ ਤੇ ਮਾਲਕ ਨਾਲ ਵਾਦ-ਵਿਵਾਦ ਵੀ ਕਰਾਂ ਤਾਂ ਦੋਵੇਂ ਕੰਮ ਵਿਅਰਥ ਸਾਬਤ ਹੋਣਗੇ:

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥

(ਪੰਨਾ ੪੭੪)

ਸੇਵਕ ਦਾ ਕੰਮ ਮਾਲਕ ਦਾ ਹੁਕਮ ਮੰਨਣਾ ਹੈ, ਉਸ ਦਾ ਕੰਮ ਮਾਲਕ ਦੀ ਬਰਾਬਰੀ ਕਰਨਾ ਨਹੀਂ। ਜੇਕਰ ਕੋਈ ਵਿਅਕਤੀ ਅਗਿਆਨਤਾ ਵੱਸ ਇਸ ਤਰ੍ਹਾਂ ਕਰਦਾ ਹੈ ਤਾਂ ਉਹ ਆਪਣੇ ਮੂਲ ਨੂੰ ਗੁਆ ਲੈਂਦਾ ਹੈ:

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥

(ਪੰਨਾ ੪੭੪)

ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਉਚਾਰਨ ਕੀਤੇ ਹੋਏ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਵਿਚ ਅੰਕਿਤ ਵਾਰਾਂ ਨਾਲ ਸ਼ਾਮਲ ਹਨ। ਸਾਰੇ ਹੀ ਸਲੋਕ ਰਾਜਸੀ, ਧਾਰਮਿਕ, ਆਰਥਕ, ਸਰੋਕਾਰਾਂ ਨਾਲ ਸੰਬੰਧਿਤ ਹਨ। ਕਿਸੇ ਵੀ ਖੇਤਰ ਵਿਚ ਜੇਕਰ ਅਸੀਂ ਮਜਬੂਰੀ ਵੱਸ ਕਾਰਜਸ਼ੀਲ ਹੁੰਦੇ ਹਾਂ ਤਾਂ ਇਹ ਕਿਸੇ ਤਰ੍ਹਾਂ ਲਾਹੇਵੰਦ ਨਹੀਂ। ਕਿਸੇ ਵੀ ਕੰਮ ਵਿਚ ਕਰਨ ਵਾਲੇ ਦੀ ਰੁਚੀ ਨਹੀਂ ਤਾਂ ਕੰਮ ਕਿਸੇ ਵਾਸਤੇ ਵੀ ਲਾਹੇਵੰਦ ਨਹੀਂ ਹੋਵੇਗਾ। ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਰਸ ਛੋਹ ਨੇ ਪਰਿਵਾਰਕ ਮੋਹ ਲਿਬੜੇ ਹੱਥਾਂ ਤੇ ਹਉਮੈ ਦੇ ਚਿੱਕੜ ਤੋਂ ਸੁਤੰਤਰ ਕਰ ਦਿੱਤਾ। ਕੰਮ ਵਿਚ ਹੱਥ ਲਿਬੜਣ, ਬਸਤਰ ਲਿਬੜਣ, ਸਰੀਰ ਲਿਬੜੇ, ਤਨ-ਮਨ ਦੀ ਸ਼ਮੂਲੀਅਤ ਹੋਵੇ ਤਦ ਹੀ ਕਾਰਜ ਸ਼ੋਭਨੀਕ ਹੋਵੇਗਾ। ਸੇਵਾ ਤਾਂ ਆਗਿਆ ਪਾਲਣ ਤੇ ਸਿਦਕ ਭਰੋਸੇ ਦੀ ਹੈ। ਸੇਵਕ ਜੇਕਰ ਸਲਾਮ ਵੀ ਕਰਦਾ ਹੈ ਤੇ ਜਵਾਬ ਵੀ ਦਿੰਦਾ ਹੈ ਅਤੇ ਉਹ ਸੇਵਕ ਅਖਵਾਉਂਦਾ ਹੈ ਤਾਂ ਗ਼ਲਤ ਹੈ, ਉਹ ਸੇਵਕ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਨੇ ਭਾਈ ਲਹਿਣਾ ਜੀ ਨੂੰ ਗੁਰਮਤਿ ਟਕਸਾਲ ਵਿਚ ਐਸਾ ਢਾਲਿਆ ਕਿ ਮੈਲੇ-ਚੰਗੇ ਕਰਮ ਦਾ ਵਿਚਾਰ ਹੀ ਭੁੱਲ ਗਿਆ। ਉਹ ਤਾਂ ਕੇਵਲ ਆਗਿਆ ਪਾਲਕ ਹੋ ਗਏ, ਉਨ੍ਹਾਂ ਨੇ ਹਰ ਆਗਿਆ ਨੂੰ ਸਮਰਪਣ ਭਾਵਨਾ ਨਾਲ ਸਵੀਕਾਰ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਰਚੀ ਬਾਣੀ ਉਨ੍ਹਾਂ ਦੀ ਜੀਵਨ ਸ਼ੈਲੀ ਨੂੰ ਪ੍ਰਗਟ ਕਰਦੀ ਹੈ। ਜੇਕਰ ਅਸੀਂ ਇਹ ਕਹਿ ਲਈਏ ਕਿ ਉਨ੍ਹਾਂ ਦੁਆਰਾ ਰਚਿਤ ਸਲੋਕ ਉਨ੍ਹਾਂ ਦੇ ਅਧਿਆਤਮਕ ਸਵੈ-ਜੀਵਨ ਨੂੰ ਰੂਪਮਾਨ ਕਰਦੇ ਹਨ ਤਾਂ ਇਹ ਗ਼ਲਤ ਨਹੀਂ ਹੋਵੇਗਾ। ਹਰੇਕ ਸਲੋਕ ਵਿਚ ਕੁਝ ਗੁੱਝੇ ਭੇਦ ਹਨ ਤੇ ਵਿਸਮਾਦੀ ਰਮਜ਼ਾਂ ਸ਼ਾਮਲ ਹਨ, ਜਿਵੇਂ:

SikhBookClub.com

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥

(ਪੰਨਾ ੮੩)

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥

(ਪੰਨਾ ੮੯)

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥

(ਪੰਨਾ ੧੩੯)

ਉਨ੍ਹਾਂ ਦੇ ਉੱਚ ਆਤਮਕ ਅਨੁਭਵ ਨੂੰ ਵੀ ਰੂਪਮਾਨ ਕਰਦੇ ਹਨ।

ਜਿਵੇਂ ਕਿ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਬਾਣੀ ਦਾ ਹਰ ਸਲੋਕ, ਸ਼ਬਦ, ਅਸਟਪਦੀ, ਛੰਤ ਆਦਿ ਰੂਪ ਸੰਦਰਭ ਵਿਚ ਉਚਾਰਨ ਕੀਤੇ ਗਏ ਹਨ। ਇਨ੍ਹਾਂ ਦੇ ਅਰਥ ਭਾਵ ਵੀ ਸੰਦਰਭ ਵਿਚ ਹੀ ਹਨ। ਵਿਚਾਰ ਅਧੀਨ ਸਲੋਕ ਦੇ ਅਰਥ ਭਾਵ ਵੀ ਪਹਿਲੇ ਸਲੋਕਾਂ ਤੇ ਪਉੜੀ ਨਾਲ ਸੰਬੰਧਤ ਹਨ। ਇਸ ਤੋਂ ਪਹਿਲਾਂ ਸਲੋਕ ਹੈ:

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ॥

(ਪੰਨਾ ੭੮੭)

ਸੰਸਾਰ ਤੇ ਮਨੁੱਖੀ ਜੀਵਨ ਥੋੜ੍ਹਚਿਰਾ ਹੈ। ਇਕ ਦਿਨ ਇਸ ਸੰਸਾਰ ਤੋਂ ਹਰੇਕ ਨੇ ਪਰਲੋਕ ਪਿਆਨਾ ਕਰ ਜਾਣਾ ਹੈ। ਮਾਨਵ ਦਾ ਜੀਵਨ ਮਨੋਰਥ ਪ੍ਰਭੂ ਪ੍ਰਾਪਤੀ ਹੈ। ਪਰ ਮਨੁੱਖ ਜੇਕਰ ਸਮੇਂ ਸਿਰ ਇਸ ਕਾਰਜ ਵਾਸਤੇ ਯਤਨ ਕਰੇ ਤਾਂ ਉਸ ਨੂੰ ਪਛਤਾਉਣਾ ਨਹੀਂ ਪੈਂਦਾ। ਜੀਵਨ ਮਨੋਰਥ ਦੀ ਪ੍ਰਾਪਤੀ ਵਾਸਤੇ ਹਰੇਕ ਮਨੁੱਖ ਨੂੰ ਇਕ ਮਨ, ਇਕ ਚਿੱਤ ਹੋ ਕੇ ਪ੍ਰਭੂ-ਪਰਮਾਤਮਾ ਦੀ ਹੋਂਦ ਨੂੰ ਹਰ ਥਾਂ 'ਤੇ ਸਵੀਕਾਰਨਾ ਤੇ ਸਤਿਕਾਰਨਾ ਜ਼ਰੂਰੀ ਹੈ ਪਰ ਕੁਝ ਲੋਕ ਪ੍ਰਭੂ-ਪਰਮਾਤਮਾ ਦੀ ਪ੍ਰਾਪਤੀ ਵਾਸਤੇ ਘਰ-ਬਾਰ ਦਾ ਤਿਆਗ ਕਰ ਦਿੰਦੇ ਹਨ। ਜੰਗਲਾਂ, ਬੇਲਿਆਂ ਅਤੇ ਪਹਾੜਾਂ ਦੀ ਖਾਕ ਛਾਣਦੇ ਹਨ। ਇਹ ਵੀ ਅਗਿਆਨਤਾ ਹੈ। ਕਈ ਧੂਣੀਆਂ ਧੁਖਾ ਕੇ ਤਪੱਸਿਆ ਤੇ ਹਠ ਕਰਦੇ ਹਨ, ਇਹ ਵੀ ਚੱਟੀ ਭਰਨ ਵਾਲੀ ਗੱਲ ਹੈ। ਸੰਸਾਰਿਕ ਕਾਰ ਵਿਹਾਰ, ਪ੍ਰਭੂ ਭਗਤੀ, ਸੇਵਾ ਸਿਮਰਨ ਤਦ ਹੀ ਠੀਕ ਹੋਵੇਗਾ ਜੇਕਰ ਮਨ-ਬਚਨ-ਕਰਮ ਤੋਂ ਕੀਤਾ ਜਾਵੇ। ਭਾਵ ਸੰਬੰਧਤ ਕਾਰਜ ਵਿਚ ਕਾਰਜਸ਼ੀਲ ਹੋਣਾ ਤਾਂ ਹੀ ਸਕਾਰਥ ਹੋਵੇਗਾ ਜੇਕਰ ਕੰਮ ਵਿਚ ਚਿੱਤ ਲੱਗੇ, ਖ਼ੁਸ਼ੀ ਨਾਲ ਕੀਤਾ ਜਾਵੇ। ਜੇਕਰ ਕੰਮ ਚਿੱਤ ਲਗਾ ਕੇ ਖ਼ੁਸ਼ੀ ਨਾਲ ਨਾ ਕੀਤਾ ਜਾਵੇ, ਉਸ ਦੇ ਕਰਨ ਵਾਲੇ ਨੂੰ ਵੀ ਗੁਣਵੰਤਾ ਹਾਸਤ ਨਹੀਂ ਹੋਵੇਗੀ ਤੇ ਨਾ ਹੀ ਜਿਸ ਵਾਸਤੇ ਕੀਤਾ ਗਿਆ ਉਸ ਵਾਸਤੇ ਲਾਹੇਵੰਦ ਉਪਕਾਰ ਹੋਵੇਗਾ।

ਗੁਰਦੇਵ ਅਗਲੇ ਸਲੋਕ ਵਿਚ ਵੀ ਇਸ ਹੀ ਵਿਸ਼ੇ ਨੂੰ ਬਾਖ਼ੂਬੀ ਨਿਭਾਉਂਦੇ ਹਨ ਕਿ ਹਠ ਕਰਕੇ ਕੀਤਾ ਗਿਆ ਕੰਮ ਭਾਵੇਂ ਉਹ ਭਗਤੀ ਹੀ ਕਿਉਂ ਨਾ ਹੋਵੇ ਲਾਭਕਾਰੀ ਨਹੀਂ, ਭਾਵੇਂ ਇਸ ਵਾਸਤੇ ਬਹੁਤ ਯਤਨ ਕੀਤਾ ਜਾਵੇ। ਪ੍ਰਭੂ ਭਗਤੀ ਵੀ ਤਾਂ ਪ੍ਰੇਮ ਦਾ ਮਾਰਗ ਹੈ ਜਿਸ ਤੋਂ ਪ੍ਰਾਪਤੀ ਮਨ ਚਿੱਤ ਇਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ:

ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ॥

SikhBookClub.com

ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥

(ਪੰਨਾ ੨੮੭)

ਇਸ ਤਰ੍ਹਾਂ ਹੀ ਸਵਾਲ ਜਵਾਬ ਦੋਨੋਂ ਇਕੱਠੇ ਨਹੀਂ ਹੋ ਸਕਦੇ। ਇਕ ਸਮਰਪਣ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ ਤੇ ਦੂਸਰਾ, ਹੰਕਾਰ ਦੀ ਭਾਵਨਾ ਨੂੰ ਰੂਪਮਾਨ ਕਰਦਾ ਹੈ। ਜੇਕਰ ਅਸੀਂ ਕੋਈ ਵੀ ਕਾਰਜ ਮਜਬੂਰੀ ਵੱਸ ਕਰਦੇ ਹਾਂ ਤਾਂ ਉਸ ਵਿਚ ਸਮਰਪਣ ਭਾਵਨਾ ਨਹੀਂ ਹੁੰਦੀ। ਪਰ ਜੇਕਰ ਕੋਈ ਕਾਰਜ ਖ਼ੁਸ਼ੀ ਨਾਲ ਮਨ-ਬਚਨ-ਕਰਮ ਤੋਂ ਕੀਤਾ ਜਾਵੇ ਤਾਂ ਉਸ ਵਿਚ ਸਵੈਮਾਨ ਤਾਂ ਹੋ ਸਕਦਾ ਹੈ, ਪਰ ਹੰਕਾਰ ਨਹੀਂ।

ਭਾਈ ਸਾਹਿਬ ਭਾਈ ਗੁਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਧੀਨ ਸਲੋਕ ਨੂੰ ਹੋਰ ਸਪੱਸ਼ਟ ਕਰਨ ਲਈ ਉਦਾਹਰਣ ਪੇਸ਼ ਕਰਦੇ ਹਨ:

ਗਦਹਾ ਦੇਹੀ ਖਉਲੀਐ ਸਾਰ ਨ ਜਾਣੈ ਨਰਕ ਭਵੰਦਾ।
ਸਾਧਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਹਿਰਦੈ ਨ ਧਰੰਦਾ।
ਅੰਨ੍ਹਾਂ ਅਖੀ ਹੋਂਦਈ ਬੋਲਾ ਕੰਨਾਂ ਸੁਣ ਨ ਸੁਣੰਦਾ।
ਬਧਾ ਚਟੀ ਜਾਇ ਭਰੰਦਾ॥

(ਵਾਰ ੧੭/੧੪)

ਜੇਕਰ ਸਭ ਸੁਗੰਧੀਆਂ ਗਧੇ ਨੂੰ ਮਲ ਦੇਈਏ ਤਾਂ ਨਰਕੀ ਜੀਵ (ਰੂੜ੍ਹੀਆਂ 'ਚ ਫਿਰਨ ਵਾਲੇ) ਨੂੰ ਕੀ ਸਾਰ ਹੈ?

ਉਵੇਂ ਹੀ ਮਨਮੁਖ ਸਤ ਸੰਗਤ ਵਿਚ ਆ ਕੇ ਗੁਰ ਸ਼ਬਦ ਸੁਣਦਾ ਹੈ ਪਰ ਉਹ ਭਾਉ ਭਗਤੀ ਨੂੰ ਦਿਲ ਵਿਚ ਨਹੀਂ ਧਾਰਦਾ। ਉਹ ਅੱਖਾਂ ਦੇ ਹੁੰਦਿਆਂ ਅੰਨ੍ਹਾਂ ਤੇ ਕੰਨਾਂ ਦੇ ਹੁੰਦਿਆਂ ਬੋਲਾ ਹੋ ਜਾਂਦਾ ਹੈ। ਭਾਵ ਸਤ ਸੰਗਤ ਦੇ ਦਰਸ਼ਨ ਕਰਦਿਆਂ ਹੋਇਆਂ ਅੰਨ੍ਹਾਂ ਤੇ ਕੰਨੀਂ ਸੁਣਦਿਆਂ ਵੀ ਨਾ ਮੰਨਣ ਕਰਕੇ ਬੋਲਾ ਬਣ ਜਾਂਦਾ ਹੈ।

ਕਿਸੇ ਦੇ ਕਹੇ ਕਹਾਏ ਜੇ ਉਹ ਮਜਬੂਰੀ ਵੱਸ ਸਾਧ ਸੰਗਤ ਵਿਚ ਜਾ ਬੈਠਦਾ ਹੈ ਤਾਂ ਇਹ ਬੱਧਾ ਚੱਟੀ ਵਾਲੀ ਹੀ ਗੱਲ ਹੈ।

ਹੋਰ ਸਪੱਸ਼ਟਤਾ ਵਾਸਤੇ ਭਾਈ ਗੁਰਦਾਸ ਜੀ ਹੋਰਨਾਂ ਉਦਾਹਰਣਾਂ ਰਾਹੀਂ ਸਾਨੂੰ ਸੰਸਾਰਿਕ ਜੀਵਾਂ ਨੂੰ ਸਮਝਾਉਣ ਦਾ ਯਤਨ ਕਰਦੇ ਹਨ, ਜਿਵੇਂ:

ਦੂਜਾ ਭਾਉ ਦੁਬਾਜਰਾ ਬਧਾ ਕਰੈ ਸਲਾਮੁ ਨ ਭਾਵੈ।
ਢੀਂਗ ਜੁਹਾਰੀ ਢੀਂਗੁਲੀ ਗਲਿ ਬਧੇ ਓਹੁ ਸੀਸੁ ਨਿਵਾਵੈ।
ਗਲਿ ਬਧੈ ਜਿਉ ਨਿਕਲੈ ਖੂਹਹੁ ਪਾਣੀ ਉਪਰਿ ਆਵੈ।
ਬਧਾ ਚਟੀ ਜੋ ਭਰੈ ਨਾ ਗੁਣ ਨਾ ਉਪਕਾਰੁ ਚੜ੍ਹਾਵੈ।

(ਵਾਰ ੩੩/੧੬)

ਗੁਰਬਾਣੀ ਦਾ ਇਸ ਬਾਰੇ ਸਪੱਸ਼ਟ ਫੈਸਲਾ ਹੈ ਕਿ ਉਹ ਲੋਕ ਲੂਣ-ਹਰਾਮੀ ਹਨ ਜੋ ਮਾਲਕ ਦੇ ਕਹੇ 'ਤੇ ਅਮਲ ਨਹੀਂ ਕਰਦੇ। ਮਾਲਕ ਭਾਵੇਂ ਇਥੇ ਪ੍ਰਭੂ-ਪਰਮਾਤਮਾ ਨੂੰ ਕਿਹਾ ਗਿਆ ਹੈ ਪਰ ਜੇਕਰ ਅਸੀਂ ਸੰਸਾਰਿਕ ਪੱਧਰ 'ਤੇ ਵੀ ਦੇਖੀਏ ਤਾਂ ਮਾਲਕ ਦੇ ਹੁਕਮ ਅਨੁਸਾਰ ਕਰਮ ਨਾ ਕਰਨ ਵਾਲੇ ਨੂੰ ਹਰਾਮੀ ਕਿਹਾ ਜਾਂਦਾ ਹੈ, ਕਿ ਫਲਾਣਾ ਮਨੁੱਖ ਲੂਣ-ਹਰਾਮੀ, ਅਕਿਰਤਘਣ ਹੈ। ਜੋ ਵੀ

SikhBookClub.com

ਜੀਵ ਮਜਬੂਰੀ ਵੱਸ ਮਾਲਕ ਨੂੰ ਸਲਾਮ ਕਰੇਗਾ, ਉਹ ਖਸਮ-ਮਾਲਕ ਦੇ ਮਨ ਨੂੰ ਪਿਆਰਾ ਨਹੀਂ ਲੱਗਦਾ। ਗੁਰਬਾਣੀ ਦਾ ਪਾਵਨ ਸ਼ਬਦ ਹੈ:

ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥
ਬਧੇ ਕਰਨਿ ਸਲਾਮ ਖਸਮ ਨ ਭਾਣਿਆ॥

(ਪੰਨਾ ੧੪੩)

ਤੱਤ-ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਅਸੀਂ ਸੇਵਾ, ਸਿਮਰਨ, ਘਾਲ ਕਮਾਈ, ਸੰਸਾਰਿਕ ਤੇ ਅਧਿਆਤਮਕ ਪੱਧਰ 'ਤੇ ਕੁਝ ਪ੍ਰਾਪਤੀ ਕਰਨੀ ਹੈ ਤਾਂ ਉਸ ਦਾ ਆਦਰਸ਼ਕ ਮਾਡਲ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਦੀ ਜੀਵਨ ਸ਼ੈਲੀ ਹੈ, ਜਿਸ ਨੂੰ ਅਪਣਾ ਕੇ ਅਸੀਂ ਆਪਣਾ ਲੋਕ-ਪਰਲੋਕ ਸੰਵਾਰ ਸਕਦੇ ਹਾਂ।

(4/2004)

SikhBookClub.com

ਜੀਵਨ-ਦਰਸ਼ਨ
ਸ੍ਰੀ ਗੁਰੂ ਅਮਰਦਾਸ ਜੀ

SikhBookClub.com

ਅਲੌਕਿਕ ਸ਼ਖ਼ਸੀਅਤ: ਗੁਰੂ ਅਮਰਦਾਸ ਜੀ

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਵੱਯਾਂ ਵਿਚ ਭੱਟਾਂ ਨੇ ਗੁਰੂ ਸਾਹਿਬਾਨ ਦੀ ਉਸਤਤੀ ਕਰਦਿਆਂ ਹੋਇਆਂ ਗੁਰੂ ਅਮਰਦਾਸ ਜੀ ਬਾਰੇ ਵਿਸ਼ੇਸ਼ ਰੂਪਕ ਅਤੇ ਵਿਸ਼ੇਸ਼ਣ ਵਰਤੇ ਹਨ। ਲੋਕ-ਕਲਿਆਣ ਲਈ ਉਹਨਾਂ ਦੇ ਜੀਵਨ ਦੀਆਂ ਅਦੁੱਤੀ ਘਾਲਨਾਵਾਂ ਨੂੰ ਵੇਖਦਿਆਂ ਉਹਨਾਂ ਨੇ ਇੰਜ ਮਹਿਸੂਸ ਕੀਤਾ, ਜਿਵੇਂ ਆਪ ਨਾਰਾਇਣ (ਵਾਹਿਗੁਰੂ) ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਇਆ ਹੋਵੇ। ਉਸ ਨਿਰੰਕਾਰ (ਅਕਾਰ ਰਹਿਤ ਪਰਮਾਤਮਾ) ਨੇ ਮਾਨੋ ਆਪ ਆਕਾਰ ਰੂਪ ਵਿਚ ਪ੍ਰਗਟ ਹੋ ਕੇ ਸਾਰੇ ਜਗਤ ਨੂੰ ਪ੍ਰਕਾਸ਼ਮਾਨ ਕੀਤਾ ਹੋਵੇ। ਗੁਰੂ ਵਿਚ ਗੋਬਿੰਦ ਦੀ ਵਡਿਆਈ ਜਾਣਦਿਆਂ ਕੀਰਤ ਭੱਟ ਨੇ ਕਿਹਾ:

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

(ਪੰਨਾ ੧੩੯੫)

ਇਹ ਰੂਪਕ ਇਸ ਕਰਕੇ ਵਰਤੇ ਹਨ ਕਿਉਂਕਿ ਗੁਰੂ ਵਿਚ ਨਾਰਾਇਣ ਜਾਂ ਨਿਰੰਕਾਰ ਵਾਲੀਆਂ ਸਿਫ਼ਤਾਂ ਵਿਦਮਾਨ ਸਨ। ਗੁਰੂ ਦੇ ਰੱਬੀ ਗੁਣਾਂ ਦਾ ਚਿਤਵਨ ਕਰਦਿਆਂ ਕੀਰਤ ਭੱਟ ਲਿਖਦਾ ਹੈ ਕਿ ਉਹ ਗੁਰੂ ਡੁਬਦਿਆਂ ਨੂੰ ਤਾਰ ਲੈਂਦਾ ਹੈ। ਉਸ ਦੀ ਸ਼ਰਨ ਪ੍ਰਾਪਤ ਹੋਇਆਂ ਉਹਨਾਂ ਲੇਖਿਆਂ ਤੋਂ ਮੁਕਤ ਹੋ ਜਾਈਦਾ ਹੈ, ਜਿਹਨਾਂ ਕਰਕੇ ਜਮ ਦੀ ਪੁਰੀ ਵਿਚ ਜਾਣਾ ਪੈਂਦਾ ਹੈ:

ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ ॥

(ਪੰਨਾ ੧੩੯੫)

ਉਸ ਦਾ ਚਿਤਵਨ ਕਰਦਿਆਂ ਦੁੱਖ ਅਤੇ ਦਲਿਦ੍ਰ ਦੂਰ ਹੋ ਜਾਂਦਾ ਹੈ। ਫਿਰ ਉਸ ਦੀ ਬੇਅੰਤਤਾ ਦਾ ਕਥਨ ਕੀਤਾ ਹੈ:

ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ॥

(ਪੰਨਾ ੧੩੯੫)

ਭੱਟ ਭਿੱਖੇ ਦੇ ਕਥਨ ਅਨੁਸਾਰ ਗੁਰੂ ਅਮਰਦਾਸ ਜੀ ਦੀ ਸੰਗਤ ਪ੍ਰਾਪਤ ਹੋਣ ਤੋਂ ਪਹਿਲਾਂ ਉਹ ਕਈ ਸੰਤਾਂ, ਮਹਾਤਮਾਵਾਂ, ਸੰਨਿਆਸੀਆਂ ਆਦਿ ਨੂੰ ਮਿਲਿਆ ਪਰ ਕੋਈ ਵੀ ਆਤਮਕ ਪ੍ਰੀਵਰਤਣ ਨਾ ਲਿਆ ਸਕਿਆ। ਫਿਰ ਜਦ ਗੁਰੂ ਅਮਰਦਾਸ ਨਾਲ ਮਿਲਾਪ ਹੋਇਆ ਤਾਂ ਤੁਲਣਾ ਕਰਦਿਆਂ ਹੋਇਆਂ ਗੁਰੂ ਅਮਰਦਾਸ ਜੀ ਦੀ ਵਡਿਆਈ ਗਾਈ ਹੈ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥

SikhBookClub.com

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥

(ਪੰਨਾ ੧੩੮੫-੮੬)

ਸੱਲ ਭੱਟ ਗੁਰੂ ਅਮਰਦਾਸ ਜੀ ਦੇ ਅਨੇਕ ਗੁਣਾਂ ਦਾ ਵਰਨਣ ਕਰਦਾ ਹੋਇਆ ਕਹਿੰਦਾ ਹੈ ਕਿ ਉਂਜ ਤਾਂ ਬੱਦਲਾਂ ਦੀਆਂ ਕਣੀਆਂ, ਧਰਤੀ ਦੀ ਬਨਸਪਤੀ, ਬਹਾਰ ਦੇ ਫੁੱਲ, ਸੂਰਜ ਤੇ ਚੰਦ ਦੀਆਂ ਕਿਰਨਾਂ, ਗੰਗਾਂ ਦੀਆਂ ਲਹਿਰਾਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ, ਸਮੁੰਦਰ ਦੀ ਥਾਹ ਪਾਉਣੀ ਵੀ ਅਸੰਭਵ ਹੈ, ਪਰ ਜੇ ਅਜਿਹਾ ਹੋਣਾ ਸੰਭਵ ਹੋ ਜਾਵੇ ਤਾਂ ਕੋਈ ਅਚਰਜ ਗੱਲ ਨਹੀਂ, ਪਰ ਗੁਰੂ ਅਮਰਦਾਸ ਜੀ ਦੀ ਬੇਅੰਤਤਾ ਫਿਰ ਵੀ ਅਕਥਨੀਯ ਹੀ ਰਹੇਗੀ:

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁ ਗਾਵੈ॥

(ਪੰਨਾ ੧੩੮੬)

ਉਮਰ ਦੇ ਜਿਸ ਹਿੱਸੇ 'ਤੇ ਪਹੁੰਚ ਕੇ ਮਨੁੱਖ ਰੀਟਾਇਰ ਹੋ ਜਾਂਦਾ ਹੈ ਯੁਵਾ ਅਵਸਥਾ ਵਾਲਾ ਚੁਸਤ ਜੀਵਨ ਨਹੀਂ ਗੁਜ਼ਾਰ ਸਕਦਾ। ਜਿਥੇ ਕਹਿੰਦੇ ਹਨ ਕਿ ਮਨੁੱਖ ਸਤ੍ਰਰਿਆ-ਬਤ੍ਰਰਿਆ ਹੋ ਜਾਂਦਾ ਹੈ, ਜਿਥੇ ਕੋਈ ਵੱਡੀ ਜ਼ਿੰਮੇਵਾਰੀ ਨਹੀਂ ਸੰਭਾਲੀ ਜਾਂਦੀ, ਜਿਥੇ ਕੋਈ ਹੋਰ ਪ੍ਰਗਤੀ ਅਤੇ ਪ੍ਰਾਪਤੀ ਦੀ ਆਸ ਨਹੀਂ ਹੁੰਦੀ ਪਰ ਗੁਰੂ ਅਮਰਦਾਸ ਜੀ ਨੇ ਵਡੇਰੀ ਉਮਰ ਅਵਸਥਾ 'ਤੇ ਪਹੁੰਚ ਕੇ ਵੀ ਯੁਵਾ ਅਵਸਥਾ ਨਾਲੋਂ ਵੱਧ ਕਾਰਜ ਕੀਤੇ। ਗੁਰਮੁਖਿ ਤਾਂ ਕਦੀ ਬੁੱਢਾ ਹੁੰਦਾ ਨਹੀਂ। ਗੁਰੂ ਅਮਰਦਾਸ ਜੀ ਦੇ ਆਪਣੇ ਕਥਨ ਅਨੁਸਾਰ "ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨ॥" ਅਤੇ ਮਹਾਨ ਜ਼ਿੰਮੇਵਾਰੀ ਸੰਭਾਲੀ। ਗੁਰੂ ਨਾਨਕ ਦੇ ਮਿਸ਼ਨ ਦੀ ਜੋਤ ਨੂੰ ਬੜੀ ਸਰਗਰਮੀ ਅਤੇ ਵਿਉਂਤ ਨਾਲ ਸਫਲਤਾ ਸਹਿਤ ਥਾਂ ਥਾਂ ਪ੍ਰਚਾਰਿਆ।

ਜਿਵੇਂ ਸਰੀਰ ਦੀ ਅਰੋਗਤਾ ਲਈ ਉਸ ਅੰਦਰਲੇ ਰੋਗ ਦੀ ਪੂਰਨ ਜਾਣਕਾਰੀ ਅਤੇ ਸਫ਼ਾਈ ਅਤਿ ਲੋੜੀਂਦੀ ਹੈ। ਫੇਰ ਦਵਾਈ ਦੀ ਵਰਤੋਂ ਲਾਭਕਾਰੀ ਸਿੱਧ ਹੋ ਸਕਦੀ ਹੈ। ਬਿਮਾਰੀ ਤੋਂ ਰਹਿਤ ਹੋਏ ਅਰੋਗ ਬੂਟਿਆਂ 'ਤੇ ਹੀ ਟਹਿਕਦੇ ਫੁੱਲ ਨਜ਼ਰ ਆ ਸਕਦੇ ਹਨ, ਇਸੇ ਤਰ੍ਹਾਂ ਸਮਾਜਿਕ ਸਰੀਰ ਜਾਂ ਬੂਟੇ ਦੀ ਅਰੋਗਤਾ ਨਾਲ ਹੀ ਜੀਵਨ ਖੇੜਾਮਈ ਹੋ ਸਕਦਾ ਹੈ, ਮਨੁੱਖੀ ਹਿਰਦੇ ਕੰਵਲ ਵਤ ਟਹਿਕ ਸਕਦੇ ਹਨ। ਗੁਰੂ ਸਾਹਿਬਾਨ ਨੇ ਸਮੁੱਚੇ ਸਮਾਜਕ ਜੀਵਨ ਦੇ ਵਿਗਾਸ ਤੇ ਵਿਕਾਸ ਦੇ ਲਈ ਉਹਨਾਂ ਘੋਰ ਰੋਗਾਂ ਨੂੰ ਦੂਰ ਕਰਨ ਦਾ ਤਹੱਯਾ ਕੀਤਾ, ਜਿਹਨਾਂ ਕਰਕੇ ਅਧਿਕਤਰ ਲੋਕ ਤ੍ਰਾਹ ਤ੍ਰਾਹ ਕਰ ਰਹੇ ਸਨ। ਚੰਗਾ ਵੈਦ 'ਪਹਿਲਾਂ ਰੋਗ ਪਛਾਣੁ' ਬਾਰੇ ਸੋਚਦਾ ਹੈ। ਉਸ ਨੂੰ ਦੂਰ ਕਰਨ ਲਈ 'ਵਿਚਾਰ-ਪ੍ਰਚਾਰ' ਦਾ ਨਸ਼ਤਰ ਚਲਾ ਕੇ ਰਿਸਦੇ ਮਵਾਦ ਨੂੰ ਦੂਰ ਕਰਦਾ ਹੈ ਅਤੇ ਫਿਰ 'ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ' ਅਨੁਸਾਰ ਉਤਮ ਅਤੇ ਲਾਭਕਾਰੀ ਔਖਧੀ ਦੱਸਦਾ ਹੈ। ਪ੍ਰਥਮ ਗੁਰੂ ਨੇ ਜਿਹਨਾਂ ਰੋਗਾਂ ਦਾ ਇਲਾਜ ਅਰੰਭਿਆ ਸੀ, ਉਹ

SikhBookClub.com

ਇੰਨੇ ਭਿਆਨਕ ਸਨ ਕਿ ਸੁਧਰਨ ਲਈ ਕਾਫ਼ੀ ਸਮਾਂ ਮੰਗਦੇ ਸਨ। ਗੁਰੂ ਅਮਰਦਾਸ ਜੀ ਨੇ ਵੀ ਉਹਨਾਂ ਬਿਮਾਰੀਆਂ ਨੂੰ ਵਿਸ਼ੇਸ਼ ਹੱਥ ਪਾਇਆ, ਜਿਹਨਾਂ ਵਿਚੋਂ ਮੁਖ ਸਨ:

ਜਾਤੀ ਘਿਰਣਾ

ਰੱਬ ਦੀ ਇਕੋ ਜਿਹੀ ਮਖਲੂਕਾਤ ਵਿਚ ਉਸਾਰੀਆਂ ਉਚ-ਨੀਚ ਦੇ ਭੇਦ ਦੀਆਂ ਹੱਦਾਂ ਨੂੰ ਭਗਤ ਕਵੀਆਂ ਅਤੇ ਗੁਰੂ ਸਾਹਿਬਾਨ ਨੇ ਕਾਫ਼ੀ ਹੱਦ ਤਕ ਤੋੜ ਦਿੱਤਾ ਸੀ। ਉੱਚੀ ਕੁਲ ਵਾਲਿਆਂ ਅੰਦਰ ਪੱਛੜੀਆਂ ਸ਼੍ਰੇਣੀਆਂ, ਪ੍ਰਤੀ ਸਦਭਾਵਨਾ ਤਾਂ ਉਪਜ ਰਹੀ ਸੀ, ਪਰ ਨਾਲ ਰਲ ਮਿਲ ਬੈਠਣ ਵਿਚ ਉਹਨਾਂ ਨੂੰ ਅਜੇ ਵੀ ਝਿਜਕ ਮਹਿਸੂਸ ਹੋ ਰਹੀ ਸੀ। ਖਾਣ-ਪੀਣ ਦੇ ਮਾਮਲੇ ਵਿਚ ਭਿੱਟ ਦਾ ਅਹਿਸਾਸ ਅਜੇ ਵੀ ਸੀ। ਗੁਰੂ ਨਾਨਕ ਦੇਵ ਜੀ ਨੇ ਅਖਉਤੀ ਜਾਤ-ਸ੍ਰੇਸ਼ਟਤਾ ਦੇ ਹੱਠ ਨੂੰ ਤਿਆਗਣ ਲਈ ਇਹ ਵਿਚਾਰ ਦ੍ਰਿੜ੍ਹ ਕਰਵਾਇਆ ਸੀ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥

(ਪੰਨਾ ੩੪੯)

ਗੁਰੂ ਅਮਰਦਾਸ ਜੀ ਨੇ ਵੀ ਇਸ ਵਿਚਾਰ 'ਤੇ ਬਲ ਦਿੱਤਾ ਕਿ ਸਰਬ ਸਰੀਰਾਂ ਵਿਚ ਆਤਮਾ ਇਕੋ ਜਿਹੀ ਹੁੰਦੀ ਹੈ ਅਤੇ ਉਹ ਜੋ ਚੰਗੇ ਮੰਦੇ ਕਰਮ ਇਥੇ ਕਰਦੀ ਹੈ, ਅਗੇ ਪੁਛ ਪੜਤਾਲ ਤਾਂ ਉਸੇ ਅਨੁਸਾਰ ਹੁੰਦੀ ਹੈ:

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਪੰਨਾ ੧੩੩੦)

ਵੱਖ-ਵੱਖ ਜਾਤੀਆਂ ਵਿਚ ਸਰੀਰ ਧਾਰਨ ਕਰਕੇ ਜੋ ਜਾਤੀ-ਨਿਖੇੜ ਕੀਤਾ ਜਾਂਦਾ ਹੈ, ਉਹ ਫ਼ਜ਼ੂਲ ਹੈ, ਅੱਗੇ ਤਾਂ ਸਰੀਰ ਜਾਂਦਾ ਹੀ ਨਹੀਂ:

ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ॥

(ਪੰਨਾ ੧੩੪੯)

'ਸਰਬ ਮਨੁੱਖ ਇਕ ਜਾਤੀ' ਦੇ ਵਿਚਾਰ ਨੂੰ ਅਮਲ ਵਿਚ ਲਿਆਉਣ ਲਈ ਗੁਰੂ ਅਮਰਦਾਸ ਜੀ ਨੇ ਸੰਗਤ ਦੀ ਮਰਯਾਦਾ ਤੋਰੀ, ਜਿਥੇ ਕਿ ਹਰ ਸ਼੍ਰੇਣੀ ਵਾਲਾ ਢੁੱਕ ਕੇ ਨਾਲ ਬੈਠਦਾ ਹੋਇਆ ਇਕੋ ਪ੍ਰਕਾਰ ਦਾ ਲੰਗਰ ਛਕਦਾ, ਇਸ ਤਰ੍ਹਾਂ ਖਾਣ-ਪੀਣ ਦੀ ਭਿੱਟ ਦੇ ਅਹਿਸਾਸ ਨੂੰ ਘਟਾਇਆ। ਕੁਦਰਤ ਪਿਆਰ ਦੀ ਮਿਠਾਸ ਵਿਚ ਬਦਲ ਗਈ, ਉਨ੍ਹਾਂ ਦੀ ਆਗਿਆ ਅਨੁਸਾਰ ਉਹਨਾਂ ਨੂੰ ਮਿਲਣ ਤੋਂ ਪਹਿਲਾਂ ਸੰਗਤ ਵਿਚ ਲੰਗਰ ਛੱਕ ਕੇ ਆਉਣਾ ਜ਼ਰੂਰੀ ਸੀ, ਜੋ ਸਮਾਜਕ ਪ੍ਰੀਵਰਤਣ ਲਈ ਇਕ ਨਿੱਗਰ ਅਮਲੀ ਕਦਮ ਸੀ। ਦੂਜੇ ਸ਼ਬਦਾਂ ਵਿਚ ਗੁਰੂ ਦਾ ਸਿੱਖ ਉਹੋ ਹੀ ਹੈ ਜਿਹੜਾ ਹੀਣਤਾ ਜਾਂ ਸ੍ਰੇਸ਼ਟਤਾ ਦੇ ਭਾਵ ਨੂੰ ਮਿਟਾ ਕੇ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ। ਸੱਚੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਆਦੇਸ਼ ਅਨੁਸਾਰ ਬਾਦਸ਼ਾਹ ਅਕਬਰ ਵੀ ਜਦ ਦਰਸ਼ਨ ਕਰਨ ਵਾਸਤੇ ਆਇਆ ਤਾਂ ਉਸ ਨੂੰ ਸੰਗਤ ਵਿਚ ਪ੍ਰਸ਼ਾਦ ਛਕਣ ਲਈ ਆਖਿਆ ਗਿਆ। ਉਹ ਹੰਕਾਰ ਵਤ ਹੋ ਕੇ ਕ੍ਰੋਧਿਤ ਨਹੀਂ ਹੋਇਆ, ਸਗੋਂ ਮਨੁੱਖੀ ਪਿਆਰ ਦੇ ਇਸ ਅਦੁੱਤੀ ਕਦਮ ਦੀ ਸਰਾਹਣਾ ਕੀਤੀ

SikhBookClub.com

ਅਤੇ ਲੰਗਰ ਲਈ ਜਾਗੀਰ ਲਗਾਉਣ ਦੀ ਖਾਹਿਸ਼ ਪ੍ਰਗਟ ਕੀਤੀ। ਗੁਰੂ ਜੀ ਨੇ ਇਸ ਨੂੰ ਇਸ ਆਸ਼ੇ ਲਈ ਅਸਵੀਕਾਰ ਕੀਤਾ ਕਿਉਂਕਿ ਉਹਨਾਂ ਨੇ ਗੁਰੂ ਨਾਨਕ ਜੀ ਦੇ ਚਲਾਏ ਨਿਰਮਲ ਪੰਥ ਨੂੰ ਲੋਕਤੰਤਰੀ ਭਾਵਨਾ ਵਾਲਾ ਬਣਾਉਣਾ ਸੀ। ਸਾਂਝੇ ਲੰਗਰ ਵਿਚ ਲੋਕਾਂ ਦਾ ਸਾਂਝਾ ਹਿੱਸਾ ਹੁੰਦਾ ਹੈ ਅਤੇ ਸਾਂਝੇ ਤੌਰ 'ਤੇ ਖਾਧਾ ਜਾਂਦਾ ਹੈ। ਵਿਅਕਤੀਗਤ ਦਾਨ ਜਿਥੇ ਦਾਨੀ ਨੂੰ ਅਭਿਮਾਨੀ ਬਣਾਉਂਦਾ ਹੈ ਉਥੇ ਖਾਣ ਵਾਲਿਆਂ ਦੇ ਮਨਾਂ 'ਤੇ ਬੋਝਲ ਬਣਦਾ ਹੈ।

ਸਤੀ ਦੀ ਰਸਮ

ਦੂਜੀ ਭਿਆਨਕ ਰਸਮ ਇਸਤਰੀ ਨੂੰ ਜਬਰਨ ਚਿਤਾ ਵਿਚ ਪਾ ਕੇ ਸਤੀ ਕਰਨ ਦੀ ਸੀ। ਇਸਤਰੀ ਸਤੀ ਹੁੰਦੀ ਨਹੀਂ ਸੀ, ਉਸ ਨੂੰ ਸਤੀ ਕੀਤਾ ਜਾਂਦਾ ਸੀ। ਧਰਮ ਗ੍ਰੰਥਾਂ ਨੇ ਇਸਤਰੀ ਨੂੰ ਮਰਦ ਦੇ ਸਦਾ ਅਧੀਨ ਬਣਾਈ ਰੱਖਿਆ। ਉਸ ਦੀ ਆਪਣੀ ਭਾਵਨਾ ਨੂੰ ਪਰਤੰਤਰ ਹੀ ਰੱਖਿਆ। ਭਵਿੱਖਤ ਦੇ ਸੁਖ ਲਈ ਵਰਤਮਾਨ ਦੁੱਖਾਂ ਨੂੰ ਸਹਿਣ ਵਿਚ ਉਸ ਦੀ ਬਿਹਤਰੀ ਦੱਸੀ ਗਈ। ਜਗਤ ਨੂੰ ਮਿਥਿਆ ਕਹਿ ਕੇ ਇਸ ਦੇ ਸੁੱਖਾਂ ਤੋਂ ਨੱਠਣ ਲਈ ਤਾਂ ਆਖਿਆ ਜਾਂਦਾ ਪਰ ਭਵਿੱਖਤ ਦੀ ਪ੍ਰੇਰਨਾ ਸਵਰਗ ਆਦਿ ਦੇ ਐਸ਼ਵਰਜ ਸੁੱਖਾਂ ਦੀ ਹੀ ਦਿੱਤੀ ਜਾਂਦੀ। ਸਤੀ ਦੇ ਜਬਰ ਨੂੰ ਸਹਿਣ ਲਈ 'ਪਾਰਾਸ਼ਾਰ ਸਿਮਰਤੀ' ਅਤੇ 'ਦਕਸ਼ ਸਿਮਰਤੀ' ਵਿਚ ਵਿਚਾਰ ਦਿੱਤਾ ਜਾਂਦਾ ਹੈ ਕਿ ਜਿਹੜੀ ਇਸਤਰੀ ਪਤੀ ਨਾਲ ਸਤੀ ਹੁੰਦੀ ਹੈ ਉਹ ਓਨੇ ਵਰ੍ਹੇ ਸਵਰਗ ਭੋਗਦੀ ਹੈ ਜਿੰਨੇ ਕਿ ਉਸ ਦੇ ਪਤੀ ਦੇ ਰੋਮ ਹਨ। (ਮਹਾਨ ਕੋਸ਼, ਪੰਨਾ 112) ਜਦ ਇਸਤਰੀ ਚਿਤਾ ਵਿਚ ਬੈਠਦੀ ਹੈ ਤਾਂ ਢੋਲਾਂ ਛੈਣਿਆਂ ਦੀ ਗੂੰਜਾਰ ਪਾਈ ਜਾਂਦੀ ਹੈ ਤਾਂ ਜੁ ਉਸ ਦੀਆਂ ਚੀਕਾਂ ਨਾ ਸੁਣਾਈ ਦੇ ਸਕਣ। ਜੇ ਕੋਈ ਚਿਤਾ ਤੋਂ ਬਾਹਰ ਨਿਕਲਦੀ ਤਾਂ ਉਸ ਨੂੰ ਫੇਰ ਅੰਦਰ ਧੱਕ ਦਿੱਤਾ ਜਾਂਦਾ।

ਗੁਰੂ ਅਮਰਦਾਸ ਜੀ ਨੇ ਇਸ ਕੁਕਰਮ ਨੂੰ ਬਦਲਣ ਲਈ ਐਨ ਉਲਟ ਵਿਚਾਰ ਦਿੱਤਾ। ਇਹ ਕਹਿ ਕੇ ਤਾਂ ਪ੍ਰਚਲਤ ਵਿਚਾਰ ਦੀ ਬੁਨਿਆਦ ਹੀ ਹਿਲਾ ਦਿੱਤੀ ਕਿ ਜਿਹੜੀਆਂ ਇਸਤਰੀਆਂ ਪਤੀ ਦੀ ਚਿਤਾ ਵਿਚ ਸੜ ਮਰਦੀਆਂ ਹਨ, ਉਨ੍ਹਾਂ ਨੂੰ ਸਤੀ ਨਹੀਂ ਆਖਿਆ ਜਾ ਸਕਦਾ। ਜਬਰੀ ਸਰੀਰ ਨੂੰ ਸਾੜ ਦੇਣਾ ਕਦਾਚਿਤ ਪਤੀ ਪ੍ਰੇਮ ਦਾ ਵਾਚਕ ਨਹੀਂ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥

(ਪੰਨਾ ੭੮੭)

ਸਤੀ ਹੋਣ ਬਾਰੇ ਉਨ੍ਹਾਂ ਨੇ ਦੋ ਮੁੱਖ ਵਿਚਾਰ ਦਿੱਤੇ:

1· ਸਤੀ ਅਸਲ ਵਿਚ ਉਹ ਇਸਤਰੀ ਹੈ ਜੋ ਪਤੀ ਦੇ ਵਿਛੋੜੇ ਪਿੱਛੋਂ ਉਸ ਦੇ ਤੀਬਰ ਪਿਆਰ ਸਦਕਾ ਉਸ ਦੇ ਵਿਯੋਗ ਵਿਚ ਲੁਛਦੀ ਹੋਈ ਉਸ ਨੂੰ ਸਦਾ ਲਈ ਮਨ ਵਿਚ ਰੱਖਦੀ ਹੈ। ਬਿਰਹਾ ਜੋ ਪਿਆਰ ਦਾ ਸੂਚਕ ਹੈ, ਪਤੀ ਲਈ ਸੱਚੀ ਭਗਤੀ ਹੈ:

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨ੍ਹਿ॥

(ਪੰਨਾ ੭੮੭)

2· ਦੂਜਾ ਉਨ੍ਹਾਂ ਨੂੰ ਵੀ ਸਤੀਆਂ ਆਖਣਾ ਚਾਹੀਦਾ ਹੈ ਜਿਹੜੀਆਂ ਪਤੀ ਦੇ ਵਿਛੋੜੇ 'ਤੇ ਧੀਰਜ ਕਰਦੀਆਂ ਹਨ। ਸੰਤੋਖ ਵਿਚ ਰਹਿੰਦੀਆਂ ਉਸ ਦਾ ਚਿਤਵਨ ਕਰਦੀਆਂ ਹਨ:

SikhBookClub.com

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥

(ਪੰਨਾ ੭੮੭)

ਇਸਤਰੀ ਦੀ ਬਰਾਬਰਤਾ

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਮਰਦ ਦੀ ਬਰਾਬਰੀ ਦੀ ਆਵਾਜ਼ ਉਠਾਈ ਸੀ, ਅਧਿਆਤਮਕ ਖੇਤਰ ਵਿਚ ਅਤੇ ਸਮਾਜਕ ਖੇਤਰ ਵਿਚ ਵੀ। ਗੁਰੂ ਅਮਰਦਾਸ ਜੀ ਨੇ ਇਸ ਲਈ ਹੋਰ ਵੀ ਕਦਮ ਚੁੱਕੇ। ਪਰਦੇ ਦਾ ਰਿਵਾਜ ਜੋ ਇਸਤਰੀ ਲਈ ਗ਼ੁਲਾਮੀ ਦਾ ਪਹਿਰਾਵਾ ਸੀ, ਬੰਦ ਕਰਵਾਇਆ। ਉਨ੍ਹਾਂ ਦੇ ਦਰਬਾਰ ਵਿਚ ਪਰਦਾ ਕਰਕੇ ਆਉਣ ਦੀ ਬਿਲਕੁਲ ਆਗਿਆ ਨਹੀਂ ਸੀ, ਜਿਥੇ ਬੁਧ ਨੇ ਪ੍ਰਚਾਰ ਲਈ ਭਿਖਸ਼ੂ ਮਰਦਾਂ ਦੇ ਨਾਲ ਇਸਤਰੀਆਂ ਨੂੰ ਵੀ ਜ਼ਿੰਮੇਵਾਰੀ ਦਿੱਤੀ। ਗੁਰੂ ਅਮਰਦਾਸ ਜੀ ਨੇ ਵੀ ਸਿੱਖੀ ਦੇ ਪ੍ਰਚਾਰ ਲਈ ਜੋ 146 ਪ੍ਰਚਾਰਕ ਚੁਣੇ, ਉਨ੍ਹਾਂ ਵਿਚੋਂ 52 ਇਸਤਰੀਆਂ ਸਨ। ਇਨ੍ਹਾਂ 52 ਵਿਚੋਂ ਮਾਈ ਸੁਹਾਗ ਬਾਈ ਦਾ ਨਾਂ ਪ੍ਰਸਿੱਧ ਹੈ।

ਮਰਨੋਪਰਾਂਤ ਕਿਰਿਆ

ਮਨੁੱਖ ਦੀ ਸਰੀਰਕ ਮੌਤ ਤੋਂ ਬਾਅਦ ਰੋਣਾ, ਪਿੱਟਣਾ, ਚੀਖ ਚਿਹਾੜਾ, ਰਸਮੀ ਵੈਣ, ਢਾਹਾਂ, ਸਿਆਪੇ, ਅਲਾਹੁਣੀਆਂ ਆਦਿ ਅਜਿਹੀਆਂ ਕਿਰਿਆਵਾਂ ਹਨ ਜੋ ਵਾਤਾਵਰਣ ਨੂੰ ਵਧੇਰੇ ਦਰਦਨਾਕ ਬਣਾਉਂਦੀਆਂ ਹਨ ਅਤੇ ਨਿਕਟਵਰਤੀ ਵਧੇਰੇ ਦੁਖੀ ਹੁੰਦੇ ਹਨ। ਗੁਰੂ ਸਾਹਿਬਾਨ ਨੇ ਮ੍ਰਿਤੂ ਦੇ ਵਿਸ਼ੇ 'ਤੇ ਵੀ ਵਿਸ਼ੇਸ਼ ਵਿਚਾਰ ਦਿੱਤੇ ਹਨ। ਆਤਮਾ ਅਮਰ ਹੋਣ ਕਰਕੇ ਮਰਦਾ ਤਾਂ ਕੋਈ ਵੀ ਨਹੀਂ ਹੈ। ਧਰਮਾਤਮਾ ਪੁਰਖ ਲਈ ਮੌਤ ਤਾਂ ਸ਼ੁਭ ਅਵਸਰ ਹੈ, ਪ੍ਰਭੂ ਮਿਲਾਪ ਦਾ। ਗੁਰੂ ਸਾਹਿਬਾਨ ਜੀ ਆਪਣੇ ਪਰਿਵਾਰ ਨੂੰ ਸਮਝਾਉਂਦੇ ਹਨ:

ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥

(ਪੰਨਾ ੯੨੩)

ਉਨ੍ਹਾਂ ਨੂੰ ਆਗਿਆ ਕਰਦੇ ਹਨ:

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥

(ਪੰਨਾ ੯੨੩)

ਗੁਰੂ ਅਮਰਦਾਸ ਜੀ ਨੇ ਅਲੌਕਿਕ ਘਾਲਨਾਵਾਂ ਘਾਲ ਕੇ ਉਚੇਰੇ ਲਕਸ਼ ਦੀ ਪ੍ਰਾਪਤੀ ਲਈ ਜਗਿਆਸੂ ਲਈ ਵਿਸ਼ੇਸ਼ ਪੂਰਨੇ ਪਾਏ। ਜਿਨ੍ਹਾਂ ਵਿਚੋਂ ਕੁਝ ਹਨ:

ਸੇਵਾ

ਗੁਰਮਤਿ ਵਿਚ ਸੇਵਾ ਦਾ ਵਿਸ਼ੇਸ਼ ਮਹਾਤਮ ਦੱਸਿਆ ਗਿਆ ਹੈ। ਗੁਰੂ ਨਾਨਕ ਜੀ ਨੇ ਵਿਚਾਰ ਦਿੱਤਾ ਸੀ:

SikhBookClub.com

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ *(ਪੰਨਾ ੨੬)*

ਗੁਰੂ ਅਮਰਦਾਸ ਜੀ ਦੀ ਪੂਰਨ ਸ਼ਰਧਾ ਸਹਿਤ ਗੁਰੂ ਦੀ ਕੀਤੀ ਸੇਵਾ ਦੀ ਮਿਸਾਲ ਲਾਸਾਨੀ ਹੈ। ਸਰੀਰ ਦੇ ਬਿਰਧ ਹੁੰਦਿਆਂ ਅੱਧੀ ਰਾਤ ਨੂੰ ਬਿਆਸਾ ਨਦੀ ਤੋਂ ਪਾਣੀ ਦਾ ਘੜਾ ਲਿਆ ਕੇ ਗੁਰੂ ਅੰਗਦ ਦੇਵ ਜੀ ਨੂੰ ਨਿਤਾਪ੍ਰਤੀ ਇਸ਼ਨਾਨ ਕਰਾਉਣਾ, ਮੀਂਹ ਝਖੜ ਵਿਚ ਵੀ ਅਡੋਲ ਰਹਿ ਕੇ ਨੇਮ ਨੂੰ ਪਾਲਦਿਆਂ ਅਨੰਦ ਮਹਿਸੂਸ ਕਰਨਾ ਇਕ ਅਜਿਹੀ ਘਾਲਣਾ ਸੀ ਜਿਸ ਕਰਕੇ ਉਹ ਨਿਮਾਣਿਆਂ ਦੇ ਮਾਣ, ਨਿਥਾਵਿਆਂ ਦੇ ਥਾਂ, ਨਿਆਸਰਿਆਂ ਦੇ ਆਸਰੇ ਅਖਵਾਏ।

ਸੇਵਾ ਸਾਧਨ ਹੈ ਸਾਹਿਬ ਨਾਲ ਲਿਵਲੀਨਤਾ ਦਾ, ਸੇਵਕ ਸੇਵਾ ਕਰਦੇ ਹੋਏ ਪ੍ਰਭੂ ਦੇ ਪਿਆਰ ਵਿਚ ਰੰਗੇ ਰਹਿੰਦੇ ਹਨ, ਅਜਿਹੇ ਸੇਵਕ ਪ੍ਰਭੂ ਨੂੰ ਭਾਉਂਦੇ ਹਨ। ਗੁਰੂ ਅਮਰਦਾਸ ਜੀ ਦੇ ਕਥਨ ਅਨੁਸਾਰ:

ਸੇਵਕ ਸੋਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ॥ *(ਪੰਨਾ ੧੨੩੩)*

ਨਿਮਰਤਾ

ਸੇਵਾ ਦੀ ਭਾਵਨਾ ਨਾਲ ਨਿਮਰਤਾ ਆਉਂਦੀ ਹੈ। ਨਿਰਮਾਣ ਹੋਇਆ ਮਨੁੱਖ ਸਹਿਨਸ਼ੀਲ ਹੁੰਦਾ ਹੈ। ਵੱਡੀ ਤੋਂ ਵੱਡੀ ਘਟਨਾ ਵੇਲੇ ਵੀ ਸਾਂਵਤੋਲ ਨਹੀਂ ਟੁੱਟਦਾ, ਕ੍ਰੋਧ ਨਹੀਂ ਉਠਦਾ। ਬਾਬਾ ਫ਼ਰੀਦ ਜੀ ਦੇ ਇਨ੍ਹਾਂ ਸ਼ਬਦਾਂ "ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ॥ ਆਪਨੜੇ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥" ਨੂੰ ਅਮਲੀ ਰੂਪ ਵਿਚ ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਵੇਖਿਆ ਜਾ ਸਕਦਾ ਹੈ। ਜਦ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਜੀ ਨੇ ਈਰਖਾ ਵਤ ਹੋ ਕੇ ਭਰੇ ਦਰਬਾਰ ਵਿਚ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ ਤਾਂ ਉਹਨਾਂ ਨੇ ਕਮਾਲ ਦੀ ਸਹਿਨਸ਼ੀਲਤਾ ਵਿਖਾਈ। ਪਿਆਰ ਨਾਲ ਦਾਤੂ ਜੀ ਦੇ ਪੈਰ ਫੜ ਕੇ ਘੁਟਦਿਆਂ ਨਿਮਰਤਾ ਨਾਲ ਕਹਿਣਾ ਕਿ 'ਉਨ੍ਹਾਂ ਦੇ ਬਿਰਧ ਸਰੀਰ ਦੀਆਂ ਹੱਡੀਆਂ ਕਰਕੇ ਪੈਰਾਂ ਨੂੰ ਸੱਟ ਨਾ ਲੱਗ ਗਈ ਹੋਵੇ,' ਅਜਿਹੇ ਸ਼ਬਦ ਸਨ ਜਿਨ੍ਹਾਂ ਦਾ ਵਾਰ ਕਟਾਰ ਨਾਲੋਂ ਵੀ ਤਿੱਖਾ ਸਿੱਧ ਹੋਇਆ।

ਵੰਡ ਕੇ ਛਕਣਾ

ਧਰਮ ਦੀ ਕਮਾਈ ਨੂੰ ਵੰਡ ਕੇ ਛਕਣਾ ਗੁਰੂ ਨਾਨਕ ਦੇਵ ਜੀ ਦੇ ਮੁਖ ਫੁਰਮਾਨਾਂ ਵਿਚੋਂ ਇਕ ਸੀ। ਉਨ੍ਹਾਂ ਨੇ ਇਸ ਨੂੰ ਜੀਵਨ ਦਾ ਅਸਲ ਰਾਹ ਦੱਸਿਆ ਸੀ। ਗੁਰੂ ਅਮਰਦਾਸ ਜੀ ਦੇ ਇਨ੍ਹਾਂ ਸੰਖੇਪ ਸ਼ਬਦਾਂ ਵਿਚ ਮਨੁੱਖੀ ਭਲਾਈ ਲਈ ਬੜੀ ਤਕੜੀ ਅਮਲੀ ਭਾਵਨਾ ਸੀ ਕਿ 'ਸਿੱਖ ਦਾ ਮੂੰਹ ਗੁਰੂ ਦੀ ਗੋਲਕ' ਹੈ। ਕਿਸੇ ਲੋੜਵੰਦ ਸਿੱਖ ਦੇ ਮੂੰਹ ਵਿਚ ਅੰਨ ਪਾਉਣਾ ਅਰਥਾਤ ਉਸ ਦੀਆਂ ਲੋੜਾਂ ਦੀ ਪੂਰਤੀ ਲਈ ਸਹਾਈ ਹੋਣਾ, ਮਾਨੋ ਗੁਰੂ ਦੀ ਗੋਲਕ ਵਿਚ ਭੇਟਾ ਪਾਉਣਾ ਹੈ।

ਅਨੰਦ

ਆਤਮਕ ਅਨੰਦ ਮਨੁੱਖ ਦਾ ਲਕਸ਼ ਹੈ। ਅਨੰਦ ਦੀ ਪ੍ਰਾਪਤੀ ਦੀ ਜੁਗਤ ਗੁਰੂ ਅਮਰਦਾਸ

SikhBookClub.com

ਨੇ ਇਸ ਸਿਰਲੇਖ ਹੇਠ ਲਿਖੀ ਬਾਣੀ ਵਿਚ ਦੱਸੀ ਹੈ। ਅਨੰਦ ਦੀ ਪ੍ਰਾਪਤੀ ਦਾ ਮੂਲ ਆਧਾਰ ਗੁਰੂ ਦੀ ਪ੍ਰਾਪਤੀ ਹੈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥

... ...

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥

... ...

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥

(ਪੰਨਾ ੯੧੭)

ਗੁਰੂ ਦੀ ਪ੍ਰਾਪਤੀ ਕਰ ਮਨ ਸੰਸਾਰਕ ਪਦਾਰਥਾਂ ਵਲ ਭਟਕਣ ਦੀ ਥਾਂ ਹਰੀ ਵਿਚ ਕੇਂਦਰਤ ਹੁੰਦਾ ਹੈ ਜੋ ਪਰਮ-ਅਨੰਦ ਹੈ। ਨੇਤ੍ਰ, ਕੰਨ, ਜਿਹਭਾ ਆਦਿ ਇੰਦਰੀਆਂ ਨੀਵੇਂ ਅਤੇ ਛਿਨ ਭੰਗਰੇ ਰਸਾਂ ਤੋਂ ਉਚੇਰਿਆਂ ਉਠ ਕੇ ਪ੍ਰਭੂ ਦੇ ਸ਼ਬਦ ਰਸ ਨੂੰ ਮਾਨਣ ਲੱਗਦੀਆਂ ਹਨ। ਇਸ ਰਸ ਦੀ ਪ੍ਰਾਪਤੀ ਨਾਲ ਹੋਰ ਰਸਾਂ ਦੀ ਤ੍ਰਿਸਨਾ ਹੀ ਨਹੀਂ ਰਹਿੰਦੀ। ਇਸ ਅਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਅੰਤਰ ਮੁਖੀ ਹੋਣ ਦੀ ਲੋੜ ਹੈ। ਬਾਹਰਲੀ ਕੁਲੀਨਤਾ ਜਾਂ ਸ਼ੁੱਧਤਾ ਵਿਖਾਵੇ ਮਾਤਰ ਹੀ ਹੈ। ਅੰਦਰਲੀ ਅਮੀਰੀ ਅਤੇ ਨਿਰਮਲਤਾ ਵਾਲਾ ਹੀ ਅਨੰਦ ਮਾਰਗ ਵਲ ਵਧ ਸਕਦਾ ਹੈ, ਭਾਵੇਂ ਉਹ ਬਾਹਰੋਂ ਬਿਲਕੁਲ ਸਾਧਾਰਣ ਹੀ ਹੋਵੇ। ਏਸੇ ਦ੍ਰਿਸ਼ਟੀ ਨੇ ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਜੀ ਨੂੰ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਚੁਣਿਆ ਸੀ, ਜੋ ਸਮਾਜ ਲਈ ਇਕ ਵੱਡਾ ਆਦਰਸ਼ ਸੀ। ਸ਼੍ਰੇਣੀ ਅਤੇ ਆਰਥਕ ਬੰਧਨ ਤੋਂ ਮੁਕਤ ਹੋਣ ਲਈ।

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੀ ਅਲੌਕਿਕ ਦੇਣ ਦੀ ਮਹਿਮਾ ਅਕਥੀਨਯ ਹੈ। ਭੱਲ ਭੱਟ ਜੀ ਵੀ ਉਪਮਾ ਗਾਉਂਦਾ ਅਖੀਰ ਇਹੋ ਹੀ ਕਹਿੰਦੇ ਹਨ:

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਪੰਨਾ ੧੩੯੬)

(9/1971)

SikhBookClub.com

ਸ੍ਰੀ ਗੁਰੂ ਅਮਰਦਾਸ ਜੀ

ਕੌਣ ਜਾਣਦਾ ਸੀ ਕਿ ਦਹਾਕਿਆਂ-ਬੱਧੀ ਖੇਤੀ ਤੇ ਵਣਜ-ਵਪਾਰ ਵਿਚ ਗ੍ਰੱਸੇ ਰਹੇ ਸ੍ਰੀ ਗੁਰੂ ਅਮਰਦਾਸ ਜੀ, ਬਜ਼ੁਰਗੀ ਉਮਰੇ ਸੇਵਾ ਤੇ ਸਿਮਰਨ ਦੇ ਪੁੰਜ, ਗੁਣਾਂ ਦੀ ਖਾਣ ਅਤੇ ਮਿਹਰਾਂ ਦੇ ਮਹਾਨ ਦਾਤਾ ਵੀ ਬਣ ਜਾਣਗੇ। ਉਦੋਂ ਤਾਂ ਕਿਸੇ ਨੂੰ ਇਸ ਗੱਲ ਦਾ ਖ਼ਾਬ-ਖ਼ਿਆਲ ਹੀ ਨਹੀਂ ਸੀ ਕਿ ਉਹ ਆਪਣੇ ਜੀਵਨ ਦੇ ਅੰਤਲੇ ਦੋ ਦਹਾਕਿਆਂ ਵਿਚ ਇੰਨੇ ਤੇ ਅਜਿਹੇ ਮਹਾਂਪੁਰਸ਼ ਵੀ ਬਣ ਜਾਣਗੇ ਕਿ ਸਮਕਾਲੀ ਕਵੀ ਤੇ ਵਿਦਵਾਨ ਉਨ੍ਹਾਂ ਦੀ ਅੱਖੀਂ-ਡਿੱਠੀ ਤੇ ਕੰਨੀਂ ਸੁਣੀ ਸੋਭਾ ਦਸਦਿਆਂ ਅਤੇ ਮਹਿਮਾ ਗਾਉਂਦਿਆਂ, ਉਦੋਂ ਤੇ ਮਗਰੋਂ ਇਹ ਕੁਝ ਲਿਖਣ ਲਈ ਆਪਣਾ ਅਤੇ ਆਪਣੇ ਸਮੇਂ ਤੇ ਸਥਿਤੀ ਦਾ ਮਾਣ ਸਮਝਣਗੇ:

ਸਤਿਗੁਰ ਹੋਆ ਸਤਿਗੁਰਹੁ, ਅਚਰਜੁ ਅਮਰ ਅਮਰਿ ਵਰਤਾਇਆ ।

(ਵਾਰ ੨੪/੧੨)

ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥
ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥

(ਪੰਨਾ ੯੬੮)

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਪੰਨਾ ੧੩੯੬)

ਇਹ ਵੀ ਉਦੋਂ ਕਿਸ ਨੂੰ ਪਤਾ ਸੀ ਕਿ ਆਪਣੇ ਮਹਾਨ ਇਸ਼ਟ ਸ੍ਰੀ ਗੁਰੂ ਅੰਗਦ ਦੇਵ ਜੀ (1504-1551 ਈ.) ਦੀ ਨਿਰਮਾਣ ਤੇ ਨਿਰੰਤਰ ਸੇਵਾ ਕਰਦਿਆਂ, ਜਦੋਂ ਕੋਈ ਅਣਜਾਣ ਜੁਲਾਹੀ, ਅਭੋਲ ਹੀ ਉਨ੍ਹਾਂ ਨੂੰ 'ਅਮਰੂ ਨਿਥਾਵਾਂ' ਕਹਿ ਕੇ ਪੁਕਾਰੇਗੀ, ਤਾਂ ਉਹ ਉਨ੍ਹਾਂ ਦੀ ਪ੍ਰੇਮਾ ਭਗਤੀ, ਕਠਿਨ ਘਾਲ ਤੇ ਸਰਬਾਂਗੀ ਯੋਗਤਾ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੂੰ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈ.) ਦੀ ਪਾਵਨ ਗੱਦੀ ਹੀ ਸੌਂਪ ਦੇਣਗੇ, ਸਗੋਂ ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਤਾਣਿਆਂ ਦਾ ਤਾਣ ਤੇ ਨਿਮਾਣਿਆਂ ਦਾ ਮਾਣ...ਹੋਣ ਦੇ ਸੁਭਾਗੇ ਬਚਨਾਂ ਨਾਲ ਵੀ ਨਿਵਾਜ ਦੇਣਗੇ। ਅਜਿਹੇ ਗੁਣਾਂ ਨਾਲ ਜਿਨ੍ਹਾਂ ਨੂੰ ਮੁੱਖ ਰੱਖਦਿਆਂ ਅਤੇ ਜਿਨ੍ਹਾਂ ਦੀ ਧਾਰਨੀ ਸ਼ਖ਼ਸੀਅਤ ਨੂੰ ਇਕ ਉਪਕਾਰੀ ਤੇ ਘਣ-ਛਾਵੇਂ ਰੁੱਖ ਨਾਲ ਤੁਲਨਾਉਂਦਿਆਂ, ਮਹਾਂ ਕਵੀ ਭਾਈ ਸੰਤੋਖ ਸਿੰਘ ਪਿੱਛੋਂ ਲਿਖਣਗੇ:

ਪ੍ਰੇਮ ਤਰੋਵਰ ਉਰ ਕੇ ਮਾਂਹੀ, ਸ਼ਰਧਾ ਆਲਬਾਲ ਹੈ ਜਾਂਹੀ।
ਗੁਰ ਆਇਸ ਕੇ ਨਿਤਿ ਅਨੁਸਾਰੀ, ਯਹੀ ਸੰਚਿਬੇ ਕੋ ਬਰ ਬਾਰੀ।

SikhBookClub.com

ਨਿਸ ਦਿਨ ਚਿਤਵਨ ਬਲਕਲ ਅਹੈ, ਦ੍ਰਿੜ੍ਹ ਜੜ ਸਦਾ ਭਗਤਿ ਮਮਿ ਰਹੈ।
ਸਤਿ ਸੰਤੋਖ ਆਦਿ ਗੁਨ ਸਾਰੇ, ਚੰਹੁ ਦਿਸ਼ਨ ਬਿਸਤਰਤਿ ਸੁ ਡਾਰੇ।
ਆਤਮ ਗਯਾਨ ਮਹਾਂ ਫਲ ਲਾਗੇ, ਰਸ ਅਨੰਦ ਪ੍ਰਾਪਤ ਬਡਭਾਗੇ।
ਅਸ ਤਰੁ ਪ੍ਰੇਮ ਬਰਧਬੋ ਭਾਉ, ਉਰ ਸ੍ਰੀ ਅਮਰ ਅਚਲ ਬਰ ਥਾਉ।
(ਰਾਸ ੧, ਅੰਸੂ ੧੧, ਬੰਦ ਨੰ: ੩੭-੩੮)

ਇਹ ਵੀ ਉਦੋਂ ਕੌਣ ਕਹਿ ਸਕਦਾ ਸੀ ਕਿ ਵਰ੍ਹਿਆਂ-ਬੱਧੀ ਵੈਸ਼ਨਵ ਮੱਤ ਦੇ ਪੱਕੇ ਅਨੁਯਾਈ ਤੇ ਨਿਰੰਤਰ ਤੀਰਥ-ਯਾਤਰੀ[1] ਅਤੇ ਮਗਰੋਂ ਗੁਰੂ-ਘਰ ਦੇ ਇਕ ਨਿਮਾਣੇ ਜਿਹੇ ਸੇਵਕ ਬਣੇ ਰਹੇ ਇਹੋ 'ਅਮਰਦਾਸ' ਬਾਬਾ ਜੀ ਸ੍ਰੀ ਗੁਰੂ ਅਮਰਦਾਸ ਜੀ, ਬਣਦਿਆਂ ਹੀ ਸਿੱਖ ਧਰਮ ਦੀ ਉੱਨਤੀ ਤੇ ਉਸਾਰੀ ਲਈ ਅਜਿਹੇ ਨਿੱਗਰ ਤੇ ਉਸਾਰੂ ਕੰਮ ਕਰ ਦੇਣਗੇ ਕਿ ਜਿਨ੍ਹਾਂ ਨੂੰ ਮੁੱਖ ਰੱਖਦਿਆਂ, ਆਉਂਦੇ ਸਮੇਂ ਦੇ ਇਤਿਹਾਸਕਾਰ ਉਨ੍ਹਾਂ ਨੂੰ ਸਿੱਖੀ ਦਾ ਇਕ ਮਹਾਨ ਉਸਰੱਈਆ ਦਸਦਿਆਂ, ਪ੍ਰੋ· ਬੈਨਰਜੀ ਦੇ ਲਫ਼ਜ਼ਾਂ ਵਿਚ ਇਹ ਵੀ ਮੰਨਣਗੇ ਕਿ There can be little doubt that Sikhism made a considerable headway during the pontificate of Amar Das... It may thus be regarded as a turning point in the history of Sikhism in more ways than one.[2] ਅਰਥਾਤ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਧਰਮ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਮੇਂ ਚੋਖੀ ਤਰੱਕੀ ਕੀਤੀ ਸੀ। ਇਸ ਲਈ ਉਸ ਸਮੇਂ ਨੂੰ ਸਿੱਖ ਇਤਿਹਾਸ ਦਾ ਕਈ ਪੱਖਾਂ ਤੋਂ ਇਕ ਅਹਿਮ ਮੋੜ ਸਮਝਿਆ ਜਾ ਸਕਦਾ ਹੈ।

ਅਜਿਹੀ ਮਹਾਨ ਪਦਵੀ ਤੇ ਅਨੂਠੇ ਵਚਨਾਂ ਦੀ ਪ੍ਰਾਪਤੀ ਸਮੇਂ, ਸੰਨ 1552 ਵਿਚ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਉਮਰ ਦੇ ਤਿਹੱਤਰਵੇਂ ਵਰ੍ਹੇ ਵਿਚ ਵਿਚਰ ਰਹੇ ਸਨ। ਉਹ ਪਚਾਨਵੇਂ ਵਰ੍ਹਿਆਂ ਦੀ ਉਮਰ ਵਿਚ ਜੋਤੀ ਜੋਤਿ ਸਮਾਏ ਸਨ। ਇੰਨੀ ਵਡੇਰੀ ਉਮਰ ਵਿਚ ਵਿਚਰਦਿਆਂ, ਉਨ੍ਹਾਂ ਨੇ ਲੋਕ-ਭਲਾਈ ਲਈ ਜੋ ਸ਼ੁਭ ਕਾਰਜ ਆਰੰਭੇ ਅਤੇ ਕਈ ਔਕੜਾਂ ਤੇ ਵਿਰੋਧਾਂ ਦੇ ਬਾਵਜੂਦ ਨੇਪਰੇ ਚੜ੍ਹਾਏ, ਉਨ੍ਹਾਂ ਦਾ ਖ਼ਿਆਲ ਹੀ ਸਾਧਾਰਨ ਮਨੁੱਖ ਨੂੰ ਸੋਚੀਂ ਪਾ ਦੇਂਦਾ ਹੈ। ਅਜਿਹੇ ਬਿਖੜੇ ਹਾਲਾਤ ਵਿਚੋਂ ਲੰਘਦਿਆਂ, ਵਰ੍ਹਿਆਂ ਦੀ ਗੁਰਿਆਈ ਦੌਰਾਨ, ਉਨ੍ਹਾਂ ਨੇ ਕੌਮ ਤੇ ਮਨੁੱਖਤਾ ਦੀ ਜੋ ਨਿੱਗਰ ਤੇ ਉਸਾਰੂ ਸੇਵਾ ਕੀਤੀ, ਗੁਰਸਿੱਖੀ ਤੇ ਆਮ ਲੋਕਾਈ ਨੂੰ ਜਿਨ੍ਹਾਂ ਬਹੁਪੱਖੀ ਯਾਦਗਾਰੀ ਦੇਣਾਂ ਨਾਲ ਨਿਵਾਜਿਆ, ਉਹ ਵੀ ਆਪਣੀ ਮਿਸਾਲ ਆਪ ਹੀ ਹਨ। ਜਿਥੋਂ ਤਕ ਇਸ ਦੇਣ ਦੇ ਸਦਾਚਾਰਕ, ਧਾਰਮਿਕ ਤੇ ਅਧਿਆਤਮਕ ਪੱਖ ਦਾ ਸਬੰਧ ਹੈ, ਸਮਕਾਲੀ ਭਾਈ ਸੱਤਾ ਜੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਸਹਿਜ ਤੇ ਸੂਚਕ ਘੋੜੇ 'ਤੇ ਜਤ ਦੀ ਲਖਾਇਕ ਕਾਠੀ ਪਾ ਕੇ, ਸੱਚ ਰੂਪੀ ਕਮਾਨ ਰਾਹੀਂ ਹਰੀ-ਜੱਸ ਦੇ ਅਜਿਹੇ ਤੀਰ ਚਲਾਏ ਜਿਨ੍ਹਾਂ ਨੇ ਹਜ਼ਾਰਾਂ ਪ੍ਰਾਣੀਆਂ ਦੇ ਜੀਵਨ ਉਚਿਆ ਕੇ, ਉਨ੍ਹਾਂ ਨੂੰ ਪ੍ਰਭੂ ਦੀ ਸ਼ਰਨ ਲਾ ਦਿੱਤਾ ਸੀ:

---

1. ਪ੍ਰੋ. ਸਾਹਿਬ ਸਿੰਘ ਅਨੁਸਾਰ ਉਹ ਪਹਿਲੀ ਵਾਰ 42 ਕੁ ਵਰ੍ਹੇ ਦੀ ਉਮਰ ਵਿਚ ਸੰਨ 1521 ਨੂੰ ਹਰਿਦੁਆਰ ਇਸ਼ਨਾਨ ਕਰਨ ਗਏ ਅਤੇ 1541 ਈ. ਤੱਕ ਵੀਹ ਵਰ੍ਹੇ ਲਗਾਤਾਰ ਜਾਂਦੇ ਰਹੇ ਨੇਮ ਨਿਭਾਉਂਦੇ ਰਹੇ। (ਵੇਖੋ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ, ਅੰਮ੍ਰਿਤਸਰ 1976, ਪੰ. 6-7)

2. Banerjee, Prof. Indu Bhushan, Evolution of the Khalsa, Vol. 1, Kolkata 1936, 2nd Ed., 1963, pp. 167-68, 182.

SikhBookClub.com

ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥

(ਪੰਨਾ ੯੬੮)

ਅਜਿਹੇ ਜਗਿਆਸੂਆਂ ਨੂੰ ਸੰਬੋਧਨ ਕਰਦਿਆਂ ਅਤੇ ਆਤਮਕ ਸੁਖ ਤੇ ਆਨੰਦ ਦੀ ਪ੍ਰਾਪਤੀ ਦਾ ਰਾਹ ਦੱਸਦਿਆਂ ਇਹ ਸ੍ਰੀ ਗੁਰੂ ਅਮਰਦਾਸ ਜੀ ਨੇ ਹੀ ਫੁਰਮਾਇਆ ਸੀ:

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥

(ਪੰਨਾ ੯੨੨)

ਹਉਮੈ, ਦੁਬਿਧਾ, ਆਪਾ-ਧਾਪੀ, ਦੁੱਖਾਂ-ਭੁੱਖਾਂ ਤੇ ਵਿਸ਼ੇ-ਵਿਕਾਰਾਂ ਦੀ ਅੱਗ ਵਿਚ ਸੜ ਰਹੀ ਦੁਨੀਆਂ ਦੀ ਪੀੜਾ ਨੂੰ ਦਿਲੋਂ ਮਹਿਸੂਸ ਕਰਦਿਆਂ, ਉਸ ਦੇ ਨਿਸਤਾਰੇ ਲਈ ਰੱਬੀ ਦਰਗਾਹ ਵਿਚ ਇਹ ਦਿਲ-ਵਿੰਨ੍ਹਵੀਂ ਅਰਜ਼ੋਈ ਕਰਦਿਆਂ ਅਤੇ ਆਪਣੇ ਕੋਮਲ ਚਿਤ ਤੇ ਵਿਸ਼ਾਲ ਹਿਰਦੇ ਵਿਚੋਂ ਹੇਠ-ਲਿਖੀ ਸਰੋਦੀ ਹੂਕ (Lyrical cry) ਕਢਦਿਆਂ, ਇਹ ਵੀ ਆਪ ਨੇ ਹੀ ਆਖਿਆ ਸੀ, ਰੱਬ ਜੀ, ਇਹ ਅੱਗ ਬੁਝਾ ਦਿਓ। ਮੈਂ ਨਹੀਂ ਕਹਿੰਦਾ ਕਿ ਮੇਰੇ ਸੁੱਟੇ ਹੋਏ ਪਾਣੀ ਨਾਲ ਹੀ ਬੁਝੇ। ਮੈਂ ਤਾਂ ਇਹੋ ਅਰਜ਼ ਕਰਦਾ ਹਾਂ ਕਿ ਇਹ ਜਿਵੇਂ ਕਿਵੇਂ ਬੁਝ ਸਕਦੀ ਹੈ, ਆਪਣੀ ਅਪਾਰ ਮਿਹਰ ਸਦਕੇ, ਇਸ ਨੂੰ ਬੁਝਾ ਕੇ ਜਗਤ ਵਿਚ ਠੰਡ ਵਰਤਾ ਦਿਓ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

(ਪੰਨਾ ੮੫੩)

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੀ ਉੱਨਤੀ, ਉਸਾਰੀ ਅਤੇ ਇਸ ਦੀ ਆਜ਼ਾਦ ਹਸਤੀ ਦੀ ਬਰਕਰਾਰੀ ਲਈ ਵੀ ਬੜੀ ਭਰਵੀਂ, ਮਿਸਾਲੀ ਤੇ ਯਾਦਗਾਰੀ ਘਾਲ ਘਾਲੀ। ਬਾਵਾ ਸਰੂਪ ਦਾਸ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਅਜਿਹੀ ਨਿੱਗਰ ਤੇ ਉਸਾਰੂ ਸੇਵਾ ਕਰਨ ਦੀ ਤਾਕੀਦ ਗੁਰੂ-ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਖ਼ੁਦ ਕਰ ਗਏ ਸਨ:

ਤਬ ਬਚਨ ਹੂਆ ਜੋ ਪੁਰਖਾ: ਚਉਰਾਸੀ ਤੁਮਰੇ
ਹਾਥ ਮੋ ਹੈ, ਔਰ ਵਾਹਿਗੁਰੂ ਕਾ ਮੰਤ੍ਰ ਆਪਣੇ ਮੁਖ ਰਖ ਕੇ
ਚਉਰਾਸੀ ਕਉ ਜਪਾਈਐ। ਸੋ ਬਾਬੇ ਜੀ ਕੀ ਆਗਿਆ ਹੈ
ਪਾਰਬ੍ਰਹਮ ਦਾ ਪੰਥ ਕਰਨਾ ਹੈ, ਤੁਸਾਡੇ ਪਾਸੋਂ ਹੋਵੇਗਾ।

(ਮਹਿਮਾ ਪ੍ਰਕਾਸ਼ ਵਾਰਤਕ, ਸਾਖੀਆਂ ਪਾਤਸ਼ਾਹੀ ਤੀਜੀ, ਪੰ: ੩੮/੨)

ਭਾਈ ਵੀਰ ਸਿੰਘ ਅਨੁਸਾਰ ਸਤਿਗੁਰਾਂ ਨੇ ਆਪ ਨੂੰ ਆਗਿਆ ਕੀਤੀ ਸੀ ਕਿ ਪਾਰਬ੍ਰਹਮ ਦਾ ਪੰਥ ਚਲਾਈ ਚਲਣਾ ਹੈ: ਜਗਤ ਦੇ ਜੀਵਾਂ ਨੂੰ ਪਰਮੇਸ਼ਰ ਦਾ ਉਪਦੇਸ਼ ਕਰਨਾ ਹੈ। (ਸ੍ਰੀ ਅਸਟ ਗੁਰ ਚਮਤਕਾਰ, ਭਾਗ ਪਹਿਲਾ, ਪੰਨਾ 144) ਤਦੇ ਤਾਂ ਉਨ੍ਹਾਂ ਨੇ ਗੁਰੁਤਾ ਪ੍ਰਾਪਤ ਹੁੰਦਿਆਂ ਹੀ, ਭਾਈ ਗੁਰਦਾਸ ਜੀ ਦੇ ਲਫ਼ਜ਼ਾਂ ਵਿਚ, ਗੁਰ-ਸ਼ਬਦ ਦਾ ਖ਼ਜ਼ਾਨਾ ਖੋਹਲ ਦਿੱਤਾ, ਜਾਤ-ਪਾਤ ਦੀ ਤਮੀਜ਼ ਮਿਟਾ ਦਿੱਤੀ, 'ਮਾਇਆ ਵਿਚ ਉਦਾਸ' ਤੇ ਜੀਵਨ ਵਿਚ ਸੰਤੁਲਿਤ ਰਹਿਣ ਦੀ ਜਾਚ ਸਿਖਾਉਂਦਿਆਂ, ਸੱਚੇ-ਸੁੱਚੇ ਧਰਮ ਦੇ ਪ੍ਰਬੰਧ ਨੂੰ ਸੰਪੂਰਨ ਰੂਪ ਦੇ ਦਿੱਤਾ ਸੀ:

SikhBookClub.com

ਖੋਲਿ ਖਜਾਨਾ ਸਬਦੁ ਦਾ, ਸਾਧਸੰਗਤਿ ਸਚੁ ਮੇਲਿ ਮਿਲਾਇਆ।
ਗੁਰ ਚੇਲਾ ਪਰਵਾਣੁ ਕਰਿ, ਚਾਰਿ ਵਰਨ ਲੈ ਪੈਰੀ ਪਾਇਆ।
ਗੁਰਮੁਖਿ ਇਕੁ ਧਿਆਈਐ, ਦੁਰਮਤਿ ਦੂਜਾ ਭਾਉ ਮਿਟਾਇਆ।
ਕੁਲਾ ਧਰਮ ਗੁਰਸਿਖ ਸਭ, ਮਾਇਆ ਵਿਚਿ ਉਦਾਸੁ ਰਹਾਇਆ।
ਪੂਰੇ ਪੂਰਾ ਥਾਟੁ ਬਣਾਇਆ॥

(ਵਾਰ ੨੪/੧੨)

ਸੋ, ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਸ੍ਰੀ ਗੁਰੂ ਅਮਰਦਾਸ ਜੀ ਸਿੱਖ ਸਿਧਾਂਤ ਦੀ ਪਹਿਲੀ, ਭਰਵੀਂ ਤੇ ਭਰੋਸੇਯੋਗ ਵਿਆਖਿਆ ਅਤੇ ਸਿੱਖ ਕੌਮ ਦੀ ਵਿਗਿਆਨਕ ਵਿਉਂਤਬੰਦੀ ਤੇ ਨਿਯਮਤ ਜਥੇਬੰਦੀ ਦੇ ਮਹਾਨ ਮੋਢੀ ਸਨ। ਸਿੱਖ ਸੰਸਥਾਵਾਂ ਦੇ ਵਿਕਾਸ ਅਤੇ ਸਿੱਖੀ ਦੇ ਧੁਰੇ ਦੀ ਸਥਾਪਨਾ ਲਈ ਵੀ ਆਪ ਨੇ ਮੋਢੀ ਉਸਰੱਈਆਂ ਵਰਗਾ ਕੰਮ ਕੀਤਾ।

ਸਿੱਖ ਪਾਤਿਸ਼ਾਹਿਤ ਦਾ ਜੋ ਮੁੱਢਲਾ ਕੇਂਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਰਾਵੀ) ਕਾਇਮ ਕੀਤਾ ਸੀ, ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਬਦਲ ਗਿਆ ਸੀ। ਸ੍ਰੀ ਗੁਰੂ ਅਮਰਦਾਸ ਜੀ ਇਸੇ ਨੂੰ ਫਿਰ ਹੇਠ ਲਿਖੇ ਅਨੁਸਾਰ, ਗੋਇੰਦਵਾਲ ਲੈ ਆਏ ਸਨ:

ਲਹਣੇ ਪਾਈ ਨਾਨਕੀ, ਦੇਣੀ ਅਮਰਦਾਸਿ ਘਰਿ ਆਈ।
ਫੇਰਿ ਵਸਾਇਆ ਗੋਇੰਦਵਾਲੁ, ਅਚਰਜੁ ਖੇਲੁ ਨ ਲਖਿਆ ਜਾਈ।

(ਵਾਰ ੧/੪੬)

ਗੋਇੰਦਵਾਲ ਦੀ ਅਜਿਹੀ ਕੇਂਦਰੀ ਸਥਾਪਨਾ ਨਾਲ, ਸਿੱਖ ਧਰਮ ਨੂੰ ਇਕ ਉੱਘਾ ਤੇ ਅਹਿਮ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ। ਇਸ ਦੇ ਪ੍ਰਚਾਰ, ਸੰਪਰਕ ਤੇ ਸੰਗਠਨ ਵਿਚ ਵੀ, ਇਸ ਨਗਰ ਨੇ ਫਿਰ ਬੜਾ ਲਾਭਦਾਇਕ ਤੇ ਮਹੱਤਵਪੂਰਨ ਹਿੱਸਾ ਪਾਇਆ ਅਤੇ ਛੇਤੀ ਹੀ ਸਿੱਖੀ ਦਾ ਧੁਰਾ ਉਸ ਸਮੇਂ ਅਖਵਾਇਆ। ਇਸੇ ਗੋਇੰਦਵਾਲ ਵਿਚ 1559 ਈ. ਨੂੰ ਉਨ੍ਹਾਂ ਨੇ ਹੇਠ ਲਿਖੇ ਅਨੁਸਾਰ, ਲੋਕਾਂ ਦੇ ਹਿੱਤਾਂ ਤੇ ਲੋੜਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੇ ਹੀ ਸਿਦਕ ਤੇ ਹਿੰਮਤ ਰਾਹੀਂ ਇਕ ਅਜਿਹੀ ਅਨੂਠੀ ਬਾਉਲੀ ਤਿਆਰ ਕਰਵਾ ਦਿੱਤੀ Which marked a very important step in the history of Sikhism. (Evolution of the Khalsa, p. 170) ਜਿਸ ਦੀ ਉਸਾਰੀ ਸਿੱਖੀ ਦੇ ਇਤਿਹਾਸ ਵਿਚ ਇਕ ਅਹਿਮ ਕਦਮ ਤੇ ਕਾਰਵਾਈ ਦੀ ਸੂਚਕ ਸਿੱਧ ਹੋਈ। ਤਦੇ ਹੀ ਤਾਂ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ:

ਧਰਮ ਧੁਰੰਧਰ ਅਮਰ ਗੁਰ, ਸਦਾ, ਚਹਿਤ ਉਪਕਾਰ।
ਰਚਿਬੇ ਤੀਰਥ ਬਾਵਲੀ, ਸਿਖਨ ਹੇਤ ਉਧਾਰ।

(ਸੂਰਜ ਪ੍ਰਕਾਸ਼, ਰਾਸ ੧ ਅੰਸੂ ੫੧)

ਗੁਰੂ ਸਾਹਿਬ ਨੇ ਹਰ ਪ੍ਰਾਣੀ-ਮਾਤਰ ਲਈ ਇਕੋ ਥਾਂ ਨਹਾਉਣ ਤੇ ਇਕੋ ਥਾਂ ਦਾ ਪਾਣੀ ਪੀਣ ਪਿਲਾਉਣ ਲਈ ਅਜਿਹੀ ਥਾਂ ਬਣਾ ਕੇ, ਉਸ ਨਾਲ ਇਕ ਅਜਿਹੀ ਮਰਯਾਦਾ ਵੀ ਕਾਇਮ ਕਰ ਦਿੱਤੀ ਜਿਸ ਨੇ ਭਾਰਤੀ ਸਮਾਜ ਵਿਚ ਪ੍ਰਚਲਤ ਸੁੱਚ-ਭਿੱਟ ਦੀ ਤਮੀਜ਼ ਤੇ ਛੂਤ-ਛਾਤ ਦੀ ਬਿਰਤੀ ਉੱਤੇ ਇਕ ਕਰਾਰੀ ਤੇ ਯਾਦਗਾਰੀ ਸੱਟ ਲਾਈ। ਇਸ ਦੇ ਨਾਲ ਹੀ, ਸ਼ਬਦ ਦੀ ਮਹਿਮਾ ਤੇ ਹਰਿ-ਸਿਮਰਨ ਦੀ ਪ੍ਰਥਾ ਜੋੜ ਕੇ, ਤੀਰਥ ਯਾਤਰਾ ਦਾ ਤਸੱਵਰ ਵੀ ਬਦਲ ਦਿੱਤਾ:

SikhBookClub.com

ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ॥

(ਪੰਨਾ ੪੨੨)

ਅਰਥਾਤ: ਤੇਰਾ ਨਾਮ ਸਰੋਵਰ ਹੀ ਸ਼ਾਸਤਰ, ਵੇਦ ਤੇ ਸਿਮ੍ਰਿਤੀਆਂ ਹਨ ਅਤੇ ਗੰਗਾ ਤੇਰੇ ਚਰਨਾਂ ਵਿਚ ਸਮਾ ਰਹੀ ਹੈ, ਭਾਵ ਤੇਰੇ ਨਾਮ ਵਿਚ ਸਭ ਧਾਰਮਿਕ ਵੇਦ ਆ ਜਾਂਦੇ ਹਨ, ਤੇਰੇ ਚਰਨਾਂ ਵਿਚ ਸਾਰੇ ਤੀਰਥ ਆ ਜਾਂਦੇ ਹਨ। ਜਿਸ ਨੇ ਨਾਮ ਜਪਿਆ, ਉਸ ਦੇ ਭਾਣੇ ਸਾਰੇ ਗ੍ਰੰਥ ਪੜ੍ਹੇ ਗਏ; ਜਿਸ ਨੇ ਤੇਰੇ ਚਰਨ ਸੇਵੇ, ਤੇਰੀ ਸ਼ਰਨ ਲਈ, ਉਸ ਨੇ ਤੀਰਥ-ਯਾਤਰਾ ਕਰ ਲਈ। ਗੋਇੰਦਵਾਲ ਸਾਹਿਬ ਵਿਚ ਪ੍ਰੇਮਾ-ਭਗਤੀ, ਸੇਵਾ ਤੇ ਸਿਮਰਨ ਦਾ ਵੀ ਅਜਿਹਾ ਪ੍ਰਵਾਹ ਚਲਿਆ ਕਿ ਗੁਰੂ-ਸਮਕਾਲੀ ਭੱਟ, ਨਲ੍ਹ ਜੀ ਨੇ ਇਸ ਨੂੰ ਦਰਿਆ ਬਿਆਸ ਦੇ ਕੰਢੇ ਬੈਕੁੰਠ ਸਮਾਨ ਬਣਿਆ ਤੇ ਸਜਿਆ ਹੋਇਆ ਬਿਆਨ ਕੀਤਾ ਹੈ:

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੁਨ ਤੀਰਿ ਬਿਪਾਸ ਬਨਾਯਉ॥

(ਪੰਨਾ ੧੪੦੦)

ਸਿੱਖ ਪਾਤਸ਼ਾਹਿਤ ਦੇ ਉਕਤ ਕੇਂਦਰ ਨੂੰ ਮਗਰੋਂ ਸ੍ਰੀ ਗੁਰੂ ਅਮਰਦਾਸ ਜੀ ਦੀ ਹੀ ਦਿਬ-ਦ੍ਰਿਸ਼ਟੀ, ਆਗਿਆ ਤੇ ਅਸੀਸ ਸਦਕੇ, ਉਨ੍ਹਾਂ ਦੇ ਉਤਰ-ਅਧਿਕਾਰੀ, ਸ੍ਰੀ ਗੁਰੂ ਰਾਮਦਾਸ ਜੀ (1534-81) ਸ੍ਰੀ ਅੰਮ੍ਰਿਤਸਰ ਲੈ ਗਏ, ਜੋ ਸਮਾਂ ਪਾ ਕੇ ਸਿੱਖੀ ਦੀ ਉਵੇਂ ਹੀ ਰਾਜਧਾਨੀ ਸਿੱਧ ਹੋਇਆ, ਜਿਵੇਂ ਈਸਾਈਅਤ ਦਾ ਰੋਮ ਤੇ ਇਸਲਾਮ ਦਾ ਮੱਕਾ ਹੈ।

ਇਸੇ ਅੰਮ੍ਰਿਤਸਰ ਵਿਚ ਕਾਇਮ ਹੋਏ ਉਸ ਸ਼ੋਮਣੀ ਸਿੱਖ ਕੇਂਦਰ ਅਤੇ ਸਿੱਖੀ ਜੀਵਨ ਦੇ ਅਮਰ ਸੋਮੇ ਦੀ ਸਥਾਪਨਾ ਤੇ ਉਸਾਰੀ ਦਾ ਆਰੰਭ ਦਸਦਿਆਂ, ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਇਕ ਦਿਨ ਉਕਤ ਗੋਇੰਦਵਾਲ ਬੈਠਿਆਂ, ਭਾਈ ਜੇਠਾ ਜੀ (ਮਗਰੋਂ ਗੁਰੂ ਰਾਮਦਾਸ ਜੀ) ਨੂੰ ਪਾਸ ਬੁਲਾ ਕੇ ਆਗਿਆ ਕੀਤੀ ਸੀ ਕਿ ਵਰਤਮਾਨ ਸ੍ਰੀ ਅੰਮ੍ਰਿਤਸਰ ਦੇ ਸਥਾਨ ਉੱਤੇ ਜਾ ਕੇ ਇਕ ਨਵਾਂ ਗਰਾਮ ਵਸਾਉ:

ਸੁਨ ਹੇ ਸੋਮੁ ਬਸਨ ਹਿਤ ਥਾਨ, ਗ੍ਰਾਮ ਬਸਾਵਹੁ ਪਿਖਿ ਕਰਿ ਆਨ।
ਸਨੇ ਸਨੇ ਨਿਜ ਪਾਇ ਟਿਕਾਵਹੁ, ਬਹੁਰ ਕਰਹੁ ਪੁਰਿ ਮਹਾਂ ਬਸਾਵਹੁ।...
ਅਹੈ ਪਰਗਨਾ ਤੁਮਰੇ ਪਾਸ, ਥਲ ਆਛੋ ਪਿਖਿ ਕਰਹੁ ਅਵਾਸ।

(ਸੂਰਜ ਪ੍ਰਕਾਸ਼, ਰਾਸ ੨, ਅੰਸੁ ੧੨, ਬੰਦ ੪)

ਇਸੇ ਲਈ ਇਸ ਨੂੰ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਨਾਂ 'ਤੇ ਰਾਮਦਾਸਪੁਰ ਵੀ ਬੁਲਾਇਆ ਜਾਂਦਾ ਰਿਹਾ। ਭਾਈ ਕੇਸਰ ਸਿੰਘ ਅਨੁਸਾਰ:

ਦੁਇ ਨਾਮ ਤੀਰਥ ਦੇ ਪਏ ਸੰਸਾਰ
ਕੋਈ ਕਹੇ ਰਾਮਦਾਸਪੁਰ,
ਕੋਈ ਕਹੇ ਅਮਰਸਰ ਉਚਾਰ।

(ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ, ਚਰਨ ਨੰ: ੪ ਬੰਦ ਨੰ: ੨੫)

ਇਨ੍ਹਾਂ ਦੀ ਸਥਾਪਨਾ ਨੇ ਹੀ ਸਿੱਖ ਲਹਿਰ ਨੂੰ ਨਿਰਸੰਦੇਹ ਸਦਾ ਲਈ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ ਸੀ ਅਤੇ ਸਿੱਖੀ ਨੂੰ 'ਅਹਿਲੇ ਮੁਕਾਮ' ਵੀ ਬਣਾ ਦਿੱਤਾ ਸੀ।

SikhBookClub.com

ਗੁਰੂ ਸਾਹਿਬ ਨੇ ਇਸੇ ਸ਼ੁਭ ਭਾਵ ਨੂੰ ਮੁੱਖ ਰੱਖਦਿਆਂ ਕਿ ਤੀਰਥ, ਪੁਰਬ ਅਤੇ ਮੇਲੇ ਧਰਮ-ਪ੍ਰਚਾਰ ਤੇ ਕੌਮੀ ਸੰਗਠਨ ਦੇ ਲੋਕਪ੍ਰਿਯ ਸਥਾਨ 'ਤੇ ਪ੍ਰਚਲਤ ਸਾਧਨ ਹਨ, ਉਕਤ ਗੋਇੰਦਵਾਲ ਵਿਚ ਹੀ 1567 ਈ. ਤੋਂ ਵੈਸਾਖੀ ਦਾ ਸਾਲਾਨਾ ਮੇਲਾ ਰਚਾਉਣਾ ਸ਼ੁਰੂ ਕੀਤਾ, ਜਿਸ ਵਿਚ ਸ਼ਾਮਲ ਹੋਣ ਲਈ ਹਰ ਸਿੱਖ ਨੂੰ ਸੱਦਾ ਭੇਜਿਆ ਜਾਂਦਾ ਸੀ। ਇਸ ਦਾ ਨਾਂ ਬਿਸੋਵਾ ਦਿਵਸ ਵੀ ਪ੍ਰਚਲਤ ਰਿਹਾ। ਭਾਈ ਸਰੂਪ ਦਾਸ 'ਮਹਿਮਾ ਪ੍ਰਕਾਸ਼' ਦੀ ਸਾਖੀ ਨੰ: 24 ਵਿਚ ਜ਼ਿਕਰ ਕਰਦੇ ਹਨ:

ਸਭ ਹਨ ਬਿਸੋਆ ਦਿਨ, ਮਨ ਸਰਸਨ
ਬਡੇ ਭਾਗ ਪਾਵੇ ਗੁਰ-ਦਰਸ਼ਨ।

ਇਹੋ ਅਵਸਰ ਤੇ ਮੇਲਾ, ਮਗਰੋਂ, ਸਮੂਹ ਸਿੱਖ-ਜਗਤ ਦਾ ਸਾਲਾਨਾ ਜੋੜ-ਮੇਲਾ ਤੇ ਕੌਮੀ ਤਿਉਹਾਰ ਅਤੇ ਖ਼ਾਲਸਾ ਪੰਥ ਦਾ ਸਿਰਜਨਾ-ਦਿਵਸ ਵੀ ਬਣ ਗਿਆ। ਸਤਿਗੁਰਾਂ ਦੀ ਆਪਣੀ ਦੇਖ-ਰੇਖ ਵਿਚ ਹੁੰਦੇ ਰਹੇ ਅਜਿਹੇ ਸਾਲਾਨਾ ਜੋੜ-ਮੇਲੇ ਨੇ ਸਿੱਖ ਪੰਥ ਨੂੰ ਵਿਕਸਤ ਕਰਨ ਵਿਚ ਬੜੀ ਮਦਦ ਕੀਤੀ। ਇਸ ਨੇ ਸਮੂਹ ਸਿੱਖੀ ਵਿਚ ਸਾਂਝੀ ਸੋਚ-ਵਿਚਾਰ ਤੇ ਅਮਲੀ ਕਾਰਵਾਈ ਨੂੰ ਬੜਾ ਉਤਸ਼ਾਹਿਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਗਏ ਸਤਿ ਨਾਮੁ ਦੇ ਚੱਕਰ ਸਦਕਾ, ਸਮੁੱਚੇ ਉਪ ਮਹਾਂਦੀਪ ਵਿਚ ਖਿੰਡੀ ਹੋਈ ਸਿੱਖੀ ਨੂੰ ਜਥੇਬੰਦ ਕਰਨ ਅਤੇ ਧੁਰ ਤੇ ਕੇਂਦਰ ਨਾਲ ਜੋੜੇ ਰੱਖਣ ਲਈ ਮੰਜੀ ਪ੍ਰਥਾ ਦੀ ਨੀਂਹ ਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਹੀ ਰੱਖੀ ਸੀ। ਇਸ ਮੰਤਵ ਦੇ ਕਾਰਜ ਦੀ ਪੂਰਤੀ ਲਈ, ਆਪ ਨੇ ਸਮੂਹ ਸਿੱਖ-ਜਗਤ ਨੂੰ, ਸਮਕਾਲੀ ਬਾਦਸ਼ਾਹ ਅਕਬਰ ਦੀ ਕੀਤੀ ਹੋਈ ਪ੍ਰਾਂਤਕ ਦੇਸ-ਵੰਡ ਨੂੰ ਮੁੱਖ ਰੱਖਦਿਆਂ, ਬਾਈ ਹਿੱਸਿਆਂ ਵਿਚ ਵੰਡ ਕੇ ਬਾਈ ਮੰਜੀਆਂ ਕਾਇਮ ਕਰ ਦਿੱਤੀਆਂ ਸਨ ਅਤੇ ਭਾਈ ਪਾਰੋ ਤੇ ਅੱਲਾਯਾਰ ਵਰਗੇ, ਉਤਮ, ਯੋਗ ਤੇ ਸਿਦਕੀ ਸੇਵਕਾਂ ਨੂੰ ਉਨ੍ਹਾਂ ਦੇ ਇੰਚਾਰਜ ਨਿਯਤ ਕਰ ਦਿੱਤਾ ਸੀ। ਇਹੋ ਮੰਜੀਆਂ ਭਾਵ ਸਿੱਖੀ ਕੇਂਦਰ ਹੀ, ਸਿੱਖੀ ਨੂੰ ਦੂਰ-ਦੁਰੇਡੇ ਫੈਲਾਉਣ, ਸਿੱਖ ਸਿਧਾਂਤ ਨੂੰ ਪ੍ਰਚਾਰਨ, ਸਿੱਖ-ਆਦਰਸ਼ ਨੂੰ ਪ੍ਰਸਾਰਨ ਅਤੇ ਸਿੱਖ ਜਨਤਾ ਨੂੰ ਜਥੇਬੰਦ ਕਰਨ ਲਈ ਇਕ ਬੜਾ ਹੀ ਸਫਲ ਸਾਧਨ ਸਿੱਧ ਹੋਏ ਸਨ। ਇਨ੍ਹਾਂ ਦੇ ਯਤਨ ਤੇ ਲਿਆਕਤ ਨੇ ਸਿੱਖ ਲਹਿਰ ਨੂੰ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ ਸੀ ਅਤੇ ਇਸ ਨੂੰ ਬਿਖਰਨ ਤੇ ਢਿੱਲਾ ਪੈਣ ਤੋਂ ਬਚਾ ਲਿਆ ਸੀ। ਇਨ੍ਹਾਂ ਨੇ ਹੀ ਦੇਸ਼-ਬਿਦੇਸ਼ ਵਿਚਰ ਰਹੀ ਸਿੱਖੀ ਨੂੰ ਗੁਰੂ-ਚਰਨਾਂ ਨਾਲ ਜੋੜੀ, ਇਕੋ ਤੰਦ ਨਾਲ ਪਰੋਈ ਅਤੇ ਸਿੱਖ-ਧੁਰੇ ਨਾਲ ਸਬੰਧਿਤ ਕਰੀ ਰੱਖਿਆ ਸੀ। ਸਮੁੱਚੇ ਉਪ-ਮਹਾਂਦੀਪ ਵਿਚ ਥਾਂਉਂ-ਥਾਂ ਉੱਨਤ ਪ੍ਰਫੁੱਲਤ ਹੋਈ ਸਿੱਖੀ ਸ੍ਰੀ ਗੁਰੂ ਅਮਰਦਾਸ ਜੀ ਦੀ ਦੂਰ-ਦ੍ਰਿਸ਼ਟੀ, ਮੌਲਿਕ ਚਿੰਤਨ, ਸੰਗਠਨ-ਸੂਝ, ਪ੍ਰਬੰਧਕ ਸ਼ਕਤੀ ਅਤੇ ਅਟੁੱਟ ਘਾਲ-ਕਮਾਈ ਦੀ ਭਰਵੀਂ ਸਾਖ ਭਰਦੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਮਨੁੱਖ ਦੀ ਆਤਮਕ ਉੱਨਤੀ ਅਤੇ ਮੁਕਤੀ ਲਈ ਗੁਰ-ਸ਼ਬਦ ਦੀ ਕਮਾਈ ਨਾਮ-ਸਿਮਰਨ ਦੇ ਅਭਿਆਸ ਉੱਤੇ ਵੀ ਬੜਾ ਜ਼ੋਰ ਦਿੱਤਾ। ਉਨ੍ਹਾਂ ਨੇ ਸ਼ਬਦ ਜਾਂ ਬਾਣੀ ਨੂੰ ਹੀ ਗੁਰੂ ਮੰਨਿਆ ਅਤੇ ਇਸ ਦੀ ਮਹੱਤਤਾ ਤੇ ਵਿਸ਼ੇਸ਼ਤਾ ਬਿਆਨ ਕਰਦਿਆਂ, ਇਥੋਂ ਤੀਕ ਫ਼ੁਰਮਾਇਆ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥੧॥ *(ਪੰਨਾ ੬੭)*
ਦੁਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥

(ਪੰਨਾ ੯੨੨)

SikhBookClub.com

ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥

(ਪੰਨਾ ੩੫)

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ॥

(ਪੰਨਾ ੧੪੧੬)

ਇਸੇ ਲਈ ਆਪ ਨੇ ਆਪਣੇ ਸਿੱਖ ਸੇਵਕਾਂ ਨੂੰ ਕੇਵਲ ਸ਼ਬਦ ਨੂੰ ਹੀ ਸਿਮਰਨ ਤੇ ਆਰਾਧਨ ਦੀ ਹਦਾਇਤ ਕੀਤੀ। ਇਸੇ ਮੰਤਵ ਤੇ ਲੋੜ ਨੂੰ ਮੁੱਖ ਰੱਖਦਿਆਂ, ਆਪ ਨੇ ਆਦਿ ਸਤਿਗੁਰਾਂ ਦੀ ਬਾਣੀ ਤੇ ਗੁਰੂ-ਆਸ਼ੇ ਨਾਲ ਮਿਲਦੀ-ਜੁਲਦੀ ਸੰਤਾਂ-ਭਗਤਾਂ ਦੀ ਰਚਨਾ ਇਕੱਤਰ ਕਰ ਕੇ ਅਤੇ ਉਸ ਵਿਚ ਮਨੋਹਰ ਕਿਰਤਾਂ ਆਪਣੇ ਵਲੋਂ ਸ਼ਾਮਲ ਕਰ ਕੇ, ਪਾਵਨ ਪੋਥੀਆਂ ਤਿਆਰ ਕਰਵਾਈਆਂ। ਇਹੋ ਪਵਿੱਤਰ ਪੋਥੀਆਂ ਹੀ ਮਗਰੋਂ 1604 ਈ. ਵਿਚ ਤਿਆਰ ਹੋਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦਾ ਮੂਲ-ਆਧਾਰ ਸਿੱਧ ਹੋਈਆਂ ਸਨ। ਸੋ, ਗੁਰੂ ਅਰਜਨ ਦੇਵ ਜੀ (1563-1606 ਈ) ਦੇ ਨਾਨਾ ਜੀ, ਗੁਰੂ ਅਮਰਦਾਸ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਦੋਹਿਤਾ ਬਾਣੀ ਕਾ ਬੋਹਿਥਾ ਨਾਂ ਦੀ ਅਸੀਸ ਨਾਲ ਨਿਵਾਜਿਆ ਸੀ। ਆਪ ਨੇ ਗੁਰ-ਗੱਦੀ ਪ੍ਰਾਪਤੀ ਤੋਂ ਬਾਅਦ, ਆਪਣੀ ਬਾਣੀ ਉਨ੍ਹਾਂ ਸਤ੍ਰਾਰਾਂ ਰਾਗਾਂ ਵਿਚ ਰਚਣ ਦਾ ਕਮਾਲ ਕਰ ਵਿਖਾਇਆ ਜੋ ਗੁਰੂ ਨਾਨਕ ਦੇਵ ਜੀ ਆਪਣੀ ਮਨੋਹਰ ਬਾਣੀ ਵਿਚ ਗਾਇਨ ਲਈ ਵਰਤ ਚੁੱਕੇ ਸਨ। ਉਨ੍ਹਾਂ ਦੀ ਇਹ ਪਾਵਨ ਰਚਨਾ ਆਕਾਰ ਵਜੋਂ ਵੀ ਸੂਚੀ ਵਿਚ ਤੀਜੇ ਨੰਬਰ 'ਤੇ ਹੈ। ਅਨੰਦ ਨਾਂ ਦੀ ਅਨੂਠੀ ਤੇ ਸ਼ਾਹਕਾਰੀ ਕਿਰਤ ਸਮੂਹ ਮਨੁੱਖ ਜਾਤੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਇਕ ਹੋਰ ਅਦੁੱਤੀ ਦੇਣ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਨੂੰ ਇਕ ਨਿਆਰਾ, ਵਿਕੋਲਿਤਰਾ ਤੇ ਆਦਰਸ਼ਕ ਧਰਮ ਬਣਾਉਣ ਲਈ ਉਕਤ ਆਤਮਕ ਸਿੱਖਿਆ ਤੇ ਅਧਿਆਤਮਕ ਦਾਤਾਂ ਦੇਣ ਦੇ ਨਾਲ ਨਾਲ, ਇਸ ਦੇ ਵਿਅਕਤਕ ਜੀਵਨ ਤੇ ਸਮਾਜਕ ਪੱਖ ਨੂੰ ਵੀ ਸੁਧਾਰਨ ਤੇ ਸੰਵਾਰਨ ਅਤੇ ਇਸ ਨੂੰ ਪ੍ਰੋਹਤਵਾਦੀ ਜੂਲੇ ਹੇਠੋਂ ਕੱਢਣ ਤੇ ਸੁਤੰਤਰ ਰੱਖਣ ਲਈ ਵੀ ਬੜੇ ਭਰਵੇਂ ਤੇ ਲੀਹਾਂ-ਪਾਊ ਜਤਨ ਆਰੰਭੇ ਸਨ। ਆਪ ਨੇ ਵਹਿਮਾਂ-ਭਰਮਾਂ ਵਿਚ ਜਕੜੇ ਹੋਏ ਲੋਕਾਂ ਨੂੰ ਮਨੁੱਖਾ ਜੀਵਨ ਦੀ ਪਵਿੱਤਰਤਾ ਤੇ ਮਹਾਨਤਾ ਦਾ ਯਕੀਨ ਦੁਆਇਆ ਅਤੇ ਫ਼ੁਰਮਾਇਆ ਕਿ ਸਭ ਮਨੁੱਖ ਇਕੋ ਰੱਬ ਦੀ ਰਚਨਾ ਤੇ ਇਕੋ ਜੋਤਿ ਦਾ ਸਰੂਪ ਹਨ ਜੋ ਸਦਾ ਉਨ੍ਹਾਂ ਦੇ ਅੰਗ-ਸੰਗ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਪੰਨਾ ੪੪੧)

ਇਸ ਲਈ ਆਪਣੇ ਅਸਲੇ ਨੂੰ ਪਛਾਣਨ ਤੇ ਉਸ ਨਾਲ ਇਕਸੁਰ ਰਹਿਣਾ, ਗੁਰੂ ਸਾਹਿਬ ਦੇ ਇਸ ਮਹਾਨ ਸਿਧਾਂਤ ਅਨੁਸਾਰ ਮਨੁੱਖ ਦਾ ਮੁੱਖ ਕਰਤੱਵ ਹੈ। ਉਸ ਦਾ ਦੂਜਾ ਫ਼ਰਜ਼ ਸਭ ਮਨੁੱਖਾਂ ਨੂੰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' (ਪੰਨਾ ੬੧੧) ਸਮਝਦਿਆਂ, ਭਰਾਵਾਂ ਵਾਂਗ ਪਿਆਰਨਾ, ਸਤਿਕਾਰਨਾ ਅਤੇ ਇਕ ਦੂਜੇ ਦਾ ਅਨਿੱਖੜ ਅੰਗ ਬਣੇ ਰਹਿਣਾ ਹੈ ਕਿਉਂਕਿ ਉਨ੍ਹਾਂ ਦੇ ਹੇਠ ਲਿਖੇ ਬਚਨ ਮੁਤਾਬਕ:

ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥

SikhBookClub.com

ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੌ ਕਰੈ ਬੀਚਾਰਾ ॥੪॥

(ਪੰਨਾ ੧੧੨੮)

ਇਸੇ ਮਨੁੱਖੀ ਭਾਈਚਾਰੇ ਤੇ ਭਾਈਬੰਦੀ ਦੇ ਸਵੱਛ ਪਾਣੀ ਨੂੰ ਗੰਧਲਾਉਣ ਅਤੇ ਉਸ ਵਿਚ ਵੰਡੀਆਂ ਪਾਉਣ ਵਾਲੀਆਂ ਸਭ ਧਿਰਾਂ ਤੇ ਸ਼ਕਤੀਆਂ ਦਾ ਉਨ੍ਹਾਂ ਨੇ ਡੱਟ ਕੇ ਵਿਰੋਧ ਕੀਤਾ। ਜਾਤ-ਪਾਤ, ਛੂਤ-ਛਾਤ ਤੇ ਊਚ-ਨੀਚ ਤੇ ਵਿਤਕਰਿਆਂ ਤੇ ਭਰਮਾਂ-ਭੇਦਾਂ ਦੀ ਉਨ੍ਹਾਂ ਨੇ ਥਾਂ-ਥਾਂ ਨਿਖੇਧੀ ਕੀਤੀ ਅਤੇ ਇਨ੍ਹਾਂ ਵਿਚ ਨਿਸ਼ਚਾ ਰੱਖਣ ਵਾਲਿਆਂ ਨੂੰ ਸੰਬੋਧਨ ਕਰਦਿਆਂ ਆਖਿਆਂ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ॥

(ਪੰਨਾ ੧੧੨੭)

ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਪੈਗ਼ਾਮ ਤੇ ਪ੍ਰੋਗਰਾਮ ਨੂੰ ਅਸਲੀ ਰੂਪ ਦੇਣ ਲਈ ਫੋਕੇ ਸਮਾਜਕ ਬੰਧਨ ਤੋੜ ਕੇ, ਅੰਤਰਜਾਤੀ ਰਿਸ਼ਤਿਆਂ ਨੂੰ ਪ੍ਰਚਲਤ ਕੀਤਾ। ਹੋਰ ਤਾਂ ਹੋਰ, ਖ਼ੁਦ ਆਪਣੀ ਵੱਡੀ ਬੇਟੀ ਬੀਬੀ ਭਾਨੀ ਜੀ ਦਾ ਸ਼ੁਭ ਵਿਆਹ ਉਦੋਂ ਪ੍ਰਚਲਤ ਮਾਪਾਂ ਅਨੁਸਾਰ ਇਕ 'ਸਮਾਜਕ ਤੌਰ 'ਤੇ ਨੀਵੇਂ' ਅਤੇ 'ਆਰਥਕ ਤੌਰ 'ਤੇ ਗਰੀਬ' ਘੁੰਗਣੀਆਂ ਵੇਚਣ ਵਾਲੇ 'ਜੇਠਾ' ਜੀ ਨਾਂ ਦੇ ਨੌਜਵਾਨ ਨਾਲ ਕਰ ਕੇ, ਧਰਮ ਤੇ ਸਮਾਜ ਦੇ ਇਤਿਹਾਸ ਵਿਚ ਇਕ ਅਨੂਠਾ ਤੇ ਆਦਰਸ਼ਕ ਨਮੂਨਾ ਪੇਸ਼ ਕਰ ਦਿੱਤਾ। ਫਿਰ ਉਸੇ ਨੌਜਵਾਨ ਨੂੰ ਆਤਮਕ ਤੌਰ 'ਤੇ ਇੰਨਾ ਉੱਚਾ ਚੁੱਕ ਦਿੱਤਾ ਕਿ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੀ ਉੱਮਤ ਦੀ ਵਾਗ-ਡੋਰ ਵੀ ਆਪਣੇ ਸਪੁੱਤਰਾਂ ਦੀ ਥਾਂ ਉਸੇ ਭਾਈ ਜੇਠਾ ਜੀ ਭਾਵ ਸ੍ਰੀ ਗੁਰੂ ਰਾਮਦਾਸ ਜੀ (1534-1581) ਦੇ ਹਵਾਲੇ ਕਰ ਦਿੱਤੀ:

ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਸੁਹਾਰਾ।

(ਵਾਰਾਂ ਭਾਈ ਗੁਰਦਾਸ, ੨੪/੧੪)

ਗੁਰੂ ਸਾਹਿਬ ਨੇ ਇਸ ਤਰ੍ਹਾਂ ਦੀ ਆਦਰਸ਼ਕ, ਸਮਾਜਕ ਤੇ ਆਰਥਕ ਸਮਾਨਤਾ ਪੈਦਾ ਕਰਨ ਅਤੇ ਉਸ ਦੀ ਜਾਂਚ ਅਮਲੀ ਤੌਰ 'ਤੇ ਸਿਖਾਉਣ ਲਈ 'ਲੰਗਰ' ਦੀ ਮਰਯਾਦਾ ਨੂੰ ਸਿੱਖ ਧਰਮ ਦੀ ਜੀਵਨ-ਜੁਗਤ ਦਾ ਅਨਿੱਖੜ ਤੇ ਸਦੀਵੀ ਅੰਗ ਬਣਾ ਦਿੱਤਾ। ਫਿਰ 'ਸੂਰਜ ਪ੍ਰਕਾਸ਼' ਦੇ ਕਰਤਾ ਅਨੁਸਾਰ, 'ਪਹਿਲੇ ਪੰਗਤ ਪਾਛੈ ਸੰਗਤ' ਇਸੇ ਪ੍ਰਥਾ ਦਾ ਸਿਧਾਂਤੀ ਅਖਾਣ (ਮਾਟੋ) ਬਣਾ ਕੇ, ਇਸ ਨੂੰ ਆਪਣੀ ਮਿਸਾਲ ਆਪ ਬਣਾ ਦਿੱਤਾ। ਕਹਿੰਦੇ ਹਨ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਸਥਾਈ ਹੁਕਮ ਸੀ ਕਿ ਜਦੋਂ ਕਦੇ ਵੀ ਕੋਈ ਵੀ ਉਨ੍ਹਾਂ ਦੇ ਦਰਸ਼ਨ-ਪਰਸ਼ਨ ਨੂੰ ਆਵੇਗਾ, ਉਹ ਪਹਿਲਾਂ ਲੰਗਰ ਵਿਚੋਂ, ਪੰਗਤ ਵਿਚ ਬੈਠ ਕੇ ਲੰਗਰ ਛਕੇਗਾ। ਇਹ ਹੁਕਮ ਮਾਨੋ ਇਕ ਇਨਕਲਾਬੀ ਐਲਾਨ ਸੀ ਜਿਸ ਨੇ ਜਾਤ-ਪਾਤ ਦੀ ਤਮੀਜ਼ ਅਤੇ ਊਚ-ਨੀਚ ਦੇ ਭੇਦ-ਭਾਵ ਨੂੰ

SikhBookClub.com

ਇੰਜੋੜ ਕੇ ਰੱਖ ਦਿੱਤਾ ਸੀ। ਕਿਥੇ ਤਾਂ ਕਥਿਤ ਉੱਚ-ਜਾਤੀਆਂ ਲੋਕ ਨੀਚ-ਸ਼੍ਰੇਣੀਏ ਲੋਕਾਂ ਨਾਲ ਛੋਹੇ ਜਾਂਦਿਆਂ ਹੀ ਭਿੱਟ ਗਏ ਸਮਝੇ ਜਾਂਦੇ ਸਨ ਅਤੇ ਕਿਥੇ ਉਨ੍ਹਾਂ ਨੂੰ ਹੁਣ ਉਨ੍ਹਾਂ ਨਾਲ ਹੀ ਇਕੋ ਥਾਂ ਇਕੋ ਜਿਹਾ ਖਾਣਾ, ਇਕੋ ਪੰਗਤ ਵਿਚ ਬੈਠ ਕੇ ਖਾਣਾ ਜ਼ਰੂਰੀ ਹੋ ਗਿਆ ਸੀ। ਮੈਕਾਲਫ ਨੇ ਲਿਖਿਆ ਹੈ:

> "IT was necessary for all the Guru's visitors to eat from the kitchen before they were allowed to behold him.....All who came to receive the Guru's instruction sat in a line and eat together. Even they who had not previously accepted the divine message, were allowed free access to the Guru and partcok of his hospitality.
>
> *(Macauliffe, M.A. The Sikh Religion: Its Gurus, Sacred Writings and authors, Oxford-1909, vol. II, pp. 59-60)*

ਅਰਥਾਤ, ਗੁਰੂ ਸਾਹਿਬ ਦੇ ਦਰਸ਼ਨ ਲਈ ਆਉਂਦੇ ਦਰਸ਼ਨ ਅਭਿਲਾਖੀਆਂ ਲਈ ਉਨ੍ਹਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਲੰਗਰ ਵਿਚੋਂ ਪ੍ਰਸ਼ਾਦ-ਪਾਣੀ ਛਕਣਾ ਜ਼ਰੂਰੀ ਸੀ।... ਉਨ੍ਹਾਂ ਦੀ ਸਿੱਖਿਆ ਲੈਣ ਲਈ ਆਉਂਦੇ ਸਭ ਲੋਕ ਇਕੋ ਪੰਗਤ ਵਿਚ ਇਕੱਠੇ ਬੈਠ ਕੇ ਖਾਣਾ ਖਾਂਦੇ ਸਨ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੇ ਰੱਬੀ ਸੰਦੇਸ਼ ਨੂੰ ਅਜੇ ਪ੍ਰਵਾਨ ਨਹੀਂ ਸੀ ਕੀਤਾ ਹੁੰਦਾ, ਉਨ੍ਹਾਂ ਨੂੰ ਵੀ ਸਤਿਗੁਰੂ ਦੇ ਦਰਸ਼ਨ ਕਰਨ ਅਤੇ ਅਜਿਹੀ ਪ੍ਰਾਹੁਣਾਚਾਰੀ ਪ੍ਰਾਪਤ ਕਰਨ ਦੀ ਪੂਰੀ ਖੁਲ੍ਹ ਸੀ। ਹੋਰ ਤਾਂ ਹੋਰ, ਅਕਬਰ ਬਾਦਸ਼ਾਹ ਤੇ ਹਰੀਪੁਰ ਗੁਲੇਰ ਦੇ ਰਾਜਾ ਨੇ ਵੀ ਇਸੇ ਹਦਾਇਤ ਦੀ ਪੈਰਵੀ ਕਰਕੇ ਹੀ, ਹਜ਼ੂਰ ਦੇ ਦਰਸ਼ਨ-ਪਰਸਨ ਦਾ ਸੁਭਾਗ ਪ੍ਰਾਪਤ ਕੀਤਾ। ਪ੍ਰੇਮਾ ਭਗਤੀ, ਨਿਸ਼ਕਾਮ ਸੇਵਾ ਤੇ ਸਮਾਨਤਾ ਦੀ ਸੂਚਕ ਇਹ ਬੇਮਿਸਾਲ ਮਰਯਾਦਾ ਵੇਖ ਕੇ ਅਕਬਰ ਬਾਦਸ਼ਾਹ ਇੰਨਾ ਪ੍ਰਸੰਨ ਤੇ ਪ੍ਰਭਾਵਿਤ ਹੋਇਆ ਸੀ ਕਿ ਉਸ ਨੇ ਇਸ ਨੂੰ ਚਾਲੂ ਰੱਖਣ ਲਈ ਜਾਗੀਰ ਲਾਉਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਸਤਿਗੁਰੂ ਨੇ ਇਹ ਆਖ ਕੇ ਪ੍ਰਵਾਨ ਨਹੀਂ ਕੀਤੀ ਸੀ ਕਿ ਇਹ ਲੰਗਰ ਸੰਗਤ ਦਾ ਹੈ ਅਤੇ ਇਸ ਨੂੰ ਸੰਗਤ ਹੀ ਚਲਾਉਂਦੀ ਰਹੇਗੀ। ਇਹ ਕਿਸੇ ਇਕ ਬੰਦੇ ਦੀ ਜਾਗੀਰ ਦੇ ਆਸਰੇ ਕਦੇ ਨਹੀਂ ਰਹਿਣਾ ਚਾਹੀਦਾ।

ਗੁਰੂ ਸਾਹਿਬ ਨੇ ਮਗਰੋਂ ਬਾਦਸ਼ਾਹ ਨੂੰ ਪ੍ਰੇਰ ਕੇ, ਹਿੰਦੂ ਜਨਤਾ ਉੱਤੇ ਸਦੀਆਂ ਤੋਂ ਲੱਗਾ ਹੋਇਆ ਜਜ਼ੀਆ ਤੇ ਤੀਰਥ-ਯਾਤਰਾ ਲਈ ਨਿਯਤ ਜਾਗਾਤ ਸੰਨ 1553 ਵਿਚ ਹਟਵਾ ਦਿੱਤੀ ਕਿਉਂਕਿ ਇਹ ਦੋਵੇਂ ਟੈਕਸ ਕੇਵਲ ਮਜ਼ਹਬੀ ਤੁਅੱਸਬ ਤੇ ਧਾਰਮਿਕ ਵਿਤਕਰੇ ਦੇ ਆਧਾਰ 'ਤੇ ਸਮੁੱਚੇ ਦੇਸ਼ ਦੇ ਕੇਵਲ ਹਿੰਦੂ ਵਸਨੀਕਾਂ ਉੱਤੇ ਹੀ ਲੱਗੇ ਹੋਏ ਸਨ। ਨਾਲੇ ਜਿਥੇ ਇਹ ਮਨੁੱਖ ਦੀ ਧਾਰਮਿਕ ਤੇ ਭਾਵੁਕ ਆਜ਼ਾਦੀ ਉੱਤੇ ਇਕ ਭਾਰੀ ਚੋਟ ਅਤੇ ਬੰਧਨ ਸਨ, ਉਥੇ ਦੇਸ਼ ਦੇ ਮੁਸਲਿਮ ਤੇ ਗ਼ੈਰ-ਮੁਸਲਿਮ ਵਸਨੀਕਾਂ ਵਿਚਕਾਰ ਅਨਿਆਂ ਤੇ ਵਿਤਕਰੇ ਦੀ ਅਜਿਹੀ ਦੀਵਾਰ ਵੀ ਸਨ ਜੋ ਕੌਮੀ ਏਕਤਾ ਤੇ ਇਕਸੁਰਤਾ ਦੇ ਰਾਹ ਵਿਚ ਇਕ ਅਹਿੱਲ ਰੋਕ ਬਣੀ ਹੋਈ ਸੀ। ਇਸੇ ਲਈ ਜਿਨ੍ਹਾਂ ਲੋਕ-ਹਿਤੈਸ਼ੀ ਟੀਚਿਆਂ ਨੂੰ ਮੁੱਖ ਰੱਖਿਆ, ਉਹ ਹੇਠ ਲਿਖੇ ਅਨੁਸਾਰ:

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥

SikhBookClub.com

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥

(ਪੰਨਾ ੧੧੧੬)

ਗੁਰੂ ਜੀ 1553 ਈ. ਵਿਚ ਤੀਰਥ-ਸਥਾਨਾਂ ਦੀ ਯਾਤਰਾ ਕਰਨ ਲਈ ਗਏ ਸਨ। ਉਨ੍ਹਾਂ ਵਿਚ ਇਕ ਮੁੱਖ ਤੇ ਉਪਕਾਰੀ ਟੀਚਾ ਇਸ ਰੋਕ ਨੂੰ ਹਟਾਉਣ ਨਾਲ ਵੀ ਸਬੰਧਿਤ ਸੀ। ਉਨ੍ਹਾਂ ਦੇ ਉਤਰਾਧਿਕਾਰੀ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਇਕ ਸ਼ਬਦ ਵਿਚ ਦੱਸਿਆ ਹੈ ਕਿ ਸਤਿਗੁਰੂ ਨੇ ਸਭ ਥਾਈਂ ਨਿਯਤ ਮਸੂਲੀਆਂ ਤੇ ਕਰਮਚਾਰੀਆਂ ਨੂੰ ਇਹ ਅਨਿਆਂ ਤੇ ਵਿਤਕਰਾ-ਪੂਰਤ ਟੈਕਸ ਨਾ ਆਪ ਦਿੱਤਾ ਸੀ ਅਤੇ ਨਾ ਹੀ ਆਪਣੇ ਨਾਲ ਜਾ ਰਹੀ ਸੰਗਤ ਤੇ ਹੋਰ ਲੋਕਾਂ ਨੂੰ ਦੇਣ ਦਿੱਤਾ ਸੀ:

ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥...
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ॥

(ਪੰਨਾ ੧੧੧੬)

ਸ੍ਰੀ ਗੁਰੂ ਅਮਰਦਾਸ ਜੀ ਦੇ ਇਸ ਮਹਾਨ ਉੱਦਮ ਤੇ ਫ਼ੈਸਲੇ ਨੇ ਜਿਥੇ ਆਮ ਲੋਕਾਂ ਵਿਚ ਅਜਿਹੇ ਅਯੋਗ, ਪੱਖਪਾਤੀ ਤੇ ਅਨਿਆਈ ਸਰਕਾਰੀ ਹੁਕਮਾਂ ਵਿਰੁੱਧ ਬੋਲਣ ਲਈ ਲੋੜੀਂਦਾ ਉਤਸ਼ਾਹ ਪੈਦਾ ਕਰ ਦਿੱਤਾ, ਉਥੇ ਇਸ ਤੁਅੱਸਬੀ ਦੀਵਾਰ ਨੂੰ ਢਾਹ-ਢੇਰੀ ਕਰਨ ਲਈ ਰਾਹ ਵੀ ਮੋਕਲਾ ਕਰ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਸੇ ਉਦੇਸ਼ ਤੇ ਆਦਰਸ਼ ਨੂੰ ਮੁੱਖ ਰੱਖਦਿਆਂ ਕਈ ਹੋਰ ਸਮਾਜਕ ਬੁਰਾਈਆਂ ਤੇ ਕੁਰੀਤੀਆਂ ਨੂੰ ਵੀ ਬੜੇ ਜ਼ੋਰ ਨਾਲ ਖੰਡਿਆ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਵੀ ਆਪਣੀ ਕਿਸਮ ਦੀ ਪਹਿਲੀ ਤੇ ਕਾਮਯਾਬ ਮੁਹਿੰਮ ਚਲਾਈ।

ਉਨ੍ਹਾਂ ਨੇ ਸੰਸਾਰ ਨੂੰ ਰੱਬ ਦਾ ਆਪਣਾ ਰੂਪ, ਮਨੁੱਖਾ ਜਨਮ ਨੂੰ ਉਸ ਦੀ ਅਲੌਕਿਕ ਦਾਤ ਅਤੇ ਸਰੀਰਕ ਢਾਂਚੇ ਨੂੰ ਉਸ ਦਾ ਨਿਵਾਸ-ਅਸਥਾਨ ਦਸਦਿਆਂ ਲੋਕਾਂ ਨੂੰ ਉਨ੍ਹਾਂ ਦੀ ਸ਼ੁਭ ਵਰਤੋਂ ਤੇ ਸਾਂਭ-ਸੰਭਾਲ ਕਰਨ ਲਈ ਪ੍ਰੇਰਿਆ ਅਤੇ ਫ਼ੁਰਮਾਇਆ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥

(ਪੰਨਾ ੯੨੨)

ਆਪਿ ਬਸੰਤੁ ਜਗਤੁ ਸਭੁ ਵਾੜੀ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥

(ਪੰਨਾ ੧੧੭੭)

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥

(ਪੰਨਾ ੯੨੧)

ਇਸੇ ਲਈ ਆਪ ਨੇ ਬ੍ਰਹਮਚਰਜ, ਹੱਠ-ਤਪ, ਉਦਾਸੀਨ ਤੇ ਤਿਆਗ ਮਾਰਗ ਨੂੰ ਅਪ੍ਰਵਾਨ ਕਰਦਿਆਂ, ਗ੍ਰਿਹਸਥੀ ਜੀਵਨ ਜੀਉਣ ਲਈ ਭਰਪੂਰ ਪ੍ਰੇਰਨਾ ਦਿੱਤੀ:

SikhBookClub.com

ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥

(ਪੰਨਾ ੩੩)

ਅਤੇ ਦੱਸਿਆ ਕਿ ਜੋ ਮਨੁੱਖ ਗ੍ਰਹਿਸਥੀ ਜੀਵਨ ਦੇ ਫ਼ਰਜ਼ ਨਿਭਾਉਂਦਿਆਂ, ਜਲ ਮਹਿ ਕਮਲ ਅਲੇਪ ਅਨੁਸਾਰ ਵਿਚਰਦਾ ਅਤੇ ਪ੍ਰਭੂ ਦੀ ਯਾਦ ਵਿਚ ਰਹਿੰਦਾ ਹੈ, ਉਹ ਹਠੀਆਂ-ਤਪੀਆਂ ਤੇ ਜੋਗੀਆਂ-ਉਦਾਸੀਨਾਂ ਤੋਂ ਕਈ ਦਰਜੇ ਉੱਚਾ ਹੈ:

ਹਿਰਦੈ ਸੁਖੁ ਭਇਆ ਪਰਗਾਸੁ॥
ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥
ਦਾਸਨਿ ਦਾਸ ਨਿਤ ਹੋਵਹਿ ਦਾਸੁ॥
ਗ੍ਰਿਹ ਕੁਟੰਬ ਮਹਿ ਸਦਾ ਉਦਾਸੁ॥

(ਪੰਨਾ ੨੩੨)

ਆਪ ਨੇ ਅਜਿਹੇ ਗ੍ਰਹਿ ਮਾਹਿ ਉਦਾਸੁ ਜੀਵਨ ਨੂੰ ਰੱਬ ਦੇ ਭੈ-ਭਾਉ ਵਿਚ ਵਿਚਰਦਿਆਂ, ਸੱਚਾ-ਸੁੱਚਾ ਤੇ ਅਮਲੀ ਧਰਮ ਕਮਾਉਣ ਦਾ ਇਕੋ ਇਕ ਯੋਗ ਸਾਧਨ ਤੇ ਮਾਰਗ ਦੱਸਿਆ। ਇਸੇ ਲਈ ਮਨੁੱਖ ਮਾਤਰ ਨੂੰ ਸੰਬੋਧਨ ਕਰਦਿਆਂ ਆਖਿਆ:

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ॥

(ਪੰਨਾ ੨੬)

ਸ੍ਰੀ ਗੁਰੂ ਅਮਰਦਾਸ ਜੀ ਨੇ ਮਨੁੱਖੀ ਸਰੀਰ ਨੂੰ ਹੀ ਭਗਤੀ ਦਾ ਭੰਡਾਰ, ਨਾਮ ਦਾ ਨਿਵਾਸ ਤੇ ਹਰੀ ਦਾ ਮੰਦਰ ਦਸਦਿਆਂ ਇਥੋਂ ਤਕ ਫ਼ੁਰਮਾਇਆ:

ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥...
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥੪॥

(ਪੰਨਾ ੭੫੪)

ਇਸ ਲਈ ਘਰੋਂ ਤੇ ਸਰੀਰੋਂ ਬਾਹਰ ਕਿਤੇ ਤਾੜੀਆਂ ਲਾਉਣ ਜਾਂ ਘੋਰ ਤਪ ਸਾਧਣ ਦੀ ਥਾਂ, ਉਸ ਨੂੰ ਘਰੇ ਹੀ ਆਰਾਧਨ, ਅੰਤਰ-ਆਤਮੇ ਹੀ ਧਿਆਉਣ ਅਤੇ ਉਸ ਦੇ ਵਸਲ ਦਾ ਆਨੰਦ ਸ਼ਬਦ ਦੇ ਵਿਚਾਰ ਰਾਹੀਂ ਹੀ ਮਾਣਨ ਦੀ ਜਾਚ ਦੱਸੀ:

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥

(ਪੰਨਾ ੧੦੫੯)

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥

(ਪੰਨਾ ੧੪੨੧)

ਅਜਿਹੇ ਗ੍ਰਹਿਸਥੀ ਜੀਵਨ ਦੇ ਸੁਖ, ਸ਼ਾਂਤੀ ਤੇ ਹਰਿ-ਰਸ ਪ੍ਰਾਪਤੀ ਦੀ ਚੂਲ-ਪਤੀ-ਪਤਨੀ ਦੀ ਇਕਸੁਰਤਾ ਤੇ ਇਕਮਿਕਤਾ ਦਸਦਿਆਂ, ਇਹ ਆਪ ਨੇ ਫ਼ੁਰਮਾਇਆ ਸੀ:

SikhBookClub.com

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

(ਪੰਨਾ ੭੮੮)

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਨੂੰ ਅਜਿਹੇ ਫ਼ੁਰਮਾਨਾਂ, ਹਦਾਇਤਾਂ ਤੇ ਅਮਲੀ ਕਾਰਵਾਈਆਂ ਰਾਹੀਂ ਉਦਾਸੀਨਤਾ ਤੇ ਵਿਰਕਤਤਾ ਦੀ ਖਾਈ ਵਿਚ ਡਿੱਗਣ ਤੋਂ ਇਉਂ ਬਚਾ ਕੇ, ਇਸ ਦੀ ਵੱਖਰੀ ਤੇ ਸੁਤੰਤਰ ਹਸਤੀ ਨੂੰ ਬਰਕਰਾਰ ਰੱਖਿਆ। ਕਨਿੰਘਮ ਲਿਖਦਾ ਹੈ:

> ਗੁਰੂ ਨਾਨਕ ਸਾਹਿਬ ਦੇ ਸਪੁੱਤਰ, ਬਾਬਾ ਸਿਰੀ ਚੰਦ ਤੇ ਤਤਕਾਲੀ ਚੇਲੇ ਉਦੋਂ ਤੱਕ ਗੁਰੂ ਅੰਗਦ ਦੇਵ ਜੀ ਦੇ ਸਿੱਧੇ ਬਣੇ ਅਨੁਆਈਆਂ ਵਾਂਗ ਹੀ ਪਹਿਲੀ ਪਾਤਸ਼ਾਹੀ ਦੇ ਸਿੱਖ ਹੀ ਸਮਝੇ ਜਾ ਰਹੇ ਸਨ। ਪਰੰਤੂ ਗੁਰੂ ਅਮਰਦਾਸ ਜੀ ਨੇ ਉੱਦਮੀ ਤੇ ਘਰੋਗੀ ਸਿੱਖਾਂ ਨੂੰ ਵਿਰਕਤ ਤੇ ਇਕਾਂਤੀ ਉਦਾਸੀਆਂ ਨਾਲੋਂ ਬਿਲਕੁਲ ਵੱਖਰੇ ਵਿਚਰ ਕੇ, ਇਸ ਨਵ-ਜੰਮੇ ਧਰਮ ਜਾਂ ਰਾਜ ਨੂੰ ਕਈ ਹੋਰ ਸੰਪਰਦਾਵਾਂ ਵਾਂਗ ਅਲੋਪ ਹੋ ਜਾਣ ਤੋਂ ਬਚਾਅ ਲਿਆ ਸੀ।
>
> *(Cunningham, Capt. J.D., A History of the Sikhs from the Origin of the Nation to the Battles of the Sutlej, London, 1849, pp. 44-45)*

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਮੱਤ ਨੂੰ ਵਿਗਿਆਨਕ ਲੀਹਾਂ ਉੱਤੇ ਸੰਗਠਿਤ ਕਰਦਿਆਂ, ਨਿਤਾਪ੍ਰਤੀ ਜੀਵਨ ਨਾਲ ਸੰਬੰਧਿਤ ਉਨ੍ਹਾਂ ਸਭ ਰੀਤਾਂ-ਰਸਮਾਂ ਦੀ ਵੀ ਰੱਜ ਕੇ ਨਿਖੇਧੀ ਕੀਤੀ ਜਿਨ੍ਹਾਂ ਦੇ ਜੂਲੇ ਹੇਠ ਸਾਧਾਰਨ ਮਨੁੱਖ ਚਿਰਕਾਲ ਤੋਂ ਨਪੀੜਿਆ ਜਾ ਰਿਹਾ ਸੀ। ਆਪ ਨੇ ਉਨ੍ਹਾਂ ਦੀ ਥਾਂ ਇਕ ਨਵੀਂ ਤੇ ਵਿਗਿਆਨਕ ਰਹੁ-ਰੀਤ ਪ੍ਰਚਲਤ ਕਰ ਕੇ, ਆਪਣੇ ਸਿੱਖ-ਸੇਵਕਾਂ ਦੀਆਂ ਸਭ ਰਸਮਾਂ ਨੂੰ ਪ੍ਰੋਹਤਵਾਦੀ ਲੀਹ ਤੋਂ ਨਿਖੇੜ ਕੇ, ਗੁਰਬਾਣੀ ਦੇ ਪਾਠ ਤੇ ਕੀਰਤਨ ਦੇ ਆਸਰੇ ਨਜਿੱਠਣ ਦੀ ਨਵੀਂ ਲੀਹ ਤੋਰ ਦਿੱਤੀ। ਹੋਰ ਤਾਂ ਹੋਰ, ਖੁਦ ਆਪ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਸਭ ਸਾਕਾਂ-ਸਬੰਧੀਆਂ ਅਤੇ ਸਿੱਖ-ਸੇਵਕਾਂ ਨੂੰ ਬੁਲਾ ਕੇ ਦੱਸਿਆ ਕਿ ਜਨਮ-ਮਰਨ ਦੇ ਦੁਖ-ਸੁਖ ਅਕਾਲ ਪੁਰਖ ਦੇ ਹੁਕਮ ਅਨੁਸਾਰ ਮਿਲਦਾ ਹੈ, ਇਸ ਲਈ ਉਸ ਦੇ ਭਾਣੇ ਵਿਚ ਹੀ ਖ਼ੁਸ਼ ਰਹਿਣਾ ਹੈ।ਨਾਲ ਹੀ ਇਸ ਗੱਲ ਦੀ ਤਾਕੀਦ ਵੀ ਕੀਤੀ ਕਿ ਮੇਰੇ ਚਲਾਣੇ ਉਪਰੰਤ ਨਾ ਕਿਸੇ ਨੇ ਰੋਣਾ-ਪਿਟਣਾ ਹੈ ਅਤੇ ਨਾ ਹੀ ਕੋਈ ਰਵਾਇਤ ਰੀਤ ਤੇ ਰਸਮ ਕਰਨੀ ਹੈ। ਉਨ੍ਹਾਂ ਦੀ ਥਾਂ ਕੇਵਲ ਹਰੀ ਦਾ ਕੀਰਤਨ ਕਰਨਾ ਤੇ ਹਰੀ ਦਾ ਜੱਸ ਹੀ ਕਰਦੇ-ਸੁਣਦੇ ਰਹਿਣਾ ਹੈ। ਬਾਬਾ ਸੁੰਦਰ ਜੀ ਨੇ ਸਤਿਗੁਰੂ ਦੇ ਇਸ ਫ਼ੁਰਮਾਨ ਤੇ ਤਾਕੀਦ ਨੂੰ ਕਾਨੀਬੰਦ ਕਰਦਿਆਂ ਦੱਸਿਆ ਹੈ:

ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥...
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥...
ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

(ਪੰਨਾ ੯੨੩)

ਸ੍ਰੀ ਗੁਰੂ ਅਮਰਦਾਸ ਜੀ ਨੇ ਆਨੰਦ ਵਿਆਹ ਦਾ ਮੁੱਢ ਬੰਨ੍ਹ ਕੇ ਆਪਣੇ ਸਿੱਖਾਂ-ਸੇਵਕਾਂ ਦਾ, ਇਸ ਸਬੰਧ ਵਿਚ ਵੀ, ਬ੍ਰਾਹਮਣੀ ਗ਼ਲਬੇ ਤੇ ਪ੍ਰੋਹਤਵਾਦ ਮੁਥਾਜੀ ਤੋਂ ਖਹਿੜਾ ਛੁਡਾ ਦਿੱਤਾ। ਬੈਨਰਜੀ

SikhBookClub.com

ਲਿਖਦੇ ਹਨ: The changes he desired to introduce in the very important cermonies, connected with marriage and death, struck at the very root of the priestly class, and Sikhism put on the way of gradual dissociation from Hinduism and consolidation into a separate sect.

(Evolution of the Khalsa. op.cit., p. 181)

ਅਰਥਾਤ ਗੁਰੂ ਸਾਹਿਬ ਨੇ ਸ਼ਾਦੀ ਤੇ ਗ਼ਮੀ ਨਾਲ ਸਬੰਧਿਤ ਬੜੀਆਂ ਅਹਿਮ ਰਸਮਾਂ ਵਿਚ ਜੋ ਤਬਦੀਲੀਆਂ ਲਿਆਂਦੀਆਂ, ਉਨ੍ਹਾਂ ਨੇ ਪ੍ਰੋਹਤ-ਸ਼੍ਰੇਣੀ ਦੀ ਮਾਨੋ ਜੜ੍ਹ, ਉੱਤੇ ਸੱਟ ਮਾਰ ਦਿੱਤੀ ਸੀ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਧੀਰੇ ਧੀਰੇ ਵੱਖ ਹੋਣ ਤੇ ਇਕ ਵੱਖਰੇ ਧਰਮ ਦੇ ਰੂਪ ਵਿਚ ਸੰਗਠਿਤ ਹੋਣ ਦੇ ਰਾਹ 'ਤੇ ਪਾ ਦਿੱਤਾ ਸੀ। ਇਸੇ ਲਈ ਪ੍ਰੋਹਤਵਾਦੀਏ ਉਨ੍ਹਾਂ ਦੇ ਮਗਰ ਹੀ ਪੈ ਗਏ ਸਨ ਅਤੇ ਅਕਬਰ ਤੱਕ ਸ਼ਿਕਾਇਤਾਂ ਕਰ ਕਰਵਾ ਕੇ, ਉਨ੍ਹਾਂ ਦੇ ਰੱਦ ਹੋ ਜਾਣ 'ਤੇ ਹੀ ਉਹ ਕਿਤੇ ਠੰਢੇ ਪਏ ਸਨ।

ਇੰਜ ਜਾਪਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀ ਨੂੰ ਮਨੁੱਖੀ ਸਮਾਜ ਦੀ ਚੂਲ ਸਮਝਿਆ, ਉਸੇ ਨੂੰ ਉਚਿਆਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਸੀ। ਇਸ ਲਈ ਉਸ ਨੂੰ ਮਰਦ ਦੇ ਸਮਾਨ ਮਾਣ ਤੇ ਸਥਾਨ ਬਖਸ਼ਦਿਆਂ ਉਸ ਦੇ ਮਨ ਤੇ ਤਨ ਨੂੰ ਜਕੜ ਕੇ ਰੱਖਣ ਵਾਲੀਆਂ ਸਭ ਰਸਮਾਂ ਤੇ ਬੰਦਸ਼ਾਂ ਨੂੰ ਮਾਨੋ ਦੋਹਾਂ ਹੱਥਾਂ ਨਾਲ ਝੰਜੋੜਿਆ ਸੀ। ਮਿਸਾਲ ਵਜੋਂ, ਸੂਤਕ ਦੀ ਰਸਮ ਸਮਾਜ ਨੂੰ ਘੁਣ ਵਾਂਗ ਖਾ ਰਹੀ ਸੀ। ਇਸਤਰੀ ਦੀ ਗ਼ੁਲਾਮੀ ਦਾ ਇਕ ਮੁੱਖ ਕਾਰਨ ਵੀ ਇਹੋ ਸੀ। ਗੁਰੂ ਸਾਹਿਬ ਨੇ ਇਸ ਨਾਲ ਸੰਬੰਧਿਤ ਸਭ ਵਹਿਮਾਂ-ਭਰਮਾਂ ਨੂੰ ਤਾਰ ਤਾਰ ਕਰਦਿਆਂ ਆਖਿਆ: "ਪਰਮਾਤਮਾ ਨੂੰ ਵਿਸਾਰਨਾ ਹੀ ਸੂਤਕ ਹੈ ਅਤੇ ਇਹ ਉਸ ਦੇ ਨਾਮ ਨੂੰ ਸਿਮਰਨ ਤੇ ਸ਼ਬਦ ਵਿਚ ਰਚਣ ਨਾਲ ਹੀ ਹੱਟ ਸਦਕਾ ਹੈ":

ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥
ਮਨਮੁਖਿ ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ॥

(ਪੰਨਾ ੨੨੯)

ਇਉਂ ਹੀ ਵਿਧਵਾ ਪਤਨੀਆਂ ਨੂੰ ਆਪਣੇ ਪਤੀਆਂ ਦੀਆਂ ਚਿਤਾਵਾਂ ਉੱਤੇ ਜੀਉਂਦੇ-ਜੀਅ ਆਪਣੀ ਮਰਜ਼ੀ ਨਾਲ ਸੜਨ ਜਾਂ ਜਬਰੀ ਸਾੜੇ ਜਾਣ ਵਾਲੀ ਘ੍ਰਿਣਤ ਰਸਮ, ਸਤੀ ਦੀ ਰਸਮ ਵਿਰੁੱਧ ਸਭ ਤੋਂ ਪਹਿਲੀ ਤੇ ਜ਼ੋਰਦਾਰ ਆਵਾਜ਼ ਆਪ ਨੇ ਹੀ ਉਠਾਈ ਸੀ ਅਤੇ ਖੁਲ੍ਹੇ-ਬੰਦ ਫ਼ੁਰਮਾਇਆ ਸੀ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥

(ਪੰਨਾ ੭੮੭)

ਆਪ ਨੇ ਹੀ ਸਮਾਜ ਵਿਚ ਇਸ ਗੱਲ ਦਾ ਅਹਿਸਾਸ ਪੈਦਾ ਕੀਤਾ ਕਿ ਇਹ ਕੁਕਰਮ ਜਿਥੇ ਮਰਦ ਦੀ ਔਰਤ ਉੱਤੇ ਅਜ਼ਾਰਾਦਾਰੀ ਦਾ ਸੂਚਕ ਹੈ, ਉਥੇ ਸਮੂਹ ਮਨੁੱਖਤਾ ਦੇ ਮੱਥੇ ਬੜਾ ਵੱਡਾ ਕਲੰਕ ਵੀ ਹੈ:

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ॥

SikhBookClub.com

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥ *(ਪੰਨਾ ੭੮੭)*

ਇਸੇ ਲਈ ਆਪ ਨੇ ਥਾਉਂ-ਥਾਂ ਹੁਕਮ ਭੇਜ ਕੇ ਸਿੱਖ ਸੰਗਤ ਨੂੰ ਇਸ ਗੱਲ ਦੀ ਤਾਕੀਦ ਕੀਤੀ ਕਿ ਕਿਸੇ ਵੀ ਅਜਿਹੀ ਇਸਤਰੀ ਨੂੰ ਸਤੀ ਨਾ ਹੋਣ ਦਿੱਤਾ ਜਾਵੇ।

ਇਸੇ ਤਰ੍ਹਾਂ ਮਨੂੰ ਦੇ ਵਿਧਾਨ ਉੱਤੇ ਵੀ ਕਰਾਰੀ ਸੱਟ ਲਾਉਂਦਿਆਂ ਅਤੇ ਇਸ ਗੱਲ ਨੂੰ ਦਿਲੋਂ ਮਹਿਸੂਸ ਕਰਦਿਆਂ ਕਿ ਸਤੀ ਹੋਣ ਤੋਂ ਬਚ ਗਈਆਂ ਜਾਂ ਬਚਾਅ ਲਈਆਂ ਗਈਆਂ ਵਿਧਵਾਵਾਂ ਦਾ ਜੀਵਨ ਨਰਕ ਬਣਾ ਦਿੱਤਾ ਜਾਵੇਗਾ, ਆਪ ਨੇ ਗੁਰੂ-ਘਰ ਵਿਚ ਵਿਧਵਾ-ਵਿਆਹ ਦੀ ਖੁੱਲ੍ਹੀ ਆਗਿਆ ਤੇ ਹਦਾਇਤ ਵੀ ਜਾਰੀ ਕਰ ਦਿੱਤੀ ਸੀ ਅਤੇ ਹੋਰ ਮੱਤਾਂ ਵਿਚ ਵੀ ਪੁਨਰ-ਵਿਆਹ ਦੀ ਆਗਿਆ ਲਈ ਲੋੜੀਂਦੀ ਰਾਏ ਤੇ ਭਰਪੂਰ ਪ੍ਰੇਰਨਾ ਵੀ ਪੈਦਾ ਕਰ ਦਿੱਤੀ ਸੀ।

ਇਉਂ ਹੀ, ਪਰਦੇ ਵਿਚ ਵਲ੍ਹੇਟੀ ਹੋਈ ਤੀਵੀਂ ਨੂੰ ਸੁਖ ਤੇ ਸੁਤੰਤਰਤਾ ਦਾ ਸਾਹ ਦੁਆਉਣ ਲਈ ਪਰਦੇ ਦੀ ਪ੍ਰਥਾ ਨੂੰ ਬੇਲੋੜਾ ਤੇ ਗ਼ੁਲਾਮੀ ਦੀ ਨਿਸ਼ਾਨੀ ਦਸਦਿਆਂ ਆਪ ਨੇ ਆਪਣੇ ਦਰਬਾਰ ਵਿਚ ਹਰ ਇਸਤਰੀ ਨੂੰ ਸਾਦੇ ਪਹਿਰਾਵੇ, ਬਿਨਾਂ ਪਰਦੇ ਆਉਣ ਦੀ ਆਗਿਆ ਦੇਂਦਿਆਂ ਫ਼ੁਰਮਾਇਆ ਸੀ:

ਧਰ ਬਸਤ੍ਰ ਸ੍ਵੇਤ, ਖੁਲੇ ਮੁਖ ਆਵੈ।
ਕੁਝ ਸ਼ੰਕਾ ਲਾਜ ਨ ਮਨ ਮੋ ਲਿਆਵੈ। *(ਸੂਰਜ ਪ੍ਰਕਾਸ਼, ਅੰਸੂ ੪੩)*

ਇਉਂ ਇਸ ਬੰਦਸ਼ ਨੂੰ ਹਟਾਉਣ ਲਈ ਵੀ ਗੁਰੂ ਅਮਰਦਾਸੇ ਜੀ ਨੇ ਅਜਿਹਾ ਉਪਰਾਲਾ ਕੀਤਾ ਕਿ ਇਸ ਰਸਮ ਨੇ ਘੱਟੋ ਘੱਟ ਹਿੰਦੂ ਸਿੱਖ ਤੀਵੀਆਂ ਤੋਂ ਕਿਨਾਰਾ ਕਰ ਕੇ ਉਨ੍ਹਾਂ ਨੂੰ ਤਾਂ ਇਸ ਪੱਖੋਂ ਆਜ਼ਾਦ ਕਰ ਦਿੱਤਾ।

ਗੁਰੂ ਅਮਰਦਾਸ ਜੀ ਦੀਆਂ ਅਜਿਹੀਆਂ ਦਿੱਤੀਆਂ ਦੇਣਾਂ ਤੇ ਦਾਤਾਂ ਨੂੰ ਹੀ ਮੁੱਖ ਰਖਦਿਆਂ, ਸਮੁੱਚਾ ਸਿੱਖ-ਸੰਸਾਰ ਉਨ੍ਹਾਂ ਨੂੰ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਥਾਵਿਆਂ ਦੀ ਥਾਂ ਤੇ ਨਿਓਟਿਆਂ ਦੀ ਓਟ ਮੰਨ ਕੇ ਸਦੀਆਂ ਤੋਂ ਉਨ੍ਹਾਂ ਦੀ ਮਿਹਰ ਤੇ ਅਜ਼ਮਤ ਸਾਹਵੇਂ ਆਪਣਾ ਸਿਰ ਝੁਕਾ ਰਿਹਾ ਹੈ ਤੇ ਝੁਕਾਉਂਦਾ ਹੀ ਰਹੇਗਾ, ਇਹ ਇਸ ਲਈ ਕਿ ਕਿਉਂਕਿ ਹਰ ਗੁਰਸਿੱਖ ਦਾ ਇਹ ਦ੍ਰਿੜ੍ਹ ਨਿਸਚਾ ਹੈ ਕਿ:

ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥
(ਪੰਨਾ ੧੩੯੫)

ਗੁਰੂ ਅਮਰਦਾਸ ਆਂ ਗਰਾਮੀ ਨਜ਼ਾਦ
ਜ਼ਿ ਅਫ਼ਜ਼ਾਲਿ ਹੱਕ ਹਸਤੀਅਸ਼ ਰਾ ਮੁਆਦ। *(ਭਾਈ ਨੰਦ ਲਾਲ, ਸ਼ਿਅਰ ਨੰ: ੬੪)*

ਅਰਥਾਤ, ਗੁਰੂ ਅਮਰਦਾਸ ਉਸ ਮਹਾਨ ਘਰਾਣੇ ਵਿਚੋਂ ਹਨ ਜਿਸ ਦੀ ਹਸਤੀ ਨੂੰ ਰੱਬ ਦੇ ਫ਼ਜ਼ਲ ਤੇ ਕਰਮ ਤੋਂ ਸਮੱਗਰੀ ਮਿਲੀ ਹੈ।

(5/1995)

SikhBookClub.com

ਸ੍ਰੀ ਗੁਰੂ ਅਮਰਦਾਸ ਜੀ : ਜੀਵਨ, ਬਾਣੀ ਅਤੇ ਵਿਚਾਰਧਾਰਾ

ਸ੍ਰੀ ਗੁਰੂ ਅਮਰਦਾਸ ਜੀ ਬਾਰੇ, ਗੁਰੂ-ਘਰ ਦੇ ਰਾਗੀ 'ਰਾਇ ਬਲਵੰਡਿ ਤਥਾ ਸਤੈ ਡੂਮਿ' ਨੇ 'ਪਰਬਤੁ ਮੇਰਾਣੁ' ਆਖ ਕੇ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਵੱਲ ਸੰਕੇਤ ਕਰ ਦਿੱਤਾ ਹੈ, ਭਾਵ ਸ੍ਰੀ ਗੁਰੂ ਅਮਰਦਾਸ ਜੀ ਵਿਸ਼ੇ-ਵਿਕਾਰਾਂ ਤੇ ਸੰਸਾਰੀ ਮੋਹ-ਮਾਇਆ ਦੇ 'ਝਖੜਿ' ਵਿਚ ਡੋਲਣ ਵਾਲੇ ਨਹੀਂ, ਉਹ ਮੇਰਾਣ ਪਰਬਤ ਵਾਂਗ ਅਡੋਲ ਹਨ।[1]

ਜੀਵਨ/ਸ਼ਖ਼ਸੀਅਤ/ਕਾਰਜ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਮਰਦਾਸ ਜੀ ਦਾ ਜ਼ਿਕਰ ਲੱਗਭਗ 26 ਵਾਰ ਵੱਖੋ-ਵੱਖ ਪ੍ਰਸੰਗਾਂ/ਅਰਥਾਂ ਤੇ ਵਿਆਕਰਣਿਕ (ਅਮਰਦਾਸ/ਸਿ/ਸੁ ਆਦਿ) ਰੂਪਾਂ ਵਿਚ ਹੋਇਆ ਹੈ। ਅਰਥ ਦੀ ਦ੍ਰਿਸ਼ਟੀ ਤੋਂ ਬਾਣੀ ਵਿਚ ਗੁਰੂ ਜੀ ਦਾ ਜ਼ਿਕਰ ਜ਼ਿਆਦਾਤਰ 'ਗੁਰੂ ਸ਼ਖ਼ਸੀਅਤ' ਅਤੇ 'ਗੁਰੂ ਜੋਤਿ' ਦੇ ਰੂਪ ਵਿਚ ਹੋਇਆ ਹੈ।ਲੱਗਭਗ 4 ਥਾਵਾਂ[2] ਉੱਤੇ ਆਪ ਜੀ ਦੀ ਸ਼ਖ਼ਸੀਅਤ ਬਾਰੇ ਵਿਸ਼ੇਸ਼ ਜਾਣਕਾਰੀ ਮਿਲਦੀ ਹੈ ਅਤੇ ਇਸ ਤੋਂ ਇਲਾਵਾ ਇਤਿਹਾਸਕ ਸੰਕੇਤ ਵੀ ਮਿਲਦੇ ਹਨ।[3]

ਭਾਈ ਗੁਰਦਾਸ ਜੀ ਦੀ ਰਚਨਾ (ਵਾਰਾਂ) ਵਿੱਚੋਂ, ਜਿੱਥੇ ਗੁਰਬਾਣੀ ਵਾਂਗ ਗੁਰੂ ਸਾਹਿਬ ਦੀ ਉਚ-ਆਤਮਿਕ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ, ਉਥੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਗੁਰੂ ਜੀ ਦਾ ਗੋਇੰਦਵਾਲ ਵਸਾਉਣ, ਗੁਰਗੱਦੀ ਪ੍ਰਾਪਤੀ ਲਈ (ਸ੍ਰੀ ਗੁਰੂ ਅੰਗਦ ਸਾਹਿਬ ਦੇ ਪੁੱਤਰ) ਦਾਸੂ ਜੀ ਆਦਿ ਦੇ ਵਿਰੋਧ ਬਾਰੇ ਸੰਕੇਤ ਮਿਲਦੇ ਹਨ[4] ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਿੱਖਾਂ ਬਾਰੇ (ਨਾਵਾਂ/ਥਾਵਾਂ ਆਦਿ ਦਾ) ਵੀ ਪਤਾ ਲੱਗਦਾ ਹੈ।[5]

ਸ੍ਰੀ ਗੁਰੂ ਅਮਰਦਾਸ ਜੀ ਦੇ ਨਿਕਟ-ਤਤਕਾਲੀ ਜਾਂ 18ਵੀਂ-19ਵੀਂ ਸਦੀ ਦੇ ਸ੍ਰੋਤਾਂ (ਖ਼ਾਸ ਕਰ ਗੁਰਮੁਖੀ ਸ੍ਰੋਤਾਂ) ਵਿਚ ਗੁਰੂ ਸਾਹਿਬ ਦੇ ਪ੍ਰਕਾਸ਼, ਵੰਸ਼, ਜੋਤੀਜੋਤਿ, ਕਾਰਜਾਂ ਆਦਿ ਬਾਬਤ ਥੋੜ੍ਹੀ-ਬਹੁਤੀ ਭਿੰਨ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਆਧੁਨਿਕ ਵਿਦਵਾਨਾਂ ਵਿਚ ਵੀ ਰਾਇ ਦੀ ਭਿੰਨਤਾ ਹੈ। ਇਥੇ ਇਕੱਲੇ-ਇਕੱਲੇ 'ਸ੍ਰੋਤ' ਜਾਂ 'ਰਾਇ ਭਿੰਨਤਾ' ਨੂੰ ਵਿਚਾਰਨਾ ਤਾਂ ਸਾਡੀ ਸੀਮਾ (ਸੰਭਵ) ਨਹੀਂ, ਪਰੰਤੂ ਗੁਰਬਾਣੀ/ਭਾਈ ਗੁਰਦਾਸ/ਮੁੱਢਲੇ ਸ੍ਰੋਤਾਂ[6] /ਆਧੁਨਿਕ ਵਿਦਵਾਨਾਂ[7] ਆਦਿ ਤੋਂ ਕੁੱਲ ਮਿਲਾ ਕੇ, ਗੁਰੂ ਸਾਹਿਬ ਦੀ ਸ਼ਖ਼ਸੀਅਤ ਜਾਂ ਜੀਵਨ-ਅਵਧੀ ਬਾਰੇ ਜੋ ਜਾਣਕਾਰੀ ਸਪੱਸ਼ਟ ਹੁੰਦੀ ਹੈ, ਉਸ ਨੂੰ (ਅਤਿ ਸੰਖੇਪ ਵਿਚ) ਇੰਞ ਦਰਸਾਇਆ ਜਾ ਸਕਦਾ ਹੈ:

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ 9 ਜੇਠ, ਨਾਨਕਸ਼ਾਹੀ 11 (5 ਮਈ, 1479) ਨੂੰ,

SikhBookClub.com

ਪਿੰਡ ਬਾਸਰਕੇ (ਤਹਿ ਅਤੇ ਜ਼ਿਲ੍ਹਾ ਅੰਮ੍ਰਿਤਸਰ) ਬਾਬਾ ਤੇਜਭਾਨ ਜੀ ਤੇ ਮਾਤਾ ਸੁਲੱਖਣੀ ਜੀ ਦੇ ਘਰ ਹੋਇਆ। 1502 ਈ. ਨੂੰ ਆਪ ਜੀ ਦਾ ਵਿਆਹ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ, ਜਿਨ੍ਹਾਂ ਦੇ ਉਦਰ ਤੋਂ ਦੋ ਬੇਟੀਆਂ ਬੀਬੀ ਦਾਨੀ ਜੀ (ਸੁਪਤਨੀ ਭਾਈ ਰਾਮਾ ਜੀ) ਤੇ ਬੀਬੀ ਭਾਨੀ ਜੀ ਅਤੇ ਦੋ ਪੁੱਤਰ ਬਾਬਾ ਮੋਹਰੀ ਜੀ ਤੇ ਬਾਬਾ ਮੋਹਨ ਜੀ ਪੈਦਾ ਹੋਏ।

ਸੁੱਚੇ ਇਸ਼ਲਾਕ, ਅਨਿੰਨ ਭਗਤੀ ਅਤੇ ਸੇਵਾ ਆਦਿ ਤੋਂ ਖੁਸ਼ ਹੋ ਕੇ ਜਦ 3 ਵੈਸਾਖ, ਨਾਨਕਸ਼ਾਹੀ 84 (1552 ਈ.) ਨੂੰ ਸ੍ਰੀ ਗੁਰੂ ਅੰਗਦ ਸਾਹਿਬ ਜੀ ਵੱਲੋਂ, ਆਪ ਜੀ ਨੂੰ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ/ਸੇਵਾ ਸੌਂਪੀ ਗਈ ਤਾਂ ਆਪ ਨੇ ਸਿੱਖ-ਪੰਥ ਦੇ ਵਿਕਾਸ ਲਈ ਅਨੇਕਾਂ ਜ਼ਿਕਰਯੋਗ ਕੰਮ ਕੀਤੇ, ਜਿਨ੍ਹਾਂ ਵਿਚ ਬਾਈ ਮੰਜੀਆਂ ਦੀ ਸਥਾਪਨਾ, ਬਉਲੀ (ਗੋਇੰਦਵਾਲ) ਸਾਹਿਬ ਦਾ ਨਿਰਮਾਣ, ਸਤੀ, ਪਰਦੇ ਆਦਿ ਪ੍ਰਥਾ ਬੰਦ ਕਰਵਾਉਣਾ, ਸੰਗਤ-ਪੰਗਤ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਆਦਿ ਸ਼ਾਮਿਲ ਹਨ।

ਗੁਰੂ ਜੀ ਦਾ ਵਿਆਪਕ ਵਿਅਕਤਿੱਤਵ ਅਤਿ ਗੰਭੀਰ, ਦਾਰਸ਼ਨਿਕ ਹੋਣ ਦੇ ਨਾਲ-ਨਾਲ ਪਿਆਰ-ਭਿੰਨਾ, ਨਿਮਰ, ਮਿੱਠਾ ਤੇ ਦਾਨਾ ਸੀ।

ਬਾਣੀ

2.1 ਬਾਣੀ ਬਿਉਰਾ : ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 18 ਰਾਗਾਂ (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਭੈਰਉ, ਬਸੰਤੁ, ਸਾਰੰਗ, ਮਲਾਰ ਅਤੇ ਪ੍ਰਭਾਤੀ) ਵਿਚ ਅਤੇ ਕੁਝ ਰਾਗ-ਰਹਿਤ ਹੈ, ਜਿਹੜੀ ਕਿ ਪ੍ਰਮਾਣਿਕ ਰੂਪ ਵਿਚ ਸਾਡੇ ਪਾਸ 'ਗੁਰੂ ਗ੍ਰੰਥ ਸਾਹਿਬ' ਵਿਚ ਸੁਰੱਖਿਅਤ ਹੈ। ਆਪ ਜੀ ਦੀ ਬਾਣੀ ਦੇ ਬਿਉਰਿਆਂ ਵਿਚ ਵਿਦਵਾਨਾਂ ਨੇ ਭਿੰਨ-ਭਿੰਨ ਗਿਣਤੀ ਦਿੱਤੀ ਹੈ,[8] ਜਿਸ ਦਾ ਕਾਰਨ ਵਿਦਵਾਨਾਂ ਦੁਆਰਾ ਰਚਨਾ-ਗਿਣਤੀ ਕਰਨ ਲਈ ਅਪਣਾਈਆਂ ਗਈਆਂ ਵੱਖ-ਵੱਖ ਵਿਧੀਆਂ ਹਨ। ਡਾ. ਰਤਨ ਸਿੰਘ ਜੱਗੀ ਦੁਆਰਾ ਅਪਣਾਈ ਗਈ ਵਿਧੀ (ਰਾਗ-ਕ੍ਰਮ) ਨਾਲ ਗੁਰੂ ਸਾਹਿਬ ਦੀ ਰਚਨਾ ਦਾ ਸਹੀ ਸਰਵੇਖਣ ਸਾਹਮਣੇ ਆਇਆ ਹੈ, ਫਲਸਰੂਪ ਡਾ. ਰਤਨ ਸਿੰਘ ਜੱਗੀ ਦੁਆਰਾ ਕੀਤੀ ਗਿਣਤੀ ਅਨੁਸਾਰ ਗੁਰੂ ਸਾਹਿਬ ਦੇ ਸ਼ਬਦ/ਸਲੋਕਾਂ ਦੀ ਕੁੱਲ ਗਿਣਤੀ 885 ਹੈ, ਜਿਨ੍ਹਾਂ ਵਿਚ 172 ਚਉਪਦੇ, 91 ਅਸ਼ਟਪਦੀਆਂ, 24 ਸੋਲਹੇ, 78 ਪਦੇ, 4 ਅਲਾਹਣੀਆਂ, 20 ਛੰਤ, 411 ਸਲੋਕ ਅਤੇ 85 ਪਉੜੀਆਂ ਹਨ। ਸੁਤੰਤਰ ਨਾਵਾਂ ਵਾਲੀਆਂ ਬਾਣੀਆਂ ਦੀ ਗਿਣਤੀ 8 ਹੈ, ਜਿਨ੍ਹਾਂ ਵਿਚ ਪਟੀ, ਵਾਰ ਗੂਜਰੀ, ਸੂਹੀ, ਰਾਮਕਲੀ, ਮਾਰੂ, ਅਲਾਹਣੀਆਂ, ਅਨੰਦੁ, ਸਤ ਵਾਰ (ਵਾਰ ਸਤ) ਆਦਿ ਸ਼ਾਮਲ ਹਨ।[9]

2.2 ਬਾਣੀ ਵਰਗੀਕਰਨ : ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਵਰਗੀਕਰਨ ਕਈ ਆਧਾਰਾਂ/ਵਿਧੀਆਂ ਦੁਆਰਾ ਕੀਤਾ ਜਾ ਸਕਦਾ ਹੈ, ਜਿਵੇਂ:

2.2.1. ਰਾਗਬਧ ਬਾਣੀ (ਅਠਾਰਾਂ ਰਾਗਾਂ ਵਿਚਲੀ) ਅਤੇ ਰਾਗ-ਰਹਿਤ ਬਾਣੀ (ਭਗਤ ਕਬੀਰ ਜੀ, ਬਾਬਾ ਫਰੀਦ ਜੀ ਦੇ ਸਲੋਕਾਂ ਵਿਚਲੀ ਜਾਂ ਸਲੋਕ ਵਾਰਾਂ ਤੇ ਵਧੀਕ ਵਾਲੀ)।

2.2.2 ਲੰਮੇਰੀਆਂ ਬਾਣੀਆਂ (ਜਿਵੇਂ ਅਨੰਦੁ, ਪਟੀ ਜਾਂ ਚਾਰੇ ਵਾਰਾਂ), ਛੋਟੇ ਅਕਾਰ ਵਾਲੀਆਂ (ਜਿਵੇਂ ਅਲਾਹਣੀਆਂ, ਸਤ ਵਾਰ) ਅਤੇ ਸ਼ਬਦ, ਸਲੋਕ, ਪਦੇ ਆਦਿ।

SikhBookClub.com

2.2.3 ਵਰਣਾਤਮਿਕ (ਜਿਵੇਂ ਪਟੀ), ਕਾਲਮਾਨ (ਜਿਵੇਂ ਸਤ ਵਾਰ) ਆਦਿ ਆਧਾਰਿਤ।

2.2.4 ਵਿਸ਼ੇ ਪੱਖ ਤੋਂ (ਜਿਵੇਂ 'ਅਨੰਦੁ', ਉੱਚ-ਆਤਮਿਕ ਅਵਸਥਾ ਵਾਲੀ ਹੈ ਜਦ ਕਿ 'ਵਾਰ-ਕਾਵਿ', ਸਮਾਜਿਕ-ਪ੍ਰਕ੍ਰਿਤੀ ਦੇ ਜ਼ਿਆਦਾ ਨੇੜੇ ਹੈ) ਦਾਰਸ਼ਨਿਕ, ਧਾਰਮਿਕ, ਸਮਾਜਿਕ ਆਦਿ।

ਵਿਚਾਰਧਾਰਾ

3.1 ਸਿਧਾਂਤਕ ਪੱਖ : ਸਮੁੱਚੀ 'ਗੁਰਮਤਿ-ਧਾਰਾ' ਦੀ ਪ੍ਰਕ੍ਰਿਤੀ ਕੀ ਹੈ?[10] ਇਹ ਇਕ ਜਟਿਲ ਸਵਾਲ ਹੈ, ਕਿਉਂਕਿ 'ਗੁਰਮਤਿ-ਧਾਰਾ' (ਜਿਸ ਦਾ ਕੇਂਦਰ ਗੁਰਬਾਣੀ ਹੈ) ਨੇ ਕੇਵਲ ਅਧਿਆਤਮਕ ਪ੍ਰਸੰਗਾਂ ਦੀ ਗੱਲ ਹੀ ਨਹੀਂ ਕੀਤੀ, ਬਲਕਿ ਜੀਵਨ-ਪ੍ਰਕ੍ਰਿਤੀ ਦੇ 'ਸਮੁੱਚ' ਨੂੰ ਸ਼ਾਮਲ ਕੀਤਾ ਹੈ। 'ਸਮੁੱਚ' ਨੂੰ ਸਾਹਮਣੇ ਰੱਖ ਕੇ ਜੀਵਨ ਦੀਆਂ ਬੁਨਿਆਦੀ ਕੀਮਤਾਂ ਤੇ ਧਰਾਤਲਾਂ ਨੂੰ ਗੁਰਬਾਣੀ ਨੇ 'ਨਾਮ', 'ਹੁਕਮ' ਆਦਿ ਦੇ ਦ੍ਰਿਸ਼ਟੀਕੋਣ ਤੋਂ ਵਿਖਿਆਇਆ ਹੈ।

ਗੁਰਮਤਿ-ਧਾਰਾ ਦੀ ਇਸੇ (ਸਿਧਾਂਤਕ) ਲੜੀ ਵਿਚ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਉਨ੍ਹਾਂ ਬੁਨਿਆਦੀ ਮਸਲਿਆਂ ਨੂੰ ਛੋਹਿਆ ਹੈ, ਜਿਸ ਦੀ ਗੱਲ ਸਮੁੱਚੀ ਗੁਰਮਤਿ ਧਾਰਾ ਨੇ ਕੀਤੀ ਹੈ, ਇਹ 'ਮਸਲਾ' ਜਿੱਥੇ ਉਨ੍ਹਾਂ ਨੂੰ ਵਿਰਾਸਤ (ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਸਾਹਿਬ ਜੀ ਦੀ ਬਾਣੀ ਦੇ ਰੂਪ) ਵਿਚ ਮਿਲਦਾ ਹੈ, ਉਥੇ ਇਨ੍ਹਾਂ ਦਾ ਉਲੇਖ ਗੁਰੂ ਸਾਹਿਬ ਦੇ ਆਪਣੇ ਨਿਜਤਵ ਦੇ ਮੌਲਿਕ ਅਨੁਭਵ 'ਤੇ ਆਧਾਰਿਤ ਹੈ, ਕਿਸੇ ਹੋਰ ਪੂਰਵਰਤੀ ਪ੍ਰਣਾਲੀ ਜਾਂ ਚਿੰਤਨ ਦਾ ਅਨੁਕਰਣ ਜਾਂ ਰੂਪਾਂਤਰਣ ਨਹੀਂ।[11] ਇਸ ਵਿਲੱਖਣ ਮੌਲਿਕ ਅਨੁਭਵ ਦਾ ਪ੍ਰਗਟਾਅ ਗੁਰੂ ਸਾਹਿਬ ਕਾਵਿ-ਮਾਧਿਅਮ ਰਾਹੀਂ ਸਮਕਾਲੀ ਜਾਂ ਰੂੜ੍ਹ ਹੋ ਚੁੱਕੀਆਂ ਧਾਰਾਵਾਂ ਦੇ ਮੁਹਾਵਰੇ ਰਾਹੀਂ ਕਰਦੇ ਹਨ, ਇਹ ਮੁਹਾਵਰਾ ਕੇਵਲ ਸਮਕਾਲੀ ਹੀ ਨਹੀਂ ਬਲਕਿ ਸਦੀਆਂ ਤੋਂ 'ਲੋਕ-ਮਾਨਸ' ਵਿਚ ਇਸ ਦੀ ਥਾਂ ਹੈ।

ਮਨੁੱਖੀ ਚਿੰਤਨ ਦੇ ਸਾਹਮਣੇ ਬੇਅੰਤ 'ਮਸਲਿਆਂ' ਵਿੱਚੋਂ ਤਿੰਨ ਬੁਨਿਆਦੀ ਮਸਲੇ (ਜਾਂ ਸੌਖੇ ਰੂਪ ਵਿਚ ਕਹੋ ਸਵਾਲ) ਹਨ, ਜਿਨ੍ਹਾਂ ਨੂੰ ਦਰਸ਼ਨ (philosophy) ਪ੍ਰਾਭੌਤਿਕ (Metaphysics) ਸਿਰਲੇਖ ਹੇਠ ਵਿਚਾਰਦਾ ਹੈ:

3.1.1 ਪਰਮਸਤਿ (Ultimate Reality)

3.1.2 ਸ੍ਰਿਸ਼ਟੀ (Creation)

3.1.3 ਜੀਵਨ (Life)

ਇਨ੍ਹਾਂ ਬੁਨਿਆਦੀ ਮਸਲਿਆਂ ਨੂੰ ਗੁਰੂ ਸਾਹਿਬ ਨੇ ਆਪਣੇ ਮੌਲਿਕ ਅਨੁਭਵ ਦੁਆਰਾ ਗੁਰਬਾਣੀ ਰਾਹੀਂ ਪ੍ਰਗਟ ਕੀਤਾ ਹੈ, ਪਰ ਇਹ ਪ੍ਰਸੰਗ ਬਾਣੀ ਵਿਚ ਕਿਸੇ ਤਾਰਕਿਕ ਤਰਤੀਬ ਵਿਚ ਨਹੀਂ ਆਏ, ਸਗੋਂ ਇਹ ਸਹਿਜ ਸੁਭਾ ਹੀ ਵੱਖੋ-ਵੱਖ ਪ੍ਰਸੰਗਾਂ ਵਿਚ ਉਪਲਬਧ ਹੁੰਦੇ ਹਨ। ਇਥੇ ਇਨ੍ਹਾਂ ਪ੍ਰਸੰਗਾਂ ਨੂੰ ਇਕ ਤਾਰਕਿਕ ਤਰਤੀਬ ਵਿਚ ਵਿਉਂਤ ਕੇ ਸੰਖੇਪ ਵਿਸ਼ਲੇਸ਼ਣ ਕੀਤਾ ਜਾਂਦਾ ਹੈ:

3.1.1 ਪਰਮ ਸਤਿ

ਅੰਤਿਮ ਸਤਿ ਕੀ ਹੈ? ਜਾਂ ਕੋਈ ਹੈ ਵੀ? ਮਨੁੱਖੀ ਚਿੰਤਨ ਦਾ ਸਭ ਤੋਂ ਮੁਢਲਾ ਸਵਾਲ ਹੈ।

SikhBookClub.com

ਦੁਨੀਆਂ ਦੀਆਂ ਧਾਰਮਿਕ ਪਰੰਪਰਾਵਾਂ ਆਪੋ-ਆਪਣੇ ਸਮਾਜਿਕ, ਭੂਗੋਲਿਕ, ਲੋਕ-ਯਾਨਿਕ ਆਧਾਰਾਂ ਉੱਪਰ ਅੰਤਿਮ ਸਤਿ ਲਈ ਰੱਬ, ਯਾਹੋਵਾ, ਰਾਮ, ਵਾਹਿਗੁਰੂ ਆਦਿ ਨਾਂ ਦਿੰਦੀਆਂ ਹਨ। ਕਈ ਦਾਰਸ਼ਨਿਕ, ਧਾਰਮਿਕ ਪ੍ਰਣਾਲੀਆਂ (ਬੁੱਧ, ਜੈਨ ਆਦਿ) ਨੇ ਅਜਿਹੀ ਹੋਂਦ ਤੋਂ ਸਪੱਸ਼ਟ ਇਨਕਾਰ ਵੀ ਕੀਤਾ ਹੈ। ਗੁਰਮਤਿ ਦਰਸ਼ਨ ਦੀ ਸਮੁੱਚੀ ਉਸਾਰੀ, ਪਰਮ ਸਤਾ ਦੀ ਹੋਂਦ ਪ੍ਰਤੀ ਅਤਿ ਦਰਜੇ ਦੀ ਨਿਸ਼ਠਾ ਤੋਂ ਸਥਾਪਿਤ ਹੋਏ ਭਾਵਾਤਮਕ 'ਸੰਬੰਧਾਂ' ਅਤੇ ਚਿੰਤਨ ਦੇ ਗਹਿਰ-ਗੰਭੀਰ 'ਪ੍ਰਬੰਧਾਂ' ਵਿੱਚੋਂ ਸਥਾਪਿਤ ਹੋਈ ਹੈ। ਦੂਜੇ ਸ਼ਬਦਾਂ ਵਿਚ ਗੁਰਮਤਿ ਦਾ ਪਰਮ ਸਤਿ ਜਿੱਥੇ ਭਾਵਾਤਮਕ ਸੰਬੰਧਾਂ ਵਿਚ ਦਿਆਲੂ, ਮਿਹਰਵਾਨ, ਮਾਤਾ-ਪਿਤਾ ਆਦਿ ਹੈ, ਉਥੇ ਪ੍ਰਾਭੌਤਿਕ ਪੱਖ ਤੋਂ ਅਗਮ-ਅਗੋਚਰ, ਅਟੱਲ, ਡੂੰਘਾ ਤੇ ਹਰ ਪੱਖੋਂ ਬੇਅੰਤ ਹੈ। ਸਮੁੱਚਾ ਵਿਸਤਾਰ ਉਸ 'ਇਕ' ਦਾ ਹੀ ਪ੍ਰਗਟਾਵਾ ਹੈ ਅਤੇ 'ਸਦੀਵਤਾ' ਦਾ ਗੁਣ ਕੇਵਲ ਉਸੇ ਦਾ ਹੈ। ਭਾਵਾਤਮਕ ਸੰਬੰਧਾਂ ਵਿਚਲਾ ਪਰਮ ਸਤਿ, ਜਦ ਲੋਕਾਈ ਦੇ ਅੰਗ-ਸੰਗ ਅਤੇ ਪ੍ਰਗਟਾਵੇ ਰੂਪ ਵਿਚ ਪ੍ਰਤੱਖ ਹੈ ਤਾਂ ਧਰਮ ਦੀ ਤਕਨੀਕੀ ਬੋਲੀ ਵਿਚ ਉਹ 'ਸਰਗੁਣ' ਹੈ, ਇਸ ਤੋਂ ਉਲਟ, ਜਦ ਅਗਮ-ਅਗੋਚਰ 'ਸਦੀਵਤਾ' ਬੇਅੰਤ-ਬੇਅੰਤ 'ਸਮੇਂ' ਤੋਂ ਪਰ੍ਹੇ ਤੋਂ ਪਰ੍ਹੇ, ਮਨੁੱਖੀ ਸੋਚ ਤੋਂ ਲਾਂਭੇ ਹੈ ਤਾਂ 'ਨਿਰਗੁਣ' ਹੈ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ 'ਪਰਮ ਸਤਿ' ਦਾ ਚਾਰ-ਪ੍ਰਕਾਰੀ ਸਰੂਪ ਨਿਸ਼ਚਿਤ ਹੁੰਦਾ ਹੈ।

(ੳ) ਨਿਰਗੁਣ
(ਅ) ਸਰਗੁਣ
(ੲ) ਇਕ (Oneness, The One)
(ਸ) ਸਦੀਵੀ

ਭਾਵੇਂ 'ਇਕ' ਅਤੇ 'ਸਦੀਵੀ' ਉਸ ਦੀ ਹੋਂਦ ਦੇ 'ਲੱਛਣ' ਹੈ, ਪਰ ਵਿਆਪਕ ਅਰਥਾਂ ਵਿਚ ਇਹ 'ਸਰੂਪ' (Nature) ਵਜੋਂ ਹੀ ਸਾਹਮਣੇ ਆਉਂਦੇ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਇਸ ਗੱਲ ਦਾ ਵਾਰ-ਵਾਰ ਉਲੇਖ ਮਿਲਦਾ ਹੈ।

(ੳ) ਨਿਰਗੁਣ ਦਾ ਸ਼ਾਬਦਿਕ ਅਰਥ ਹੈ, 'ਗੁਣ-ਰਹਿਤ' ਜਾਂ 'ਬਿਨਾਂ ਗੁਣਾਂ ਦੇ', ਪਰ ਤਕਨੀਕੀ ਭਾਵ ਵਿਚ ਇਸ ਦਾ ਅਰਥ ਹੈ 'ਗੁਣ-ਅਤੀਤ' ਜਾਂ 'ਗੁਣਾਂ ਤੋਂ ਬਾਹਰਾ'। ਰਚਨਾ ਕਰਨ ਤੋਂ ਪਹਿਲਾਂ ਅਕਾਰ-ਰਹਿਤ, 'ਨਿਰੰਕਾਰ' ਜਦੋਂ ਇਕੱਲਾ 'ਇਕ' ਸੀ ਤਾਂ ਨਿਰਗੁਣ ਵੀ ਸੀ:

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ॥

(ਪੰਨਾ ੫੦੯)

'ਗੁਪਤੁ' ਤੋਂ 'ਪਰਗਟੁ' ਜਾਂ ਜਦੋਂ ਉਹ 'ਨਿਰਗੁਣ' ਤੋਂ 'ਸਰਗੁਣ' ਹੋਇਆ ਤਾਂ ਉਸ ਦਾ ਵਾਸਤਵਿਕ ਸਰੂਪ (ਨਿਰਗੁਣ) ਪਰਿਵਰਤਿਤ ਨਹੀਂ ਹੁੰਦਾ, ਬਲਕਿ 'ਜੋਤਿ' ਰੂਪ ਹੋ ਕੇ ਉਹ ਹਰ ਥਾਂ ਵੱਸਣ ਲੱਗ ਜਾਂਦਾ ਹੈ:

SikhBookClub.com

- ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ॥ *(ਪੰਨਾ ੧੨੦)*

- ਸਬਦੁ ਦੀਪਕੁ ਵਰਤੈ ਤਿਹੁ ਲੋਇ॥ *(ਪੰਨਾ ੬੬੪)*

(ਅ) ਸਰਗੁਣ ਦਾ ਭਾਵ ਹੈ 'ਸਭ ਗੁਣ ਸੰਪੰਨ'। 'ਨਿਰਗੁਣ' ਜਦੋਂ 'ਸਰਗੁਣ' ਸਰੂਪ ਵਿਚ ਦ੍ਰਿਸ਼ਟਮਾਨ ਹੁੰਦਾ ਹੈ ਤਾਂ ਇਸ ਵਰਤਾਰੇ ਦੀ ਵਿਧੀ 'ਹੁਕਮ' ਹੈ, ਜਾਂ ਦੂਜੇ ਸ਼ਬਦਾਂ ਵਿਚ ਨਿਰਗੁਣ ਆਪਣੇ ਕਿਸੇ ਅਗੰਮੀ 'ਹੁਕਮ' ਕਰਕੇ ਬੇਅੰਤ ਪਸਾਰਿਆਂ ਵਿਚ ਆ 'ਪਰਗਟ' ਹੁੰਦਾ ਹੈ:

- ਹੁਕਮੇ ਹੀ ਸਭ ਸਾਜੀਅਨੁ ਰਵਿਆ ਸਭ ਵਣਿ ਤ੍ਰਿਣਿ॥ *(ਪੰਨਾ ੯੪੯)*

- ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥ *(ਪੰਨਾ ੩੭)*

ਜਦੋਂ ਸਰਗੁਣ ਸਰੂਪ ਵਿਚ 'ਪਰਮਸਤਿ' ਜੀਵਾਂ ਦੀਆਂ ਭਾਵਨਾਵਾਂ ਵਿਚ ਨਿਰੂਪਤ ਹੁੰਦਾ ਹੈ ਤਾਂ ਇਥੇ ਉਹ ਬਖਸ਼ਿਸ਼ਾਂ ਕਰਨ ਵਾਲਾ ਰਹੀਮ, ਮਿਹਰਵਾਨ ਆਦਿ 'ਸਰੂਪ' ਵਜੋਂ ਸਾਹਮਣੇ ਆਉਂਦਾ ਹੈ:

ਸਭ ਨਦਰੀ ਅੰਦਰਿ ਰਖਦਾ ਜੇਤੀ ਸਿਸਟਿ ਸਭ ਕੀਤੀ॥ *(ਪੰਨਾ ੯੫੧)*

(ੲ) ਜਦੋਂ ਪਰਮਸੱਤਾ ਨੂੰ 'ਇਕ' ਕਿਹਾ ਜਾਂਦਾ ਹੈ ਤਾਂ ਇਸ ਦਾ ਭਾਵ ਹੈ ਕਿ ਜੋ ਕੁਝ ਵੀ ਦਿੱਸਦਾ/ਅਣਦਿੱਸਦਾ ਹੈ, ਇਹ ਸਭ ਇਕ ਦਾ ਹੀ ਪ੍ਰਗਟ ਰੂਪ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ 'ਨਿਰਗੁਣ' ਤੇ 'ਸਰਗੁਣ' ਦੀ ਦ੍ਵੈਤ ਨਹੀਂ ਹੈ, ਰਚਨਾ ਦੀ ਹੋਂਦ ਤੋਂ ਪਹਿਲਾਂ ਵਾਲਾ 'ਨਿਰਗੁਣ' ਹੀ ਆਪਣਾ 'ਵੇਸ' ਬਦਲ ਕੇ 'ਸਰਗੁਣ' ਹੋਇਆ ਹੈ। ਇਥੇ 'ਦੂਜੇ ਭਾਵ' ਜਾਂ 'ਦੁਯੀ' ਦੀ ਹੋਂਦ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਅਤੇ ਪ੍ਰਕ੍ਰਿਤੀ ਲੈ ਕੇ 'ਪਰਮਸਤਿ' ਦੇ 'ਇਕਤਵੀ' ਸਰੂਪ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ॥
ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ॥

(ਪੰਨਾ ੫੧੭)

(ਸ) ਜੋ ਪੈਦਾ ਹੋਇਆ ਹੈ ਇਸ ਨੇ ਬਿਨਸ ਜਾਣਾ ਹੈ, ਪਰ 'ਸਦੀਵਤਾ' ਉਸ ਇਕ ਦੀ ਹੀ ਬਣੀ ਰਹਿਣੀ ਹੈ, ਦੂਜੇ ਸ਼ਬਦਾਂ ਵਿਚ 'ਨਿਰਗੁਣ' ਨੇ ਜੋ 'ਸਰਗੁਣ' ਪਸਾਰਾ ਕੀਤਾ ਹੈ, ਇਹ 'ਥੋੜ੍ਹ-ਚਿਰਾ' ਹੈ, ਸਦੀਵੀ ਰੂਪ ਵਿਚ ਉਸ ਦੀ ਹਸਤੀ ਕਾਇਮ ਰਹਿਣੀ ਹੈ। ਗੁਰੂ ਜੀ ਨੇ ਬਾਣੀ ਵਿਚ 'ਪਰਮਸੱਤਾ' ਦੀ ਸਦੀਵਤਾ ਨੂੰ ਸੰਕੇਤ ਕਰਦੇ ਕਈ ਸ਼ਬਦ 'ਸਦਾ', 'ਸਚੁ', 'ਅਮਰ', 'ਜੁਗ ਜੁਗ', 'ਅਕਾਲ', 'ਅਚੁਤ' ਆਦਿ ਵਰਤੇ ਹਨ:

ਸੋ ਪਿਰੁ ਸਾਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥

(ਪੰਨਾ ੫੮੩)

3.1.2 ਸ੍ਰਿਸ਼ਟੀ : ਜੋ ਪੈਦਾ ਕੀਤੀ ਗਈ ਹੈ, ਸਿਰਜੀ ਗਈ ਹੈ, ਉਹ ਸ੍ਰਿਸ਼ਟੀ ਹੈ। ਗੁਰਮਤਿ ਅਨੁਸਾਰ 'ਅਕਾਲ' ਦੀ 'ਕਾਲਗਤ' ਸਥਿਤੀ 'ਨਿਰਗੁਣ' ਦਾ 'ਸਰਗੁਣ' ਸਰੂਪ, 'ਗੁਪਤ' ਦਾ 'ਪ੍ਰਗਟ' ਹੋਣਾ, ਇਹ ਸ੍ਰਿਸ਼ਟੀ ਹੈ। ਰਚਨਾ ਬਾਰੇ ਦਾਰਸ਼ਨਿਕ ਪੱਧਰ 'ਤੇ ਉਠਾਏ ਜਾਂਦੇ ਲੱਗਭਗ ਹਰੇਕ ਮੁੱਢਲੇ ਸਵਾਲ ਦਾ ਜਵਾਬ, ਆਪਣੀ ਤਰ੍ਹਾਂ ਨਾਲ ਗੁਰੂ ਅਮਰਦਾਸ ਜੀ ਦੀ

SikhBookClub.com

ਬਾਣੀ ਵਿੱਚੋਂ ਮਿਲ ਜਾਂਦਾ ਹੈ। ਰਚਨਾ ਬਾਬਤ ਆਮ ਸਵਾਲ ਇਸ ਦੇ ਰਚਨ ਸਮੇਂ, ਕ੍ਰਿਆਵਾਂ, ਇਸ ਦੇ ਸਰੂਪ, ਵਿਧੀ (ਰਚਨਾ ਪ੍ਰਕ੍ਰਿਆ), ਸੀਮਾ ਆਦਿ ਹਨ। ਭਾਰਤੀ ਪਰੰਪਰਾ ਵਿਚ ਰਚਨਾ ਦੇ ਉਲੇਖ ਨਾਲ 'ਮਾਇਆ', 'ਯੁਗ' ਆਦਿ ਸੰਕਲਪਾਂ ਦੀ ਚਰਚਾ ਵੀ ਕੀਤੀ ਜਾਂਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਸੰਕਲਪਾਂ (ਖ਼ਾਸ ਕਰ 'ਮਾਇਆ') ਨੂੰ ਵੀ ਪੁਰਾਤਨ ਮੁਹਾਵਰੇ ਤੇ ਸ਼ਬਦਾਵਲੀ ਰਾਹੀਂ ਨਵੇਂ (ਗੁਰਮਤਿ) ਦ੍ਰਿਸ਼ਟੀਕੋਣ ਤੋਂ ਵਿਆਖਿਆਇਆ ਹੈ।

ਗੁਰੂ ਸਾਹਿਬ ਅਨੁਸਾਰ ਇਹ ਰਚਨਾ ਅਨਾਦੀ ਨਹੀਂ, ਨਾਦੀ ਹੈ, ਭਾਵ ਰਚੀ ਗਈ ਹੈ ਅਤੇ ਇਸ ਦੀ ਰਚਨਾ ਪ੍ਰਕ੍ਰਿਆ (ਵਿਧੀ) ਅਗੰਮੀ 'ਹੁਕਮ' ਦੀ ਖੇਡ ਹੈ:

– ਨਿਰੰਕਾਰਿ ਆਕਾਰੁ ਉਪਾਇਆ॥ *(ਪੰਨਾ ੧੦੬੬)*

– ਹੁਕਮੇ ਹੀ ਸਭੁ ਜਗਤੁ ਉਪਾਇਆ॥ *(ਪੰਨਾ ੧੦੫੫)*

'ਰਚਨਾ' ਰਚਣ ਤੋਂ ਆਦਿ 'ਸਮਾਂ' ਨਿਰੋਲ 'ਸੁੰਨ' ਜਾਂ 'ਚੁੱਪ' ਦਾ 'ਸਮਾਂ' ਹੈ। ਇਸ ਧੁੰਧੂਕਾਰੇ ਦੇ 'ਸਮੇਂ' (ਜਦੋਂ ਸਮਾਂ ਨਹੀਂ ਸੀ), ਉਹ ਕੇਵਲ ਆਪੰ ਹੀ ਆਪ ਸੀ, ਉਸ 'ਸਮੇਂ' ਦਾ ਬਿਆਨ ਕਰ ਸਕਣਾ ਮਨੁੱਖੀ-ਚੇਤਨਾ ਦੇ ਵੱਸ ਨਹੀਂ। ਇਸ 'ਵਕਤ', ਜੋ ਉਸ ਨੂੰ 'ਭਾਅ' ਰਿਹਾ ਸੀ, ਬਸ ਉਹੀ ਸੀ:

ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ॥ *(ਪੰਨਾ ੫੦੯)*

'ਸੁੰਨ-ਸਰੂਪ' ਵਿਚ ਜਦੋਂ 'ਹੁਕਮ' ਦੀ ਖੇਡ ਵਾਪਰਦੀ ਹੈ ਤਾਂ ਉਹ ਜੀਵਨ/ਅਕਾਰਾਂ ਦੇ ਲੱਖਾਂ ਦਰਿਆ ਹੋ ਕੇ 'ਵਗ' ਪੈਂਦਾ ਹੈ, ਇਸ ਅਸਗਾਹ ਪ੍ਰਵਾਹ ਦੀ 'ਗਣਤ' ਗਿਣਨ ਵਿਚ ਨਹੀਂ ਆਉਂਦੀ:

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥
ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ॥

(ਪੰਨਾ ੭੮੬)

ਰਚਨਾ ਵਿਚ ਆ ਕੇ (ਜਾਂ ਰਚਨਾ-ਰੂਪ ਹੋ ਕੇ) ਉਸ ਦੇ ਵਾਸਤਵਿਕ ਸਰੂਪ ਵਿਚ ਅੰਤਰ ਨਹੀਂ ਆਇਆ:

ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥ *(ਪੰਨਾ ੯੫੫)*

ਜਗਤ-ਪ੍ਰਪੰਚ ਦੀ ਪ੍ਰਕ੍ਰਿਤੀ ਨਾਲ ਜੁੜਿਆ ਅਹਿਮ ਸਵਾਲ ਇਸ ਪਸਾਰੇ ਦੇ ਸਰੂਪ (Nature) ਬਾਰੇ ਹੈ। ਕੀ ਇਹ ਰਚਨਾ, ਝੂਠ, ਧੋਖਾ ਜਾਂ ਮਾਇਆ ਹੈ? ਜਾਂ ਇਸ ਦੀ ਕੋਈ ਵਾਸਤਵਿਕ ਹੋਂਦ ਹੈ? ਭਾਰਤੀ-ਪਰੰਪਰਾ (ਸ਼ੰਕਰ ਦੇ ਅਦ੍ਵੈਤਵਾਦ) ਨੇ ਇਸ ਪਸਾਰੇ ਨੂੰ 'ਮਾਇਆ' ਕਿਹਾ ਹੈ, ਜਿਸ ਦਾ ਭਾਵ ਕਿ ਇਸ ਸ੍ਰਿਸ਼ਟੀ ਦੀ ਅਸਲ ਵਿਚ ਕੋਈ 'ਹੋਂਦ' ਨਹੀਂ, ਇਹ 'ਧੋਖਾ' ਜਾਂ 'ਭਰਮ' ਹੈ, ਪਰੰਤੂ ਗੁਰੂ ਅਮਰਦਾਸ ਜੀ ਨੇ 'ਮਾਇਆ' ਜਗਤ-ਪ੍ਰਪੰਚ ਦੇ ਸੰਦਰਭ ਵਿਚ ਨਹੀਂ ਲਈ। ਗੁਰੂ ਜੀ ਅਨੁਸਾਰ ਜਗਤ ਮਾਇਆ ਨਹੀਂ, ਸਗੋਂ ਇਸ ਜਗਤ-ਪ੍ਰਪੰਚ ਦਾ ਉਹ 'ਮੋਹ' ਹੈ, ਜਿਹੜਾ 'ਜੀਵ' ਨੂੰ ਆਪਣੇ 'ਅਸਲੇ' ਤੋਂ ਵਿਛੋੜ ਦਿੰਦਾ ਹੈ, ਇਸ ਤਰ੍ਹਾਂ ਮਾਇਆ, 'ਜੀਵ' ਅਤੇ 'ਅਸਲੇ' ਦੇ ਵਿਛੋੜੇ ਦਾ ਇਕ 'ਕਾਰਨ' ਹੈ:

SikhBookClub.com

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥

(ਪੰਨਾ ੯੨੧)

ਇਸੇ ਤਰ੍ਹਾਂ ਜਗਤ-ਪਸਾਰਾ ਮਾਇਆ ਨਹੀਂ, ਬਲਕਿ ਤਿੰਨ-ਗੁਣਾਂ ਵਿਚ ਵਿਚਰਨ ਵਾਲੇ ਜੀਵ ਦੀ 'ਬਿਰਤੀ' (ਦ੍ਰਿਸ਼ਟੀਕੋਣ) ਮਾਇਆ ਹੈ।[12] ਜਗਤ ਪਸਾਰੇ ਦੀ ਤਾਂ ਵਾਸਤਵਿਕ 'ਹੋਂਦ' ਹੈ:

ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ॥

(ਪੰਨਾ ੧੧੩੧)

ਪਰੰਤੂ ਜਗਤ ਵਿਵਹਾਰਿਕ ਅਰਥਾਂ ਵਿਚ ਹੀ 'ਸਾਚਾ' ਹੈ। 'ਮਾਲੀ' ਅਕਾਲ ਪੁਰਖ ਦੀ ਇਹ ਭਾਂਤ-ਸੁਭਾਂਤੀ ਵਾੜੀ[13] ਸਦੀਵੀ ਨਹੀਂ, ਇਕ-ਨਾ-ਇਕ ਦਿਨ ਇਹ ਜਗਤ-ਰੂਪ 'ਵਾੜੀ' 'ਉਜੜ' ਜਾਣੀ ਹੈ।

ਅਸਲ ਵਿਚ ਇਸ ਬੇਅੰਤ ਕੌਤਕਾਂ ਵਾਲੇ ਅਸਗਾਹ ਪਸਾਰੇ ਦੀ (ਹਰੇਕ ਪੱਖ ਤੋਂ) ਕੀਮਤ, ਮਨੁੱਖ, ਸੀਮਤ ਸੋਝੀ ਹੋਣ ਕਰਕੇ, ਜਾਣ/ਪਾ ਨਹੀਂ ਸਕਦਾ। ਇਸ ਦੀ ਅਸਲ 'ਹਕੀਕਤ' ਤਾਂ ਉਹੀ ਜਾਣਦਾ ਹੈ, ਜੋ ਇਸ 'ਕਿਰਤ' ਦਾ ਕਾਰਨ ਹੈ:

ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ॥ *(ਪੰਨਾ ੭੮੭)*

3.1.3 ਜੀਵਨ (Life): ਬ੍ਰਹਿਮੰਡ ਵਿਚ ਨਿੱਕੀ ਜਿਹੀ ਥਾਂ ਇਸ ਧਰਤੀ ਉੱਪਰ 'ਜੀਵਨ' ਦਾ ਆਗਮਨ ਇਕ ਬੜਾ ਅਚੰਭੇ ਭਰਿਆ 'ਕ੍ਰਿਸ਼ਮਾ' ਹੈ। ਪਰਮਸੱਤਾ ਤੇ ਬੇਅੰਤ ਭੌਤਿਕ ਪਸਾਰੇ ਤੋਂ ਬਾਅਦ ਮਨੁੱਖੀ ਚੇਤਨਾ ਤੇ ਚਿੰਤਨ ਸਾਹਮਣੇ 'ਜੀਵਨ' ਹੀ ਇਕ ਰਹੱਸਮਈ ਬੁਝਾਰਤ ਹੈ। ਜਗਤ ਦੇ ਪਸਾਰੇ ਨੂੰ ਸਮਝਣ ਹਿਤ ਮਨੁੱਖ ਨੇ ਇਸ ਨੂੰ ਟੁਕੜਿਆਂ ਵਿਚ ਵੰਡਿਆ ਹੈ। ਇਸੇ ਤਰ੍ਹਾਂ 'ਜੀਵਨ' ਦੀ ਬੁਝਾਰਤ 'ਬੁੱਝਣ' ਲਈ ਮਨੁੱਖ ਨੇ ਇਸ ਦੇ ਦੋ ਰੂਪ ਮੁੱਖ ਤੌਰ 'ਤੇ ਕੀਤੇ ਹਨ:

(ੳ) ਜੜ੍ਹ-ਸੰਸਾਰ (inanimate world)

(ਅ) ਜੀਵੰਤ-ਸੰਸਾਰ (animate world)

ਜੀਵੰਤ ਜਾਂ ਚੇਤਨ ਸੰਸਾਰ ਦੇ ਵੀ ਦੋ ਹਿੱਸੇ ਪ੍ਰਮੁੱਖ ਹਨ:

(ਅ-1) ਬਨਸਪਤੀ ਜਗਤ (botanical world)

(ਅ-2) ਜੀਵ ਜਗਤ (biological world)

ਜੀਵੰਤ-ਸੰਸਾਰ ਦੇ ਜੀਵ-ਜਗਤ ਵਿੱਚੋਂ 'ਮਨੁੱਖ' ਸਭ ਤੋਂ ਵਿਕਸਿਤ ਜੀਵ ਹੈ।ਮਨੁੱਖੀ-ਚਿੰਤਨ ਸਾਹਮਣੇ 'ਜੀਵਨ' ਦੀ ਇਸ ਵਿਕਸਿਤ ਇਕਾਈ ਬਾਰੇ ਤਿੰਨ ਬੁਨਿਆਦੀ ਸਵਾਲ ਹਨ:

(ੳ) ਜੀਵਨ ਕੀ ਹੈ? (Nature of Life)

(ਅ) ਜੀਵਨ ਦਾ ਉਦੇਸ਼?

(ੲ) ਉਦੇਸ਼-ਪ੍ਰਾਪਤੀ ਦੇ ਸਾਧਨ? (ਸਾਧਨ-ਮਾਰਗ)

(ੳ) ਸ੍ਰੀ ਗੁਰੂ ਅਮਰਦਾਸ ਜੀ ਨੇ (ਮਨੁੱਖੀ) ਜੀਵਨ ਦੀ ਵਿਆਖਿਆ ਇਸ ਦੇ ਭੌਤਿਕ ਤੇ ਪਰਾਭੌਤਿਕ ਪੱਖਾਂ ਨੂੰ ਲੈ ਕੇ ਕੀਤੀ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖਾ ਸਰੀਰ 'ਪੰਚ ਤੱਤਾਂ' ਦੇ ਸੁਮੇਲ ਤੋਂ ਬਣਿਆ ਹੈ, ਪਰ 'ਮਨੁੱਖ' ਕੇਵਲ ਸਰੀਰ ਨਹੀਂ, ਇਸ ਸਰੀਰ ਵਿਚ 'ਹਰਿ' (ਜੋਤਿ

SikhBookClub.com

ਰੂਪ, ਆਤਮਾ ਰੂਪ) ਵੱਸਦਾ ਹੈ। ਦੂਜੇ ਸ਼ਬਦਾਂ ਵਿਚ ਪੰਜ ਤੱਤਾਂ ਦਾ ਪੁਤਲਾ 'ਸਰੀਰ', ਹਰਿ ਦੇ ਆਤਮਾ ਰੂਪ ਵਿਚ ਵੱਸਣ ਲਈ 'ਮੰਦਰ' ਹੈ:

– ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥ *(ਪੰਨਾ ੧੧੨੮)*

– ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥ *(ਪੰਨਾ ੧੩੪੬)*

ਇਸ ਤਰ੍ਹਾਂ ਮਨੁੱਖ, ਸਰੀਰ ਤੇ ਜੋਤਿ ਦਾ ਸੁਮੇਲ ਹੈ।

(ਅ) ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਮਨੁੱਖੀ ਜੀਵਨ ਦਾ ਉਦੇਸ਼ ਜਾਂ ਮਨੋਰਥ, ਇਸ ਦਾ ਆਪਣੇ 'ਮੂਲੁ' ਨੂੰ ਜਾਣਨਾ ਹੈ। ਇਹ 'ਮੂਲੁ' ਦਾ ਸਰੂਪ 'ਜੋਤਿ' ਹੈ, ਇਸ ਤਰ੍ਹਾਂ 'ਜੋਤਿ' ਪਛਾਣਨਾ ਹੀ ਇਸ ਜੀਵਨ ਦਾ ਅਸਲੀ ਮਨੋਰਥ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ *(ਪੰਨਾ ੪੪੧)*

(ਏ) ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਕਰਨ ਲਈ, ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਮਨੁੱਖ ਨੂੰ 'ਬਾਹਰ' ਜਾਣ ਦੀ ਲੋੜ ਨਹੀਂ। ਹਰ ਕਿਸਮ ਦੀਆਂ 'ਸੰਭਾਵਨਾਵਾਂ' (ਜਿਨ੍ਹਾਂ ਵਿੱਚੋਂ 'ਮੂਲ' ਜਾਣਨ ਦੀ ਸੰਭਾਵਨਾ ਮੁੱਖ ਹੈ) ਇਸ ਦੀ ਦੇਹੀ ਵਿਚ ਹੀ ਹਨ:

ਮੇਰੈ ਕਰਤੈ ਇਕ ਬਣਤ ਬਣਾਈ॥
ਇਸੁ ਦੇਹੀ ਵਿਚਿ ਸਭ ਵਥੁ ਪਾਈ॥ *(ਪੰਨਾ ੧੦੬੪)*

ਇਸ 'ਕਾਇਆ' ਅੰਦਰ ਪਈਆਂ ਅਸੰਖ ਵਸਤਾਂ[14] 'ਨਉ ਖੰਡ ਪ੍ਰਿਥਮੀ...' ਵਿੱਚੋਂ ਅਸਲ ਵਸਤ ਲੱਭਣ ਦੀ ਲੋੜ ਹੈ ਅਤੇ ਭਾਵੇਂ ਇਹ ਕਾਇਆ ਵਿਚ ਹੀ ਪਈ ਹੈ, ਪਰ ਇਸ ਗੱਲ ਦੀ ਸਮਝ ਗੁਰ-ਗਿਆਨ ਜਾਂ ਗੁਰ-ਸ਼ਬਦ ਨਾਲ ਆਉਂਦੀ ਹੈ:

ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ॥

(ਪੰਨਾ ੩੦)

ਉਪਰੋਕਤ ਸੰਖੇਪ ਵਿਚਾਰ ਦਾ ਸਾਰ ਇਹ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਥੇ ਮਨੁੱਖੀ ਚਿੰਤਨ ਦੇ ਬੁਨਿਆਦੀ 'ਮਸਲੇ' ਲਏ ਹਨ, ਉਥੇ ਆਪਣੇ ਢੰਗ ਨਾਲ ਇਨ੍ਹਾਂ ਦਾ ਸਮਾਧਾਨ ਵੀ ਕੀਤਾ ਹੈ। ਇਨ੍ਹਾਂ ਦੇ ਅੰਤਰਗਤ ਆਉਂਦੇ ਹੋਰ ਅਨੇਕਾਂ ਸੰਕਲਪਾਂ (ਗੁਰੂ, ਮੁਕਤੀ, ਸੰਗਤ, ਹਉਮੈ...ਆਦਿ) ਬਾਰੇ ਵੀ ਭਰਵੀਂ ਵਿਚਾਰ ਮਿਲਦੀ ਹੈ। ਪਰੰਪਰਾ ਵਿਚ ਪ੍ਰਾਪਤ ਹਰ 'ਸੱਚ' ਨੂੰ ਜਿੱਥੇ ਖੁੱਲ੍ਹੇ ਰੂਪ ਵਿਚ ਅਪਣਾਇਆ ਹੈ, ਉਥੇ ਵਹਿਮ-ਪ੍ਰਸਤੀ ਦੇ ਹਰ 'ਤੱਥ' ਨੂੰ ਨਿਰਭਉ ਹੋ ਕੇ ਰੱਦਿਆ ਵੀ ਹੈ। ਸਮਾਜਿਕ/ਆਰਥਿਕ ਦੁਸ਼ਵਾਰੀਆਂ ਖ਼ਿਲਾਫ ਗੁਰੂ ਜੀ ਦੀ ਬਾਣੀ ਵਿਚ ਇਕ 'ਜੰਗ' ਮੱਚ ਰਹੀ ਹੈ। ਸੋ ਇਸ ਵਿਸ਼ਾਲ ਅਨੁਭਵ/ਚਿੰਤਨ ਪਿੱਛੇ ਗੁਰੂ ਜੀ ਦੀ ਬਜ਼ੁਰਗੀ ਦੀ ਛਾਪ ਸਾਫ਼ ਨਜ਼ਰ ਆਉਂਦੀ ਹੈ।

3.2 ਕਲਾ-ਪੱਖ : ਬਾਣੀ ਦਾ ਵਿਸ਼ਾ ਅਨੁਭਵ-ਅਤੀਤ ਤੇ ਪ੍ਰਕ੍ਰਿਤੀ ਪੱਖੋਂ ਰਹੱਸਵਾਦੀ ਹੋਣ ਕਰਕੇ ਇਸ ਦਾ ਨਿਰੋਲ ਸਾਹਿਤਕ/ਕਾਵਿ-ਵਿਧੀਆਂ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨਾ ਬਹੁਤ ਤਰਕ-ਸੰਗਤ ਨਹੀਂ। ਅਸਲ ਵਿਚ ਸਾਡੇ ਵਿਦਵਾਨ ਹਾਲੇ ਇਸ ਵਿਸ਼ੇ ਦੇ ਰੂ-ਬ-ਰੂ ਹਨ ਕਿ ਕੀ ਬਾਣੀ ਨੂੰ ਕਾਵਿ ਦੇ ਖੇਤਰ ਵਿਚ ਰੱਖਿਆ ਜਾਵੇ ਜਾਂ ਧਰਮ/ਦਰਸ਼ਨ ਦੇ? ਭਾਵੇਂ ਕੋਈ ਵਿਚਾਰ ਹਾਲੇ ਨਿੱਖਰ ਕੇ ਸਾਹਮਣੇ ਤਾਂ ਨਹੀਂ ਆਇਆ, ਪਰ ਇਹ ਗੱਲ ਯਕੀਨੀ ਹੈ ਕਿ ਪੱਛਮੀ (ਹਡਸਨ

SikhBookClub.com

ਆਦਿ) ਧਾਰਾ ਦੀ ਸ਼ੈਲੀ, ਕਲਪਨਾ, ਬੁੱਧੀ ਆਦਿ ਜਾਂ ਭਾਰਤੀ ਕਾਵਿ-ਧਾਰਾ ਦੀ ਰੀਤਿ, ਵਕ੍ਰੋਕਤੀ, ਧ੍ਵਨੀ, ਰਸ ਆਦਿ ਧਾਰਾਵਾਂ ਨਾਲ ਜੋੜ ਕੇ ਬਾਣੀ ਦਾ ਅਧਿਐਨ ਕਰਨਾ ਬਹੁਤਾ ਠੀਕ ਸਿੱਟਾ ਨਹੀਂ ਕੱਢ ਸਕੇਗਾ। ਬਾਣੀ ਵਿਚ ਧਰਮ/ਦਰਸ਼ਨ/ਕਾਵਿ ਦਾ ਸੁਮੇਲ ਪ੍ਰਾਪਤ ਹੈ। ਵਿਸ਼ੇ ਪੱਖੋਂ ਜਿੱਥੇ ਇਹ ਧਰਮ/ਦਰਸ਼ਨ ਦੀ ਵਸਤੂ ਹੋ ਨਿੱਬੜਦੀ ਹੈ, ਉਥੇ ਪ੍ਰਗਟਾ ਪੱਖੋਂ ਇਹ ਕਾਵਿ/ਸਾਹਿਤ ਦੇ ਘੇਰੇ ਵਿਚ ਹੈ। ਇਸ ਵਿਚ ਕਈ ਸਾਹਿਤਕ-ਕਾਵਿ (ਬਾਰਹਮਾਹ, ਥਿਤੀ, ਦਿਨ ਰੈਣਿ, ਬਿਰਹੜੇ, ਬਾਵਨ ਅਖਰੀ, ਰੁਤੀ, ਵਣਜਾਰਾ ਆਦਿ) ਤੇ ਲੋਕ-ਕਾਵਿ (ਅੰਜੁਲੀ, ਅਲਾਹਣੀਆਂ, ਸਦੁ, ਕਰਹਲਾ ਆਦਿ) ਰੂਪਾਂ ਦੀ ਵਰਤੋਂ ਕੀਤੀ ਹੈ, ਲੋਕ-ਮੁਹਾਵਰੇ ਨੂੰ ਅਪਣਾਇਆ ਹੈ, ਸੋ ਇਸ ਨੂੰ ਇੱਥੋਂ ਪਰ੍ਹੇ ਕਰ ਕੇ ਨਿਰੋਲ ਧਰਮ-ਸਿਧਾਂਤੀ (theological) ਜਾਂ ਦਾਰਸ਼ਨਿਕ (philosophical) ਵਿਧੀਆਂ ਦੁਆਰਾ ਵੀ ਅਧਿਐਨ ਨਹੀਂ ਕੀਤਾ ਜਾ ਸਕਦਾ। ਸ਼ੈਰ, ਵਿਦਵਾਨ ਕਿਸੇ 'ਧਰਮ ਸਿਧਾਂਤੀ ਕਾਵਿ-ਸ਼ਾਸਤਰ' (Theological poetics) ਦੀ ਤਲਾਸ਼ ਵਿਚ ਹਨ। ਇਹੋ ਗੱਲ ਗੁਰੂ ਅਮਰਦਾਸ ਜੀ ਦੀ ਬਾਣੀ ਬਾਰੇ ਵੀ ਇੰਨ-ਬਿੰਨ ਢੁੱਕਦੀ ਹੈ।

ਇਥੇ ਕਾਵਿ-ਪੱਖ ਦੇ ਜਿਹੜੇ ਵਰਣਨਯੋਗ ਤੱਥ ਹਨ, ਉਨ੍ਹਾਂ ਦਾ ਵੰਨਗੀ-ਮਾਤਰ ਉਲੇਖ ਕੀਤਾ ਜਾਂਦਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਇਨ੍ਹਾਂ ਨੂੰ ਉਜਾਗਰ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ।

3.2.1 ਕਾਵਿ ਦਾ ਜ਼ਰੂਰੀ ਤੱਥ/ਤੱਤ ਉਸ ਦਾ ਉਹ ਅਨੁਭਵ ਹੁੰਦਾ ਹੈ, ਜਿਸ ਨੇ ਉਸ ਨੂੰ ਆਧਾਰ ਪ੍ਰਦਾਨ ਕੀਤਾ ਹੋਵੇ। ਗੁਰੂ ਸਾਹਿਬ ਦਾ ਕਾਵਿ-ਅਨੁਭਵ 'ਅਧਿਆਤਮਿਕਤਾ' ਦੇ ਖੇਤਰ ਦਾ ਹੈ। ਇਹ ਖੇਤਰ ਜਿੰਨਾ ਡੂੰਘਾ, ਵਿਸ਼ਾਲ ਤੇ ਰਸਦਾਇਕ ਹੈ, ਓਨੀ ਹੀ ਗੰਭੀਰਤਾ ਤੇ ਰਸ ਇਨ੍ਹਾਂ ਦੀ ਬਾਣੀ ਵਿਚ ਹੈ:

- ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ॥ *(ਪੰਨਾ ੩੬੪)*

- ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ॥

(ਪੰਨਾ ੭੫੪)

3.2.2 ਗੁਰਬਾਣੀ ਨੇ ਭਾਵਾਂ ਦੇ ਸੰਚਾਰ ਲਈ ਆਮ ਤੌਰ 'ਤੇ ਸਮਾਜ ਅਤੇ ਪ੍ਰਕ੍ਰਿਤੀ ਵਿੱਚੋਂ ਪ੍ਰਤੀਕ ਲਏ ਹਨ। ਗੁਰੂ ਅਮਰਦਾਸ ਜੀ ਵੀ ਆਪਣੇ ਵਿਚਾਰਾਂ ਦਾ ਆਮ ਲੋਕਾਈ ਤਕ ਸੰਚਾਰ ਕਰਨ ਲਈ ਸਮਾਜ ਅਤੇ ਪ੍ਰਕ੍ਰਿਤੀ ਵਿੱਚੋਂ ਹੀ ਪ੍ਰਤੀਕ ਲੈਂਦੇ ਹਨ, ਇਨ੍ਹਾਂ ਵਿਚ ਹੰਸ, ਬਬੀਹਾ, ਕੂੰਜ, ਸੱਪ, ਵਰਮੀ, ਹਟ, ਵਣਜ, ਵਾਪਾਰ ਆਦਿ ਅਨੇਕਾਂ ਸ਼ਾਮਲ ਕੀਤੇ ਜਾ ਸਕਦੇ ਹਨ। ਮਿਸਾਲ ਵਜੋਂ ਮਨੂਰ, ਮਾਰੂ ਆਦਿ ਪ੍ਰਤੀਕ ਮਨੁੱਖੀ ਅਧੋਗਤੀ ਦਾ ਪ੍ਰਤੀਕ ਹਨ ਤੇ ਕੰਚਨ, ਸੀਤਲ ਆਦਿ ਆਤਮਿਕ ਵਿਕਾਸ ਦੀਆਂ ਨਿਸ਼ਾਨੀਆਂ[15] :

- ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥ *(ਪੰਨਾ ੬੩੮)*

- ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨੁ ਹੋਇ॥ *(ਪੰਨਾ ੯੮੪)*

3.2.3 ਗੁਰੂ ਜੀ ਨੇ ਅੰਦਰਲੀ ਆਤਮਿਕ ਅਵਸਥਾ ਤੇ ਅਧਿਆਤਮਕ ਪ੍ਰਾਪਤੀ ਦੇ ਚਾਅ ਨੂੰ ਪ੍ਰਗਟਾਉਣ ਲਈ ਭਾਂਤ-ਸੁਭਾਂਤੇ ਬਿੰਬ ਵਰਤੇ ਹਨ:

ਊਨਵਿ ਊਨਵਿ ਆਇਆ ਅਵਰਿ ਕਰੇਂਦਾ ਵੰਨ॥ *(ਪੰਨਾ ੧੨੮੦)*

SikhBookClub.com

3.2.4 ਅਲੰਕਾਰਾਂ ਪੱਖੋਂ ਗੁਰੂ ਜੀ ਦੀ ਬਾਣੀ ਵਿਚ ਰੂਪਕ, ਉਪਮਾ, ਦ੍ਰਿਸ਼ਟਾਂਤ, ਉਲਾਸ, ਪ੍ਰਮਾਣ ਆਦਿ ਦੇ ਅਨੇਕਾਂ ਨਮੂਨੇ ਮਿਲ ਜਾਂਦੇ ਹਨ। ਇਹ ਅਲੰਕਾਰ ਸਹਿਜ-ਸੁਭਾ ਹੀ ਬਾਣੀ ਦਾ 'ਸ਼ਿੰਗਾਰ' ਬਣੇ ਹਨ, ਕੋਈ ਨਾਪ-ਤੋਲ ਕੇ ਨਹੀਂ। ਮਿਸਾਲ ਲਈ ਰੂਪਕ:

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥

(ਪੰਨਾ ੫੧੬)

3.2.5 ਭਾਸ਼ਾਈ ਪੱਖੋਂ ਜਿੱਥੇ ਗੁਰੂ ਜੀ ਦਾ ਸ਼ਬਦ-ਕੋਸ਼ ਬੜਾ ਵਿਸ਼ਾਲ ਹੈ, ਆਪ ਜੀ ਦੀ ਭਾਸ਼ਾ ਵਰਤਮਾਨ ਪੰਜਾਬੀ ਨਾਲੋਂ ਕਾਫ਼ੀ ਸੰਜੋਗਾਤਮਿਕ ਹੈ। ਸਮਕਾਲੀਨ ਸਮੇਂ ਦੀ ਇਹ ਨਿਰੀ ਬੋਲ-ਚਾਲ ਦੀ 'ਬੋਲੀ' ਹੀ ਨਹੀਂ, ਬਲਕਿ ਸਾਹਿਤਕ ਭਾਸ਼ਾ ਹੈ। ਸੰਸਕ੍ਰਿਤ, ਅਪਭ੍ਰੰਸ਼ ਦੀਆਂ ਵੰਨਗੀਆਂ ਵੀ ਮਿਲ ਜਾਂਦੀਆਂ ਹਨ।

3.2.6 ਆਪ ਜੀ ਦੀ ਸਾਰੀ ਬਾਣੀ (ਲੱਗਭਗ) ਸੰਗੀਤਬੱਧ/ਰਾਗਬੱਧ ਹੋਣ ਕਾਰਨ ਇਕ ਵਿਸ਼ੇਸ਼ ਪ੍ਰਕਾਰ ਦੀ ਲੈਅ, ਰਾਗ ਤੇ ਸੁਗਮਤਾ ਵਿਚ ਬੰਨ੍ਹੀ ਹੋਈ ਹੈ ਪਰੰਤੂ ਗੁਰੂ ਜੀ ਰਾਗ/ਸੰਗੀਤ ਦਾ ਸਬੰਧ ਗਾਉਣ/ਸੁਣਨ/ਮਾਣਨ ਵਾਲੇ ਦੇ ਇਖ਼ਲਾਕ ਨਾਲ ਜੋੜਦੇ ਹਨ, ਭਾਵ ਰਾਗ/ਸੰਗੀਤ ਦੀ ਵੀ ਤਾਂ ਹੀ ਮਹਾਨਤਾ ਹੈ ਜੇ ਮਨੁੱਖ ਉਚ-ਇਖ਼ਲਾਕੀ ਗੁਣਾਂ ਦਾ ਧਾਰਨੀ ਹੋਵੇ:

- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥

(ਪੰਨਾ ੧੨੮੫)

- ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥

(ਪੰਨਾ ੧੪੧੯)

4. ਇਥੇ ਇੰਨਾ ਕਹਿਣਾ ਹੀ ਵਾਜਬ ਹੈ ਕਿ 'ਗੁਰੂ ਨਾਨਕ ਜੋਤਿ' ਦੀ ਨਿਰੰਤਰਤਾ ਦੀ ਮਹਾਨ ਤੀਜੀ ਜੋਤਿ ਨੇ 'ਨਿਰਮਲ ਪੰਥ' ਨੂੰ ਆਪਣੇ ਅਮਲੀ ਕਾਰਜਾਂ ਵਿੱਚੋਂ ਅਨੇਕਾਂ ਸੰਸਥਾਵਾਂ (ਲੰਗਰ, ਮੰਜੀ, ਪੰਗਤ ਆਦਿ) ਅਤੇ ਡੂੰਘੇ ਅਨੁਭਵ/ਚਿੰਤਨ ਵਿੱਚੋਂ ਸਦੀਵੀ ਅਮਰਤਾ ਦੀ ਬਹੁਗੁਣੀ ਵਿਚਾਰਧਾਰਾ (ਬਾਣੀ) ਬਖ਼ਸ਼ ਕੇ ਮਨੁੱਖਤਾ ਦੇ ਪਰਉਪਕਾਰ ਲਈ ਵੱਡਾ ਹਿੱਸਾ ਪਾਇਆ ਹੈ।

ਹਵਾਲੇ ਅਤੇ ਪਦ-ਟਿਪਣੀਆਂ :

1. ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ (ਪੰਨਾ ੯੬੮)
2. ਰਾਮਕਲੀ 'ਸਦੁ' (ਪੰਨਾ ੯੨੩), ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ (ਪੰਨਾ ੯੬੬), ਤੁਖਾਰੀ ਮਹਲਾ ੪ (ਪੰਨਾ ੧੧੧੬) ਅਤੇ ਸਵਈਏ ਮਹਲੇ ਤੀਜੇ ਕੇ ੩ (ਪੰਨਾ ੧੩੯੨)
3. 'ਸਦੁ' ਵਿਚ ਗੁਰੂ ਜੀ ਦਾ ਜੋਤੀ ਜੋਤਿ ਸਮਾਉਣ ਅਤੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇਣ ਦਾ ਹਵਾਲਾ ਹੈ। 'ਰਾਮਕਲੀ ਕੀ ਵਾਰ' ਵਿਚ ਵੀ ਗੁਰਗੱਦੀ ਪ੍ਰਾਪਤੀ ਤੇ ਇਸ ਦੀ ਜ਼ਿੰਮੇਵਾਰੀ ਦਾ ਸੰਕੇਤ ਹੈ। 'ਤੁਖਾਰੀ ਮਹਲਾ ੪' ਵਿਚ 'ਕੁਰਖੇਤਰ' ਆਦਿ ਤੀਰਥਾਂ 'ਤੇ ਜਾਣ ਅਤੇ ਭੁੱਲੀ ਲੋਕਾਈ ਨੂੰ ਤਾਰਨ ਦੀ ਗਵਾਹੀ ਹੈ।
4. ਵੇਖੋ : ਵਾਰ 1, ਪਉੜੀ 46; ਵਾਰ 33, ਪਉੜੀ 26.
5. ਵੇਖੋ : ਵਾਰ 16, ਪਉੜੀ 11.

SikhBookClub.com

6. ਮੁਢਲੇ ਸ੍ਰੋਤਾਂ ਲਈ ਵੇਖੋ : ਡਾ. ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਅਮਰਦਾਸ : ਸ੍ਰੋਤਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-1986.
7. ਡਾ. ਬਲਬੀਰ ਸਿੰਘ ਦਿਲ ਨੇ ਕੀਤਾ ਹੈ; ਵੇਖੋ: ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅਮਰਦਾਸ ਫਾਊਂਡੇਸ਼ਨ, ਫਿਰੋਜ਼ਪੁਰ-1987.
8. ਪ੍ਰੋ. ਸਾਹਿਬ ਸਿੰਘ ਨੇ (ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ, ਸਿੰਘ ਬ੍ਰਦਰਜ਼, ਅੰਮ੍ਰਿਤਸਰ- 1967, ਪੰਨਾ 51 ਉੱਤੇ) ਸ਼ਬਦ, ਅਸ਼ਟਪਦੀਆਂ, ਛੰਤ ਆਦਿ ਦੀ ਕੁੱਲ ਗਿਣਤੀ ਕ੍ਰਮਵਾਰ 172, 91, 20 ਦਿੱਤੀ ਹੈ, ਇਨ੍ਹਾਂ ਨੇ ਰਾਗ ਵੀ 17 ਗਿਣੇ ਹਨ (ਬਿਹਾਗੜਾ ਛੱਡ ਦਿੱਤਾ ਹੈ, ਇਸ ਵਿਚ 'ਵਾਰ ਮ: ੪' ਵਿਚ ਮ: ੩ ਦੇ 33 ਸਲੋਕ ਹਨ)। ਇਨ੍ਹਾਂ ਤੋਂ ਬਿਨਾਂ ਡਾ. ਤਾਰਨ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਬਲਬੀਰ ਸਿੰਘ ਦਿਲ ਆਦਿ ਨੇ ਵੀ ਭਿੰਨਤਾ ਸਹਿਤ ਬਿਉਰੇ ਦਿੱਤੇ ਹਨ।
9. ਵਿਸਤਾਰ ਲਈ ਵੇਖੋ: ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ-II (ਪੂਰਵ ਮੱਧਕਾਲ-I), ਪੰਜਾਬੀ ਯੂਨੀਵਰਸਿਟੀ, ਪਟਿਆਲਾ-1998, ਪੰਨਾ 65.
10. ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ 'ਗੁਰਮਤਿ-ਧਾਰਾ' ਦੀ ਪ੍ਰਕ੍ਰਿਤੀ ਨੂੰ ਵਿਦਵਾਨਾਂ ਨੇ 'ਅਕਾਲਵਾਦ', 'ਹੁਕਮਵਾਦ', 'ਏਕਓਅੰਕਾਰਵਾਦ' ਆਦਿ ਦੇ ਨਾਂ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਗੁਰਬਾਣੀ 'ਸ਼ੁੱਧ', ਦਾਰਸ਼ਨਿਕ-ਪ੍ਰਕ੍ਰਿਤੀ ਵਾਲੀ ਨਹੀਂ, ਇਸ ਵਿਚ ਸਮਾਜ, ਧਰਮ, ਦਰਸ਼ਨ ਆਦਿ ਕਈ ਤੱਤਾਂ ਦੇ ਨਾਲ 'ਕਾਵਿ' ਵੀ ਸ਼ਾਮਲ ਹੈ।
11. ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥ (ਪੰਨਾ ੧੧੭)
ਗੁਰੂ ਨਾਨਕ ਸਾਹਿਬ ਦੇ ਪ੍ਰਸੰਗ ਵਿਚ ਇਸ ਗੱਲ ਦੀ ਪੁਸ਼ਟੀ ਗੁਰਬਾਣੀ {(ਮਾਝ 1, ਵਾਰ 23:1-3 (148); 27:1-8 (150)}, ਭਾਈ ਗੁਰਦਾਸ (ਵਾਰ 1, ਪਉੜੀ 24) ਆਦਿ ਤੋਂ ਬਿਨਾਂ ਪੁਰਾਤਨ ਜਨਮਸਾਖੀ (ਸੰਪਾ. ਭਾਈ ਵੀਰ ਸਿੰਘ, ਮੈਨੇਜਰ ਖ਼ਾਲਸਾ ਸਮਾਚਾਰ, ਅੰਮ੍ਰਿਤਸਰ-1948, ਪੰਨੇ 16-7) ਨੇ ਬੜੇ ਖ਼ੂਬਸੂਰਤ ਤਰੀਕੇ ਨਾਲ ਕੀਤੀ ਹੈ।
12. ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ॥ (ਪੰਨਾ ੩੦)
13. ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ (ਪੰਨਾ ੧੧੮)
14. ਇਸੁ ਕਾਇਆ ਅੰਦਰਿ ਵਸਤੁ ਅਸੰਖਾ॥ (ਪੰਨਾ ੧੧੦)
15. ਵਿਸਤਾਰ ਲਈ ਵੇਖੋ : ਡਾ. ਬਲਬੀਰ ਸਿੰਘ ਦਿਲ, ਅਮਰ ਕਵੀ ਗੁਰੂ ਅਮਰਦਾਸ, ਭਾਸ਼ਾ ਵਿਭਾਗ, ਪਟਿਆਲਾ-1975, ਪੰਨਾ 251.

(7/2008)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦਾ ਨਿਤ ਕਰਮ

ਆਪ ਜੀ ਦਾ ਜੋ ਨਿਤ ਕਰਮ ਸੀ, ਉਸ ਦਾ ਵਿਸਥਾਰ ਸਿੱਖ ਇਤਿਹਾਸਕਾਰਾਂ ਦਿੱਤਾ ਹੈ।

ਪਹਰ ਰਾਤ ਰਹਿੰਦੇ ਜਾਗਦੇ। ਕਿਸੇ ਨੂੰ ਨਾਂਹ ਉਠਾਂਦੇ, ਸਦਾਚਾਰ ਕਰਨ ਉਪਰੰਤ ਆਗਿਆ ਲੈ ਕੇ ਭਾਈ ਬਲੂ ਜੀ ਜਲ ਲੈਣ ਚਲਾ ਜਾਂਦਾ। ਭਾਈ ਬਲੂ ਜੀ ਜ਼ਿੰਦਗੀ ਭਰ ਸੇਵਾ ਨਿਭਾਉਂਦੇ ਰਹੇ।

ਇਸ਼ਨਾਨ ਉਪਰੰਤ ਬਸਤਰ ਸਫ਼ੈਦ ਪਾਉਂਦੇ। ਵਸਤ੍ਰ ਗਰੀਬ ਲੋੜਵੰਦ ਨੂੰ ਦੇ ਦੇਂਦੇ। ਇਸ ਤੇ ਹੈਰਾਨੀ ਇਹ ਹੈ ਕਿ ਦੂਜਾ ਜੋੜਾ ਘਰ ਵਿਚ ਨਹੀਂ ਸੀ ਰੱਖਦੇ।

ਧਾਰੇ ਸੋ ਬਸਤ੍ਰ ਸੁਏਤ। ਦੂਜੇ ਨੇ ਰਖੇ ਨਿਕੇਤ।
ਪਹਰੇ ਸੋ ਫੇਰ ਨਵੀਨ। ਯਹ ਬਖਸ਼ ਸਿਖਨ ਕੀਨ॥੨੦॥

(ਮਹਿਮਾ ਪ੍ਰਕਾਸ਼, ਸਾਖੀ ਦੋ, ਪਾਤਸ਼ਾਹੀ ਤੀਜੀ)

ਫਿਰ ਇਕਾਂਤ ਵਿਚ ਬੈਠ ਜਾਂਦੇ। ਸਮਾਧੀ ਲੱਗ ਜਾਂਦੀ। ਸਹਜ ਸਮਾਧੀ ਨਿੱਜ ਸੁਖ ਮੋ ਲੀਨ। ਅੰਮ੍ਰਿਤ ਵੇਲੇ ਸੰਗਤ ਵਿਚ ਆ ਬਿਰਾਜਦੇ।

ਭਾਈ ਸਾਦੂ, ਬਾਦੂ, ਬਲਵੰਡ ਜੀ ਤਥੇ ਸਤਾ ਜੀ ਕੀਰਤਨ ਸੁਣਾਉਂਦੇ। ਪੁਹ ਫੁਟਦੀ ਭੋਗ ਪਾਂਦੇ ਅਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ।

ਸੰਗਤਾਂ ਆਪਣੀਆਂ ਮਨੋ-ਕਾਮਨਾਵਾਂ ਦੱਸਦੀਆਂ। ਕਿਸੇ ਨੂੰ ਨਾਮ ਦਾਨ, ਕਿਸੇ ਦੀ ਦੁਨਿਆਵੀ ਥੁੜ ਦੂਰ, ਕਿਸੇ ਨੂੰ ਭਗਤੀ ਲਗਾਂਦੇ। ਕਿਸੇ ਅਟਕ ਹੋਏ ਆਤਮਿਕ ਰਾਹੀ ਨੂੰ ਅਗਾਂਹ ਟੋਰਦੇ। ਕਿਸੇ ਮਾਇਆ ਵਿਚ ਗ੍ਰਸੇ ਹੋਏ ਨੂੰ ਬਾਹਰ ਕੱਢਦੇ। ਕਿਸੇ ਨੂੰ ਜੀਅ ਦਾਨ, ਕਿਸੇ ਨੂੰ ਅਨੰਤ ਸ਼ਾਂਤੀ ਬਖ਼ਸ਼ਦੇ। ਝਿਪਤੇ ਮਨੋਰਥ ਪਾਏ। ਜਦ ਬਚਨ ਉਚਾਰਦੇ ਤਾਂ ਇੰਝ ਹੁੰਦਾ ਜਿਵੇਂ ਸਾਗਰ ਛੱਲ ਮਾਰ ਕੇ ਰਤਨ ਬਾਹਰ ਸੁੱਟ ਰਿਹਾ ਹੈ। ਪ੍ਰੇਮ ਨਾਲ ਸਭ ਮੁਖੋਂ ਧੰਨ ਧੰਨ ਕਹਿੰਦੇ, ਪਰਉਪਕਾਰ ਦੁਹਰਾ ਕੇ ਸੰਗਤਾਂ ਆਪਣਾ ਰੋਮ ਰੋਮ ਖਿੜਿਆ ਅਨੁਭਵ ਕਰਦੀਆਂ। ਸਿਮਰਨ ਦੀ ਲਿਵ ਸਭ ਦੀ ਲੱਗ ਜਾਂਦੀ। ਸੰਗਤ ਸਮੇਤ ਗੁਰੂ ਜੀ ਸੇਵਾ ਕਰਦੇ।

ਫਿਰ ਕਿਰਤ ਕਰਦੇ। ਗੁਜ਼ਾਰੇ ਹਿਤ ਵਟਕ ਕਰਦੇ, ਫਿਰ ਉਥੇ ਪੁਜਦੇ ਜਿਥੇ ਲੰਗਰ ਤਿਆਰ ਹੋ ਰਿਹਾ ਹੁੰਦਾ। ਆਪਣੀ ਹੀ ਨਿਗਰਾਨੀ ਵਿਚ ਲੰਗਰ ਤਿਆਰ ਕਰਾਂਦੇ ਅਤੇ ਤਿਆਰ ਹੋ ਜਾਣ ਉਪਰੰਤ ਸਭ ਸੰਗਤ ਨੂੰ ਨਾਲ ਲੈ ਲੰਗਰ ਛੱਕਣ ਲਈ ਪੰਗਤ ਵਿਚ ਬੈਠਦੇ। ਕੋਈ ਵਰਣ ਆਸ਼ਰਮ ਭੇਦ ਨਹੀਂ ਸੀ! ਗੁਰ ਭਾਈ ਹੰਸਾਂ ਦੀ ਡਾਰ ਵਾਂਗ ਸਨ। ਕੋਈ ਉਚ ਨੀਚ ਦਾ ਵਿਤਕਰਾ ਨਹੀਂ ਸੀ।

ਸਿਖ ਸੰਗਤਿ ਸਭੁ ਸੰਗਿ ਲੈ ਚੌਕ ਮਹਿ ਆਵੈ॥

SikhBookClub.com

ਆਸ਼ਰਮ ਬਰਨ ਬੀਚਾਰ ਨਹਿ ਇਕ ਪੰਗਤਿ ਬਸੈ॥

(ਸੂਰਜ ਪ੍ਰਕਾਸ਼ ਗ੍ਰੰਥਾਵਲੀ, ਜਿਲਦ ੫, ਪੰਨਾ ੧੪੪੦)

ਆਪੁ ਤਾਂ ਅਲੂਣਾ ਓਗਰਾ, ਜੋ ਭੁੱਜਿਆ ਹੋਇਆ ਬਾਜਰਾ ਜਾਂ ਭੁੱਜੀ ਕਣਕ ਹੋਈ ਜਾਂ ਉਬਾਲੀ ਹੋਈ ਜਾਂ ਗਾੜ੍ਹੀ ਚਾਵਲਾਂ ਦੀ ਪਿੱਛ ਵਾਂਗ ਹੁੰਦਾ ਸੀ, ਖਾਂਦੇ। ਉਹ ਵੀ ਥੋੜ੍ਹਾ ਜਿਹਾ ਜੀਵਨ ਨਿਰਭਾਹ ਮਾਤਰ। 'ਅਲਪ ਅਚਹਿ, ਰਹਿ ਛੁਦਾ ਜੁਤ, ਨਹਿ ਉਦਰ ਭਰਾਵੈ। ਸੰਗਤਿ ਲਈ ਛੱਤੀ ਪ੍ਰਕਾਰ ਦਾ ਭੋਜਨ ਪ੍ਰੇਮ ਨਾਲ ਤਿਆਰ ਕਰਾਂਦੇ।

ਓਗਰਾ ਅਲੂਣਾ ਸਤਿਗੁਰ ਪਾਵੈ, ਸਭ ਰਸ ਸੰਗਤ ਕੋ ਭੋਗਾਵੈ॥

ਪ੍ਰਸ਼ਾਦ ਪਾ ਕੇ ਚੁਬਾਰੇ ਆ ਬਿਰਾਜਦੇ। ਕੁਝ ਚਿਰ ਆਰਾਮ ਕਰਦੇ। ਉਸ ਉਪਰੰਤ ਬਾਹਰੋਂ ਆਈਆਂ ਸੰਗਤਾਂ ਨੂੰ ਦੀਦਾਰ ਦੇਂਦੇ। ਫਿਰ ਇਹ ਸਮਾਂ ਉਨ੍ਹਾਂ ਲਈ ਨੀਯਤ ਕਰ ਦਿੱਤਾ ਜੋ ਬਰਨ ਭਰਮ ਛੱਡ ਕੇ ਇਕੋ ਪੰਗਤ ਵਿਚ ਪ੍ਰਸ਼ਾਦ ਪਾਉਂਦੇ ਸਨ। ਇਹ ਹੁਕਮ ਦੇ ਦਿੱਤਾ ਸੀ ਜਿਸ ਨੇ ਲੰਗਰ ਨਹੀਂ ਛਕਿਆ ਉਸ ਨੂੰ ਗੁਰੂ ਜੀ ਨਿੱਜ ਦਰਸ਼ਨ ਨਹੀਂ ਦੇਣਗੇ।

ਜੋ ਬਚਨ ਬਿਭੇਦ ਪ੍ਰਸ਼ਾਦ ਨ ਖਾਇ॥
ਸਤਿਗੁਰ ਕੇ ਦਰਸ਼ਨ ਨਹੀਂ ਪਾਇ॥੧੫॥

ਕਿਤਨੀ ਕਰੜਾਈ ਸੀ, ਉਸ ਦਾ ਉਚੇਰਾ ਵਰਨਣ 'ਮਹਿਮਾ ਪ੍ਰਕਾਸ਼' ਨੇ ਕੀਤਾ ਹੈ:

ਜੋ ਖਾਇ ਪ੍ਰਸ਼ਾਦ, ਦਰਸ਼ਨ ਕਰੇ, ਧਰੀ, ਪ੍ਰਤਿਗਿਆ ਦਿਆਲ॥
ਬਿਨ ਪ੍ਰਸ਼ਾਦਿ ਪਾਇ ਦਰਸ ਹੋਇ ਨ, ਕਿਤਹੁ ਕਾਲ॥੧੬॥
ਆਸ਼੍ਰਮਧਾਰੀ ਹੋਇ ਕੋ ਆਵਹਿ ਦਰਬਾਰਾ॥
ਪ੍ਰਥਮ ਦੇਵ ਮਹਿ ਜਾਇਕੈ ਭੋਜਨ ਕੋ ਪਾਵੈ॥
ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰ ਢਿਗ ਆਵੈ॥

ਇਸ ਤਰ੍ਹਾਂ ਤਿੰਨ ਪਹਿਰ ਦਿਨ ਗੁਜ਼ਰ ਜਾਂਦਾ। ਸ਼ਾਮ ਨੂੰ ਕਥਾ ਹੁੰਦੀ। ਵਿਦਵਾਨ ਕਥਾ ਕਰਦੇ ਅਤੇ ਗੁਰ-ਸਾਖੀਆਂ ਸੁਣਾਉਂਦੇ। ਮਿਥਾਸ ਵੀ ਦੁਹਰਾਇਆ ਜਾਂਦਾ ਅਤੇ ਭਾਵ ਦੀ ਗੱਲ ਸਿੱਖਾਂ ਨੂੰ ਸਮਝਾਈ ਜਾਂਦੀ। ਆਪ ਜੀ ਵੀ ਸੁਣਦੇ ਤੇ ਲੋੜ ਸਮੇਂ ਬਚਨ ਉਚਾਰ ਘੁੰਡੀ ਖੋਲ੍ਹ ਦਿੰਦੇ।

ਆਵਹਿ ਚੌਥੇ ਜਾਮ ਦਿਨ ਇਤਿਹਾਸ ਪ੍ਰਕਾਸ਼ੈ॥
ਸੁਨਹਿ ਸਤਿਗੁਰ ਬੈਠ ਕਰ ਸੰਗਤਿ ਇਕ ਪਾਸੇ॥੧੭॥

ਫਿਰ ਕੀਰਤਨ ਹੁੰਦਾ ਤੇ ਸੋਦਰ ਦਾ ਪਾਠ ਹੁੰਦਾ। ਰਾਤ ਦਾ ਪ੍ਰਸ਼ਾਦ ਪਾ ਕੇ ਕਦੇ ਬੈਠ ਚਰਚਾ ਹੁੰਦੀ, ਕਦੇ ਬਿਆਸਾ ਦੇ ਕਿਨਾਰੇ ਚਲੇ ਜਾਂਦੇ ਤੇ ਕਦੇ ਟੁਰਦਿਆਂ ਹੀ ਵਿਚਾਰ ਦੇ ਜਾਂਦੇ। ਆਪ ਜੀ ਰਾਤ ਦਾ ਪ੍ਰਸ਼ਾਦ ਨਾ ਪਾਂਦੇ।

ਇਹ ਹੁਕਮ ਵੀ ਦੇ ਦਿੱਤਾ ਸੀ ਕਿ ਲੰਗਰ ਦੀ ਕੋਈ ਵਸਤ, ਰਸਦ ਨਹੀਂ ਰੱਖਣ ਜੋ ਬਚ ਜਾਂਦਾ ਉਹ ਪਸ਼ੂਆਂ ਨੂੰ ਖਵਾਲ ਦੇਂਦੇ ਤੇ ਫਿਰ ਜੋ ਵੀ ਰਹਿ ਜਾਏ ਬਿਆਸਾ ਵਿਚ ਮੱਛੀਆਂ ਆਦਿ ਲਈ ਪਾ ਦੇਂਦੇ। ਘੜਿਆਂ ਵਿਚ ਪਾਣੀ ਤਕ ਵੀ ਨਾ ਰੱਖਦੇ। ਕਿਸੇ ਦੀ ਝਾਕ ਲੰਗਰ ਜਾਂ ਗੋਲਕ ਵਿਚ ਨਾ ਰਵ੍ਹੇ।

ਅਗਲੇ ਦਿਨ ਹਿਤ ਨਹਿ ਰਹਹਿ, ਇਕ ਮਨਜੁ ਅਹਾਰ॥

SikhBookClub.com

ਅਪਰਵਸਤ ਗਿਣਤੀ ਕਹਾਂ, ਜਲ ਕਲਸਨਿ ਮਾਹੀ॥

(ਰਾਸ ਪਹਿਲੀ, ਅੰਸ ੩੦, ਸੂਰਜ ਪ੍ਰਕਾਸ਼)

'ਮਹਿਮਾ ਪ੍ਰਕਾਸ਼' ਦੇ ਸ਼ਬਦਾਂ ਵਿਚ:

ਕਲਸੋ ਮੈ ਜਲ ਨ ਰਹੈ, ਅਨ ਧਨ ਗ੍ਰਿਹ ਨ ਰਹਾਇ॥
ਨਿਰਬਾਨ ਜੁਗਤ ਨਿਰਲੰਭ ਗਤ, ਸਤਿਗੁਰ ਕੋ ਸੁਹਾਇ॥

ਪੁੱਛਣ 'ਤੇ ਕਿਹਾ ਕਰਦੇ ਕਦੇ ਕਿਸੇ ਪੰਛੀ ਨੇ ਵੀ ਕੱਲ ਲਈ ਜੋੜ ਰੱਖਿਆ ਹੈ। ਕਦੇ ਕਿਸੇ ਦਰਵੇਸ਼ ਨੇ ਵੀ ਪੂੰਜੀ ਜਮ੍ਹਾਂ ਕੀਤੀ ਹੈ।

ਜਿਮ ਬਿਹੰਗ ਦਰਵੇਸ ਹਵੈ ਸੰਚੈ ਨ ਕਰਹੈ॥

ਇਸ ਕਰਨੀ ਦਾ ਹੀ ਸਦਕਾ ਸੀ ਕਿ ਅੰਮ੍ਰਿਤ ਵੇਲੇ ਹੀ ਸੰਗਤਾਂ ਹੁਮ ਹੁਮਾ ਕੇ ਪੁੱਜਦੀਆਂ। ਭੇਟਾਵਾਂ ਉਹ ਨਾਲ ਲਿਆਉਂਦੀਆਂ। ਲੰਗਰ ਲਈ ਕਿਧਰੋਂ ਅੰਨ ਦੇ ਗੱਡੇ, ਕਿਧਰੋਂ ਤਾਜ਼ਾ ਘਿਉ, ਕਿਧਰੋਂ ਫਲ ਤੇ ਸਬਜ਼ੀਆਂ ਰੋਜ਼ ਦੀ ਰੋਜ਼ ਆਪੇ ਹੀ ਭੰਡਾਰ ਲੱਗ ਜਾਂਦੇ। ਕਿਸੇ ਨੂੰ ਨਾਂਹ ਝੱਖੜ ਦੀ ਪ੍ਰਵਾਹ ਸੀ ਅਤੇ ਨਾਂਹ ਤੂਫਾਨ ਦੀ। ਸਿੱਖੀ ਪਨਪ ਰਹੀ ਸੀ। ਜੋ ਵੀ ਕੋਈ ਗੋਇੰਦਵਾਲ ਤੋਂ ਮੁੜਦਾ ਉਸ ਦੇ ਚਿਹਰੇ 'ਤੇ ਨੂਰਾਨੀ ਝਲਕ ਡਲ੍ਹਕਾ ਮਾਰਦੀ।

(5/1983)

SikhBookClub.com

ਸੇਵਾ ਤੇ ਨਿਮਰਤਾ ਦੇ ਪੁੰਜ:
ਸ੍ਰੀ ਗੁਰੂ ਅਮਰਦਾਸ ਜੀ

(ਗੁਰੂ) ਅਮਰਦਾਸ ਜੀ ਦੀ ਕਠਿਨ ਘਾਲ-ਕਮਾਈ, ਸੇਵਾ ਤੇ ਸਿਦਕ ਨੂੰ ਵੇਖ ਕੇ, ਸ੍ਰੀ ਗੁਰੂ ਅੰਗਦ ਸਾਹਿਬ ਨੇ ਗੁਰਿਆਈ ਦੀ ਬਖ਼ਸ਼ਿਸ਼ ਜਦੋਂ ਉਨ੍ਹਾਂ ਦੀ ਝੋਲੀ ਪਾਈ ਤਾਂ ਦਾਤੂ ਜੀ ਤੇ ਦਾਸੂ ਜੀ ਹੈਰਾਨ ਰਹਿ ਗਏ। ਉਹਨਾਂ ਦਾ ਵਿਚਾਰ ਸੀ ਕਿ ਗੁਰੂ-ਪਿਤਾ ਦੇ ਪੁੱਤਰ ਹੋਣ ਦੇ ਨਾਤੇ ਇਹ ਸਾਡਾ ਅਧਿਕਾਰ ਸੀ, ਜੋ (ਗੁਰੂ) ਅਮਰਦਾਸ ਜੀ ਨੇ ਸਾਥੋਂ ਖੋਹ ਲਿਆ ਹੈ। ਪਰ ਸ੍ਰੀ ਗੁਰੂ ਨਾਨਕ ਦਾ ਘਰ ਕੇਵਲ ਉਸ ਨੂੰ ਹੀ ਠਾਹਰ ਦੇਂਦਾ ਹੈ ਜੋ ਨਿਮਾਣਾ ਹੋ ਕੇ ਉਸ ਘਰ ਦੇ ਦਰ 'ਤੇ ਢਹਿ ਪੈਂਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਪ੍ਰਾਪਤ ਕਰਕੇ ਹਉਮੈ ਤੇ ਹੰਕਾਰ ਵਿਚ ਨਾ ਆ ਕੇ, ਨਿਮਰਤਾ ਸਹਿਤ ਬਿਆਸ ਦੇ ਕੰਢੇ, ਕੱਖਾਂ ਦੀ ਕੁੱਲੀ ਵਿਚ ਪਰਾਲੀ ਉੱਤੇ ਜਾ ਡੇਰਾ ਲਾਇਆ। ਭਾਈ ਵੀਰ ਸਿੰਘ ਜੀ ਨੇ ਇਸ ਨਜ਼ਾਰੇ ਨੂੰ ਬੜੀ ਖੂਬਸੂਰਤੀ ਨਾਲ ਬਿਆਨ ਕਰਦਿਆਂ ਲਿਖਿਆ ਹੈ:

> "ਇਸ ਪਰਾਲੀ ਉੱਤੇ ਬੈਠਾ ਹੈ ਨਈ-ਭੂਈ ਦਾ ਸਾਈ ਖਿਆਲ ਮੰਡਲ ਦਾ ਮਾਲਕ ਹੈ, ਇਸ ਤੋਂ ਉੱਪਰ ਸੰਕਲਪ-ਵਿਕਲਪ ਦਾ ਮਾਲਕ, ਪੈਗੰਬਰਾਂ-ਅਵਤਾਰਾਂ ਨੂੰ ਰਸਤਾ ਦੱਸਣ ਵਾਲਾ ਮਾਲਕ, ਖਲਕ ਦਾ ਆਪਣਾ ਖਾਲਕ, ਆਤਮ ਸ੍ਰਿਸ਼ਟੀ ਦਾ ਮਾਲਕ।"
>
> *(ਅਸ਼ਟ ਗੁਰ ਚਮਤਕਾਰ, ਪੰਨਾ ੧੪੦)*

ਸ੍ਰੀ ਗੁਰੂ ਅਮਰਦਾਸ ਜੀ ਹਾੜ-ਸਿਆਲ ਪਹਿਰ ਰਾਤ ਰਹਿੰਦੀ ਅੰਮ੍ਰਿਤ ਵੇਲੇ ਜਾਗਦੇ, ਇਸ਼ਨਾਨ ਕਰਦੇ, ਸਵੱਛ ਬਸਤਰ ਪਹਿਨ ਕੇ ਸਮਾਧੀ ਵਿਚ ਲਿਵ-ਲੀਨ ਹੋ ਜਾਂਦੇ। ਪ੍ਰਭਾਤ ਵੇਲੇ ਸਤਾ ਤੇ ਬਲਵੰਡ ਰਬਾਬੀ ਆ ਕੇ ਕੀਰਤਨ ਕਰਦੇ, ਕੀਰਤਨ ਸਮਾਪਤੀ ਪਿੱਛੋਂ ਗੁਰੂ ਸਾਹਿਬ ਉਪਦੇਸ਼ ਕਰਦੇ। ਇਸ ਤਰ੍ਹਾਂ ਸਵਾ ਪਹਿਰ ਦਿਨ ਚੜ੍ਹੇ ਤੱਕ ਉਹ ਜਗਿਆਸੂਆਂ ਦਾ ਕਲਿਆਣ ਕਰਦੇ ਅਤੇ ਫੇਰ ਦੁਪਹਿਰ ਵੇਲੇ ਸੰਗਤ ਨਾਲ ਮਿਲ ਕੇ ਪ੍ਰਸ਼ਾਦਾ ਛੱਕਦੇ। ਜਿਥੇ ਲੰਗਰ ਵਿਚ ਤਰ੍ਹਾਂ-ਤਰ੍ਹਾਂ ਦੇ ਭੋਜਨ ਤਿਆਰ ਹੁੰਦੇ, ਉਥੇ ਗੁਰੂ ਜੀ ਅਲੂਣਾ-ਓਗਰਾ ਛੱਕਦੇ। ਇਸ ਦੀ ਗਵਾਹੀ ਮਹਾਂ-ਕਵੀ ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਵਿਚ ਦੇਂਦੇ, ਲਿਖਦੇ ਹਨ:

ਲਵਨ ਬਿਨਾ ਹੁਇ ਓਗਰਾ ਸਤਿਗੁਰ ਸੋ ਖਾਵੈ।
ਅਲਪ ਅਚਹਿਂ, ਰਹਿਂ ਛੁਧਾ ਜੁਤ, ਨਹਿਂ ਉਦਰ ਭਰਾਵੈਂ॥੧੫॥

(ਪੰਨਾ ੧੪੪੦)

SikhBookClub.com

ਲੰਗਰ ਵਿਚ ਸਭ ਵਰਣਾਂ ਦੇ ਲੋਕ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ। ਉਥੇ ਰਾਣਾ-ਰੰਗ ਬਰਾਬਰ ਸਨ। ਉਚ-ਨੀਚ ਦਾ ਕੋਈ ਵਿਤਕਰਾ ਨਹੀਂ ਸੀ। ਸਮਾਜਕ ਬਰਾਬਰੀ ਦੀ ਇਹ ਇਕ ਅਤਿ ਉਤਮ ਮਿਸਾਲ ਸੀ।

ਲੋਢੇ ਪਹਿਰ ਕਥਾ ਹੁੰਦੀ, ਸ਼ਾਮ ਦੇ ਕੀਰਤਨ ਤੋਂ ਪਿਛੋਂ ਪਹਿਰ ਕੁ ਰਾਤ ਗਈ ਗੁਰੂ ਸਾਹਿਬ ਆਰਾਮ ਕਰਦੇ।

ਸ੍ਰੀ ਗੁਰੂ ਅਮਰਦਾਸ ਜੀ ਅਖੌਤੀ ਵਰਣ-ਆਸ਼ਰਮ ਦੇ ਹਾਮੀ ਨਹੀਂ ਸਨ। ਉਨ੍ਹਾਂ ਦਾ ਕਥਨ ਹੈ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥

(ਪੰਨਾ ੧੧੨੨-੨੮)

ਸ੍ਰੀ ਗੁਰੂ ਅਮਰਦਾਸ ਜੀ ਦੀ ਸਹਿਣਸ਼ੀਲਤਾ ਵੀ ਕਮਾਲ ਦੀ ਸੀ। ਗੋਇੰਦਵਾਲ ਵਿਚ ਜਦੋਂ ਸ਼ੇਖਾਂ ਦੇ ਮੁੰਡਿਆਂ ਨੇ ਗੁਲੇਲਾਂ ਮਾਰ ਕੇ ਸਿੱਖਾਂ ਦੇ ਪਾਣੀ ਭਰਨ ਵਾਲੇ ਘੜੇ ਤੋੜ ਦਿੱਤੇ ਤਾਂ ਗੁਰੂ ਸਾਹਿਬ ਨੇ ਮਸ਼ਕਾਂ ਵਰਤੋਂ ਵਿਚ ਲਿਆਉਣ ਦੀ ਆਗਿਆ ਕੀਤੀ। ਜਦ ਮਸ਼ਕਾਂ ਵੀ ਤੀਰਾਂ ਨਾਲ ਵਿੰਨ੍ਹੀਆਂ ਜਾਣ ਲੱਗੀਆਂ ਤਾਂ ਗੁਰੂ ਸਾਹਿਬ ਨੇ ਗਾਗਰਾਂ ਵਰਤੋਂ ਵਿਚ ਲਿਆਉਣ ਲਈ ਕਿਹਾ। ਜਦੋਂ ਉਨ੍ਹਾਂ ਮੁੰਡਿਆਂ ਨੇ ਵੱਟੇ ਮਾਰ ਕੇ ਗਾਗਰਾਂ ਵੀ ਚਿੱਬੀਆਂ ਕਰ ਦਿੱਤੀਆਂ ਤਾਂ ਵੀ ਗੁਰੂ ਸਾਹਿਬ ਨੇ ਖਿਮਾਂ ਦੀ ਖੜਗ ਹੱਥੋਂ ਨਹੀਂ ਛੱਡੀ। ਉਨ੍ਹਾਂ ਫ਼ੁਰਮਾਇਆ 'ਖਿਮਾ ਐਸੀ ਖੜਕ ਹੈ ਜੋ ਮਾਰਨਾ ਨਹੀਂ, ਸਗੋਂ ਸਹਿਣਾ ਸਿਖਾਉਂਦੀ ਹੈ।'

ਸਿੱਖਾਂ ਦੇ ਪੁੱਛਣ 'ਤੇ ਕਿ ਹਉਮੈ ਤੋਂ ਛੁਟਕਾਰਾ ਕਿਵੇਂ ਹੋ ਸਕਦਾ ਹੈ, ਗੁਰੂ ਸਾਹਿਬ ਨੇ ਫ਼ੁਰਮਾਇਆ:

> ਕੇਵਲ ਕਹਿਣ ਵਿਚ ਨਹੀਂ ਸਗੋਂ ਨਿਮਰਤਾ ਅਮਲ ਵਿਚ ਲਿਆਉ। ਕਠੋਰ ਬਚਨ ਨਾ ਬੋਲੋ। ਜੇ ਕਠੋਰ ਬਚਨ ਸੁਣੋ ਤਾਂ ਵੀ ਸਹਿਣਸ਼ੀਲਤਾ ਰੱਖੋ। ਸਰਬੱਤ ਦਾ ਭਲਾ ਚਿਤਵੋ, ਕਿਸੇ ਦਾ ਬੁਰਾ ਨਾ ਕਰੋ। ਆਪਣੇ ਮਨ ਵਿਚੋਂ ਈਰਖਾ ਹਟਾਉ। ਸਭ ਦਾ ਭਲਾ ਚਿਤਵੀਏ ਤਾਂ ਵਿਤਕਰਾ ਘਟਦਾ ਹੈ। ਵਿਤਕਰਾ ਘਟੇਗਾ ਤਾਂ ਅੰਦਰੋਂ ਹਉਮੈ ਘਟੇਗੀ, ਖ਼ੁਦਗਰਜ਼ੀ ਘਟੇਗੀ। ਖ਼ੁਦਗਰਜ਼ੀ ਹਉਮੈ ਦਾ ਹੀ ਸਰੂਪ ਹੈ, ਜੋ ਵਰਤੋਂ ਵਿਚ ਪ੍ਰਗਟ ਹੁੰਦੀ ਹੈ।'
>
> *(ਅਸ਼ਟ ਗੁਰ ਚਮਤਕਾਰ, ਪੰਨਾ ੧੬੩)*

ਸੁਲਤਾਨਪੁਰ ਦਾ ਇਕ ਭਾਟ ਭਿਖਾ ਗੋਇੰਦਵਾਲ ਆਇਆ। ਲੰਗਰ ਵਿਚੋਂ ਪ੍ਰਸ਼ਾਦ ਛਕਿਆ, ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਨੂੰ ਮਨ ਦੇ ਸ਼ੰਕੇ ਦੱਸੇ, ਗੁਰੂ ਜੀ ਦੇ ਉੱਤਰ ਸੁਣ ਦੇ ਪ੍ਰਭਾਵਿਤ ਹੋਇਆ। ਕੁਝ ਚਿਰ ਗੁਰੂ ਜੀ ਪਾਸ ਟਿਕਿਆ, ਫੇਰ ਵਾਪਸ ਆਪਣੇ ਘਰ ਚਲਾ ਗਿਆ। ਉਸ ਨੂੰ ਜੋ ਨਿੱਜੀ ਤਜਰਬਾ ਹੋਇਆ, ਉਸ ਦਾ ਵਰਣਨ ਉਸ ਨੇ ਦੋ ਸਵੱਯਾਂ ਵਿਚ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਦੂਸਰੇ ਸਵੱਯੇ ਵਿਚ ਉਸਨੂੰ ਗੁਰੂ ਤੋਂ ਜੋ ਪ੍ਰਾਪਤ ਹੋਇਆ, ਉਸ ਦਾ ਵਰਣਨ ਕੀਤਾ ਹੈ:

SikhBookClub.com

ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥

(ਪੰਨਾ ੧੩੯੫)

ਦਰਿਆ ਬਿਆਸ ਦਾ ਪਾਣੀ ਪੀਣ ਯੋਗ ਨਾ ਰਹਿਣ ਕਰਕੇ ਗੁਰੂ ਸਾਹਿਬ ਨੇ ਗੋਇੰਦਵਾਲ ਵਿਚ ਇਕ ਬਾਉਲੀ ਬਣਵਾਈ। ਉਸ ਦੇ ਇਕ ਪਾਸੇ ਖੂਹ ਵਾਂਗ ਹਲਟ ਚਲਦਾ ਸੀ, ਦੂਜੇ ਪਾਸੇ ਪੌੜੀਆਂ ਬਣੀਆਂ ਹੋਈਆਂ ਸਨ, ਜੋ ਹੇਠਾਂ ਬਾਉਲੀ ਦੇ ਜਲ ਤੱਕ ਜਾਂਦੀਆਂ ਸਨ।

ਸਾਂਝੇ ਲੰਗਰ ਤੇ ਸਾਂਝੀ ਬਾਉਲੀ ਕਈ ਉੱਚ-ਜਾਤੀਆਂ ਨੂੰ ਚੰਗੇ ਨਾ ਲੱਗੇ। ਉਨ੍ਹਾਂ ਅਕਬਰ ਬਾਦਸ਼ਾਹ ਪਾਸ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਹਿੰਦੂ ਰਸਮਾਂ ਨੂੰ ਨਾ ਆਪ ਮੰਨਦੇ ਹਨ ਅਤੇ ਨਾ ਲੋਕਾਂ ਨੂੰ ਮੰਨਣ ਦੇਂਦੇ ਹਨ। ਇਨ੍ਹਾਂ ਦੋਹਾਂ ਸ਼ਿਕਾਇਤਾਂ ਦਾ ਉੱਤਰ ਦੇਣ ਲਈ ਗੁਰੂ ਸਾਹਿਬ ਨੇ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਲਾਹੌਰ ਭੇਜਿਆ। ਅਕਬਰ ਉਨ੍ਹਾਂ ਦਿਨਾਂ ਵਿਚ ਲਾਹੌਰ ਆਇਆ ਸੀ। ਜਦੋਂ ਅਕਬਰ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਦਾ ਮੱਤ ਸਰਬ-ਸਾਂਝਾ ਤੇ ਇਕ ਰੱਬ ਦੀ ਪੂਜਾ ਕਰਨਾ ਹੈ ਤਾਂ ਉਹ ਬਹੁਤ ਪ੍ਰਭਾਵਿਤ ਹੋਇਆ।

ਸ੍ਰੀ ਗੁਰੂ ਅਮਰਦਾਸ ਜੀ ਨੇ 'ਅਨੰਦ' ਨਾਂ ਦੀ ਇਕ ਬਾਣੀ ਰਚੀ। ਇਸ ਬਾਣੀ ਵਿਚ ਉਨ੍ਹਾਂ ਨੇ ਵਾਹਿਗੁਰੂ ਤੇ ਗੁਰੂ ਦੀਆਂ ਪ੍ਰਾਪਤੀਆਂ ਦੀਆਂ ਖ਼ੁਸ਼ੀਆਂ ਲਿਖੀਆਂ ਹਨ। ਇਸੇ ਬਾਣੀ ਵਿਚ ਅਮਰ-ਅਨੰਦ ਬਾਰੇ ਵਿਸਥਾਰ-ਪੂਰਵਕ ਵਿਚਾਰ ਕੀਤਾ ਗਿਆ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖਾਂ ਵਿਚ ਹਰ ਖੁਸ਼ੀ-ਗਮੀ ਦੇ ਮੌਕੇ 'ਤੇ ਇਸ ਬਾਣੀ ਦੇ ਪਾਠ ਕਰਨ ਦਾ ਰਿਵਾਜ ਹੈ। ਜਦੋਂ ਸਤਿਗੁਰੂ ਦੀ ਪ੍ਰਾਪਤੀ ਹੋਈ ਤਾਂ ਸਹਿਜ-ਅਵਸਥਾ ਦੇ ਰੰਗ ਵਿਚ ਮਨ 'ਚ ਵਧਾਈਆਂ ਵੱਜੀਆਂ। ਅਨੰਦ ਦੀ ਅਵਸਥਾ ਉਨ੍ਹਾਂ ਵਡਭਾਗੀਆਂ ਨੂੰ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦੇ ਸ਼ੁਭ ਕਰਮਾਂ ਕਰਕੇ ਸਭ ਮਨੋਰਥ ਪੂਰੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਪਾਰਬ੍ਰਹਮ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਇਹ ਹੈ ਅਨੰਦ ਬਾਣੀ ਦਾ ਸਾਰ ਅਥਵਾ ਨਿਚੋੜ।

'ਤਵਾਰੀਖ਼ ਗੁਰੂ ਖ਼ਾਲਸਾ' ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਬਾਬਾ ਬੁੱਢਾ ਜੀ ਤੇ ਕੁਝ ਹੋਰ ਪ੍ਰਮੁਖ ਸਿੱਖਾਂ ਨੂੰ ਭਾਈ ਜੇਠਾ ਜੀ ਨਾਲ ਤੋਰ ਕੇ ਹੁਕਮ ਕੀਤਾ ਕਿ ਪਿੰਡ ਤੁੰਗ, ਗਿਲਵਾਲੀ ਤੇ ਸੁਲਤਾਨਵਿੰਡ ਦੀ ਜੂਹ ਵਿਚ ਜਾ ਕੇ ਇਕ ਨਵਾਂ ਨਗਰ ਆਬਾਦ ਕਰੋ। ਇਸ ਨਗਰ ਦਾ ਨਾਂ 'ਗੁਰੂ ਕਾ ਚੱਕ' ਪ੍ਰਸਿੱਧ ਹੋਇਆ। ਕੁਝ ਮਕਾਨ ਉਸਰ ਜਾਣ ਪਿਛੋਂ ਇਥੇ ਸੰਤੋਖਸਰ ਨਾਂ ਦਾ ਸਰੋਵਰ ਤਿਆਰ ਕੀਤਾ ਗਿਆ। ਉਸ ਉਪਰੰਤ 'ਅੰਮ੍ਰਿਤਸਰ' ਸਰੋਵਰ ਤਿਆਰ ਹੋਇਆ। ਇਸੇ ਸਰੋਵਰ ਵਿਚਕਾਰ ਪਿਛੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਸੀ।

ਇਕ ਦਿਨ ਉਨ੍ਹਾਂ ਨੇ ਆਪਣੇ ਪਰਿਵਾਰ ਦੇ ਮੁਖੀ ਸਿੱਖਾਂ ਨੂੰ ਕੋਲ ਸੱਦ ਕੇ ਕਿਹਾ, "ਸਾਨੂੰ ਧੁਰੋਂ ਸੱਦਾ ਆ ਗਿਆ ਹੈ ਤੇ ਹੁਣ ਮੈਂ ਸਰੀਰ ਤਿਆਗ ਕੇ ਆਪਣੇ ਪ੍ਰਭੂ ਦੇ ਚਰਨਾਂ ਵਿਚ ਜਾ

SikhBookClub.com

ਨਿਵਾਸ ਕਰਨਾ ਹੈ।" ਉਸ ਵੇਲੇ ਦੇ ਗੁਰੂ ਸਾਹਿਬ ਦੇ ਕਹੇ ਵਾਕ ਬਾਬਾ ਸੁੰਦਰ ਜੀ ਵਲੋਂ ਉਚਾਰੀ 'ਸਦੁ' ਬਾਣੀ ਵਿਚ ਇਸ ਤਰ੍ਹਾਂ ਦਰਜ ਹਨ:

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥
ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥

(ਪੰਨਾ ੯੨੩)

ਆਪ ਜੀ ਨੇ ਆਗਿਆ ਕੀਤੀ ਕਿ ਗੁਰਗੱਦੀ 'ਤੇ ਹੁਣ ਜੇਠਾ ਜੀ ਭਾਵ ਸ੍ਰੀ ਗੁਰੂ ਰਾਮਦਾਸ ਜੀ ਬਿਰਾਜਮਾਨ ਹੋਣਗੇ। ਆਪ ਨੇ ਅੰਤਮ ਸਿੱਖਿਆ ਇਹ ਦਿੱਤੀ:

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

(ਪੰਨਾ ੯੨੩)

ਇਸ ਤਰ੍ਹਾਂ ਨਾਲ ਉਮਰੋਂ ਬਿਰਧ ਪਰ ਜੁਆਨ ਵਿਚਾਰਾਂ ਵਾਲੇ ਸਤਿਗੁਰੂ ਸਾਡੇ ਲਈ ਜੀਵਨ ਸਫਲਤਾ ਨਾਲ ਗੁਜ਼ਾਰਨ ਵਾਸਤੇ ਪੂਰਨੇ ਪਾ ਕੇ ਸਰੀਰਕ ਤੌਰ 'ਤੇ ਇਸ ਸੰਸਾਰ ਨੂੰ ਛੱਡ ਕੇ ਅਕਾਲੀ-ਜੋਤਿ ਵਿਚ ਲੀਨ ਹੋ ਗਏ ਅਤੇ ਗੁਰੂ-ਜੋਤਿ ਦੀ ਬਖ਼ਸ਼ਿਸ਼ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਗਏ।

(9/1995)

SikhBookClub.com

ਸੰਨ੍ਹ ਬ੍ਰਿਤਾਂਤ

(ਗੁਰੂ) ਅਮਰਦਾਸ ਜੀ ਨੇ ਸਤਿਗੁਰੂ ਅੰਗਦ ਦੇਵ ਜੀ ਦੀ ਸੇਵਾ ਸਿਮਰਨ ਕਰ ਕੇ ਤੇ ਉਹਨਾਂ ਨੂੰ ਇਸ਼ਨਾਨ ਕਰਾ-ਕਰਾ ਕੇ ਗੁਰੂ ਬਖ਼ਸ਼ਿਸ਼ ਸਦਕਾ ਗੁਰਗੱਦੀ ਪ੍ਰਾਪਤ ਕਰ ਲਈ। ਇਹ ਵੀ ਵਚਿਤ੍ਰ ਕਥਾ ਹੈ। (ਗੁਰੂ) ਅਮਰਦਾਸ ਜੀ ਨੇ 60 ਸਾਲ ਦੀ ਬਿਰਧ ਉਮਰ ਵਿਚ ਇਹ ਸੇਵਾ ਸ਼ੁਰੂ ਕੀਤੀ। ਰੋਜ਼ ਬਿਆਸਾ ਨਦੀ ਤੋਂ ਖਡੂਰ ਸਾਹਿਬ ਜਲ ਦੀ ਗਾਗਰ ਲਿਆਉਂਦੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਂਦੇ। ਪਿਛਲੇ ਪੈਰੀਂ ਮੁੜ ਕੇ ਗੋਇੰਦਵਾਲ ਜਾਂਦੇ ਖਡੂਰ ਵਲ ਪਿੱਠ ਨਾ ਕਰਦੇ।

ਜਾਮ ਜਾਮਨੀ ਜਾਗਹਿਂ, ਆਨਹਿਂ ਜਲ ਕੋ ਕੁਲਸ, ਕਰਾਇਂ ਸਨਾਨ।
ਚਰਨ ਪਖਾਰਹਿਂ, ਬਸਤ੍ਰ ਪਖਾਰਹਿਂ, ਪੁਨ ਪਰਮੇਸੁਰ ਸਿਮਰਨ ਠਾਨ।
ਸਮਧਾ ਆਨਹਿਂ, ਜਾਰਨ ਠਾਨਹਿਂ ਪੁਨ ਪੰਕਤਿ ਜੁਤ ਕਰਹੀ ਖਾਨ।
ਪਾਤ੍ਰ ਸੁਧਾਰਹਿਂ ਸਤਿਗੁਰ ਕੇ ਸਬ, ਗਰਮੀ ਬਿਖੈ ਸੁ ਹਾਕਹਿ ਪੌਨ।
ਜਬ ਜਲ ਪਾਨ ਕਰਹਿਂ ਲੈ ਆਵਹਿਂ, ਸੇਜ ਸੁਧਾਰਹਿਂ ਹਿਤ ਗੁਰ ਸੌਨ।
ਚਰਨ ਅੰਗੂਠੇ ਮਹਿ ਬ੍ਰਿਣ ਪਾਕੋ, ਨਿਜ ਆਨਨ ਮਹਿਂ ਰਾਖਹਿ ਤੌਨ।
ਮੁਖ ਕੇ ਗਰਮ ਸ੍ਵਾਸ ਦੇ ਦੁਖ ਨਹਿਂ, ਯਾਂਤੇ, ਧਰਹਿਂ ਬੈਠ ਰਹਿ ਭੌਨ।

ਹਰ ਸਾਲ ਸ੍ਰੀ ਗੁਰੂ ਜੀ ਆਪ ਨੂੰ ਡੇਢ ਗਜ਼ ਦੀ ਦਸਤਾਰ ਦਿੰਦੇ ਜੋ ਆਪ ਸਿਰ 'ਤੇ ਵਲ (ਸਜਾ) ਲੈਂਦੇ। ਇਸ ਤਰ੍ਹਾਂ 12 ਸਾਲ ਇਹ ਦਸਤਾਰੇ ਮਿਲਦੇ ਰਹੇ। ਹੌਲੀ ਹੌਲੀ ਹਿਰਦੇ ਵਿਚ ਪ੍ਰਕਾਸ਼ ਵੀ ਹੁੰਦਾ ਗਿਆ:

ਪੰਚ ਬਰਖ ਮਹਿਂ ਪੰਜ ਦਿਯੇ ਗੁਰ, ਖਸ਼ਟ ਬਰਖ ਮਹਿਂ ਖਸ਼ਟੋ ਦੀਨ।
ਸੰਮਤ ਸਪਤਮ ਮਹਿਂ ਗੁਰ ਸੇਵਹਿ, ਪਗ ਅੰਗੁਸ਼ਟ ਧਰਹਿ ਮੁਖ ਲੀਨ।
ਭਯੋ ਕਛੁਕ ਪ੍ਰਕਾਸ਼ ਰਿਦੈ ਮਹਿਂ, ਜਿਮ ਅਰੁਣੋਦੈ ਹੋਤਿ ਨਵੀਨ।

ਸਿੱਖੀ ਵਿਚ ਇਕ ਬੁਨਿਆਦੀ ਰਹੱਸ ਇਹ ਹੈ ਕਿ ਜਿਉਂ ਜਿਉਂ ਕੋਈ ਪੁਰਸ਼ ਸੇਵਾ ਕਰਦਾ ਜਾਂਦਾ ਹੈ ਉਸ ਦਾ ਹਿਰਦਾ ਨਿਰਮਲ ਹੁੰਦਾ ਜਾਂਦਾ ਹੈ ਅਤੇ ਉਸ ਵਿਚ ਸ਼ਕਤੀ ਪਰਵੇਸ਼ ਕਰਦੀ ਜਾਂਦੀ ਹੈ। ਇਸ ਸਿਧਾਂਤ ਦਾ ਇਕ ਅੰਗ ਇਹ ਵੀ ਜਾਪਦਾ ਹੈ ਕਿ ਜਿਤਨੀ ਕੋਈ ਨਿਰਮਾਣ ਜਾਂ 'ਮਾਮੂਲੀ' ਪ੍ਰਕਾਰ ਦੀ ਸੇਵਾ ਕਰਦਾ ਹੈ, ਉਤਨਾ ਹੀ ਉਹ ਉੱਚਾ ਚੜ੍ਹ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਪਾਣੀ ਲਿਆਂਦੇ, ਇਸ਼ਨਾਨ ਕਰਾਂਦੇ, ਬਰਤਨ ਸਾਫ਼ ਕਰਦੇ, ਪੱਖਾ ਕਰਦੇ ਅਤੇ ਉਹਨਾਂ ਵਿਚ ਸ਼ਕਤੀ ਤੇ ਪ੍ਰਕਾਸ਼ ਇਵੇਂ ਪੈਦਾ ਹੋਏ, ਜਿਵੇਂ ਨਵਾਂ ਸੂਰਜ ਚੜ੍ਹਦਾ ਹੈ:

ਭਯੋ ਕਛੁਕ ਪ੍ਰਕਾਸ਼ ਰਿਦੈ ਮਹਿਂ ਜਿਮ ਅਰੁਣੋਦੈ ਹੋਤਿ ਨਵੀਨ।

SikhBookClub.com

ਜਿਉਂ ਜਿਉਂ (ਗੁਰੂ) ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਂਦੇ, ਤਿਵੇਂ ਤਿਵੇਂ ਉਨ੍ਹਾਂ ਦਾ ਆਪਣਾ ਗੁਰਤੀਰਥ ਵਿਚ ਇਸ਼ਨਾਨ ਹੁੰਦਾ ਜਾਂਦਾ। ਗੁਰੂ ਸਮਾਨ ਕੋਈ ਤੀਰਥ ਨਹੀਂ ਹੈ। ਗੁਰ ਸਾਗਰ ਹੈ ਜੋ ਰਤਨੀ ਭਰਪੂਰ ਹੈ, ਗੁਰੂ ਤੀਰਥ ਵਿਚ ਇਸ਼ਨਾਨ ਕਰਨ ਨਾਲ 'ਮਤਿ ਵਿਚਿ ਰਤਨ ਜਵਾਹਰ ਮਾਣਕ' ਆ ਜਾਂਦੇ ਹਨ।

ਗੁਰੁ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ॥...

ਸਰਵਰ ਹੰਸਾ ਛੋਡਿ ਨ ਜਾਇ॥
ਪ੍ਰੇਮ ਭਗਤਿ ਕਰਿ ਸਹਜਿ ਸਮਾਇ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ॥
ਅਕਥ ਕਥਾ ਗੁਰ ਬਚਨੀ ਆਦਰੁ॥

(ਪੰਨਾ ੬੮੫)

ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ॥
ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ॥
ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥

(ਪੰਨਾ ੪੩੬-੩੭)

ਗੁਰਤੀਰਥਾਂ ਦਾ ਰਹੱਸ ਸ੍ਰੀ ਗੁਰੂ ਨਾਨਕ ਸਾਹਿਬ ਨੇ ਇਵੇਂ ਬਿਆਨ ਕੀਤਾ ਸੀ। ਇਹ (ਗੁਰੂ) ਅਮਰਦਾਸ ਜੀ ਲਈ ਪ੍ਰਤੱਖ ਹੁੰਦਾ ਗਿਆ। ਆਪ ਦਾ ਮਨ ਨਿਰਮਲ ਹੁੰਦਾ ਗਿਆ, ਉਸ ਵਿਚੋਂ ਕਾਮਾਦਿਕ ਨਿਕਲਦੇ ਗਏ। ਹਉਮੈ ਨਾਸ ਹੁੰਦੀ ਗਈ ਅਤੇ ਆਪ ਦੀ ਬੁਧਿ ਨਿਰਮਲ ਹੁੰਦੀ ਗਈ। ਆਪ ਨੇ ਇਸ ਤਜਰਬੇ ਨੂੰ ਇਸ ਤਰ੍ਹਾਂ ਗਾਇਆ:

ਗੁਰ ਪੂਰੇ ਤੇ ਪੂਰਾ ਪਾਏ॥
ਹਿਰਦੈ ਸਬਦੁ ਸਚੁ ਨਾਮੁ ਵਸਾਏ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ॥
ਸਦਾ ਸੂਚੇ ਸਾਚਿ ਸਮਾਏ॥...
ਗੁਰੁ ਸਾਗਰੁ ਪੂਰਾ ਭੰਡਾਰ॥
ਊਤਮ ਰਤਨ ਜਵਾਹਰ ਅਪਾਰ॥
ਗੁਰ ਪਰਸਾਦੀ ਦੇਵਣਹਾਰੁ॥
ਨਾਨਕ ਬਖਸੇ ਬਖਸਣਹਾਰੁ॥

(ਪੰਨਾ ੩੬੩)

ਗੁਰੂ ਦਾ ਬਿਰਦ ਹੈ। ਆਪ ਜਿਉਂ ਜਿਉਂ ਪਾਣੀ ਦੇ ਘੜੇ ਲਿਆਂਦੇ ਰਹੇ, ਤਿਵੇਂ ਤਿਵੇਂ ਗੁਰੂ-

SikhBookClub.com

ਤੀਰਥ ਵਿਚ ਆਪ ਦੀਆਂ ਡੁਬਕੀਆਂ ਲਗਦੀਆਂ ਗਈਆਂ ਅਤੇ ਰਤਨ ਪਦਾਰਥ ਆਪ ਦੇ ਹੱਥ ਲਗਦੇ ਗਏ। ਆਪ ਸ਼ੁਧ ਹੋ ਗਏ ਕੰਚਨ ਵਾਂਗ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ:

ਤੁਮਹੋ ਨਿਬਾਵਨ ਥਾਨ।
ਕਰਿਹੋ ਨਿਮਾਨਹਿ ਮਾਨ।
ਬਿਨ ਓਟ ਕੀ ਤੁਮ ਓਟ।
ਨਿਧਰੇਨ ਕੀ ਧਿਰ ਕੋਟ।
ਬਿਨ ਜੋਰ ਕੇ ਤੁਮ ਜੋਰ।
ਸਮ ਕੋ ਨ ਹੈ ਤੁਮ ਹੋਰ।
ਬਿਨ ਧੀਰ ਕੋ ਬਰ ਧੀਰ।
ਸਭਿ ਪੀਰ ਕੇ ਬਢ ਪੀਰ।
ਤੁਮ ਹੋ ਸੁ ਗਈ ਬਹੋੜ।
ਨਰ ਬੰਧ ਕੋ ਤਿਹ ਛੋੜ।
ਘੜ ਬੰਨਵੇ ਸਮਰਥੁ।
ਜਗ ਜੀਵਨਾ ਤੁਮ ਹੱਥ।
ਬਰ ਦੀਨ ਦਵਾਦਸ ਹੋਰ।
ਸੁ ਪ੍ਰਸੰਨ ਹੋਇ ਬਡੋਰ।

ਬਾਰਾਂ ਸਾਲ ਆਪ ਨੇ ਸੇਵਾ ਕੀਤੀ, ਬਾਰਾਂ ਬਖ਼ਸ਼ਿਸ਼ਾਂ ਆਪ ਨੂੰ ਪ੍ਰਾਪਤ ਹੋਈਆਂ। ਸੇਵਾ ਕਰਦਿਆਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲ ਗਈ।

ਸ੍ਰੀ ਗੁਰੂ ਅਮਰਦਾਸ ਜੀ ਗੁਰੂ ਬਣ ਗਏ, ਪਰ ਬਾਬਾ ਦਾਤੂ ਜੀ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਸਨ, ਇਸ ਗੱਲ ਨੂੰ ਸਹਾਰ ਨਾ ਸਕੇ। ਇਕ ਦਿਨ ਆਪ ਗੋਇੰਦਵਾਲ ਗੁਰੂ ਜੀ ਦੇ ਦਰਬਾਰ ਵਿਚ ਗਏ ਅਤੇ ਗੁਰੂ ਜੀ ਦੀ ਪਿੱਠ 'ਤੇ ਜ਼ੋਰ ਦੀ ਲੱਤ ਮਾਰ ਕੇ ਉਹਨਾਂ ਨੂੰ ਹੇਠਾਂ ਸੁੱਟ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਆਪ ਦੇ ਚਰਨ ਘੁੱਟਣ ਲੱਗ ਪਏ:

ਕਰ ਕਮਲਨ ਜੋ ਮਰਦਨ ਕਰੇ।
ਬਿਨਤੀ ਸਹਤ ਸੁਬਾਕ ਉਚਰੇ।
ਇਕ ਤੋ ਸੇਵਾ ਕਰਤਿ ਰਹਯੋ ਹੌਂ।
ਦੁਤੀਏ ਬਯ ਤੇ ਬ੍ਰਿਧ ਭਯ ਹੌਂ।
ਯਾਂ ਤੇ ਅਧਿਕ ਸਰੀਰ ਕਠੋਰਾ।
ਤੁਮਰੋ ਚਰਨ ਮ੍ਰਿਦੁਲ ਨਹਿ ਥੋਰਾ।
ਹੁਯੋ ਹੋਇਗੋ ਕਸ਼ਟ ਮਹਾਨਾ।
ਛਿਮਹੁ ਭਯੋ ਅਪਰਾਧ ਅਜਾਨਾ।

ਇਸ ਘਟਨਾ ਉਪਰੰਤ ਗੁਰੂ ਜੀ ਗੋਇੰਦਵਾਲ ਤੋਂ ਲੋਪ ਹੋ ਗਏ ਅਤੇ ਬਾਸਰਕੇ ਜੋ ਆਪ ਦਾ ਆਪਣਾ ਪਿੰਡ ਸੀ, ਇਕ ਕੋਠੇ ਵਿਚ ਆ ਕੇ ਸਮਾਧੀ ਸਥਿਤ ਹੋ ਗਏ। ਸੰਗਤ ਨੂੰ ਬੜੀ ਪਰੇਸ਼ਾਨੀ ਹੋਈ। ਸਾਰੀ ਸੰਗਤ ਗੁਰ ਦਰਸ਼ਨਾਂ ਤੋਂ ਵਿਰਵੀ ਹੋ ਗਈ। ਸੋ ਸਾਰੀ ਸੰਗਤ ਮਿਲ ਕੇ ਬਾਬਾ ਬੁੱਢਾ

SikhBookClub.com

ਜੀ ਪਾਸ ਆਈ ਤੇ ਦੱਸਿਆ ਕਿ ਗੁਰੂ ਜੀ ਲੋਪ ਹੋ ਗਏ ਹਨ, ਕੋਈ ਪਤਾ ਨਹੀਂ ਕਿਧਰ ਗਏ ਹਨ ਅਤੇ ਸੰਗਤ ਬੜੀ ਵਿਆਕੁਲ ਹੋ ਰਹੀ ਹੈ। ਤੁਸੀਂ ਕਿਰਪਾ ਕਰਕੇ ਕੋਈ ਉਪਰਾਲਾ ਕਰੋ ਅਤੇ ਗੁਰੂ ਜੀ ਦਾ ਪਤਾ ਲੱਭੋ। ਬਾਬਾ ਜੀ ਗੋਇੰਦਵਾਲ ਆਏ। ਸੰਗਤ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਅੰਦਰ ਹੀ ਹਨ। ਬਾਬਾ ਬੁੱਢਾ ਜੀ ਤੇ ਸੰਗਤ ਨੇ ਉਸ ਕੋਠੇ ਦੀ ਪਰਕਰਮਾ ਕੀਤੀ। ਦਰਵਾਜ਼ੇ 'ਤੇ ਉਹਨਾਂ ਗੁਰੂ ਜੀ ਦੇ ਹੱਥੀਂ ਕੁਝ ਲਿਖਿਆ ਵੇਖਿਆ:

ਤਬਿ ਕੋਸ਼ਠ ਕੇ ਚਹੁੰ ਦਿਸ ਫਿਰਿਓ।
ਦਰ ਕੋ ਥਿਰਯੋ ਨਿਹਾਰਨਿ ਕਰਿਓ।
ਅਖਰ ਲਿਖੇ ਦੇਖ ਕਰਿ ਕਹਯੋ।
ਸਭਿ ਆਵਹੁ ਇਕ ਪਤਾ ਸੁ ਲਹਯੋ।
ਗੁਰੂ ਹਾਥ ਕੀ ਲਿਖਤਿ ਦਿਖੀਜਹਿ।
ਮੈਂ ਅਬ ਪੜਹੌਂ ਸਰਬ ਸੁਨੀਜਹਿ।
ਗਏ ਧਾਇ ਤਿਸ ਦੇਖਯੋ ਜਾਇ।
ਪਠਿ ਅੱਖਰ ਸੋ ਬ੍ਰਿਧ ਸੁਨਾਇ।
'ਆਇ ਇਹਾਂ ਦਰ ਪਾਰਹਿ ਜੋਊ।
ਹਮ ਨਹਿੰ ਗੁਰੂ ਸਿਖ ਨਹਿਂ ਸੋਊ।
ਹਲਤ ਪਲਤ ਮਹਿ ਨਹੀਂ ਸਹਾਈ।
ਜੋ ਆਇਸੁ ਕੋ ਦੇਹ ਮਿਟਾਈ।

ਸੰਗਤ ਨੂੰ ਬੜੀ ਨਿਰਾਸਤਾ ਹੋਈ, ਪਰ ਬਾਬਾ ਬੁੱਢਾ ਜੀ ਨੂੰ ਵਿਉਂਤ ਸੁੱਝੀ। ਆਪ ਨੇ ਦਰਵਾਜ਼ਾ ਨਾ ਖੋਲ੍ਹਿਆ, ਸਗੋਂ ਪਿਛੇ ਜਾ ਕੇ ਸੰਨ੍ਹ ਲਾ ਦਿੱਤੀ।

ਰਿਦੈ ਧਯਾਨ ਧਰਿ ਬੰਦਨ ਕੀਨਸਿ।
ਕੋਸ਼ਠ ਕੇ ਪਿਛਲੀ ਦਿਸ ਚੀਨਸਿ।
ਤਹਾਂ ਜਾਇ ਕਰਿ ਈਂਟ ਉਖੇਰੀ।
ਤੀਛਨ ਲੋਹ ਸੰਗ ਤਿਸ ਬੇਰੀ।
ਗਹੀ ਕਹੀ ਤਹਿ ਪ੍ਰਵਿਸਨਿ ਜੇਤੀ।
ਸੰਗਤਿ ਦੇਖਤਿ ਅਚਰਜ ਸੇਤੀ।
ਪਸ਼ਚਿਮ ਦਿਸ਼ ਮਹਿ ਕੋਸ਼ਠ ਦਵਾਰਾ।
ਪੂਰਬ ਦਿਸ਼ਾ ਪਾਰ ਕੋ ਪਾਰਾ।
ਅੰਤਰ ਧੀਰਜ ਧਾਰਿ ਪ੍ਰਵੇਸ਼ਾ।
ਪਿਖੇ ਗੁਰੂ ਤਬ ਮਨਹੁ ਮਹੇਸ਼ਾ।
ਆਸਨ ਲਾਇ ਸਮਾਧਿ ਅਗਾਧਾ।
ਬ੍ਰਹਮ ਰੂਪ ਇਕ ਅਚਲ ਅਬਾਧਾ।

ਗੁਰੂ ਜੀ ਬਾਬਾ ਬੁੱਢਾ ਜੀ 'ਤੇ ਪ੍ਰਸੰਨ ਹੋਏ ਤੇ ਕਿਹਾ:

'ਤੁਮ ਬਹੁ ਧੰਨ' ਕਿਉਂਕਿ 'ਪਰਉਪਕਾਰ ਹੇਤ ਸਭ ਕਰਯੋ।

SikhBookClub.com

ਸਿਖੀ ਕੋ ਸਥੰਭ ਹ੍ਵੈ ਥਿਰਯੋ।'

ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਸਾਖੀ ਇਕ ਬੜਾ ਬਚਿੱਤਰ ਨਾਟਕ ਹੈ ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਬਹੁਤ ਸਾਰੀ ਫ਼ਿਲਾਸਫੀ ਛੁਪੀ ਹੋਈ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਸਾਰਾ ਜੀਵਨ ਗੁਰੂ ਉਪਾਸ਼ਨਾ ਹੈ। ਪਰ ਪਹਿਲਾ ਜੀਵਨ ਗੁਰੂ ਢੂੰਢਣ ਦਾ ਜੀਵਨ ਹੈ। ਹਰ ਸਿੱਖ ਨੇ ਵੀ ਗੁਰੂ ਢੂੰਢਣਾ ਹੈ ਹੁਣ ਵੀ ਹਰ ਸਿੱਖ ਨੇ ਗੁਰੂ ਲੱਭਣਾ ਹੈ ਕਿਉਂਕਿ ਜਿੰਨੇ ਤੀਕਰ ਗੁਰੂ ਨਾ ਲੱਭੇ ਉਨੇ ਤੀਕਰ ਪ੍ਰਭੂ ਵੀ ਨਹੀਂ ਮਿਲ ਸਕਦਾ। ਉਸ ਦਾ ਰਸਤਾ ਹੀ ਨਹੀਂ ਮਿਲਦਾ। ਗੁਰੂ ਕਿਵੇਂ ਲੱਭੇ? ਗੁਰੂ ਜੀ ਇਕ ਇਸ਼ਾਰਾ ਕਰ ਗਏ ਹਨ ਕਿ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਬਾਣੀ ਹੀ ਗੁਰੂ ਹੈ। ਸ੍ਰੀ ਗੁਰੂ ਅਮਰਦਾਸ ਜੀ ਬੁਝਾਰਤਾਂ (ਮੁੰਦਾਵਣੀ) ਗੁਰਬਾਣੀ ਵਿਚ ਵੀ ਪਾਉਂਦੇ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ 'ਥਾਲ' ਹੈ ਜਿਸ ਵਿਚ ਆਤਮਕ ਖੁਰਾਕ (ਨਾਮ) ਮੌਜੂਦ ਹੈ। ਇਹ ਖੁਰਾਕ ਪ੍ਰਾਪਤ ਕਰ ਲੈਣਾ ਹੀ ਗੁਰੂ ਪ੍ਰਾਪਤ ਕਰ ਲੈਣ ਤੁਲ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਸੰਨ੍ਹ ਸਾਹਿਬ ਦੀ ਸਾਖੀ ਵਿਚ ਵੀ ਬੁਝਾਰਤ ਪਾ ਰਹੇ ਹਨ ਕਿ ਹੇ ਸਿਖੋ! ਲੱਭੋ ਗੁਰੂ ਨੂੰ, ਵੇਖੀਏ ਕਿਵੇਂ ਲੱਭਦੇ ਹੋ। ਇਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਕੋਠਾ ਹੈ, ਅਤੇ ਇਸ ਵਿਚ ਸ਼ਬਦ ਰੂਪ ਗੁਰੂ ਬੈਠਾ ਹੈ। ਉਸ ਗੁਰੂ ਨੂੰ ਲੱਭਣਾ ਹੈ ਹਰ ਸਿੱਖ ਨੇ। ਭਾਵ ਹਰ ਸਿੱਖ ਨੇ ਗੁਰੂ ਹਿਰਦੇ ਤੀਕ ਪੁੱਜਣਾ ਹੈ, ਗੁਰੂ ਦੀ ਸਿਖਿਆ ਨੂੰ ਸਮਝਣਾ ਹੈ, ਗੁਰੂ ਦੇ ਮੰਤਵ ਨੂੰ ਪ੍ਰਾਪਤ ਕਰਨਾ ਹੈ। ਇਹ ਕਿਵੇਂ ਹੋਵੇ? ਗੁਰੂ ਤਾਂ ਅਸਲ ਵਿਚ ਹਰ ਜੀਵ ਦੇ ਅੰਦਰ ਹੀ ਮੌਜੂਦ ਹੈ, ਅੰਦਰ ਨਾਮ ਵੀ ਮੌਜੂਦ ਹੈ, ਅੰਦਰੋਂ ਉਸ ਗੁਰੂ ਨੂੰ ਲੱਭਣਾ ਹੈ, ਕਿਵੇਂ ਲੱਭੇ? ਗੁਰੂ ਸੰਸਾਰ ਵਿਚ ਹਰ ਸਮੇਂ ਵਿਚਰ ਰਿਹਾ ਹੈ, ਹਰ ਸਿੱਖ ਨੇ ਉਸ ਨੂੰ ਲੱਭਣਾ ਹੈ, ਕਿਵੇਂ ਲੱਭੇ? ਸ਼ਾਇਦ ਇਸ ਸਾਖੀ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਇਹ ਗੱਲ ਸਿਖਾ ਰਹੇ ਹਨ ਕਿ ਗੁਰੂ ਕਿਵੇਂ ਲੱਭੇ? ਗੁਰੂ, ਗ੍ਰੰਥ ਸਾਹਿਬ ਵਿਚ ਬੈਠਾ ਹੈ, ਲੁਕੇ ਹੋਏ ਨੂੰ ਪ੍ਰਗਟ ਕਿਵੇਂ ਕੀਤਾ ਜਾਵੇ?

ਸ੍ਰੀ ਗੁਰੂ ਅਮਰਦਾਸ ਜੀ ਦਾ ਬੜਾ ਵੱਡਾ ਸਿਧਾਂਤ ਇਹ ਸੀ ਕਿ ਮਨੁੱਖ ਦੇ ਅੰਦਰ ਹੀ ਸਭ ਕੁਝ ਹੈ। ਸਰੀਰ ਹੀ ਮੰਦਰ ਹੈ ਜਿਸ ਵਿਚ ਗੁਰੂ ਵੀ ਹੈ, ਨਾਮ ਵੀ ਹੈ ਤੇ ਪਰਮਾਤਮਾ ਵੀ ਹੈ। ਆਪਾ ਪਛਾਨਣਾ ਹੀ ਉੱਤਮ ਪ੍ਰਾਪਤੀ ਹੈ:

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥
ਕੋਇ ਨ ਕਿਸ ਹੀ ਜੇਹਾ ਉਪਾਇਆ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥...
ਅੰਧੇਰਾ ਚਾਨਣੁ ਆਪੇ ਕੀਆ॥
ਏਕੋ ਵਰਤੈ ਅਵਰੁ ਨ ਬੀਆ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ॥...
ਦੇਹੀ ਅੰਦਰਿ ਵਸਤੁ ਅਪਾਰਾ॥
ਆਪੇ ਕਪਟ ਖੁਲਾਵਣਹਾਰਾ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ॥੫॥
ਸਭਿ ਰਸ ਦੇਹੀ ਅੰਦਰਿ ਪਾਏ॥
ਵਿਰਲੇ ਕਉ ਗੁਰੁ ਸਬਦੁ ਬੁਝਾਏ॥

SikhBookClub.com

ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ॥...
ਆਪੁ ਪਛਾਣੈ ਸੋ ਸਭਿ ਗੁਣ ਜਾਣੈ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ॥...

(ਪੰਨਾ ੧੦੫੬-੫੭)

ਕਾਇਆ ਕੰਚਨ ਕੋਟੁ ਅਪਾਰਾ॥
ਜਿਸੁ ਵਿਚਿ ਰਵਿਆ ਸਬਦੁ ਅਪਾਰਾ॥
ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ॥੩॥
ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥

(ਪੰਨਾ ੧੦੫੯)

ਸੋ ਇਹ ਸਰੀਰ ਵੀ ਕੋਠਾ ਹੈ (ਸੋਨੇ ਦਾ ਕਿਲ੍ਹਾ ਹੈ) ਜਿਸ ਵਿਚ ਗੁਰੂ, ਨਾਮ ਤੇ ਪਰਮਾਤਮਾ ਛੁਪੇ ਬੈਠੇ ਹਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ 'ਕੋਠਾ' ਹੈ, ਜਿਸ ਵਿਚ ਗੁਰੂ ਨਾਮ ਤੇ ਪ੍ਰਭੂ ਛੁਪੇ ਬੈਠੇ ਹਨ। ਇਹ ਸੰਸਾਰ ਵੀ ਕੋਠਾ ਹੈ ਇਸ ਵਿਚ ਨਾਮ ਤੇ ਪ੍ਰਭੂ ਛੁਪੇ ਬੈਠੇ ਹਨ। ਇਹਨਾਂ ਨੂੰ ਲੱਭਣ ਦੀ ਜਾਚ ਬਾਬਾ ਬੁੱਢਾ ਜੀ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਸਿਖਾ ਗਏ ਹਨ। ਜਾਚ ਇਹ ਹੈ:

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥

(ਪੰਨਾ ੯੨੨)

ਸਾਰਾ 'ਅਨੰਦੁ' ਸਾਹਿਬ ਗੁਰੂ ਦੀ ਭਾਲ ਦੇ ਸਾਧਨ ਹੀ ਦੱਸਦਾ ਹੈ। 'ਅਨੰਦ' ਹੈ ਹੀ ਇਹ ਕਿ ਗੁਰੂ ਮਿਲੇ, ਐਵੇਂ ਅਨੰਦੁ ਹੋ ਹੀ ਨਹੀਂ ਸਕਦਾ। ਸਾਰੇ ਅਨੰਦੁ ਸਾਹਿਬ ਵਿਚ ਗੁ਼ਰੂ ਦੇ ਲੱਭਣ ਦੇ ਸਾਧਨ ਦੱਸੇ ਹੋਏ ਹਨ। ਸੰਨ੍ਹ ਸਾਹਿਬ 'ਅਨੰਦੁ' ਦੀ ਫ਼ਿਲਾਸਫ਼ੀ ਦੀ ਸਾਖਿਆਤ ਵਿਆਖਿਆ ਹੈ। ਸਪੱਸ਼ਟ ਰੂਪ ਵਿਚ ਵਿਆਖਿਆ ਇਹ ਬਣਦੀ ਹੈ ਕਿ 'ਗੁਰੂ' ਪ੍ਰਤੱਖ ਇੰਦ੍ਰਿਆਂ ਨਾਲ ਤਾਂ ਲੱਭਣਾ ਕਠਿਨ ਹੈ। ਗੁਰੂ ਅੰਦਰ ਹੈ ਪਰ ਅੱਖਾਂ ਕੰਨਾਂ ਆਦਿ ਪ੍ਰਤੱਖ ਦਰਵਾਜ਼ਿਆਂ ਰਾਹੀਂ ਉਸ ਤੀਕ ਨਹੀਂ ਪਹੁੰਚ ਸਕੀਦਾ। ਭਾਵ ਇਹ ਹੈ ਕਿ ਬਾਬਾ ਬੁੱਢਾ ਜੀ ਨੇ ਵੇਖਿਆ ਕਿ ਗੁਰੂ ਤਾਂ ਕੋਠੇ ਅੰਦਰ ਹੈ ਪਰ ਦਰਵਾਜ਼ੇ ਰਾਹੀਂ ਉਸ ਤੀਕ ਨਹੀਂ ਪਹੁੰਚਿਆ ਜਾ ਸਕਣਾ। ਫਿਰ? ਗੁਰੂ ਨੂੰ ਲੱਭਣ ਲਈ ਤੇ ਇਸ ਸਰੀਰ ਨੂੰ, ਇਸ ਮਨ ਨੂੰ, ਇਸ ਤਰ੍ਹਾਂ 'ਸੰਨ੍ਹ' ਮਾਰਨੀ ਹੈ ਕਿ ਇਸ ਦੇ ਧੁਰ ਅੰਦਰ ਪੁੱਜ ਕੇ ਗੁਰੂ ਦੇ ਸਾਖਿਆਤ ਦਰਸ਼ਨ ਕੀਤੇ ਜਾਣ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਨਿਰਾ ਅੱਖਾਂ ਦੁਆਰਾ ਨਹੀਂ ਪੜ੍ਹਿਆ ਜਾ ਸਕਦਾ। ਉਹ ਨੇਤਰ ਹੋਰ ਹਨ, ਜਿਹੜੇ ਬਾਹਰਲੇ ਨੇਤਰ ਮੁੰਦਣ ਨਾਲ ਖੁੱਲ੍ਹਦੇ ਹਨ ਤੇ ਜਿਹਨਾਂ ਦੁਆਰਾ ਗੁਰੂ ਦੇ ਹਿਰਦੇ ਦੇ ਸਾਖਿਆਤ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੋ ਸਕਦੇ

SikhBookClub.com

ਹਨ। ਭਾਵ ਇਹ ਹੈ ਕਿ ਜੇ ਗੁਰੂ ਦੇ ਦਰਸ਼ਨ ਕਰਨੇ ਹਨ ਤਾਂ ਇੰਦਰਿਆਂ ਦੇ ਜੀਵਨ ਤੋਂ ਉੱਚਾ ਉਠਣਾ ਪਏਗਾ ਤੇ ਦਸਮ ਦੁਆਰ ਵਿਚ 'ਸੰਨ੍ਹ' ਲਾ ਕੇ ਪਹੁੰਚਣਾ ਹੋਵੇਗਾ। ਇਹ ਮੋਰੀਆਂ ਬੰਦ ਕਰਨੀਆਂ ਪੈਣਗੀਆਂ, ਜਿਥੋਂ ਮਿਰਗ ਚੋਰੀ ਪੈ ਜਾਂਦੇ ਹਨ ਤੇ ਆਤਮਕ ਅੰਗੂਰੀ ਪੁੱਟ ਕੇ ਲੈ ਜਾਂਦੇ ਹਨ। ਉਹ ਦਰਵਾਜ਼ੇ ਹੋਰ ਹਨ ਜਿਹਨਾਂ ਦੁਆਰਾ ਗੁਰੂ ਦਰਸ਼ਨ ਹੁੰਦੇ ਹਨ ਅਤੇ ਨਾਮ ਮਿਲਦਾ ਹੈ ਅਤੇ ਪ੍ਰਭੂ ਪ੍ਰਤੱਖ ਹੁੰਦਾ ਹੈ। ਅਨੰਦੁ ਸਾਹਿਬ ਵਿਚ ਅੱਖਾਂ, ਕੰਨਾਂ, ਜੀਭ ਸਭ ਸੰਜਮ ਦੀਆਂ ਗੱਲਾਂ ਦੱਸੀਆਂ ਹੋਈਆਂ ਹਨ। ਇਸੇ ਤਰ੍ਹਾਂ ਹੀ ਗੁਰੂ ਲੱਭਦਾ ਹੈ। ਮਨ ਦੀਆਂ ਚਤੁਰਾਈਆਂ ਨਾਲ ਗੁਰੂ ਨਹੀਂ ਲੱਭਦਾ:

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥

(ਪੰਨਾ ੯੧੮)

ਗੁਰੂ ਪ੍ਰਾਪਤੀ ਦਾ ਮਾਰਗ ਕਠਿਨ ਹੈ। ਦਰਵਾਜ਼ਿਆਂ ਨੂੰ ਬੰਦ ਕਰਨਾ ਕਠਿਨ ਹੈ। ਇੰਦਰਿਆਂ 'ਤੇ ਕਾਬੂ ਪਾਉਣਾ ਬੜਾ ਕਠਿਨ ਹੈ, ਪਰ ਭਗਤ ਇਹ ਦੱਸਦੇ ਹਨ ਕਿ ਬਾਬਾ ਬੁੱਢਾ ਜੀ ਨੇ ਇਹ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਇਹ ਕੀਤਾ। ਪਰ ਚਾਲ ਭਗਤਾਂ ਦੀ ਹੈ ਕਠਿਨ, ਖੰਡੇ ਧਾਰ ਹੈ:

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥ *(ਪੰਨਾ ੯੧੮)*

ਸੋ 'ਸੰਨ੍ਹ' ਸਾਹਿਬ ਦਾ ਰਹੱਸ ਸਰੀਰ ਵਿਚੋਂ ਨਾਮ ਨੂੰ ਪ੍ਰਤੱਖ ਕਰਨ ਦਾ 'ਰਹੱਸ' ਹੈ। ਇਹ ਬੜੀ ਬਚਿੱਤ੍ਰ ਸਾਖੀ ਹੈ। ਦਰਵਾਜ਼ੇ ਮੁੰਦ ਕੇ ਅੰਤਰ ਆਤਮੇ ਦਰਸ਼ਨ ਕਰਨ ਦੀ ਫ਼ਿਲਾਸਫ਼ੀ ਹੈ। ਸੰਜਮ ਵਾਲੇ ਲੋਕ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰੂ ਦਾ ਭਾਵ ਪੜ੍ਹ ਸਕਦੇ ਹਨ, ਸੰਜਮ ਵਾਲੇ ਹੀ ਉਸ ਭਾਵ ਅਨੁਸਾਰ ਜੀ ਸਕਦੇ ਹਨ। ਸੰਜਮ ਵਾਲੇ ਹੀ ਨਾਮ ਨੂੰ ਸਮਝ ਸਕਦੇ ਹਨ ਅਤੇ ਸਿਮਰ ਸਕਦੇ ਹਨ, ਸੰਜਮ ਵਾਲੇ ਹੀ ਪ੍ਰਭੂ ਦਰਸ਼ਨ ਕਰ ਸਕਦੇ ਹਨ। ਇਹੋ ਦੁੰਦਰ ਨੂੰ ਬੰਨ੍ਹਣਾ ਤੇ ਸੁੰਦਰ ਨੂੰ ਲੱਭਣਾ ਹੈ। ਗੁਰੂ, ਨਾਮ ਤੇ ਪਰਮਾਤਮਾ ਸਾਡੇ ਸਰੀਰ ਕੋਠੇ ਅੰਦਰ ਵੀ ਮੌਜੂਦ ਹਨ, ਸੰਜਮ ਨਾਲ ਬਾਹਰਲੇ ਦਰਵਾਜ਼ੇ ਬੰਦ ਕਰਕੇ, ਸਿਮਰਨ ਦੀ ਸੰਨ੍ਹ ਲਾ ਕੇ, ਅੰਦਰ ਵੜ ਕੇ ਉਹਨਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਹ ਹੈ 'ਸੰਨ੍ਹ' ਸਾਹਿਬ। ਜਿਸ ਦੀ ਯਾਦ ਇਸ ਫ਼ਿਲਾਸਫ਼ੀ ਦਾ ਸਦੀਵੀ ਚਿੰਨ੍ਹ ਹੈ।

(1/1964)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਤੇ ਗੋਇੰਦਵਾਲ

ਮੁੱਖ ਸ਼ਬਦ

ਨਗਰ ਗੋਇੰਦਵਾਲ ਜੋ ਗੋਂਦੇ (ਗੋਇੰਦੇ) ਨਾਮਕ ਮਰਵਾਹੇ ਖੱਤ੍ਰੀ ਦੇ ਨਾਂ 'ਤੇ ਵੱਸਿਆ, ਦਰਿਆ ਬਿਆਸ ਕੰਢੇ ਵੱਸੇ ਇਲਾਕੇ ਮਾਝੇ ਦੀ ਇਕ ਪ੍ਰਸਿੱਧ ਆਬਾਦੀ ਹੈ। ਸਿੱਖ-ਇਤਿਹਾਸ ਦੇ ਨੁਕਤਾ-ਨਿਗਾਹ ਤੋਂ ਇਹ ਇਕ ਖਾਸ ਵਿਸ਼ੇਸ਼ਤਾ ਰੱਖਣ ਵਾਲਾ ਪਵਿੱਤਰ ਸਥਾਨ ਹੈ। ਇਹ ਨਗਰ ਰੇਲਵੇ ਸਟੇਸ਼ਨ ਤਰਨ ਤਾਰਨ ਤੋਂ 15 ਮੀਲ (24 ਕਿਲੋਮੀਟਰ) ਅਗਨਿ ਕੋਣ ਵੱਲ ਸਥਿਤ ਹੈ।

ਇਹ ਨਗਰ ਪਹਿਲੇ ਪਹਿਲ ਕਿਵੇਂ ਵੱਸਿਆ ਤੇ ਫਿਰ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਿਹਰ ਦੇ ਸਦਕੇ ਉਨ੍ਹਾਂ ਦੇ ਹੁਕਮ ਨਾਲ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਨਾਮ-ਬਾਣੀ ਦੇ ਪ੍ਰਤਾਪ ਨਾਲ ਇਹ ਨਗਰ ਕਿਵੇਂ ਆਬਾਦ ਕੀਤਾ, ਇਸ ਸਬੰਧ ਵਿਚ ਇਥੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਮੁੱਢਲੇ ਇਤਿਹਾਸਕ ਵੇਰਵੇ ਦੇਣੇ ਜ਼ਰੂਰੀ ਹਨ ਤਾਂ ਕਿ ਗੁਰਮਤਿ ਪ੍ਰੇਮੀ ਪਾਠਕਾਂ ਦੀਆਂ ਨਜ਼ਰਾਂ ਦੇ ਸਾਹਮਣੇ ਇਸ ਨਗਰ ਦਾ ਸਹੀ-ਸਹੀ ਤਾਰੀਖ਼ੀ ਹਾਲ ਸ਼ੀਸ਼ੇ ਦੇ ਅਕਸ ਵਾਂਗ ਝਲਕਦਾ ਸਾਫ਼ ਨਜ਼ਰੀਂ ਪਵੇ।

ਭੱਲਾ ਖ਼ਾਨਦਾਨ ਤੇ ਉਸ ਦਾ ਮੁੱਢਲਾ ਵਾਸ

ਪ੍ਰਸਿੱਧ ਇਤਿਹਾਸਕਾਰ ਕਵੀ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਭੱਲਾ ਖ਼ਾਨਦਾਨ ਦਾ ਕਦੀਮੀ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਮਸ਼ਹੂਰ ਹੈ। ਇਸ ਪਿੰਡ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਵਡੇਰਾ (ਬਿਨਸ਼ ਦਾਸ ਭੱਲਾ) ਨਾਮੀ ਇਕ ਦੁਕਾਨਦਾਰ ਸੀ। (ਵਿਚਿ ਧਾਸਰਕੇ ਰਹੇ ਬਿਸ਼ਨਾ ਭਲਾ। ਹੱਟੀ ਬੈਠੇ ਇਕ ਇਕੱਲਾ।) ਇਸ ਬਿਸ਼ਨ ਦਾਸ ਭੱਲੇ ਦੇ ਘਰ ਹਰਿ ਜੀ ਨਾਮੀ ਪੁੱਤਰ ਪੈਦਾ ਹੋਇਆ, ਜੋ ਵੱਡਾ ਹੋਣ 'ਤੇ ਮਰਵਾਹੇ ਖੱਤਰੀਆਂ ਦੇ ਘਰ ਵਿਆਹਿਆ ਗਿਆ। ਕੁਝ ਚਿਰ ਪਿੱਛੋਂ ਬਿਸ਼ਨ ਦਾਸ ਕਿਸੇ ਕਾਰਨ ਪਿੰਡ ਬਾਸਰਕੀਂ ਦਾ ਵਸੇਬਾ ਛੱਡ ਕੇ ਅੰਮ੍ਰਿਤਸਰ ਦੇ ਨੇੜੇ ਪਿੰਡ ਗਿਲਵਾਲੀ ਜਾ ਵੱਸਿਆ ਜਿਥੇ ਉਸ ਦੇ ਪੁੱਤਰ ਹਰਿ ਜੀ ਭੱਲੇ ਦੇ ਘਰ ਤੇਜ ਮੱਲ ਦਾ ਜਨਮ ਹੋਇਆ। ਪਿੰਡ ਗਿਲਵਾਲੀ ਜਾਣ 'ਤੇ ਬਿਸ਼ਨ ਦਾਸ ਦਾ ਵਪਾਰਕ ਕੰਮ ਛੇਤੀ ਹੀ ਚੰਗਾ ਚਮਕ ਨਿਕਲਿਆ। ਜਦ ਤੇਜ ਮੱਲ ਬਾਰ੍ਹਾਂ ਵਰ੍ਹਿਆਂ ਦਾ ਹੋਇਆ ਤਾਂ ਉਹ ਦੁੱਗਲ ਖੱਤਰੀਆਂ ਦੇ ਘਰ ਵਿਆਹਿਆ ਗਿਆ। ਇਸ ਸਮੇਂ ਬਿਸ਼ਨ ਦਾਸ ਭੱਲੇ ਦੀ ਮਾਲੀ ਹਾਲਤ ਭਾਵੇਂ ਚੰਗੀ ਸੁਧਰ ਗਈ ਸੀ ਤੇ ਉਸ ਦੀ ਤਜਾਰਤ ਵੀ ਚਮਕ ਪਈ ਸੀ, ਪਰ ਫਿਰ ਪਤਾ ਨਹੀਂ ਕਿਉਂ ਉਸ ਨੇ ਪਿੰਡ ਗਿਲਵਾਲੀ ਦਾ ਵਸੇਬਾ ਛੱਡਿਆ ਤੇ ਮੁੜ ਆਪਣੇ ਕਦੀਮੀ ਪਿੰਡ ਬਾਸਰਕੇ ਹੀ ਜਾ ਵੱਸਿਆ। ਪਿੰਡ

SikhBookClub.com

ਬਾਸਰਕੇ ਜਾਣ ਤੋਂ ਥੋੜ੍ਹਾ ਚਿਰ ਪਿਛੋਂ ਹੀ ਬਿਸ਼ਨ ਦਾਸ ਭੱਲੇ ਦਾ ਦੇਹਾਂਤ ਹੋ ਗਿਆ। ਇਥੇ ਹੀ ਉਸ ਦੇ ਪੁੱਤਰ ਤੇਜ ਮੱਲ ਭੱਲੇ ਨੇ, ਜੋ ਉਸ ਦੇ ਨਾਲ ਸੀ, ਉਸ ਦਾ ਅੰਤਿਮ ਸੰਸਕਾਰ ਕੀਤਾ ਤੇ ਆਪ ਮੁੜ ਪਿੰਡ ਬਾਸਰਕੇ ਵਾਪਸ ਪਰਤ ਆਇਆ।

ਸ੍ਰੀ (ਗੁਰੂ) ਅਮਰਦਾਸ ਜੀ ਦਾ ਪ੍ਰਕਾਸ਼

ਫਿਰ ਭਾਈ ਤੇਜ ਮੱਲ (ਤੇਜ ਭਾਨ ਜਾਂ ਤੇਜੋ) ਭੱਲੇ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਸ੍ਰੀ ਅਮਰਦਾਸ ਜੀ ਦਾ ਪ੍ਰਕਾਸ਼ ਵੈਸਾਖ ਸੁਦੀ 14 ਸੰਮਤ 1536 ਬਿ. ਮੁਤਾਬਿਕ 5 ਮਈ, ਸੰਨ 1479 ਨੂੰ ਪਿੰਡ ਬਾਸਰਕੇ ਦੇ ਸਥਾਨ 'ਪੁਰ ਹੋਇਆ। ਭਾਈ ਤੇਜ ਭਾਨ ਜੀ ਦੇ ਤਿੰਨ ਪੁੱਤਰ ਹੋਰ ਸਨ, ਜੋ ਸ੍ਰੀ (ਗੁਰੂ) ਅਮਰਦਾਸ ਜੀ ਤੋਂ ਉਮਰ ਵਿਚ ਵਡੇਰੇ ਸਨ। 'ਗੁਰ ਪ੍ਰਤਾਪ ਸੂਰਜ' ਦੇ ਕਥਨ ਅਨੁਸਾਰ ਪਿੰਡ ਬਾਸਰਕੀਂ ਰਹਿ ਕੇ ਇਹ ਸਾਰੇ ਹੀ ਦੁਕਾਨਦਾਰੀ ਦੀ ਥਾਵੇਂ ਖੇਤੀਬਾੜੀ ਦਾ ਕੰਮ ਕਰਨ ਲੱਗ ਪਏ ਸਨ:

ਖੇਤੀ ਕ੍ਰਿਤ ਕੋ ਸੁਤ ਕਰਹਿ ਤੇਜੋ ਸੁਖ ਪਾਵੈ।
ਬੈਠ ਰਹਹਿ ਸਿਮਰਹਿ ਪ੍ਰਭੂ ਭਗਤੀ ਚਿਤ ਲਾਵੈ।
ਆਪੋ ਆਪਨੇ ਕਾਜ ਮਹਿ ਚਾਰਹੁ ਸੁਤ ਲਾਗੇ।
ਬੀਤ ਗਯੋ ਚਿਰ ਕਾਲ ਹੀ ਪੌੜ੍ਹ ਪਿਖਿ ਆਗੇ।

'ਸ੍ਰੀ ਗੁਰੂ ਮਹਿਮਾ ਪ੍ਰਕਾਸ਼' ਦੇ ਲੇਖਕ ਭਾਈ ਸਰੂਪ ਦਾਸ ਭੱਲੇ ਨੇ ਵੀ ਕੁਝ ਅਜਿਹਾ ਹੀ ਲਿਖਿਆ ਹੈ:

ਆਗਿਆ ਕਾਰੀ ਤਿਨ ਸੁਤ ਚਾਰ।
ਗ੍ਰਿਹਿ ਕ੍ਰਿਖੀ ਸਾਧੈ ਸਭ ਬਿਵਹਾਰ।
ਵੇ ਬੈਠੇ ਰਹੇ ਭਵਨ ਸਦ ਕਰੇ।
ਕਛੁ ਕਾਰਜ ਕਰੇ ਨ ਮਨ ਸੋ ਧਰੇ॥੩॥

ਵਿਆਹ ਤੇ ਸੰਤਾਨ

ਲਗਭਗ 23 ਸਾਲ ਦੀ ਉਮਰੇ 11 ਮਾਘ ਸੰਮਤ 1559 ਬਿ. ਨੂੰ ਸ੍ਰੀ ਅਮਰਦਾਸ ਜੀ ਦੀ ਸ਼ਾਦੀ ਸਣਖਤਰੇ ਪਿੰਡ ਦੇ ਵਾਸੀ ਸ੍ਰੀ ਦੇਵ ਚੰਦ ਬਹਿਲ ਦੀ ਸਪੁੱਤਰੀ ਬੀਬੀ ਰਾਮ ਕੌਰ ਜੀ ਦੇ ਨਾਲ ਹੋਈ। ਸ੍ਰੀ (ਗੁਰੂ) ਅਮਰਦਾਸ ਜੀ ਦੇ ਘਰ ਇਹ ਸੰਤਾਨ ਪੈਦਾ ਹੋਈ—1) ਬੀਬੀ ਦਾਨੀ ਜੀ, 2) ਬੀਬੀ ਭਾਨੀ ਜੀ, 3) ਬਾਬਾ ਮੋਹਨ ਜੀ, 4) ਬਾਬਾ ਮੋਹਰੀ ਜੀ। ਸ੍ਰੀ (ਗੁਰੂ) ਅਮਰਦਾਸ ਜੀ ਉਸ ਸਮੇਂ ਪਿੰਡ ਬਾਰਸਕੀਂ ਰਹਿ ਕੇ ਘਰ ਦਾ ਚੰਗਾ ਕਾਰੋਬਾਰ ਕਰਦੇ ਸਨ, ਜਿਸ ਕਰਕੇ ਗੁਜ਼ਾਰਾ ਅੱਛਾ ਚੱਲਦਾ ਸੀ। ਆਪ ਦਾ ਸੁਭਾਉ ਮੁੱਢੋਂ ਹੀ ਬੜਾ ਭਗਤੀ ਭਾਵ ਭਰਿਆ ਤੇ ਦਾਨੀ ਸੀ।

ਗੁਰੂ-ਘਰ ਨਾਲ ਪ੍ਰੇਮ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ

ਸਰੂਪ ਦਾਸ ਭੱਲਾ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਹਰੇਕ ਸਾਲ ਦੋ ਵਾਰ ਹਰਿਦ੍ਵਾਰ ਦੀ ਯਾਤਰਾ ਵਾਸਤੇ ਜਾਂਦੇ ਸਨ। "ਗੰਗਾ ਸੇਵਨ ਬ੍ਰਤ ਮਨ ਕਰਾ ਬਰਖ ਮਾਹਿ ਜਾੜ੍ਹਾ

SikhBookClub.com

ਦੁਇ ਕਰਾ।'' (ਮਹਿਮਾ ਪ੍ਰਕਾਸ਼) ਇਸ ਤਰ੍ਹਾਂ ਜਦ ਉਹ 21ਵੀਂ ਵਾਰ ਹਰਿਦ੍ਵਾਰ (ਗੰਗਾ) ਗਏ ਤਾਂ ਰਸਤੇ ਵਿਚ ਅਜਿਹੀ ਠੋਕਰ ਲੱਗੀ ਕਿ ਪਿੰਡ ਵਾਪਸ ਪਹੁੰਚਦਿਆਂ ਹੀ ਪੂਰਨ ਗੁਰੂ ਦੀ ਭਾਲ ਕਰਨੀ ਸ਼ੁਰੂ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਉਨ੍ਹਾਂ ਦੇ ਸਕੇ ਭਤੀਜੇ ਨਾਲ ਵਿਆਹੇ ਹੋਏ ਸਨ:

ਸ੍ਰੀ ਅੰਗਦ ਜੀ ਕੀ ਸੁਤਾ ਬੀਬੀ ਅਮਰੋ ਨਾਮ।
ਹਰਿ ਨਿਜ ਭਗਤੀ ਬਾਝ ਧਰਯੋ ਉਤਰੀ ਸਤਿਗੁਰ ਧਾਮ॥੩੨॥
ਸ੍ਰੀ ਅਮਰਦਾਸ ਕੋ ਭ੍ਰਾਤ ਸੁਤ ਅਤਿ ਵਡਭਾਗੀ ਆਹ।
ਪੁਰਾਤਨ ਕੁਟੰਬ ਸੰਜੋਗ ਬਿਧ, ਤਾ ਸੋ ਭਯੋ ਬਿਵਾਹ॥੩੩॥

ਬੀਬੀ ਅਮਰੋ ਜੀ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਦਾ ਪਾਠ ਉੱਚੀ ਸੁਰ ਨਾਲ ਕਰਿਆ ਕਰਦੇ ਸਨ। ਕੋਲੋ-ਕੋਲੀ ਘਰ ਹੋਣ ਕਰਕੇ ਸ੍ਰੀ (ਗੁਰੂ) ਅਮਰਦਾਸ ਜੀ ਨੇ ਬੀਬੀ ਜੀ ਦੇ ਮੂੰਹੋਂ ਗੁਰਬਾਣੀ ਦਾ ਪਾਠ ਸੁਣਿਆ ਤਾਂ ਉਨ੍ਹਾਂ ਨੂੰ ਗੁਰੂ-ਦਰਸ਼ਨਾਂ ਦੀ ਖਿੱਚ ਪਈ, ਜਿਸ ਕਾਰਨ ਛੇਤੀ ਹੀ ਇਕ ਦਿਨ ਖਡੂਰ ਪਹੁੰਚ ਕੇ ਗੁਰ-ਦਰਬਾਰ ਵਿਚ ਹਾਜ਼ਰ ਹੋ ਗਏ। ਅੱਗੋਂ ਸ੍ਰੀ ਗੁਰੂ ਅੰਗਦ ਦੇਵ ਜੀ ਉਨ੍ਹਾਂ ਨੂੰ ਮਿਲ ਕੇ ਬੜੇ ਖੁਸ਼ ਹੋਏ ਤੇ ਚੰਗੀ ਆਉ-ਭਗਤ ਕੀਤੀ। ਗੁਰੂ-ਦਰਬਾਰ ਖਡੂਰ ਸਾਹਿਬ ਵਿਖੇ ਸਤਿਸੰਗਤ ਤੇ ਨਾਮ ਬਾਣੀ ਦਾ ਅਖੰਡ ਪ੍ਰਵਾਹ ਚਲਦਾ ਦੇਖ ਕੇ ਫਿਰ ਵਾਪਸ ਘਰ ਨਾ ਗਏ ਤੇ ਉਥੇ ਹੀ ਗੁਰੂ-ਸੰਗਤ ਦੀ ਸੇਵਾ ਕਰਨ ਲੱਗ ਪਏ। ਗੁਰੂ-ਆਗਿਆ ਨਾਲ ਰੋਜ਼ ਸਵੇਰੇ ਦਰਿਆ ਬਿਆਸ ਵਿਚੋਂ ਪਾਣੀ ਦੀ ਗਾਗਰ ਭਰ ਕੇ ਲਿਆਉਣੀ ਤੇ ਆਪਣੇ ਹੱਥੀਂ ਬੜੇ ਸ਼ਰਧਾ ਭਾਵ ਨਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਉਣਾ ਉਨ੍ਹਾਂ ਦਾ ਨਿੱਤ ਕਰਮ ਸੀ। ਇਸ ਤਰ੍ਹਾਂ ਗੁਰੂ-ਸੇਵਾ ਕਰਦਿਆਂ ਜਦ ਬਾਰਾਂ ਕੁ ਸਾਲ ਹੋ ਗਏ ਤਾਂ ਇਕ ਦਿਨ ਹਨ੍ਹੇਰੇ ਵਿਚ ਦਰਿਆ ਬਿਆਸ ਤੋਂ ਪਾਣੀ ਲੈ ਕੇ ਆਉਂਦੇ ਹੋਏ ਰਸਤੇ ਵਿਚ ਜੁਲਾਹਿਆਂ ਦੀ ਖੱਡੀ ਵਿਚ ਡਿੱਗ ਪਏ ਤੇ ਸੱਟ ਲੱਗਣ ਦੇ ਬਾਵਜੂਦ ਗਾਗਰ ਵਿਚੋਂ ਪਾਣੀ ਨਾ ਡੁੱਲ੍ਹਣ ਦਿੱਤਾ। ਪਤਾ ਲੱਗਣ 'ਤੇ ਜੁਲਾਹੀ ਨੇ ਉਨ੍ਹਾਂ ਨੂੰ ਨਿਥਾਵਾਂ ਅਮਰੂ ਕਹਿ ਕੇ ਕੋਸਿਆ, ਪਰ ਆਪ ਉਸ ਦੇ ਦੁਰਬਚਨ ਬਰਦਾਸ਼ਤ ਕਰ ਕੇ ਜਦ ਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਹੋਏ ਤਾਂ ਸਾਰੀ ਗੱਲ ਦਾ ਪਤਾ ਲੱਗਣ ਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬੜੇ ਕ੍ਰਿਪਾ ਭਾਵ ਨਾਲ ਸ੍ਰੀ ਅਮਰਦਾਸ ਜੀ ਨੂੰ 'ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਤੇ ਨਿਓਟਿਆਂ ਦੀ ਓਟ' ਆਦਿ ਬਖ਼ਸ਼ਿਸ਼ਾਂ ਕਰ ਕੇ ਗਲੇ ਲਗਾਇਆ।

ਜਦੋਂ ਆਪ ਜੀ ਦੀ ਸੇਵਾ ਪ੍ਰਵਾਨ ਹੋਈ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਵੀ ਕਰ ਦਿੱਤੀ ਅਤੇ ਫ਼ੁਰਮਾਇਆ ਕਿ ਹੁਣ ਤੁਸੀਂ ਉਸੇ ਤਰ੍ਹਾਂ ਖਡੂਰ ਤੋਂ ਦੂਰ ਜਾ ਕੇ ਕਿਸੇ ਨਿਵੇਕਲੀ ਥਾਂ ਰਹੋ ਤੇ ਨਾਮ-ਬਾਣੀ ਦਾ ਪ੍ਰਚਾਰ ਕਰੋ, ਜਿਸ ਤਰ੍ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੋਂ 13 ਸਾਲ ਪਹਿਲਾਂ ਦਰਿਆ ਰਾਵੀ ਕੰਢੇ ਸ੍ਰੀ ਕਰਤਾਰਪੁਰ ਗੁਰਗੱਦੀ ਬਖ਼ਸ਼ ਕੇ ਉਸੇ ਵੇਲੇ ਆਪ ਨੂੰ ਖਡੂਰ ਸਾਹਿਬ ਭੇਜ ਦਿੱਤਾ ਸੀ, ਕਿਉਂਕਿ ਇਸ ਤਰ੍ਹਾਂ ਗੱਦੀ ਲੈ ਕੇ ਉਨ੍ਹਾਂ ਦੇ ਖਡੂਰ ਟਿਕੇ ਰਹਿਣ ਨਾਲ ਕਈ ਘਰੋਗੀ ਝਗੜੇ ਛਿੜਨ ਦਾ ਡਰ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਹ ਹੁਕਮ-ਸਿਰ ਮੱਥੇ ਪ੍ਰਵਾਨ ਕੀਤਾ ਅਤੇ ਗੋਇੰਦਵਾਲ ਚਲੇ ਗਏ।

SikhBookClub.com

ਨਗਰ ਗੋਇੰਦਵਾਲ ਦੀ ਆਬਾਦੀ

ਉਨ੍ਹੀਂ ਦਿਨੀਂ ਨਗਰ ਗੋਇੰਦਵਾਲ ਦਾ ਸਥਾਨ ਬਿਆਸ ਦੇ ਐਨ ਕੰਢੇ 'ਤੇ ਹੋਣ ਕਰਕੇ ਭਾਵੇਂ ਇਲਾਕਾ ਜਲੰਧਰ ਦੁਆਬਾ ਤੋਂ ਲਾਹੌਰ ਜਾਣ ਲਈ ਸ਼ਾਹੀ ਕਾਫ਼ਲਿਆਂ ਦਾ ਲਾਂਘਾ ਹੋਣ ਕਰਕੇ ਤੇ ਬੜੇ ਉੱਚੇ ਟਿੱਬੇ ਦੀ ਸ਼ਕਲ ਵਿਚ ਹੋਣ ਕਰਕੇ ਬੜਾ ਸੁਹਾਵਣਾ ਨਜ਼ਾਰਾ ਪੇਸ਼ ਕਰਦਾ ਸੀ, ਪਰ ਹਰ ਪ੍ਰਕਾਰ ਦੀਆਂ ਤਜਾਰਤੀ ਸਹੂਲਤਾਂ ਦੇ ਬਾਵਜੂਦ ਵੀ ਕੁਝ ਕਾਰਨਾਂ ਕਰਕੇ ਉਜਾੜ ਪਿਆ ਸੀ। ਭਾਈ ਗੋਂਦੇ ਨਾਮੀ ਇਕ ਮਰਵਾਹੇ ਖੱਤਰੀ ਨੇ ਆਪਣੇ ਭਾਈਚਾਰੇ ਸਮੇਤ ਇਥੇ ਪਹੁੰਚ ਕੇ ਕਈ ਵਾਰ ਨਗਰ ਵਸਾਉਣ ਦਾ ਯਤਨ ਕੀਤਾ, ਪਰ ਅਨੇਕ ਯਤਨ ਕਰਨ 'ਤੇ ਵੀ ਉਸ ਦੀ ਇਹ ਸੱਧਰ ਪੂਰੀ ਨਾ ਹੋ ਸਕੀ। ਛੇਕੜ ਭਾਈ ਗੋਂਦਾ ਮੱਲ ਨੇ ਬੜੇ ਸ਼ਰਧਾ-ਭਾਵ ਨਾਲ ਖਡੂਰ ਪਹੁੰਚ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਪ੍ਰਾਪਤ ਕੀਤੀ।

ਭਾਈ ਗੋਂਦਾ ਮੱਲ ਜੀ ਦੇ ਅਰਜ਼ ਕਰਨ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਗੋਇੰਦਵਾਲ ਜਾਣ ਦਾ ਹੁਕਮ ਦਿੱਤਾ। ਗੁਰੂ ਆਗਿਆ ਮੰਨ ਕੇ ਸ੍ਰੀ (ਗੁਰੂ) ਅਮਰਦਾਸ ਜੀ ਭਾਈ ਗੋਂਦੇ ਨਾਲ ਉਥੇ ਗਏ ਤੇ ਨਾਮ-ਬਾਣੀ ਦੇ ਪ੍ਰਤਾਪ ਨਾਲ ਨਵਾਂ ਨਗਰ ਵਸਾ ਕੇ ਉਸ ਦਾ ਨਾਂ ਗੋਂਦਵਾਲ (ਗੋਇੰਦਵਾਲ) ਰੱਖ ਦਿੱਤਾ। ਭਾਈ ਗੋਂਦੇ ਸਮੇਤ ਸ੍ਰੀ ਗੁਰੂ ਅਮਰਦਾਸ ਜੀ ਉਥੇ ਪਰਿਵਾਰ ਸਮੇਤ ਆਪਣੀ ਰਿਹਾਇਸ਼ ਵਾਸਤੇ ਅਤਿ ਸੁੰਦਰ ਮਕਾਨ ਬਣਾਏ ਤੇ ਦੂਰੋਂ-ਨੇੜਿਓਂ ਵਪਾਰੀਆਂ ਤੇ ਪਿੰਡਾਂ ਦੇ ਲੋਕਾਂ ਨੂੰ ਬੜੀ ਖੁੱਲ-ਦਿਲੀ ਨਾਲ ਸੱਦ ਕੇ ਉਥੇ ਵਸਾਇਆ, ਜਿਸ ਕਰਕੇ ਥੋੜ੍ਹੇ ਚਿਰ ਵਿਚ ਹੀ ਗੋਇੰਦਵਾਲ ਘੁੱਗ ਵੱਸਣ ਲੱਗਾ ਤੇ ਉਥੋਂ ਦੀ ਰੌਣਕ ਵਧ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਖ਼ੁਦ ਖਡੂਰੋਂ ਚੱਲ ਕੇ ਇਕ-ਦੋ ਵਾਰ ਉਥੇ ਆਸ਼ੀਰਵਾਦ ਦੇਣ ਤੇ ਨਗਰ ਦੇਖਣ ਲਈ ਆਏ।

ਖਡੂਰੋਂ-ਗੋਇੰਦਵਾਲ

ਇਸ ਤਰ੍ਹਾਂ ਨਗਰ ਗੋਇੰਦਵਾਲ ਆਬਾਦ ਹੋਣ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰਸਿੱਧ ਸਿੱਖ ਸੇਵਕਾਂ ਨੂੰ ਵੀ ਉਥੇ ਹੀ ਬੁਲਾ ਲਿਆ। ਇਸ ਤਰ੍ਹਾਂ ਦੂਰ-ਨੇੜੇ ਦੇ ਸਿੱਖ ਵੀ ਗੁਰੂ-ਘਰ ਦੀ ਹਾਜ਼ਰੀ ਭਰਨ ਲੱਗੇ ਤੇ ਗੁਰਸਿੱਖੀ ਦਾ ਦਾਇਰਾ ਵਸੀਹ ਹੋਣ ਅਤੇ ਸੰਗਤਾਂ ਦੀ ਆਵਾਜਾਈ ਵਧਣ ਕਰਕੇ ਨਗਰ ਗੋਇੰਦਵਾਲ ਦੀ ਰੌਣਕ ਦਿਨੋ-ਦਿਨ ਵਧਣ ਲੱਗੀ।

ਬਾਉਲੀ ਸਾਹਿਬ ਦੀ ਰਚਨਾ

ਉਸ ਸਮੇਂ ਸ਼ਾਹੀ ਕਾਫ਼ਲੇ ਦਿੱਲੀਓਂ ਲਾਹੌਰ ਪਹੁੰਚਣ ਲਈ ਚੂੰਕਿ ਦਰਿਆ ਬਿਆਸ ਤੋਂ ਗੋਇੰਦਵਾਲ ਦਾ ਪੱਤਣ ਲੰਘ ਕੇ ਜਾਂਦੇ ਸਨ ਤੇ ਫਿਰ ਅੱਗੇ ਅਫ਼ਗਾਨਿਸਤਾਨ ਜਾਣ ਲਈ ਵੀ ਇਹੋ ਰਸਤਾ ਸੀ, ਇਸ ਲਈ ਇਥੋਂ ਦਰਿਆਓਂ ਪਾਰ ਆਉਣ-ਜਾਣ ਵਾਲੇ ਕਾਫ਼ਲਿਆਂ ਨੂੰ ਸਾਫ਼ ਪਾਣੀ ਦੀ ਬੜੀ ਦਿੱਕਤ ਮਹਿਸੂਸ ਹੁੰਦੀ ਰਹਿੰਦੀ ਸੀ। ਇਸ ਮੁਸ਼ਕਿਲ ਨੂੰ ਦੂਰ ਕਰਨ ਵਾਸਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਮਤ 1616 ਬਿ. ਮੁਤਾਬਿਕ 1559 ਈ. ਵਿਚ ਬਾਉਲੀ ਦਾ ਪਾੜ ਪੁਟਾਉਣਾ ਸ਼ੁਰੂ ਕੀਤਾ ਤੇ ਲਗਭਗ ਛੇ ਸਾਲ ਇਹ ਕੰਮ ਚਲਦਾ ਰਿਹਾ। ਛੇਕੜ ਸੰਮਤ 1621 ਬਿ. (1564

SikhBookClub.com

ਈ.) ਵਿਚ ਇਹ ਕੰਮ ਸਿਰੇ ਚੜ੍ਹਿਆ। ਗੁਰੂ ਸਾਹਿਬ ਨੇ ਬਾਉਲੀ ਬਣਨ ਸਾਰ ਹੀ ਇਥੇ ਵਿਸਾਖੀ ਦਾ ਮੇਲਾ ਲਗਵਾਉਣਾ ਸ਼ੁਰੂ ਕੀਤਾ ਜਿਸ ਕਰਕੇ ਇਸ ਸਥਾਨ ਦੀ ਰੌਣਕ ਹੋਰ ਵੀ ਵੱਧ ਗਈ।

ਇਸ ਤਰ੍ਹਾਂ 84 ਪੌੜੀਆਂ ਵਾਲੀ ਇਹ ਬਾਉਲੀ ਉਨ੍ਹਾਂ ਦੇ ਇਸ ਸੇਵਾ-ਭਾਵ ਦੇ ਸਦਕੇ ਹਰ ਪਹਿਲੂ ਤੋਂ ਮੁਕੰਮਲ ਹੋ ਕੇ ਛੇਤੀ ਹੀ ਸਿਰੇ ਚੜ੍ਹ ਗਈ।

ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਦੇ ਕਥਨ ਅਨੁਸਾਰ ਇਸ ਬਾਉਲੀ ਦੇ ਨਾਂ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਦੀ ਜਾਗੀਰ ਗੋਇੰਦਵਾਲ, ਟੋਡੇਵਾਲ, ਦੁੱਗਲ ਵਾਲੇ ਅਤੇ ਫ਼ਤੇ ਚੱਕ ਪਿੰਡਾਂ ਵਿਚ ਹੈ। ਰਿਆਸਤ ਕਪੂਰਥਲਾ ਤੇ ਨਾਭਾ ਵੱਲੋਂ ਵੀ ਜਾਗੀਰਾਂ ਲੱਗੀਆਂ ਹੋਈਆਂ ਸਨ। ਇਸ ਤੋਂ ਇਲਾਵਾ ਇਸ ਸਥਾਨ ਦੇ ਨਾਂ ਲਾਗ-ਪਾਸ ਦੇ ਪਿੰਡਾਂ ਵਿਚ ਵੀ ਬਹੁਤ ਸਾਰੀ ਜ਼ਮੀਨ ਹੈ।

ਗੁਰਦੁਆਰਾ ਹਵੇਲੀ ਸਾਹਿਬ

ਇਸ ਸਥਾਨ 'ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਰਿਹਾਇਸ਼ ਸੀ। ਗੁਰੂ ਸਾਹਿਬ ਇਸ ਸਥਾਨ 'ਪੁਰ ਰੋਜ਼ ਦੀਵਾਨ ਲਗਾਉਂਦੇ। ਇਸੇ ਸਥਾਨ 'ਪੁਰ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਿਆਈ ਸਥਾਨ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਸਥਾਨ, ਪਾਲਕੀ ਥੰਮ੍ਹ ਸਾਹਿਬ, ਬੀਬੀ ਭਾਨੀ ਜੀ ਦਾ ਚੁੱਲਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦੇ ਸਥਾਨ ਵੀ ਸ਼ਾਮਲ ਹਨ।

ਸ੍ਰੀ ਗੁਰੂ ਅਮਰਦਾਸ ਜੀ ਦਾ ਲੰਗਰ

ਖਡੂਰ ਸਾਹਿਬ ਵਿਚ ਮਾਤਾ ਖੀਵੀ ਜੀ (ਸੁਪਤਨੀ ਸ੍ਰੀ ਗੁਰੂ ਅੰਗਦ ਦੇਵ ਜੀ) ਦਾ ਲੰਗਰ ਤੇ ਗੋਇੰਦਵਾਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਲੰਗਰ ਦੋਵੇਂ ਸ਼ੁਰੂ ਤੋਂ ਹੀ ਮਸ਼ਹੂਰ ਇਤਿਹਾਸਕ ਲੰਗਰ ਹਨ। ਗੋਇੰਦਵਾਲ ਦਾ ਲੰਗਰ ਪਹਿਲਾਂ ਇਸ ਗੁਰੂ ਸਥਾਨ ਦੇ ਨਾਲ ਹੀ ਸੰਬੰਧਤ ਹੋਣ ਕਰਕੇ ਸਾਧਾਰਨ ਕਮਰਿਆਂ ਵਿਚ ਸੀ, ਪਰ ਹੁਣ ਪਿੱਛੋਂ ਜਦ ਗੁਰਦੁਆਰਾ ਬਾਉਲੀ ਸਾਹਿਬ ਦੀ ਆਲੀਸ਼ਾਨ ਸੁੰਦਰ ਇਮਾਰਤ ਬਣਾਈ ਗਈ ਤਾਂ ਉਸ ਦੇ ਨਾਲ ਹੀ ਥੋੜ੍ਹੀ ਕੁ ਵਿੱਥ 'ਤੇ ਲਹਿੰਦੇ ਵੱਲ ਗੁਰੂ ਕੇ ਲੰਗਰ ਦੀ ਇਕ ਮਨੋਹਰ ਇਮਾਰਤ ਤਾਮੀਰ ਕੀਤੀ ਗਈ। ਲੰਗਰ ਦੀ ਇਹ ਨਵੀਂ ਇਮਾਰਤ ਬਣਨ 'ਤੇ ਇਸ ਵਿਚ ਗੁਰੂ-ਸੰਗਤ ਦੇ ਬੈਠਣ ਲਈ ਚੋਖੀ ਥਾਂ ਹੈ, ਇਸ ਬਾਰੇ ਸਾਰੀਆਂ ਹੀ ਦਿੱਕਤਾਂ ਦੂਰ ਹੋ ਗਈਆਂ ਹਨ, ਜਿਸ ਕਰਕੇ ਗੁਰੂ-ਘਰ ਦੀ ਸ਼ਾਨ ਵਿਚ ਚੋਖਾ ਵਾਧਾ ਹੋਇਆ ਹੈ।

(5/2004)

SikhBookClub.com

‘ਤਵਾਰੀਖ਼ ਗੁਰੂ ਖ਼ਾਲਸਾ’ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਸ਼ਖ਼ਸੀਅਤ

ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਉਨ੍ਹਾਂ ਲੋਕਾਂ ਲਈ ਪ੍ਰੇਰਨਾ ਸ੍ਰੋਤ ਹੈ ਜਿਹੜੇ ਇਹ ਕਹਿੰਦੇ ਹਨ ਕਿ ਉਮਰ ਦੇ ਨਾਲ-ਨਾਲ ਸੰਸਕਾਰ ਅਜਿਹੇ ਪੱਕ ਜਾਂਦੇ ਹਨ ਕਿ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਉਸ ਪੁਰਾਤਨ ਮਿੱਥ ਨੂੰ ਵੀ ਤੋੜਿਆ ਹੈ ਜਿਸ ਵਿਚ ਮਨੁੱਖੀ ਜੀਵਨ ਨੂੰ 100 ਸਾਲ ਦਾ ਮੰਨ ਕੇ ਕਾਰਜ ਕਰਨ ਲਈ ਕਿਹਾ ਗਿਆ ਹੈ। ਇਸ ਮਿੱਥ ਨੂੰ ਤੋੜਦੇ ਹੋਏ ਗੁਰੂ ਜੀ ਨੇ ਇਹ ਸਾਬਿਤ ਕਰਨ ਦਾ ਯਤਨ ਕੀਤਾ ਹੈ ਕਿ ਉਮਰ ਦੇ ਕਿਸੇ ਵੀ ਪੜਾਅ ਵਿਚ ਮਨੁੱਖ ਪ੍ਰਭੂ ਭਗਤੀ ਵੱਲ ਮੁੜ ਸਕਦਾ ਹੈ ਅਤੇ ਇਸ ਕਾਰਜ ਲਈ ਉਸ ਨੂੰ ਸਮਾਜ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਿਚ ਇਕਾਂਤਵਾਸ ਲਈ ਜਾਣ ਦੀ ਕੋਈ ਲੋੜ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਸੇਵਾ, ਸੰਜਮ, ਨਿਮਰਤਾ ਅਤੇ ਪ੍ਰੇਮ ਦਾ ਪ੍ਰਤੀਕ ਹੈ। ਉਨ੍ਹਾਂ ਦੇ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਨੂੰ ਵਿਦਵਾਨਾਂ ਨੇ ਉਜਾਗਰ ਕਰਨ ਦਾ ਯਤਨ ਕੀਤਾ ਹੈ ਪਰ ਇੱਥੇ ‘ਤਵਾਰੀਖ ਗੁਰੂ ਖਾਲਸਾ’ ਕ੍ਰਿਤ ਗਿਆਨੀ ਗਿਆਨ ਸਿੰਘ ਜੀ ਦੀ ਦ੍ਰਿਸ਼ਟੀ ਵਿਚ ਗੁਰੂ ਸਾਹਿਬ ਦੇ ਜੀਵਨ ਦੇ ਕੁਝ ਪ੍ਰਮੁੱਖ ਪਹਿਲੂਆਂ ਨੂੰ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

ਮੁੱਢਲਾ ਜੀਵਨ

ਸ੍ਰੀ (ਗੁਰੂ) ਅਮਰਦਾਸ ਜੀ ਦਾ ਪ੍ਰਕਾਸ਼ 1474 ਈ: ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿਚ ਭਾਈ ਤੇਜ ਭਾਨ ਜੀ ਅਤੇ ਮਾਈ ਸੁਲੱਖਣੀ ਜੀ ਦੇ ਘਰ ਹੋਇਆ। ਸਣਖੱਤ੍ਰੇ ਪਿੰਡ ਦੇ ਸ੍ਰੀ ਦੇਵੀ ਚੰਦ ਦੀ ਪੁੱਤਰੀ ਬੀਬੀ ਰਾਮ ਕੌਰ, ਸਹੁਰਾ ਨਾਂ ਬੀਬੀ ਮਨਸਾ ਦੇਵੀ ਨਾਲ ਵਿਆਹ ਉਪਰੰਤ ਉਨ੍ਹਾਂ ਦੇ ਘਰ ਦੋ ਪੁੱਤਰਾਂ ਬਾਬਾ ਮੋਹਣ ਜੀ ਅਤੇ ਬਾਬਾ ਮੋਹਰੀ ਜੀ ਅਤੇ ਦੋ ਧੀਆਂ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਪੈਦਾ ਹੋਏ। ਬਚਪਨ ਤੋਂ ਹੀ ਉਹ ਸੀਲ ਸੁਭਾਉ ਅਤੇ ਭਗਤੀ ਭਾਵਨਾ ਵਿਚ ਵਿਸ਼ਵਾਸ ਰੱਖਦੇ ਸਨ। ਸੰਤਾਂ ਦੀ ਸੰਗਤ ਕਰਨ ਦੇ ਨਾਲ-ਨਾਲ ਉਹ ਕਿਰਤ-ਕਮਾਈ ਕਰ ਕੇ ਜੀਵਨ ਬਸਰ ਕਰਦੇ ਸਨ। ਸਾਧੂ ਸੁਭਾਅ ਹੋਣ ਕਾਰਨ ਮਨ ਦੀ ਸ਼ਾਂਤੀ ਕਾਇਮ ਰੱਖਣ ਲਈ ਲਗਾਤਾਰ ਯਤਨ ਕਰਦੇ ਸਨ ਅਤੇ ਇਸੇ ਕਰਕੇ ਹਰ ਸਾਲ ਗੰਗਾ ਇਸ਼ਨਾਨ ਵੀ ਕਰਿਆ ਕਰਦੇ ਸਨ। ਇਕ ਵਾਰ ਗੰਗਾ ਦੀ ਯਾਤਰਾ ਤੋਂ ਵਾਪਸ ਆਉਂਦੇ ਹੋਏ ਰਾਹ ਵਿਚ ਉਨ੍ਹਾਂ ਦੀ ਮੁਲਾਕਾਤ ਪੰਡਤ ਦੁਰਗਾ ਦੱਤ ਨਾਲ ਹੋਈ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਉਨ੍ਹਾਂ ਦੇ ਭਤੀਜੇ ਨਾਲ ਵਿਆਹੇ ਹੋਏ ਸੀ। ਘਰ ਵਿਚ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੇ

SikhBookClub.com

ਸੀ। ਆਪ ਜੀ ਨੇ ਇਕ ਦਿਨ ਉਨ੍ਹਾਂ ਦੇ ਮੂੰਹੋਂ ਗੁਰੂ ਜੀ ਦਾ ਸ਼ਬਦ ਸੁਣਿਆ ਤਾਂ ਮਨ ਉਸ ਸ਼ਬਦ ਨਾਲ ਜੁੜ ਗਿਆ। ਬੇਚੈਨ ਮਨ ਨੂੰ ਸ਼ਾਂਤੀ ਮਿਲੀ। ਗੁਰੂ ਦੇ ਮਿਲਾਪ ਦੀ ਤਾਂਘ ਪੈਦਾ ਹੋਈ। (ਗੁਰੂ) ਅਮਰਦਾਸ ਜੀ ਨੇ ਬੀਬੀ ਅਮਰੋ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਾਉਣ ਲਈ ਕਿਹਾ।

ਗੁਰੂ-ਸੇਵਾ

ਸ੍ਰੀ (ਗੁਰੂ) ਅਮਰਦਾਸ ਜੀ ਦੀ ਸਿੱਖੀ ਸੇਵਾ ਵਾਲਾ ਜੀਵਨ ਉਸ ਸਮੇਂ ਅਰੰਭ ਹੁੰਦਾ ਹੈ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਉਨ੍ਹਾਂ ਨੂੰ ਲੈ ਕੇ ਖਡੂਰ ਸਾਹਿਬ ਆਏ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰ ਕੇ ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ। ਰਿਸ਼ਤੇ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ (ਗੁਰੂ) ਅਮਰਦਾਸ ਜੀ ਦੇ ਕੁੜਮ ਲੱਗਦੇ ਸਨ ਅਤੇ ਜਦੋਂ ਉਨ੍ਹਾਂ ਪਹਿਲੀ ਵਾਰ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਮਰ ਲੱਗਭਗ 36 ਸਾਲ ਅਤੇ ਸ੍ਰੀ (ਗੁਰੂ) ਅਮਰਦਾਸ ਜੀ ਦੀ ਉਮਰ ਲੱਗਭਗ 62 ਸਾਲ ਦੀ ਸੀ। ਸ੍ਰੀ (ਗੁਰੂ) ਅਮਰਦਾਸ ਜੀ ਨੇ ਉੱਥੇ ਹੀ ਆਪਣਾ ਨਿਵਾਸ ਕਰ ਲਿਆ ਅਤੇ ਰਿਸ਼ਤੇਦਾਰੀ ਅਤੇ ਉਮਰ ਵਿਚ ਵਡੇਰਾ ਹੋਣ ਦੀ ਪਰਵਾਹ ਕੀਤੇ ਬਗੈਰ ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਲੱਗ ਗਏ। ਰੋਜ਼ਾਨਾ ਗੁਰੂ ਜੀ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਉਨ੍ਹਾਂ ਆਪਣੇ ਜ਼ਿੰਮੇ ਲੈ ਲਈ ਅਤੇ ਨਿਰਵਿਘਨ ਇਸ ਕਾਰਜ ਵਿਚ ਜੁਟ ਗਏ।

ਉਹ ਪਹਿਰ ਰਾਤ ਰਹਿੰਦੀ ਬਿਆਸ ਦਰਿਆ 'ਤੇ ਜਾਂਦੇ, ਪਹਿਲਾਂ ਆਪ ਇਸ਼ਨਾਨ ਕਰਦੇ ਤੇ ਫਿਰ ਗੁਰੂ ਜੀ ਲਈ ਗਾਗਰ ਵਿਚ ਜਲ ਭਰ ਕੇ ਲਿਆਉਂਦੇ। ਗੁਰੂ ਜੀ ਨੂੰ ਇਸ਼ਨਾਨ ਕਰਵਾ ਕੇ ਉਹ ਸਾਰਾ ਦਿਨ ਸੰਗਤ ਦੀ ਸੇਵਾ ਵਿਚ ਲੱਗੇ ਰਹਿੰਦੇ।

ਸ੍ਰੀ ਗੋਇੰਦਵਾਲ ਦੀ ਸਥਾਪਨਾ

ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਨੂੰ ਸੰਗਤ ਨਿਰੰਤਰ ਆਉਂਦੀ ਰਹਿੰਦੀ ਸੀ। ਉੱਥੇ ਹੀ ਗੋਂਦਾ ਨਾਂ ਦਾ ਇਕ ਮਰਵਾਹਾ ਖੱਤ੍ਰੀ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਉਸ ਨੇ ਗੁਰੂ ਜੀ ਨੂੰ ਆਪਣੇ ਪੁਰਖਿਆਂ ਦੇ ਥੇਹ 'ਤੇ ਇਕ ਪਿੰਡ ਵਸਾਉਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਉੱਥੇ ਭੇਜ ਕੇ ਇਕ ਪਿੰਡ ਵਸਾਇਆ। ਸ੍ਰੀ (ਗੁਰੂ) ਅਮਰਦਾਸ ਜੀ ਨੇ ਬਾਸਰਕੇ ਤੋਂ ਆਪਣੇ ਪਰਿਵਾਰ ਅਤੇ ਹੋਰਨਾਂ ਲੋਕਾਂ ਨੂੰ ਬੁਲਾ ਕੇ ਉੱਥੇ ਪਿੰਡ ਵਸਾ ਦਿੱਤਾ। ਜੁਲਾਹੀ ਵਾਲੀ ਘਟਨਾ ਤੋਂ ਬਾਅਦ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਸੌਂਪੀ ਤਾਂ ਨਾਲ ਹੀ ਨਵੇਂ ਵਸਾਏ ਪਿੰਡ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਨਿਵਾਸ ਕਰਨ ਲਈ ਕਹਿ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸ੍ਰੀ ਗੋਇੰਦਵਾਲ ਸਾਹਿਬ ਸਿੱਖੀ ਦਾ ਕੇਂਦਰ ਬਣਿਆ। ਉੱਥੇ ਉਹੀ ਸਭ ਕਾਰਜ ਕੀਤੇ ਜਾਂਦੇ ਜਿਹੜੇ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਜਿਨ੍ਹਾਂ ਦਾ ਪ੍ਰਚਾਰ ਅਤੇ ਪ੍ਰਸਾਰ ਹੋਇਆ। ਲੇਖਕ ਦੱਸਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ 'ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਗੁਰੂ

SikhBookClub.com

ਸਾਹਿਬ ਨੇ ਸਾਧ ਸੰਗਤ ਨੂੰ ਭੀ ਓਸੇ ਵੇਲੇ ਜਾਗ ਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ। ਗੁਰੂ ਜੀ ਆਪ ਇਸ਼ਨਾਨ ਬਿਆਸਾ ਦੇ ਜਲ ਨਾਲ ਕਰਦੇ ਜੋ ਭਾਈ ਭਾਨਾ ਜ਼ਿਮੀਂਦਾਰ ਸਿੱਖ ਨੇਮ ਨਾਲ ਲਿਆਇਆ ਕਰਦਾ ਸੀ। ਪਹੁ ਫੁੱਟੀ ਤੋਂ ਸੁਫੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦੇ, ਭਾਈ ਸਾਦੂ ਜੀ, ਭਾਈ ਬਾਦੂ ਜੀ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ।'

ਸ੍ਰੀ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਸਾਹਿਬ ਨਿਵਾਸ ਕਾਰਨ ਸਿੱਖ ਸੰਗਤ ਉੱਥੇ ਹਾਜ਼ਰੀ ਭਰਨ ਲੱਗੀ ਅਤੇ ਬਹੁਤ ਸਾਰੇ ਸਿੱਖਾਂ ਨੇ ਗੁਰੂ-ਹਜ਼ੂਰੀ ਵਿਚ ਜੀਵਨ ਬਸਰ ਕਰਨ ਹਿਤ ਉੱਥੇ ਹੀ ਨਿਵਾਸ ਕਰਨ ਦਾ ਮਨ ਬਣਾ ਲਿਆ। ਇਸ ਤੋਂ ਇਲਾਵਾ ਗੁਰੂ-ਘਰ ਦੇ ਸੇਵਾਦਾਰਾਂ ਅਤੇ ਸ਼ਰਧਾਲੂਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਸੀ। ਇਸ ਲਈ ਬਹੁਤ ਸਾਰੀ ਲੱਕੜੀ ਅਤੇ ਹੋਰ ਸਾਮਾਨ ਦੀ ਬਹੁਤ ਜ਼ਰੂਰਤ ਸੀ। ਗੁਰੂ ਜੀ ਨੇ ਆਪਣੇ ਭਤੀਜੇ ਭਾਈ ਸਾਵਣ ਮੱਲ ਨੂੰ ਕਾਂਗੜੇ ਤੋਂ ਲੱਕੜ ਲਿਆਉਣ ਦਾ ਆਦੇਸ਼ ਕੀਤਾ। ਉਹ ਗੁਰੂ-ਘਰ ਦਾ ਬਹੁਤ ਸ਼ਰਧਾਲੂ ਸੀ ਅਤੇ ਗੁਰੂ ਸਾਹਿਬ ਦੀ ਉਸ 'ਤੇ ਵਿਸ਼ੇਸ਼ ਕਿਰਪਾ-ਦ੍ਰਿਸ਼ਟੀ ਸੀ। ਗੁਰੂ ਜੀ ਦੇ ਅਸ਼ੀਰਵਾਦ ਸਦਕਾ ਉਸ ਨੇ ਕਾਂਗੜੇ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਕੀਤਾ ਜਿਸ ਤੋਂ ਪ੍ਰਭਾਵਿਤ ਹੋ ਕੇ ਉੱਥੋਂ ਦਾ ਰਾਜਾ ਅਤੇ ਬਹੁਤ ਸਾਰੀ ਪਰਜਾ ਗੁਰੂ ਜੀ ਦੀ ਸ਼ਰਧਾਲੂ ਹੋ ਗਈ। ਉਸ ਨੇ ਗੁਰੂ ਜੀ ਦੀ ਇੱਛਾ ਅਨੁਸਾਰ ਬਹੁਤ ਸਾਰੀ ਲੱਕੜ ਬਿਆਸ ਦਰਿਆ ਰਾਹੀਂ ਗੋਇੰਦਵਾਲ ਸਾਹਿਬ ਪਹੁੰਚਾਈ ਗਈ। ਇਸ ਤਰ੍ਹਾਂ ਗੋਇੰਦਵਾਲ ਸਾਹਿਬ ਇਕ ਵੱਡੇ ਨਗਰ ਦੇ ਰੂਪ ਵਿਚ ਵਿਕਸਿਤ ਹੋਣ ਲੱਗਾ।

ਗੁਰੂ ਜੀ ਦੀਆਂ ਸਿੱਖਿਆਵਾਂ

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਪ੍ਰਚਾਰਿਤ ਸਿਧਾਂਤਾਂ ਨੂੰ ਪ੍ਰਸਾਰਿਤ ਕਰਨ ਦਾ ਕਾਰਜ ਅਰੰਭਿਆ ਹੋਇਆ ਸੀ। ਸਿੱਧੀ-ਸਾਦੀ ਅਤੇ ਸੌਖੀ ਜੀਵਨ-ਜਾਚ ਰਾਹੀਂ ਪ੍ਰਭੂ-ਭਗਤੀ ਦਾ ਮਾਰਗ ਦ੍ਰਿੜ੍ਹ ਕਰਵਾਇਆ ਜਾਂਦਾ। ਗੁਰੂ-ਘਰ ਆਉਣ ਵਾਲੇ ਹਰ ਪੁਰਸ਼-ਇਸਤਰੀ ਨੂੰ ਬਰਾਬਰੀ ਦਾ ਦਰਜਾ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ। ਇਸਤਰੀਆਂ ਦੇ ਉੱਥਾਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਸਨ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਦੀ ਸਿੱਖਿਆ ਨੂੰ ਹੋਰ ਵਧੇਰੇ ਦ੍ਰਿੜ੍ਹ ਕਰਾਉਣ ਲਈ ਪਰਦੇ ਅਤੇ ਸਤੀ ਦੀ ਰਸਮ ਬੰਦ ਕਰਨ ਅਤੇ ਵਿਧਵਾ ਵਿਆਹ ਨੂੰ ਉਤਸ਼ਾਹਿਤ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਵਿੱਚੋਂ ਜਾਤ-ਪਾਤ ਅਤੇ ਉੱਚ-ਨੀਚ ਦੇ ਵਿਤਕਰੇ ਨੂੰ ਜੜ੍ਹੋਂ ਪੁੱਟਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਿਨ੍ਹਾਂ ਦੀ ਮਿਸਾਲ ਦੁਨੀਆਂ ਵਿਚ ਹੋਰ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਅਰੰਭ ਕੀਤੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਪ੍ਰਥਾ ਨੂੰ ਹੋਰ ਵਧੇਰੇ ਮਜ਼ਬੂਤੀ ਨਾਲ ਅੱਗੇ ਤੋਰਨ ਲਈ ਸੰਗਤ ਨੂੰ ਇਹ ਆਦੇਸ਼ ਕਰ ਦਿੱਤਾ ਕਿ ਗੁਰੂ-ਦਰਸ਼ਨਾਂ ਨੂੰ ਆਉਣ ਤੋਂ ਪਹਿਲਾਂ ਹਰ ਇਕ ਵਿਅਕਤੀ ਪੰਗਤ ਵਿਚ ਬੈਠ ਕੇ ਲੰਗਰ ਛਕੇ। ਇਸ ਤਰ੍ਹਾਂ 'ਪਹਿਲੇ ਪੰਗਤ ਪਾਛੈ ਸੰਗਤ' ਦੀ ਪ੍ਰਥਾ ਸਥਾਪਿਤ ਹੋਈ। ਗੁਰੂ ਜੀ ਦੀ ਚਲਾਈ ਜਾ ਰਹੀ ਲੰਗਰ ਵਿਵਸਥਾ ਵਿਲੱਖਣ ਸੀ। ਰਾਤ ਦੇ ਸਮੇਂ

SikhBookClub.com

ਸਾਰਾ ਲੰਗਰ ਵਰਤਾ ਕੇ ਬਰਤਨ ਮੂਧੇ ਮਾਰ ਦਿੱਤੇ ਜਾਂਦੇ ਸਨ ਅਤੇ ਸਵੇਰ ਵੇਲੇ ਤਾਜ਼ਾ ਲੰਗਰ ਤਿਆਰ ਕੀਤਾ ਜਾਂਦਾ ਸੀ। ਉਨ੍ਹਾਂ ਦੇ ਸਮੇਂ ਦ੍ਰਿੜ੍ਹ ਕਰਾਈ ਗਈ ਲੰਗਰ ਦੀ ਪ੍ਰਥਾ ਨੇ ਸਮਾਜ ਸੁਧਾਰ ਲਈ ਨਵੇਂ ਕੀਰਤੀਮਾਨ ਸਥਾਪਿਤ ਕੀਤੇ, ਜਾਤ-ਪਾਤ, ਉੱਚ-ਨੀਚ ਅਤੇ ਭੇਦ-ਭਾਵ ਦੀ ਭਾਵਨਾ ਨੂੰ ਖਤਮ ਕਰਨ ਵਿਚ ਇਸ ਪ੍ਰਥਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

ਗੁਰੂ ਸਾਹਿਬ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਨੂੰ ਪੰਗਤ ਉਪਰੰਤ ਸਤਿਸੰਗ ਦੀ ਪ੍ਰੇਰਨਾ ਕਰਦੇ ਸਨ। ਸਤਿਸੰਗਤਿ ਨਾਲ ਮਨੁੱਖ ਦੇ ਮਨ ਵਿੱਚੋਂ ਬੁਰੀਆਂ ਬਿਰਤੀਆਂ ਦਾ ਨਾਸ਼ ਹੁੰਦਾ ਹੈ ਅਤੇ ਮਨੁੱਖ ਦੇ ਮਨ ਵਿਚ ਸ਼ੁਭ ਗੁਣਾਂ ਦਾ ਸੰਚਾਰ ਹੋ ਜਾਂਦਾ ਹੈ। ਭਾਰਤੀ ਪਰੰਪਰਾ ਵਿਚ ਗਿਆਨ ਦੀਆਂ ਚਾਰ ਅਵਸਥਾਵਾਂ ਦਾ ਵਰਣਨ ਆਉਂਦਾ ਹੈ- ਜਾਗ੍ਰਿਤ, ਸ੍ਵਪਨ, ਸੁਖੁਪਤਿ ਅਤੇ ਤੁਰੀਆ। ਇਨ੍ਹਾਂ ਚਾਰਾਂ ਵਿੱਚੋਂ ਤੁਰੀਆ ਅਵਸਥਾ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ। ਗਿਆਨ ਦੀ ਇਹ ਅਵਸਥਾ ਮਨੁੱਖ ਨੂੰ ਸਹਿਜ ਵਿਚ ਲੈ ਜਾਂਦੀ ਹੈ ਜਿੱਥੇ ਉਹ ਦੁੱਖ-ਸੁੱਖ, ਉੱਚ-ਨੀਚ, ਸੱਜਨ-ਦੁਰਜਨ ਆਦਿ ਦੇ ਭੇਦਭਾਵ ਤੋਂ ਮੁਕਤ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਤਿਸੰਗਤਿ ਰਾਹੀਂ ਮਨੁੱਖ ਨੂੰ ਇਹ ਅਵਸਥਾ ਪ੍ਰਾਪਤ ਹੋ ਸਕਦੀ ਹੈ:

ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥

(ਪੰਨਾ ੧੨੬੦)

ਤੁਰੀਆ ਅਵਸਥਾ ਤਕ ਪਹੁੰਚਾਉਣ ਵਾਲੀ ਸਤਿਸੰਗਤਿ ਵਿਚ ਕਿਹੋ ਜਿਹੇ ਗੁਣਾਂ ਵਾਲੇ ਪੁਰਖ ਸ਼ਾਮਲ ਹੁੰਦੇ ਹਨ, ਉਨ੍ਹਾਂ ਦਾ ਵਰਣਨ ਗੁਰੂ ਜੀ ਰਾਹੀਂ ਕਰਦੇ ਹੋਏ ਲੇਖਕ ਦੱਸਦਾ ਹੈ, 'ਭਾਈ ਸਿੱਖੋ! ਸੱਚੇ ਭਗਤਾਂ ਤੇ ਬ੍ਰਹਮ ਗਯਾਨੀਆਂ ਦੇ ਅੰਤ੍ਰੀਵ ਲੱਖਣ ਤਾਂ ਬਰਨਨ ਕਰਨੇ ਤੇ ਸਮਝਣੇ ਬਹੁਤ ਕਠਨ ਹਨ, ਪਰਤੱਖ ਬਾਹਰ ਦੇ ਲੱਖਣ ਏਹ ਹਨ - ਸਤੋ ਗੁਣੀ, ਸਮਦਰਸੀ, ਸ਼ਾਂਤਿ ਚਿੱਤ, ਵਿਚ ਹੋਣ, ਉਨ੍ਹਾਂ ਦੀ ਸੰਗਤ ਕਰਨੀ ਕਲਿਆਣਕਾਰੀ ਹੈ।'

ਨਿਮਰਤਾ ਨੂੰ ਸਿੱਖੀ ਦੀ ਜੜ੍ਹ ਮੰਨਿਆ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸਿੱਖਿਆ ਦਾ ਕੇਵਲ ਉਪਦੇਸ਼ ਹੀ ਨਹੀਂ ਕੀਤਾ ਬਲਕਿ ਇਸ ਨੂੰ ਆਪਣੇ ਜੀਵਨ ਰਾਹੀਂ ਪ੍ਰਗਟ ਵੀ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪੁੱਤਰ ਬਾਬਾ ਦਾਤੂ ਜੀ ਇਕ ਵਾਰ ਗੋਇੰਦਵਾਲ ਸਾਹਿਬ ਆਏ, ਉਹ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਜੀ ਨਾਲ ਈਰਖਾ ਕਰਦੇ ਸੀ। ਉਸ ਨੇ ਗੁਰੂ-ਪੁੱਤਰ ਹੋਣ ਦੀ ਹਉਮੈ ਵਿਚ ਗੁਰੂ ਜੀ ਨੂੰ ਲੱਤ ਮਾਰ ਦਿੱਤੀ। ਬਿਰਧ ਅਵਸਥਾ ਵਿਚ ਹੋਣ ਕਰਕੇ ਉਹ ਅੱਗੇ ਨੂੰ ਡਿੱਗ ਪਏ ਪਰ ਉਨ੍ਹਾਂ ਨੇ ਛੇਤੀ ਹੀ ਆਪਣੇ ਆਪ ਨੂੰ ਸੰਭਾਲਿਆ ਅਤੇ ਉਸ ਦੇ ਪੈਰ ਨੂੰ ਦਬਾਉਣ ਲੱਗੇ। ਇਸ ਘਟਨਾ ਨਾਲ ਸੰਗਤ ਵਿਚ ਗੁਰੂ ਜੀ ਦਾ ਸਤਿਕਾਰ ਹੋਰ ਵਧ ਗਿਆ ਪਰ ਦਾਤੂ ਜੀ ਪ੍ਰਤੀ ਸਿੱਖਾਂ ਵਿਚ ਗੁਰੂ-ਪੁੱਤਰ ਹੋਣ ਕਰਕੇ ਪੈਦਾ ਹੋਇਆ ਸਤਿਕਾਰ ਖਤਮ ਹੋ ਗਿਆ।

ਗੁਰੂ ਸਾਹਿਬ ਦੀ ਸੰਗਤ ਵਿਚ ਸਭ ਧਰਮਾਂ, ਫਿਰਕਿਆਂ, ਜਾਤਾਂ, ਵਿਸ਼ਵਾਸਾਂ ਆਦਿ ਨਾਲ ਸੰਬੰਧਿਤ ਵਿਅਕਤੀ ਸ਼ਾਮਲ ਹੁੰਦੇ ਸਨ। ਉਨ੍ਹਾਂ ਦੇ ਆਪੋ-ਆਪਣੇ ਪਿਛਲੇ ਸੰਸਕਾਰ ਵੀ ਨਾਲ ਚਲੇ ਆਉਂਦੇ ਸਨ। ਕਈ ਵਾਰ ਉਹ ਗੁਰੂ ਸਾਹਿਬ ਦੀ ਸਿੱਖਿਆ ਦੀ ਤੁਲਨਾ ਆਪਣੇ ਪੂਰਵ ਜੀਵਨ ਨਾਲ ਕਰਦੇ ਅਤੇ ਕਈ ਵਾਰ ਉਹ ਸਮਕਾਲੀ ਧਰਮਾਂ ਦੀਆਂ ਪੂਜਾ-ਵਿਧੀਆਂ ਨੂੰ ਸਾਹਮਣੇ ਰੱਖ ਕੇ ਗੁਰੂ ਜੀ ਤੋਂ ਸਿੱਖ ਜੀਵਨ-ਜਾਚ ਬਾਰੇ ਜਾਣਨ ਦਾ ਯਤਨ ਕਰਦੇ। ਲੇਖਕ ਦੱਸਦਾ ਹੈ ਕਿ ਇਕ ਵਾਰੀ ਭਾਈ ਕਿਦਾਰੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ, 'ਜੋਗੀ ਸੰਨਿਆਸੀ ਆਖਦੇ ਹਨ, ਘਰ

SikhBookClub.com

ਬਾਰ ਪੁੱਤਰ ਇਸਤਰੀ ਨੂੰ ਛੱਡ ਕੇ ਸੰਤ ਬਾਣਾ ਧਾਰਨ ਕਰਨਾ ਦੇਸ ਪਰਦੇਸ ਨਿਕਲ ਜਾਣਾ ਅਤੇ ਜਪ ਤਪ ਕਰਨਾ, ਏਸ ਬਿਨਾਂ ਜੀਵ ਦੀ ਕਲਯਾਨ ਨਹੀਂ ਹੁੰਦੀ। ਬੈਰਾਗੀ ਆਖਦੇ ਹਨ ਤੁਲਸੀ ਦੀ ਕੰਠੀ, ਮਾਲਾ, ਤਿਲਕ, ਜਨੇਊ ਰੱਖੋ, ਪ੍ਰਿਤਮਾ (ਮੂਰਤੀ) ਪੂਜੋ, ਚਾਰੋ ਧਾਮ ਤੀਰਥ ਪਰਸੋ, ਦੁਵਾਰਕਾ ਛਾਪੇ ਲਗਵਾਓ ਤਾਂ ਸਵਰਗ ਨੂੰ ਜਾਓਗੇ। ਕੋਈ ਆਖਦੇ ਹਨ ਮੰਗ ਖਾਣਾ, ਏਕਾਂਤ ਰਹਿਣਾ ਏਹੋ ਮੁਕਤੀ ਦਾ ਰਾਹ ਹੈ। ਸੋ ਅਸੀਂ ਆਪ ਦੇ ਸੇਵਕ ਹਾਂ ਜੋ ਕੁਛ ਹੁਕਮ ਕਰੋ ਸੋ ਕਰੀਏ, ਕਿਉਂਕਿ ਅਸੀਂ ਅਣਜਾਣ ਹਾਂ, ਨਹੀਂ ਜਾਣਦੇ ਕਿਹੜਾ ਰਸਤਾ ਚੰਗਾ ਹੈ, ਜਿਕੂੰ ਮਾਤਾ ਪਿਤਾ ਪੁਤ੍ਰ ਨੂੰ ਸੁਖੀ ਰੱਖਣ ਲਈ ਚੰਗੇ ਰਾਹ ਪਾਉਂਦੇ ਹਨ ਤੈਸੇ ਆਪ ਸਤਿਗੁਰੂ ਹੋ ਸਾਨੂੰ ਭਰੋਸਾ ਹੈ ਆਪ ਸਾਡੀ ਉੱਨਤੀ ਅਤੇ ਮੁਕਤੀ ਦੇ ਸੁਖਾਲੇ ਰਾਹ ਸਾਨੂੰ ਚਲਾਓਗੇ। ਏਹ ਪ੍ਰਸ਼ਨ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਬੋਲੇ ਭਾਈ ਸਿੱਖੋ! ਘਰ ਤਿਆਗੇ ਭਗਤੀ ਨਹੀਂ ਲੱਭਦੀ, ਕਰਨੀ ਕਰ ਕੇ ਪ੍ਰਾਪਤ ਹੁੰਦੀ ਹੈ, ਕਿਉਂਕਿ ਸਾਧੂ ਹੋ ਕੇ ਸਗੋਂ ਗ੍ਰਿਹਸਤੀਆਂ ਦੇ ਘਰਾਂ ਤੋਂ ਭਿੱਛਯਾ ਲੈਣੀ ਪੈਂਦੀ ਹੈ, ਗ੍ਰਿਹਸਤੀ ਤਾਂ ਛੱਡੇ ਜੇ ਫੇਰ ਗ੍ਰਿਹਸਤੀ ਦੇ ਦੁਆਰੇ ਨਾ ਜਾਣਾ ਹੋਵੇ ਤਾਂ ਤੇ ਗ੍ਰਿਹਸਤੀ ਆਸ਼ਰਮ ਦੇ ਧਰਮ ਪਾਲਣ ਜੈਸਾ ਹੋਰ ਕੋਈ ਆਸ਼੍ਰਮ ਕਲਿਆਨਕਾਰੀ ਨਹੀਂ, ਸੋ ਘਰ ਵਿਚ ਰਹੋ, ਕਿਰਤ ਕਰ ਕੇ ਛਕੋ, ਲੋੜਵੰਦਾਂ ਨੂੰ ਬਸਤ੍ਰ ਪਹਿਨਾਓ, ਸਤਸੰਗ ਤੇ ਭਗਤੀ ਕਰੋ, ਏਸੇ ਕਰਨੇ ਕਰ ਤੁਸਾਡਾ ਲੋਕ ਤੇ ਪ੍ਰਲੋਕ ਸੁਧਰੇਗਾ'।

ਜਾਤ-ਪਾਤ ਭਾਰਤੀ ਸਮਾਜ ਨੂੰ ਘੁਣ ਵਾਂਗ ਖਾ ਰਹੀ ਹੈ। ਇਹ ਸਮਾਜ ਵਿਚ ਵੰਡੀਆਂ ਪਾ ਕੇ ਲੋਕਾਂ ਨੂੰ ਸਦੀਆਂ ਤਕ ਲੜਾਉਣ ਦਾ ਕਾਰਜ ਕਰਦੀ ਹੈ। ਗੁਰੂ ਸਾਹਿਬਾਨ ਨੇ ਜਾਤ ਦੇ ਹੰਕਾਰ ਨੂੰ ਸਮਾਜ ਦਾ ਸਭ ਤੋਂ ਵੱਡਾ ਦੁਸ਼ਮਣ ਦੱਸਿਆ ਜਿਹੜਾ ਕਿ ਲੋਕਾਈ ਨੂੰ ਇਕ ਧੁਰੇ ਨਾਲ ਜੋੜਨ ਦੀ ਥਾਂ ਤੋੜਨ ਦੇ ਮਾਰਗ ਪਾਉਂਦਾ ਹੈ। ਗੁਰੂ ਸਾਹਿਬਾਨ ਹਮੇਸ਼ਾਂ ਸਤਿ ਮਾਰਗ ਦਾ ਉਪਦੇਸ਼ ਦਿੰਦੇ ਰਹੇ ਹਨ ਜਿਸ 'ਤੇ ਚੱਲਣ ਵਾਲੇ ਲਈ ਸਭ ਬਰਾਬਰ ਹਨ ਅਤੇ ਕੋਈ ਵੀ ਵਿਅਕਤੀ ਸ਼ੁਭ ਕਰਮ ਕਰਦਾ ਹੋਇਆ ਜੀਵਨ-ਉਦੇਸ਼ ਹਾਸਲ ਕਰ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਨੂੰ ਜਾਤ-ਪਾਤ ਦੇ ਬੰਧਨ ਤੋਂ ਮੁਕਤ ਕਰਨ ਲਈ ਸੰਗਤ ਦੇ ਨਾਲ-ਨਾਲ ਪੰਗਤ ਦੀ ਪ੍ਰਥਾ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਤਾਂ ਕਿ ਜਾਤ ਦਾ ਹੰਕਾਰ ਰੱਖਣ ਵਾਲਾ ਵਿਅਕਤੀ ਸੰਗਤ ਵਿਚ ਦੂਜਿਆਂ ਤੋਂ ਦੂਰ ਹੋ ਕੇ ਬੈਠ ਸਕਦਾ ਹੈ ਪਰ ਜੇਕਰ ਉਸ ਦਾ ਭੋਜਨ ਦੂਜਿਆਂ ਨਾਲ ਸਾਂਝਾ ਹੋ ਜਾਵੇ ਤਾਂ ਉਸ ਦੇ ਮਨ ਵਿਚ ਉੱਚ-ਨੀਚ ਦੀ ਭਾਵਨਾ ਦੂਰ ਹੋ ਸਕਦੀ ਹੈ ਅਤੇ ਉਹ ਗੁਰਮਤਿ ਨੂੰ ਚੰਗੀ ਤਰ੍ਹਾਂ ਮਨ ਵਿਚ ਦ੍ਰਿੜ੍ਹ ਕਰ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਰਸ਼ਨਾਂ ਨੂੰ ਆਉਣ ਵਾਲੀ ਸਮੁੱਚੀ ਸੰਗਤ ਨੂੰ ਇਸ ਹਉਮੈ ਤੋਂ ਮੁਕਤ ਹੋਣ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਸਨ।

ਬਾਉਲੀ ਦੇ ਨਿਰਮਾਣ ਨੇ ਵੀ ਜਿੱਥੇ ਪਾਣੀ ਦੀ ਕਿੱਲਤ ਨੂੰ ਦੂਰ ਕੀਤਾ ਉੱਥੇ ਸਭ ਧਰਮਾਂ ਅਤੇ ਜਾਤਾਂ ਦੇ ਲੋਕਾਂ ਦੁਆਰਾ ਇਸ ਦੀ ਕੀਤੀ ਜਾਂਦੀ ਵਰਤੋਂ ਨੇ ਜਾਤ-ਪਾਤ ਦੀ ਬੁਰਾਈ ਨੂੰ ਖ਼ਤਮ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਮੰਜੀ ਪ੍ਰਥਾ ਦੀ ਸਥਾਪਨਾ ਕੀਤੀ ਜਿਸ ਵਿਚ ਮੰਜੀਦਾਰ ਦੀ ਨਿਯੁਕਤੀ ਗੁਣਾਤਮਕ ਪੱਧਰ 'ਤੇ ਆਧਾਰਿਤ ਕੀਤੀ ਗਈ।

ਸ੍ਰੀ ਗੁਰੂ ਅਮਰਦਾਸ ਜੀ ਸੰਗਤ ਨੂੰ ਸੇਵਾ, ਸੰਜਮ ਅਤੇ ਸਿਮਰਨ ਦਾ ਉਪਦੇਸ਼ ਕਰਦੇ ਸਨ।

(5/2011)

SikhBookClub.com

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ

ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਇਤਨਾ ਭਰਪੂਰ ਤੇ ਵਚਿੱਤਰ ਹੈ ਕਿ ਉਨ੍ਹਾਂ ਦੀ ਪਾਵਨ ਸ਼ਖ਼ਸੀਅਤ ਤੇ ਬਖ਼ਸ਼ਿਸ਼ਾਂ ਦੀ ਸਾਰ ਲੈਣੀ ਮਨੁੱਖੀ ਸਮਰੱਥਾ ਦੇ ਵੱਸ ਦੀ ਗੱਲ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੱਬੀ ਭੱਟਾਂ ਨੇ ਆਪਣੇ ਰੂਹਾਨੀ ਅਨੁਭਵ ਦੇ ਰਾਹੀਂ ਜੋ ਬਚਨ ਲਿਖੇ ਹਨ, ਉਹ ਗੁਰੂ ਜੀ ਦੇ ਜੀਵਨ ਦੇ ਹਰ ਪਹਿਲੂ 'ਤੇ ਖ਼ੂਬ ਰੌਸ਼ਨੀ ਪਾਉਂਦੇ ਹਨ। ਭੱਟ ਭਲ੍ਹ ਨੇ ਠੀਕ ਆਖਿਆ ਹੈ ਕਿ ਕੋਈ ਧਿਆਨ ਦੀ ਪ੍ਰਬਲ ਸ਼ਕਤੀ ਦੁਆਰਾ ਸ਼ਾਇਦ ਬੱਦਲਾਂ ਦੀਆਂ ਕਣੀਆਂ ਗਿਣ ਸਕੇ, ਧਰਤੀ ਦੀ ਬਨਸਪਤੀ ਦਾ ਲੇਖਾ ਲਾ ਲਵੇ, ਸੂਰਜ ਦੀਆਂ ਕਿਰਨਾਂ ਮਿਣ ਲਵੇ, ਸਮੁੰਦਰ ਦਾ ਥਾਹ ਪਾ ਲਵੇ, ਗੰਗਾਂ ਦੀਆਂ ਲਹਿਰਾਂ ਦਾ ਹਿਸਾਬ ਲਗਾ ਲਵੇ, ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣਾਂ ਦੀ ਕੋਈ ਗਿਣਤੀ ਨਹੀਂ ਕਰ ਸਕਦਾ ਕਿਉਂਕਿ ਆਪਣੀ ਮਿਸਾਲ ਉਹ ਆਪ ਹੀ ਹਨ:

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਪੰਨਾ ੧੩੯੬)

ਸ੍ਰੀ ਗੁਰੂ ਅਮਰਦਾਸ ਜੀ ਦੀ ਅਦਭੁਤ ਮਹਾਨਤਾ ਦਾ ਵਰਣਨ ਤਾਂ ਨਹੀਂ ਹੋ ਸਕਦਾ, ਪਰੰਤੂ ਉਨ੍ਹਾਂ ਦੇ ਬਾਰੇ ਕੁਝ ਝਲਕ ਪ੍ਰਾਪਤ ਕਰਨ ਦਾ ਯਤਨ ਹੀ ਇਤਨਾ ਸੁਹਾਵਣਾ ਹੈ ਕਿ ਉਸ ਦੇ ਨਾਲ ਦ੍ਰਿਸ਼ਟੀ ਬਦਲ ਜਾਂਦੀ ਹੈ ਅਤੇ ਜੀਵਨ ਵਿਚ ਇਕ ਰਸ ਤੇ ਖੇੜਾ ਵਿਗਸਣ ਲੱਗ ਪੈਂਦਾ ਹੈ। ਚਰਚਾ ਪੂਰੀ ਤਾਂ ਕੀ ਹੋਣੀ ਹੈ, ਚਰਚਾ ਕਰਦਿਆਂ ਕਰਦਿਆਂ ਧਿਆਨ ਦਾ ਬੀਜ ਪ੍ਰਫੁਲਤ ਹੋਣ ਲੱਗ ਪੈਂਦਾ ਹੈ। ਇਹ ਉਨ੍ਹਾਂ ਵੱਲ ਉਨਮੁਖ ਹੋਣ ਦਾ ਇਕ ਸੁੰਦਰ ਮੌਕਾ ਹੈ, ਜਿਸ ਦੇ ਨਾਲ ਹਿਰਦੇ ਦੀਆਂ ਗਹਿਰਾਈਆਂ ਵਿਚੋਂ ਆਪ ਮੁਹਾਰੇ ਹੀ "ਬਲਿ ਬਲਿ ਬਲਿ ਬਲਿ ਬਲਿਹਾਰ" ਦੀ ਝਰਨਾਹਟ ਛਿੜ ਪੈਂਦੀ ਹੈ। ਸਭ ਤੋਂ ਵੱਡੀ ਹੈਰਾਨੀ ਇਹ ਹੈ ਕਿ ਜਿਸ ਬੁਢੇਪੇ ਵਿਚ ਲੋਕੀਂ ਹਾਰ ਹੰਭ ਜਾਂਦੇ ਹਨ, ਮਤ-ਹੀਣ ਤੇ ਸੱਤਰੇ ਬਹੱਤਰੇ ਹੋ ਜਾਂਦੇ ਹਨ ਅਤੇ ਮੌਤ ਦੀ ਉਡੀਕ ਕਰਦੇ ਹੋਏ ਨਿਰਾਸਤਾ ਦੀਆਂ ਘੁੰਮਣ ਘੇਰੀਆਂ ਵਿਚ ਡਿਕੋ-ਡੋਲੇ ਖਾਂਦੇ ਗਿਣ ਗਿਣ ਕੇ ਦਿਨ ਕੱਟਦੇ ਹਨ, ਸ੍ਰੀ ਗੁਰੂ ਅਮਰਦਾਸ ਜੀ ਨੇ ਸਾਬਤ ਕਰ ਦਿੱਤਾ ਕਿ ਗੁਰਮਤਿ ਦੇ ਮਾਰਗ 'ਤੇ ਚੱਲਣ ਵਾਲੇ ਕਦੇ ਬੁੱਢੇ ਨਹੀਂ ਹੁੰਦੇ, 'ਕਾਲੀ ਧਉਲੀ ਸਾਹਿਬ' ਮਿਲ ਸਕਦਾ ਹੈ ਜੇ ਉਸ ਦੀ ਰਹਿਮਤ ਹੋ ਜਾਏ। ਉਸ ਦੇ ਜੀਵਨ ਵਿਚੋਂ ਆਸ਼ਾਵਾਦੀ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ ਜੋ ਸਾਡੇ ਲਈ ਪ੍ਰੇਰਨਾ ਦਾ ਅਦੁੱਤੀ ਸੋਮਾ ਹੈ।

ਆਤਮਿਕ ਜੀਵਨ ਦੇ ਵਿਚ ਵਿਕਾਸ ਕਰਨ ਲਈ ਗੁਰਮਤਿ ਅਨੁਸਾਰ ਦੋ ਸਾਧਨ ਪ੍ਰਮੁੱਖ ਹਨ—ਸੇਵਾ ਅਤੇ ਸਿਮਰਨ ਜਿਨ੍ਹਾਂ ਨੂੰ ਸਿੱਖੀ ਦੇ ਮਹੱਲ ਦੇ ਦੋ ਵੱਡੇ ਥੰਮ੍ਹ ਸਵੀਕਾਰ ਕੀਤਾ ਜਾਂਦਾ ਹੈ। ਇਹ ਦੋਵੇਂ ਨਾਲ-ਨਾਲ ਚਲਣੇ ਚਾਹੀਦੇ ਹਨ, ਤਦ ਹੀ ਸਿੱਖੀ ਦਾ ਬੀਜ ਹਿਰਦੇ ਵਿਚ ਪ੍ਰਫੁੱਲਿਤ ਹੁੰਦਾ ਹੈ। ਸੇਵਾ, ਸਿਮਰਨ ਦੀ ਸਿਖਲਾਈ ਭੀ ਹੈ ਤੇ ਉਸ ਵਿਚ ਪੂਰਨਤਾ ਹਾਸਲ ਕਰਨ ਦੀ

SikhBookClub.com

ਕਸਵੱਟੀ ਭੀ ਕਿਉਂਕਿ ਟਹਲੋਂ ਹੀ ਮਹਲ ਪ੍ਰਾਪਤ ਹੁੰਦਾ ਹੈ। ਕੋਈ ਵੀ ਧਾਰਮਿਕ ਵਿਅਕਤੀ ਨਾਮ ਜਪਣ ਦੀ ਡੀਂਗ ਮਾਰੇ ਪਰ ਸੇਵਾ ਨਾ ਕਰੇ ਉਸ ਦਾ ਦਾਅਵਾ ਸ਼ੱਕੀ ਸਮਝਣਾ ਚਾਹੀਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਆਪਣਾ ਫ਼ੁਰਮਾਣ ਹੈ ਕਿ ਰਸਨਾ ਨਾਲ ਨਾਮ ਤਾਂ ਹਰ ਕੋਈ ਕਹਿੰਦਾ ਹੈ, ਪ੍ਰੰਤੂ ਨਾਮ ਦੀ ਪ੍ਰਾਪਤੀ ਸਤਿਗੁਰੂ ਦੀ ਸੇਵਾ ਨਾਲ ਹੀ ਹੋ ਸਕਦੀ ਹੈ:

ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥

(ਪੰਨਾ ੧੨੬੨)

ਸੇਵਾ ਉਸ ਦੀ ਕੀਤੀ ਜਾਂਦੀ ਹੈ ਜਿਸ ਨਾਲ ਅਥਾਹ ਪ੍ਰੇਮ ਤੇ ਸ਼ਰਧਾ ਹੋਵੇ। ਪ੍ਰੇਮ ਹਿਰਦੇ 'ਚ ਮਘਦੀ ਇਕ ਜਵਾਲਾ ਹੈ ਜੋ ਹਉਮੈ ਨੂੰ ਸਾੜਦੀ ਹੈ। ਜਿਉਂ ਜਿਉਂ ਹਉਮੈ ਦਾ ਅਭਾਵ ਹੁੰਦਾ ਹੈ, ਸੇਵਾ 'ਹੁਕਮ ਦੀ ਕਾਰ' ਬਣਦੀ ਜਾਂਦੀ ਹੈ ਅਤੇ ਜੀਵਨ ਵਿਚ 'ਸਚਿਆਰਤਾ' ਵਿਗਸਣ ਲੱਗਦੀ ਹੈ। 'ਹੁਕਮ ਦੀ ਕਾਰ' ਦੀ ਸਭ ਤੋਂ ਉੱਤਮ ਮਿਸਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਦੀ ਹੈ। ਉਹ ਸੱਠ ਸਾਲ ਦੀ ਪੌਢ ਅਵਸਥਾ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ। ਉਨ੍ਹਾਂ ਲੋਕ-ਲਾਜ ਦੀ ਪ੍ਰਵਾਹ ਨਾ ਕਰਦਿਆਂ ਬਗ਼ੈਰ ਹੀਲ-ਹੁੱਜਤ ਦੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਰ ਹੁਕਮ ਦੀ ਪਾਲਣਾ ਕੀਤੀ ਅਤੇ ਆਪਾ ਵਾਰ ਕੇ ਲਗਾਤਾਰ 12 ਸਾਲ ਸੇਵਾ ਦਾ ਤਪ ਸਾਧਿਆ।

ਜੈਸਾ ਸੇਵੈ ਤੈਸੋ ਹੋਇ॥

ਦੇ ਮਹਾਨ ਸਿਧਾਂਤ ਅਨੁਸਾਰ ਉਨ੍ਹਾਂ ਦੀ ਸ਼ਖ਼ਸੀਅਤ ਦੀ ਹਰ ਪੱਖੋਂ ਉਸਾਰੀ ਹੁੰਦੀ ਗਈ, ਉਨ੍ਹਾਂ ਦੀ ਸੁਰਤਿ, ਮਤਿ, ਮਨਿ ਅਤੇ ਬੁਧੀ ਸਾਰੇ ਹੀ ਸ਼ਬਦ ਦੀ ਟਕਸਾਲ ਵਿਚ ਨਵੇਂ ਸਿਰਿਉਂ ਘੜੇ ਗਏ। ਦੈਵੀ ਗੁਣ ਉਨ੍ਹਾਂ ਦੇ ਅਨੁਭਵ ਵਿਚ ਪ੍ਰਗਟ ਹੋਣ ਲੱਗੇ। ਗੁਰੂ ਅਮਰਦਾਸ ਜੀ ਨੇ ਇਸ ਆਤਮਿਕ ਕ੍ਰਾਂਤੀ ਨੂੰ ਰੱਬੀ ਮਿਹਰ ਦਾ ਫਲ ਦਰਸਾਇਆ ਹੈ:

ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ॥
ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ॥

(ਪੰਨਾ ੫੫੮)

ਤੀਜੇ ਪਾਤਸ਼ਾਹ ਆਪਣੇ ਨਿੱਜੀ ਤਜਰਬੇ ਦੀ ਸਾਖੀ ਭਰਦੇ ਹੋਏ, ਪਿਆਰ ਨਾਲ ਸੰਬੋਧਨ ਕਰਦੇ ਹਨ ਕਿ "ਹੇ ਭਾਈ! ਅਸੀਂ ਸ਼ਬਦ ਦੀ ਚੋਟ ਨਾਲ ਮਰੇ, ਜਿਸ ਨੇ ਸਾਡੀ ਹੰਗਤਾ ਨੂੰ ਖ਼ਤਮ ਕਰ ਕੇ ਨਵਾਂ ਆਤਮਿਕ ਜੀਵਨ ਬਖ਼ਸ਼ਿਆ। ਸ਼ਬਦ ਦੀ ਬਰਕਤਿ ਨਾਲ ਹੀ ਅਸੀਂ ਵਾਹਿਗੁਰੂ ਨਾਲ ਇਕਮਿਕ ਹੋ ਗਏ। ਸ਼ਬਦ ਹੀ ਸਾਡਾ 'ਗੁਰੂ' ਹੈ ਜੋ ਸਾਰੀਆਂ ਦਾਤਾਂ ਦਾ ਮੂਲ ਸੋਮਾ ਹੈ:

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ॥

(ਪੰਨਾ ੬੦੧)

ਇਹ ਸ੍ਰੀ ਗੁਰੂ ਅਮਰਦਾਸ ਜੀ ਦੀ ਸਵੈ-ਜੀਵਨੀ ਹੈ। ਉਨ੍ਹਾਂ ਦਾ ਗੁਰਤਾ-ਪਦ ਹੀ ਪ੍ਰਾਪਤੀ ਦਾ ਰਹੱਸ ਸ਼ਬਦ ਦੇ ਪੱਧਰ ਤਕ ਜੀਵਨ ਨੂੰ ਢਾਲਣ ਵਿਚ ਸਮੋਇਆ ਹੋਇਆ ਹੈ। ਉਨ੍ਹਾਂ ਲਗਾਤਾਰ 12 ਸਾਲ ਸ਼ਬਦ ਦੀ ਕਮਾਈ ਕੀਤੀ ਕਿਰਪਾ ਦੀ ਘਾਲ ਘਾਲੀ। ਜਦੋਂ 'ਸ਼ਬਦ-ਜੋਤਿ'

SikhBookClub.com

ਦਾ ਦਿਬ ਉਜਾਲਾ ਉਨ੍ਹਾਂ ਦੇ ਹਿਰਦੇ ਘਰ ਵਿਚ ਹੋ ਗਿਆ ਤਾਂ ਉਹ ਗੁਰੂ ਨਾਨਕ ਹੋ ਨਿਬੜੇ। ਬਸ ਫਿਰ ਉਨ੍ਹਾਂ ਦਾ ਜੀਵਨ ਸ਼ਬਦ ਦੇ ਐਨ ਮੁਤਾਬਿਕ ਹੋ ਗਿਆ:

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ॥
ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ॥

(ਪੰਨਾ ੩੫)

29 ਮਾਰਚ, 1552 ਈ. ਵਾਲੇ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਸ਼ਬਦ ਦੀ ਥਾਪਣਾ ਦੇ ਕੇ ਗੁਰਗੱਦੀ ਦੀ ਜ਼ਿੰਮੇਵਾਰੀ ਸਉਂਪ ਦਿੱਤੀ। ਜਿਉਂ ਹੀ ਗੁਰੂ ਅੰਗਦ ਦੇਵ ਜੀ ਅਤੇ ਬਾਬਾ ਬੁੱਢਾ ਜੀ ਨੇ ਸਿਰ ਝੁਕਾ ਕੇ ਮੱਥਾ ਟੇਕਿਆ ਉਸੇ ਵੇਲੇ ਸਾਰੀ ਸੰਗਤ ਦੇ ਵਿਚ ਅਸਚਰਜਤਾ ਦੀ ਲਹਿਰ ਦੌੜ ਗਈ:

ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੁ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥੬॥

(ਪੰਨਾ ੯੬੮)

ਭੱਟ ਬਲ੍ਹ ਨੇ ਤੀਜੇ ਪਾਤਸ਼ਾਹੀ ਦੇ ਪਾਵਨ ਸਰੂਪ ਵਿਚੋਂ ਪਰਮਾਤਮਾ ਦੇ ਜਲਵੇ ਨੂੰ ਅਨੁਭਵ ਕਰਕੇ ਮਹਿਮਾ ਗਾਈ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਕਰਤਾਰ ਨੂੰ ਵਸ ਵਿਚ ਕੀਤਾ ਹੋਇਆ ਹੈ। ਉਹ ਹਰ ਸਮੇਂ ਵਿਸਮਾਦੀ ਅਵਸਥਾ ਵਿਚ ਲਿਵਲੀਨ ਰਹਿੰਦੇ ਹਨ। ਉਨ੍ਹਾਂ ਦੇ ਅੰਤਰ-ਆਤਮੇ 'ਵਾਹੁ ਵਾਹੁ'! ਦੀ ਅਲੌਕਿਕ ਧੁਨੀ ਸਦਾ ਹੀ ਗੂੰਜਦੀ ਰਹਿੰਦੀ ਹੈ, ਜੋ ਉਨ੍ਹਾਂ ਦੇ ਮੁਖ਼ਾਰਬਿੰਦ ਵਿਚੋਂ ਪ੍ਰਗਟ ਹੁੰਦੀ ਹੈ:

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ॥

(ਪੰਨਾ ੧੪੦੫)

ਜਿਉਂ ਜਿਉਂ ਅਕਾਲ ਪੁਰਖ ਦੀ ਬੇਅੰਤਤਾ ਤੇ ਮਹਾਨਤਾ ਦਾ ਅਨੁਭਵ ਹੋਣ ਲੱਗਦਾ ਹੈ ਤਾਂ ਉਸ ਦੇ ਚਿੰਤਨ ਵਜੋਂ ਅਸਚਰਜਤਾ ਦੇ ਮਨੋਭਾਵ ਪ੍ਰਗਟ ਹੋਣ ਲੱਗਦੇ ਹਨ, ਜਿਨ੍ਹਾਂ ਨੂੰ ਉਚੇਰੀ ਕਿਸਮ ਦੇ ਉਦਾਵ-ਭਾਵ (Feelings of the Sublime) ਕਿਹਾ ਜਾ ਸਕਦਾ ਹੈ।

ਇਹ ਵਿਸਮਾਦਕ ਭਾਵ ਉਹ ਹੀ ਪ੍ਰਤੀਤ ਕਰ ਸਕਦਾ ਹੈ ਜੋ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲ ਚੁਕਾ ਹੋਵੇ ਅਤੇ ਉਸ ਦੇ ਹਿਰਦੇ ਵਿਚੋਂ ਬਾਲਕ ਵਰਗੀ ਮਾਸੂਮੀਅਤ ਨਿਮਰਤਾ ਤੇ ਪ੍ਰੇਮ ਡੁੱਲ੍ਹ ਡੁੱਲ੍ਹ ਪੈਂਦੇ ਹੋਣ। ਵਿਸਮਾਦ ਦੇ ਪੈਦਾ ਹੋਣ ਨਾਲ ਨਿਰੰਕਾਰ ਅਦਭੁੱਤ ਸੁੰਦਰਤਾ ਦਾ ਮੁਜੱਸਮਾ ਪ੍ਰਤੀਤ ਹੁੰਦਾ ਹੈ, ਜਿਸ ਦਾ ਜਲਵਾ ਕੁਦਰਤ ਦੇ ਜ਼ੱਰੇ ਜ਼ੱਰੇ ਵਿਚੋਂ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ। ਇਹ ਸ੍ਰਿਸ਼ਟੀ ਕਿਤਨੀ ਮਹਾਨ ਹੈ। ਇਸ ਨੂੰ ਰਚਣ, ਚਲਾਉਣ ਤੇ ਪਾਲਣ ਵਾਲਾ ਆਪ ਕਿਤਨਾ ਕੁ ਮਹਾਨ ਹੋਵੇਗਾ! ਜਿਉਂ ਹੀ ਕੁਦਰਤ ਵਿਚਲੀ ਸੁੰਦਰਤਾ ਵੱਲ ਧਿਆਨ ਜਾਂਦਾ ਤਾਂ ਸੁਹਜਾਤਮਕ ਭਾਵ ਜਾਗ ਪੈਂਦੇ ਹਨ ਅਤੇ ਇਸ ਤਰ੍ਹਾਂ ਕਾਦਰ ਤੋਂ ਵਾਰਨੇ ਬਲਿਹਾਰਨੇ ਜਾਣ ਦੇ ਮਨੋ-ਭਾਵ ਵਿਗਸਣ ਲੱਗਦੇ ਹਨ ਜੋ ਹਿਰਦੇ ਨੂੰ ਵਿਸਮਾਦ ਨਾਲ ਭਰਪੂਰ ਕਰ ਦਿੰਦੇ ਹਨ। ਇਸ ਦਸ਼ਾ ਵਿਚ ਸਹਜ-ਸੁਭਾ ਹੀ 'ਵਾਹੁ! ਵਾਹੁ!' ਦੇ ਸ਼ਬਦ ਮੂੰਹੋਂ ਨਿਕਲਦੇ ਰਹਿੰਦੇ ਹਨ। ਸ੍ਰੀ ਗੁਰੂ ਅਮਰਦਾਸ

SikhBookClub.com

ਜੀ ਵਿਸਮਾਦੀ ਭਾਵਾਂ ਨਾਲ ਰੰਗੇ ਹੋਏ ਹਰ ਸਮੇਂ ਵਾਹੁ! ਵਾਹੁ! ਦੀ ਧੁਨੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦਾ ਇਹ ਸੁਭਾਅ ਆਪਣੀ ਮਹਾਨ ਰਚਨਾ 'ਗੂਜਰੀ ਕੀ ਵਾਰ ਮ: ੩' ਵਿਚੋਂ ਬੜਾ ਨਿਖਰ ਕੇ ਸਾਡੇ ਸਾਹਮਣੇ ਉਭਰਦਾ ਹੈ। ਉਨ੍ਹਾਂ ਨੇ ਅਨੇਕ ਵਾਰ 'ਵਾਹੁ ਵਾਹੁ' ਆਖ ਕੇ ਆਪਣੇ ਅਨੁਭਵ ਵਿਚ ਆਏ ਅਕਾਲ ਪੁਰਖ ਦੇ ਵਿਸਮਾਦ ਸਰੂਪ ਨੂੰ ਉਜਾਗਰ ਕੀਤਾ ਹੈ:

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ॥
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥

(ਪੰਨਾ ੫੧੪-੧੫)

ਤੀਜੇ ਪਾਤਸ਼ਾਹ ਦੇ ਇਸ ਸਲੋਕ ਦੀ ਅੰਤਲੀ ਤੁਕ ਬੜੀ ਹੀ ਭਾਵ-ਪੂਰਤ ਹੈ, ਜਿਸ ਵਿਚ ਉਨ੍ਹਾਂ ਨੇ 'ਗੁਰਮੰਤਰ' ਵੱਲ ਡੂੰਘਾ ਇਸ਼ਾਰਾ ਕੀਤਾ ਹੈ। ਸਿੱਖੀ ਦਾ ਗੁਰਮੰਤਰ 'ਵਾਹਿਗੁਰੂ' ਸ਼ਬਦ ਹੈ ਜੋ ਹਿਰਦੇ ਵਿਚੋਂ ਸ਼ੁਕਰਾਨੇ ਵਜੋਂ ਨਿਕਲੀ ਹੋਈ ਯਾਦ ਕੰਬਣੀ ਦਾ ਲਖਾਇਕ ਹੈ। ਡਾਕਟਰ ਤਾਰਨ ਸਿੰਘ ਜੀ ਨੇ ਗੁਰਮੰਤਰ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ:

> 'ਵਾਹਿਗੁਰੂ' ਗੁਰਤਾ, ਨੂਰ, ਗਿਆਨ, ਵਿਸਮਾਦ ਨੂੰ ਪ੍ਰਗਟ ਕਰਦਾ ਹੈ। ਇਹ ਮੰਤਰ ਸਿੱਖ ਅਤੇ ਗੁਰੂ ਵਿਚ ਸਿੱਧਾ ਸੰਬੰਧ ਜੋੜਦਾ ਹੈ। ਅਕਾਲ ਪੁਰਖ ਦਾ ਕੋਈ ਹੋਰ ਨਾਮ ਨਹੀਂ ਹੈ ਜਿਸ ਵਿਚੋਂ ਮਨੁੱਖ ਤੇ ਪ੍ਰਭੂ ਦਾ ਇਹ ਸੰਬੰਧ ਪ੍ਰਗਟ ਹੁੰਦਾ ਹੋਵੇ। ਕਰੀਮ, ਰਹੀਮ, ਕ੍ਰਿਪਾਲ, ਦਇਆਲ, ਨਾਮ ਅਕਾਲ ਪੁਰਖ ਦੇ ਨਾਲ ਕਈ ਸੰਬੰਧ ਪ੍ਰਗਟ ਕਰਦੇ ਹਨ, ਪਰ ਕੋਈ ਵੀ ਹੋਰ ਸਬੰਧ ਇਤਨਾ ਮਹਾਨ ਨਹੀਂ ਹੈ ਜਿਤਨਾ ਮਨੁੱਖ ਨੂੰ ਰੌਸ਼ਨੀ, ਗਿਆਨ ਦੇਣ ਦਾ, ਪ੍ਰਭੂ ਦਾ, ਮਨੁੱਖ ਦਾ ਗੁਰੂ ਹੋਣਾ ਮਨੁੱਖ ਲਈ ਸਭ ਤੋਂ ਉੱਤਮ ਰਿਸ਼ਤਾ ਹੈ ਤੇ ਇਸੇ ਵਿਚੋਂ ਹੀ ਵੱਡੀ ਆਸਾ ਝਲਕਦੀ ਹੈ....ਜਿਉਂ ਜਿਉਂ ਮਨੁੱਖ ਖ਼ਾਲਸਾ ਬਣਦਾ ਜਾਂਦਾ ਹੈ, ਵਿਚ ਵਿਚੋਲੇ ਨਿਕਲਦੇ ਜਾਂਦੇ ਹਨ, ਅੰਤ ਤੇ 'ਆਪੇ ਗੁਰ-ਚੇਲਾ' ਵਾਹਿਗੁਰੂ ਹੋ ਜਾਂਦਾ ਹੈ। 'ਵਾਹਿਗੁਰੂ' ਗਿਆਨ, ਭਗਤੀ ਤੇ ਕਰਮ ਦਾ ਸੂਚਕ ਹੈ।
>
> *(ਡਾਕਟਰ ਤਾਰਨ ਸਿੰਘ, ਵਾਹਿਗੁਰੂ ਗੁਰ-ਮੰਤਰ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜਿਲਦ ਦੂਜੀ, ੧੯੭੧, ਪੰਨਾ ੯੦, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਛੇ ਮਾਸਕ ਪੱਤਰ)*

ਗੁਰਮੁਖਤਾ ਦੇ ਮਾਰਗ 'ਤੇ ਚੱਲਣ ਵਾਲੇ 'ਗੁਰਮੰਤਰ' ਦਾ ਨਿਰੰਤਰ ਅਭਿਆਸ ਕਰਦੇ ਹੋਏ ਆਪਣੇ ਜੀਵਨ ਲਕਸ਼ ਦੀ ਸਿਧੀ ਨੂੰ ਪ੍ਰਾਪਤ ਕਰ ਲੈਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਗੂਜਰੀ ਕੀ ਵਾਰ ਵਿਚ ਇਸ ਦਿਸ਼ਾ ਵਲ ਖ਼ੂਬ ਚਾਨਣ ਪਾਇਆ ਹੈ:

(ੳ) ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥
ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ॥

(ਪੰਨਾ ੫੧੫)

SikhBookClub.com

(ਅ) ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥
ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ॥
ਵਾਹੁ ਵਾਹੁ ਕਰਤਿਆ ਸੋਭਾ ਪਾਇ॥
ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥

(ਪੰਨਾ ੫੧੪)

(ਏ) ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ॥੧॥

(ਪੰਨਾ ੫੧੫-੧੬)

(ਸ) ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥

(ਪੰਨਾ ੫੧੪)

(ਹ) ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ॥

(ਪੰਨਾ ੫੧੪)

ਵਾਹ-ਸੁਰਤਿ ਵਾਲੇ ਦੀ ਦ੍ਰਿਸ਼ਟੀ ਅਦਭੁੱਤ ਰੰਗਣ ਵਿਚ ਰੰਗੀ ਹੋਈ ਹੋਣ ਕਰਕੇ, ਸਭ ਪਾਸੇ ਵਿਸਮਾਦ ਹੀ ਵੇਖਦੀ ਹੈ ਜਿਸ ਨਾਲ ਸਾਰਾ ਵਿਸ਼ਵ ਇਕ ਨਵੀਂ ਸਾਰਥਿਕਤਾ ਗ੍ਰਹਿਣ ਕਰ ਲੈਂਦਾ ਹੈ। ਪ੍ਰੋਫ਼ੈਸਰ ਰਾਮ ਸਿੰਘ ਦੇ ਕਥਨ ਅਨੁਸਾਰ:

> ਇਸ ਅਵਸਥਾ ਵਿਚ ਰਹੱਸਵਾਦੀ ਦੇ ਨੇਤਰਾਂ ਵਿਚੋਂ ਇਕ ਅੰਮ੍ਰਿਤ ਦੀ ਫੁਹਾਰ ਵਰਸਦੀ ਹੈ ਜੋ ਹਰ ਵਸਤੂ 'ਤੇ ਡਿਗਦੀ ਉਸ ਨੂੰ ਸੁੰਦਰ ਬਣਾਈ ਜਾਂਦੀ ਹੈ। ਉਸ ਨੂੰ ਕੁਝ ਕੋਝਾ ਨਹੀਂ ਦਿੱਸਦਾ, ਸਭ ਕੁਝ ਕਿਸੇ ਨਵੇਂ ਰੰਗ ਵਿਚ ਰੰਗਿਆ ਜਾਂਦਾ ਹੈ। ਉਹ ਕਿਸੇ ਦੇ ਔਗੁਣ ਨਹੀਂ ਦੇਖਦਾ, ਸਭ ਦੇ ਗੁਣਾਂ ਨਾਲ ਸਾਂਝ ਪਾਉਂਦਾ ਹੈ। ਨਿਰਾਸ਼ਾਵਾਦ, ਵਿਸ਼ਾਦ ਭਾਵਨਾ, ਸਣਕੀ-ਪੁਣਾ ਉਸ ਨੂੰ ਛੂਹ ਨਹੀਂ ਸਕਦੇ। ਉਹ ਸਦਾ ਸ੍ਵੈ-ਵਿਸ਼ਵਾਸ, ਉਤਸ਼ਾਹ ਤੇ ਚੜ੍ਹਦੀਆਂ ਕਲਾ ਵਿਚ ਰਹਿੰਦਾ ਹੈ। ਉਹ ਕਿਸੇ ਨਾਲ ਇਕ ਫਿੱਕਾ ਸ਼ਬਦ ਨਹੀਂ ਬੋਲ ਸਕਦਾ, ਕਿਉਂਕਿ ਸਭ ਵਿਚ ਉਸ ਦਾ ਪ੍ਰੀਤਮ ਭੀ ਵਿਆਪਕ ਹੈ।
>
> (ਪ੍ਰੋ· ਰਾਮ ਸਿੰਘ, ਗੁਰਮਤਿ ਰਹੱਸਵਾਦ, ਸਿੰਘ ਸਭਾ ਪੱਤ੍ਰਿਕਾ, ਜੂਨ ੧੯੭੬, ਪੰਨਾ ੧੧)

ਵਿਸਮਾਦੀ ਅਨੁਭਵ ਪੂਰਨ ਤੌਰ 'ਤੇ ਰੂਹਾਨੀ ਖੇੜੇ ਦੀ ਅਵਸਥਾ ਹੈ ਜਿਥੇ 'ਮੈਂ ਮੈਂ' ਦੀ ਥਾਂ 'ਵਾਹੁ! ਵਾਹੁ!' ਸ਼ਬਦ ਲੈ ਲੈਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ 'ਵਿਸਮਾਦੀ' ਤੇ 'ਸਦਾ ਵਿਗਾਸ' ਵਾਲਾ ਜੀਵਨ ਹੈ।

ਭਟ ਸਲ੍ਹ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਸੈਨਿਕ-ਯੁਧ ਨੂੰ ਫਤਹਿ ਕਰਨ ਦੀ ਮਹਿਮਾ

SikhBookClub.com

ਗਾਉਂਦਿਆਂ ਲਿਖਿਆ ਹੈ, ਹੇ ਭੱਲਿਆਂ ਦੀ ਕੁਲ ਦੇ ਸ਼੍ਰੋਮਣੀ! ਬਾਬਾ ਤੇਜਭਾਨ ਦੇ ਸਪੁੱਤਰ ਤੁਸੀਂ ਗੁਰੂ ਨਾਨਕ ਦੀ ਕ੍ਰਿਪਾ ਸਦਕਾ ਰਾਜਿਆਂ ਦੇ ਰਾਜਾ ਹੋਏ ਹੋ, ਸ੍ਰਿਸ਼ਟੀ ਦੇ ਮਾਲਕ ਬਣੇ ਹੋ। ਤੁਸੀਂ ਕਾਮਾਦਿਕ ਦੇ ਦਲ ਨੂੰ ਜਿੱਤਣ ਲਈ ਸਮਾਧੀ ਦੀ ਸੰਜੋਅ ਪਹਿਨੀ, ਗਿਆਨ ਦੇ ਘੋੜੇ 'ਤੇ ਚੜ੍ਹ ਕੇ ਧਰਮ ਦੀ ਕਮਾਨ ਹੱਥ ਵਿਚ ਲੈ ਕੇ, ਸੀਲ ਰੂਪੀ ਤੀਰਾਂ ਦੇ ਨਾਲ ਲੜਾਈ ਕੀਤੀ। ਤੁਸੀਂ ਵਾਹਿਗੁਰੂ ਦੇ ਭੈ ਵਿਚ ਵਿਚਰਦਿਆਂ ਅਡੋਲਤਾ ਪ੍ਰਾਪਤ ਕਰ ਕੇ ਸ਼ਬਦ ਦਾ ਐਸਾ ਨੇਜਾ ਗੱਡਿਆ ਹੈ ਕਿ ਕੋਈ ਵੀ ਵਿਕਾਰ ਤੁਹਾਨੂੰ ਪੋਹ ਨਹੀਂ ਸਕਦਾ।"

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ॥
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ॥
ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥
ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥
ਗੁਰ ਅਮਰਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ॥੧॥

(ਪੰਨਾ ੧੩੯੬)

ਭੱਟ ਸਲ੍ਹ ਦੇ ਵਰਤੇ ਹੋਏ 'ਪ੍ਰਤੀਕ' ਬੜੇ ਕੀਮਤੀ ਹਨ। ਸੰਘਰਸ਼ ਕਰਨ ਵੇਲੇ ਯੋਧੇ ਆਪਣੇ ਬਚਾਅ ਲਈ ਲੋਹੇ ਦੀ ਸੰਜੋਅ ਪਹਿਨ ਲੈਂਦੇ ਹਨ ਜਿਸ ਨੂੰ ਕੋਈ ਵੀ ਸ਼ਸਤਰ ਪਾਰ ਨਾ ਕਰ ਸਕੇ। ਜੇਕਰ ਸੰਜੋਅ ਕਮਜ਼ੋਰ ਹੋਵੇ ਜਾਂ ਖੰਡਿਤ ਹੋਵੇ ਤਾਂ ਕਿਸੇ ਵੇਲੇ ਵੀ ਮਾਰੂ ਹਮਲਾ ਹੋ ਸਕਦਾ ਹੈ, ਜਿਸ ਤੋਂ ਫਿਰ ਬਚਣਾ ਸੰਭਵ ਨਹੀਂ ਹੁੰਦਾ। ਸੰਜੋਅ ਦਾ 'ਪ੍ਰਤੀਕ' ਸਮਾਧੀ ਲਈ ਵਰਤਣਾ ਇਸ ਗੱਲ ਵੱਲ ਇਸ਼ਾਰਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੀ ਹਰ ਛਿੰਨ ਪ੍ਰਭੂ ਦੀ ਯਾਦ ਵਿਚ ਗੁਜ਼ਰਦੀ ਸੀ। ਕੀ ਮਜਾਲ ਹੈ ਕਿ ਦੁਨੀਆਂ ਦਾ ਕੋਈ ਵੀ ਕਲ-ਕਲੂਖਤ ਉਨ੍ਹਾਂ ਦੇ ਨੇੜੇ ਫਰਕ ਸਕੇ। ਜਦੋਂ ਕੋਈ ਸਾਧਕ ਨਾਮ ਜਪਦਾ ਹੋਇਆ ਆਤਮਿਕ ਵਿਕਾਸ ਦੇ ਸਿਖਰ ਨੂੰ ਛੂੰਹਦਾ ਹੈ ਤਾਂ ਉਸ ਨੂੰ ਅਕਾਲ ਪੁਰਖ ਦੀ 'ਹੋਂਦ' ਦਾ ਪ੍ਰਤੱਖ ਅਨੁਭਵ ਹੁੰਦਾ ਹੈ, ਜਿਸ ਨੂੰ ਸਮਾਧੀ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਹਰ ਪ੍ਰਕਾਰ ਦੇ ਸ਼ੰਕਿਆਂ ਤੇ ਸਮੱਸਿਆਵਾਂ ਦਾ ਸਮਾਧਾਨ ਹੋ ਜਾਂਦਾ ਹੈ। 'ਸਮਾਧੀ' ਸੁਰਤਿ ਦੀ ਅਖੰਡਤਾ ਹੈ ਜਿਥੇ ਅਨਦਿਨ ਦਾ ਜਾਗਣਾ ਹੈ, ਅੱਠੇ ਪਹਿਰ ਸਾਵਧਾਨਤਾ ਨਾਲ ਵਿਚਰਨਾ ਹੈ ਤਾਂ ਕਿ ਜ਼ਿੰਦਗੀ ਦਾ ਹਰ ਛਿਨ ਚੇਤੰਨ ਤੌਰ 'ਤੇ ਬੀਤੇ ਕਿਉਂਕਿ ਹਰ ਪਲ ਹੀ ਯੁਧ ਹੋ ਰਿਹਾ ਹੈ, ਹਰ ਘਟਨਾ ਇਕ ਨਵੀਂ ਵੰਗਾਰ ਹੈ, ਆਚਰਨ ਦੀ ਪ੍ਰੀਖਿਆ ਹੈ। ਸਾਵਧਾਨਤਾ ਨਾਲ ਆਚਰਨ ਵਿਚ ਇਕ ਦ੍ਰਿੜ੍ਹਤਾ ਪੈਦਾ ਹੁੰਦੀ ਹੈ, 'ਸਮਾਧੀ' ਮੁਕੰਮਲ ਆਤਮ ਸਮਰਪਣ ਦੀ ਦਸ਼ਾ ਹੈ ਜਿਸ ਦੇ ਅੰਤਰਗਤ ਮਨੁੱਖੀ ਚੇਤਨਾ ਵਿਚ ਨਿਰੰਕਾਰੀ ਸ਼ਕਤੀ ਤੇ ਗੁਣਾਂ ਦੀ ਧਾਰਾ ਲਗਾਤਾਰ ਵਹਿਣ ਲੱਗ ਪੈਂਦੀ ਹੈ ਅਤੇ ਉਸ ਵਿਚ ਕੋਈ ਵੀ ਵਿਕਾਰ ਵਿਘਨ ਨਹੀਂ ਪਾ ਸਕਦਾ। 'ਸਮਾਧੀ' ਹੀ ਸੱਚੀ ਲਿਵ ਹੈ:

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥

(ਪੰਨਾ ੯੧੭)

ਜਿਸ ਤੋਂ ਸੱਖਣੇ ਜੀਵਨ ਦਾ ਧਰਮ ਦੇ ਜਗਤ ਵਿਚ ਕੌਡੀ ਵੀ ਮੁੱਲ ਨਹੀਂ ਪੈਂਦਾ। ਮਨੁੱਖੀ ਜੀਵਨ ਦਾ ਪਰਮ ਮਨੋਰਥ ਆਪਣੇ ਅੰਤਿਮ 'ਅਸਲੇ' ਨਾਲ ਇਕਸੁਰਤਾ ਪ੍ਰਾਪਤ ਕਰਨਾ ਹੈ ਜਿਸ

SikhBookClub.com

ਤੋਂ ਵਿਛੁੜ ਕੇ ਲਿਵ ਟੁੱਟ ਗਈ ਅਤੇ ਮਾਇਆ ਦੇ ਵਿਕਾਰੀ ਪ੍ਰਭਾਵ ਨਾਲ ਉਸ ਦੀ ਅਧਿਆਤਮਕ ਨੈਤਿਕ ਪੱਤਨ (Ethico-spiritual degeneration) ਵਲ ਵਧੀ। ਸ੍ਰੀ ਗੁਰੂ ਅਮਰਦਾਸ ਜੀ ਦਾ ਆਪਣਾ ਫ਼ੁਰਮਾਨ ਹੈ ਕਿ ਲਿਵ ਦਾ ਟੁੱਟਣਾ ਹੀ ਆਤਮਿਕ ਮੌਤ ਹੈ:

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥

(ਪੰਨਾ ੯੨੧)

ਲਿਵ ਤੇ ਧਾਤੁ ਦੇ ਦੋ ਰਸਤੇ ਹਨ, ਇਕ ਪਰਮਾਤਮਾ ਦਾ ਤੇ ਇਕ ਪਦਾਰਥ ਦਾ। ਗੁਰੂ ਦੀ ਕ੍ਰਿਪਾ ਦਾ ਸਦਕਾ ਜਿਹੜੇ 'ਲਿਵ' ਦੇ ਮਾਰਗ 'ਤੇ ਚਲ ਪੈਂਦੇ ਹਨ, ਉਹ ਮਾਇਆ ਦੇ ਵਿਚ ਵਿਚਰਦੇ ਹੋਏ ਵੀ ਕਮਲ ਤੇ ਮੁਰਗਾਬੀ ਦੀ ਤਰ੍ਹਾਂ ਨਿਰਲੇਪ ਰਹਿ ਕੇ ਵਾਹਿਗੁਰੂ ਨੂੰ ਪਾ ਲੈਂਦੇ ਹਨ। ਉਨ੍ਹਾਂ ਦੇ ਹੱਥ ਕਾਰ ਵਲ ਹੁੰਦੇ ਹਨ ਤੇ ਚਿਤ ਨਿਰੰਕਾਰ ਵਲ। ਐਸੇ ਗੁਰਮੁਖਾਂ ਦਾ ਉਠਣਾ ਬੈਠਣਾ, ਬੋਲਣਾ ਚਲਣਾ, ਸਵਣਾ ਜਾਗਣਾ, ਗੱਲ ਕੀ ਜੀਵਨ ਦਾ ਹਰ ਕਰਤਵ 'ਸਹਜ-ਸਮਾਧਿ' ਦੇ ਰੰਗ ਵਿਚ ਰੰਗਿਆ ਹੁੰਦਾ ਹੈ:

ਸਹਜੇ ਜਾਗੈ ਸਹਜੇ ਸੋਵੈ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ॥

(ਪੰਨਾ ੬੪੬)

ਲਿਵ ਦੀ ਪ੍ਰਪੱਕਤਾ ਦੇ ਨਾਲ ਸਾਧਕ ਦੀ ਨਾ ਬੁੱਧੀ ਰੁਕਦੀ ਹੈ, ਨਾ ਭਾਵ, ਨਾ ਕਰਮ, ਬਲਕਿ ਸਭ ਅੱਗੇ ਨਾਲੋਂ ਤੇਜ਼ਮਈ ਹੋ ਜਾਂਦੇ ਹਨ। ਚੇਤਨਾ ਦਾ ਵਧਦਾ ਪ੍ਰਕਾਸ਼ ਇਨ੍ਹਾਂ ਨੂੰ ਹੋਰ ਵਧੇਰੇ ਤੀਖਣ ਕਰਦਾ ਹੈ। ਬੁੱਧੀ ਦੇ ਵਿਚ ਬਿਬੇਕ ਪਸਰਨ ਦੇ ਨਾਲ ਸੂਖਮਤਾ ਆ ਜਾਂਦੀ ਹੈ ਅਤੇ ਹਿਰਦੇ ਵਿਚ ਕੋਮਲਤਾ ਇਥੋਂ ਤਕ ਵਧ ਜਾਂਦੀ ਹੈ ਕਿ ਭਾਵੁਕ ਤੌਰ 'ਤੇ ਹਰ ਇਕ ਨਾਲ ਸਾਂਝੀਵਾਲਤਾ ਦੀ ਪ੍ਰਤੀਤੀ ਹੋਣ ਲੱਗ ਪੈਂਦੀ ਹੈ। 'ਸਮਾਧੀ' ਦੀ ਅਵਸਥਾ ਵਿਚ ਹੀ ਦੈਵੀ-ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ ਜਿਸ ਦੀ ਪ੍ਰਚੰਡਤਾ ਦਰਸਾਉਣ ਲਈ ਭੱਟ ਸਲ੍ਹ ਨੇ 'ਘੋੜੇ' ਦਾ ਪ੍ਰਤੀਕ ਵਰਤਿਆ ਹੈ:

ਗਿਆਨਿ ਹੈ ਆਸਣਿ ਚੜਿਅਉ॥

(ਪੰਨਾ ੧੩੯੬)

'ਘੋੜਾ' ਸ਼ਕਤੀ ਦਾ ਚਿੰਨ੍ਹ ਹੈ, ਹੁਣ ਵੀ ਘੋੜੇ ਦਾ ਬਲ ਇਕ ਮਿਆਰ ਮੰਨਿਆ ਜਾਂਦਾ ਹੈ, ਹਰ ਇੰਜਣ ਦੀ ਸ਼ਕਤੀ ਨੂੰ ਘੋੜੇ ਦੇ ਗੁਣਿਆਂ (Horse Power) ਵਿਚ ਹੀ ਦੱਸਿਆ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨਿਰੀ ਪੰਡਿਤਾਈ ਨੂੰ ਕਬੂਲ ਨਹੀਂ ਕਰਦੇ, ਸਗੋਂ ਉਹ ਉਸ ਗਿਆਨ ਦਾ ਆਦਰ ਕਰਦੇ ਹਨ ਜੋ ਜੀਵਨ ਦੇ ਅਨੁਭਵ ਵਿਚੋਂ ਚਸ਼ਮੇ ਦੀ ਤਰ੍ਹਾਂ ਫੁਟੇ, ਜਿਸ ਦੀ ਸ਼ਕਤੀ ਦੇ ਨਾਲ ਸਾਰੇ ਬੰਧਨ ਟੁੱਟ ਜਾਣ, ਮਨੁੱਖ ਦੀ ਮਾਨਸਿਕ, ਬੌਧਿਕ ਤੇ ਆਤਮਿਕ ਗ਼ੁਲਾਮੀ ਖ਼ਤਮ ਹੋ ਜਾਏ। ਅਨੁਭਵੀ ਗਿਆਨ ਇਕ ਤੂਫ਼ਾਨ ਦੀ ਤਰ੍ਹਾਂ ਆਉਂਦਾ ਹੈ ਜੋ ਸਭ ਮਸਲੇਬਾਜ਼ੀ ਤੇ ਭਰਮ ਭੁਲੇਖਿਆਂ ਨੂੰ ਉਠਾ ਕੇ ਲੈ ਜਾਂਦਾ ਹੈ। ਇਸ ਦੇ ਐਨ ਉਲਟ ਪੰਡਿਤ ਦਾ ਸੰਚਿਤ ਗਿਆਨ ਹੁੰਦਾ ਹੈ ਜੋ ਆਪਣੀ ਵਿਦਿਆ ਦੇ ਹੰਕਾਰ ਵਿਚ ਉਸ ਦਾ ਢੰਡੋਰਾ ਪਿੱਟਦਾ ਹੈ। ਆਪਣੇ ਚੁੰਚ-ਗਿਆਨ ਦੇ ਨਾਲ ਜਦੋਂ ਉਹ ਵਾਦ-ਵਿਵਾਦ ਕਰਦਾ ਹੈ ਤਾਂ ਝਗੜੇ ਖੜੇ ਹੁੰਦੇ ਹਨ। ਪੰਡਿਤ ਜਦ ਉਪਦੇਸ਼

SikhBookClub.com

ਕਰਦਾ ਹੈ ਤਾਂ ਗਿਰਜਾਂ ਦੀ ਤਰ੍ਹਾਂ ਅਸਮਾਨ ਵਿਚ ਖਿਆਲਾਂ ਦੀਆਂ ਉਡਾਰੀਆਂ ਮਾਰਦਾ ਹੋਇਆ ਬਹੁਤ ਉੱਚਾ ਚਲਾ ਜਾਂਦਾ ਹੈ ਪਰ ਜਿਉਂ ਹੀ ਉਸ ਦੀ ਨਿਗਾਹ ਮੁਰਦਾਰ 'ਤੇ ਪੈਂਦੀ ਹੈ ਤਾਂ ਉਹ ਆਪਣੇ ਆਚਰਨ ਦੀਆਂ ਸਿਖਰਾਂ ਤੋਂ ਡਿੱਗ ਪੈਂਦਾ ਹੈ। ਮਾਇਆ ਦੀ ਖ਼ਾਤਰ ਉਹ ਆਪਣੀ ਜ਼ਮੀਰ ਵੀ ਵੇਚ ਦਿੰਦਾ ਹੈ, ਉਸ ਵਿਚ ਸੱਚ ਕਹਿਣ ਦੀ ਜੁਰਅਤ ਤਕ ਨਹੀਂ ਰਹਿੰਦੀ। ਇਸ ਤਰ੍ਹਾਂ ਬਲ-ਹੀਣ ਹੋਇਆ ਪੰਡਿਤ ਆਪਣੇ ਮਨ ਦੀਆਂ ਕਮਜ਼ੋਰੀਆਂ ਦੇ ਕਾਰਨ ਸਮਾਜ ਨੂੰ ਅਗਵਾਈ ਦੇਣ ਦੀ ਥਾਂ ਅਗਿਆਨਤਾ ਤੇ ਵਹਿਮਾਂ ਦੀ ਡੂੰਘੀ ਖਾਈ ਵਿਚ ਧਕੇਲ ਦਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਪੰਡਿਤ ਦੀ ਦਸ਼ਾ ਦਾ ਉਘਾੜ ਕੇ ਚਿਤਰ ਉਲੀਕਿਆ ਹੈ:

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ॥
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ॥
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ॥

(ਪੰਨਾ ੮੬)

ਦੈਵੀ ਗਿਆਨ ਦੇ ਉਦੇ ਹੋਣ ਨਾਲ ਹਉਮੈ ਦਾ ਗੁਬਾਰ ਮਿਟ ਜਾਂਦਾ ਹੈ ਅਤੇ ਮਨ ਦੇ ਅੰਤਰੀਵ-ਜਗਤ ਵਿਚ ਲੁਪਤ ਪਈਆਂ ਉਸਾਰੂ-ਸ਼ਕਤੀਆਂ ਜਾਗ ਪੈਂਦੀਆਂ ਹਨ। ਇਸ ਦੇ ਨਾਲ ਆਚਰਨ ਦੇ ਵਿਚ ਅਥਾਹ ਸ਼ਕਤੀ ਆ ਜਾਂਦੀ ਹੈ ਜਿਸ ਦੇ ਪਾਸਾਰ ਨਾਲ 'ਸੱਚ ਤੇ ਧਰਮ' ਦੀ ਖ਼ਾਤਰ ਹਰ ਕੁਰਬਾਨੀ ਕਰਨ ਦਾ ਚਾਅ ਤੇ ਉਮਾਹ ਉਛਾਲੇ ਮਾਰਨ ਲੱਗ ਪੈਂਦਾ ਹੈ। ਐਸੇ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਹੀ ਕੌਮ ਦੀ ਸਹੀ ਅਗਵਾਈ ਕਰਨ ਦੀ ਸਮਰੱਥਾ ਰੱਖਦਾ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਸੋਹਣਾ ਲਿਖਿਆ ਹੈ ਕਿ:

'ਗੁਰੂ ਅਮਰਦਾਸ ਜੀ ਸਭ ਗਿਆਨਾਂ ਦੇ ਮਾਲਕ ਹਨ। ਜੇ ਆਪਣੇ ਹੱਥਾਂ ਨਾਲ ਕਿਸੇ ਨੂੰ ਅਸੀਸ ਦਿੰਦੇ ਹਨ ਤਾਂ ਉਸ ਦੇ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਜਿਸ ਵੱਲ ਦੇਖ ਲੈਣ ਉਸ ਵਿਚ ਭਗਤੀ ਦੀ ਲਹਿਰ ਉਠਾ ਦੇਂਦੇ ਹਨ। ਜਦ ਬਚਨ ਬੋਲਦੇ ਹਨ, ਸੁਣਦੇ ਹੀ ਨਿਸ਼ਾ ਹੋ ਜਾਂਦੀ ਹੈ।'

(ਪਰਥਤੁ ਮੇਰਾਣੁ, ਪੰਨਾ ੪੭)

ਜਿਉਂ ਜਿਉਂ ਗਿਆਨ ਪਸਰਦਾ ਹੈ, ਅੰਦਰਲੀ ਸੂਝ-ਬੂਝ ਬਲਵਾਨ ਹੋ ਜਾਂਦੀ ਹੈ ਜਿਸ ਆਸਰੇ ਮਨੁੱਖ ਦਾ ਜੀਵਨ 'ਧਰਮ' ਦੇ ਮਾਰਗ 'ਤੇ ਚੱਲ ਪੈਂਦਾ ਹੈ। ਭੱਟ ਸਲ੍ਹ ਨੇ ਧਰਮ ਦੇ ਲਈ ਇਕ 'ਕਮਾਨ' ਦਾ ਪ੍ਰਤੀਕ ਵਰਤਿਆ ਹੈ ਜੋ ਬੜੀ ਗਹਿਰੀ ਰਮਜ਼ ਵੱਲ ਸੰਕੇਤ ਕਰਦਾ ਹੈ ਅਤੇ ਜਿਸ ਦੇ ਖੋਲ੍ਹਣ ਨਾਲ ਧਰਮ ਦਾ ਸਹੀ ਰੂਪ ਪ੍ਰਗਟ ਹੋ ਜਾਂਦਾ ਹੈ। ਕਮਾਨ ਢਿੱਲੀ ਹੋਵੇ ਤਾਂ ਤੀਰ ਚਲ ਹੀ ਨਹੀਂ ਸਕੇਗਾ, ਜੇਕਰ ਜ਼ਿਆਦਾ ਕੱਸੀ ਹੋਵੇ ਤਾਂ ਟੁੱਟ ਜਾਏਗੀ। 'ਕਮਾਨ' ਵਿਚ ਇਕ ਖ਼ਾਸ ਸੰਤੁਲਨ (Balance) ਹੋਣਾ ਚਾਹੀਦਾ ਹੈ ਜਿਸ ਨਾਲ ਉਸ ਦੀ ਠੀਕ ਵਰਤੋਂ ਹੋ ਸਕੇ। "ਧ੍ਰਮ ਧਨਖੁ ਕਰ ਗਹਿਓ" ਦਾ ਇਹੀ ਭਾਵ ਹੈ ਕਿ ਧਰਮ ਦੇ ਵਿਚ ਕੋਈ ਵੀ ਅਤਿ ਨਹੀਂ ਹੋਣੀ ਚਾਹੀਦੀ, ਨਾ ਹੀ ਕੱਟੜ-ਪੁਣਾ ਅਤੇ ਨਾ ਹੀ ਢਿੱਲ-ਪੁਣਾ। ਧਰਮ ਮਧ-ਮਾਰਗ ਵਾਲਾ ਹੋਵੇ ਜਿਸ 'ਤੇ ਚਲ ਕੇ ਜੀਵਨ ਦੇ ਵਿਚ 'ਸਹਜ' ਉਗਮੇ ਤੇ ਵਿਗਸੇ। 'ਸਹਜ' ਦਾ ਉਪਜਣਾ ਨਿਰੋਲ ਕਿਰਪਾ ਦਾ ਫਲ ਹੈ। ਮਨੁੱਖ ਦੀ ਆਪਣੀ ਸਮਰੱਥਾ ਹੀ ਨਹੀਂ ਕਿ ਉਹ ਨਿੰਦਾ ਤੇ ਉਸਤਤ ਤੋਂ ਬੇਲਾਗ ਇਕ-ਸਮਾਨ

SikhBookClub.com

ਰਹਿ ਸਕੇ, ਦੁੱਖ ਤੇ ਸੁੱਖ ਇਕੋ ਤਰ੍ਹਾਂ ਜਰ ਸਕੇ ਅਤੇ ਹਰਖ-ਸੋਗ ਦੋਹਾਂ ਤੋਂ ਨਿਆਰਾ ਰਹਿ ਕੇ ਆਪਣੇ ਜੀਵਨ ਦੇ ਵਿਗਾਸ ਨੂੰ ਇਕ-ਰਸ ਰੱਖ ਸਕੇ:

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹੁ ਸਹਸਾ ਇਵ ਜਾਇ॥੧੮॥

(ਪੰਨਾ ੯੧੯)

'ਅਨੰਦੁ ਸਾਹਿਬ' ਦੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਖ਼ੂਬ ਦਰਸਾਇਆ ਹੈ ਕਿ ਜਿਸ 'ਤੇ ਅਕਾਲ ਪੁਰਖ ਦੀ ਰਹਿਮਤ ਹੋ ਜਾਏ ਉਸ ਦੇ ਹਿਰਦੇ ਅੰਦਰ ਇਹ ਵਿਸ਼ਵਾਸ ਪ੍ਰਪੱਕ ਹੋ ਜਾਂਦਾ ਹੈ ਕਿ 'ਵਾਹਿਗੁਰੂ ਉਸ ਦੇ ਅੰਗ-ਸੰਗ ਹੋ ਕੇ ਹਰ ਪਲ ਉਸ ਦੀ ਸੁਧ ਤੇ ਸਾਰ ਲੈ ਰਿਹਾ ਹੈ।' ਐਸਾ ਗੁਰਮੁਖ ਹੀ ਜੀਵਨ ਦੀ ਹਰ ਅਵਸਥਾ ਵਿਚ ਅਡੋਲ ਰਹਿ ਕੇ ਆਪਣੇ ਸੰਤੁਲਨ ਨੂੰ ਕਾਇਮ ਰੱਖ ਸਕਦਾ ਹੈ ਕਿਉਂਕਿ ਉਹ ਕਾਮ ਜਾਂ ਕਰੋਧ ਦਾ ਪਾਸਕੂ ਨਹੀਂ ਪੈਣ ਦਿੰਦਾ। ਖ਼ੁਸ਼ੀ ਵਿਚ ਉਹ ਆਫ਼ਰ ਨਹੀਂ ਜਾਂਦਾ ਅਤੇ ਗ਼ਮੀ ਵਿਚ ਮਾਯੂਸ ਨਹੀਂ ਹੁੰਦਾ:

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥

(ਪੰਨਾ ੯੧੭)

ਸ੍ਰੀ ਗੁਰੂ ਅਮਰਦਾਸ ਜੀ ਦੀ ਅਨੰਦ-ਮਈ ਸ਼ਖ਼ਸੀਅਤ ਦੇ ਵਿਚੋਂ 'ਸਹਜ' ਡੁਲ੍ਹ-ਡੁਲ੍ਹ ਪੈਂਦਾ ਸੀ ਅਤੇ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਉਨ੍ਹਾਂ ਸਹਜ ਦਾ ਚੰਦੋਆ ਤਾਣਿਆ ਹੋਵੇ। ਗੁਰਿਆਈ ਦੇ ਪਹਿਲੇ ਸਾਲਾਂ ਸਮੇਂ ਉਨ੍ਹਾਂ 'ਤੇ ਕਿਤਨੇ ਹੀ ਝਖੜ ਝੁਲੇ, ਦੋਖੀਆਂ ਨੇ ਕਿਤਨੇ ਤੂਫ਼ਾਨ ਉਠਾਏ, ਕਦੇ ਦਾਤੂ ਨੇ ਲੱਤ ਮਾਰੀ, ਕਦੇ ਨਿੰਦਕਾਂ ਅਤਿ ਚੁੱਕੀ, ਕਦੇ ਮੁਸਲਮਾਨ ਖੋਜਿਆਂ ਨੇ ਸਿੱਖਾਂ ਵਿਰੁੱਧ ਖੇਰੂ ਪਾਇਆ, ਕਦੇ ਸਨਾਤਨੀ ਬ੍ਰਾਹਮਣਾਂ ਨੇ ਮਹਜਰਨਾਮਾ ਤਿਆਰ ਕੀਤਾ, ਕਦੇ ਗੋਂਦੇ ਮਰਵਾਹੇ ਦੇ ਪੁੱਤਰ ਨੇ ਚੁੱਕ ਵਿਚ ਆ ਕੇ ਲਾਹੌਰ ਦੇ ਗਵਰਨਰ ਨਵਾਬ ਖਿਜ਼ਰ ਖਵਾਜਾ ਖਾਨ ਦੇ ਕੋਲ ਗੁਰੂ ਜੀ ਵਿਰੁੱਧ ਸ਼ਿਕਾਇਤਾਂ ਕੀਤੀਆਂ, ਕਦੇ ਉਹੀ ਮਰਵਾਹਾ ਅਕਬਰ ਦੇ ਸ਼ਾਹੀ ਦਰਬਾਰ ਵਿਚ ਜਾ ਫ਼ਰਿਆਦੀ ਹੋਇਆ, ਇਸ ਤਰ੍ਹਾਂ ਵਿਰੋਧੀਆਂ ਨੇ ਪੂਰਾ ਤਾਣ ਲਾ ਕੇ ਹਰ ਹਮਲਾ ਕੀਤਾ ਪਰੰਤੂ ਗੁਰੂ ਸਾਹਿਬ ਪਰਬਤੁ ਮੇਰਾਣੁ ਵਾਂਗ ਅਡੋਲ ਰਹੇ:

ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥

(ਪੰਨਾ ੯੬੮)

ਸੰਸਾਰ ਭਰ ਦੇ ਮਨੁੱਖ ਮਾਤਰ ਦੇ ਕਲਿਆਣ ਲਈ ਤੀਜੇ ਪਾਤਸ਼ਾਹ ਹਰ ਵਕਤ ਸਰਬਤ ਦਾ ਭਲਾ ਲੋਚਦੇ ਅਤੇ ਪਰਉਪਕਾਰ ਦੀ ਖਾਤਰ ਉਮਾਹ ਨਾਲ ਭਰੇ ਰਹਿੰਦੇ ਸਨ। ਉਨ੍ਹਾਂ ਦੀ ਪਰਮਾਤਮਾ ਅੱਗੇ ਸਰਬ-ਸਾਂਝੀ ਪੁਕਾਰ ਆਪਣੇ ਹਿਰਦੇ ਦੀ ਵਿਸ਼ਾਲਤਾ ਅਤੇ ਹੋਰਨਾਂ ਧਰਮਾਂ ਵਲ ਸਦ-ਭਾਵਨਾ ਦੀ ਮੂੰਹ ਬੋਲਦੀ ਤਸਵੀਰ ਹੈ:

SikhBookClub.com

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥
ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ॥ *(ਪੰਨਾ ੮੫੩)*

ਸ੍ਰੀ ਗੁਰੂ ਅਮਰਦਾਸ ਜੀ ਨੇ ਇਥੇ ਇਸ ਸਲੋਕ ਦੀਆਂ ਪਹਿਲੀਆਂ ਤੁਕਾਂ ਵਿਚ ਧਰਮ ਦੇ ਦੂਜੇ ਮਾਰਗ ਵਲ ਰਵਾਦਾਰੀ ਪ੍ਰਗਟ ਕੀਤੀ ਹੈ, ਉਥੇ ਤੀਜੀ ਤੁਕ ਵਿਚ ਆਪਣੇ ਮਾਰਗ ਅਤੇ ਵਿਸ਼ਵਾਸਾਂ ਪ੍ਰਤੀ ਦ੍ਰਿੜ੍ਹਤਾ ਤੇ ਵਿਲੱਖਣਤਾ ਨੂੰ ਉਜਾਗਰ ਕੀਤਾ ਹੈ। "ਸਭ ਲੋਕ ਉਧਰਣ ਅਰਥਾਂ ਦੀ ਖਾਤਰ ਤੀਜੇ ਪਾਤਸ਼ਾਹ ਨੇ 1553 ਈ. ਨੂੰ 'ਪੁਰਬ ਅਭੀਚੁ' ਦੇ ਸਮੇਂ ਹਿੰਦੂ ਤੀਰਥਾਂ ਦੀ ਯਾਤਰਾ ਕਰਨ ਦਾ ਉੱਦਮ ਕੀਤਾ। ਆਪਣੇ ਜ਼ਮਾਨੇ ਦੇ ਸੰਸਾਰ ਦੇ ਸਭ ਤੋਂ ਵੱਧ ਅਗਾਂਹ ਵਧੂ ਤੇ ਖੁਲ੍ਹ ਵਿਚਾਰੀਏ (Liberal Minded) ਮਹਾਂ ਪੁਰਸ਼ ਸਨ ਜਿਨ੍ਹਾਂ ਧਰਮ ਵਿਚ ਕਿਸੇ ਵੀ ਕੱਟੜਪੁਣੇ ਨੂੰ ਨਹੀਂ ਆਉਣ ਦਿੱਤਾ। ਗੋਇੰਦਵਾਲ ਉਨ੍ਹਾਂ ਦੇ ਲੰਗਰ ਵਿਚ ਅਕਬਰ ਵਰਗੇ ਸਮਰਾਟ ਅਤੇ ਗਰੀਬ ਤੋਂ ਗਰੀਬ ਭਿਖਾਰੀ ਨੂੰ ਇਕੋ ਪੰਗਤ ਵਿਚ ਬੈਠਿਆਂ ਦੇਖਿਆ ਜਾ ਸਕਦਾ ਹੈ।

ਤੀਜੇ ਪਾਤਸ਼ਾਹ ਦੇ ਹੱਥਾਂ ਵਿਚ ਫੜੀ ਹੋਈ ਧਰਮ ਦੀ ਕਮਾਨ ਵਿਚੋਂ ਨਿਕਲੇ ਹੋਏ ਤੀਰ ਕਿਸੇ ਦੁਰਾਡੇ ਨਿਸ਼ਾਨੇ ਵੱਲ ਨੀਝ ਲਗਾਉਂਦੇ ਹਨ। 'ਤੀਰ' ਨੂੰ ਸਹੀ ਦਿਸ਼ਾ (Right Direction) ਅਤੇ ਨਿਸ਼ਚਿਤ ਟੀਚੇ (Target) ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਨਿਸ਼ਾਨਾ ਇਸ ਸੰਸਾਰ ਨੂੰ ਖ਼ੁਸ਼ਹਾਲੀ ਦੇ ਉਸ ਪੱਧਰ ਤਕ ਪਹੁੰਚਾਉਣਾ ਹੈ ਜਿਥੇ ਹਰ ਇਕ ਦੇ ਅੰਦਰ ਭਗਤਾਂ ਵਾਲੀ ਸ਼ਾਂਤੀ (ਭਗਤੀ ਸੀਲਹ) ਹੋਵੇ ਤਾਂ ਕਿ ਵਿਸ਼ਵ-ਭਾਈਚਾਰੇ ਦੀ ਸਿਰਜਣਾ ਹੋ ਸਕੇ ਅਤੇ ਇਹ ਦੁਨੀਆਂ 'ਗੋਬਿੰਦਪੁਰੀ' ਦਾ ਰੂਪ ਧਾਰਨ ਕਰ ਜਾਏ। ਇਸ ਸੁਨਹਿਰੀ ਸੁਪਨੇ ਨੂੰ ਉਨ੍ਹਾਂ ਨੇ ਗੋਇੰਦਵਾਲ ਵਿਚ ਸਾਖਿਆਤ ਕਰਕੇ ਵਿਖਾਇਆ ਤਾਂ ਹੀ ਭੱਟ ਜਲ੍ਹਨ ਨੇ 'ਗੋਬਿੰਦਵਾਲੁ ਗੋਬਿੰਦਪੁਰੀ ਸਮ' ਆਖ ਕੇ ਕੀਰਤੀ ਗਾਈ ਹੈ। ਜੀਵਨ ਦੇ ਲਕਸ਼ ਦੀ ਸਿੱਧੀ ਹੋ ਨਹੀਂ ਸਕਦੀ ਜੇ ਬਿਨਾਂ ਕਿਸੇ ਸੇਧ ਤੋਂ ਅੰਨ੍ਹੇ ਦੀ ਤਰ੍ਹਾਂ ਹਨੇਰੇ ਵਿਚ ਤੀਰ ਚਲਾਏ ਜਾ ਰਹੇ ਹੋਣ। ਮਨ ਦਾ ਸੁਭਾਅ ਹੈ ਇਕੋ ਸਮੇਂ ਦਸ ਦਿਸ਼ਾਵਾਂ ਵਿਚ ਭਟਕਣਾ। ਜਦੋਂ ਆਦਰਸ਼ ਦਾ ਠੀਕ ਬੋਧ ਹੋਵੇ ਤਾਂ ਉਸ ਦੇ ਲਈ ਠੀਕ ਦਿਸ਼ਾ ਦੀ ਚੋਣ ਕਰਕੇ ਉਸ ਵਲ ਧਾਈ ਕਰਕੇ ਚਲਣ ਨਾਲ ਮਨ ਦੀ ਦੌੜ ਮੁੱਕ ਜਾਂਦੀ ਹੈ ਤੇ ਇਸ ਵਿਚ ਟਿਕਾਅ ਆ ਜਾਂਦਾ ਹੈ। ਟਿਕੇ ਹੋਏ ਮਨ ਵਿਚ ਸ਼ਾਂਤੀ ਦਾ ਪ੍ਰਵਾਹ ਹੁੰਦਾ ਹੈ ਜਿਸ ਨੂੰ ਭੱਟ ਸਲ੍ਹ ਨੇ 'ਭਗਤਿ ਸੀਲਹ' ਦਾ ਨਾਂ ਦਿੱਤਾ ਹੈ। ਟਿਕਿਆ ਹੋਇਆ ਮਨ ਸ਼ਕਤੀਵਾਨ ਹੁੰਦਾ ਹੈ।

ਡਾਕਟਰ ਬਲਬੀਰ ਸਿੰਘ ਦੇ ਕਥਨ ਅਨੁਸਾਰ:

> 'ਆਦਰਸ਼ ਜਿਸ ਵੇਲੇ ਚਮਤਕਾਰ ਮਾਰਦਾ ਹੈ ਤਾਂ ਕਾਇਰਾਂ ਵਿਚ ਬਹਾਦਰਾਂ ਦੀ ਅਣਖ ਆ ਜਾਂਦੀ ਹੈ। ਆਦਰਸ਼ ਜਿਸ ਵੇਲੇ ਲਿਸ਼ਕਦਾ ਹੈ ਤਾਂ ਹਿਰਦੇ ਬੀਰ ਰਸ ਦੇ ਉਤਸ਼ਾਹ ਨਾਲ ਭਰ ਜਾਂਦੇ ਹਨ।...ਸਿਥਲ ਹੋ ਗਏ ਸਿੱਖਾਂ ਦੇ ਸਾਹਮਣੇ ਜਿਸ ਵੇਲੇ ਸਿੱਖੀ ਦੇ ਉੱਚੇ ਮੰਤਵ ਦਾ ਆਦਰਸ਼ ਪੇਸ਼ ਕਰ ਦਿੱਤਾ ਜਾਵੇ ਤਾਂ ਬੇਸੁਰਤ ਪਈ ਕੌਮ ਨੂੰ ਹੋਸ਼ ਆ ਜਾਂਦੀ ਹੈ। ਮੁੜ ਕੇ ਖ਼ੂਨ ਸੁਰਜੀਤ ਹੋ ਜਾਂਦਾ ਹੈ। ਕੁਰਬਾਨੀ ਦਾ ਦਰਿਆ ਠਾਠਾਂ ਮਾਰਨ ਲੱਗ ਜਾਂਦਾ ਹੈ।'
>
> *(ਕਲਮ ਦੀ ਕਰਾਮਾਤ, ਪੰਨਾ ੧੭੪)*

SikhBookClub.com

ਉਚੇਰੇ ਆਦਰਸ਼ ਬਿਜਲਈ ਸ਼ਕਤੀ ਦੇ ਸੋਮੇ ਹੁੰਦੇ ਹਨ। ਆਪਣੇ ਆਦਰਸ਼ ਤੋਂ ਥਿੜਕ ਕੇ ਜੇ ਕੋਈ ਅਟਕ ਜਾਂਦਾ ਸੀ ਤਾਂ ਸ੍ਰੀ ਗੁਰੂ ਅਮਰਦਾਸ ਜੀ ਉਸ ਨੂੰ ਸਹੀ ਅਗਵਾਈ ਦੇ ਕੇ ਅੱਗੇ ਤੋਰ ਦਿੰਦੇ ਸਨ। ਗੋਇੰਦਵਾਲ ਦੇ ਇਕ ਮੁਸਲਮਾਨ ਸ਼ੇਖ ਨੂੰ ਜੋ ਈਰਖਾ ਦੀ ਅੱਗ ਵਿਚ ਸੜ ਕੇ ਝੱਲਾ ਹੋਇਆਂ ਫਿਰਦਾ ਸੀ ਅਤੇ ਆਤਮਿਕ ਦਿਸ਼ਾ ਤੋਂ ਭਟਕ ਗਿਆ ਸੀ ਗੁਰੂ ਸਾਹਿਬ ਨੇ ਬਲਵਾਨ ਸੇਧ ਦਿੰਦਿਆਂ ਹੋਇਆਂ ਫ਼ੁਰਮਾਇਆ ਕਿ ਆਪਣੇ ਹੱਠ ਨੂੰ ਛੱਡ ਕੇ ਭਉ ਤੇ ਸ਼ਾਂਤੀ ਵਾਲਾ ਸੁਭਾਅ ਬਣਾਉਣ ਨਾਲ ਹੀ ਮਾਲਕ ਹਰੀ ਦੇ ਪਾਸੇ ਦੀ ਲਗਨ ਲੱਗ ਸਕਦੀ ਹੈ:

ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ॥
ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ॥
ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ॥
ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ॥
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ॥

(ਪੰਨਾ ੫੫੧)

ਮਨ ਦੀ ਸ਼ਾਂਤੀ ਖੁਸਣ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਹੁੰਦਾ ਹੈ ਕਿ ਅੰਦਰ ਪੰਜ ਮਨੋਵਿਕਾਰਾਂ ਦਾ ਦੁੰਦਰ ਮਚਿਆ ਹੋਇਆ ਹੈ। ਗੁਰੂ ਆਗੂ ਇਨ੍ਹਾਂ ਪੰਜਾਂ ਦੀ ਅਸਲੀਅਤ ਨੂੰ ਪ੍ਰਗਟ ਕਰਕੇ ਦਰਸਾ ਦਿੰਦਾ ਹੈ ਕਿ ਉਹ ਮੋਰੀਆਂ ਨੂੰ ਬੰਦ ਕਰਨਾ ਪਏਗਾ, ਜਿਥੋਂ ਮਿਰਗ ਚੋਰੀ ਪੈ ਜਾਂਦੇ ਹਨ ਤੇ ਆਤਮਕ ਅੰਗੂਰੀ ਪੁੱਟ ਕੇ ਲੈ ਜਾਂਦੇ ਹਨ। ਅਨੰਦ ਸਾਹਿਬ ਦੇ ਵਿਚ ਗੁਰੂ ਅਮਰਦਾਸ ਜੀ ਨੇ ਮਨੁੱਖ ਦੇ ਸਰੀਰ, ਮਨ, ਰਸਨਾ, ਨੇਤਰ, ਕੰਨਾਂ ਸਭ ਨੂੰ ਪਿਆਰ ਨਾਲ ਸੰਬੋਧਨ ਕਰਕੇ ਖਾਸ ਸੰਜਮ ਵਿਚ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਇਹੋ ਦੁੰਦਰ ਨੂੰ ਬੰਨ੍ਹਣਾ ਤੇ ਸੁੰਦਰ ਨੂੰ ਪਾਉਣਾ ਹੈ। ਇਸ ਦੇ ਨਾਲ ਪੰਜਾਂ ਦਾ ਵਿਕਾਰੀ ਪ੍ਰਭਾਵ ਬਦਲ ਜਾਂਦਾ ਹੈ ਅਤੇ ਉਹ ਉਸਾਰੂ ਬਣ ਕੇ ਸੇਵਾ ਵਿਚ ਲੱਗ ਜਾਂਦੇ ਹਨ। ਉਨ੍ਹਾਂ ਨੂੰ ਦਮਨ ਕਰਨ ਦੀ ਲੋੜ ਨਹੀਂ ਪਈ, ਸਗੋਂ ਉਦਾਤੀਕਰਣ (sublimation) ਦੁਆਰਾ ਕਾਮ ਗ੍ਰਿਹਸਤ ਦੇ ਉਚੇਰੇ ਆਦਰਸ਼ਾਂ ਦੀ ਪੂਰਤੀ ਦਾ ਸਾਧਨ ਬਣ ਗਿਆ, ਕ੍ਰੋਧ ਕਰੁਣਾ ਤੇ ਬੀਰਤਾ ਵਿਚ ਬਦਲ ਗਿਆ, ਲੋਭ ਪਰਉਪਕਾਰ ਤੇ ਸੇਵਾ ਵਿਚ ਪਲਟ ਗਿਆ, ਮੋਹ ਪ੍ਰੇਮ ਬਣ ਗਿਆ ਅਤੇ ਹੰਕਾਰ ਸਵੈਮਾਨ ਤੇ ਅਣਖ ਦਾ ਰੂਪ ਧਾਰਨ ਕਰ ਗਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਗਹਿਰੇ ਵਿਸ਼ਲੇਸ਼ਣ ਦੁਆਰਾ ਸਪੱਸ਼ਟ ਕਰ ਦਿੱਤਾ ਕਿ:

ਇਹ ਹਉਮੈ ਹੀ ਹੈ ਜੋ ਕਾਮਾਦਿਕ ਵਿਕਾਰਾਂ ਦੀ ਜਨਮਦਾਤੀ ਹੈ, ਹਉਮੈ ਕਰਕੇ ਹੀ ਜੀਵਨ ਵਿਚ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਜ਼ਿੰਦਗੀ ਧੁੜਕੂ ਵਿਚ ਹੀ ਲੰਘਦੀ ਹੈ:

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥
ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥

(ਪੰਨਾ ੫੯੨)

ਹਉਮੈ ਨੂੰ ਮਾਰਨ ਦੇ ਲਈ ਇਕ ਇਕ ਪਲ ਕਰਕੇ ਜੂਝਣਾ ਪੈਂਦਾ ਹੈ ਕਿਉਂਕਿ ਹਉਮੈ ਬਹੁਤ ਚੰਚਲ ਹੈ ਅਤੇ ਨਵੇਂ ਨਵੇਂ ਰੂਪ ਧਾਰਨ ਕਰਕੇ ਘੇਰਾ ਪਾਉਂਦੀ ਰਹਿੰਦੀ ਹੈ। ਸ਼ਬਦ ਦੀ ਕਮਾਈ ਦੇ

SikhBookClub.com

ਨਾਲ ਨਾਲ ਤਕੜਾ ਮੋਰਚਾ ਲਾ ਕੇ ਇਸ ਦੀ ਇਕ ਇਕ ਤਾਰ ਨੂੰ ਅੰਦਰੋਂ ਕੱਢਿਆ ਜਾਂਦਾ ਹੈ ਅਤੇ ਮੁਕੰਮਲ ਫ਼ਤਹਿ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਹੁੰਦੀ ਹੈ ਕਿਸੇ ਦੇ ਆਪਣੇ ਯਤਨ ਨਾਲ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਬਦ ਦਾ ਐਸਾ ਨੇਜਾ ਗੱਡ ਦਿੱਤਾ ਕਿ ਕਾਮਾਦਿਕ ਵੈਰੀ ਨੇੜੇ ਨਹੀਂ ਆਉਂਦੇ। ਰਣ ਤਤੇ ਵਿਚ ਜੂਝਦਾ ਹੋਇਆ ਬਹਾਦਰ ਜਦੋਂ ਆਪਣੇ ਵੈਰੀਆਂ ਨੂੰ ਜਿੱਤ ਲੈਂਦਾ ਹੈ ਤਾਂ ਉਹ ਆਪਣੇ ਨੇਜੇ ਨੂੰ ਧਰਤੀ ਵਿਚ ਗੱਡ ਦਿੰਦਾ ਹੈ ਜੋ ਉਸ ਦੀ ਫਤਹਿ ਦਾ ਚਿੰਨ੍ਹ ਮੰਨਿਆ ਜਾਂਦਾ ਹੈ।

ਸਬਦ ਗੁਰ ਨੇਜਾ ਗਡਿਓ

ਇਸ ਗੱਲ ਦਾ 'ਪ੍ਰਤੀਕ' ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਬਦ ਦਾ ਵਰਤਾਰਾ ਕਰਕੇ ਵਿਕਾਰਾਂ ਦੇ ਦਲ ਨੂੰ ਜਿੱਤ ਲਿਆ। ਇਹ ਉਨ੍ਹਾਂ ਦੀ ਫਤਹ ਦਾ ਜੈਕਾਰਾ ਹੈ ਅਤੇ ਸਾਡੇ ਲਈ ਪ੍ਰੇਰਨਾ ਦਾ ਅਮੁਕ ਸੋਮਾ ਹੈ ਜੋ ਕਿ 'ਸ਼ਬਦ ਦੇ ਮਾਰਗ' 'ਤੇ ਚੱਲਣ ਵਾਲੇ ਕਦੀ ਵੀ ਇਸ 'ਹਠੀਲੀ ਫ਼ੌਜ' ਤੋਂ ਮਾਰ ਨਹੀਂ ਖਾਣਗੇ।

ਪਰਮਾਤਮਾ ਦੇ ਨਾਲ ਪੂਰਨ ਸੰਜੋਗ ਦੀ ਦਸ਼ਾ ਨੂੰ ਰਹੱਸਵਾਦੀ ਅਨੁਭਵ ਕਿਹਾ ਜਾਂਦਾ ਹੈ ਜਿਸ ਦੇ ਵਾਪਰਨ ਸਮੇਂ 'ਸਰਬ' ਵਿਚ 'ਏਕੇ' ਦਾ ਅਹਿਸਾਸ ਜਗਾਉਣ ਵਾਲੀ ਦਿਬ-ਦ੍ਰਿਸ਼ਟੀ ਦਾ ਉਜਾਲਾ ਹੋ ਜਾਂਦਾ ਹੈ। ਇਸ ਦੇ ਫਲਸਰੂਪ ਰਹੱਸਵਾਦੀ ਦੇ ਜੀਵਨ ਵਿਚ ਭਾਵੁਕਤਾ ਅਸਾਧਾਰਣ ਦਰਜੇ ਦੀ ਆ ਜਾਂਦੀ ਹੈ ਜਿਸ ਦੀ ਰੰਗਣ ਵਿਚ ਰੰਗਿਆ ਉਹ ਹਰ ਵੇਲੇ ਇਕ ਨੂੰ ਹਾਜ਼ਰ-ਨਾਜ਼ਰ ਜਾਣਦਾ ਹੈ। ਇਸ ਤੀਬਰ ਭਾਵਨਾਤਮਿਕ ਸਥਿਤੀ ਵਿਚੋਂ ਉਪਜਣ ਵਾਲਾ 'ਏਕਤ੍ਵ' ਦਾ ਬੋਧ ਰਹੱਸਵਾਦੀ ਨੂੰ ਅਭੇਦੀ-ਚੇਤਨਾ (Unitive-consciousness) ਪ੍ਰਦਾਨ ਕਰਦਾ ਹੈ ਜਿਸ ਦੇ ਅੰਤਰਗਤ ਹਰ ਪ੍ਰਕਾਰ ਦੀ ਦੂਈ, ਦਵੈਤ ਅਤੇ ਦੋਖ ਦੀ ਭਾਵਨਾ ਅਲੋਪ ਹੋ ਜਾਂਦੀ ਹੈ। ਭਟ ਜਾਲਪ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤ ਗਾਇਨ ਕਰਦਿਆਂ ਬਹੁਤ ਹੀ ਖ਼ੂਬਸੂਰਤੀ ਦੇ ਨਾਲ ਉਨ੍ਹਾਂ ਦੇ ਰਹੱਸਵਾਦੀ ਅਨੁਭਵ 'ਤੇ ਰੌਸ਼ਨੀ ਪਾਈ ਹੈ ਕਿ 71 ਸਾਲ ਦੀ ਅਵਸਥਾ ਵਿਚ ਗੁਰੂ ਸਾਹਿਬ ਨੇ 'ਇਕ' (ਵਾਹਿਗੁਰੂ) ਨਾਲ ਅਭੇਦਤਾ ਪ੍ਰਾਪਤ ਕੀਤੀ ਅਤੇ ਇਤਨੀ ਵੱਡੀ ਉਮਰ ਦੇ ਬਾਵਜੂਦ ਕਮਜ਼ੋਰੀ ਮਹਿਸੂਸ ਨਾ ਕੀਤੀ:

ਤੈ ਪਵਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥
ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥
ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥
ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥
ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥
ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥

(ਪੰਨਾ ੧੩੯੪)

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਦਰਬਾਰ ਵਿਚ ਕ੍ਰਿਪਾ ਦੀ ਘਾਲ ਘਾਲਦਿਆਂ ਵਾਹਿਗੁਰੂ ਦੀ ਏਕਤਾ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰ ਲਿਆ। ਸ੍ਰੀ ਗੁਰੂ ਨਾਨਕ ਪਾਤਸ਼ਾਹ ਇਹ ਦ੍ਰਿੜ੍ਹ ਕਰਵਾ ਗਏ ਸਨ ਕਿ ਸ੍ਰਿਸ਼ਟੀ ਦਾ ਅੰਤਮ-ਸੱਚ (ੴ) ਹੈ ਜੋ ਸਾਰੀ ਦ੍ਰਿਸ਼ਟਮਾਨ 'ਅਨੇਕਤਾ' ਦਾ ਮੂਲ ਹੈ। 'ਏਕਤਾ' ਹਮੇਸ਼ਾ ਕਾਇਮ ਰਹਿੰਦੀ ਹੈ ਭਾਵ ਸਰੂਪ ਅਨੇਕ ਧਾਰਨ ਕਰ

SikhBookClub.com

ਲਵੇ। ਸਾਰੀ ਅਨੇਕਤਾ 'ਇਕ' ਵਿਚੋਂ ਹੀ ਪੈਦਾ ਹੁੰਦੀ ਹੈ ਅਤੇ ਅੰਤ ਉਸ 'ਇਕ' ਵਿਚ ਹੀ ਸਮਾ ਜਾਂਦੀ ਹੈ, 'ਇਕ' ਹੀ ਸਦੀਵੀ ਸੱਚ ਹੈ। ਸਾਰੇ ਜੀਵ ਬਰਾਬਰ ਹਨ, ਕਿਉਂਕਿ ਉਹ ਇਕ ਵਿਚੋਂ ਹੀ ਪੈਦਾ ਹੋਏ ਹਨ, ਇਕੋ ਬ੍ਰਹਮ ਵਿਚ ਲੀਨ ਹੋਣਗੇ। ਇਹ ਹਕੀਕਤ ਹੀ ਮਨੁੱਖਤਾ ਨੂੰ ਏਕਤਾ ਦੀ ਲੜੀ ਵਿਚ ਪਰੋਂਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੂੰ ਜਿਉਂ ਹੀ 'ਇਕ' ਦਾ ਪ੍ਰਤੱਖ ਅਨੁਭਵ ਹੋਇਆ ਤਾਂ ਉਨ੍ਹਾਂ ਦੀ ਦ੍ਰਿਸ਼ਟੀ ਜਿਥੇ ਪੈਂਦੀ 'ਇਕ' ਦੇ ਜਲਵੇ ਨੂੰ ਹੀ ਮਾਣਦੀ। ਉਹ ਸਾਰੇ ਸੰਸਾਰ ਨੂੰ 'ਹਰਿ ਕਾ ਰੂਪ' ਹੀ ਵੇਖਦੇ। ਉਨ੍ਹਾਂ ਦੀ ਨਿਗਾਹ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਸੀ, ਗਰੀਬ ਜਾਂ ਅਮੀਰ ਨਹੀਂ ਸੀ। ਉਹ ਬਚਨ ਵੀ ਇਕ ਦੇ ਹੀ ਕਰਦੇ। ਉਨ੍ਹਾਂ ਫ਼ਰਮਾਇਆ ਕਿ ਸ਼ਿਵ ਤੇ ਸ਼ਕਤੀ ਅਨਾਦੀ ਨਹੀਂ:

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥

(ਪੰਨਾ ੯੨੦)

ਉਹ ਦੋਵੇਂ ਇਕ ਦੇ ਹੁਕਮ ਅਧੀਨ ਹਨ। ਗੁਰੂ ਦੀ ਕਿਰਪਾ ਸਦਕਾ ਜਿਹੜੇ ਇਸ ਭੇਦ ਨੂੰ ਬੁਝ ਲੈਂਦੇ ਹਨ ਉਹ ਸਿਵਾਇ ਨਿਰੰਕਾਰ ਤੋਂ ਹੋਰ ਕਿਸੇ ਦੇਵੀ ਦੇਵਤੇ ਜਾਂ ਸ਼ਕਤੀ ਨੂੰ ਆਪਣਾ ਇਸ਼ਟ ਨਹੀਂ ਮੰਨਦੇ।

ਗੁਰੂ ਅਮਰਦਾਸ ਜੀ ਦੀ 'ਸੁਰਤਿ' ਇਕ ਪਰਮਾਤਮਾ ਵਿਚ ਹੀ ਲਿਵਲੀਨ ਰਹਿੰਦੀ ਸੀ। ਉਹ ਸੁਪਨੇ ਵਿਚ ਵੀ 'ਇਕ' ਨਾਲ ਜੁੜੇ ਰਹਿੰਦੇ ਤੇ ਜਾਗਦੇ ਹੋਏ ਵੀ:

ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥

(ਪੰਨਾ ੧੩੯੪)

ਮਨੋ-ਵਿਗਿਆਨੀਆਂ ਦਾ ਕਥਨ ਹੈ ਕਿ ਸੁਪਨੇ ਵਿਚ ਅਚੇਤਨ-ਮਨ (Unconsciousness Mind) ਕੰਮ ਕਰਦਾ ਹੈ ਜੋ ਚੇਤਨ ਮਨ (Consciousness Mind) ਨਾਲੋਂ ਨੌਂ ਗੁਣਾਂ ਜ਼ਿਆਦਾ ਵੱਡਾ ਹੁੰਦਾ ਹੈ। ਜਦੋਂ ਕੋਈ ਸੁਚੇਤ ਹੋ ਕੇ ਪਰਮਾਤਮਾ ਦਾ ਸਿਮਰਨ ਕਰਦਾ ਹੈ ਤਾਂ ਉਸ ਦੇ ਚੇਤਨ-ਮਨ ਦਾ ਯਤਨ ਨਿਰੰਤਰ ਅਭਿਆਸ ਦੇ ਨਾਲ ਸਹਿਜੇ ਸਹਿਜੇ ਅਚੇਤਨ ਮਨ ਵਿਚ ਪ੍ਰਵੇਸ਼ ਕਰਦਾ ਹੈ ਅਤੇ ਅਜਪਾ-ਜਾਪ ਬਣ ਜਾਂਦਾ ਹੈ। ਇਸ ਅਵਸਥਾ ਵਿਚ ਕਿਸੇ ਕੋਸ਼ਿਸ਼ ਨਾਲ ਜਪ ਕਰਨ ਦੀ ਲੋੜ ਨਹੀਂ ਪੈਂਦੀ, ਬਲਕਿ ਆਪਣੇ ਆਪ ਹੀ ਸਿਮਰਨ ਦੀ ਰੌ ਅੰਦਰ ਚਲਦੀ ਰਹਿੰਦੀ ਹੈ। ਇਸ ਦਸ਼ਾ ਵਿਚ ਭਾਵੇਂ ਕੋਈ ਕ੍ਰਿਤਕਾਰ ਵਿਚ ਰੁੱਝਾ ਹੋਵੇ ਜਾਂ ਸਵਣ-ਸਮਾਧੀ ਵਿਚ ਸੁਪਨੇ ਲੈ ਰਿਹਾ ਹੋਵੇ, ਪਰਮਾਤਮਾ ਦਾ ਸਿਮਰਨ ਸੁਤੇ-ਸਿਧ ਹੀ ਚਲਦਾ ਰਹਿੰਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਜਿਥੇ ਅੰਤਰ-ਮੁਖੀ ਹੋ ਕੇ ਆਪਣੇ 'ਨਿਜ-ਘਰ' ਵਿਚੋਂ 'ਇਕ' ਦੇ ਦਰਸ਼ਨ ਵਿਚ ਮਗਨ ਰਹਿੰਦੇ ਸਨ, ਉਥੇ ਵਿਸ਼ਵ ਦੇ 'ਬਹੁ-ਬਿਧ ਰੰਗੁਲੇ' ਪਾਸਾਰੇ ਦੇ ਵਿਚੋਂ 'ਇਕੋ ਜੋਤਿ' ਦਾ ਜਲਵਾ ਅਨੁਭਵ ਕਰਦੇ ਸਨ। ਉਨ੍ਹਾਂ ਦੇ ਜੀਵਨ ਵਿਚ ਅੰਤਰ-ਮੁਖੀ ਰਹੱਸਵਾਦੀਆਂ (Introvertive Mysics) ਵਾਲੀ ਸਮਾਜਿਕ ਉਦਾਸੀਨਤਾ ਤੋਂ ਭਾਂਜ-ਪ੍ਰਵਿਰਤੀ ਬਿਲਕੁਲ ਹੀ ਨਹੀਂ ਸੀ, ਸਗੋਂ ਸਭ ਤੋਂ ਵੱਧ ਸਮਾਜ ਦੇ ਸੁਧਾਰ ਲਈ ਉਪਰਾਲੇ ਉਨ੍ਹਾਂ ਹੀ ਕੀਤੇ। ਬਾਉਲੀ ਸਾਹਿਬ ਤਿਆਰ ਕਰਵਾ ਕੇ ਉਨ੍ਹਾਂ ਸਭ ਨੂੰ ਇਕੋ ਥਾਂ ਤੋਂ ਜਲ ਛਕਾ ਕੇ ਪਾਣੀ ਦੀ ਭਿਟ ਖ਼ਤਮ ਕਰ ਦਿੱਤੀ। ਹਿੰਦੁਸਤਾਨ ਦੀ ਜਾਤ-ਪਾਤ ਦੇ ਵਿਤਕਰਿਆਂ ਵਾਲੀ ਚਉਰਾਸੀ ਕੱਟ ਦਿੱਤੀ। ਸਤੀ ਤੇ ਪਰਦੇ ਦੀਆਂ ਕੋਝੀਆਂ ਰਸਮਾਂ ਨੂੰ ਹਟਾ ਕੇ ਜਿਨਸੀ-ਏਕਤਾ ਨੂੰ ਸਥਾਪਿਤ ਕੀਤਾ। ਉਨ੍ਹਾਂ ਦੇ

SikhBookClub.com

ਦਰਸ਼ਨ ਕਰਨ ਤੋਂ ਪਹਿਲਾਂ ਹਰ ਇਕ ਨੂੰ ਸੰਗਤ ਤੇ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਹੁਕਮ ਸੀ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਿਥੇ ਏਕਤਾ ਤੇ ਸਮਾਨਤਾ ਦੇ ਸੁਨਹਿਰੀ ਅਸੂਲ ਹੋਂਦ ਵਿਚ ਆਏ।

ਸ੍ਰੀ ਗੁਰੂ ਅਮਰਦਾਸ ਜੀ ਸੱਚ ਨੂੰ ਪ੍ਰਗਟ ਕਰਨ ਵਾਲੇ ਸੂਰਮੇ ਹਨ, ਸੀਲਵੰਤ ਹਨ। ਸ਼ਾਂਤ ਸੁਭਾਉ ਦੇ ਮਾਲਕ ਹਨ। ਬਹੁਤ ਹੀ ਡੂੰਘੀ ਮਤਿ ਵਾਲੇ ਹਨ, ਨਿਰਵੈਰ ਹਨ, ਧੀਰਜਵਾਨ ਹਨ। ਘਣੀ ਸੰਗਤਿ ਵਾਲੇ ਹਨ, ਜਿਨ੍ਹਾਂ ਦੇ ਦੀਵਾਨ ਹਰ ਸਮੇਂ ਲੱਗੇ ਰਹਿੰਦੇ ਹਨ। ਗੋਇੰਦਵਾਲ ਜਾਈਏ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਚਾਰੇ ਪਾਸੇ ਸ਼ਾਂਤੀ ਛਾਈ ਹੋਈ ਹੈ ਜਿਵੇਂ ਉਨ੍ਹਾਂ ਚਿੱਟਾ ਝੰਡਾ ਲਹਿਰਾ ਰੱਖਿਆ ਹੋਵੇ:

ਸਤਿ ਸੁਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ॥
ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥

(ਪੰਨਾ ੧੩੯੩)

ਭੱਟ ਕਲਸਹਾਰ ਨੇ ਇਨ੍ਹਾਂ ਸ਼ਬਦਾਂ ਵਿਚ ਦਰਸਾਇਆ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਵਿਸ਼ਵ-ਵਿਆਪੀ ਆਦਰਸ਼ਾਂ (Universal Ideals) ਦੀ ਸਥਾਪਨਾ ਕਰ ਕੇ ਇਲਾਹੀ ਰਾਜ ਕਾਇਮ ਕਰ ਦਿੱਤਾ। ਗੋਇੰਦਵਾਲ ਵਾਹਿਗੁਰੂ ਦੀ ਨਗਰੀ ਬਣ ਗਈ ਹੈ। ਗੁਰੂ ਜੀ ਨਿਰੰਕਾਰ ਦੇ ਦੇਸ਼ ਵਸ ਰਹੇ ਹਨ ਅਤੇ ਜੋ ਵੀ ਉਨ੍ਹਾਂ ਪਾਸ ਆਉਂਦਾ ਹੈ, ਖਿੜਾਉ ਲੈ ਕੇ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਧੰਨ ਹਨ।

ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ॥

(ਪੰਨਾ ੬੫੪)

(5/1979)

SikhBookClub.com

ਖਡੂਰ ਸਾਹਿਬ ਤੇ ਗੋਇੰਦਵਾਲ

ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਖਡੂਰ ਸਾਹਿਬ ਵਿਖੇ ਮੇਲ ਸਮੇਂ (ਗੁਰੂ) ਅਮਰਦਾਸ ਜੀ ਬਿਰਧ ਅਵਸਥਾ ਵਿਚ ਪੁੱਜ ਚੁੱਕੇ ਸਨ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿਚ ਦਸ ਸਾਲ ਛੋਟੇ ਸਨ। ਆਪਣੀ ਉਮਰ ਦੀ ਪਰਵਾਹ ਨਾ ਕਰਦਿਆਂ ਹੋਇਆਂ ਗੁਰ-ਸੇਵਾ ਵਿਚ ਜੁੱਟ ਗਏ। ਆਪ ਨੂੰ ਕਈ ਪ੍ਰਕਾਰ ਦੇ ਕਰੜੇ ਬੋਲ 'ਗੁਰੂ ਘਰ ਦਾ ਗੋਲਾ' ਅਤੇ 'ਅਮਰੂ ਨਿਥਾਵਾਂ' ਵੀ ਸਹਿਣੇ ਪਏ। ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਦਾਸੂ ਨੇ ਆਪ ਨੂੰ 'ਗੁਰੂ ਘਰ ਦਾ ਗੋਲਾ' ਅਤੇ 'ਪਾਣੀ ਭਰਨ ਵਾਲਾ ਨੌਕਰ' ਕਹਿ ਕੇ ਭੰਡਿਆ ਸੀ। (ਗੁਰੂ) ਅਮਰਦਾਸ ਜੀ ਸਵਾ ਪਹਿਰ ਰਹਿੰਦੀ ਰਾਤ ਨੂੰ ਬਿਆਸਾ ਤੋਂ ਪਾਣੀ ਲਿਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਇਆ ਕਰਦੇ ਸਨ। ਇਕ ਦਿਨ ਬਿਆਸਾ ਤੋਂ ਪਰਤਣ ਲੱਗਿਆਂ ਹਨੇਰੀ ਰਾਤ ਤੇ ਬਿਰਧ ਸਰੀਰ ਹੋਣ ਕਾਰਨ ਰਸਤੇ ਵਿਚ ਜੁਲਾਹੇ ਦੀ ਕਿੱਲੀ ਨਾਲ ਪੈਰ ਅੜਨ ਕਾਰਨ ਡਿੱਗ ਪਏ। ਆਵਾਜ਼ ਸੁਣ ਕੇ ਜੁਲਾਹੇ ਨੇ ਅੰਦਰੋਂ ਆਪਣੀ ਪਤਨੀ ਨੂੰ ਬਾਹਰੋਂ ਆਏ ਖੜਾਕ ਬਾਰੇ ਪੁੱਛਿਆ ਤਾਂ ਜੁਲਾਹੀ ਨੇ ਝਟ-ਪਟ ਕਹਿ ਦਿੱਤਾ—'ਅਮਰੂ ਨਿਥਾਵੇਂ ਤੋਂ ਬਿਨਾਂ ਇਸ ਸਮੇਂ ਹੋਰ ਕੌਣ ਸਕਦਾ ਹੈ।' ਪਰੰਤੂ ਆਪ ਵਲੋਂ ਗੁਰੂ-ਘਰ ਦੀ ਸੇਵਾ ਵਿਚ ਕੋਈ ਕਮੀ ਨਹੀਂ ਆਈ, ਸਗੋਂ ਵਧੇਰੇ ਪ੍ਰੇਰਣਾ ਅਤੇ ਲਗਨ ਨਾਲ ਆਪਣੇ ਕਾਰਜ ਵਿਚ ਜੁਟੇ ਰਹੇ। ਅੰਤ ਆਪ ਦੀ ਘਾਲਣਾ ਨੇਪਰੇ ਚੜ੍ਹੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਿਆਈ ਦਿੱਤੀ। ਆਪ ਸਦਾ ਲਈ 'ਨਿਥਾਵਿਆਂ ਦੇ ਥਾਉਂ' ਅਤੇ 'ਨਿਆਸਰਿਆਂ ਦੇ ਆਸਰੇ' ਬਣ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੋਇੰਦਵਾਲ ਰਹਿਣ ਲਈ ਕਿਹਾ, ਕਿਉਂਕਿ ਉਹ ਆਪਣੇ ਸਪੁੱਤਰ ਦਾਤੂ ਅਤੇ ਹੋਰ ਲੋਕਾਂ ਦੇ ਵਿਰੋਧ ਤੋਂ ਪਰੇਡੇ ਰੱਖਣਾ ਚਾਹੁੰਦੇ ਸਨ। ਦਾਤੂ ਗੁਰ-ਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਉਸ ਨੇ ਗੋਇੰਦਵਾਲ ਪੁੱਜ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੁਰਾ ਭਲਾ ਕਿਹਾ ਅਤੇ ਆਪ ਗੁਰੂ ਬਣ ਬੈਠਾ। ਸ਼ਾਂਤ-ਚਿਤ ਸ੍ਰੀ ਗੁਰੂ ਅਮਰਦਾਸ ਜੀ ਬਾਸਰਕੇ ਆ ਗਏ। ਕਿਸੇ ਨੇ ਵੀ ਦਾਤੂ ਨੂੰ ਗੁਰੂ ਨਹੀਂ ਮੰਨਿਆ। ਅੰਤ ਹਾਰ ਕੇ ਉਹ ਗੁਰੂ ਜੀ ਦਾ ਸਾਰਾ ਸਮਾਨ ਚੁੱਕ ਕੇ ਖਡੂਰ ਸਾਹਿਬ ਆ ਗਿਆ। ਸਿੱਖ ਸੰਗਤਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਾਸਰਕੇ ਤੋਂ ਵਾਪਸ ਲੈ ਆਈਆਂ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਵਿਰੋਧਤਾ ਤੋਂ ਬਚਣ ਲਈ ਸਿੱਖਾਂ, ਸੇਵਕਾਂ ਨੂੰ ਸਹੀ ਰਸਤੇ ਪਾਉਣ ਲਈ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘਰ-ਤਿਆਗੀ ਨੂੰ ਨਿੰਦਿਆ ਹੈ ਅਤੇ ਗ੍ਰਿਹਸਥ ਧਰਮ ਨੂੰ ਸ੍ਰੇਸ਼ਟ ਦੱਸਿਆ ਹੈ। ਉਹ ਤਾਂ:

ਰਾਜ ਮਹਿ ਜੋਗੁ ਕਮਾਯਉ ॥ *(ਪੰਨਾ ੧੪੦੮)*

SikhBookClub.com

ਅੰਜਨ ਮਾਹਿ ਨਿਰੰਜਨਿ ਰਹੀਐ॥

(ਪੰਨਾ ੩੩੨)

ਦੇ ਰਸਤੇ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਉਦਾਸੀਆਂ ਕਰਨ ਉਪਰੰਤ ਉਨ੍ਹਾਂ ਆਪ ਕਰਤਾਰਪੁਰ ਰਹਿਣਾ ਆਰੰਭ ਕਰ ਦਿੱਤਾ। ਇਸ ਪ੍ਰਕਾਰ ਸੰਗਤਾਂ ਨੂੰ ਗੁਰੂ ਨਾਨਕ ਦੇ ਆਦੇਸ਼ਾਂ ਬਾਰੇ ਜਾਣੂ ਕਰਵਾਇਆ ਅਤੇ ਗੁਰੂ ਨਾਨਕ ਗੱਦੀ ਦੇ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ।

ਸ੍ਰੀ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਰਹਿਣ ਲਈ ਇਸ ਕਰਕੇ ਕਿਹਾ ਗਿਆ ਸੀ ਤਾਂਕਿ ਉਹਨਾਂ ਦੇ ਵਿਰੋਧੀ ਆਪ ਨੂੰ ਤੰਗ ਨਾ ਕਰ ਸਕਣ ਅਤੇ ਆਪ ਦੇ ਕਾਰਜ ਵਿਚ ਕੋਈ ਵਿਘਨ ਨਾ ਪਵੇ। ਇਥੇ ਗੋਇੰਦਵਾਲ ਵਿਚ ਵੀ ਆਪ ਦੀ ਸਿੱਖੀ ਸੇਵਕੀ ਵੇਖ ਕੇ ਕੁਝ ਸਿੱਖ ਵਿਰੋਧੀ ਹਿੰਦੂ-ਮੁਸਲਿਮ ਜਨਤਾ ਆਪ ਦੇ ਵਿਰੁੱਧ ਹੋ ਗਈ ਅਤੇ ਝੂਠੀ ਸ਼ਿਕਾਇਤ ਬਾਦਸ਼ਾਹ ਪਾਸ ਭੇਜੀ ਗਈ। ਆਪ ਨੇ ਅਕਬਰ ਬਾਦਸ਼ਾਹ ਦੇ ਸੱਦੇ ਜਾਣ 'ਤੇ ਭਾਈ ਜੇਠਾ ਜੀ ਨੂੰ ਭੇਜਿਆ। ਭਾਈ ਜੇਠਾ ਜੀ ਨੇ ਦਲੀਲਾਂ ਸਹਿਤ ਅਕਬਰ ਦੇ ਦਿਲ ਨੂੰ ਜਿੱਤਿਆ। ਅਕਬਰ ਨੇ ਆਪ ਨੂੰ ਹਿੰਦੂ ਤੀਰਥ ਸਥਾਨਾਂ 'ਤੇ ਵੀ ਯਾਤਰਾ ਕਰਨ ਲਈ ਕਿਹਾ। ਆਪ ਨੇ ਹਰਿਦੁਆਰ ਅਤੇ ਕੁਰੂਕਸ਼ੇਤਰ ਦੀ ਯਾਤਰਾ ਵੀ ਕੀਤੀ। ਅਕਬਰ ਬਾਦਸ਼ਾਹ ਨੇ ਯਾਤਰੂ ਟੈਕਸ ਵੀ ਮਾਫ਼ ਕਰ ਦਿੱਤਾ। ਇਸ ਪ੍ਰਕਾਰ ਆਪ ਜੀ ਦੀ ਕੀਰਤੀ ਹੋਰ ਵੀ ਫੈਲ ਗਈ।

ਗੋਇੰਦਵਾਲ ਵਿਚ ਆਪ ਜੀ ਨੇ ਇਕ ਬਾਉਲੀ ਬਣਵਾਈ। ਇਸ ਦੀਆਂ 84 ਪੌੜੀਆਂ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਾਉਲੀ ਇਸ਼ਨਾਨ ਕਰਨ ਨਾਲ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੋ ਜਾਂਦਾ ਹੈ (ਵਹਿਮਾਂ-ਭਰਮਾਂ ਰੂਪੀ 84 ਤੋਂ ਮੁਕਤ ਹੋ ਜਾਂਦਾ ਹੈ।) ਇਸ ਦੇ ਤਿਆਰ ਹੋ ਜਾਣ 'ਤੇ ਬਹੁਤ ਸੰਗਤਾਂ ਇਥੇ ਆਉਣ-ਜਾਣ ਲੱਗ ਪਈਆਂ। ਗੋਇੰਦਵਾਲ ਇਕ ਤੀਰਥ-ਸਥਾਨ ਬਣ ਗਿਆ।

(ਡਾ. ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ 'ਬਾਉਲੀ ਦੀ ਨੀਂਹ ਰੱਖਣਾ ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਕਦਮ ਸੀ।')

ਬਹੁਤ ਸਾਰੇ ਸ਼ਰਧਾਲੂ ਸਿੱਖ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਲ ਇਥੇ ਰਿਹਾ ਕਰਦੇ ਸਨ, ਜਿਨ੍ਹਾਂ ਵਿਚੋਂ ਭਾਈ ਸਾਲ੍ਹੋ, ਅਜਿੱਤਾ ਰੰਧਾਵਾ, ਸਾਦੂ-ਬਾਦੂ ਰਬਾਬੀ, ਅੱਲਾ ਯਾਰ ਖਾਨ, ਭਾਈ ਸਾਵਣ ਮੱਲ, ਭਾਈ ਲਾਲੂ ਆਦਿ ਦਾ ਨਾਂ ਲਿਆ ਜਾ ਸਕਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਰਧਾਲੂਆਂ ਨੂੰ ਸੰਗਠਿਤ ਕਰਨ ਅਤੇ ਉਨ੍ਹਾਂ ਵਿਚ ਜਾਗ੍ਰਿਤੀ ਲਿਆਉਣ ਲਈ ਕਈ ਅਜਿਹੇ ਸੁਧਾਰ ਅਤੇ ਨਿੱਗਰ ਕੰਮ ਕੀਤੇ ਜਿਸ ਨਾਲ ਸਾਰੇ ਏਕਤਾ ਦੀ ਲੜੀ ਵਿਚ ਪਰੋਏ ਗਏ। 'ਮੰਜੀ ਪ੍ਰਥਾ' ਦਾ ਆਰੰਭ ਇਸ ਵੱਲ ਪਹਿਲਾ ਕਦਮ ਸੀ। ਸਿੱਖ ਸ਼ਰਧਾਲੂਆਂ ਨੂੰ ਇਕ ਪ੍ਰਬੰਧ ਹੇਠ ਚਲਾਉਣ ਲਈ ਆਪ ਜੀ ਨੇ 22 ਮੰਜੀਆਂ ਸਥਾਪਤ ਕੀਤੀਆਂ। ਹਰ ਇਕ ਮੰਜੀ ਦਾ ਮੁਖੀ, ਮੁਖੀਆ ਸਿੱਖ ਸੀ ਜੋ ਗੁਰੂ ਦੇ ਸੰਦੇਸ਼ ਅਤੇ ਆਦੇਸ਼ ਸਿੱਖ ਸੰਗਤਾਂ ਤਕ ਪਹੁੰਚਾਉਂਦਾ ਸੀ। ਸਿੱਖੀ ਪ੍ਰਚਾਰ ਅਤੇ ਪ੍ਰਬੰਧ ਲਈ 'ਮੰਜੀ ਪ੍ਰਥਾ' ਬਹੁਤ ਕਾਰਗਰ ਰਹੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਹਰ ਇਕ ਸ਼ਰਧਾਲੂ ਨੂੰ ਗੁਰੂ ਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣਾ ਪੈਂਦਾ ਸੀ। ਇਸ ਪ੍ਰਕਾਰ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਪ੍ਰਥਾ ਨੇ ਜਾਤ-ਪਾਤ ਤੇ ਉੱਚ-ਨੀਚ ਦੇ ਭੇਤ ਨੂੰ ਖ਼ਤਮ ਕਰ ਦਿੱਤਾ। ਅਕਬਰ ਬਾਦਸ਼ਾਹ

SikhBookClub.com

ਜਦੋਂ ਚਿਤੌੜ ਦੀ ਫ਼ਤਹਿ ਉਪਰੰਤ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ ਤਾਂ ਗੁਰੂ ਦੇ ਲੰਗਰੋਂ ਪ੍ਰਸ਼ਾਦ ਛਕ ਕੇ ਅਤਿ ਪ੍ਰਸੰਨ ਹੋਇਆ। ਅਕਬਰ ਬਾਦਸ਼ਾਹ ਨੇ ਲੰਗਰ ਦੀ ਸਹਾਇਤਾ ਵਜੋਂ ਕੁਝ ਜ਼ਮੀਨ ਦੇਣੀ ਚਾਹੀ, ਪਰੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਕਿਹਾ ਜਾਂਦਾ ਹੈ ਕਿ ਅਕਬਰ ਨੇ ਗੁਰੂ ਜੀ ਦੇ ਇਨਕਾਰ ਕਰਨ 'ਤੇ ਵੀ ਇਹ ਜ਼ਮੀਨ ਬੀਬੀ ਭਾਨੀ ਦੇ ਨਾਂ ਲਗਵਾ ਦਿੱਤੀ। ਹਰੀ ਪੁਰ ਦਾ ਰਾਜਾ ਵੀ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲਣ ਆਇਆ ਤਾਂ ਲੰਗਰੋਂ ਪ੍ਰਸ਼ਾਦ ਛੱਕ ਕੇ ਬਹੁਤ ਪ੍ਰਸੰਨ ਹੋਇਆ।

ਸ੍ਰੀ ਗੁਰੂ ਅਮਰਦਾਸ ਜੀ ਦੀ ਅਗਵਾਈ ਵਿਚ ਸਿੱਖਾਂ ਨੇ ਹਿੰਦੂ ਰਹੁ-ਰੀਤਾਂ ਤੇ ਫੋਕੇ ਕਰਮ-ਕਾਂਡਾਂ 'ਚੋਂ ਨਿਕਲ ਕੇ ਆਪਣੇ ਮਾਰਗ ਨੂੰ ਪਛਾਣਿਆ। ਗੁਰੂ ਜੀ ਦੇ ਸ਼ਰਧਾਲੂ ਵਿਸਾਖੀ, ਮਾਘੀ ਅਤੇ ਦੀਵਾਲੀ ਦੇ ਤਿਉਹਾਰ ਆਪ ਦੇ ਦੱਸੇ ਤਰੀਕੇ ਅਨੁਸਾਰ ਮਨਾਉਣ ਲੱਗੇ। ਖੁਸ਼ੀ ਦੇ ਅਵਸਰ 'ਤੇ ਹੋਰ ਵਹਿਮਾਂ ਵਿਚ ਪੈਣ ਦੀ ਥਾਂ 'ਅਨੰਦ ਸਾਹਿਬ' ਦਾ ਪਾਠ ਹੋਣ ਲੱਗਾ। ਕਿਹਾ ਜਾਂਦਾ ਹੈ ਕਿ ਆਪ ਨੇ 'ਸਤੀ' ਤੇ 'ਪਰਦੇ' ਦੀ ਰਸਮ ਨੂੰ ਦੂਰ ਕਰਨ ਲਈ ਵੀ ਨਿੱਗਰ ਉਪਰਾਲਾ ਕੀਤਾ ਅਤੇ ਆਪਣੇ ਮੁਰੀਦਾਂ ਨੂੰ ਨਸ਼ਿਆਂ ਦੇ ਸੇਵਣ ਤੋਂ ਮਨਾਹੀ ਕੀਤੀ।

ਆਪ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, 17 ਰਾਗਾਂ ਵਿਚ ਪ੍ਰਾਪਤ ਹੁੰਦੀ ਹੈ। 'ਅਨੰਦ' ਆਪ ਦੀ ਸ਼ਾਹਕਾਰ ਰਚਨਾ ਹੈ। ਸਮੁੱਚੀ ਬਾਣੀ ਵਿਚ ਆਤਮਾ ਪਰਮਾਤਮਾ ਦੇ ਮੇਲ ਨੂੰ ਪ੍ਰਗਟਾਇਆ ਹੈ। 'ਆਨੰਦ' ਸਾਹਿਬ ਦੀਆਂ 40 ਪਉੜੀਆਂ ਹਨ। ਆਪ ਜੀ ਅਨੁਸਾਰ 'ਅਨੰਦ' ਪਾਪ, ਕਲੇਸ਼ ਅਤੇ ਮੋਹ ਦਾ ਨਾਸ਼ ਕਰਨ ਵਾਲਾ ਹੈ ਅਤੇ ਇਸ ਦੀ ਪ੍ਰਾਪਤੀ ਗੁਰੂ ਤੋਂ ਹੋ ਸਕਦੀ ਹੈ:

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥

(ਪੰਨਾ ੯੧੭)

ਆਨੰਦ ਦੀ ਅਵਸਥਾ 'ਸਹਿਜ' ਅਵਸਥਾ ਹੈ। ਜਿਤਨੀ ਦੇਰ ਤਕ ਮਨ ਸ਼ੰਕਾਗ੍ਰਸਤ ਰਹਿੰਦਾ ਹੈ ਤਦ ਤਕ ਸਹਿਜ ਭਾਵ ਉਤਪੰਨ ਨਹੀਂ ਹੋ ਸਕਦਾ। ਸਹਿਜ ਭਾਵ ਉਤਪੰਨ ਹੋਣ 'ਤੇ ਹੀ ਵਸਲ ਦੀ ਪ੍ਰਾਪਤੀ ਸੰਭਵ ਹੈ। ਇਹ ਇਕ ਮਾਣਨ ਦੀ ਅਵਸਥਾ ਹੈ। ਪ੍ਰਭੂ ਦੇ ਆਗਮਨ ਦੀ ਖੁਸ਼ੀ ਵਿਚ 'ਗ੍ਰਿਹੁ ਮੰਦਰ' ਬਣ ਜਾਂਦਾ ਹੈ ਅਤੇ ਸਭ ਦੁਖ ਸੰਤਾਪ ਦੂਰ ਹੋ ਜਾਂਦੇ ਹਨ।

ਆਪ ਦੀਆਂ ਚਾਰ ਵਾਰਾਂ—ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿਚ ਪ੍ਰਾਪਤ ਹਨ। ਗੂਜਰੀ ਕੀ ਵਾਰ ਦੀਆਂ 22 ਪਉੜੀਆਂ ਹਨ। ਹਰੇਕ ਪਉੜੀ ਵਿਚ ਪੰਜ-ਪੰਜ ਤੁਕਾਂ ਹਨ। ਹਰੇਕ ਪਉੜੀ ਦੇ ਨਾਲ-ਨਾਲ ਦੋ-ਦੋ ਸਲੋਕ ਹਨ। ਪਉੜੀ ਨੰ: ੪ ਦੇ ਨਾਲ ਪਹਿਲਾ ਸਲੋਕ ਕਬੀਰ ਜੀ ਦਾ ਹੈ ਬਾਕੀ ਦੇ ਸਾਰੇ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਇਹ ਸਲੋਕ ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਵੇਲੇ ਦਰਜ ਕੀਤੇ ਹਨ। ਵਾਰ ਸੂਹੀ ਦੀਆਂ ਕੁਲ 20 ਪਉੜੀਆਂ ਹਨ। ਹਰੇਕ ਪਉੜੀ ਵਿਚ ਪੰਜ-ਪੰਜ ਤੁਕਾਂ ਹਨ ਅਤੇ ਕੁਲ 46 ਸਲੋਕ ਹਨ ਜਿਨ੍ਹਾਂ ਵਿਚੋਂ ਕੇਵਲ 14 ਸਲੋਕ ਹੀ ਗੁਰੂ ਅਮਰਦਾਸ ਜੀ ਦੇ ਹਨ, ਬਾਕੀ ਦੇ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਨ।

ਰਾਮਕਲੀ ਕੀ ਵਾਰ ਦੀਆਂ 21 ਪਉੜੀਆਂ ਹਨ। ਇਸ ਵਾਰ ਵਿਚ ਅਨੋਖੀ ਗੱਲ ਇਹ ਹੈ ਕਿ ਪਹਿਲੀ ਪਉੜੀ ਦੇ ਨਾਲ 'ਰਹਾਉ' ਦੀ ਭੀ ਇਕ ਤੁਕ ਹੈ:

SikhBookClub.com

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥

(ਪੰਨਾ ੯੪੭)

ਇਸ ਵਿਚ ਦਿੱਤੇ ਗਏ 52 ਸਲੋਕਾਂ ਵਿਚੋਂ 24 ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਮਾਰੂ ਰਾਗ ਦੀ ਵਾਰ ਦੀਆਂ ਕੁਲ 22 ਪਉੜੀਆਂ ਹਨ।

ਸ੍ਰੀ ਗੁਰੂ ਅਮਰਦਾਸ ਜੀ ਨੇ 'ਜੇਠਾ ਜੀ' ਜੋ ਪਿਛੋਂ ਸ੍ਰੀ ਗੁਰੂ ਰਾਮਦਾਸ ਜੀ ਬਣੇ, ਨੂੰ ਗੁਰਿਆਈ ਸੌਂਪੀ। ਆਪ ਅਧਿਆਤਮਕ, ਸੰਸਾਰਕ ਅਤੇ ਰਾਜ ਸ਼ਕਤੀ ਦੇ ਸਾਕਾਰ-ਰੂਪ ਸਨ ਜੋ ਗੁਰੂ ਤੋਂ ਸੱਚੇ ਪਾਤਸ਼ਾਹ ਬਣੇ। ਗੋਇੰਦਵਾਲ ਦੀ ਕੀਰਤੀ ਆਪ ਦੇ ਕਾਰਨ ਹੀ ਫੈਲੀ। ਹੁਣ ਵੀ ਇਹ ਪ੍ਰਸਿੱਧ ਅਸਥਾਨ ਉਥੇ ਦੇਖੇ ਜਾ ਸਕਦੇ ਹਨ:

ਗੁਰਦੁਆਰਾ ਬਾਉਲੀ ਸਾਹਿਬ, ਹਵੇਲੀ ਸਾਹਿਬ, ਗੁਰੂ ਅਮਰਦਾਸ ਜੀ ਦਾ ਰਿਹਾਇਸ਼ੀ ਸਥਾਨ, ਖੂਹ ਸ੍ਰੀ ਗੁਰੂ ਰਾਮਦਾਸ ਜੀ ਅਤੇ ਮੋਹਨ ਜੀ ਦਾ ਚੁਬਾਰਾ।

(5/1979)

SikhBookClub.com

ਭਲੇ ਅਮਰਦਾਸ ਗੁਣ ਤੇਰੇ

ਸ੍ਰੀ ਗੁਰੂ ਅਮਰਦਾਸ ਜੀ ਅਤਿ ਸੀਲ ਸੁਭਾਵ, ਨਿਮਰਤਾ, ਸੇਵਾ ਭਾਵ, ਇਕ ਰਸ ਭਗਤੀ ਦੇ ਧਾਰਨੀ ਮਨੁੱਖਤਾ ਦਾ ਭਲਾ ਸੋਚਣ ਵਾਲੇ ਤੇ ਗਰੀਬਾਂ-ਦੁਖੀਆਂ ਲਈ ਅਥਾਹ ਹਮਦਰਦੀ ਰੱਖਣ ਵਾਲੇ, ਪਾਰਬ੍ਰਹਮ ਵਿਚ ਲੀਨ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਤੀਜੇ ਪਾਤਸ਼ਾਹ ਹਨ। ਆਪ ਦਾ ਪ੍ਰਕਾਸ਼ 5 ਮਈ, 1479 ਈ. ਨੂੰ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਾਬਾ ਤੇਜ ਭਾਨ ਤੇ ਮਾਤਾ ਸੁਲੱਖਣੀ ਜੀ ਦੇ ਘਰ ਹੋਇਆ। 60 ਸਾਲ ਦੀ ਉਮਰ ਵਿਚ 1541 ਈ. ਵਿਚ ਆਪ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤੇ ਲਗਭਗ 12 ਸਾਲ ਗੁਰੂ-ਘਰ ਵਿਚ ਰਹਿ ਕੇ ਅਣਥੱਕ ਸੇਵਾ ਕੀਤੀ। 1552 ਈ. ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਭੱਲ ਭੱਟ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰੂ ਰੂਪ ਵਿਚ ਵਡਿਆਈ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ:

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲੁ ਉਨਹ ਜੁ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਪੰਨਾ ੧੩੯੬)

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਸਿੱਖਾਂ ਨੇ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਲ ਕਰਨਾ ਸ਼ੁਰੂ ਕਰ ਦਿੱਤਾ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਬਦ-ਗੁਰੂ ਦੇ ਸਿਧਾਂਤ ਅਤੇ ਗੁਰਬਾਣੀ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਵਾਇਆ ਹੈ। ਉਨ੍ਹਾਂ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਗੁਰਬਾਣੀ ਨੂੰ ਹੀ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਵਾਰ-ਵਾਰ ਬਾਣੀ ਪੜ੍ਹਨ ਦੀ ਤਾਕੀਦ ਕੀਤੀ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥

(ਪੰਨਾ ੯੨੦)

ਮਨ ਰੇ ਸਦਾ ਅਨੰਦੁ ਗੁਣ ਗਾਇ॥
ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥

(ਪੰਨਾ ੩੬)

SikhBookClub.com

ਗੁਰੂ ਜੀ ਨੇ ਦੱਸਿਆ ਹੈ ਕਿ ਗੁਰਬਾਣੀ ਸਿਰਫ਼ ਪਰਮਾਤਮਾ ਦਾ ਗਿਆਨ ਹੀ ਨਹੀਂ ਦਿੰਦੀ ਉਹ ਪ੍ਰਤੱਖ ਤੌਰ 'ਤੇ ਧਰਤੀ ਉੱਤੇ ਪਰਮਾਤਮਾ ਦਾ ਰੂਪ ਵੀ ਹੈ। ਗੁਰਬਾਣੀ ਨਾਲ ਮਨ ਜੋੜ ਲੈਣਾ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣਾ ਹੀ ਹੈ। ਇਸ ਲਈ ਹੋਰ ਕੋਈ ਵੀ ਮਨੁੱਖੀ ਗੁਰੂ, ਬ੍ਰਾਹਮਣ, ਜੋਗੀ, ਮੁਰਸ਼ਦ, ਪੀਰ, ਦੇਵੀ, ਦੇਵਤਾ ਤੇ ਅਵਤਾਰ ਪੈਗ਼ੰਬਰ ਗੁਰਬਾਣੀ ਦੇ ਤੁਲ ਨਹੀਂ ਹੈ। ਗੁਰਬਾਣੀ ਸਭ ਤੋਂ ਉੱਪਰ ਹੈ ਤੇ ਪੂਜਣ ਯੋਗ ਹੈ। ਗੁਰੂ ਜੀ ਦਾ ਫ਼ੁਰਮਾਨ ਹੈ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥

(ਪੰਨਾ ੫੧੫)

ਪੁਰਾਤਨ ਕਾਲ ਤੋਂ ਹੀ ਸਾਰੀ ਦੁਨੀਆਂ ਵਿਚ ਇਸਤਰੀਆਂ ਦਾ ਦਰਜਾ ਮਰਦ ਤੋਂ ਘੱਟ ਸਮਝਿਆ ਜਾਂਦਾ ਰਿਹਾ ਹੈ। ਸਿਰਫ਼ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ ਜਿਸ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਥਾਂ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸਤਰੀ ਜਾਤੀ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਇਸਤਰੀ ਨੂੰ ਬੁਰਾ ਸਮਝਣ ਦਾ ਖੰਡਣ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਧਰਮ ਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਸਤਰੀ ਜਾਤੀ ਦੇ ਉਥਾਨ ਲਈ ਕਈ ਠੋਸ ਯਤਨ ਕੀਤੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪਰਦੇ ਦੀ ਰਸਮ ਨੂੰ ਖ਼ਤਮ ਕੀਤਾ। ਗੁਰੂ ਜੀ ਦੇ ਦਰਬਾਰ ਵਿਚ ਇਸਤਰੀਆਂ ਨੂੰ ਪਰਦਾ ਨਾ ਕਰਨ ਦਾ ਹੁਕਮ ਸੀ। ਇਸ ਨਾਲ ਉਨ੍ਹਾਂ ਨੂੰ ਆਜ਼ਾਦੀ ਨਾਲ ਸੰਗਤ ਵਿਚ ਵਿਚਰ ਕੇ ਸੇਵਾ ਆਦਿ ਕਰਨ ਦੀ ਖੁੱਲ੍ਹ ਮਿਲ ਗਈ ਸੀ। ਉਸ ਵੇਲੇ ਵਿਧਵਾ ਇਸਤਰੀ ਦਾ ਦੁਬਾਰਾ ਵਿਆਹ ਨਹੀਂ ਸੀ ਕੀਤਾ ਜਾਂਦਾ ਪਰ ਮਰਦ ਕਰਵਾ ਸਕਦਾ ਸੀ। ਗੁਰੂ ਜੀ ਨੇ ਵਿਧਵਾ ਇਸਤਰੀਆਂ ਦਾ ਵਿਆਹ ਕਰਨ ਦੀ ਰੀਤ ਦਾ ਆਰੰਭ ਕੀਤਾ। ਸਤੀ ਦੀ ਪ੍ਰਥਾ ਵੀ ਇਸਤਰੀ ਜਾਤੀ ਲਈ ਵੱਡੀ ਲਾਹਨਤ ਸੀ। ਬਹੁਤੀ ਵਾਰ ਇਸਤਰੀ ਦੀ ਮਰਜ਼ੀ ਦੇ ਖ਼ਿਲਾਫ਼ ਉਸ ਨੂੰ ਮੱਲੋ-ਜ਼ੋਰੀ ਪਤੀ ਦੇ ਨਾਲ ਸੜਨ ਲਈ ਜਿਊਂਦੀ ਨੂੰ ਹੀ ਅੱਗ ਵਿਚ ਸੁੱਟ ਦਿੱਤਾ ਜਾਂਦਾ ਸੀ। ਗੁਰੂ ਜੀ ਨੇ ਸਤੀ ਦੀ ਰਸਮ ਨੂੰ ਵੀ ਬੰਦ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਅਜਿਹੀਆਂ ਇਸਤਰੀਆਂ ਨੂੰ ਸਤੀਆਂ ਨਹੀਂ ਮੰਨਿਆ। ਅਸਲ ਸਤੀ ਦੇ ਸਰੂਪ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਦੱਸਿਆ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥

(ਪੰਨਾ ੭੮੭)

ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਕ ਰੂਪ ਵਿਚ ਲੰਮਾ ਸਮਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਸੀ। ਉਨ੍ਹਾਂ ਨੇ ਆਪਣੀ ਬਾਣੀ ਵਿਚ ਗੁਰੂ ਦੀ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਜੀ ਅਨੁਸਾਰ ਗੁਰੂ ਦੀ ਸੇਵਾ ਨਾਲ ਹੀ ਹਿਰਦਾ ਸ਼ੁੱਧ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਤੇ ਪਰਮਾਤਮਾ ਦਾ ਨਾਮ ਮਨ ਵਿਚ ਵਸਦਾ ਹੈ। ਜੇ ਕੋਈ ਵੀ ਚਿਤ ਲਾ ਕੇ ਗੁਰੂ ਦੀ ਸੇਵਾ ਕਰੇਗਾ

SikhBookClub.com

ਉਸ ਨੂੰ ਅਧਿਆਤਮਕ ਵਿਚ ਨਿਸਚੇ ਹੀ ਸਫਲਤਾ ਮਿਲੇਗੀ। ਗੁਰੂ ਜੀ ਫ਼ੁਰਮਾਉਂਦੇ ਹਨ:

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

(ਪੰਨਾ ੬੪੪)

ਗੁਰੂ ਇਸ ਸੰਸਾਰ ਦਾ ਭਲਾ ਕਰਨ ਵਾਲਾ ਤੇ ਗਿਆਨ ਦੇਣ ਵਾਲਾ ਹੈ। ਗੁਰੂ ਤੋਂ ਬਿਨਾਂ ਜੀਵ ਪਰਮਾਤਮਾ ਨੂੰ ਨਹੀਂ ਪਾ ਸਕਦਾ, ਉਸ ਦੀ ਮੁਕਤੀ ਨਹੀਂ ਹੋ ਸਕਦੀ। ਜੀਵ ਦੇ ਸਾਰੇ ਦੁੱਖਾਂ ਦਾ ਦਾਰੂ ਤੇ ਮੁਕਤੀ ਦਾ ਦਾਤਾ ਗੁਰੂ ਹੀ ਹੈ। ਗੁਰੂ ਤੋਂ ਬੇਮੁਖ ਹੋ ਜਾਣ ਵਾਲੇ ਤੇ ਗੁਰੂ ਦੇ ਮਹੱਤਵ ਨੂੰ ਨਾ ਸਮਝਣ ਵਾਲੇ ਜੀਵਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਸਖ਼ਤ ਤਾੜਨਾ ਕੀਤੀ ਹੈ:

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥

(ਪੰਨਾ ੩੦)

ਇਹ ਸੰਸਾਰ ਆਦਿ ਕਾਲ ਤੋਂ ਹੀ ਨੇਕੀ ਤੇ ਬਦੀ ਦਾ ਖੇਤਰ ਰਿਹਾ ਹੈ। ਨੇਕੀ ਤੇ ਬਦੀ ਦੇ ਵਿਚਾਰ ਨੂੰ ਮੁੱਖ ਰੱਖਦੇ ਹੋਏ ਗੁਰਮਤਿ ਵਿਚ ਦੋ ਪ੍ਰਕਾਰ ਦੇ ਮਨੁੱਖ ਮੰਨੇ ਗਏ ਹਨ। ਇਕ ਨੇਕੀ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਗੁਰੂ ਦੀ ਆਗਿਆ ਵਿਚ ਰਹਿੰਦੇ ਹਨ। ਇਨ੍ਹਾਂ ਨੂੰ ਗੁਰਮੁਖ ਕਿਹਾ ਗਿਆ ਹੈ। ਦੂਜੇ ਬਦੀ ਦਾ ਪ੍ਰਤੀਕ ਹਨ ਇਹ ਆਪਣੇ ਮਨ ਦੇ ਆਖੇ ਚੱਲਦੇ ਹਨ ਇਸ ਲਈ 'ਮਨਮੁਖ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮੁਖ ਅਤੇ ਮਨਮੁਖ ਦੋਵਾਂ ਦੇ ਚਰਿੱਤਰਾਂ ਵਿਚ ਅੰਤਰ ਨੂੰ ਬੜੀ ਸਪੱਸ਼ਟਤਾ ਨਾਲ ਦਰਸਾਇਆ ਹੈ ਅਤੇ ਦੋਵਾਂ ਦੇ ਵੇਰਵੇ ਸਹਿਤ ਲੱਛਣ ਵਰਣਨ ਕੀਤੇ ਹਨ। ਗੁਰਮੁਖ ਸਦਾ ਗੁਰੂ ਦੀ ਦਿੱਤੀ ਅੰਮ੍ਰਿਤ ਬਾਣੀ ਬੋਲਦੇ ਹਨ। ਉਹ ਸਭ ਦੇ ਅੰਦਰ ਪਰਮਾਤਮਾ ਦੀ ਹੋਂਦ ਸਮਝਦੇ ਹਨ। ਉਨ੍ਹਾਂ ਦੇ ਜੀਵਨ ਦਾ ਆਧਾਰ ਸੱਚ ਹੁੰਦਾ ਹੈ। ਉਹ ਆਪਣਾ ਜਨਮ ਸੰਵਾਰਦੇ ਹਨ, ਆਪਣੀ ਕੁਲ ਨੂੰ ਵੀ ਤਾਰਦੇ ਹਨ। ਗੁਰਮੁਖ ਪਰਮਾਤਮਾ ਨਾਲ ਮਿਲੇ ਹੋਣ ਕਰਕੇ ਕਦੇ ਬੁੱਢੇ ਨਹੀਂ ਹੁੰਦੇ। ਗੁਰੂ ਜੀ ਨੇ ਫ਼ੁਰਮਾਇਆ ਹੈ:

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ॥
ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ॥

(ਪੰਨਾ ੬੯)

ਗੁਰਮੁਖਿ ਹਰਿ ਦਰਿ ਸੋਭਾ ਪਾਏ॥ ਗੁਰਮੁਖਿ ਵਿਚਹੁ ਆਪੁ ਗਵਾਏ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ॥

(ਪੰਨਾ ੧੨੫)

ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ॥ ਗੁਰਮੁਖਿ ਸਚੁ ਕਮਾਵੈ ਕਰਣੀ॥
ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ॥

(ਪੰਨਾ ੧੦੫੮)

ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ॥

(ਪੰਨਾ ੧੪੧੯)

SikhBookClub.com

ਮਨਮੁਖ ਦਾ ਕਿਰਦਾਰ ਗੁਰਮੁਖ ਤੋਂ ਉਲਟ ਹੁੰਦਾ ਹੈ। ਗੁਰਮੁਖ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ। ਮਨਮੁਖ ਗੁਰੂ ਤੋਂ ਬੇਮੁਖ ਹੁੰਦਾ ਹੈ। ਮਨਮੁਖ ਦੇ ਮਨ ਵਿਚ ਦੁਰਮਤਿ ਤੇ ਅਹੰਕਾਰ ਭਰਿਆ ਹੁੰਦਾ ਹੈ। ਉਹ ਸਦਾ ਕੂੜ ਕੁਸੱਤ ਨੂੰ ਹੀ ਮੁੱਖ ਰੱਖਦਾ ਹੈ, ਇਸ ਲਈ ਜੀਵਨ ਦੇ ਉਦੇਸ਼ ਨੂੰ ਭੁੱਲ ਕੇ ਕੁਰਾਹੇ ਭਟਕਦਾ ਰਹਿੰਦਾ ਹੈ। ਮਨਮੁਖ ਦੂਜਿਆਂ ਨੂੰ ਕੌੜਾ ਬੋਲਦਾ ਹੈ। ਮਨਮੁਖ ਬਹੁਤ ਕਠੋਰ-ਚਿਤ ਹੁੰਦਾ ਹੈ ਉਸ ਦਾ ਕੋਈ ਕਿੰਨਾ ਭਲਾ ਕਰੇ ਉਸ ਦੇ ਅੰਦਰੋਂ ਜ਼ਹਿਰ ਖ਼ਤਮ ਨਹੀਂ ਹੁੰਦੀ। ਮਨਮੁਖ ਆਪਣੇ ਆਪ ਨੂੰ ਬਹੁਤ ਚੰਗਾ ਸਮਝਦਾ ਹੈ, ਗੱਲਾਂ ਬਹੁਤ ਕਰਦਾ ਹੈ ਪਰ ਉਸ ਦੇ ਜੀਵਨ ਵਿਚ ਚੰਗਿਆਈ 'ਤੇ ਅਮਲ ਨਹੀਂ ਹੁੰਦਾ। ਮਨਮੁਖ ਨੂੰ ਬਾਣੀ ਦਾ ਗਿਆਨ ਨਹੀਂ ਹੁੰਦਾ, ਨਾ ਉਨ੍ਹਾਂ ਨੂੰ ਗੁਰੂ ਦੇ ਬਚਨ 'ਤੇ ਵਿਸ਼ਵਾਸ ਹੁੰਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਫ਼ੁਰਮਾਇਆ ਹੈ:

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥
ਗੁਰਮੁਖਿ ਸਨਮੁਖ ਮਨਮੁਖਿ ਵੇਮੁਖੀਆ॥

(ਪੰਨਾ ੧੩੧)

ਮਨਮੁਖ ਅਗਿਆਨੁ ਦੁਰਮਤਿ ਅਹੰਕਾਰੀ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥
ਕੂੜੁ ਕੁਸਤੁ ਓਹੁ ਪਾਪ ਕਮਾਵੈ॥
ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ॥

(ਪੰਨਾ ੩੧੪)

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥

(ਪੰਨਾ ੫੦੮)

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥

(ਪੰਨਾ ੭੫੫)

ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥
ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥
ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥

(ਪੰਨਾ ੧੪੧੫)

ਮਨੁੱਖ ਦਾ ਰਿਸ਼ਤਾ ਪਰਮਾਤਮਾ ਨਾਲ ਜੋੜਨ ਲਈ ਗੁਰਬਾਣੀ ਵਿਚ ਸ਼ਬਦ-ਗੁਰੂ ਦੇ ਮਹੱਤਵ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰਬਾਣੀ ਵਿਚ ਥਾਂ-ਥਾਂ ਸਿੱਖਾਂ ਨੂੰ ਸ਼ਬਦ ਨਾਲ ਹੀ ਜੁੜਨ ਦਾ ਉਪਦੇਸ਼ ਕੀਤਾ ਗਿਆ ਹੈ। ਅੱਜ ਵਾਂਗ ਉਸ ਸਮੇਂ ਵੀ ਕਈ ਦੰਭੀ ਲੋਕ ਵਡਿਆਈ ਕਰਵਾਉਣ ਲਈ ਆਪਣੇ ਆਪ ਨੂੰ ਗੁਰੂ ਸਦਾਉਂਦੇ ਸਨ। ਉਨ੍ਹਾਂ ਦੇ ਚੇਲੇ ਵੀ ਲੋਕਾਂ ਨੂੰ ਭਰਮਾਉਣ ਲਈ ਗੁਰੂ ਦੀ ਵਡਿਆਈ ਬਾਰੇ ਕੂੜ ਕਹਾਣੀਆਂ ਜੋੜ-ਜੋੜ ਕੇ ਲੋਕਾਂ ਨੂੰ ਸੁਣਾਉਂਦੇ ਸਨ। ਅੱਜ ਵੀ ਕਈ ਅਜਿਹੇ ਡੇਰੇਦਾਰ ਹਨ ਜੋ ਸਿੱਖ ਇਤਿਹਾਸ ਨੂੰ ਵਿਗਾੜ ਕੇ ਆਪਣੇ ਆਪ ਨੂੰ ਗੁਰੂ ਸਿੱਧ ਕਰਨ ਦਾ ਯਤਨ ਕਰਦੇ ਹਨ। ਅਜਿਹੇ ਗੁਰੂਆਂ ਦੇ ਚੇਲੇ ਕੁਝ ਕੁ ਧਨ ਦੇ ਬਦਲੇ ਉਨ੍ਹਾਂ ਦਾ ਝੂਠਾ ਪ੍ਰਚਾਰ

SikhBookClub.com

ਕਰਦੇ ਰਹਿੰਦੇ ਹਨ। ਅਜਿਹੇ ਦੰਭੀ ਗੁਰੂ ਤੇ ਉਨ੍ਹਾਂ ਦੇ ਸਿੱਖ ਗਿਆਨਹੀਣ ਹੁੰਦੇ ਹਨ, ਉਹ ਅਕਾਲ ਪੁਰਖ ਦੇ ਹੁਕਮ ਅੱਗੇ ਸਿਰ ਝੁਕਾਉਣ ਦੀ ਥਾਂ ਆਪਣੀ ਭੁੱਖ ਪੂਰੀ ਕਰਨ ਲਈ ਪਾਖੰਡ ਕਰਦੇ ਹਨ ਤੇ ਝੂਠ 'ਤੇ ਝੂਠ ਬੋਲਦੇ ਰਹਿੰਦੇ ਹਨ। ਗੁਰੂ ਜੀ ਨੇ ਅਜਿਹੇ ਗੁਰੂਆਂ ਤੇ ਸਿੱਖਾਂ ਦੀ ਸਖ਼ਤ ਨਿਖੇਧੀ ਕਰਦੇ ਹੋਏ ਫ਼ੁਰਮਾਇਆ ਹੈ:

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥

(ਪੰਨਾ ੯੫੧)

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਨਿਰੋਲ ਸੱਚ ਦਾ ਗਿਆਨ ਦ੍ਰਿੜ੍ਹ ਕਰਵਾਇਆ ਹੈ। ਗੁਰਮਤਿ ਅਨੁਸਾਰ ਗੁਰ-ਪਰਮੇਸਰ ਮਨੁੱਖ ਦੇ ਮਨ ਵਿਚ ਹੀ ਵੱਸਦਾ ਹੈ। ਉਸ ਦੀ ਪ੍ਰਾਪਤੀ ਲਈ ਬਾਹਰ ਭਟਕਣ ਦੀ ਜਾਂ ਪਾਖੰਡੀ ਲੋਕਾਂ ਦੀ ਮੁਹਤਾਜੀ ਕਰਨ ਦੀ ਲੋੜ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਹੈ ਕਿ ਸਭ ਦਾ ਮੂਲ ਪਰਮਾਤਮਾ ਹੈ, ਮਨ ਆਪਣੇ ਮੂਲ ਨੂੰ ਪਛਾਣ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਬਾਹਰੀ ਜਗਤ ਵਿਚ ਭਾਲ ਕਰਨ ਦੀ ਥਾਂ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨੀ ਤੇ ਸੁਰਤ ਟਿਕਾਉਣੀ ਚਾਹੀਦੀ ਹੈ। ਹਰੀ-ਪ੍ਰਭੂ ਸਦਾ ਹੀ ਮਨ ਦੇ ਨਾਲ-ਨਾਲ ਹੁੰਦਾ ਹੈ। ਮਨੁੱਖ ਉਸ ਦੀ ਹੋਂਦ ਦਾ ਆਨੰਦ ਆਪਣੇ ਅੰਦਰ ਹੀ ਮਾਣ ਸਕਦਾ ਹੈ। ਗੁਰੂ ਜੀ ਨੇ ਇਸ ਮਹਾਂਵਾਕ ਰਾਹੀਂ ਇਹ ਸੋਝੀ ਦਿੱਤੀ ਹੈ:

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਪੰਨਾ ੪੪੧)

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਕੇ ਲੰਗਰ ਦੀ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਨੇ 'ਪਹਿਲੇ ਪੰਗਤ ਪਾਛੇ ਸੰਗਤ' ਦੀ ਮਰਯਾਦਾ ਸਥਾਪਿਤ ਕੀਤੀ। ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਵਾਲੇ ਹਰ ਵਿਅਕਤੀ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪੈਂਦਾ ਸੀ। ਗੁਰੂ ਜੀ ਦਾ ਆਸ਼ਾ ਸਭ ਨੂੰ ਇਕ ਪੰਗਤ ਵਿਚ ਲੰਗਰ ਛਕਾ ਕੇ ਜਾਤ-ਪਾਤ ਅਤੇ ਛੂਤ-ਛਾਤ ਦੀ ਭਾਵਨਾ ਸੰਗਤ ਵਿਚੋਂ ਖ਼ਤਮ ਕਰਨਾ ਸੀ। ਗੁਰੂ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਤਿਆਰ ਕਰਵਾਈ। ਇਸ ਵਿਚ ਇਸ਼ਨਾਨ ਕਰਨ ਦੀ ਸਭ ਨੂੰ ਖੁੱਲ੍ਹ ਸੀ। ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖੀ ਏਕਤਾ ਤੇ ਭਾਈਚਾਰੇ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਬਚਨ ਮੰਨ ਕੇ ਹੀ ਨਵਾਂ ਨਗਰ ਗੁਰੂ ਕਾ ਚੱਕ (ਅੰਮ੍ਰਿਤਸਰ) ਵਸਾਇਆ। ਇਹ ਅਸਥਾਨ ਅੱਜ ਸਿੱਖ ਧਰਮ ਦਾ ਮੁੱਖ ਕੇਂਦਰ ਹੈ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਚੋਣਵੇਂ ਸਿੱਖਾਂ ਨੂੰ ਵੀ ਜ਼ਿੰਮੇਵਾਰੀ ਦਿੱਤੀ। ਉਨ੍ਹਾਂ ਨੇ ਦੂਰ-ਦੁਰੇਡੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਸਾਰ ਤੇ ਪ੍ਰਚਾਰ ਕਰਨ ਹਿੱਤ 22 ਮੰਜੀਆਂ ਸਥਾਪਿਤ ਕੀਤੀਆਂ। ਗੁਰੂ ਜੀ ਨੇ ਆਪਣੇ ਦੋ ਪੁੱਤਰਾਂ ਮੋਹਨ ਜੀ ਤੇ ਮੋਹਰੀ ਜੀ ਦੀ ਥਾਂ ਆਪਣੇ ਸੁਹਿਰਦ ਸਿੱਖ (ਗੁਰੂ) ਰਾਮਦਾਸ ਜੀ ਜੋ ਰਿਸ਼ਤੇ ਵਿਚ ਆਪ ਦੇ ਦਾਮਾਦ ਲੱਗਦੇ ਸਨ ਅਤੇ ਬੀਬੀ ਭਾਨੀ ਜੀ ਦੇ ਪਤੀ ਸਨ, ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। 1 ਸਤੰਬਰ, 1574 ਨੂੰ ਗੋਇੰਦਵਾਲ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਜੋਤਿ-ਜੋਤ ਸਮਾ ਗਏ।

(5/2006)

SikhBookClub.com

ਗੁਰ ਅਮਰਦਾਸ ਤਾਰਣ ਤਰਣ
ਜਨਮ ਜਨਮ ਪਾ ਸਰਣਿ ਤੁਅ

ਸਰਬ ਠੌਰ ਜਲ ਭਰ ਰਹਯੋ ਮੱਗ ਦਿਸਤ ਨ ਉਕੇ।
ਰਾਤ ਅੰਧੇਰੀ ਏਕ ਲੌ ਜੰਗਲ ਸੀਂਹ ਬੁਕੇ।
ਸਰਪ ਅਠੂਹੈ ਸੁੰਕਤੇ ਢਾਹੇ ਢਾਹੰਤੇ।
ਪਤਨ ਰਹਯੋ ਨਾ ਪਾਤਣੀ ਦਰਿਆਇ ਚੜੰਤੇ।
ਜਾਨ ਹੀਲ ਦਰਿਆਉ ਮੈ ਪਰ ਵਿਸਯੋ ਜਾਈ।
ਪੈਰ ਉਖੜਤੇ ਜਾਵਹੀ ਪ੍ਰਭੂ ਭਯੋ ਸਹਾਈ।
ਅਮਰ ਦੇਵ ਕੇ ਸਿਦਕ ਕੌ ਪਿਖ ਅੰਤਰਜਾਮੀ।
ਖੜਾ ਕਰਿਓ ਦਰਿਆਉ ਕੌ ਇਕ ਘਟ ਕਾਖਾਂਮੀ।
ਨਾਇ ਧੋਇ ਗਾਗਰ ਭਰੀ ਮੁਸ਼ਕਲ ਸਿਰ ਚਾਈ।
ਥਰ ਥਰ ਸੀਤ ਕੰਪਾ ਰਹਿਓ ਵਸਤਾ ਬਿਰਧਾਈ।
ਭੀਗੇ ਬਸਤ੍ਰ ਸੇਹ ਸੌ ਸਭ ਬਿਧਿ ਕਠਨਾਏ।
ਪਰੇਮ ਮਧਰ ਟਹਿਲ ਕੇ ਸਭ ਕਸਟ ਭੁਲਾਏ।

(ਪੰਥ ਪ੍ਰਕਾਸ਼, ਪੰਨਾ ੮੬)

'ਗੁਰ ਪ੍ਰਤਾਪ ਸੂਰਜ ਗ੍ਰੰਥ' ਅਤੇ 'ਪੰਥ ਪ੍ਰਕਾਸ਼' ਅਨੁਸਾਰ, ਬਿਜਲੀ ਸਾਰੀ ਰਾਤ ਕੜਕਦੀ ਰਹੀ, ਨਿੱਕੀ-ਨਿੱਕੀ ਕਣੀ ਦਾ ਮੀਂਹ ਵਰਸ ਰਿਹਾ ਸੀ। ਸਰਦੀ ਵੀ ਅੰਤਾਂ ਦੀ ਸੀ। ਲੋਕੀਂ ਗਰਮ ਬਿਸਤਰਿਆਂ ਦੀ ਗਰਮਾਇਸ਼ ਦਾ ਨਿੱਘ ਮਾਣ ਰਹੇ ਸਨ ਪਰ ਸ੍ਰੀ ਗੁਰੂ ਅਮਰਦਾਸ ਜੀ ਗਾਗਰ ਲੈ ਕੇ ਪਾਣੀ ਲੈਣ ਬਿਆਸ ਦਰਿਆ ਵੱਲ ਜਾ ਰਹੇ ਸਨ। ਅੰਧੇਰੀ ਰਾਤ ਵਿਚ ਬਹੁਤ ਮੁਸ਼ੱਕਤ ਕਰ ਕੇ ਆਪ ਜੀ ਨੇ ਜਲ ਦੀ ਗਾਗਰ ਭਰ ਲਈ ਤੇ ਚੱਲ ਪਏ ਖਡੂਰ ਸਾਹਿਬ ਨੂੰ। ਰਾਹ ਵਿਚ ਇਕ ਥੜ੍ਹੇ 'ਤੇ ਗਾਗਰ ਰੱਖ ਕੇ ਥੋੜ੍ਹੀ ਦੇਰ ਲਈ ਆਰਾਮ ਕੀਤਾ। ਜਿਸ ਥਾਂ 'ਤੇ ਗੁਰੂ ਜੀ ਨੇ ਆਰਾਮ ਕੀਤਾ, ਉਸ ਜਗ੍ਹਾ ਦਾ ਨਾਂ ਅੱਜ ਦਮਦਮਾ ਸਾਹਿਬ ਹੈ:

ਬੁਰਜੀ ਥੀ ਇਕ ਰਚ ਰਖੀ ਮਗ ਮੈਂ ਅਧਮਾਹੀ।
ਤਿਸ ਪਰ ਗਾਗਰ ਨਿਤ ਧਰੇ ਦਮ ਲੇਵਤ ਤਾਂਹੀ।
ਕਹਿਤ ਦਮਦਮਾ ਤਾਂਹਿ ਕੌ ਅਬ ਲੋਗ ਸਬੈ ਹੀ।

(ਪੰਥ ਪ੍ਰਕਾਸ਼, ਪੰਨਾ ੮੬)

ਖਡੂਰ ਸਾਹਿਬ ਦੇ ਬਾਹਰਵਾਰ ਹੀ ਜੁਲਾਹਿਆਂ ਦਾ ਘਰ ਸੀ। ਜੁਲਾਹਿਆਂ ਨੇ ਇਕ ਕਿੱਕਰ

SikhBookClub.com

ਦੀ ਕਿੱਲੀ ਕੱਪੜਾ ਤਣਨ ਲਈ ਗੱਡੀ ਹੋਈ ਸੀ। ਆਪ ਦਾ ਪੈਰ ਕਿੱਲੀ ਨਾਲ ਅੜ ਗਿਆ ਤੇ ਡਿੱਗ ਪਏ ਪਰ ਪਾਣੀ ਦੀ ਗਾਗਰ ਨਾ ਡਿੱਗਣ ਦਿੱਤੀ:

ਬਡੇ ਕਸਟ ਸੈ ਚਲ ਆਇਓ ਪੁਰ ਨਿਕਟ ਜਬੈ ਹੀ।
ਏਕ ਜੁਲਾਹੇ ਕਾ ਹੁਤੋ ਘਰ ਰਸਤੇ ਮਾਹੀਂ।
ਕਿਲੀ ਤਾਣੀ ਉਨਣ ਕੀ ਗਡ ਰਖੀ ਤਾਹੀਂ।
ਤਿਸ ਸੋ ਪਗ ਲਗ ਗਿਰ ਪਰੇ ਗਾਗਰ ਸੰਭਾਰੀ।

(ਪੰਥ ਪ੍ਰਕਾਸ਼, ਪੰਨਾ ੮੬)

ਗੁਰੂ ਸਾਹਿਬ ਦੇ ਡਿੱਗਣ ਨਾਲ ਖੜਾਕ ਹੋਇਆ। ਖੜਾਕ ਸੁਣ ਕੇ ਜੁਲਾਹਾ ਅਤੇ ਉਸ ਦੀ ਘਰ ਵਾਲੀ ਵੀ ਜਾਗ ਗਏ। ਜੁਲਾਹੇ ਨੇ ਸਮਝਿਆ ਰਾਤ ਦੇ ਹਨੇਰੇ ਵਿਚ ਕੋਈ ਚੋਰ ਹੋਣਾ ਹੈ। ਪਰ ਜੁਲਾਹੀ ਬੋਲੀ, ਚੋਰ ਨਹੀਂ, ਅਮਰੂ ਨਿਥਾਵਾਂ ਹੋਣਾ ਹੈ:

ਖੜਕਾ ਸੁਨ ਕੋਰੀ ਪੁਛਯੋ ਬੋਲੀ ਤਿਸ ਨਾਰੀ।
ਹੋਵਗ ਅਮਰੂ ਖੜੀ ਆਜਜ ਨੇਥਾਂਵਾਂ।
ਸਖਤ ਵਕਤ ਐਸੇ ਵਿਖੈ ਤਿਸ ਬਿਨ ਕੌ ਆਵਾ।
ਰੈਨ ਦਿਵਸ ਨਹਿ ਚੈਨ ਹੈ ਇਸ ਕੌ ਕਿਸ ਥਾਏ।.....
ਬਿਨਾ ਮੋਲ ਕੇ ਟਹਿਲੂਆ ਹੈ ਅੰਗਦ ਕੇਰਾ।
ਸੁਨ ਕੁਵਾਕ ਤਾਨੇ ਘਨੇ ਇਨ ਕਿਛੂ ਨ ਟੇਰਾ।

(ਪੰਥ ਪ੍ਰਕਾਸ਼, ਪੰਨਾ ੮੬)

ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਜੁਲਾਹੀ ਦੇ ਇਹ ਬਚਨ ਸੁਣੇ ਤਾਂ ਕਿਹਾ—ਮੈਂ ਨਿਥਾਵਾਂ ਨਹੀਂ ਹਾਂ। ਗੁਰੂ ਮੇਰੀ ਥਾਂ ਹੈ। ਤੂੰ ਕਮਲੀ ਹੈਂ ਜੋ ਇਸ ਤਰ੍ਹਾਂ ਦੀ ਗੱਲ ਕਰਦੀ ਹੈਂ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ਼ਨਾਨ ਕਰ ਲਿਆ। ਰੋਜ਼ਾਨਾ ਦੀ ਤਰ੍ਹਾਂ ਦੀਵਾਨ ਸਜਿਆ। ਸ੍ਰੀ ਅਮਰਦਾਸ ਜੀ ਨੂੰ ਦੀਵਾਨ ਵਿਚ ਬੁਲਾਇਆ ਗਿਆ ਤੇ ਪਿਛਲੀ ਰਾਤ ਵਾਲੀ ਸਾਰੀ ਘਟਨਾ ਗੁਰੂ ਜੀ ਨੇ ਪੁੱਛੀ।

ਸ੍ਰੀ ਅਮਰਦਾਸ ਜੀ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਪਹਿਲਾਂ ਤਾਂ ਮੈਂ ਨਿਥਾਵਾਂ ਹੀ ਸਾਂ ਪਰ ਜਦੋਂ ਦਾ ਤੁਹਾਡੀ ਸ਼ਰਨ ਵਿਖੇ ਆਇਆ ਹਾਂ, ਮੈਂ ਹੁਣ ਨਿਥਾਵਾਂ ਨਹੀਂ ਰਿਹਾ। ਮੈਂ ਗੁਰੂ-ਘਰ ਦੇ ਸਬੰਧ ਵਿਚ ਜੁਲਾਹੀ ਦੇ ਕਹੇ ਬਚਨਾਂ ਨੂੰ ਜਰ ਨਹੀਂ ਸਕਿਆ, ਇਸ ਲਈ ਮੈਂ ਜੁਲਾਹੀ ਨੂੰ ਕਮਲੀ ਕਿਹਾ:

ਮੋਹਿ ਨਿਥਾਵਾਂ ਇਨ ਕਹਯੋ ਸੋਚ ਬਖਾਨੀ।
ਜਬ ਲੌ ਆਤਮ ਰੂਪ ਕੌ ਮਨ ਲੇਯ ਨ ਜਾਨੀ॥੨੦॥
ਥਾਉਂ ਪਾਇ ਕਰਿ ਥਿਰਹਿ ਨਹਿਂ ਤਬ ਲੱਗ ਨਿਥਾਵਾਂ।
ਭਟਕਤਿ ਮ੍ਰਿਗ ਤ੍ਰਿਸ਼ਨਾ ਬਿਖੈ ਕਿਤ ਸ਼ਾਂਤਿ ਨਾ ਪਾਵਾਂ।
ਜਬ ਤੁਮਰੀ ਸੇਵਾ ਰੁਚਿਰ ਕਿਯ ਤਰਕ ਜੁਲਾਹੀ।
ਸਹੀ ਗਈ ਨਹਿ ਮੋਹਿ ਤੇ ਬੌਰੀ ਤਬ ਪ੍ਰਾਹੀ॥੨੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

SikhBookClub.com

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਦੋਂ ਸ੍ਰੀ (ਗੁਰੂ) ਅਮਰਦਾਸ ਜੀ ਤੋਂ ਇਹ ਬਚਨ ਸੁਣੇ ਤਾਂ ਉਨ੍ਹਾਂ ਨੂੰ ਗਲਵੱਕੜੀ ਵਿਚ ਲੈ ਲਿਆ ਅਤੇ ਆਪਣਾ ਨਿੱਘਾ ਪਿਆਰ ਬਖ਼ਸ਼ਿਆ:

ਹੁਇ ਪਰਸੰਨਯ ਤਿਸ ਹੀ ਸਮੇ ਗੁਰੁ ਦਿਯਾ ਬਢਾਏ।
ਪਕਰ ਭੁਜਾ ਤੈ ਅਮਰ ਕੋ ਨਿਜ ਉਰ ਸੋ ਲਾਏ।

(ਪੰਥ ਪ੍ਰਕਾਸ਼, ਪੰਨਾ ੮੭)

ਇਸ ਦੇ ਨਾਲ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਕੁਝ ਸਿਖਿਆ ਵੀ ਦਿੱਤੀ:

ਹਰਖ ਸੋਕ ਬਿਨ ਏਕ ਰਸ ਗੁਰੁ ਬਿਰਤਿ ਰਹਾਏ।
ਗੁਰੁ ਅੰਗਦ ਸਰਬੱਗ ਨੇ ਸਭ ਭੇਤ ਲਖਾਏ।

(ਪੰਥ ਪ੍ਰਕਾਸ਼, ਪੰਨਾ ੮੬)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਗਲਵਕੜੀ ਵਿਚ ਲੈ ਕੇ ਆਪਣੇ ਸੇਵਕ ਨੂੰ ਆਪਣਾ ਰੂਪ ਵਿਅਕਤ ਕੀਤਾ ਅਤੇ ਸ੍ਰੀ ਅਮਰਦਾਸ ਜੀ ਨੂੰ ਬੇਅੰਤ ਬਖ਼ਸ਼ਿਸ਼ਾਂ ਦੇ ਭੰਡਾਰ ਬਖਸ਼ੇ:

ਸੰਗਤ ਤਈਂ ਸੁਨਾਇਕੇ ਇਮ ਗਿਰਾ ਉਚਾਰੀ।
ਥਾਉਂ ਨਿਥਾਵਿਆਂ ਕਾ ਤੁਹੀਂ ਸਭ ਜਨ ਸੁਖ ਕਾਰੀ।
ਨਿਮਾਣਿਆ ਕਾ ਮਾਣ ਤੂੰ ਨਿਧਰਿਆ ਧਰ ਹੈਂ।
ਓਟ ਤੁਹੀ ਨੇਓਟਿਆਂ ਰਿਧਿ ਸਿਧਿ ਕੋ ਘਰ ਹੈਂ।
ਸਦਾ ਬਰਤ ਤੇਰਾ ਚਲੈ ਜਨ ਬਹੁ ਬਰਸਾਵੈਂ।
ਨਰ ਨਾਰੀ ਜੋ ਤੁਹਿ ਪਿਖੈ ਜਮ ਪੁਰ ਨਹਿ ਜਾਵੈਂ।
ਇਤਯਾਦਿਕ ਬਰ ਅਮਰ ਕੋ ਦੈ ਅਮਰ ਬਨਾਇਓ।

(ਪੰਥ ਪ੍ਰਕਾਸ਼, ਪੰਨਾ ੮੭)

ਸ੍ਰੀ ਅਮਰਦਾਸ ਜੀ ਦੇ ਸਿਰ 'ਤੇ ਸਜੀ ਹੋਈ ਦਸਤਾਰ, ਜੋ ਆਪ ਜੀ ਨੂੰ ਸਰੋਪੇ ਦੇ ਰੂਪ ਵਿਚ ਬਖ਼ਸ਼ਿਸ਼ ਹੁੰਦੀ ਸੀ, ਉਸ ਨੂੰ ਸਿਰ 'ਤੇ ਬੰਨ੍ਹ ਲੈਂਦੇ ਸਨ (ਗੁਰੂ ਦੀ ਬਖ਼ਸ਼ਿਸ਼ ਦੇ ਸਤਿਕਾਰ ਦਾ ਪ੍ਰਤੀਕ ਹੈ)। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਦੀ ਜਗ੍ਹਾ ਨਵੀਂ ਦਸਤਾਰ ਬਖ਼ਸ਼ੀ, ਨਵੇਂ ਬਸਤਰ ਸਜਾਉਣ ਲਈ ਦਿੱਤੇ ਅਰ ਆਪਣੀ ਗੱਦੀ 'ਤੇ ਸੁਸ਼ੋਭਿਤ ਕਰ ਕੇ ਪੰਜ ਪੈਸੇ, ਨਾਰੀਅਲ ਆਦਿ ਭੇਟਾ ਅੱਗੇ ਰੱਖ ਕੇ ਸ੍ਰੀ ਅਮਰਦਾਸ ਜੀ ਨੂੰ ਮੱਥਾ ਟੇਕਿਆ ਅਤੇ ਪਰਕਰਮਾ ਕੀਤੀ:

ਤਪਿਆਣੇ ਇਸਨਾਨ ਕੈ ਲੈਂ ਸਜੀ ਪੁਸਾਕੀ।
ਨਿਜ ਗਾਦੀ ਬੈਠਾਇ ਕੈ ਸਤਗੁਰੁ ਸਤ ਵਾਕੀ।
ਪੈਸੇ ਪੰਜ ਨਰੇਲ ਲੈ ਇਹ ਭੇਟਾ ਧਰ ਕੈ।
ਮੱਥਾ ਟੇਕਿਓ ਗੁਰੂ ਨੇ ਪ੍ਰਕਰਮਾ ਕਰ ਕੈ। *(ਪੰਥ ਪ੍ਰਕਾਸ਼, ਪੰਨਾ ੮੭)*

ਜੋ ਮਰਦਾਂ ਵਾਲੀ ਘਾਲਣਾ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤੀ ਸੀ, ਉਸ ਦਾ ਫਲ ਪ੍ਰਾਪਤ ਹੋਇਆ।

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦੇ ਸਨਮੁਖ ਸਾਰੇ ਸਿੱਖਾਂ ਨੇ ਮੱਥਾ ਟੇਕਿਆ, ਭੇਟਾ ਅਰਪਣ ਕੀਤੀਆਂ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਜੀ ਅਤੇ ਦਾਸੂ ਜੀ ਵਿਚੋਂ ਦਾਸੂ ਜੀ ਨੇ ਗੁਰੂ ਜੀ ਅੱਗੇ ਸੀਸ ਝੁਕਾਇਆ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਆ ਗਏ:

ਔਰ ਸਭੇ ਸਿਖ ਝੁਕ ਪਰੈ ਭੇਟਾ ਧਰ ਖਾਸੂ।
ਗੁਰੁ ਅੰਗਦ ਕੇ ਪੁਤ ਥੇ ਦਾਤੂ ਅਰ ਦਾਸੂ।
ਦਾਸੂ ਸੀਸ ਨਿਵਾਇਓ ਨਹਿ ਝੁਕਿਓ ਦਾਤੂ।
ਤਾਂਹੀ ਤੇ ਉਨ ਉਮਰ ਲੌ ਦੁਖ ਬਖਿਆਤੂ।
ਜੋਤੀ ਜੋਤ ਸਮਾ ਗਏ ਗੁਰ ਅੰਗਦ ਜਬ ਤੈ।
ਬਸਿਓ ਗੋਇੰਦਵਾਲ ਮੈ ਗੁਰੁ ਤੀਸਰ ਤਬ ਤੈ। *(ਪੰਥ ਪ੍ਰਕਾਸ਼, ਪੰਨਾ ੯੭)*

ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ 'ਤੇ ਸੁਭਾਇਮਾਨਤਾ ਤਾਂ ਪ੍ਰਾਪਤ ਹੋ ਗਈ, ਪਰ ਗੁਰੂ ਜੀ ਉਸ ਸਿੰਘਾਸਣ 'ਤੇ ਕਿਵੇਂ ਬੈਠਣ ਜਿਸ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਬੈਠਦੇ ਸਨ ਕਿਉਂਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਤਾਂ ਉਨ੍ਹਾਂ ਦੇ ਸਮੇਂ ਵਿਚ ਪਾਣੀ ਢੋਣ ਦੀ ਸੇਵਾ ਕਰਦੇ ਰਹੇ ਸਨ; ਸੰਗਤਾਂ ਵੀ ਹੈਰਾਨ ਸਨ ਕਿ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਮਸਤ ਹਾਲ ਸੇਵਾਦਾਰ ਸਨ, ਪਰ ਅੱਜ ਗੁਰਗੱਦੀ 'ਤੇ ਬਿਰਾਜਮਾਨ ਹੋ ਕੇ ਉਨ੍ਹਾਂ ਦੇ ਗੁਰੂ ਹਨ। ਪਰ ਸੱਚਾਈ, ਸੱਚਾਈ ਹੀ ਹੁੰਦੀ ਹੈ। ਇਹ ਉਲਟੀ ਗੰਗਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਹਾਈ ਸੀ। ਇਹ ਘਟਨਾ ਵਚਿੱਤਰ ਜ਼ਰੂਰ ਜਾਪਦੀ ਸੀ ਪਰ ਨਵੀਂ ਨਹੀਂ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਵੈਰਾਗਮਈ ਅਵਸਥਾ ਵਿਚ ਸਥਿਤ ਰਹੇ। ਗੁਰੂ ਜੀ ਬਹੁਤ ਵੈਰਾਗਵਾਨ ਹੋਏ। ਲਗਭਗ ਤਿੰਨ-ਚਾਰ ਦਿਨਾਂ ਤਕ ਸੰਗਤ ਨੂੰ ਦਰਸ਼ਨ ਨਹੀਂ ਹੋਏ। ਸੰਗਤਾਂ ਵਿਚ ਵਿਆਕੁਲਤਾ ਵਧ ਰਹੀ ਸੀ। ਨਵੇਂ ਥਾਪੇ ਹੋਏ ਗੁਰੂ ਜੀ ਦੇ ਪਹਿਲੀ ਵਾਰ ਦਰਸ਼ਨ ਕਰਨ ਆਈਆਂ ਸੰਗਤਾਂ ਅਨੇਕਾਂ ਭੇਟਾ ਸਹਿਤ ਪੁੱਜੀਆਂ। ਭਾਈ ਬੱਲੂ ਜੀ ਜੋ ਆਪ ਜੀ ਦੀ ਹਰ ਤਰ੍ਹਾਂ ਸੇਵਾ ਕਰਦਾ ਸੀ, ਉਹੀ ਆਪ ਜੀ ਪਾਸ ਆ ਜਾ ਸਕਦਾ ਸੀ:

ਬੱਲੂ ਤੇ ਨਿਤ ਪ੍ਰਤੀ ਸੇਵਾ ਹੋਇ ਪ੍ਰਸੰਨ ਸਤਿਗੁਰ ਕਰਵਾਇ।
ਪ੍ਰੇਮ ਜੁਗਤਿ ਸੋ ਨੀਕ ਕਰਤਾ, ਸਨਮੁਖ ਖਰੋ ਰਹੈ ਹਿਤ ਲਾਇ।
ਜਬਿ ਕੁਝ ਟਹਿਲ ਕਰਹਿ ਫੁਰਮਾਵਨਿ ਤਬਿ ਸੋ ਕਰਤਿ ਸੁਧਾਰ ਬਨਾਇ।
ਨਾਂਹਿ ਤ ਠਾਂਢੋ ਰਹੈ ਅਗਾਰੀ ਇਵ ਸਤਿਗੁਰ ਕੇ ਚਿਤ ਨੋ ਭਾਇ।

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ੧)

ਸਿੱਖ ਸੰਗਤਾਂ ਦੀ ਵਿਆਕੁਲਤਾ ਦੇਖ ਕੇ ਨਾਮਵਰ ਮੁਖੀ ਸਿੱਖਾਂ ਬਾਬਾ ਬੁੱਢਾ ਜੀ ਆਦਿ ਨੇ ਭਾਈ ਬੱਲੂ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੇਨਤੀ ਪੁਚਾਵੇ। ਭਾਈ ਬੱਲੂ ਜੀ ਨੇ ਸੰਗਤਾਂ ਦੀ ਬੇਨਤੀ ਸਤਿਗੁਰੂ ਜੀ ਨੂੰ ਸੁਣਾਈ। ਸਤਿਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਆਣ ਦਰਸ਼ਨ ਦਿੱਤੇ। ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੋ ਗਈਆਂ:

SikhBookClub.com

ਗੁਰਤਾ ਗਾਦੀ ਪਰ ਥਿਰੇ ਤ੍ਰਿਤੀਓ ਰੂਪ ਨਵੀਨ।
ਬ੍ਰੁੱਢੇ ਆਦਿਕ ਸਿੱਖਯ ਸਭਿ ਉਸਤਤਿ ਕਰਤਿ ਪ੍ਰਬੀਨ।
ਕਲ ਜੁਗ ਨਰ ਤਾਰਨ, ਲਖਿ ਇਹ ਕਾਰਨ, ਤਨ ਕੋ ਧਾਰਨ ਕੀ ਨ ਪ੍ਰਭੋ।
ਸਿਖਨ ਹਿਤਕਾਰੀ, ਜਮ ਭੈ ਹਾਰੀ, ਭਗਤ ਇਬਾਰੀ, ਆਪ ਬਿਭੋ।
ਦਾਸਨ ਸੁਖਦਾਤਾ, ਪੁਰਖ ਬਿਧਾਤਾ, ਅਨਭੈ ਰਾਤਾ, ਰੂਪ ਥਿਰੇ।
ਜੈ ਜੈ ਗੁਰਦੇਵਾ, ਅਲਖ ਅਭੇਵਾ, ਸੁਰ ਨਰ ਦੇਵਾ, ਦੇਵ ਹਰੇ॥੨੬॥

(ਸ੍ਰੀ ਗੁਰੁ ਪ੍ਰਤਾਪ ਸੂਰਜ)

ਸਾਰੇ ਹਾਜ਼ਰ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਪ ਗੁਰੂ ਨਾਨਕ ਜੋਤਿ ਦੇ ਤੀਜੇ ਸਰੂਪ ਹੋ। ਆਪ ਜੀ ਸਾਡੇ ਜਗਤ-ਤਾਰਕ ਗੁਰੂ ਹੋ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਆਪ ਦੇ ਲੜ ਲਾਇਆ ਹੈ। ਆਪ ਜੀ ਸਾਨੂੰ ਸਦਾ ਲਈ ਦਰਸ਼ਨ-ਦੀਦਾਰ ਬਖਸ਼ੋ ਤੇ ਸਾਨੂੰ ਉਪਦੇਸ਼ ਬਖ਼ਸ਼ ਕੇ ਜਨਮ-ਮਰਨ ਤੋਂ ਮੁਕਤ ਕਰੋ। ਸੰਗਤਾਂ ਦੀ ਅਰਜੋਈ ਸੁਣ ਕੇ ਸਤਿਗੁਰੂ ਜੀ ਨੇ ਰੋਜ਼ਾਨਾ ਸੰਗਤਾਂ ਦੀ ਇੱਛਾ ਅਨੁਸਾਰ ਦਰਸ਼ਨ-ਦੀਦਾਰ ਦੇਣੇ ਸ਼ੁਰੂ ਕਰ ਦਿੱਤੇ।

ਸ੍ਰੀ ਗੁਰੂ ਅਮਰਦਾਸ ਜੀ 72 ਸਾਲ ਦੀ ਆਯੂ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਸਾਰੀ ਉਮਰ ਸਿੱਖੀ-ਸੇਵਕੀ ਦੀ ਅਗਵਾਈ ਕਰਦੇ ਰਹੇ। ਆਪ ਜੀ ਦੇ ਸੁੰਦਰ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਹਨ:

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ॥੪੪॥ *(ਪੰਨਾ ੧੪੧੮)*

ਪੂਰੇ 22 ਸਾਲ ਸ੍ਰੀ ਗੁਰੂ ਅਮਰਦਾਸ ਜੀ ਧਾਰਮਿਕ ਅਤੇ ਸਮਾਜਿਕ ਘਾਲਨਾਵਾਂ ਘਾਲਦੇ ਰਹੇ। 94 ਸਾਲ ਦੀ ਆਯੂ ਤਕ ਦਾ ਇਹ ਬੇਮਿਸਾਲ ਸਫ਼ਰ ਹੈ। ਬਹੁਤ ਹੀ ਨੇਮੀ ਜੀਵਨ, ਅਲਪ-ਅਹਾਰ, ਥੋੜਾ ਸਵਣਾ, ਸਦਾ ਨਾਮ ਭਗਤੀ ਵਿਚ ਲੀਨ ਰਹਿਣਾ। ਰੋਜ਼ਾਨਾ ਨੇਮ ਅਨੁਸਾਰ ਸੰਗਤਾਂ ਨੂੰ ਦਰਸ਼ਨ ਦੀਦਾਰ ਬਖ਼ਸ਼ਦੇ, ਕੀਰਤਨ ਸੁਣਦੇ ਉਪਦੇਸ਼ ਦਿੰਦੇ ਸਨ। ਸੂਰਜ ਉਦਯ ਹੋਣ ਨਾਲ ਸੰਗਤਾਂ ਦਰਸ਼ਨ ਕਰਦੀਆਂ ਅਤੇ ਆਪਣਾ ਲੋਕ-ਪਰਲੋਕ ਸੰਵਾਰ ਲੈਂਦੀਆਂ। ਨਾਮ-ਸਿਮਰਨ ਵਿਚ ਜੁੜਦੀਆਂ। ਦੁਪਹਿਰ ਨੂੰ ਸੰਗਤਾਂ ਵਿਚ ਬਹਿ ਕੇ ਆਪ ਵੀ ਲੰਗਰ ਛਕਦੇ। ਫਿਰ ਚੌਥੇ ਪਹਿਰ ਦਾ ਦੀਵਾਨ ਲੱਗਦਾ। ਸੰਗਤਾਂ ਕਥਾ-ਕੀਰਤਨ ਸੁਣਦੀਆਂ, ਗੁਰਬਾਣੀ ਵਿਚਾਰ ਹੁੰਦੀ। ਸਤਿਗੁਰੂ ਜੀ ਸ਼ੰਕੇ ਨਵਿਰਤ ਕਰਦੇ। ਜਗਿਆਸੂਆਂ ਨੂੰ ਉਪਦੇਸ਼ ਬਖ਼ਸ਼ਦੇ। ਆਪ ਜੀ ਨੇ ਇਕ ਨੇਮ ਬਣਾਇਆ ਸੀ ਜੋ ਵੀ ਦਰਸ਼ਨਾਂ ਨੂੰ ਆਵੇ ਪਹਿਲਾਂ ਲੰਗਰ ਛਕ ਕੇ ਆਵੇ। ਇਸ ਤਰ੍ਹਾਂ ਆਉਣ ਵਾਲੇ ਦਾ ਜਾਤ-ਪਾਤ ਦਾ, ਉੱਚ-ਨੀਚ ਦਾ ਭੇਦ-ਭਾਵ ਖ਼ਤਮ ਹੋ ਜਾਵੇ ਤੇ ਮਨੁੱਖ ਐਸੇ ਚਿੱਕੜ ਤੋਂ ਉਤਾਂਹ ਉੱਠੇ ਤੇ ਅੰਦਰੋਂ ਜਾਤ ਦਾ ਅਭਿਮਾਨ ਦੂਰ ਕਰ ਕੇ ਨਿਮਰ ਭਾਵ ਨਾਲ ਸੰਗਤ ਵਿਚ ਹਾਜ਼ਰ ਹੋਵੇ। ਅਨੇਕਾਂ ਹੀ ਸਿੱਖ ਆਪ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਅਤੇ ਆਪਣਾ ਜੀਵਨ ਸਫਲ ਕਰਦੇ। ਆਪ ਜੀ ਨੇ ਗੋਇੰਦਵਾਲ ਨੂੰ ਸਿੱਖੀ ਦਾ ਨਵਾਂ ਕੇਂਦਰ ਸਥਾਪਤ ਕੀਤਾ।

ਆਪ ਜੀ ਨੇ 15 ਰਾਗਾਂ ਵਿਚ ਬਾਣੀ ਅੰਕਿਤ ਕੀਤੀ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ

SikhBookClub.com

ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਆਪ ਜੀ ਦੀ ਪ੍ਰਮੁੱਖ ਬਾਣੀ 'ਅਨੰਦ' ਸਾਹਿਬ ਹੈ। ਆਪ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਜੋ ਸਿੱਖਿਆ ਦਿੱਤੀ ਸੀ, ਉਸ ਨੂੰ ਬਾਬਾ ਸੁੰਦਰ ਜੀ ਨੇ 'ਸਦ' ਬਾਣੀ ਦੇ ਸਿਰਲੇਖ ਹੇਠ ਅੰਕਿਤ ਕੀਤਾ ਹੈ। ਸਤਿਗੁਰੂ ਅਮਰਦਾਸ ਜੀ ਨੇ ਜੋ ਸਭ ਤੋਂ ਵੱਧ ਮਹਾਨਤਾ ਵਾਲੀ ਰਵਾਇਤ ਤੋਰੀ ਉਹ ਸੀ 22 ਮੰਜੀਆਂ ਦੀ ਸਥਾਪਨਾ। 22 ਮੰਜੀਆਂ ਥਾਪ ਕੇ ਆਪ ਜੀ ਨੇ ਸਿੱਖੀ ਪ੍ਰਚਾਰ ਦੇ 22 ਮਹਾਨ ਕੇਂਦਰ ਸਥਾਪਤ ਕੀਤੇ। ਸਤਿਗੁਰੂ ਅਮਰਦਾਸ ਜੀ ਨੇ ਸਰਬੱਤ ਸੰਗਤਾਂ ਦੇ ਇਕੱਠ ਕਰਨ ਲਈ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ 'ਤੇ ਗੋਇੰਦਵਾਲ ਸਾਹਿਬ ਵਿਖੇ ਜੋੜ ਮੇਲੇ ਲਾਉਣੇ ਆਰੰਭ ਕੀਤੇ।

ਸਤਿਗੁਰੂ ਅਮਰਦਾਸ ਜੀ ਨੇ ਸਮਾਜਿਕ, ਧਾਰਮਿਕ ਅਤੇ ਰਾਜਸੀ ਗ਼ੁਲਾਮੀ ਨੂੰ ਪ੍ਰਵਾਨ ਨਹੀਂ ਕੀਤਾ ਬਲਕਿ ਆਪ ਨੇ ਧਾਰਮਿਕ ਅਸਥਾਨਾਂ ਦੀ ਜਗਾਤ (ਕਰ) ਦੇਣ ਤੋਂ ਬਿਲਕੁਲ ਮਨਾਹੀ ਕਰ ਦਿੱਤੀ। ਇਸ ਤਰ੍ਹਾਂ ਹਾਕਮ ਜਮਾਤ ਨੂੰ ਧਾਰਮਿਕ ਤੇ ਜਗਾਤ (ਕਰ) ਲਾਉਣਾ ਛੱਡਣਾ ਪਿਆ। ਉਸ ਸਮੇਂ ਅਨੁਸਾਰ ਇਹ ਕੋਈ ਸਾਧਾਰਨ ਬਾਤ ਨਹੀਂ ਸੀ। ਇਹ ਸਿੱਖੀ ਦੇ ਭਵਿੱਖ ਦੀ ਨੁਹਾਰ ਸੰਬੰਧੀ ਸੰਕੇਤ ਵੀ ਦਿੰਦੀ ਹੈ।

ਆਪ ਜੀ ਨੇ ਸਿੱਖਾਂ ਨੂੰ ਵੱਖ-ਵੱਖ ਕਿੱਤਿਆਂ ਵੱਲ ਪ੍ਰੇਰਿਤ ਕੀਤਾ। ਗ੍ਰਿਹਸਤ ਧਰਮ ਦੀ ਪ੍ਰਧਾਨਤਾ ਨੂੰ ਦ੍ਰਿੜ੍ਹ ਕਰਵਾਇਆ। ਮਾਇਆ ਵਿਚ ਉਦਾਸ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ:

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ॥ *(ਪੰਨਾ ੨੬)*

ਸਤਿਗੁਰੂ ਅਮਰਦਾਸ ਜੀ ਨੇ ਗ੍ਰਿਹਸਤ ਜੀਵਨ ਅੰਦਰ ਲੱਗਦੀਆਂ ਬੁਰੀਆਂ ਅਲਾਮਤਾਂ ਤੋਂ ਬਚਾਉਣ ਲਈ ਦ੍ਰਿੜ੍ਹਤਾ ਨਾਲ ਉਪਚਾਰ ਕੀਤਾ। ਆਪ ਜੀ ਨੇ ਸ਼ਰਾਬ ਪੀਣ, ਪਰ-ਇਸਤਰੀ ਗਮਨ, ਆਦਰਸ਼ਕ ਦੰਪਤੀ ਧਰਮ, ਪਰਦਾ, ਸਤੀ ਬਾਰੇ ਆਪਣੇ ਪੱਖ ਸਪੱਸ਼ਟ ਕੀਤੇ। 'ਏਕ ਜੋਤਿ ਦੁਇ ਮੂਰਤੀ' ਨੂੰ ਗ੍ਰਹਿਸਤ ਧਰਮ ਦਾ ਰਾਜ ਪ੍ਰਤਾਪ ਦੇ ਝੂਠੇ ਵਿਖਾਵੇ ਕਰਦੇ ਹਨ। ਰਾਗ ਬਿਲਾਵਲ ਵਿਚ ਸ਼੍ਰੋਮਣੀ ਭਗਤ ਕਬੀਰ ਜੀ ਦਾ ਫ਼ੁਰਮਾਨ ਹੈ:

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ *(ਪੰਨਾ ੮੫੬)*

ਇਸ ਸਾਰੀ ਵਿਚਾਰ ਦਾ ਤੱਤਸਾਰ ਇਹੋ ਹੈ ਕਿ ਉਹ ਸਮਰੱਥ ਪ੍ਰਭੂ ਘਟ-ਘਟ ਵਿਚ ਵੱਸਦਾ ਹੈ, ਉਹ ਸਾਡਾ ਸਭ ਦਾ ਮਾਲਕ ਹੈ। ਉਸ ਤੋਂ ਵੱਡਾ ਹੋਰ ਕੋਈ ਨਹੀਂ। ਉਸ ਦੀ ਹਕੂਮਤ ਹਮੇਸ਼ਾ ਚਲਦੀ ਹੈ। ਉਹ ਸਮਰੱਥ ਵਾਹਿਗੁਰੂ ਆਪਣੇ ਆਪ ਵਿਚ ਵਧੀਆ ਤੇ ਯੋਗ ਪ੍ਰਬੰਧਕ ਵੀ ਹੈ। ਅਕਾਸ਼, ਪਾਤਾਲ, ਖੰਡਾਂ-ਬ੍ਰਹਮੰਡਾਂ ਤੇ ਇਸ ਧਰਤੀ 'ਤੇ ਉਸ ਦਾ ਹੁਕਮ ਚੱਲਦਾ ਹੈ। ਰਾਗ ਆਸਾ ਵਿਚ ਸਤਿਗੁਰੂ ਜੀ ਦਾ ਪਾਵਨ ਬਚਨ ਹੈ:

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
(ਪੰਨਾ ੩੭੪)

(4/2007)

SikhBookClub.com

'ਅਨੰਦ ਸਾਹਿਬ' ਵਿਚ ਅਨੰਦ ਦਾ ਸੰਕਲਪ

ਗੁਰੂ ਅਮਰਦਾਸ ਜੀ ਰਚਿਤ ਬਾਣੀ ਵਿਚ ਸਭ ਤੋਂ ਵਧੇਰੇ ਪੜ੍ਹੀ ਜਾਣ ਵਾਲੀ ਰਾਮਕਲੀ ਅਨੰਦ ਹੈ। ਲੋਕ ਦਿਲਾਂ ਵਿਚ ਜੋ ਸਥਾਨ ਗੁਰੂ ਨਾਨਕ ਜੀ ਰਚਿਤ 'ਜਪੁਜੀ ਸਾਹਿਬ' ਤੇ ਗੁਰੂ ਅਰਜਨ ਦੇਵ ਜੀ ਰਚਿਤ 'ਸੁਖਮਨੀ ਸਾਹਿਬ' ਨੂੰ ਹੈ ਉਹੀ ਸਥਾਨ ਗੁਰੂ ਅਮਰਦਾਸ ਜੀ ਦੀ ਰਾਗ ਰਾਮਕਲੀ 'ਚ ਰਚਿਤ 'ਅਨੰਦ' ਨੂੰ ਪ੍ਰਾਪਤ ਹੈ। ਇਹ ਬਾਣੀ ਸਿੱਖ ਸਦਾਚਾਰ ਤੇ ਧਾਰਮਿਕ ਮਰਿਆਦਾ ਦਾ ਪ੍ਰਤੀਕ ਬਣ ਚੁੱਕੀ ਹੈ। ਬੱਚੇ ਦੇ ਜਨਮ ਤੋਂ ਨੌਜੁਆਨਾਂ ਦੇ ਅਨੰਦ ਕਾਰਜ ਤੋਂ ਬਜ਼ੁਰਗਾਂ ਦੇ ਅੰਤਮ ਸੰਸਕਾਰ ਤਕ ਗੱਲ ਕੀ ਹਰ ਖ਼ੁਸ਼ੀ ਤੇ ਗ਼ਮੀ ਦੇ ਸਮੇਂ ਅਨੰਦ ਸਾਹਿਬ ਦਾ ਕੀਰਤਨ ਪਾਠ ਗਾਇਣ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤਪਾਨ ਕਰਾਉਣ ਸਮੇਂ ਬਾਕੀ ਬਾਣੀਆਂ ਦੇ ਨਾਲ ਇਸ ਬਾਣੀ ਦਾ ਪਾਠ ਵੀ ਪੜ੍ਹਿਆ ਤੇ ਇਹ ਮਰਯਾਦਾ ਹੁਣ ਤਕ ਤੁਰੀ ਆਉਂਦੀ ਹੈ। ਅਨੰਦ ਸਾਹਿਬ ਦਾ ਵਿਸ਼ਾ ਮਨੁੱਖ ਦੇ ਸਮੁੱਚੇ ਸਰੀਰ ਤੇ ਆਤਮਾ ਨਾਲ ਹੈ। ਅਨੰਦ ਪ੍ਰਾਪਤੀ ਜੀਵ ਦੀ ਅੰਤਿਮ ਇੱਛਾ ਹੈ, ਇਹੀ ਪਰਮ ਲਕਸ਼ ਹੈ। ਡਾ· ਤਾਰਨ ਸਿੰਘ ਜੀ 'ਸਹਜ ਤੇ ਅਨੰਦ' ਵਿਚ ਲਿਖਦੇ ਹਨ—"ਅਨੰਦ ਸਾਹਿਬ ਵਿਸ਼ੇ ਵਸਤੂ ਤੋਂ ਇਕ ਪੱਖੀ ਹੈ, ਇਸ ਦਾ ਕੇਂਦਰ ਅਨੰਦ ਹੀ ਹੈ ਅਤੇ ਸਾਰੀ ਰਚਨਾ ਅਨੰਦ ਦੁਆਲੇ ਹੀ ਹੁੰਦੀ ਹੈ।" ਇਸ ਬੇਨਜ਼ੀਰ ਕ੍ਰਿਸ਼ਮੇ ਵਿਚ ਉੱਚੀ ਸੁੱਚੀ ਆਦਰਸ਼ਕ ਜੀਵਨ-ਜਾਚ ਸਰਲ ਤੇ ਸਾਦੇ ਢੰਗ ਨਾਲ ਸਮਝਾਈ ਹੈ। ਅਨੰਦ ਸਾਹਿਬ ਵਿਚਲੇ ਅਨੰਦ ਦੇ ਸੰਕਲਪ ਤੋਂ ਪਹਿਲਾਂ ਅਨੰਦ ਸ਼ਬਦ ਦੇ ਅਰਥ ਨੂੰ ਸਮਝਣਾ ਹੈ।

ਹਰ ਮਨੁੱਖ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸਿਰਤੋੜ ਜਤਨ ਕਰਦਾ ਹੈ ਅਤੇ ਸਦੀਵੀ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈ। ਸਦੀਵੀ ਸੁਖ ਆਤਮਿਕ, ਅਲੌਕਿਕ ਜਾਂ ਪਰਾਭੌਤਿਕ ਹੁੰਦੇ ਹਨ। ਇਹ ਪਰਮ ਸੁਖ ਜੀਵ ਦੇ ਪਰਮਾਰਥੀ ਰਸਤੇ 'ਤੇ ਚੱਲਣ ਉਪਰੰਤ ਮਿਲਦਾ ਹੈ। ਇਸ ਸਦੀਵੀ ਸੁਖ ਦੀ ਪ੍ਰਾਪਤੀ ਹੀ ਅਨੰਦ ਦੀ ਪ੍ਰਾਪਤੀ ਹੈ। ਅਸਲ ਜੀਵਨ ਵਿਚ ਯਥਾਰਥ ਵਸਤੂ ਹੀ ਆਨੰਦ ਹੈ। ਮਨੁੱਖ ਗਿਆਨ ਜਾਂ ਅਗਿਆਨ ਵੱਸ ਉਸੇ ਦੀ ਖੋਜ ਕਰਦਾ ਹੈ, ਉਹੀ ਉਸ ਦਾ ਜੀਵਨ ਆਧਾਰ ਹੈ। ਅਨੰਦ ਸ਼ਬਦ ਦੇ ਅਰਥ ਹਨ: ਖ਼ੁਸ਼ੀ, ਉਮਾਹ, ਖੇੜਾ ਆਦਿ।

> ਭਾਈ ਕਾਨ੍ਹ ਸਿੰਘ ਨਾਭਾ ਨੇ 'ਅਨੰਦ' ਦੇ ਅਰਥ ਪ੍ਰਸੰਨਤਾ, ਖ਼ੁਸ਼ੀ, ਸੁਖ ਆਦਿ ਦੱਸੇ ਹਨ।
>
> *(ਮਹਾਨ ਕੋਸ਼, ਪੰਨਾ 58)*

ਡਾ· ਤਾਰਨ ਸਿੰਘ 'ਸਹਜ ਤੇ ਅਨੰਦ' ਵਿਚ ਸਫ਼ਾ 9 'ਤੇ ਲਿਖਦੇ ਹਨ:

> ਪੰਜਾਬੀ ਵਿਚ ਹੋਰ ਕੋਈ ਸ਼ਬਦ 'ਅਨੰਦ' ਦੇ ਪ੍ਰਭਾਵ ਨੂੰ ਨਹੀਂ ਦਰਸਾ ਸਕਦਾ। 'ਅਨੰਦ' ਸ਼ਬਦ ਆਤਮਾ ਦੀ ਕਿਸੇ ਅਵਸਥਾ ਦਾ ਸੂਚਕ ਹੈ ਜਿਸ ਅਵਸਥਾ ਵਿਚ

SikhBookClub.com

ਸ਼ਾਂਤੀ, ਅਡੋਲਤਾ, ਨਿਰਲੇਪਤਾ, ਕੋਮਲਤਾ ਆਦਿ ਸਾਰੇ ਲੱਛਣ ਉਪਸਥਿਤ ਹਨ ਅਤੇ ਜੋ ਅਵਸਥਾ ਸਥਿਰ ਰਹਿੰਦੀ ਹੈ।

ਭਾਰਤੀ ਦਰਸ਼ਨ ਵਿਚ ਤੈਤਿਰੀਯ ਉਪਨਿਸ਼ਦ ਅਨੁਸਾਰ 'ਅਨੰਦ' ਬ੍ਰਹਮ ਦਾ ਵਾਚਕ ਹੈ। ਉਹ ਬ੍ਰਹਮ (ਰਸ) ਹੀ ਹੈ, ਇਸ ਰਸ ਨੂੰ ਪਾ ਕੇ ਪੁਰਸ਼ ਅਨੰਦੀ ਹੋ ਜਾਂਦਾ ਹੈ, ਇਹ ਰਸ ਸਭ ਨੂੰ ਅਨੰਦਿਤ ਕਰਦਾ ਹੈ। ਇਸੇ ਉਪਨਿਸ਼ਦ ਵਿਚ ਜਗਤ ਦੇ ਸਾਰੇ ਪਦਾਰਥਾਂ ਦਾ ਕਾਰਨ, ਆਧਾਰ, ਅਤੇ ਲਯ ਅਨੰਦ ਹੀ ਦੱਸਿਆ ਹੈ।

ਸੁਖ ਕੀ ਹੈ? ਮਨੋਕਾਮਨਾਵਾਂ ਦੀ ਪੂਰਤੀ ਹੈ। ਗੁਰਬਾਣੀ ਵਿਚ ਸੰਸਾਰਕ ਤੇ ਆਤਮਿਕ ਦੋਨੋਂ ਪ੍ਰਕਾਰ ਦੇ ਸੁਖ ਮੰਨੇ ਹਨ। ਸੰਸਾਰਕ ਸੁਖ ਥੁੜ-ਜੀਵੇ ਤੇ ਛਿੰਨ-ਭੰਗਰੇ ਹਨ। ਇਸ ਕਰਕੇ ਇਹ ਘਟ ਮਹੱਤਵ ਰੱਖਦੇ ਹਨ। 'ਅਨੰਦ' ਅਤੇ 'ਸੁਖ' ਦੋ ਵੱਖੋ-ਵੱਖਰੇ ਸ਼ਬਦ ਹਨ। ਇਨ੍ਹਾਂ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਹੈ। ਸੁਖ ਦਾ ਸਬੰਧ ਸਰੀਰ ਅਤੇ ਇੰਦਰੀਆਂ ਨਾਲ ਹੈ ਅਤੇ ਅਨੰਦ ਦਾ ਪਰਮਾਤਮਾ ਨਾਲ। ਇਸ ਤਰ੍ਹਾਂ ਸੁਖ ਭੋਗ ਦਾ ਵਿਸ਼ਾ ਹੈ ਅਤੇ ਅਨੰਦ ਭੋਗ ਤੋਂ ਉਚੇਰੇ ਅਨੁਭਵ ਦਾ।

ਸ੍ਰੀ ਸੰਗਤ ਲਾਲ ਪਾਂਡੇ ਦਾ ਮੱਤ ਹੈ:

> ਸੁਖ ਦਾ ਸਬੰਧ ਸਰੀਰ ਅਤੇ ਇੰਦ੍ਰੀਆਂ ਨਾਲ ਹੈ ਅਤੇ ਅਨੰਦ ਦਾ ਆਤਮਾ ਨਾਲ। ਸੁਖ ਲੌਕਿਕ ਹੈ ਅਤੇ ਅਨੰਦ ਅਲੌਕਿਕ। ਸੁਖ, ਅਨੰਦ 'ਤੇ ਨਿਰਭਰ ਹੈ, ਅਨੰਦ ਆਤਮ ਨਿਰਭਰ ਹੈ। ਸੁਖ ਭੌਤਿਕ ਹੈ ਅਨੰਦ ਅਧਿਆਤਮਕ। ਸੁਖ ਦਾ ਸਤਿ ਗੁਣ ਤੋਂ ਵਿਰੋਧ ਹੋ ਸਕਦਾ ਹੈ ਪਰ ਅਨੰਦ ਦਾ ਨਹੀਂ। ਜਿਸ ਨੂੰ ਅਨੰਦ ਦਾ ਸੱਚਾ ਸੁਆਦ ਮਿਲਦਾ ਹੈ, ਉਸ ਨੂੰ ਸਭ ਕੁਝ ਫਿੱਕਾ ਲੱਗਦਾ ਹੈ। ਇਸ ਦਾ ਸੁਆਦ ਗੂੰਗੇ ਦੇ ਮਠਿਆਈ ਖਾਣ ਵਾਂਗ ਹੈ। ਅਨੰਦ ਆਤਮਾ ਦਾ ਸੁਭਾਅ ਹੈ। ਆਤਮ ਗਿਆਨ ਦੇ ਨਾ ਰਹਿਣ ਨਾਲ ਅਨੰਦ ਦਾ ਗਿਆਨ ਵੀ ਨਹੀਂ ਹੁੰਦਾ। ਗਿਆਨ ਮਾਰਗ, ਕਰਮ ਮਾਰਗ, ਭਗਤੀ ਮਾਰਗ, ਪੁਸ਼ਟੀ ਮਾਰਗ ਅਤੇ ਯੋਗ ਮਾਰਗ ਇਸੇ ਅਨੰਦ ਨੂੰ ਪ੍ਰਾਪਤ ਕਰਨ ਦੇ ਸਾਧਨ ਹਨ। ਅਨੰਦ ਦੀ ਪ੍ਰਾਪਤੀ ਹੀ ਮੋਕਸ਼ ਹੈ।
>
> *(ਹਿੰਦੀ ਸਾਹਿਤ ਕੋਸ਼, ਸਫ਼ਾ ੧੦੦)*

'ਸਹਜ' ਅਤੇ 'ਅਨੰਦ' ਦਾ ਅਨਿਖੜਾ ਸਬੰਧ ਹੈ। 'ਸਹਜ' ਅਤੇ 'ਅਨੰਦ' ਦੀ ਅਵਸਥਾ ਬਿਬੇਕ ਜਾਂ ਗਿਆਨ ਦੀ ਅਵਸਥਾ ਹੈ। ਜਦੋਂ ਗਿਆਨ ਦੀ ਪ੍ਰਾਪਤੀ ਹੋ ਜਾਵੇ ਤਾਂ ਦਿਨੇ ਰਾਤੀਂ ਆਪਣੇ ਅੰਦਰ ਅਨੰਦ ਦਾ ਅਨੁਭਵ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਮਰਦਾਸ ਜੀ ਸੂਹੀ ਰਾਗ ਵਿਚ ਫ਼ੁਰਮਾਉਂਦੇ ਹਨ:

ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ॥
ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ॥

(ਪੰਨਾ ੭੭੨)

ਭਾਈ ਕਾਨ੍ਹ ਸਿੰਘ ਨਾਭਾ ਨੇ 'ਸਹਜ' ਸ਼ਬਦ ਦੇ ਵੱਖ-ਵੱਖ ਅਰਥ ਜਮਾਂਦਰੂ, ਸੁਭਾ, ਸੁਭਾਵਕਤਾ, ਨਿਰਜਤਨ, ਬਿਬੇਕ, ਗਿਆਨ ਅਨੰਦ ਅਤੇ ਪਾਰਬ੍ਰਹਮ ਆਦਿਕ ਦੱਸੇ ਹਨ।

(ਮਹਾਨ ਕੋਸ਼, ਪੰਨਾ ੧੦੩)

SikhBookClub.com

ਪਰ ਪਰਸਰਾਮ ਚਤੁਰਵੇਦੀ ਦੇ ਕਥਨ ਅਨੁਸਾਰ:

'ਸਹਜ' ਸ਼ਬਦ ਦਾ ਅਰਥ ਜਨਮ ਦੇ ਨਾਲ ਉਤਪੰਨ ਹੋਣ ਵਾਲਾ ਹੈ। ਪਰ ਇਸ ਦਾ ਪਰਿਭਾਸ਼ਕ ਦ੍ਰਿਸ਼ਟੀ ਤੋਂ ਪ੍ਰਯੋਗ ਅਨਿਰ-ਵਚਨੀਯ (ਜਿਸ ਦਾ ਵਰਣਨ ਨਾ ਹੋ ਸਕੇ) ਲਈ ਕੀਤਾ ਗਿਆ ਹੈ। ਜਿਸ ਨੂੰ ਨਿਰਵਾਣ ਦਾ ਨਾਮ ਦਿੱਤਾ ਗਿਆ ਹੈ। ਇਸ ਤਰ੍ਹਾਂ ਸਹਿਜ ਸ਼ਬਦ ਅਨੰਦ ਵਾਂਗ ਅਕਥ ਹੈ। ਸੰਪ੍ਰਦਾਇ ਵਿਚ ਸਹਿਜ ਸਾਧਨਾ ਦਾ ਬੜਾ ਮਹੱਤਵ ਹੈ। ਆਮ ਕਰਕੇ 'ਸਹਜ' ਤੇ 'ਅਨੰਦ' ਸਮਾਨ ਅਰਥਾਂ ਦਾ ਬੋਧ ਕਰਾਉਂਦੇ ਹਨ। ਜਿਥੇ ਸਹਜ ਹੈ, ਉਥੇ ਅਨੰਦ ਆਪਣੇ ਆਪ ਆ ਜਾਂਦਾ ਹੈ ਅਤੇ ਜਿਥੇ ਅਨੰਦ ਅਨੁਭਵ ਹੈ, ਉਥੇ ਸਹਜ-ਅਵਸਥਾ ਸੁਭਾਵਕ ਹੀ ਹੁੰਦੀ ਹੈ।

ਵਧਾਵਾ ਸਿੰਘ 'ਨਾਮ ਕੀ ਹੈ?' ਵਿਚ ਲਿਖਦੇ ਹਨ:

ਸਹਜ ਅਵਸਥਾ ਆਤਮਾ ਦੇ ਟਿਕਾਉ ਵਾਲੀ ਉਹ ਹਾਲਤ ਹੈ ਜੋ ਤਿੰਨਾਂ ਅਵਸਥਾਵਾਂ ਤੋਂ ਉੱਚੀ ਤੇ ਅਸਲੀ ਗਿਆਨ ਵਾਲੀ ਹੁੰਦੀ ਹੈ। ਉਥੇ ਅੰਮ੍ਰਿਤ-ਨਾਮ ਪ੍ਰਗਟ ਹੁੰਦਾ ਹੈ ਤੇ ਅਨਹਦ ਸ਼ਬਦ ਦਾ ਪੂਰਨ ਅਨੁਭਵ ਹੁੰਦਾ ਹੈ। ਸਰਬ-ਵਿਆਪਕ ਪ੍ਰਭੂ ਨੂੰ ਹਰ ਥਾਂ ਅਨੁਭਵ ਕਰ ਲੈਣ ਕਾਰਨ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਕਿਸੇ ਵਿਸਮਾਦ ਸੁਖ ਵਿਚ ਲੀਨ ਹੁੰਦੀ ਹੈ।

ਅਨੰਦ ਸਾਹਿਬ ਵਿਚ ਗੁਰੂ ਸਾਹਿਬ ਨੇ ਅਨੰਦ ਦੇ ਸਰੂਪ ਨੂੰ ਸੁਵਿਸਤਾਰ ਚਿਤਰਿਆ ਹੈ। ਗੁਰਦੇਵ ਨੇ ਇਸ ਬਾਣੀ ਨੂੰ ਸ਼ਾਇਦ 'ਅਨੰਦ' ਦਾ ਸਿਰਲੇਖ ਹੀ ਇਸੇ ਲਈ ਦਿੱਤਾ ਹੈ ਕਿ ਅਨੰਦ ਦਾ ਮਹੱਤਵ ਮਨੁੱਖੀ ਜੀਵਨ ਵਿਚ ਸਰਬ-ਸ੍ਰੇਸ਼ਟ ਹੈ।

ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਅਨੰਦ ਦੀ ਪ੍ਰਾਪਤੀ ਗੁਰੂ ਦੁਆਰਾ ਹੁੰਦੀ ਹੈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ (ਪੰਨਾ ੯੧੭)

ਅਤੇ

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥

(ਪੰਨਾ ੯੧੭-੧੮)

ਗੁਰੂ ਦੀ ਪ੍ਰਾਪਤੀ ਬਗ਼ੈਰ ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਨੰਦ ਪ੍ਰਾਪਤੀ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਜ਼ਾਤੀ ਅਨੁਭਵ ਸੀ। ਇਸ ਲਈ ਉਹ ਅਨੰਦ ਸਾਹਿਬ ਵਿਚ ਗੁਰੂ ਦੀ ਸ਼ਰਨ 'ਤੇ ਜ਼ੋਰ ਦਿੰਦੇ ਹਨ।

ਪ੍ਰੋ· ਦੀਵਾਨ ਸਿੰਘ ਇਸ ਬਾਰੇ ਲਿਖਦੇ ਹਨ:

ਗੁਰੂ ਅਨੰਦ ਦਾ ਸੋਮਾ ਹੈ। ਬਾਕੀ ਕਹਿਆ ਵਾਧੂ ਤੇ ਨਿਸਫ਼ਲ ਹੈ। ਗੁਰੂ ਦੀ ਪ੍ਰਾਪਤੀ

SikhBookClub.com

ਵੱਡੀ ਚੀਜ਼ ਹੈ। ਗੁਰੂ ਜੀ ਨੂੰ ਆਪ ਵੀ ਤਾਂ ਕਾਫ਼ੀ ਲੰਮੀ ਉਡੀਕ ਤੇ ਲਾਲਸਾ ਕਰਨੀ ਪਈ ਸੀ।

(ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਸਫ਼ਾ ੧੨੪)

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:

ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ॥

(ਪੰਨਾ ੧੦੪੧)

ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ॥

(ਪੰਨਾ ੧੦੪੨)

ਕਿਉਂਕਿ ਮਨ ਦਾ ਸੁਭਾਅ ਚੰਚਲ ਹੈ। ਚੰਚਲਤਾ ਕਰਕੇ ਇਹ ਸੰਕਲਪਾਂ-ਵਿਕਲਪਾਂ ਵਿਚ ਉਲਝ ਜਾਂਦਾ ਹੈ ਅਤੇ ਦੁਖੀ ਹੁੰਦਾ ਹੈ। ਗੁਰੂ ਜੀ ਨੇ ਸੰਕਲਪਾਂ ਵਿਕਲਪਾਂ ਤੋਂ ਬਚਣ ਲਈ ਸਦਾ ਹਰੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਹੈ। ਹਰੀ ਚਰਨਾਂ ਵਿਚ ਮਨ ਨੂੰ ਜੋੜਨ ਨਾਲ ਸਿਫਤ ਸਲਾਹ ਦੁਆਰਾ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਸਭ ਪ੍ਰਕਾਰ ਦੀਆਂ ਭੁੱਖਾਂ ਮਿਟ ਜਾਂਦੀਆਂ ਹਨ। ਭੁੱਖ ਹੀ ਸਭ ਦੁੱਖਾਂ ਦਾ ਮੂਲ ਹੈ। ਜਦੋਂ ਭੁੱਖ ਹੀ ਮਿਟ ਗਈ ਤਾਂ ਮਨ ਸ਼ਾਂਤ ਅਤੇ ਸੁਖੀ ਹੋ ਜਾਂਦਾ ਹੈ ਅਤੇ ਸਹਜ ਦੇ ਘਰ ਦਾਖਲ ਹੁੰਦਾ ਹੈ। ਜਿਸ ਦੇ ਹਿਰਦੇ ਰੂਪੀ ਘਰ ਵਿਚ ਪ੍ਰਭੂ ਦੀ ਦਇਆ ਨਾਲ ਨਾਮ ਦਾ ਪ੍ਰਕਾਸ਼ ਹੁੰਦਾ ਹੈ, ਉਹ ਵਡਭਾਗੀ ਹੈ। ਲਗਾਤਾਰ ਨਾਮ-ਅਭਿਆਸ ਵਿਚ ਪੁੱਜੀ ਆਤਮਕ ਅਵਸਥਾ ਹੀ ਸਹਜ-ਅਨੰਦ ਜਾਂ ਸਹਜ ਸੁਖ ਦੀ ਅਵਸਥਾ ਹੈ।

ਅਨੰਦ ਦੀ ਪ੍ਰਾਪਤੀ ਲਈ ਸਿੱਧਾਂ ਅਤੇ ਨਾਥ ਪੰਥੀਆਂ ਨੇ ਸਰੀਰ ਜਾਂ ਮਨੁੱਖਾ ਦੇਹੀ ਨੂੰ ਬਹੁਤ ਮਹੱਤਵ ਦਿੱਤਾ ਹੈ। ਗੁਰੂ ਜੀ ਨੇ ਵੀ ਮਨੁੱਖੀ ਸਰੀਰ ਨੂੰ ਸਰਬ-ਸ੍ਰੇਸ਼ਟ ਮੰਨਿਆ ਹੈ। ਉਨ੍ਹਾਂ ਨੇ ਤਾਂ ਮਨੁੱਖੀ ਸਰੀਰ ਨੂੰ 'ਹਰਿਮੰਦਰ' ਆਖਿਆ ਹੈ। ਪਰ ਇਸ ਵਿਚ ਮਨ ਪਾਪਾਂ ਦੀ ਮੈਲ ਕਾਰਨ ਕਾਲਾ ਹੋ ਕੇ ਲੋਹੇ ਦਾ ਰੂਪ ਹੋ ਚੁੱਕਾ ਹੈ:

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ॥

(ਪੰਨਾ ੧੩੪੬)

ਅਤੇ ਜਿਸ ਨੂੰ ਸੋਨੇ ਵਾਂਗ ਸ਼ੁੱਧ ਹੋਣ ਲਈ ਗੁਰ ਸ਼ਬਦ ਦੀ ਲੋੜ ਹੈ। ਗੁਰੂ ਜੀ ਕਹਿੰਦੇ ਹਨ:

ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ॥

(ਪੰਨਾ ੧੩੪੬)

ਨਾਮ ਦੀ ਪ੍ਰਾਪਤੀ ਵੀ ਗੁਰੂ ਦੁਆਰਾ ਹੁੰਦੀ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਮਨੁੱਖ ਵਿਚ ਸਦ-ਬਿਰਤੀ ਪੈਦਾ ਹੁੰਦੀ ਹੈ। ਗੁਰੂ ਜੀਵ ਨੂੰ ਮਾਇਆ ਦੇ ਚੱਕਰ ਵਿਚੋਂ ਕੱਢ ਕੇ ਨਾਮ ਨਾਲ ਜੋੜ ਦਿੰਦਾ ਹੈ। ਨਾਮ ਜਪਣ ਨਾਲ ਜਨਮਾਂ ਜਨਮਾਂਤਰਾਂ ਦੇ ਪਾਪ ਨਾਸ਼ ਹੋ ਜਾਂਦੇ ਹਨ। ਮਨ ਨਿਰਮਲ ਹੋ ਜਾਂਦਾ ਹੈ। ਨਾਮ ਜਪਣ ਵਾਲਾ ਜਗਿਆਸੂ ਆਪ ਤਾਂ ਤਰਦਾ ਹੈ, ਨਾਲ ਹੀ ਆਪਣੇ ਕੁਟੰਬ ਨੂੰ ਵੀ ਤਾਰਦਾ ਹੈ:

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥
ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ॥

SikhBookClub.com

ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥

(ਪੰਨਾ ੯੧੯)

ਪਰ ਨਾਮ ਪ੍ਰਾਪਤੀ ਵੀ ਉਸੇ ਜੀਵ ਨੂੰ ਹੁੰਦੀ ਹੈ ਜਿਸ ਉੱਤੇ ਧੁਰੋਂ ਪ੍ਰਭੂ ਦੀ ਬਖ਼ਸ਼ਿਸ਼ ਹੋਵੇ:

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥

(ਪੰਨਾ ੯੧੭)

ਅਤੇ

ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥ *(ਪੰਨਾ ੯੧੯)*

ਨਾਮ ਪ੍ਰਾਪਤੀ ਲਈ ਸਭ ਤੋਂ ਪਹਿਲੀ ਲੋੜ ਸੱਚੀ ਲਗਨ ਦੀ ਹੈ। ਇਹੋ ਲਿਵ ਮਨ ਦੇ ਅੰਦਰੋਂ ਮਾਇਆ ਦੇ ਮੋਹ ਨੂੰ ਮਾਰ ਕੇ 'ਸਹਿਜ ਗਿਆਨ' ਅਤੇ 'ਅਨੰਦ' ਦੀ ਪਹਿਚਾਣ ਕਰਾਉਂਦੀ ਹੈ। ਅਨੰਦ ਦੀ ਪ੍ਰਾਪਤੀ ਦੀ ਸੱਚੀ ਬਾਣੀ ਗਾਉਣ ਨਾਲ ਹੀ ਹੁੰਦੀ ਹੈ। ਅਨਿਰ-ਵਚਨੀ ਪਰਮ ਸੱਤ ਤੱਤ੍ਵ ਦੀ ਅਕੱਥ ਕਹਾਣੀ ਹੀ ਸੱਚੀ ਬਾਣੀ ਹੈ। ਮਾਇਆ ਤੋਂ ਪ੍ਰੇਰਤ ਕੱਚੇ ਗੁਰੂਆਂ ਦੀ ਬਾਣੀ ਕੱਚੀ ਹੈ। ਗੁਰੂ ਜੀ ਨੇ ਕੱਚੀ ਬਾਣੀ ਵਿਚ ਨਿਖੇੜਾ ਕਰਕੇ ਗੁਰਮਤਿ ਦੇ ਪਾਂਧੀਆਂ ਨੂੰ ਸਦਾ ਲਈ ਸੁਚੇਤ ਕੀਤਾ ਹੈ:

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥

(ਪੰਨਾ ੯੨੦)

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ *(ਪੰਨ ੯੨੦)*

ਇਸੇ ਪ੍ਰਸੰਗ ਵਿਚ ਗੁਰੂ ਅਮਰਦਾਸ ਜੀ ਨੇ 'ਅਨੰਦ' ਨੂੰ ਅੰਮ੍ਰਿਤ ਦਾ ਪ੍ਰਯਾਵਾਚੀ ਮੰਨਿਆ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਵੀ ਗੁਰੂ ਦੀ ਮਿਹਰ ਨਾਲ ਹੀ ਹੁੰਦੀ ਹੈ:

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥
ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥
ਲਬੁ ਲੋਭੁ ਅਹੰਕਾਰੁ ਚੁਕਾ ਸਤਿਗੁਰੂ ਭਲਾ ਭਾਇਆ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥

(ਪੰਨਾ ੯੧੮)

ਅਨੰਦ ਪ੍ਰਾਪਤੀ ਸਾਧਕ ਦੀ ਚਾਲ ਅਤੇ ਗਤਿ ਵਿਧੀ ਦੂਜੇ ਜੀਵਾਂ ਤੋਂ ਭਿੰਨ ਹੋ ਜਾਂਦੀ ਹੈ। ਉਹ ਸਦਾਚਾਰਕ ਪੱਖ ਤੋਂ ਉੱਚਾ ਹੋ ਜਾਂਦਾ ਹੈ:

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ *(ਪੰਨਾ ੯੧੮)*

ਪ੍ਰੋ· ਸਾਹਿਬ ਸਿੰਘ ਜੀ ਲਿਖਦੇ ਹਨ:

ਜਿਸ ਮਨੁੱਖ ਨੂੰ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ, ਉਸ ਦਾ ਜੀਵਨ ਇਤਨਾ ਪਿਆਰ ਵਾਲਾ ਬਣ ਜਾਂਦਾ ਹੈ ਕਿ ਉਹ ਸਦਾ ਮਿੱਠਾ ਬੋਲਦਾ ਹੈ।

SikhBookClub.com

ਇਹ ਆਤਮਕ ਅਨੰਦ ਗੁਰੂ ਤੋਂ ਮਿਲਦਾ ਹੈ। ਗੁਰੂ ਉਸ ਮਨੁੱਖ ਦੇ ਅੰਦਰ ਸਾਰੇ ਵਿਕਾਰ ਦੂਰ ਕਰ ਦਿੰਦਾ ਹੈ ਅਤੇ ਉਸ ਨੂੰ ਆਤਮਿਕ ਅਨੰਦ ਦੀ ਸਮਝ ਬਖ਼ਸ਼ਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ 'ਅਨੰਦ' ਦਾ ਇਕ ਹੋਰ ਪ੍ਰਯਾਯ 'ਹਰਿ-ਰਸ' ਦਿੱਤਾ ਹੈ। ਹਰੀ-ਰਸ ਅਜਿਹਾ ਰਸ ਹੈ ਜਿਸ ਤੋਂ ਦੁਨੀਆਂ ਦੇ ਸਾਰੇ ਰਸ ਨੀਵੇਂ ਹਨ। ਜਦੋਂ ਹਰੀ-ਰਸ ਪ੍ਰਾਪਤ ਹੋ ਜਾਂਦਾ ਹੈ, ਫਿਰ ਹੋਰ ਕੋਈ ਰਸ ਚੰਗਾ ਨਹੀਂ ਲੱਗਦਾ। ਤ੍ਰਿਸ਼ਨਾ ਉਸੇ ਨੂੰ ਕਾਬੂ ਕਰਦੀ ਹੈ, ਜਿਸ ਦਾ ਮਨ ਅਜੇ ਤ੍ਰਿਪਤ ਨਹੀਂ ਹੋਇਆ ਪਰ ਹਰੀ ਨਾਮ ਨਾਲ ਮਨ ਤ੍ਰਿਪਤ ਹੋ ਜਾਂਦਾ ਹੈ:

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥

(ਪੰਨਾ ੯੨੧)

ਜਦੋਂ ਹਰਿ-ਰਸ ਪ੍ਰਾਪਤ ਹੋ ਜਾਂਦਾ ਹੈ ਤਾਂ ਸਾਰੇ ਪਾਸੇ ਅਨੰਦ ਮੰਗਲ ਹੋ ਜਾਂਦਾ ਹੈ। ਜਦੋਂ ਆਪਣੇ ਅੰਦਰ ਪ੍ਰਭੂ ਦੀ ਜੋਤ ਜਗਦੀ ਨਜ਼ਰ ਆ ਜਾਵੇ ਤਾਂ ਫੇਰ ਚਾਅ ਚੜ੍ਹ ਜਾਂਦਾ ਹੈ, ਗੁਰੂ ਜੀ ਇਸ ਅਧਿਆਤਮਕ ਸਥਿਤੀ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥

(ਪੰਨਾ ੯੨੧)

ਗੁਰੂ ਸਾਹਿਬ ਜੀ ਨੇ ਇਸ ਬਾਣੀ ਵਿਚ ਅਨੰਦ ਦੀ ਪ੍ਰਾਪਤੀ ਵਾਸਤੇ ਘਰ-ਬਾਰ ਛੱਡ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਦੱਸੀ, ਸਗੋਂ ਗੁਰੂ ਦੀ ਕ੍ਰਿਪਾ ਨਾਲ ਅਤੇ ਗੁਰ-ਸ਼ਬਦ ਦੀ ਕਮਾਈ ਨਾਲ ਮਨ ਅਤੇ ਵੇਖਣ, ਸੁਣਨ, ਬੋਲਣ, ਸੁੰਘਣ ਅਤੇ ਛੋਹਣ ਦੀਆਂ ਗਿਆਨ ਇੰਦ੍ਰੀਆਂ ਉੱਤੇ ਕਾਬੂ ਪਾ ਕੇ ਜੀਵਨ ਵਿਚ ਸੰਤੁਲਨ ਕਾਇਮ ਕਰਨ ਦੀ ਪ੍ਰੇਰਣਾ ਦਿੱਤੀ ਹੈ। ਸ਼ਬਦ ਹੀ ਗੁਰਬਾਣੀ ਹੈ। ਕੱਚੀ ਬਾਣੀ ਦਾ ਤਿਆਗ ਕਰ ਕੇ ਸੱਚੀ ਬਾਣੀ ਪੜ੍ਹਨ ਨਾਲ ਹਰਿ-ਰਸ ਦੀ ਪ੍ਰਾਪਤੀ ਹੁੰਦੀ ਹੈ। ਇਹੀ ਅਨੰਦ ਹੈ, ਜੋ ਇਕ ਉਚਤਮ ਅਵਸਥਾ ਹੈ। ਇਸ ਦਾ ਅਨੁਭਵ ਇੰਨਾ ਡੂੰਘਾ ਹੈ ਕਿ ਇਸ ਬਾਰੇ ਸਭ ਕੁਝ ਕਹਿ ਕੇ ਕੁਝ ਨਾ ਕੁਝ ਕਹਿਣਾ ਬਾਕੀ ਰਹਿ ਜਾਂਦਾ ਹੈ।

(5/1979)

SikhBookClub.com

'ਅਨੰਦ ਸਾਹਿਬ' ਦਾ ਆਚਾਰ-ਸਿਧਾਂਤ

ਆਚਾਰ-ਸ਼ਾਸਤ੍ਰ ਵਿਚ ਜੀਵਨ-ਜਾਚ ਸਿਧਾਂਤਾਂ ਨੂੰ ਭਾਵੇਂ ਕਈ ਪੱਖਾਂ ਤੋਂ ਵਿਚਾਰਿਆ ਜਾਂਦਾ ਰਿਹਾ ਹੈ ਪਰ ਇਸ ਵਿਚ ਮਨੁੱਖ ਨੂੰ ਅਗਵਾਈ ਦੇਣ ਵਾਲੀਆਂ ਸਾਰ ਰੂਪ ਦੋ ਗੱਲਾਂ ਮੁੱਖ ਹਨ— ਕੀ ਕੁਝ ਕਰਨ ਯੋਗ ਹੈ ਤੇ ਕੀ ਕੁਝ ਨਾ ਕਰਨ ਯੋਗ, ਕੀ ਠੀਕ ਹੈ ਤੇ ਕੀ ਨਾ ਠੀਕ। ਜੋ ਕਰਨਾ ਉਚਿਤ ਨਹੀਂ ਉਹ ਬੁਰਿਆਈ ਹੈ, ਪਾਪ ਹੈ, ਬਦੀ ਜਾਂ ਦੁਰਾਚਾਰ ਹੈ, ਉਸ ਨੂੰ ਔਗੁਣ ਵੀ ਕਿਹਾ ਜਾਂਦਾ ਹੈ। ਜੋ ਕਰਨਾ ਉਚਿਤ ਹੈ, ਆਤਮ ਵਿਕਾਸ ਤੇ ਸਮਾਜਕ ਵਿਕਾਸ ਦੋਹਾਂ ਲਈ ਲਾਭਵੰਦ ਹੈ, ਉਹ ਚੰਗਿਆਈ ਹੈ, ਪੁੰਨ ਹੈ, ਨੇਕੀ ਯਾ ਸਦਾਚਾਰ ਹੈ, ਇਸ ਨੂੰ ਆਚਾਰਸ਼ਾਸਤ੍ਰੀ 'ਗੁਣ' ਵੀ ਕਹਿੰਦੇ ਹਨ। ਪੁੰਨ ਤੇ ਪਾਪ ਧਰਮ-ਸ਼ਾਸਤ੍ਰ ਦੇ ਸੰਕੇਤ ਹਨ ਤੇ ਗੁਣ ਤੇ ਔਗੁਣ ਆਚਾਰ ਸ਼ਾਸਤ੍ਰ ਦੇ। ਗੁਣ ਧਾਰਨ ਯੋਗ ਹੈ ਤੇ ਔਗੁਣ ਤਿਆਗਣ-ਯੋਗ ਜਾਂ ਦੂਜੇ ਸ਼ਬਦਾਂ ਵਿਚ ਕਹੀਏ, ਚੰਗਾ ਕੰਮ ਕਰਨਾ ਯੋਗ ਹੈ ਤੇ ਮੰਦਾ ਅਯੋਗ।

ਹੁਣ ਇਸ ਗੱਲ ਦਾ ਨਿਰਣਾ ਕਿਵੇਂ ਕੀਤਾ ਜਾਵੇ ਕਿ ਇਹ ਕੰਮ ਚੰਗਾ ਹੈ ਜਾਂ ਇਹ ਮੰਦਾ ਜਾਂ ਬਾਕੀ ਠੀਕ ਹੈ ਕਿ ਨਹੀਂ। ਇਸ ਦੀ ਇਕ ਕਸਵੱਟੀ ਇਹ ਹੈ ਕਿ ਠੀਕ ਤੇ ਉੱਚਿਤ ਕੰਮ ਕਰਨ ਬਾਅਦ ਖ਼ੁਸ਼ੀ ਹੁੰਦੀ ਹੈ, ਅਨੰਦ ਮਿਲਦਾ ਹੈ। ਸੋ ਐਸਾ ਕਰਮ ਜਿਸ ਦੇ ਕੀਤਿਆਂ ਆਤਮਾ ਨੂੰ ਸ਼ਾਂਤੀ ਤੇ ਸੰਤੁਸ਼ਟਤਾ ਮਿਲੇ, ਉਹ ਠੀਕ ਹੈ ਤੇ ਉਹੋ ਕਰਨ ਯੋਗ ਹੈ। ਜਿਸ ਕੰਮ ਦਾ ਸਿੱਟਾ ਦੁੱਖ ਹੈ, ਪਛਤਾਵਾ ਹੈ, ਖ਼ੁਸ਼ੀ ਨਹੀਂ, ਉਹ ਬਦੀ ਹੈ ਪਾਪ ਹੈ ਤੇ ਉਹ ਨਹੀਂ ਕਰਨਾ ਚਾਹੀਦਾ। ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਵਿਚ ਇਹੋ ਬੁਨਿਆਦੀ ਗੱਲ ਦ੍ਰਿੜ੍ਹਾਈ ਹੈ ਕਿ ਐਸਾ ਕਰਮ ਕਦੇ ਵੀ ਕਰਨਾ ਉਚਿਤ ਨਹੀਂ ਜਿਸ ਨਾਲ ਪਿਛੋਂ ਆਤਮਾ ਸੰਤਾਪੀ ਜਾਵੇ, ਪਛਤਾਵੇ ਦਾ ਸ਼ਿਕਾਰ ਹੋ ਕੇ ਝੁਰਦੀ ਰਹੇ।

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

(ਪੰਨਾ ੯੧੮)

ਭਗਤੀ ਲਹਿਰ ਦੇ ਆਰੰਭਕ ਸਮੇਂ ਵਿਚ ਜਪ-ਤਪ, ਪੂਜਾ-ਪਾਠ ਤੇ ਉਪਾਸ਼ਨਾ ਨੂੰ ਜਿਤਨੀ ਅਹਿਮੀਅਤ ਦਿੱਤੀ ਜਾਂਦੀ ਸੀ, ਉਤਨਾ ਸੰਤ ਭਗਤ, ਆਚਾਰ ਦੇ ਨੇਮਾਂ ਨੂੰ ਮਹੱਤਵ ਨਹੀਂ ਸੀ ਦਿੰਦੇ, ਉਨ੍ਹਾਂ ਦਾ ਆਮ ਖ਼ਿਆਲ ਸੀ ਕਿ ਕੇਵਲ ਭਗਤੀ ਹੀ ਆਤਮ ਕਲਿਆਣ ਲਈ ਕਾਫ਼ੀ ਹੈ। ਅਜਿਹੇ ਵਿਸ਼ਵਾਸ ਦਾ ਇਕ ਕਾਰਨ ਇਹ ਵੀ ਸੀ ਕਿ ਸਮਾਜਕ ਜੀਵਨ ਵਲੋਂ ਉਪਰਾਮ ਹੋਣ ਕਾਰਨ ਅਜਿਹੇ ਕਰਤੱਵ ਪਾਲਣ ਵਾਲੇ ਇਹ ਲੋਕ ਘੱਟ ਹੀ ਖ਼ਿਆਲ ਦਿੰਦੇ ਸਨ। ਇਉਂ ਵੀ ਕਹਿ ਸਕਦੇ ਹਾਂ ਕਿ ਦੂਸਰਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਉਨ੍ਹਾਂ ਦੀ ਮਾਨਸਿਕ ਚੇਤਨਾ ਦਾ ਭਾਗ ਨਹੀਂ ਸੀ। ਜੇ ਵਿਸ਼ਲੇਸ਼ਨਾਤਮਕ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਅਧਿਆਤਮਵਾਦ ਇਹ ਮਾਰਗ

SikhBookClub.com

ਦਰਸਾਉਂਦਾ ਹੈ ਕਿ ਮਨੁੱਖ ਨੇ ਪਰਮੇਸ਼ਰ ਨਾਲ ਕਿਵੇਂ ਰਿਸ਼ਤਾ ਕਾਇਮ ਕਰਨਾ ਹੈ ਤੇ ਸਦਾਚਾਰ ਇਹ ਗੱਲ ਸਿਖਾਉਂਦਾ ਹੈ ਕਿ ਮਨੁੱਖ ਦਾ ਦੂਜੇ ਮਨੁੱਖਾਂ ਨਾਲ ਰਿਸ਼ਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ। ਸੋ ਰੱਬ ਨਾਲ ਰਿਸ਼ਤਾ ਪੱਕਾ ਕਰਨ ਦੀ ਨੇਮਾਵਾਲੀ ਅਧਿਆਤਮਵਾਦ ਹੈ ਤੇ ਮਨੁੱਖ ਦਾ ਪਰਸਪਰ ਸਬੰਧ ਸੁਹਾਵਣਾ ਬਣਾਉਣ ਵਾਲੀ ਨੇਮਾਵਾਲੀ ਆਚਾਰ ਸ਼ਾਸਤ੍ਰ ਹੈ। ਜ਼ਿੰਦਗੀ ਲਈ ਇਨ੍ਹਾਂ ਦੋਹਾਂ ਦੀ ਅਤਿਅੰਤ ਲੋੜ ਹੈ। ਇਕ ਪੱਛਮੀ ਵਿਦਵਾਨ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਧਰਮ ਬਿਨਾਂ ਸਦਾਚਾਰ ਅਸੰਭਵ ਹੈ ਤੇ ਆਚਾਰ ਵਿਹੂਣਾ ਧਰਮ ਭਰਮ ਮਾਤ੍ਰ ਹੈ। ਦੂਸਰਾ ਪੱਛਮੀ ਚਿੰਤਕ ਇਹ ਕਹਿੰਦਾ ਹੈ ਕਿ ਸਦਾਚਾਰ ਜਦੋਂ ਅਮਲ ਵਿਚ ਆ ਰਿਹਾ ਹੋਵੇ ਤਾਂ ਇਹੋ ਧਰਮ ਹੁੰਦਾ ਹੈ ਤੇ ਸਿਧਾਂਤ ਰੂਪ ਵਿਚ ਧਰਮ ਹੀ ਸੱਚਾ ਸਦਾਚਾਰ ਹੁੰਦਾ ਹੈ।

Morality is religion in practice,
Religion is morality in principle. *(Word lane)*

ਭਾਵੇਂ ਨਵੀਨ ਵਿਚਾਰ-ਪ੍ਰਣਾਲੀ ਨੇ ਅਧਿਆਤਮਕ ਕੀਮਤਾਂ ਨੂੰ ਪਾਸੇ ਕਰ ਕੇ ਸਦਾਚਾਰਕ ਕੀਮਤਾਂ ਉੱਤੇ ਵਧੇਰੇ ਜ਼ੋਰ ਦਿੱਤਾ ਹੈ ਪਰ ਧਰਮ ਦੇ ਬੁਨਿਆਦੀ ਨਿਸਚੇ ਵਿਚ ਦੋਹਾਂ ਦਾ ਸੁਮੇਲ ਜ਼ਰੂਰੀ ਹੈ ਤੇ ਗੁਰੂ ਸਾਹਿਬਾਨ ਨੇ ਜ਼ਿੰਦਗੀ ਦੀ ਸਫਲਤਾ ਲਈ ਦੋਹਾਂ ਨੂੰ ਜ਼ਰੂਰੀ ਕਰਾਰ ਦਿੱਤਾ ਹੈ।

'ਅਨੰਦ ਸਾਹਿਬ' ਸਤਿਗੁਰਾਂ ਦੀ ਅਜਿਹੀ ਬਾਣੀ ਹੈ ਜੋ ਸਿੱਖਾਂ ਦੀ ਹਰ ਰਹੁ-ਰੀਤ ਸਮੇਂ ਪੜ੍ਹੀ ਜਾਂ ਗਾਈ ਜਾਂਦੀ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਇਹ ਬਹੁਤ ਸਰਲ ਤੇ ਸਪੱਸ਼ਟ ਹੈ। ਦੂਜੇ ਇਸ ਵਿਚ ਅਜਿਹੇ ਸਨੇਹ ਤੇ ਨਿਕਟਤਾ ਨਾਲ ਸਿਖਿਆ ਦ੍ਰਿੜ੍ਹਾਈ ਗਈ ਹੈ, ਜੋ ਆਪਣੇ ਅਸਰ ਪਾਏ ਬਿਨਾਂ ਨਹੀਂ ਰਹਿੰਦੀ।

ਤੀਜੇ, ਇਸ ਦਾ ਆਰੰਭ ਤੇ ਅੰਤ ਅਨੰਦ-ਪ੍ਰਾਪਤੀ ਦੀਆਂ ਖ਼ੁਸ਼ੀਆਂ ਵਿਚ ਹੁੰਦਾ ਹੈ, ਜਿਸ ਕਰਕੇ ਉਦਾਸੀਨਤਾ ਤੇ ਦੁੱਖ ਦਾ ਨਾਂ-ਨਿਸ਼ਾਨ ਕਿਸੇ ਨੂੰ ਨਹੀਂ ਦਿੱਸਦਾ। ਅਨੰਦ ਦੀ ਪ੍ਰਾਪਤੀ ਸਭ ਦੀ ਸਾਂਝੀ ਤਾਂਘ ਹੈ, ਮਨੁੱਖ ਇਸ ਵਾਤਾਵਰਣ ਦਾ ਆਦਿ ਤੋਂ ਢੂੰਡਾਊ ਹੈ। ਇਸ ਕਰਕੇ ਉਹ ਖਾਸ ਗਹੁ ਨਾਲ ਜਾਣਨਾ ਚਾਹੁੰਦਾ ਹੈ ਕਿ ਉਹ ਕਰਤੱਵ ਮਾਰਗ ਕਿਹੜਾ ਹੈ, ਜਿਸ ਨਾਲ ਸਦੈਵੀ ਅਨੰਦ ਦੀ ਮੰਜ਼ਲ ਛੇਤੀ ਛੋਹੀ ਜਾਵੇ। ਇਸੇ ਲਈ ਸਤਿਗੁਰਾਂ ਮਨੁੱਖ ਨੂੰ ਬਾਰ-ਬਾਰ ਸੰਬੋਧਨ ਕਰ ਕੇ ਇਹ ਗੱਲ ਸਮਝਾਈ ਹੈ ਕਿ ਅਜਿਹਾ ਕੰਮ ਕਰਨਾ ਯੋਗ ਨਹੀਂ, ਜਿਸ ਦਾ ਸਿੱਟਾ ਮਾੜਾ ਹੋਵੇ। ਸਵਾਲ ਪੈਦਾ ਹੁੰਦਾ ਹੈ ਕਿ ਐਸਾ ਕੰਮ ਕਿਹੜਾ ਹੋ ਸਕਦਾ ਹੈ, ਜੋ ਇਤਨਾ ਹਾਨੀਕਾਰਕ ਤੇ ਦੁਖਦਾਈ ਹੋਵੇ। ਉਹ ਦੁਰਾਚਾਰ ਹੀ ਹੋ ਸਕਦਾ ਹੈ, ਬੁਰਿਆਈ ਤੋਂ ਵਧ ਮਾਰੂ ਤੇ ਭਿਆਨਕ ਹੋਰ ਕੀ ਹੋ ਸਕਦਾ ਹੈ। ਭਾਰਤੀ ਪਰੰਪਰਾ ਵਿਚ ਇਸੇ ਨੂੰ 'ਮਾਇਆ' ਕਿਹਾ ਗਿਆ ਹੈ ਤੇ ਇਸ ਦੇ ਵੇਰਵੇ ਬਿਆਨ ਕਰਦਿਆਂ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣਾਂ ਦੀ ਚਰਚਾ ਕੀਤੀ ਗਈ ਹੈ। 'ਮਾਇਆ' ਦੀ ਤਾਰੀਫ਼ ਸਤਿਗੁਰੂ ਇਹ ਕਰਦੇ ਹਨ ਕਿ ਇਸ ਦੇ ਪ੍ਰਭਾਵ ਨਾਲ ਰੱਬੀ ਰਿਸ਼ਤਾ ਕਮਜ਼ੋਰ ਪੈਂਦਾ ਤੇ ਦੁਨੀਆਦਾਰੀ ਦਾ ਮੋਹ-ਜਾਲ ਜੀਵ ਨੂੰ ਫਾਹੁੰਦਾ ਜਾਂਦਾ ਹੈ ਅਤੇ ਦਵੈਤ ਭਾਵ ਹੋਰ ਵਧ ਵਧ ਕੇ ਬਿਖੇੜੇ ਪੈਦਾ ਕਰਦਾ ਰਹਿੰਦਾ ਹੈ:

ਲਿਵ ਛੁਟਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥

(ਪੰਨਾ ੯੨੧)

SikhBookClub.com

ਇਹ ਬਹੁਤ ਹੀ ਤਰਸਯੋਗ ਅਵਸਥਾ ਹੈ। ਇਸ ਦੁਰਦਸ਼ਾ ਵਿਚੋਂ ਮਨੁੱਖ ਨੂੰ ਕੱਢਣ ਲਈ ਸਤਿਗੁਰਾਂ ਨੇ ਇਸ ਦੇ ਅੰਗ-ਅੰਗ ਨੂੰ ਸਦਾਚਾਰ ਦੀ ਸ੍ਰੇਸ਼ਟ ਸਿਖਿਆ ਦੇ ਕੇ ਚੇਤੰਨ ਕੀਤਾ ਹੈ ਤਾਂ ਕਿ ਇਹ ਕਿਸੇ ਪਾਸਿਓਂ ਵੀ ਬਦੀ ਦਾ ਸ਼ਿਕਾਰ ਨਾ ਹੋਵੇ।

1· ਮਨ

ਸਾਡੇ ਜੀਵਨ ਦਾ ਸੰਚਾਲਕ ਪ੍ਰਮੁੱਖ ਇੰਦਰਾ ਮਨ ਹੈ, ਇਸ ਦੇ ਕਹੇ ਅਨੁਸਾਰ ਹੀ ਸਾਡੀਆਂ ਇੰਦਰੀਆਂ ਪੁੱਠੇ-ਸਿੱਧੇ ਪਾਸੇ ਤੁਰਦੀਆਂ ਹਨ। ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਮਨ ਨੂੰ ਇਹ ਤਾਕੀਦ ਕੀਤੀ ਹੈ ਕਿ ਤੂੰ ਸਦਾ ਪ੍ਰਭੂ ਦੇ ਨਾਲ ਰਹਿਣ ਦੀ ਕੋਸ਼ਿਸ਼ ਕਰ ਤਾਂ ਹੀ ਇਨ੍ਹਾਂ ਬੁਰਿਆਈਆਂ ਦੀ ਮਾਰ ਤੋਂ ਬਚ ਸਕੇਂਗਾ। ਕਿਉਂਕਿ ਤੂੰ ਇਕੱਲਾ ਨਹੀਂ ਬਚ ਸਕਦਾ। ਉਹ ਪ੍ਰਭੂ ਹਰ ਕੰਮ ਸੰਵਾਰਨ ਦੀ ਸਮਰੱਥਾ ਰੱਖਦਾ ਹੈ:

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥

(ਪੰਨਾ ੯੧੭)

ਮਨ ਚੰਚਲ ਹੈ, ਤੇ ਇਸ ਲਈ ਫਿਰ ਉਸ ਨੂੰ ਤਾਕੀਦ ਕੀਤੀ ਹੈ ਕਿ ਤੂੰ ਇਹ ਵੀ ਧਿਆਨ ਵਿਚ ਰੱਖ, ਇਥੇ ਕਿਸੇ ਕਿਸਮ ਦੀ ਚਾਲਾਕੀ ਜਾਂ ਚਤੁਰਾਈ ਕੰਮ ਨਹੀਂ ਆਉਂਦੀ:

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥.....
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥.....
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥

(ਪੰਨਾ ੯੧੮)

ਇਕ ਥਾਂ ਹੋਰ ਵੀ ਫ਼ੁਰਮਾਨ ਹੈ ਕਿ ਬਦੀ ਸ਼ੈਤਾਨ ਦੀ ਪੈਦਾਵਾਰ ਨਹੀਂ, ਸਗੋਂ ਉਸੇ ਦੀ ਖੇਡ ਹੈ:

ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ॥

(ਪੰਨਾ ੯੯੩)

ਕਿਉਂਕਿ ਪਰਮੇਸ਼ਰ ਨੇ ਖ਼ੁਦ ਮਾਇਆ-ਮੋਹ ਨੂੰ ਇਤਨਾ ਆਕਰਸ਼ਕ ਬਣਾ ਕੇ ਖਿਲਾਰਿਆ ਹੋਇਆ ਹੈ ਕਿ ਕੋਈ ਇਸ ਦੇ ਜਾਲ ਵਿਚੋਂ ਆਪਣੀ ਹੁਸ਼ਿਆਰੀ ਨਾਲ ਨਹੀਂ ਨਿਕਲ ਸਕਦਾ। ਸੋ, ਤੂੰ ਗੁਰੂ ਦੀ ਸਿਖਿਆ ਅਧੀਨ ਹੋ ਕੇ ਸੱਚ ਦੀ ਸੰਭਾਲ ਕਰ ਤਾਂ ਹੀ ਬੁਰਿਆਈ ਤੋਂ ਬਚ ਸਕਦਾ ਹੈਂ। ਇਹ 'ਅਨੰਦ' ਦੇ ਆਚਾਰ ਸਿਧਾਂਤ ਦਾ ਬੁਨਿਆਦੀ ਨੁਕਤਾ ਹੈ ਕਿ 'ਪਰਮ ਸਤਿ' ਦਾ ਸਿਮਰਨ ਹੀ ਸੱਚੇ ਸਦਾਚਾਰ ਨੂੰ ਪ੍ਰਪੱਕ ਕਰ ਸਕਦਾ ਹੈ।

SikhBookClub.com

2· ਸਰੀਰ

ਫੇਰ ਸਰੀਰ ਨੂੰ ਸਮਝਾਇਆ ਕਿ ਤੂੰ ਵੀ ਆਪਣੇ ਆਪ ਨੂੰ ਹਰੀ ਨਾਲ ਜੋੜ, ਜਿਸ ਨੇ ਤੇਰੀ ਸਿਰਜਣਾ ਕੀਤੀ ਹੈ, ਉਸ ਦਾ ਤੇਰੇ ਜ਼ਿੰਮੇ ਕੋਈ ਅਹਿਸਾਨ ਹੈ, ਕਰਜ਼ਾ ਹੈ। ਰੱਬੀ ਜੋਤਿ ਤੋਂ ਬਗ਼ੈਰ ਤੇਰਾ ਮਿੱਟੀ ਦਾ ਪਿੰਡ ਜਗਮਗਾ ਨਹੀਂ ਸੀ ਸਕਦਾ, ਇਹ ਉਸੇ ਦੀ ਬਰਕਤ ਹੈ ਕਿ ਤੇਰੇ ਸਰੀਰ ਦਾ ਅੰਗ-ਅੰਗ ਹਰਕਤ ਵਿਚ ਨਜ਼ਰੀਂ ਪੈਂਦਾ ਹੈ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥

(ਪੰਨਾ ੯੨੧)

ਫਿਰ ਦੁਬਾਰਾ ਪੁੱਛਿਆ ਕਿ ਤੂੰ ਕ੍ਰਿਤੱਗਤਾ ਵਜੋਂ ਕੀ ਕੀਤਾ ਹੈ, ਤੂੰ ਆਪਣੇ ਆਪ ਸੋਚ। ਸ੍ਰਿਸ਼ਟਾਚਾਰ ਦਾ ਇਕ ਜ਼ਰੂਰੀ ਤਕਾਜ਼ਾ ਹੈ ਕਿ ਕਿਸੇ ਦੀ ਅਹਿਸਾਨ ਫਰਾਮੋਸ਼ੀ ਨਾ ਕੀਤੀ ਜਾਵੇ, ਸਗੋਂ ਉਸ ਦਾ ਬਾਰ-ਬਾਰ ਸ਼ੁਕਰਗੁਜ਼ਾਰ ਹੋਇਆ ਜਾਵੇ। ਇਸ ਲਈ ਜ਼ਰੂਰੀ ਹੈ ਕਿ ਤੂੰ ਸਿਰਜਨਹਾਰ ਦਾ ਸਿਮਰਨ ਕਰੇਂ ਤੇ ਸਦਾ ਆਪਣੀ ਬਿਰਤੀ ਉਸ ਵਲ ਲਾਵੇਂ। ਜੇਕਰ ਤੇਰੀ ਲਿਵ ਉਧਰ ਨਹੀਂ ਲਗੇਗੀ ਤਾਂ ਇਹ ਦੇਹੀ ਸੱਚ-ਮੁੱਚ ਸਕਾਰਥੀ ਨਹੀਂ ਹੋ ਸਕੇਗੀ:

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥ *(ਪੰਨਾ ੯੧੭)*

ਸੋ ਇਹ ਤਨ ਤੇ ਮਨ ਤਾਂ ਹੀ ਬੁਰਿਆਈਆਂ ਦੀ ਮਾਰ ਤੋਂ ਬਚ ਸਕਣਗੇ, ਜੇ ਇਹ ਪਰਮੇਸ਼ਰ ਪਰਾਇਣ ਹੋਣ। ਜੋ ਲੋਕ ਕੇਵਲ ਸਦਾਚਾਰ ਜਾਂ ਇਖ਼ਲਾਕ ਨੂੰ ਹੀ ਧਰਮ ਮੰਨ ਕੇ ਚਲਦੇ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਮਝਾ ਰਹੇ ਹਨ ਕਿ ਮਾਇਆ ਦੀ ਪ੍ਰਬਲਤਾ ਇਤਨੀ ਹੈ ਕਿ ਮਨੁੱਖ ਆਪਣੇ ਆਪ ਬੁਰਿਆਈ ਦੇ ਚੁੰਗਲ ਵਿਚੋਂ ਨਿਕਲ ਨਹੀਂ ਸਕਦਾ। ਇਸ ਕਰਕੇ ਰੱਬੀ-ਸਿਮਰਨ ਦੀ ਸ਼ਕਤੀ ਨਾਲ ਹੀ ਉਹ ਇਸ ਤੋਂ ਬਚ ਕੇ ਚੰਗਿਆਈ ਕਰਨ ਲਈ ਪ੍ਰਯਤਨਸ਼ੀਲ ਹੋ ਸਕਦਾ ਹੈ।

3· ਨੇਤ੍ਰ

ਸਾਰੇ ਇੰਦ੍ਰਿਆਂ ਵਿਚੋਂ ਨੇਤ੍ਰਾਂ ਦੀ ਸ਼੍ਰੋਮਣੀ ਥਾਂ ਹੈ। ਲੋਕ 'ਨੈਣ-ਪ੍ਰਾਣ' ਕਹਿ ਕੇ ਇਨ੍ਹਾਂ ਨੂੰ ਸਵਾਸਾਂ ਦੇ ਬਰਾਬਰ ਦਾ ਦਰਜਾ ਦਿੰਦੇ ਹਨ। ਗੁਰੂ ਸਾਹਿਬ ਵੀ ਨੇਤ੍ਰਾਂ ਨੂੰ ਸੰਬੋਧਨ ਕਰਕੇ ਇਹ ਦ੍ਰਿੜ੍ਹ ਕਰਵਾਉਂਦੇ ਹਨ ਕਿ ਤੁਹਾਨੂੰ ਜੋ ਰੱਬ ਨੇ ਦਿਵੱਯਤਾ (ਰੌਸ਼ਨੀ) ਪ੍ਰਦਾਨ ਕੀਤੀ ਹੈ, ਉਸ ਦਾ ਅਸਲ ਕਰਤੱਵ ਇਹ ਹੈ ਕਿ ਇਸ ਸਾਰੇ ਸੰਸਾਰ ਨੂੰ ਪਰਮੇਸ਼ਰ ਦਾ ਰੂਪ ਕਰਕੇ ਤੱਕਿਆ ਜਾਵੇ। ਅਗਰ ਅੱਖੀਆਂ ਇਸ ਤਰ੍ਹਾਂ ਦੀਆਂ ਸਮ-ਦ੍ਰਿਸ਼ਟਾਂ ਹੋ ਜਾਣ ਤਾਂ ਦ੍ਵੈਸ਼-ਭਾਵ ਜਾਂ ਵੈਰ-ਵਿਰੋਧ ਆਪਣੇ ਆਪ ਖ਼ਤਮ ਹੁੰਦਾ ਜਾਵੇਗਾ ਤੇ ਕਿਸੇ ਨੂੰ ਕਿਸੇ ਦਾ ਬੁਰਾ ਕਰਨ ਦੀ ਜੁਰਅਤ ਹੀ ਨਹੀਂ ਹੋਵੇਗੀ। ਇਹ ਸਮਾਨਤਾ ਦਾ ਭਾਵ ਪੈਦਾ ਕਰਨ ਵਾਲਾ ਸਦਾਚਾਰ ਬਹੁਤ ਹੀ ਕਾਰਗਰ ਸਿੱਧ ਹੋਣ ਵਾਲਾ ਹੈ, ਪਰ ਇਹ ਅਵਸਥਾ ਹਰ ਇਕ ਨੂੰ ਪ੍ਰਾਪਤ ਨਹੀਂ। ਕੇਵਲ ਸਤਿਗੁਰਾਂ ਦੇ ਸੱਚੇ ਗਿਆਨ ਦੀ ਬਦੌਲਤ ਹੀ ਪਾਈ ਜਾ ਸਕਦੀ ਹੈ:

SikhBookClub.com

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥

(ਪੰਨਾ ੯੨੨)

ਗੁਰੂ ਸਾਹਿਬ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਇਹ ਨੇਤ੍ਰ ਇਸ ਅਸਲੀਅਤ ਤੋਂ ਜਾਣੂ ਨਹੀਂ, ਜਦੋਂ ਸਤਿਗੁਰੂ ਕ੍ਰਿਪਾ ਕਰਨ ਤਾਂ ਇਹ ਸੋਝੀ ਹੁੰਦੀ ਅਤੇ ਦਿਬ-ਦ੍ਰਿਸ਼ਟੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਏਕਤਾ ਤੇ ਸਮਾਨਤਾ ਦੀ ਬਿਰਤੀ ਬਣਦੀ ਹੈ:

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥

(ਪੰਨਾ ੯੨੨)

4· ਸ੍ਰਵਣ

ਅੱਖਾਂ ਤੋਂ ਬਾਅਦ ਦੂਜੇ ਦਰਜੇ 'ਤੇ ਸਾਡੇ ਗਿਆਨ ਦਾ ਮਾਧਿਅਮ ਕੰਨ ਹਨ। ਜੋ ਕੁਝ ਇਹ ਬਾਹਰੋਂ ਸੁਣਦੇ ਹਨ, ਉਸੇ ਅਨੁਸਾਰ ਹੀ ਸਾਡੇ ਤਨ ਤੇ ਮਨ ਦਾ ਅਮਲ ਹੁੰਦਾ ਰਹਿੰਦਾ ਹੈ। ਜੇ ਅਸਲੀਅਤ ਜਾਣੀ ਜਾਵੇ ਤਾਂ ਕੇਵਲ 'ਸੱਚ ਸੱਚ' ਨੂੰ ਸੁਣਨ ਲਈ ਹੀ ਇਹ ਨੀਅਤ ਕੀਤੇ ਗਏ ਹਨ, ਨਾ ਕਿ ਝੂਠੀਆਂ ਗੱਲਾਂ ਜਾਂ ਚੁਗਲੀਆਂ ਸੁਣਨ ਖਾਤਰ! ਇਸ ਲਈ ਗੁਰੂ ਸਾਹਿਬ ਕੰਨਾਂ ਦਾ ਕਰਤੱਵ ਦਸ ਕੇ ਫ਼ੁਰਮਾਉਂਦੇ ਹਨ ਕਿ ਤੁਹਾਨੂੰ ਕੇਵਲ ਸਚਿਆਈ ਦੀ ਆਵਾਜ਼ ਗ੍ਰਹਿਣ ਕਰਨੀ ਚਾਹੀਦੀ ਹੈ ਤਾਂ ਹੀ ਜ਼ਿੰਦਗੀ ਸਹੀ ਪਾਸੇ ਚਲ ਸਕਦੀ ਹੈ ਅਤੇ ਉਹ ਸੱਚਾਈ ਪਰਮੇਸ਼ਰ ਦਾ ਅੰਮ੍ਰਿਤ ਨਾਮ ਹੈ, ਜਿਸ ਦੀ ਖੋਜ ਵੱਡੇ ਵੱਡੇ ਰਿਸ਼ੀ ਮੁਨੀ ਕਰਦੇ ਹਨ, ਲੇਕਿਨ ਇਹ ਗੁਰੂ ਤੋਂ ਸਹਿਜੇ ਹੀ ਮਿਲ ਸਕਦਾ ਹੈ:

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥

(ਪੰਨਾ ੯੨੨)

ਅਗਰ ਮਾਇਆ ਦੇ ਮੰਦੇ ਪ੍ਰਭਾਵ ਕਾਰਨ ਬੁਰੀਆਂ ਗੱਲਾਂ ਜਾਂ ਨਿੰਦਾ ਚੁਗਲੀ ਸੁਣ ਕੇ ਇਹ ਕੰਨ ਮਲੀਨ ਵੀ ਹੋ ਗਏ ਹੋਣ ਤਾਂ ਇਨ੍ਹਾਂ ਨੂੰ ਸ਼ੁੱਧ ਤੇ ਪਵਿੱਤਰ ਕਰਨ ਲਈ ਪ੍ਰਭੂ ਦੇ ਨਾਮ ਦਾ ਆਸਰਾ ਲੈਣਾ ਹੀ ਯੋਗ ਹੈ:

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥

(ਪੰਨਾ ੯੨੨)

5· ਰਸਨਾ

ਰਸਨਾ ਦਾ ਕੰਮ ਸੁਆਦ ਚੱਖਣਾ ਤੇ ਪਰਖ ਉਪਰੰਤ ਸਰੀਰ ਨੂੰ ਯੋਗ ਸ਼ਕਤੀ ਪਹੁੰਚਾਉਣਾ ਹੈ। ਪਰ ਐਸੇ ਰਸ-ਕਸ ਵਿਚ ਪੈਣਾ, ਜਿਸ ਨਾਲ ਤਨ ਖਰਾਬ ਹੋਵੇ, ਮਨ ਵਿਕਾਰੀ ਹੋ ਜਾਵੇ,

SikhBookClub.com

ਉਚਿਤ ਨਹੀਂ। ਇਸ ਕਰਕੇ ਰਸਨਾ ਨੂੰ ਅਜਿਹੇ ਖਾਣ-ਪੀਣ ਤੋਂ ਵਰਜਿਆ ਗਿਆ ਹੈ, ਜਿਸ ਨਾਲ ਅੰਦਰਲੀ ਤ੍ਰਿਸ਼ਨਾ ਨਾ ਮਿਟ ਸਕਦੀ ਹੋਵੇ ਤੇ ਇਸ ਤ੍ਰਿਸ਼ਨਾ ਨੂੰ ਮਿਟਾਉਣ ਦੀ ਸਮਰੱਥਾ ਕੇਵਲ ਹਰਿ ਨਾਮ ਰਸ ਵਿਚ ਹੈ ਤੇ ਇਸੇ ਦੁਆਰਾ ਹੀ ਸਾਡਾ ਜੀਵਨ, ਸੱਚੀ ਸੰਤੁਸ਼ਟਤਾ ਲੱਭ ਸਕਦਾ ਹੈ:

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥

(ਪੰਨਾ ੯੨੧)

ਚੂੰਕਿ ਗੁਰੂ ਸਾਹਿਬ ਚਾਹੁੰਦੇ ਹਨ ਕਿ ਚੰਗੇ ਗੁਰਸਿੱਖ ਦਾ ਜੀਵਨ ਇਸ ਤਰ੍ਹਾਂ ਢਾਲਿਆ ਜਾਵੇ ਕਿ ਉਸ ਵਿਚ ਕਿਸੇ ਔਗੁਣ ਲਈ ਕੋਈ ਥਾਂ ਨਾ ਰਹੇ। ਉਸ ਦਾ ਅੰਦਰੋਂ ਬਾਹਰੋਂ ਨਿਰਮਲ ਹੋਣਾ ਜ਼ਰੂਰੀ ਹੈ। ਜੇਕਰ ਉਹ ਕੇਵਲ ਬਾਹਰੋਂ ਨਿਰਮਲ ਹੋ ਕੇ ਦਿਖਾਉਂਦਾ ਹੈ ਤੇ ਆਪਣੇ ਅੰਦਰਲੇ ਜੀਅ ਨੂੰ ਸ਼ੁੱਧ ਜਾਂ ਨਿਰਮਲ ਨਹੀਂ ਕਰਦਾ, ਤਾਂ ਉਹ ਸੱਚਾ ਸਿੱਖ ਨਹੀਂ ਬਣ ਸਕਦਾ। ਸੱਚਾ-ਸੁੱਚਾ ਸਨਮੁਖ ਸਿੱਖ ਬਣਨ ਲਈ ਜ਼ਰੂਰੀ ਹੈ ਕਿ ਉਹ ਅੰਦਰੋਂ ਗੁਰੂ ਦਾ ਅਨੁਸਾਰੀ ਹੋਵੇ:

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥

(ਪੰਨਾ ੯੧੯)

ਸ੍ਰੇਸ਼ਟ ਜੀਵਨ ਲਈ ਜ਼ਰੂਰੀ ਹੈ ਕਿ ਉਸ ਪੰਜਾਂ ਦੂਤਾਂ ਨੂੰ ਵਸ ਕੀਤਾ ਜਾਵੇ, ਉਹ ਕਿਤੇ ਭੁਲੇਖੇ ਨਾਲ ਵੀ ਕਾਮ, ਕ੍ਰੋਧ, ਜਾਂ ਲੋਭ, ਮੋਹ, ਅਹੰਕਾਰ ਦਾ ਸ਼ਿਕਾਰ ਨਾ ਹੋਵੇ। ਇਸੇ ਲਈ ਸਤਿਗੁਰਾਂ 'ਅਨੰਦ' ਵਿਚ ਇਹ ਸ਼ਰਤ ਰੱਖੀ ਹੈ ਕਿ ਉੱਚੇ-ਸੁੱਚੇ ਭਗਤ ਦੀ ਰਹਿਣੀ-ਬਹਿਣੀ ਦੁਨੀਆਂ ਤੋਂ ਸੱਚ-ਮੁੱਚ ਹੀ ਨਿਰਾਲੀ ਹੁੰਦੀ ਹੈ। ਉਸ ਦਾ ਮਾਰਗ 'ਵਾਲਹੁ ਨਿਕਾ ਤੇ ਖੰਡਿਓ ਤਿਖਾ' ਹੋਣ ਕਰਕੇ ਅਤਿ ਕਠਿਨ ਜ਼ਰੂਰ ਹੈ, ਪਰ ਫਿਰ ਵੀ ਭਗਤ ਇਸ 'ਤੇ ਪੂਰਾ ਪਹਿਰਾ ਦਿੰਦੇ ਹੋਏ ਔਗੁਣਾਂ ਨੂੰ ਤਿਆਗ ਕੇ ਗੁਣਾਂ ਦਾ ਸੰਗ੍ਰਹਿ ਕਰਨ 'ਤੇ ਜ਼ੋਰ ਦਿੰਦੇ ਹਨ, ਇਹੋ ਉਨ੍ਹਾਂ ਦਾ ਨਿਰਾਲਾਪਨ ਹੈ:

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥

(ਪੰਨਾ ੯੧੮-੧੯)

ਇਸ ਮਾਰਗ ਉੱਤੇ ਚੱਲਣ ਲਈ ਦੁਨਿਆਵੀ ਪਦਾਰਥਾਂ ਦਾ ਲਾਲਚ ਛੱਡਣਾ ਪਹਿਲੀ ਸ਼ਰਤ ਹੈ ਤਾਂ ਹੀ ਪਦਾਰਥਕ ਤ੍ਰਿਸ਼ਨਾ ਘਟੇਗੀ ਤੇ ਪਰਮੇਸ਼ਵਰ ਵਲ ਲਿਵ ਲੱਗ ਸਕੇਗੀ। ਇਹ ਰਾਹ ਤੇ ਸਭ ਤੋਂ ਵਧ ਬਾਧਕ ਮਨੁੱਖ ਦੀ ਆਪਣੀ ਹਉਮੈ ਹੈ, ਇਸ ਲਈ:

SikhBookClub.com

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

(ਪੰਨਾ ੯੧੮)

ਵਾਲੀ ਬਿਰਤੀ ਅਪਣਾਉਣੀ ਅਤਿ ਜ਼ਰੂਰੀ ਹੈ। ਕੂੜ, ਭਰਮ ਤੇ ਕਿੰਤੂ ਜਾਂ ਸ਼ੰਕਾ ਨੂੰ ਇਥੇ ਕੋਈ ਥਾਂ ਨਹੀਂ, ਇਨ੍ਹਾਂ ਔਗੁਣਾਂ ਨਾਲ ਤਾਂ ਮਨੁੱਖ ਆਪਣਾ ਆਪ ਅਪਵਿੱਤਰ ਕਰ ਲੈਂਦਾ ਹੈ:

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੁਐ ਹਾਰਿਆ॥

(ਪੰਨਾ ੯੧੯)

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

(ਪੰਨਾ ੯੨੦)

ਇਸ ਕਰਕੇ ਰੱਬੀ ਵਿਸ਼ਵਾਸ ਨੂੰ ਦ੍ਰਿੜ੍ਹ ਕਰਨ ਦੀ ਲੋੜ ਹੈ ਤੇ ਇਹ ਵਿਸ਼ਵਾਸ ਬਾਣੀ ਜਾਂ ਸ਼ਬਦ ਨਾਲ ਹੀ ਪ੍ਰਪੱਕ ਹੁੰਦਾ ਹੈ:

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥

(ਪੰਨਾ ੯੨੦)

ਇਸੇ ਕਰਕੇ ਇਹ ਗੱਲ ਦੁਹਰਾਈ ਹੈ ਪਰ ਨਾਲ ਹੀ ਇਹ ਆਖ ਦਿੱਤਾ ਹੈ ਕਿ ਇਹ ਬਾਣੀ ਅੰਦਰ ਵਸਦੀ ਉਨ੍ਹਾਂ ਦੇ ਦਿਲਾਂ ਵਿਚ ਹੀ ਹੈ, ਜਿਨ੍ਹਾਂ ਉੱਤੇ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੋਵੇ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥

(ਪੰਨਾ ੯੨੦)

ਹੋਰ ਗੱਲਾਂ ਤੋਂ ਇਲਾਵਾ ਅਧਿਆਤਮਕ ਸ਼ਿਸ਼ਟਾਚਾਰ ਵਿਚ ਇਕ ਹੋਰ ਗੱਲ ਵੀ ਕਹੀ ਗਈ ਹੈ ਕਿ 'ਬਹੁਤਾ ਬੋਲਣਾ' ਵੀ ਮੁਨਾਸਬ ਨਹੀਂ। ਜੇ ਗੁਰੂ ਦੀ ਮਿਹਰ ਸਦਕਾ ਚਿਤ ਪਰਮੇਸ਼ਰ ਵਿਚ ਜੁੜ ਗਿਆ ਤਾਂ ਮਗਨ ਅਵਸਥਾ ਕਾਰਨ ਕਿਸੇ ਤਰ੍ਹਾਂ ਦਾ ਸ਼ੋਰ ਕਰਨ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ ਅਤੇ ਜੇ ਪ੍ਰਾਪਤੀ ਅਜੇ ਨਹੀਂ ਹੋਈ ਤਾਂ ਸ਼ਿਕਾਇਤ ਕਰਨਾ ਵੀ ਉੱਚਿਤ ਨਹੀਂ ਖ਼ਿਆਲ ਕੀਤਾ ਜਾਂਦਾ।

ਇਹ ਠੀਕ ਹੈ ਕਿ ਕਈ ਵਾਰੀ ਥੋਥਾ ਆਦਮੀ ਬਹੁਤੀਆਂ ਗੱਲਾਂ ਕਰ ਕਰ ਕੇ ਆਪਣੀ ਅੰਦਰਲੀ ਕਮਜ਼ੋਰੀ ਨੂੰ ਢਕਣ ਦਾ ਯਤਨ ਕਰਦਾ ਰਹਿੰਦਾ ਹੈ, ਜੈਸਾ ਕਿ ਲਿਖਿਆ ਹੈ:

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥

(ਪੰਨਾ ੯੨੦)

ਪਰ ਜਿਨ੍ਹਾਂ ਨੂੰ ਅਧਿਆਤਮਕ ਅਨੰਦ ਪ੍ਰਾਪਤ ਹੋ ਗਿਆ, ਉਹ ਆਪਣੇ ਬਾਰੇ ਇਕ ਅੱਖਰ ਵੀ ਨਹੀਂ ਕਹਿਣਾ ਚਾਹੁੰਦੇ ਤੇ ਦੂਜਿਆਂ ਦੀ ਨੁਕਤਾਚੀਨੀ ਉਨ੍ਹਾਂ ਦੇ ਸੁਭਾਅ ਵਿਚ ਨਹੀਂ ਹੁੰਦੀ। ਸੋ ਉੱਚੇ ਆਚਾਰ ਵਾਲੇ ਭਗਤ ਜਨ ਦਾ ਇਹ ਵੀ ਇਕ ਜ਼ਰੂਰੀ ਲੱਛਣ ਹੈ ਕਿ ਉਹ ਬਹੁਤਾ ਬੋਲਣੋਂ ਸੰਕੋਚਦਾ ਹੈ ਅਤੇ ਸਹਜ ਵਿਚ ਜੀਵਨ ਬਿਤੀਤ ਕਰਦਾ ਹੈ। 'ਸਹਜ' ਦਾ ਭਾਵ ਹੈ ਕਿ ਉਹ ਨੇਕੀ

SikhBookClub.com

ਕਿਸੇ ਉੱਚੇ ਦੀ ਪ੍ਰੇਰਨਾ ਜਾਂ ਕਿਸੇ ਮਨੋਰਥ ਕਾਰਨ ਨਹੀਂ ਕਰਦਾ, ਸਗੋਂ ਉਸ ਦਾ ਕੁਦਰਤੀ ਜੀਵਨ ਹੀ ਐਸਾ ਹੋ ਜਾਂਦਾ ਹੈ ਕਿ ਉਹ ਭਲੇ ਕਰਮ ਕਰਕੇ ਲੋਕਾਂ ਦੀ ਸੇਵਾ ਕਰੇ, ਹਰ ਇਕ ਦੇ ਕੰਮ ਆਵੇ, ਹਰ ਇਕ ਨੂੰ ਪ੍ਰਸੰਨ ਕਰਕੇ ਖ਼ੁਦ ਪ੍ਰਸੰਨ ਹੋਵੇ। ਇਹ ਬਹੁਤ ਉੱਚੀ ਅਵਸਥਾ ਹੈ ਜੋ ਗੁਰੂ ਸਾਹਿਬ ਦੇ ਲਿਖਣ ਅਨੁਸਾਰ ਕੇਵਲ ਕਰਮ ਕਾਂਡਾਂ ਦੁਆਰਾ ਪ੍ਰਾਪਤ ਹੋਣੀ ਸੰਭਵ ਨਹੀਂ, ਸਗੋਂ ਮਿਹਰ ਵਿਚੋਂ ਹੀ ਮੂਰਤੀਮਾਨ ਹੁੰਦੀ ਹੈ। ਸੱਚਾ ਭਗਤ ਜਾਂ ਸੱਚਾ ਸਨਮੁਖ ਸਿੱਖ ਆਪਾ ਭਾਵ ਤਿਆਗ ਕੇ ਤਾਂ ਅੱਗੇ ਤੁਰਦਾ ਹੈ। ਉਸ ਦੀ ਸਮੁੱਚੀ ਸ਼ਖ਼ਸੀਅਤ ਸੱਚੀ ਭਾਵਨੀ ਵਿਚ ਗੜੂੰਦ ਹੋਈ ਮਸਤ ਅਲਸਮਤ ਰਹਿੰਦੀ ਹੈ ਤੇ ਉਹ ਅਨੁਭਵ ਕਰ ਲੈਂਦਾ ਹੈ ਕਿ ਸਭ ਦਾ ਸੁਆਮੀ ਪਰਮ ਸੱਚ ਹੈ ਤੇ ਉਸ ਦੀ ਬਖ਼ਸ਼ਿਸ਼ ਨਾਲ ਹੀ ਉੱਤਮ ਆਚਾਰ ਪ੍ਰਾਪਤ ਹੁੰਦਾ ਹੈ ਤੇ ਜੀਵਨ ਸੱਚ ਦੀ ਗੁੰਜਾਰ ਵਿਚ ਸਰਸ਼ਾਰ ਹੋ ਕੇ ਅਨਹਦ ਨਾਦ ਦੀ ਧੁਨ ਕਾਰ ਕਰਦਾ ਹੈ। ਇਹੋ ਪਰਮਾਨੰਦ ਦੀ ਸਹਿਜ ਅਵਸਥਾ ਹੈ:

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥

(ਪੰਨਾ ੯੧੭)

(10/1980)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ

ਬੀਰ-ਸਾਹਿਤ ਦਾ ਮਹੱਤਵ ਸਾਰੇ ਸਮਿਆਂ ਵਿਚ ਪ੍ਰਵਾਨਤ ਰਿਹਾ ਹੈ। ਬੀਰ-ਸਾਹਿਤ ਵਿਚ ਵਾਰ ਉਹ ਕਾਵਿ-ਰਚਨਾ ਹੈ ਜਿਸ ਵਿਚ ਸੂਰਬੀਰਤਾ ਦਾ ਵਰਣਨ ਹੋਵੇ। ਇਸ ਦਾ ਇਕ ਹੋਰ ਅਰਥ ਪਉੜੀ ਛੰਦ ਭੀ ਹੋ ਗਿਆ ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜੱਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਗਾਇਆ ਹੈ। ਬੀਰ ਸਾਹਿਤ ਵਿਚ ਵਾਰ ਇਕ ਐਸੀ ਸਾਹਿਤਕ ਵਿਧਾ ਹੈ, ਜਿਸ ਨੂੰ ਪੰਜਾਬੀ ਸਾਹਿਤ ਵਿਚ ਬਹੁਤ ਮਾਨਤਾ ਪ੍ਰਾਪਤ ਰਹੀ ਹੈ। ਇਸ ਦਾ ਵੱਡਾ ਕਾਰਨ ਤਾਂ ਇਹ ਜਾਪਦਾ ਹੈ ਕਿ ਵਾਰਾਂ ਪੰਜਾਬੀ ਦੇ ਮੌਖਿਕ ਸਾਹਿਤ ਵਿਚ ਵੀ ਗਾਈਆਂ ਜਾਂਦੀਆਂ ਸਨ। ਇਨ੍ਹਾਂ ਨੂੰ ਲੋਕ ਸਾਹਿਤ ਵਿਚ ਵੀ ਖਾਸ ਥਾਂ ਪ੍ਰਾਪਤ ਰਹੀ ਹੈ ਅਤੇ ਸਾਹਿਤਕ ਦ੍ਰਿਸ਼ਟੀਕੋਣ ਤੋਂ ਵਾਰਾਂ ਅਧਿਆਤਮਕ ਸਾਹਿਤ ਵਿਚ ਵੀ ਸਮਰੱਥ ਵਿਧਾ ਵਜੋਂ ਵਰਤੀਆਂ ਗਈਆਂ ਹਨ। ਵਾਰ ਕਾਵਿ ਦੀ ਇਕ ਐਸੀ ਵੰਨਗੀ ਹੈ ਜਿਸ ਨੂੰ ਢਾਡੀ ਢੱਡ ਅਤੇ ਸਾਰੰਗੀ 'ਤੇ ਗਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਹਿਗੁਰੂ ਦੀ ਉਸਤਤ ਭਰੀ ਬਾਣੀ, ਜੋ ਪਉੜੀ ਛੰਦਾਂ ਤੇ ਸਲੋਕ ਮਿਲਾ ਕੇ ਲਿਖੀ ਗਈ ਹੈ, 'ਵਾਰ' ਨਾਮ ਨਾਲ ਪ੍ਰਸਿੱਧ ਹੈ ਅਤੇ ਅਜਿਹੀਆਂ 22 ਵਾਰਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਵਾਰਾਂ ਦੇ ਮੁੱਢ ਵਿਚ ਉਨ੍ਹਾਂ ਵਾਰਾਂ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਦਿੱਤਾ ਹੋਇਆ ਹੈ, ਜਿਹੜੀਆਂ ਵਾਰਾਂ ਲੋਕ ਮਾਨਸਿਕਤਾ ਵਿਚ ਵੱਸੀਆਂ ਹੋਈਆਂ ਹਨ। ਉਦਾਹਰਣ ਵਜੋਂ ਆਸਾ ਕੀ ਵਾਰ ਦੇ ਮੁੱਢ ਵਿਚ ਲਿਖਿਆ ਹੋਇਆ ਹੈ, "ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ।" ਇਸ ਦਾ ਭਾਵ ਹੈ ਕਿ ਇਸ ਵਾਰ ਦੀਆਂ ਜਿੰਨੀਆਂ ਪਉੜੀਆਂ ਹਨ, ਉਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਰਚੀਆਂ ਹਨ ਅਤੇ ਸਲੋਕ ਭੀ ਜ਼ਿਆਦਾਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਹਨ ਅਤੇ ਇਸ ਵਾਰ ਨੂੰ ਟੁੰਡੇ ਅਸਰਾਜ ਦੀ ਵਾਰ ਦੀ ਧੁਨੀ 'ਤੇ ਗਾਉਣਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਨੂੰ, ਵਾਰਾਂ ਦੇ ਪ੍ਰਸੰਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪਾਏ ਪੂਰਨਿਆਂ ਦੀ ਨਿਰੰਤਰਤਾ ਵਿਚ ਹੀ ਦੇਖਣਾ ਚਾਹੀਦਾ ਹੈ। ਇਸੇ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਦਾ ਸੰਖੇਪ ਅਧਿਐਨ ਇਸ ਤਰ੍ਹਾਂ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੁੱਲ 22 ਵਾਰਾਂ ਵਿਚੋਂ ਚਾਰ ਵਾਰਾਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਹਨ। ਉਨ੍ਹਾਂ ਦੀ ਪਹਿਲੀ ਵਾਰ ਰਾਗ ਗੂਜਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 508 ਤੋਂ ਸ਼ੁਰੂ ਹੁੰਦੀ ਹੈ। ਇਸ ਵਾਰ ਨੂੰ ਸਿਕੰਦਰ ਇਬਰਾਹਿਮ ਕੀ ਧੁਨੀ 'ਤੇ ਗਾਉਣ ਦਾ ਆਦੇਸ਼ ਹੈ। ਇਸ ਵਾਰ ਦੀਆਂ ਕੁੱਲ 22 ਪਉੜੀਆਂ ਅਤੇ 44 ਸਲੋਕ ਹਨ। ਇਸ ਵਿਚ ਅੰਕਿਤ ਸਾਰੇ ਸਲੋਕ ਤੀਸਰੇ ਪਾਤਸ਼ਾਹ ਮਹਾਰਾਜ ਦੇ ਹਨ ਜਦ ਕਿ ਚੌਥੀ ਪਉੜੀ ਨਾਲ ਇਕ

SikhBookClub.com

ਸਲੋਕ ਭਗਤ ਕਬੀਰ ਜੀ ਦਾ ਹੈ। ਦੂਸਰੀ ਵਾਰ ਰਾਗ ਸੂਹੀ ਵਿਚ ਪੰਨਾ 785 'ਤੇ ਦਰਜ ਹੈ। ਇਸ ਵਾਰ ਦੀਆਂ 20 ਪਉੜੀਆਂ ਹਨ ਅਤੇ 47 ਸਲੋਕ ਹਨ ਜਿਨ੍ਹਾਂ ਵਿਚ 2 ਸਲੋਕ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਕੁਝ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਨ। ਬਾਕੀ ਸਾਰੇ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਤੀਸਰੀ ਵਾਰ ਰਾਮਕਲੀ ਰਾਗ ਵਿਚ ਪੰਨਾ 947 'ਤੇ ਦਰਜ ਹੈ। ਜਿਸ ਨੂੰ 'ਜੋਧੇ ਵੀਰੇ ਪੂਰਬਾਣੀ ਕੀ ਧੁਨੀ' 'ਤੇ ਗਾਉਣ ਦਾ ਆਦੇਸ਼ ਹੈ। ਇਸ ਵਾਰ ਦੀਆਂ 21 ਪਉੜੀਆਂ ਤੇ 52 ਸਲੋਕ ਹਨ। ਇਸ ਵਿਚ ਤੀਸਰੇ ਪਾਤਸ਼ਾਹ ਤੋਂ ਇਲਾਵਾ ਭਗਤ ਕਬੀਰ ਜੀ, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕ ਵੀ ਸ਼ਾਮਲ ਹਨ। ਸ੍ਰੀ ਗੁਰੂ ਅਮਰਦਾਸ ਜੀ ਦੀ ਚੌਥੀ ਵਾਰ ਰਾਗ ਮਾਰੂ ਵਿਚ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1086 ਤੋਂ ਸ਼ੁਰੂ ਹੁੰਦੀ ਹੈ। ਇਸ ਵਾਰ ਦੀਆਂ ਕੁੱਲ 22 ਪਉੜੀਆਂ ਹਨ ਅਤੇ 47 ਸਲੋਕ ਹਨ। ਇਨ੍ਹਾਂ ਵਿਚੋਂ ਕੁਝ ਸਲੋਕ ਤੀਜੇ ਪਾਤਸ਼ਾਹ ਦੇ ਰਚੇ ਹਨ ਤੇ ਕੁਝ ਪਹਿਲੀ ਪਾਤਸ਼ਾਹੀ, ਚੌਥੀ ਪਾਤਸ਼ਾਹੀ ਅਤੇ ਪੰਜਵੀਂ ਪਾਤਸ਼ਾਹੀ ਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦੀ ਪ੍ਰਧਾਨ ਸੁਰ ਅਧਿਆਤਮਕ ਹੈ ਕਿਉਂਕਿ ਇਸ ਵਿਚ ਅਨੁਭਵੀ ਸਾਹਿਤ ਦਾ ਪ੍ਰਕਾਸ਼ਨ ਕੀਤਾ ਹੋਇਆ ਹੈ। ਜਿਸ ਸਤਿ ਦਾ ਅਨੁਭਵ ਗੁਰੂ ਸਾਹਿਬਾਨ ਨੂੰ ਪਰਮਾਤਮ-ਦਰਸ਼ਨ ਵਿਚ ਹੋਇਆ, ਉਸੇ ਦਾ ਪ੍ਰਕਾਸ਼ਨ ਉਨ੍ਹਾਂ ਨੇ ਬਾਣੀ ਵਿਚ ਕੀਤਾ। ਇਸੇ ਲਈ ਬਾਣੀ ਨੂੰ 'ਧੁਰ ਕੀ ਬਾਣੀ' ਜਾਂ 'ਸੱਚੀ ਬਾਣੀ' ਜਾਂ 'ਅੰਮ੍ਰਿਤ ਬਾਣੀ' ਕਿਹਾ ਹੈ। ਅਧਿਆਤਮਕ ਸੁਰ ਪ੍ਰਧਾਨ ਹੋਣ ਦੇ ਬਾਵਜੂਦ ਵੀ ਬਾਣੀ ਮਨੁੱਖ ਦੇ ਸਦਾਚਾਰਕ, ਮਾਨਸਿਕ, ਸਮਾਜਿਕ ਇਥੋਂ ਤਕ ਕਿ ਰਾਜਨੀਤਕ ਪਹਿਲੂਆਂ ਬਾਰੇ ਵੀ ਚਾਨਣਾ ਪਾਉਂਦੀ ਹੈ, ਉਹ ਇਸੇ ਕਰਕੇ ਕਿ ਗੁਰਬਾਣੀ ਵਿਚ ਮਨੁੱਖ ਨੂੰ ਇਕ ਅਧੂਰਾ ਨਹੀਂ ਸਗੋਂ ਪੂਰਾ-ਸੂਰਾ ਮਨੁੱਖ ਹੋਣਾ ਪ੍ਰਵਾਨ ਕੀਤਾ ਗਿਆ ਹੈ। ਗੁਰਬਾਣੀ ਦਾ ਮਨੁੱਖ ਹਰ ਪਹਿਲੂ ਤੋਂ ਨਰੋਆ, ਸਜਿਆ, ਸੰਵਰਿਆ ਮਨੁੱਖ ਹੈ ਜਿਸ ਨੇ ਨਰੋਏ, ਸਜੇ ਅਤੇ ਸੰਵਰੇ ਸਮਾਜ ਦੀ ਸਿਰਜਣਾ ਕਰਨੀ ਹੈ। ਇਸ ਪੂਰਨਤਾ ਨੂੰ ਪ੍ਰਾਪਤ ਆਦਰਸ਼ ਮਨੁੱਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ ਸਾਹਿਬ' ਵਿਚ 'ਸਚਿਆਰ' ਦੀ ਸੰਗਿਆ ਦਿੱਤੀ ਹੈ ਅਤੇ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਅਜਿਹੇ ਮਨੁੱਖ ਨੂੰ 'ਗੁਰਮੁਖਿ' ਕਿਹਾ ਹੈ ਅਤੇ ਗੁਰਮੁਖਿ ਪਦ ਦੀ ਪ੍ਰਾਪਤੀ ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਬਹੁਤ ਕਰੜੀ ਘਾਲਣਾ ਤੋਂ ਬਾਅਦ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਵਿਚ ਇਸ ਨੂੰ ਬ੍ਰਹਮ ਗਿਆਨੀ ਕਿਹਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਦੀ ਪ੍ਰਧਾਨ ਸੁਰ ਉਹ ਜੁਗਤਿ ਹੈ, ਜਿਸ ਰਾਹੀਂ ਇਸ ਗੁਰਮਖਿ ਦੀ ਅਵਸਥਾ ਨੂੰ ਪਹੁੰਚਣਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਵਿਚ ਸਿੱਖ ਧਰਮ-ਦਰਸ਼ਨ ਦੇ ਜਿਹੜੇ ਮੂਲ ਸਰੋਕਾਰਾਂ ਦੀ ਜਾਣਕਾਰੀ ਸਾਨੂੰ ਪ੍ਰਾਪਤ ਹੁੰਦੀ ਹੈ, ਉਨ੍ਹਾਂ ਨੂੰ ਵਿਸ਼ੇ-ਵਸਤੂ ਦੇ ਤੌਰ 'ਤੇ ਅਸੀਂ ਇਸ ਤਰ੍ਹਾਂ ਵੰਡ ਸਕਦੇ ਹਾਂ: ਅਕਾਲ ਪੁਰਖ, ਜਿਸ ਨੂੰ ਜਪੁਜੀ ਸਾਹਿਬ ਵਿਚ ਕਰਤਾ ਪੁਰਖ ਵੀ ਕਿਹਾ ਹੈ ਅਤੇ ਮੂਲ ਮੰਤਰ ਵਿਚ ਇਸ ਦੇ ਗੁਣਾਂ ਦਾ ਵਰਣਨ ਕੀਤਾ ਹੈ। ਫਿਰ ਕਰਤਾ ਪੁਰਖ ਦੀ ਰਚਨਾ ਹੈ ਜਿਸ ਨੂੰ ਅਸੀਂ ਸ੍ਰਿਸ਼ਟੀ ਕਹਿੰਦੇ ਹਾਂ। ਇਸ ਰਚਨਾ ਦਾ ਹੀ ਇਕ ਪ੍ਰਮੁੱਖ ਹਿੱਸਾ ਮਨੁੱਖ ਹੈ, ਜਿਸ ਬਾਰੇ 'ਰਾਮਕਲੀ ਅਨੰਦ' ਵਿਚ ਗੁਰੂ ਮਹਾਰਾਜ ਨੇ ਕਿਹਾ ਹੈ: "ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥" (ਪੰਨਾ 921)

SikhBookClub.com

ਇਸ ਮਨੁੱਖ ਦਾ ਆਦਰਸ਼ ਹੈ। ਇਸ ਆਦਰਸ਼ ਦੀ ਪ੍ਰਾਪਤੀ ਦੀ ਜੁਗਤਿ ਅਤੇ ਆਦਰਸ਼ ਪ੍ਰਾਪਤੀ ਵਾਲੇ ਦਾ ਸਮਾਜਿਕ ਕਰਮ। ਇਨ੍ਹਾਂ ਸਰੋਕਾਰਾਂ ਪ੍ਰਤੀ ਪ੍ਰਸਤੁਤ ਕੀਤੇ ਚਿੰਤਨ ਦਾ ਸੰਖੇਪ ਵਿਚ ਵਰਣਨ ਇਸ ਤਰ੍ਹਾਂ ਹੈ:

ਕਰਤਾ ਪੁਰਖ, ਸਿੱਖ ਧਰਮ-ਚਿੰਤਨ, ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਲਗਾਤਾਰਤਾ ਵਿਚ ਹੈ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਮਾਰੂ ਸੋਲਹੇ', 'ਸਿਧ ਗੋਸਟਿ' ਅਤੇ 'ਦਖਣੀ ਓਅੰਕਾਰ' ਬਾਣੀਆਂ ਵਿਚ ਜ਼ਿਕਰ ਕੀਤਾ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਰਚੀਆਂ ਵਾਰਾਂ ਵਿਚੋਂ ਵੀ ਸਾਨੂੰ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਵਾਹਿਗੁਰੂ ਪਰਮ-ਸਤਿ ਹੈ, ਸਦੀਵੀ ਹੈ ਅਤੇ ਸੈਭੰ ਹੈ। ਰਚਨਾ ਤੋਂ ਪਹਿਲਾਂ ਵਾਹਿਗੁਰੂ ਅਫੁਰ ਅਵਸਥਾ ਵਿਚ ਸੀ। ਕਈ ਜੁਗਾਂ ਤੱਕ ਉਹ ਇਸੇ ਸੁੰਨ-ਸਮਾਧੀ ਦੀ ਅਵਸਥਾ ਵਿਚ ਰਿਹਾ ਅਤੇ ਫਿਰ ਪ੍ਰਗਟ ਰੂਪ ਵਿਚ ਆਇਆ ਜਿਵੇਂ 'ਗੂਜਰੀ ਕੀ ਵਾਰ' ਵਿਚ ਦੱਸਿਆ ਹੈ:

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ॥

(ਪੰਨਾ ੫੦੯)

ਫਿਰ ਉਸ ਨੇ ਆਪਣੇ ਹੁਕਮ ਵਿਚ ਹੀ ਆਪਣੇ ਆਪ ਤੋਂ ਇਸ ਬ੍ਰਹਿਮੰਡ ਦੀ ਰਚਨਾ ਕੀਤੀ। ਉਸ ਦੀ ਰਚਨਾ ਕਿਸੇ ਹੋਰ ਤੋਂ ਨਹੀਂ ਹੋਈ। ਆਪਣੇ ਆਪ ਤੋਂ ਹੋਈ ਹੈ।

ਇਸ ਰਚਨਾ ਵਿਚ ਉਸ ਨੇ ਧਰਤੀ ਨੂੰ ਧਰਮਸਾਲ ਕਰਕੇ ਸਾਜਿਆ। ਗੁਰੂ ਸਾਹਿਬਾਨ ਨੇ ਧਰਤੀ ਨੂੰ ਧਰਮਸਾਲ ਕਿਹਾ ਹੈ ਜਿਥੇ ਰਹਿ ਕੇ ਮਨੁੱਖ ਧਰਮ ਕਮਾ ਸਕਦਾ ਹੈ। ਇਸ ਸੰਸਾਰ ਨੂੰ ਨਕਾਰਿਆ ਨਹੀਂ ਸਗੋਂ ਧਰਤੀ ਦੀ ਰਚਨਾ ਨੂੰ ਥਾਪਣਾ ਜਾਂ ਸਾਜਣਾ ਕਿਹਾ ਹੈ। ਜਿਵੇਂ ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ, ਇਸੇ ਤਰ੍ਹਾਂ ਸੂਹੀ ਕੀ ਵਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਫ਼ੁਰਮਾਇਆ ਹੈ:

ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ॥
ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ॥

(ਪੰਨਾ ੭੮੫)

ਸੰਜੋਗ ਅਤੇ ਵਿਜੋਗ, ਪਰਮਾਤਮਾ-ਜੋਤ ਨਾਲ ਮਨੁੱਖ ਦਾ ਮਿਲਾਪ ਅਤੇ ਵਿਛੋੜਾ, ਇਸ ਸਿਧਾਂਤ ਦੀ ਰਚਨਾ ਕਰਕੇ ਸ੍ਰਿਸ਼ਟੀ ਦਾ ਮੂਲ ਰਚਿਆ। ਇਹ ਰਚਨਾ ਕਰਕੇ ਉਹ ਜੋਤਿ-ਰੂਪ ਹੋ ਕੇ ਸਾਰੇ ਸੰਸਾਰ ਵਿਚ ਵਿਆਪਕ ਹੋ ਗਿਆ। ਉਸ ਦੇ ਜੋਤਿ ਰੂਪ ਹੋਣ ਦੀ ਸਮਝ ਗੁਰੂ ਦੇ ਸ਼ਬਦ ਰਾਹੀਂ ਆਉਂਦੀ ਹੈ।

ਮਨੁੱਖ ਵਿਚ ਵੀ ਕਿਉਂਕਿ ਪਰਮਾਤਮ-ਜੋਤਿ ਵਿਆਪਕ ਹੈ ਇਸ ਲਈ ਮਨੁੱਖ ਲਈ ਜੋ ਆਦਰਸ਼ ਰੱਖਿਆ ਹੈ, ਉਹ ਆਪਣੇ ਮੂਲ ਨੂੰ, ਆਪਣੇ ਜੋਤਿ ਸਰੂਪ ਹੋਣ ਨੂੰ ਅਨੁਭਵ ਕਰਨਾ ਹੈ। ਇਸ ਅਨੁਭਵ ਦੀ ਪ੍ਰਾਪਤੀ ਲਈ ਜੋ ਗੁਰਮਤਿ ਜੁਗਤਿ ਹੈ, ਉਹ ਸ਼ਬਦ ਦੀ ਵੀਚਾਰ ਰਾਹੀਂ ਸਮਝ

SikhBookClub.com

ਆਉਂਦੀ ਹੈ। ਉਸ ਵਾਹਿਗੁਰੂ ਨਾਲ ਮਿਲਾਪ ਗੁਰੂ ਅਨੁਸਾਰੀ ਹੋ ਕੇ ਚੱਲਣ ਨਾਲ ਹੀ ਸੰਭਵ ਹੈ। ਗੁਰੂ ਅਨੁਸਾਰੀ ਹੋ ਕੇ ਚੱਲਿਆਂ, ਸਤਿਗੁਰੂ ਦੀ ਮਿਹਰ ਰਾਹੀਂ ਹੀ ਮਨੁੱਖ ਨੂੰ ਆਪਣੀ ਅਸਲੀਅਤ ਦਾ ਅਨੁਭਵ ਹੁੰਦਾ ਹੈ। ਇਸ ਤਰ੍ਹਾਂ ਇਸ ਅਨੁਭਵ ਦੀ ਪ੍ਰਾਪਤੀ ਲਈ ਮਨੁੱਖ ਨੂੰ ਯੋਗ ਬਣਨਾ ਪੈਂਦਾ ਹੈ। ਮਨੁੱਖ ਦੇ ਦੋ ਹੀ ਵਰਗ ਮੰਨੇ ਹਨ, ਇਕ ਗੁਰਮੁਖਿ ਅਤੇ ਦੂਸਰਾ ਮਨਮੁਖਿ। ਗੁਰੂ ਸਾਹਿਬਾਨ ਨੂੰ ਪਰਮਾਤਮਾ ਦਾ ਅਨੁਭਵ ਕਿਉਂਕਿ ਬਾਣੀ ਦੇ ਰੂਪ ਵਿਚ ਹੋਇਆ ਹੈ ਅਤੇ ਇਸ ਦੇ ਪ੍ਰਕਾਸ਼ਨ ਦਾ ਮਾਧਿਅਮ ਭਾਸ਼ਾ ਹੈ, ਇਸ ਲਈ ਵੱਖ-ਵੱਖ ਵਿਚਾਰਾਂ ਨੂੰ ਸਮਝਾਉਣ ਲਈ ਭਾਸ਼ਾ ਦੇ ਹੀ ਚਿੰਨ੍ਹ ਵਰਤੇ ਹਨ। ਜਿਵੇਂ ਸੂਹੀ ਕੀ ਵਾਰ ਵਿਚ ਗੁਰੂ ਪਾਤਸ਼ਾਹ ਨੇ ਜੀਵ ਨੂੰ ਇਸਤਰੀ ਦੇ ਚਿੰਨ੍ਹ ਰਾਹੀਂ ਅਤੇ ਵਾਹਿਗੁਰੂ ਨੂੰ ਪਤੀ ਦੇ ਚਿੰਨ੍ਹ ਰਾਹੀਂ ਦੱਸਿਆ ਹੈ ਇਸੇ ਤਰ੍ਹਾਂ ਜੋ ਆਪਣੇ ਮਨ ਦੀ ਮਤਿ ਅਨੁਸਾਰ ਚਲਦਾ ਹੈ ਕੁਲੱਖਣੀ ਇਸਤਰੀ ਦੇ ਬਿੰਬ ਰਾਹੀਂ ਪ੍ਰਗਟ ਕੀਤਾ ਹੈ। ਐਸੀ ਜੀਵ ਇਸਤਰੀ ਮਨ ਦੀ ਮਤਿ ਅਨੁਸਾਰੀ ਹੋਣ ਕਰਕੇ ਹਉਮੈ, ਲੋਭ, ਮੋਹ, ਅਹੰਕਾਰ, ਕਾਮ ਅਤੇ ਕ੍ਰੋਧ ਆਦਿ ਵਿਕਾਰਾਂ ਵਿਚ ਫਸ ਕੇ ਵਾਹਿਗੁਰੂ-ਰੂਪ ਪਤੀ ਤੋਂ ਸਦਾ ਵਿਯੋਗ ਵਿਚ ਹੀ ਰਹਿੰਦੀ ਹੈ, ਵਿਛੜੀ ਰਹਿੰਦੀ ਹੈ। ਦਿਖਾਵੇ ਲਈ ਭਾਵੇਂ ਉਸ ਨੇ ਸੂਹਾ ਵੇਸ ਪਹਿਨਿਆ ਜੋ ਸੁਹਾਗਣ ਹੋਣ ਦੀ ਨਿਸ਼ਾਨੀ ਹੈ। ਇਥੇ ਫਿਰ ਸੂਹਾ ਰੰਗ ਝੂਠ ਦਾ ਚਿੰਨ੍ਹ ਹੈ ਜੋ ਕਿ ਕੱਚਾ ਹੈ, ਸਦਾ ਨਹੀਂ ਰਹਿੰਦਾ, ਲੱਥ ਜਾਂਦਾ ਹੈ। ਇਸ ਦੇ ਉਲਟ ਗੁਰਮੁਖ ਰੂਪੀ ਇਸਤਰੀ ਹੈ ਜੋ ਗੁਰੂ ਦੀ ਸਿਖਿਆ ਅਨੁਸਾਰ ਚਲਦੀ ਹੈ ਅਤੇ ਸਦਾ ਪਤੀ ਦੇ ਸੰਜੋਗ ਵਿਚ ਰਹਿੰਦੀ ਹੈ। ਉਸ ਦੇ ਵੇਸ ਦਾ ਰੰਗ ਲਾਲ ਹੈ ਜੋ ਮਜੀਠ ਹੈ ਪੱਕਾ, ਕਦੇ ਨਹੀਂ ਉਤਰਦਾ। ਇਹ ਰੰਗ ਨਾਮ ਦਾ ਰੰਗ ਹੈ ਜੋ ਸਿਮਰਨ ਰਾਹੀਂ ਗ੍ਰਹਿਣ ਹੁੰਦਾ ਹੈ। ਉੱਪਰ ਦੱਸੇ ਵਿਕਾਰ ਮਾਇਆ ਰੋਗ ਰਾਹੀਂ ਪੈਦਾ ਹੁੰਦੇ ਹਨ ਅਤੇ ਉਨ੍ਹਾਂ ਦੀ ਦਵਾਈ ਨਾਮ ਹੈ, ਜੋ ਮਾਇਆ ਰੋਗ ਨੂੰ ਦੂਰ ਕਰਦੀ ਹੈ।

ਗੁਰੂ ਸਾਹਿਬਾਨ ਰਾਹੀਂ ਪ੍ਰਸਤੁਤ ਕੀਤਾ ਅਧਿਆਤਮਕ-ਚਿੰਤਨ ਸਮਾਜ ਨਾਲ ਜੁੜਿਆ ਹੋਇਆ ਹੈ, ਇਸ ਨਾਲੋਂ ਟੁੱਟਿਆ ਹੋਇਆ ਨਹੀਂ ਹੈ। ਇਹ ਇਕਾਂਤਕ ਨਹੀਂ, ਸੰਗਤੀ ਹੈ। ਨਾਮ-ਸਿਮਰਨ ਲਈ ਸਭ ਤੋਂ ਉੱਤਮ ਸਾਧਨ ਸਤਿ-ਸੰਗਤਿ ਹੈ। ਮਨੁੱਖ ਇਕ ਸਮਾਜਿਕ ਜੀਵ ਹੈ, ਇਸ ਲਈ ਉਸ ਦੇ ਸਮਾਜਿਕ ਸਰੋਕਾਰ ਅਤੇ ਜ਼ੁੰਮੇਵਾਰੀਆਂ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਦੀ ਗੱਲ ਕੀਤੀ ਹੈ ਕਿ ਪਤੀ ਦੀ ਮੌਤ 'ਤੇ ਉਸ ਦੀ ਲਾਸ਼ ਨਾਲ ਸੜਨ ਦੀ ਜ਼ਰੂਰਤ ਨਹੀਂ। ਉਸ ਦੀ ਮੌਤ ਦਾ ਦੁੱਖ ਹੀ ਆਪਣੇ ਆਪ ਵਿਚ ਬਹੁਤ ਵੱਡਾ ਹੈ ਜੋ ਉਸ ਨੂੰ ਸਹਿਣ ਕਰਨਾ ਪੈਣਾ ਹੈ। ਅਸਲੀ ਸਤੀ ਉਹ ਜੀਵ ਇਸਤਰੀ ਹੈ ਜੋ ਆਪਣੇ ਅੰਦਰ ਸਤਿ, ਸੰਤੋਖ, ਦਇਆ, ਗਿਆਨ ਆਦਿ ਚੰਗੇ ਗੁਣ ਪੈਦਾ ਕਰਦੀ ਹੈ। ਪਤੀ ਦਾ ਚਿੰਨ੍ਹ ਇਥੇ ਵਾਹਿਗੁਰੂ ਲਈ ਵਰਤਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਧਾਰਮਿਕ ਹੋਣ ਦਾ ਮਹਿਜ਼ ਦਿਖਾਵਾ ਕਰਨ ਨਾਲ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਜੀਵ ਨੂੰ ਆਪਣੇ ਅੰਦਰ ਧਾਰਮਿਕ ਗੁਣ ਪੈਦਾ ਕ਼ਰਨੇ ਪੈਂਦੇ ਹਨ, ਤਾਂ ਹੀ ਅਸਲੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਫਿਰ ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਚੰਦਰਮਾਂ ਨਜ਼ਰ ਨਹੀਂ ਆਉਂਦਾ, ਦੀਵਾ ਬਲਣ ਨਾਲ ਅੰਧੇਰਾ ਦੂਰ ਹੋ ਜਾਂਦਾ ਹੈ, ਇਸੇ ਤਰ੍ਹਾਂ ਗਿਆਨ ਦੀ ਰੋਸ਼ਨੀ ਨਾਲ ਅਗਿਆਨ ਰੂਪੀ ਅੰਧੇਰਾ ਕੱਟਿਆ ਜਾਂਦਾ ਹੈ। ਪਰਮਾਤਮਾ ਤੋਂ ਦੂਰੀ ਹਉਮੈ ਹੈ ਅਤੇ ਗਿਆਨ ਉਸ ਦੇ ਹੁਕਮ ਨੂੰ ਬੁੱਝਣਾ ਹੈ। ਇਸ ਪ੍ਰਾਪਤੀ ਤੋਂ ਬਾਅਦ ਮਨੁੱਖ ਦੁੱਖ ਅਤੇ ਸੁਖ ਦੋਹਾਂ ਵਿਚ ਹੀ ਸਹਿਜ ਨਾਲ ਵਿਚਰਦਾ ਹੈ ਕਿਉਂਕਿ ਦੋਵੇਂ ਹੀ ਉਸ ਅਕਾਲ ਪੁਰਖ ਦੇ

SikhBookClub.com

ਪੈਦਾ ਕੀਤੇ ਹੋਏ ਹਨ। ਇਸ ਸਹਿਜ ਦਾ ਸੋਮਾ ਸਤਿਗੁਰੂ ਹੈ, "ਸਤਿਗੁਰੁ ਸਹਜੈ ਦਾ ਖੇਤੁ ਹੈ" (ਪੰਨਾ 947) ਅਤੇ "ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥" (ਪੰਨਾ 947)। ਇਸ ਸਹਿਜ ਦੀ ਪ੍ਰਾਪਤੀ ਮਨ ਅੰਦਰੋਂ ਭਰਮ ਅਤੇ ਸੰਸੇ ਮੁੱਕ ਜਾਣ ਨਾਲ ਗ੍ਰਿਹਸਤ ਵਿਚ ਹੀ ਹੋ ਜਾਂਦੀ ਹੈ। "ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥" (ਪੰਨਾ 949) ਜਿਹੜੇ ਚੰਗੇ ਪੁੱਤਰ ਹੁੰਦੇ ਹਨ ਉਹ ਆਪਣੇ ਬਜ਼ੁਰਗਾਂ ਦੇ ਚੰਗੇ ਗੁਣਾਂ ਨੂੰ ਲੈ ਕੇ ਅੱਗੇ ਤੁਰਦੇ ਹਨ ਅਤੇ ਉਨ੍ਹਾਂ 'ਤੇ ਅਮਲ ਕਰਦੇ ਹਨ, "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥" (ਪੰਨਾ 951) ਇਸ ਗੁਰਮਤਿ ਜੁਗਤਿ ਦੀ ਸਮਝ ਸ਼ਬਦ ਦੀ ਵਿਚਾਰ ਰਾਹੀਂ ਆਉਂਦੀ ਹੈ। ਸ਼ਬਦ ਹੀ ਗੁਰੂ ਹੈ।

(9/2005)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਦਾ ਪਿਛੋਕੜ

ਸ੍ਰੀ ਗੁਰੂ ਅਮਰਦਾਸ ਜੀ ਨੇ ਤੀਰਥ ਯਾਤਰਾ, ਗੁਰਿਆਈ ਨਿਭਾ ਕੇ ਅਤੇ ਉਸਾਰੂ ਕੰਮ ਕਰਕੇ ਲਗਭਗ 95 ਸਾਲ ਦੀ ਅਵਸਥਾ ਵਿਚ ਜੋ ਜੀਵਨ ਤਜਰਬਾ ਪ੍ਰਾਪਤ ਕੀਤਾ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਗੁਰਸਿੱਖੀ, ਗੁਰਗੱਦੀ ਅਤੇ ਮਿਹਰ ਪ੍ਰਾਪਤ ਕਰਨ ਉਪਰੰਤ ਜੋ ਸਿਖਿਆ ਲਈ, ਉਸ ਨੂੰ ਆਪਣੀ ਅਵਸਥਾ ਦੇ ਇਨ੍ਹਾਂ ਅਖੀਰਲੇ ਬਾਈ ਸਾਲਾਂ ਵਿਚ ਰਚੀ ਬਾਣੀ ਵਿਚ ਅੰਕਿਤ ਕਰ ਦਿੱਤਾ। ਜਿਸ ਵਿਚੋਂ ਹੀ ਸਾਡੀ ਵਿਚਾਰ ਦਾ ਵਿਸ਼ਾ ਇਹ ਚਾਰ ਵਾਰਾਂ—ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਹਨ। ਇਨ੍ਹਾਂ ਵਾਰਾਂ ਤੋਂ ਬਿਨਾਂ ਵੀ ਗੁਰੂ ਜੀ ਨੇ ਹੋਰ ਬਹੁਤ ਸਾਰੀ ਬਾਣੀ ਰਚੀ। ਜਿਸ ਦਾ ਵੇਰਵਾ ਇਉਂ ਹੈ:

(ੳ) ਸ਼ਬਦ 172
ਅਸ਼ਟਪਦੀਆਂ 91
ਛੰਤ 20

(ਅ) ਚਾਰ ਵਾਰਾਂ—ਗੂਜਰੀ, ਸੂਹੀ, ਰਾਮਕਲੀ, ਮਾਰੂ ਦੀਆਂ ਪਉੜੀਆਂ ਦੀ ਗਿਣਤੀ 85 ਹੈ। ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹੋਏ ਸ੍ਰੀ ਗੁਰੂ ਅਮਰਦਾਸ ਜੀ ਦੇ ਸਲੋਕਾਂ ਦੀ ਸਾਰੀ ਗਿਣਤੀ 343 ਹੈ। ਵਾਰਾਂ ਵਿਚ ਦਰਜ ਹੋਣ ਤੋਂ ਕੁਝ ਸਲੋਕ ਬਚ ਭੀ ਰਹੇ ਹਨ, ਉਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ ਵਿਚ ਦਰਜ ਹਨ। ਜਿਸ ਵਿਚ ਗੁਰੂ ਅਮਰਦਾਸ ਜੀ ਦੇ 67 ਸਲੋਕ ਹਨ। ਇਨ੍ਹਾਂ ਤੋਂ ਇਲਾਵਾ ਇਨ੍ਹਾਂ ਦਾ ਇਕ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਰਾਂ ਤੋਂ ਵਧੀਕ ਸਲੋਕਾਂ ਵਿਚ ਨੰਬਰ 27 ਉੱਤੇ ਦਰਜ ਹੈ। ਇਨ੍ਹਾਂ ਸਾਰੇ ਸਲੋਕਾਂ ਦਾ ਜੋੜ 411 ਬਣਿਆ। ਸ਼ਬਦ, ਅਸ਼ਟਪਦੀ, ਛੰਤ, ਵਾਰ, ਸਲੋਕ, ਇਨ੍ਹਾਂ ਬਾਣੀਆਂ ਤੋਂ ਇਲਾਵਾ ਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਹੇਠ ਲਿਖੀਆਂ ਹੋਰ ਉਚੇਚੀਆਂ ਬਾਣੀਆਂ ਭੀ ਲਿਖੀਆਂ:

ਰਾਗ ਆਸਾ ਵਿਚ – ਪੱਟੀ 18 ਪਉੜੀਆਂ
ਵਡਹੰਸ ਰਾਗ ਵਿਚ – ਅਲਾਹਣੀਆਂ 4 ਸ਼ਬਦ
ਬਿਲਾਵਲ ਵਿਚ – ਵਾਰ ਸੱਤ, ਦਸ ਦਸ ਬੰਦਾਂ ਦੇ ਸ਼ਬਦ
ਰਾਮਕਲੀ ਵਿਚ – ਅਨੰਦ, 40 ਪਉੜੀਆਂ
ਮਾਰੂ ਵਿਚ – ਸੋਲਹੇ, 20 ਸ਼ਬਦ

ਰਾਜਸੀ ਪਿਛੋਕੜ

ਉਸ ਵੇਲੇ ਦੀ ਪੰਜਾਬ ਦੀ ਰਾਜਸੀ ਅਵਸਥਾ ਸ਼ਾਂਤੀ ਵਾਲੀ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ

SikhBookClub.com

ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਸਮਕਾਲੀ ਸਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬਾਬਰ ਦੇ ਹੱਲੇ ਅਤੇ ਰਾਜਸੀ ਅਵਸਥਾ ਦਾ ਵਰਣਨ ਥਾਂ ਥਾਂ 'ਤੇ ਆਉਂਦਾ ਹੈ ਜਿਸ ਨੂੰ ਸਮਕਾਲੀਨ ਅਵਸਥਾ ਦਾ ਦਰਪਣ ਕਿਹਾ ਜਾ ਸਕਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦਾ ਸਮਾਂ ਵਧੇਰੇ ਸ਼ੇਰ ਸ਼ਾਹ ਸੂਰੀ ਅਤੇ ਹਿਮਾਯੂੰ ਦਾ ਸਮਾਂ ਹੈ। ਗੁਰੂ ਜੀ ਦੇ ਜੀਵਨ ਵਿਚ ਹੀ ਬਾਦਸ਼ਾਹ ਅਕਬਰ ਗੱਦੀ ਉੱਤੇ ਬੈਠ ਗਿਆ।

ਉਂਜ ਦੂਜੇ ਪਾਸੇ ਇਹ ਸਮਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸਮਾਂ ਹੈ ਕਿਉਂਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ 1479 ਈ. ਦਾ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 1469.

ਅਕਬਰ ਦੇ ਸਮੇਂ ਦੇਸ਼ ਵਿਚ ਕੁਝ ਸ਼ਾਂਤੀ ਹੋਈ ਅਤੇ ਲੋਕਾਂ ਨੂੰ ਸੁਖ ਦਾ ਸਾਹ ਆਇਆ। ਅਕਬਰ ਵਿਦਵਾਨਾਂ, ਕਵੀਆਂ ਅਤੇ ਲੇਖਕਾਂ ਦੀ ਕਦਰ ਕਰਦਾ ਸੀ। ਇਉਂ ਹਿਮਾਯੂੰ ਅਤੇ ਅਕਬਰ ਦੇ ਸਮੇਂ ਵਿਚ ਵਿਦਿਆ ਅਤੇ ਸਾਹਿਤ ਲਈ ਇਕ ਉਤਸ਼ਾਹ ਪੈਦਾ ਹੋਇਆ। ਇਸ ਉਤਸ਼ਾਹ ਦਾ ਵਿਸ਼ੇਸ਼ ਕਾਰਨ ਅਕਬਰ ਦੇ ਦਰਬਾਰ ਵਿਚ ਨੌਂ ਰਤਨਾਂ ਦਾ ਸਤਿਕਾਰ ਤੇ ਪਦਵੀ ਸੀ।

ਬਾਦਸ਼ਾਹ ਅਕਬਰ ਆਪ ਸੰਤਾਂ-ਮਹਾਤਮਾਂ ਦਾ ਮੇਲੀ ਸੀ। ਸਿੱਖ ਇਤਿਹਾਸਾਂ ਵਿਚ ਇਹ ਵਰਣਨ ਵੀ ਆਉਂਦਾ ਹੈ ਕਿ ਬਾਦਸ਼ਾਹ ਅਕਬਰ ਆਪ ਗੋਇੰਦਵਾਲ ਆਇਆ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਲੰਗਰ ਵੇਖ ਕੇ ਬੀਬੀ ਭਾਨੀ ਜੀ ਦੇ ਨਾਂ ਕੁਝ ਜਗੀਰ ਵੀ ਲਗਾਈ।

ਸਮਾਜਿਕ ਅਤੇ ਧਾਰਮਿਕ ਅਵਸਥਾ

ਸਮਾਜਿਕ ਅਤੇ ਧਾਰਮਿਕ ਅਵਸਥਾ ਸਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਇਤਿਹਾਸਾਂ ਵਿਚੋਂ ਬਹੁਤ ਕੁਝ ਦ੍ਰਿਸ਼ਟੀ-ਗੋਚਰ ਹੁੰਦਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਫ਼ੁਰਮਾਨ ਹੈ:

(ੳ) ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥

(ਪੰਨਾ ੪੭੧)

(ਅ) ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥

(ਪੰਨਾ ੪੭੦)

(ੲ) ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨ੍ਹਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥

(ਪੰਨਾ ੪੬੫)

(ਸ) ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥

(ਪੰਨਾ ੧੨੪੩)

(ਹ) ਇਸਤਰੀ ਪੁਰਖੈ ਖਟਿਐ ਭਾਉ॥ ਭਾਵੈ ਆਵਉ ਭਾਵੈ ਜਾਉ॥

(ਪੰਨਾ ੯੫੧)

SikhBookClub.com

(ਕ) ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥

(ਪੰਨਾ ੪੭੧)

ਇੰਜ ਹੀ ਉਸ ਵੇਲੇ ਦੇ ਸਾਧੂਆਂ, ਜੋਗੀਆਂ, ਪੰਡਤਾਂ ਅਤੇ ਹੋਰ ਧਾਰਮਿਕ ਅਤੇ ਸਮਾਜਿਕ ਆਗੂਆਂ ਸੰਬੰਧੀ ਸੰਕੇਤ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਮਿਲ ਜਾਂਦੇ ਹਨ। ਕਹਿਣ ਤੋਂ ਭਾਵ ਏਨਾ ਹੀ ਹੈ ਕਿ ਉਸ ਵੇਲੇ ਭਾਰਤ ਦਾ ਸਮਾਜ ਵਹਿਮਾਂ-ਭਰਮਾਂ, ਧਾਰਮਿਕ ਅਤੇ ਜਾਤੀਆਂ ਦੀ ਖਿਚੋਤਾਣ ਅਤੇ ਰੀਤਾਂ-ਰਸਮਾਂ ਵਿਚ ਹੀ ਫਸਿਆ ਹੋਇਆ ਸੀ।

ਸਾਹਿਤਕ ਪਿਛੋਕੜ

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤਕ ਪੰਜਾਬੀ ਸਾਹਿਤ ਦਾ ਭੰਡਾਰ ਖਾਲੀ ਨਹੀਂ ਸੀ। ਕੁਝ ਇਕ ਸਾਹਿਤਿਕ ਪਰੰਪਰਾਵਾਂ ਹੋਂਦ ਵਿਚ ਆ ਚੁੱਕੀਆਂ ਸਨ ਅਤੇ ਉਨ੍ਹਾਂ ਪਰੰਪਰਾਵਾਂ ਨੂੰ ਵਰਤਦਿਆਂ ਗੁਰ ਉਪਦੇਸ਼ ਨੂੰ ਕਵਿਤਾ ਰਾਹੀਂ ਪ੍ਰਗਟਾਉਣ ਦੀ ਰੀਤੀ ਚਲ ਚੁੱਕੀ ਸੀ।

ਪੰਜਾਬੀ ਸਾਹਿਤ ਦੇ ਕਿਸੇ ਵੀ ਇਤਿਹਾਸ ਨੂੰ ਵੇਖਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਾਹਿਤ ਦੀ ਰਚਨਾ ਜੋਗੀਆਂ ਦੇ ਸਮੇਂ ਅਰਥਾਤ ਸੰਨ 1000-1100 ਤੋਂ ਹੀ ਹੁੰਦੀ ਆ ਰਹੀ ਸੀ—"ਜੋਗ ਮੱਤ ਵਿਚ ਗੋਰਖ ਨਾਥ, ਸ਼ਾਇਦ ਸਭ ਤੋਂ ਵੱਧ ਸਤਿਕਾਰਿਆ ਜਾਂਦਾ ਹੈ।"

ਉਂਜ ਤਾਂ ਲੋਕ-ਗੀਤ, ਬੁਝਾਰਤਾਂ ਅਤੇ ਮੁਹਾਵਰੇ ਇਸ ਤੋਂ ਵੀ ਪੁਰਾਤਨ ਹੋਣਗੇ, ਜੋ ਕੰਠਾਗਰ ਹੋਣ ਕਰਕੇ ਸਮੇਂ ਦੇ ਨਾਲ-ਨਾਲ ਭਾਸ਼ਾ ਵਲੋਂ ਆਪਣਾ ਰੂਪ ਬਦਲਦੇ ਅਤੇ ਨਵਾਂ ਰੂਪ ਧਾਰਦੇ ਗਏ। ਜਿਨ੍ਹਾਂ ਕਵੀਆਂ ਦਾ ਸਾਨੂੰ ਪਤਾ ਹੈ ਉਨ੍ਹਾਂ ਵਿਚੋਂ ਪੰਜ ਯੋਗੀਆਂ—ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ, ਚੌਰੰਗੀ ਨਾਥ ਅਤੇ ਰਤਨ ਨਾਥ ਤੋਂ ਪਿਛੋਂ ਬਾਬਾ ਸ਼ੇਖ ਫਰੀਦ ਜੀ (1173-1266) ਦਾ ਨਾਂ ਆਉਂਦਾ ਹੈ, ਜਿਨ੍ਹਾਂ ਦੇ ਲਿਖੇ 112 ਸਲੋਕ ਅਤੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਬਾ ਫ਼ਰੀਦ ਜੀ ਦੇ ਸਲੋਕਾਂ ਦੀ ਕੁਲ ਗਿਣਤੀ 130 ਹੈ (ਸਿਰਲੇਖ 'ਸਲੋਕ ਸ਼ੇਖ ਫਰੀਦ ਦੇ' ਹੇਠਾਂ) ਪਰੰਤੂ ਇਨ੍ਹਾਂ ਵਿਚੋਂ 112 ਉਨ੍ਹਾਂ ਦੇ ਆਪਣੇ ਰਚੇ ਹਨ ਅਤੇ ਬਾਕੀ ਅਠਾਰਾਂ ਗੁਰੂ ਸਾਹਿਬਾਨ ਦੇ:

ਸ੍ਰੀ ਗੁਰੂ ਨਾਨਕ ਦੇਵ ਜੀ	4
ਸ੍ਰੀ ਗੁਰੂ ਅਮਰਦਾਸ ਜੀ	5
ਸ੍ਰੀ ਗੁਰੂ ਰਾਮਦਾਸ ਜੀ	1
ਸ੍ਰੀ ਗੁਰੂ ਅਰਜਨ ਦੇਵ ਜੀ	9

ਗੁਰੂ ਸਾਹਿਬਾਨ ਦੇ ਰਚੇ ਸਲੋਕਾਂ ਦੇ ਨਾਲ ਸ਼ਬਦ ਮ: (ਭਾਵ ਮਹਲਾ) ਲਿਖਿਆ ਹੈ। ਬਾਬਾ ਫ਼ਰੀਦ ਜੀ ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਭਗਤ ਕਬੀਰ ਜੀ ਦੇ ਸਲੋਕਾਂ ਤੋਂ ਬਾਅਦ 'ਚ ਦਰਜ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਸਮੇਂ ਵਿਚ ਇਕ ਹੋਰ ਸਾਹਿੱਤਕ ਧਾਰਾ ਭੀ ਪ੍ਰਚਲਤ ਸੀ, ਇਸ ਨੂੰ ਅਸੀਂ ਬੀਰ ਰਸ ਕਾਵਿ ਧਾਰਾ ਆਖ ਸਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਂ

SikhBookClub.com

ਅਜਿਹੀਆਂ ਵਾਰਾਂ ਵਲ ਸੰਕੇਤ ਹੈ ਜਿਨ੍ਹਾਂ ਦੀਆਂ ਧੁਨੀਆਂ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਗਾਉਣ ਦਾ ਆਦੇਸ਼ ਹੈ।

ਇਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਇਸ ਸਮੇਂ ਤਕ ਸੰਗੀਤਤਾਮਕ ਕਾਵਿ ਵੀ ਪੰਜਾਬੀ ਵਿਚ ਲਿਖਿਆ ਜਾਣ ਲੱਗ ਪਿਆ ਸੀ। ਬਾਬਾ ਫ਼ਰੀਦ ਜੀ ਦੇ ਵੀ ਦੋ ਸ਼ਬਦ ਆਸਾ ਰਾਗ ਅਤੇ ਦੋ ਸੂਹੀ ਰਾਗ ਵਿਚ ਮਿਲਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ 19 ਰਾਗਾਂ ਵਿਚ ਰਚਨਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਸਾਧ ਭਾਸ਼ਾ ਨੂੰ ਪੰਜਾਬੀ ਰੂਪ ਵਿਚ ਲਿਆਉਣ ਲਈ ਸਫਲ ਪ੍ਰਯਤਨ ਕੀਤੇ।

ਡਾ· ਬੇਦੀ ਦੇ ਕਹਿਣ ਅਨੁਸਾਰ:

> ਨਾਥ ਜੋਗੀ ਵੀ ਸਥਾਨਕ ਬੋਲੀ ਵਿਚ ਸਾਧ ਭਾਸ਼ਾ ਦੇ ਸ਼ਬਦ ਸਮੋ ਕੇ ਆਪਣੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਰਹੇ। ਇਹ ਬੋਲੀ ਆਮ ਤੌਰ 'ਤੇ ਹਿੰਦੂ ਸਾਧੂ ਸੰਤਾਂ ਦੀ ਹਰਮਨ ਪਿਆਰੀ ਸੀ। ਇਹੋ ਸਾਧ ਭਾਸ਼ਾ ਪ੍ਰਧਾਨ ਪੰਜਾਬੀ ਸ੍ਰੀ ਗੁਰੂ ਨਾਨਕ ਦੇਵ ਜੀ ਤਕ ਪੁੱਜੀ। ਸਤਿਗੁਰੂ ਨੇ ਇਕ ਕਦਮ ਹੋਰ ਅੱਗੇ ਚੁੱਕਿਆ ਅਤੇ ਉਹ ਇਹ ਕਿ ਸਾਧ ਭਾਸ਼ਾ ਦੀ ਮਾੜ੍ਹਾ ਜ਼ਰਾ ਘਟ ਕਰਕੇ, ਇਸ ਵਿਚ ਪੰਜਾਬੀ ਦੀ ਰੰਗਣ ਜ਼ਿਆਦਾ ਕਰ ਦਿੱਤੀ ਅਤੇ ਲੋੜ ਅਨੁਸਾਰ ਫਾਰਸੀ ਅਰਬੀ ਦੇ ਸ਼ਬਦ ਵੀ ਵਰਤੇ। ਇੰਜ ਇਹ ਮਿਸੀ ਸਾਧ ਭਾਸ਼ਾ ਪ੍ਰਧਾਨ ਪੰਜਾਬੀ ਹੋਰ ਵੀ ਅਧਿਕ ਸ਼ਬਦਾਵਲੀ ਹੋ ਗਈ ਤੇ ਬਾਕੀ ਗੁਰੂ ਸਾਹਿਬਾਨ ਨੇ ਇਸੇ ਬੋਲੀ ਵਿਚ ਆਪਣੇ ਸਾਹਿਤ ਦੀ ਰਚਨਾ ਕੀਤੀ, ਜੋ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ।
>
> *(ਡਾ· ਕਾਲਾ ਸਿੰਘ ਬੇਦੀ, ਭਾਸ਼ਾ ਵਿਗਿਆਨ (ਜਾਣ-ਪਛਾਣ), ਪੰਨਾ ੧੨੧)*

ਇਸ ਸਮੇਂ ਤਕ ਵਾਰਤਕ ਰਚਨਾ ਦੇ ਇਕੜ ਦੁਕੜ ਵਾਕਾਂ ਤੋਂ ਬਿਨਾਂ ਕੁਝ ਗੋਸ਼ਟੀਆਂ ਤੇ ਪਰਚੀਆਂ ਦਾ ਪਤਾ ਲੱਗਦਾ ਹੈ ਭਾਵੇਂ ਉਨ੍ਹਾਂ ਦਾ ਸਮਾਂ ਨਿਸ਼ਚਿਤ ਭਾਵ ਨੀਯਤ ਨਹੀਂ ਹੋਇਆ।

ਉਪਰੋਕਤ ਸੰਖੇਪ ਵਰਣਨ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੁਝ ਪੰਜਾਬੀ ਸਾਹਿਤ ਦੀ ਪਰੰਪਰਾ ਦਾ ਭੰਡਾਰ ਪ੍ਰਾਪਤ ਹੋਇਆ ਜਿਸ ਵਿਚ ਉਨ੍ਹਾਂ ਨੇ ਵੀ ਵਾਧਾ ਕੀਤਾ।

(5/1979)

SikhBookClub.com

ਸਵੱਈਏ ਮਹਲੇ ਤੀਜੇ ਕੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸਮੁੱਚੀ ਬਾਣੀ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਭਾਗ ਵਿਚ ਨਿੱਤਨੇਮ ਦੀਆਂ ਬਾਣੀਆਂ ਆਉਂਦੀਆਂ ਹਨ। ਇਹ ਬਾਣੀਆਂ ਛਾਪੇ ਵਾਲੀ ਬੀੜ ਦੇ ਪਹਿਲੇ ਤੇਰਾਂ ਪੰਨਿਆਂ ਤੱਕ ਦਰਜ ਹਨ। ਦੂਜੇ ਭਾਗ ਵਿਚ ਰਾਗ ਬੱਧ ਬਾਣੀ ਹੈ ਤੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੌਦਵੇਂ ਪੰਨੇ ਤੋਂ ਅਰੰਭ ਹੋ ਕੇ 1353 ਪੰਨੇ ਦੇ ਅੱਧ ਤੱਕ ਚਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੀਸਰੇ ਤੇ ਅੰਤਲੇ ਭਾਗ ਵਿਚ ਰਾਗ ਮੁਕਤ ਬਾਣੀਆਂ ਦਰਜ ਹਨ। ਇਹ ਬਾਣੀਆਂ 1353 ਪੰਨੇ ਤੋਂ ਆਰੰਭ ਹੋ ਕੇ ਅੰਤਲੇ 1430 ਪੰਨੇ ਤੱਕ ਅੰਕਿਤ ਹਨ। ਇਹਨਾਂ ਰਾਗ ਮੁਕਤ ਬਾਣੀਆਂ ਵਿਚ ਸਹਸਕ੍ਰਿਤੀ ਸਲੋਕ, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ ਜੀ ਅਤੇ ਬਾਬਾ ਫਰੀਦ ਜੀ ਦੇ ਸਲੋਕਾਂ ਤੋਂ ਉਪਰੰਤ ਸਵੱਈਏ ਸਿਰਲੇਖ ਵਾਲੀ ਬਾਣੀ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਬਾਣੀ 1385 ਪੰਨੇ ਤੋਂ ਅਰੰਭ ਹੋ ਕੇ 1409 ਪੰਨੇ ਤੱਕ ਸੰਪੂਰਨ ਹੁੰਦੀ ਹੈ। ਸਵੱਈਏ ਸਿਰਲੇਖ ਦੀ ਇਹ ਪਵਿੱਤਰ ਬਾਣੀ ਵੀ ਦੋ ਪ੍ਰਕਾਰ ਦੀ ਹੈ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤੇ ਸ੍ਰੀ ਮੁਖਵਾਕ ਸਵੱਈਏ ਹਨ, ਜਿਨ੍ਹਾਂ ਦੀ ਗਿਣਤੀ 20 ਹੈ। ਇਹਨਾਂ ਤੋਂ ਉਪਰੰਤ ਬਾਣੀਕਾਰ ਭੱਟ ਕਵੀਆਂ ਦੁਆਰਾ ਕਰਮਵਾਰ ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨਾਂ ਦੀ ਉਸਤਤਿ ਵਿਚ ਉਚਾਰਨ ਕੀਤੇ 123 ਸਵੱਈਏ ਹਨ। ਪਹਿਲੇ 20 ਸ੍ਰੀ ਮੁਖਵਾਕ ਸਵੱਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਇਹਨਾਂ ਸਵੱਈਆਂ ਦੀ ਕੁੱਲ ਗਿਣਤੀ 143 ਬਣ ਜਾਂਦੀ ਹੈ। ਅੱਜ ਅਸਾਂ ਏਥੇ ਬਾਣੀਕਾਰ ਭੱਟ ਕਵੀਆਂ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਉਚਾਰੇ ਸਵੱਈਆਂ ਬਾਰੇ ਹੀ ਵਿਚਾਰ ਕਰਨੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਉਚਾਰੇ ਇਹ 22 ਸਵੱਈਏ ਛੇ ਬਾਣੀਕਾਰ ਭੱਟ ਕਵੀਆਂ ਦੀ ਕ੍ਰਿਤ ਹਨ। ਇਹਨਾਂ ਵਿਚੋਂ ਨੌ ਸਵੱਈਏ ਭੱਟ ਕਲਸਹਾਰ ਜੀ ਦੀ ਰਚਨਾ ਹਨ। ਸਵੱਈਆਂ ਦੀ ਬਾਣੀ ਵਿਚ ਇਸ ਕਲਸਹਾਰ ਭੱਟ ਦੇ ਹੀ ਕਲਯ ਅਤੇ ਟਲਯ ਦੇ ਹੋਰ ਨਾਮ ਵੀ ਮਿਲਦੇ ਹਨ। ਇਹਨਾਂ ਸਵੱਈਆਂ ਵਿਚ ਜਾਲਪ ਭੱਟ ਦਾ ਦੂਜਾ ਨਾਮ ਜਲਯ ਲਿਖਿਆ ਮਿਲਦਾ ਹੈ। ਜਾਲਪ ਭੱਟ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਪੰਜ, ਕੀਰਤ ਭੱਟ ਨੇ ਚਾਰ ਅਤੇ ਭਿਖਾ ਭੱਟ ਨੇ ਦੋ ਸਵੱਈਏ ਉਚਾਰਨ ਕੀਤੇ ਹਨ। ਇਕ ਇਕ ਸਵੱਈਆ ਸਲਯ ਅਤੇ ਭਲਯ ਨਾਮ ਦੇ ਭੱਟਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਉਚਾਰਨ ਕੀਤਾ ਹੋਇਆ ਹੈ।

ਸਾਡੇ ਸਾਹਮਣੇ ਪਹਿਲਾ ਪ੍ਰਸ਼ਨ ਇਹ ਹੈ ਕਿ ਇਹ ਬਾਣੀਕਾਰ ਕੌਣ ਸਨ? ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਭੱਟ ਸ਼ਬਦ ਦਾ ਅਰਥ ਉਸਤਤਿ ਪੜ੍ਹਨ ਵਾਲਾ ਕਵੀ ਹੈ।

SikhBookClub.com

ਪੁਰਾਤਨ ਸਮੇਂ ਵਿਚ ਰਾਜ ਦਰਬਾਰਾਂ ਵਿਚ ਰਾਜਿਆਂ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲੇ ਕਵੀਆਂ ਨੂੰ ਭੱਟ ਕਿਹਾ ਜਾਂਦਾ ਸੀ। ਭੱਟ ਸ਼ਬਦ ਦਾ ਦੂਸਰਾ ਅਰਥ ਵੇਦ ਗਿਆਤਾ ਪੰਡਿਤ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਯੋਗਦਾਨੀ ਇਹ ਬਾਣੀਕਾਰ ਭੱਟ ਵੇਦਾਂ ਦੇ ਗਿਆਤ ਵਿਦਵਾਨ ਪੰਡਿਤ ਵੀ ਸਨ ਅਤੇ ਆਤਮਿਕ ਗਿਆਨ ਦੀ ਤੀਬਰ ਅਭਿਲਾਸ਼ਾ ਰੱਖਣ ਵਾਲੇ ਉਚ ਕੋਟੀ ਦੇ ਵਿਦਵਾਨ ਕਵੀ ਵੀ ਸਨ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮਹਾਂਕਵੀ ਸੰਤੋਖ ਸਿੰਘ ਜੀ ਨੇ ਇਹਨਾਂ ਬਾਣੀਕਾਰ ਭੱਟ ਕਵੀਆਂ ਨੂੰ ਵੇਦਾਂ ਦੇ ਅਵਤਾਰ ਕਲਪਿਆ ਹੈ। ਭੱਟ ਭਿੱਖਾ ਜੀ ਲਿਖਦੇ ਹਨ ਕਿ ਮੈਂ ਸੰਤਾਂ ਨੂੰ ਟੋਲਦਾ ਤੇ ਖੋਜਦਾ ਥੱਕ ਗਿਆ ਹਾਂ। ਕਈ ਸਾਧ ਵੀ ਮੈਂ ਵੇਖੇ ਹਨ। ਕਈ ਸੰਨਿਆਸੀ, ਤਪੱਸਵੀ ਅਤੇ ਮੂੰਹ ਵਿਚੋਂ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਵਾਲੇ ਪੰਡਿਤ ਵੀ ਮੈਂ ਵੇਖੇ ਹਨ। ਇਹਨਾਂ ਦੀ ਭਾਲ ਵਿਚ ਭਟਕਦਿਆਂ ਮੈਂ ਪੂਰਾ ਇਕ ਸਾਲ ਲਗਾ ਦਿੱਤਾ ਹੈ ਪਰ ਇਹਨਾਂ ਵਿਚੋਂ ਕਿਸੇ ਨੇ ਵੀ ਮੇਰੀ ਨਿਸ਼ਾ ਨਹੀਂ ਕੀਤੀ। ਇਹ ਸਾਰੇ ਮੂੰਹ ਵਿਚੋਂ ਹੋਰਨਾਂ ਨੂੰ ਉਪਦੇਸ਼ ਦੀਆਂ ਗੱਲਾਂ ਕਰਦੇ ਹੀ ਸੁਣੇ ਹਨ। ਇਹਨਾਂ ਵਿਚੋਂ ਕਿਸੇ ਦੀ ਨਿਜੀ ਰਹਿਤ ਵੇਖ ਕੇ ਮੇਰੇ ਮਨ ਵਿਚ ਅਨੰਦ ਨਹੀਂ ਆਇਆ। ਦੱਸੋ, ਅਜਿਹੇ ਸੰਤਾਂ ਦੇ ਗੁਣ ਮੈਂ ਕੀ ਦੱਸਾਂ ਜਿਹੜੇ ਹਰੀ ਦੇ ਨਾਮ ਨੂੰ ਛੱਡ ਕੇ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ। ਭੱਟ ਭਿੱਖਾ ਜੀ ਕਹਿੰਦੇ ਹਨ ਕਿ ਹੇ ਗੁਰੂ ਅਮਰਦਾਸ ਜੀ! ਪਿਆਰੇ ਹਰੀ ਪਰਮਾਤਮਾ ਨੇ ਮੈਨੂੰ ਤੁਹਾਡਾ ਮੇਲ ਕਰਵਾ ਦਿੱਤਾ ਹੈ। ਤੁਸੀਂ ਮੈਨੂੰ ਜਿਸ ਹਾਲਤ ਵਿਚ ਰੱਖੋਗੇ, ਮੈਂ ਉਸੇ ਹਾਲਤ ਵਿਚ ਹੀ ਰਹਾਂਗਾ। ਫੁਰਮਾਣ ਹੈ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੌ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥

(ਪੰਨਾ ੧੩੯੫-੯੬)

ਉਪਰੋਕਤ ਸਵੱਈਏ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਭੱਟ ਭਿੱਖਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਸਤਿਗੁਰਾਂ ਦੇ ਸਾਖਸ਼ਾਤ ਦਰਸ਼ਨ ਕੀਤੇ ਸਨ।

ਕਵੀ ਸੰਤੋਖ ਸਿੰਘ ਨੇ ਜਿਥੇ ਦੂਜੇ ਸੋਲ੍ਹਾਂ ਭੱਟਾਂ ਦਾ ਚਾਰ ਵੇਦਾਂ ਦੇ ਅਵਤਾਰ ਹੋਣਾ ਕਲਪਿਆ ਹੈ ਉਥੇ ਭਿੱਖਾ ਜੀ ਨੂੰ ਉਹਨਾਂ ਨੇ ਬ੍ਰਹਮਾ ਦਾ ਅਵਤਾਰ ਲਿਖਿਆ ਹੈ। ਕਵੀ ਜੀ ਅਨੁਸਾਰ ਭਿੱਖਾ ਇਹਨਾਂ ਭੱਟਾਂ ਵਿਚੋਂ ਸਭ ਤੋਂ ਸ਼੍ਰੋਮਣੀ ਭੱਟ ਸੀ। ਪਿੰਡ ਕਰਸਿੰਧੂ, ਤਹਿਸੀਲ ਜੀਂਦ ਨਿਵਾਸੀ ਭਾਈ ਸੰਤ ਸਿੰਘ ਵਾਲੀ ਭੱਟ-ਵਹੀ ਵਿਚ ਭੱਟ ਭਿੱਖਾ ਤੇ ਟੋਡਾ ਰਈਏ ਦੇ ਪੁੱਤਰ ਸਕੇ ਭਰਾ ਲਿਖੇ ਹਨ। ਰਈਆ ਭਾਗੀਰਥ ਭੱਟ ਦੇ ਬੰਸ ਵਿਚ ਨੌਵੀਂ ਪੀੜ੍ਹੀ ਤੇ ਹੋਇਆ ਸੀ। ਰਈਆ ਦੇ ਛੇ ਪੁੱਤਰਾਂ ਵਿਚੋਂ ਭਿਖਾ ਜੀ ਸਭ ਤੋਂ ਵੱਡਾ ਸੀ। ਭਾਈ ਗੁਰਦਾਸ ਜੀ ਨੇ ਆਪਣੀ ਗਿਆਰਵੀਂ ਵਾਰ ਵਿਚ ਸੁਲਤਾਨਪੁਰ ਦੇ ਸਿੱਖਾਂ ਵਿਚ ਵੀ ਭਿੱਖਾ ਅਤੇ ਟੋਡਾ ਨਾਮ ਦੇ ਦੋ ਭੱਟਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

SikhBookClub.com

ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲੁ ਤਿਸੁ ਭਾਰਾ।

(ਵਾਰ ੧੧:੨੧)

ਪੰਜਾਬ ਦੇ ਭੱਟ ਸਾਰਸੁਤ ਜਾਤੀ ਦੇ ਬ੍ਰਾਹਮਣ ਸਨ। ਇਹ ਆਪਣੀ ਉਤਪਤੀ ਕੋਸ਼ਸ਼ ਰਿਸ਼ੀ ਤੋਂ ਮੰਨਦੇ ਹਨ। ਪਹਿਲਾਂ ਇਹ ਭੱਟ ਕਰਨਾਲ ਜ਼ਿਲ੍ਹੇ ਵਿਚ ਸਰਸਵਤੀ ਨਦੀ ਦੇ ਉਰਲੇ ਕੰਢੇ ਵਸੇ ਹੋਏ ਸਨ। ਸਮਾਂ ਗੁਜ਼ਰਨ ਨਾਲ ਇਹਨਾਂ ਭੱਟਾਂ ਦੇ ਕਈ ਪਰਿਵਾਰ ਏਥੋਂ ਉਠ ਕੇ ਵੱਖ-ਵੱਖ ਥਾਵਾਂ ਉਪਰ ਵੱਸ ਗਏ। ਇਹਨਾਂ ਸਵੱਈਆਂ ਵਿਚ ਸਭ ਤੋਂ ਵੱਧ ਸਵਈਏ ਭੱਟ ਕਲਸਹਾਰ ਜੀ ਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਵੀ ਭੱਟ ਕਲਸਹਾਰ ਨੇ ਨੌਂ ਸਵਈਏ ਉਚਾਰਨ ਕੀਤੇ ਹਨ। ਭੱਟ ਕਲਸਹਾਰ ਦੇ ਇਹਨਾਂ ਸਵੱਈਆਂ ਵਿਚ ਨਾਮ ਦੀ ਮਹਿਮਾ ਦਾ ਵਰਣਨ ਹੀ ਮੁੱਖ ਵਿਸ਼ਾ ਹੈ। ਪਰਮਾਤਮਾ ਦਾ ਇਹ ਨਾਮ ਅੱਛਲ ਭਾਵ ਨਾ ਛੱਲਿਆ ਜਾਣਾ ਵਾਲਾ ਅਤੇ ਭਗਤ ਜਨਾਂ ਨੂੰ ਸੰਸਾਰ-ਸਾਗਰ ਵਿਚੋਂ ਤਾਰਨਹਾਰਾ ਹੈ। ਭੱਟ ਕਲਸਹਾਰ ਜੀ ਕਹਿੰਦਾ ਹੈ ਕਿ ਪਰਮਾਤਮਾ ਦੇ ਉਸ ਨਾਮ ਦਾ ਪ੍ਰਕਾਸ਼ ਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ-ਘਰ ਵਿਚ ਹੋਇਆ। ਫ਼ੁਰਮਾਨ ਹੈ:

ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥

(ਪੰਨਾ ੧੩੯੩)

ਇਸ ਨਾਮ ਦੀ ਸ਼ਕਤੀ ਦੁਆਰਾ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਸਾਰੇ ਸੰਸਾਰ ਵਿਚ ਫੈਲੀ। ਜਿਵੇਂ ਸੂਰਜ ਦੀ ਰੌਸ਼ਨੀ ਅਤੇ ਮੌਲਸਰੀ ਦੇ ਰੁੱਖ ਦੀ ਸੁਗੰਧੀ ਇਸ ਧਰਤੀ ਦੀਆਂ ਚੌਹਾਂ ਦਿਸ਼ਾਵਾਂ ਵੱਲ ਫੈਲ ਜਾਂਦੀ ਹੈ, ਇਸ ਤਰ੍ਹਾਂ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਦਾ ਜੱਸ ਧਰਤੀ ਉੱਤੇ ਫੈਲਿਆ। ਹਰ ਪਾਸੇ ਗੁਰੂ ਜੀ ਦੀ ਜੈ ਜੈ ਕਾਰ ਦੀਆਂ ਧੁਨਾਂ ਗੂੰਜ ਉਠੀਆਂ। ਭੱਟ ਕਲਸਹਾਰ ਜੀ ਦਾ ਫ਼ੁਰਮਾਨ ਹੈ:

ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ॥
ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈ ਕਾਰੁ ਜਪੰਥਿ ਨਰਾ॥

(ਪੰਨਾ ੧੩੯੨)

ਪਰਮਾਤਮਾ ਨੇ ਸ੍ਰੀ ਗੁਰੂ ਅਮਰਦਾਸ ਜੀ ਉਪਰ ਤਰੁੱਠ ਕੇ ਆਪਣਾ ਜੋ ਨਾਮ ਉਹਨਾਂ ਨੂੰ ਬਖ਼ਸ਼ਿਆ ਉਸ ਨਾਮ ਦਾ ਜਾਪ ਹੀ ਤੇਤੀ ਕਰੋੜ ਦੇਵੀ ਦੇਵਤੇ, ਪੁਰਾਤਨ ਸਿਧ ਸਾਧਕ, ਸੰਤ ਭਗਤ ਕਰਦੇ ਆਏ ਹਨ। ਉਸ ਨਾਮ ਨੇ ਹੀ ਇਸ ਸਮੁੱਚੇ ਬ੍ਰਹਮੰਡ ਨੂੰ ਧਾਰਨ ਕੀਤਾ ਹੋਇਆ ਹੈ, ਇਹ ਨਾਮ ਜਿਹੜਾ ਸਭ ਤੋਂ ਉੱਚਾ ਅਤੇ ਸ਼੍ਰੋਮਣੀ ਹੈ, ਇਸ ਦੇ ਸਿਮਰਨ ਦੁਆਰਾ ਹੀ ਜੀਵ ਨੂੰ ਸੰਸਾਰ ਵਿਚ ਦੁੱਖ ਸੁਖ ਸਮ ਕਰਕੇ ਸਹਿਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਭੱਟ ਕਲਸਹਾਰ ਦਾ ਫ਼ੁਰਮਾਨ ਹੈ:

ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ॥
ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ॥
ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ॥
ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ॥

(ਪੰਨਾ ੧੩੯੩)

SikhBookClub.com

ਭੱਟ ਜਾਲਪ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਅੰਦਰੋਂ ਦੁਈ ਭਾਵ ਨੂੰ ਪੂਰਨ ਤੌਰ 'ਤੇ ਮੇਟ ਕੇ ਪਹਿਲਾਂ ਰੱਬੀ-ਏਕਤਾ ਵਿਚ ਦ੍ਰਿੜ੍ਹ ਵਿਸ਼ਵਾਸ ਦਾ ਪਾਠ ਆਪ ਪੜ੍ਹਿਆ ਅਤੇ ਫਿਰ ਆਪਣੇ ਮਨ ਬਚਨ ਅਤੇ ਕਰਮਾਂ ਦੁਆਰਾ ਉਸ ਸਰਬ ਵਿਆਪੀ ਪਾਰਬ੍ਰਹਮ ਪਰਮਾਤਮਾ ਦੀ ਪੂਰਨ ਏਕਤਾ ਵਿਚ ਅਡੋਲ ਨਿਸਚੇ ਦਾ ਆਪ ਜੀ ਨੇ ਪ੍ਰਗਟਾਵਾ ਕੀਤਾ ਹੈ। ਇਸ ਇਕੋ-ਇਕ ਅਦੁੱਤੀ ਪਾਰਬ੍ਰਹਮ ਪਰਮਾਤਮਾ ਵਿਚ ਵਿਸ਼ਵਾਸ ਦੀ ਹੀ ਆਪ ਜੀ ਨੇ ਮੰਗ ਕੀਤੀ ਅਤੇ ਉਸ ਅਦੁੱਤੀ ਬ੍ਰਹਮ ਨੂੰ ਹੀ ਆਪ ਜੀ ਨੇ ਪ੍ਰਵਾਨਿਆ ਹੈ। ਫ਼ੁਰਮਾਨ ਹੈ:

ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥
ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥
ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥
ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥
ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥
ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥

(ਪੰਨਾ ੧੩੯੪)

ਭੱਟ ਜਾਲਪ ਜੀ ਦਾ ਇਹ ਸਵੱਈਆ ਇਸ ਹਕੀਕਤ ਦਾ ਦ੍ਰਿੜ੍ਹ ਪ੍ਰਮਾਣ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਰੱਬੀ-ਏਕਤਾ ਦੇ ਸਿਧਾਂਤ ਵਿਚ ਬਹੁਤ ਪੱਕਾ ਵਿਸ਼ਵਾਸ ਸੀ। ਪਾਰਬ੍ਰਹਮ ਪਰਮਾਤਮਾ ਨੇ ਆਪਣੀ ਸਰਬ ਵਿਆਪੀ ਜੋਤਿ ਦਾ ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਇਸ ਜਗਤ ਪਸਾਰੇ ਵਿਚ ਕੀਤਾ। ਗੁਰੂ ਜੀ ਨੇ ਗੁਰ-ਸ਼ਬਦ ਨੂੰ ਗ੍ਰਹਿਣ ਕਰਨ ਵਾਲੇ ਪ੍ਰਾਣੀਆਂ ਦਾ ਸਿਰਜਣਹਾਰ ਪ੍ਰਭੂ-ਪਰਮਾਤਮਾ ਨਾਲ ਤੁਰੰਤ ਹੀ ਮੇਲ ਕਰਵਾ ਦਿੱਤਾ। ਇਸ ਤਰ੍ਹਾਂ ਨਰਾਇਣ ਜੋਤਿ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਤਾ ਰਚ ਕੇ ਇਸ ਜਗਤ ਪਸਾਰੇ ਵਿਚ ਪ੍ਰਵੇਸ਼ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਦੇ ਸਰੀਰਕ ਵਜੂਦ ਵਿਚ ਪਰਮਾਤਮਾ ਨੇ ਆਪਣੀ ਜੋਤਿ ਨੂੰ ਪ੍ਰਕਾਸ਼ਿਆ। ਭੱਟ ਕੀਰਤ ਜੀ ਦਾ ਫ਼ੁਰਮਾਨ ਹੈ:

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥

(ਪੰਨਾ ੧੩੯੫)

ਭੱਟ ਭਿਖਾ ਜੀ ਵੀ ਇਹ ਗੱਲ ਕਹਿੰਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਗਿਆਨ ਅਤੇ ਧਿਆਨ ਸਰੂਪ ਹਨ, ਭਾਵ ਸੰਪੂਰਨ ਗਿਆਨਵਾਨ ਅਤੇ ਪੂਰਨ ਇਕਾਗਰ ਚਿੱਤ ਹਨ। ਆਪ ਜੀ ਦੀ ਆਤਮਾ ਹਰੀ ਵਿਚ ਲੀਨ ਹੋਣ ਕਰਕੇ ਆਪ ਹਰੀ ਰੂਪ ਹੀ ਹੋ ਗਏ ਹਨ। ਇਹਨਾਂ ਨੇ ਕਾਮ ਕ੍ਰੋਧ ਉੱਪਰ ਜਿੱਤ ਪ੍ਰਾਪਤ ਕਰਕੇ ਆਪਣੇ ਮਨ ਦੀ ਭਟਕਣ ਮੁਕਾ ਲਈ ਹੈ। ਆਪ ਨਿਰੰਕਾਰ ਦੇ ਦੇਸ਼ ਵਿਚ ਵੱਸਦੇ ਹਨ। ਅਕਾਲ ਪੁਰਖ ਦਾ ਹੁਕਮ ਪਛਾਣ ਕੇ ਆਪ ਜੀ ਨੇ ਨਿਰਮਲ ਗਿਆਨ ਦੀ ਪ੍ਰਾਪਤੀ ਕੀਤੀ ਹੈ। ਫ਼ੁਰਮਾਨ ਹੈ:

SikhBookClub.com

ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥

(ਪੰਨਾ ੧੩੯੫)

ਸਮੁੱਚੀ ਭੱਟ ਬਾਣੀ ਦਾ ਕੇਂਦਰੀ ਤੇ ਮੁੱਖ ਵਿਸ਼ਾ ਗੁਰੂ ਮਹਿਮਾ ਹੈ। ਇਹ ਸੋਚਣਾ ਸਮਝਣਾ ਕਲਪਨਾਂ ਤੇ ਵਿਚਾਰਨਾ ਉੱਕਾ ਹੀ ਨਿਰਮੂਲ ਹੈ ਕਿ ਭੱਟ ਬਾਣੀ ਵਿਚ ਅਵਤਾਰਵਾਦ ਦਾ ਸਿੱਧਾਂਤ ਪ੍ਰਚਾਰਿਆ ਹੋਇਆ ਹੈ। ਸਾਡੇ ਕੁਝ ਗੁਰਬਾਣੀ ਦੇ ਅਲਪਬੁੱਧੀ ਵਿਆਖਿਆਕਾਰ ਇਸ ਗ਼ਲਤ ਫਹਿਮੀ ਦਾ ਸ਼ਿਕਾਰ ਹਨ। ਕੇਵਲ ਅਵਤਾਰ ਸ਼ਬਦ ਦੇ ਪ੍ਰਯੋਗ ਤੋਂ ਹੀ ਇਹ ਅਨੁਮਾਨ ਲਗਾਉਣਾ ਬਹੁਤ ਵੱਡੀ ਭੁੱਲ ਹੈ ਕਿ ਇਸ ਸ਼ਬਦ ਦੇ ਪ੍ਰਯੋਗ ਦੁਆਰਾ ਭੱਟ ਬਾਣੀ ਵਿਚ ਹਿੰਦੂ ਅਵਤਾਰਵਾਦ ਦੇ ਸਿਧਾਂਤ ਨੂੰ ਪ੍ਰਵਾਨਿਆ ਗਿਆ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਇਕ ਸਾਧਾਰਨ ਮਨੁੱਖ ਦੇ ਸੰਸਾਰ ਵਿਚ ਜਨਮ ਲੈਣ ਨੂੰ ਵੀ 'ਅਵਤਰਿ ਆਇ' ਲਿਖਿਆ ਹੈ। ਜਿਹਾ ਕਿ ਆਪ ਜੀ ਦਾ ਫ਼ੁਰਮਾਨ ਹੈ:

ਅਵਤਰਿ ਆਇ ਕਹਾ ਤੁਮ ਕੀਨਾ॥
ਰਾਮ ਕੌ ਨਾਮੁ ਨ ਕਬਹੂ ਲੀਨਾ॥

(ਪੰਨਾ ੭੯੭)

ਕੀ ਏਥੇ ਵੀ ਹਿੰਦੂ ਧਰਮ ਦੇ ਅਵਤਾਰਵਾਦ ਦੇ ਸਿਧਾਂਤ ਦਾ ਹੀ ਪ੍ਰਚਾਰ ਹੈ? ਅਸੀਂ ਕਈ ਇਨਸਾਨਾਂ ਨੂੰ ਸਾਧਾਰਨ ਗੱਲ-ਬਾਤ ਵਿਚ ਕਹਿ ਦਿੰਦੇ ਹਾਂ ਕਿ ਭਾਈ! ਤੂੰ ਤਾਂ ਦੇਵਤਾ ਹੈ ਜਾਂ ਤੂੰ ਰੱਬ ਰੂਪ ਹੈਂ। ਅਜਿਹਾ ਅਸੀਂ ਉਸ ਮਨੁੱਖ ਦੇ ਦੈਵੀ ਅਤੇ ਰੱਬੀ-ਗੁਣਾਂ ਨੂੰ ਵਰਣਨ ਕਰਨ ਲਈ ਕਰਦੇ ਹਾਂ ਕਿ ਨਾ ਕਿ ਉਹ ਮਨੁੱਖ ਸੱਚ-ਮੁੱਚ ਹੀ ਕੋਈ ਦੇਵਤਾ ਜਾਂ ਰੱਬ ਹੁੰਦਾ ਹੈ। ਇਹਨਾਂ ਬਾਣੀਕਾਰ ਭੱਟ ਕਵੀਆਂ ਨੇ ਵੀ ਸਤਿਗੁਰਾਂ ਦੀ ਪਵਿੱਤਰ ਸ਼ਖ਼ਸੀਅਤ ਅੰਦਰ ਅਜੇਹੇ ਦੈਵੀ ਅਤੇ ਰੱਬੀ-ਗੁਣਾਂ ਨੂੰ ਤੱਕ ਕੇ ਹੀ ਆਪਣੀ ਸਮ੍ਰਿਤੀ ਅੰਦਰ ਸਦੀਆਂ ਤੋਂ ਸਮਾਏ ਅਵਤਾਰਾਂ ਦੀ ਮਹਿਮਾ ਨਾਲ ਗੁਰੂ ਸ਼ਖ਼ਸੀਅਤ ਦੀ ਤੁਲਨਾ ਕੀਤੀ ਹੈ। ਇਹ ਇਕ ਵਿਸ਼ੇਸ਼ ਪਿਛੋਕੜ ਨਾਲ ਜੁੜੇ ਬਾਣੀਕਾਰ ਭੱਟ ਕਵੀਆਂ ਦੀ ਭਾਸ਼ਾ ਅਤੇ ਸ਼ਬਦਾਵਲੀ ਹੈ। ਸੋ ਇਸ ਸ਼ਬਦਾਵਲੀ ਨੂੰ ਵੇਖ ਕੇ ਇਹ ਭੁਲੇਖਾ ਖਾਣ ਦੀ ਭੁੱਲ ਨਹੀਂ ਕਰਨੀ ਚਾਹੀਦੀ ਕਿ ਭੱਟ ਬਾਣੀ ਵਿਚ ਕਿਸੇ ਹਿੰਦੂ ਧਾਰਮਿਕ ਵਿਸ਼ਵਾਸ ਜਾਂ ਅਵਤਾਰਵਾਦ ਦੇ ਸਿਧਾਂਤ ਨੂੰ ਮਾਨਤਾ ਦਿੱਤੀ ਗਈ ਹੈ। ਅਜਿਹੀ ਉਪਮਾ ਸਤਿਗੁਰਾਂ ਦੀ ਆਪਣੀ ਬਾਣੀ ਵਿਚ ਵੀ ਮੌਜੂਦ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥...
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥...
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥

(ਪੰਨਾ ੨੭੩-੭੪)

ਕੀ ਏਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਵਤਾਰਵਾਦ ਦਾ ਸਿਧਾਂਤ ਪ੍ਰਚਾਰਿਆ ਹੈ?

SikhBookClub.com

ਗੁਰਬਾਣੀ ਵਿਚ ਵਰਤੇ ਰੂਪਕਾਂ, ਉਪਮਾਵਾਂ ਅਤੇ ਅਲੰਕਾਰਾਂ ਨੂੰ ਇਹਨਾਂ ਦੇ ਸਹੀ ਪਰਿਪੇਖ ਅਤੇ ਸੰਦਰਭ ਵਿਚ ਵਿਚਾਰਨ ਦੀ ਲੋੜ ਹੈ ਨਾ ਕਿ ਗ਼ਲਤ ਮਨੌਤਾਂ ਅਪਣਾ ਕੇ ਉਹਨਾਂ ਉਪਰ ਹੱਠ ਧਾਰਨ ਦੀ, ਅਕਲ ਦੇ ਦਰਵਾਜ਼ੇ ਬੰਦ ਨਹੀਂ ਕਰਨੇ ਚਾਹੀਦੇ।

ਜਾਲਪ ਭੱਟ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੇ ਮਾਰਗ ਉਪਰ ਚੱਲਣ ਵਾਲੇ ਚਰਨ, ਸਤਿਗੁਰਾਂ ਦੀ ਚਰਨ-ਛੋਹ ਪ੍ਰਾਪਤ ਕਰਨ ਵਾਲੇ ਹੱਥ, ਸਤਿਗੁਰਾਂ ਦੀ ਸਿਫ਼ਤਿ-ਸਾਲਾਹ ਕਰਨ ਵਾਲੀ ਜੀਭ, ਸਤਿਗੁਰੂ ਦਾ ਦਰਸ਼ਨ-ਪਰਸਨ ਵਾਲੇ ਨੇਤਰ, ਗੁਰੂ ਜੱਸ ਸੁਣਨ ਵਾਲੇ ਕੰਨ, ਉਹ ਹਿਰਦਾ ਜਿਸ ਹਿਰਦੇ ਵਿਚ ਸਤਿਗੁਰਾਂ ਦਾ ਨਿਵਾਸ ਹੈ ਅਤੇ ਉਹ ਸਿਰ ਜਿਹੜਾ ਸਤਿਗੁਰਾਂ ਦੇ ਸਨਮੁਖ ਝੁਕਦਾ ਹੈ। ਮਨੁੱਖਾ-ਸਰੀਰ ਦੇ ਇਹ ਸਾਰੇ ਅੰਗ ਅਜਿਹਾ ਕਰਨ ਨਾਲ ਭਲੀ ਪ੍ਰਕਾਰ ਸਕਾਰਥੇ ਹੋ ਜਾਂਦੇ ਹਨ। ਫ਼ੁਰਮਾਨ ਹੈ:

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥

(ਪੰਨਾ ੧੩੯੪)

ਆਪਣੇ ਆਤਮਿਕ ਕਲਿਆਣ ਵਾਸਤੇ ਭੱਟ ਕੀਰਤ ਜੀ ਨਾਲ ਮਿਲ ਕੇ ਸਾਨੂੰ ਵੀ ਅਜਿਹੀ ਜਾਚਨਾ ਕਰਨੀ ਚਾਹੀਦੀ ਹੈ ਜਿਸ ਜਾਚਨਾ ਦੁਆਰਾ ਅਸੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੁਭ ਦ੍ਰਿਸ਼ਟੀ ਦੇ ਪਾਤਰ ਬਣੀਏ ਅਤੇ ਜਿਸ ਅਰਦਾਸ ਦੁਆਰਾ ਸਿਰਜਣਹਾਰ ਪਰਮਾਤਮਾ ਦੇ ਨਾਮ ਦਾ ਮਿੱਠਾ ਫਲ ਸਾਡੇ ਮੂੰਹ ਵਿਚ ਪਵੇ। ਕਿਵੇਂ ਕਰੀਏ ਅਜਿਹੀ ਅਰਦਾਸ, ਭੱਟ ਕੀਰਤ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ:

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ॥
ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ॥
ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ॥
ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ॥

(ਪੰਨਾ ੧੩੯੫)

(11/1991)

SikhBookClub.com

ਮਾਰੂ ਸੋਲਹੇ: ਇਕ ਅਧਿਐਨ

'ਮਾਰੂ ਸੋਲਹੇ' ਗੁਰਬਾਣੀ ਵਿਚ ਇਕ ਵਿਸ਼ੇਸ਼ ਸਿਰਲੇਖ ਹੈ, ਜਿਸ 'ਚ ਮਾਰੂ ਰਾਗ ਅੰਦਰ ਗੁਰੂ ਸਾਹਿਬਾਨ ਨੇ ਸੋਲਹੇ ਨਾਮ ਦੀ ਬਾਣੀ ਉਚਾਰਣ ਕੀਤੀ ਹੈ। ਸੋਲਹੇ ਦਾ ਭਾਵ ਅਰਥ ਹੈ, 16 ਪਦਾਂ ਦਾ ਛੰਦ। ਇਹ ਇਕ ਮਾਤਰਿਕ ਛੰਦ ਹੈ ਜਿਸ ਵਿਚ 16 ਪਦੇ ਹੁੰਦੇ ਹਨ ਅਤੇ ਹਰੇਕ ਪਦੇ ਵਿਚ ਤਿੰਨ ਚਰਨ ਹੁੰਦੇ ਹਨ। ਪਹਿਲੇ ਦੋ ਚਰਨ ਸਮਾਨ ਅਕਾਰ 16+16=32 ਮਾਤ੍ਰਾਂ ਅਤੇ ਤੀਸਰਾ ਚਰਣ ਪਹਿਲੇ ਦੋ ਚਰਨਾਂ ਜਿੰਨਾਂ ਲੰਮਾ 16+15=31 ਜਾਂ 16+13=29 ਮਾਤ੍ਰਾ ਦਾ ਹੁੰਦਾ ਹੈ। ਇਸ ਛੰਦ ਦੀ ਚਾਲ ਮਧਮ, ਮਧੁਰ ਅਤੇ ਲੋਰੀ ਵਾਂਗ ਲੰਮੀ ਹੇਕ ਵਾਲੀ ਹੁੰਦੀ ਹੈ। ਇਸ ਸਾਹਿਤਿਕ ਵੰਨਗੀ ਦੀ ਚਾਲ ਚਿਤ੍ਰਕਲਾ ਛੰਦ ਨਾਲ ਮਿਲਦੀ ਹੈ ਜਿਸ ਦੀਆਂ 61 ਮਾਤ੍ਰਾ ਹੁੰਦੀਆਂ ਹਨ, ਪਰ ਸੋਲਹੇ ਵਿਚ 61 ਜਾਂ 63 (32+29=61,32+31=63) ਮਾਤ੍ਰਾ ਹੁੰਦੀਆਂ ਹਨ। ਇਸ ਛੰਦ ਨੂੰ *ਘਟਨਕਲਾ* ਛੰਦ ਜਾਂ *ਸ਼ੋੜਸ਼ਪਦੀ* ਵੀ ਕਹਿ ਲਿਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1020 ਤੋਂ 1043 ਉੱਪਰ *ਮਾਰੂ ਸੋਲਹੇ* ਸਿਰਲੇਖ ਹੇਠ ਪਹਿਲੇ ਪਾਤਸ਼ਾਹ ਦੇ 22, ਤੀਜੇ ਪਾਤਸ਼ਾਹ ਦੇ 24, ਚੌਥੇ ਪਾਤਸ਼ਾਹ ਦੇ 2 ਅਤੇ ਪੰਜਵੇਂ ਪਾਤਸ਼ਾਹ ਦੇ 14 ਸ਼ਬਦ ਅੰਕਿਤ ਹਨ। ਸੋਲਹਾ ਕਾਵਿ ਛੰਦ ਵਿਚ 16 ਪਦੇ ਹੁੰਦੇ ਹਨ, ਪਰ ਭਾਰਤੀ ਕਾਵਿ ਸ਼ਾਸ਼ਤਰ ਦੇ ਨੇਮ ਗੁਰਬਾਣੀ ਉੱਪਰ ਹੂ-ਬਹੂ ਲਾਗੂ ਨਹੀਂ ਹੁੰਦੇ, ਕਿਉਂਕਿ ਗੁਰਬਾਣੀ ਧੁਰੋਂ ਵਰਸੋਈ ਹੋਈ ਖਸਮ ਕੀ ਬਾਣੀ ਹੈ। ਇਸ ਲਈ ਚਾਰਾਂ ਪਾਤਸ਼ਾਹੀਆਂ ਦੁਆਰਾ ਉਚਾਰਨ ਕੀਤੇ ਕੁੱਲ 62 ਸ਼ਬਦਾਂ ਵਿਚ ਪਦਿਆਂ ਦੀ ਗਿਣਤੀ 9 ਤੋਂ 21 ਤੱਕ ਮਿਲਦੀ ਹੈ: 9 ਪਦਿਆਂ ਦਾ 1, 15 ਪਦਿਆਂ ਦੇ 9, 16 ਪਦਿਆਂ ਦੇ 45, 17 ਪਦਿਆਂ ਦੇ 6, 21 ਪਦਿਆਂ ਦਾ 1. ਇਨ੍ਹਾਂ ਪਦਿਆਂ ਅੰਦਰ *ਰਹਾਉ* ਦੀ ਕੋਈ ਤੁਕ ਨਹੀਂ ਆਉਂਦੀ।

ਡਾ. ਮਹਿੰਦਰ ਕੌਰ ਗਿੱਲ ਲਿਖਦੇ ਹਨ:

> ਸੋਲਹਾ ਦੀ ਵਸਤੂ ਸਮੱਗਰੀ ਬ੍ਰਹਿਮੰਡ ਦੀ ਉਤਪਤੀ ਤੇ ਵਿਕਾਸ ਹੈ। ਇਸ ਦੀ ਵਿਸ਼ਾਲਤਾ ਅਤਿ ਕਮਾਲ ਦੀ ਹੈ। ਗੁਰੂ ਸਾਹਿਬਾਨ ਦੀ ਸੁਰਤਿ ਜੁਗਾਂ ਨੂੰ ਚੀਰਦੀ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਨੂੰ ਗਾਂਹਦੀ ਧੁੰਧੂਕਾਰ ਤੇ ਸੁੰਨ ਤੋਂ ਕੁਦਰਤ ਦੀ ਵਿਸ਼ਾਲ ਕਾਇਨਾਤ ਨੂੰ ਉਲੀਕਦੀ ਹੈ। ਸੋਲਹਿਆਂ ਦੀ ਗਿਣਤੀ ਬਿਰਤੀ ਮਹਿਮਾ ਵਾਚਕ ਹੈ। ਵੱਖ-ਵੱਖ ਦ੍ਰਿਸ਼ਟਾਂਤਾਂ ਰਾਹੀਂ ਨਿਹਾਇਤ ਖੂਬਸੂਰਤ ਬਿੰਬਾਂ ਦੀ ਸਿਰਜਣਾ ਇਨ੍ਹਾਂ ਸੋਲਹਿਆਂ ਦਾ ਖਾਸਾ ਹੈ। ਸੋਲਹੇ ਇਕ ਪ੍ਰਗੀਤਤਕ ਲੰਬੀ ਰਚਨਾ ਹੈ। ਇਸ ਰੂਪਾਕਾਰ ਦੀ ਵੱਖਰਤਾ ਇਸ ਦੀ ਰੂਪ ਬਣਤਰ ਤੇ ਵਸਤੂ:
>
> ਸਮੱਗਰੀ ਵਿਚ ਹੈ। ਸੋਲਹਾ ਚਿੰਤਨਮਈ ਪ੍ਰਵਾਹ ਨੂੰ ਬਾਰਮ-ਬਾਰ ਸਾਹਮਣੇ ਲਿਆਉਂਦਾ

SikhBookClub.com

ਹੈ। ਬਾਣੀਕਾਰ ਬ੍ਰਹਿਮੰਡੀ ਕਲਾ ਨੂੰ ਅਕਲ-ਕਲਾ ਨਾਲ ਸਮਝਦੇ ਵਿਚਾਰਦੇ ਹਨ।[1]

ਡਾ. ਸਮਸ਼ੇਰ ਸਿੰਘ ਲਿਖਦੇ ਹਨ:

ਸੋਲਹਿਆਂ ਦਾ ਆਮ ਵਿਸ਼ਾ ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਹੈ। ਗੁਰੂ ਸਾਹਿਬਾਨ ਨੇ ਇਸ ਵਿਸ਼ੇ ਨੂੰ ਬੜੀ ਵਿਸ਼ਾਲਤਾ ਨਾਲ ਨਿਭਾਹਿਆ ਹੈ। ਗੁਰੂ ਸਾਹਿਬਾਨ ਦੀ ਕਲਪਨਾ ਜੁਗਾਂ ਦੇ ਸਮੇਂ ਨੂੰ ਚੀਰਦੀ ਹੈ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਨੂੰ ਗਾਂਹਦੀ ਹੈ ਅਤੇ ਸੁੰਨ ਤੋਂ ਧੁੰਧੂਕਾਰ ਦੀ ਉਤਪਤੀ ਦੱਸਦੀ ਹੈ। ਬ੍ਰਹਿਮੰਡ ਵਿਚਲੀ ਵਿਸ਼ਾਲ ਕੁਦਰਤ ਦੀ ਸੁੰਦਰਤਾ ਦਾ ਚਿਤਰ ਉਲੀਕਦੀ ਹੈ। ਪ੍ਰਭੂ ਦੀ ਸਰਬ ਵਿਆਪਕਤਾ ਅਤੇ ਸਭ ਜੀਵਾਂ ਨੂੰ ਉਤਪੰਨ ਕਰਕੇ ਉਨ੍ਹਾਂ ਦੀ ਮੁਕੰਮਲ ਦੇਖ-ਭਾਲ ਕਰਨ ਆਦਿ ਪੱਖਾਂ ਉੱਤੇ ਵਿਸਥਾਰ ਸਹਿਤ ਪ੍ਰਕਾਸ਼ ਪਾਉਂਦੀ ਹੈ।[2]

ਇਸ ਲੇਖ ਵਿਚ ਅਸੀਂ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਉਚਾਰਣ ਕੀਤੇ ਸੋਲਹਿਆਂ ਬਾਰੇ ਸੰਖੇਪ ਵਿਚਾਰ ਕਰਾਂਗੇ। ਵਿਸ਼ਿਆਂ ਦੀ ਗਹਿਰ ਗੰਭੀਰਤਾ ਅਤੇ ਬਾਣੀ ਦੇ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਉਕਤ ਗੁਰੂ ਸਾਹਿਬਾਨ ਦੇ ਸੋਲਹਿਆਂ ਵਿੱਚੋਂ ਕੁਝ ਵਿਸ਼ਿਆਂ ਨਾਲ ਸੰਬੰਧਿਤ ਕੁਝ ਕੁ ਪੰਗਤੀਆਂ ਨੂੰ ਹੀ ਅਧਿਐਨ ਕੇਂਦਰਿਤ ਕੀਤਾ ਗਿਆ ਹੈ।

ਡਾ. ਤਾਰਨ ਸਿੰਘ ਅਨੁਸਾਰ:

ਸ੍ਰੀ ਗੁਰੂ ਅਮਰਦਾਸ ਜੀ ਦੇ ਮਾਰੂ ਸੋਲਹਿਆਂ ਅੰਦਰ ਪ੍ਰਭੂ ਵਰਣਨ ਵਿਚ ਉਹੀ ਵਿਸ਼ਾਲਤਾ ਹੈ ਜੋ ਸ੍ਰੀ ਗੁਰੂ ਨਾਨਕ ਸਾਹਿਬ ਦੇ ਸੋਲਹਿਆਂ ਵਿਚ ਹੈ। 'ਜੁਗ ਛਤੀਹ ਕੀਓ ਗੁਬਾਰਾ॥ ਤੂ ਆਪੇ ਜਾਣਹਿ ਸਿਰਜਣਹਾਰਾ॥' ਇਤਨੇ ਵਿਸ਼ਾਲ ਬ੍ਰਹਿਮੰਡ ਵਿੱਚੋਂ 'ਕਾਇਆ ਕੰਚਨ ਸਬਦ ਵੀਚਾਰਾ॥ ਤਿਥੈ ਹਰਿ ਵਸੈ ਜਿਸਦਾ ਅੰਤਿ ਨ ਪਾਰਾਵਾਰਾ॥' ਜੋ ਮਨੁੱਖ ਹਉਮੈ ਦਾ ਨਾਸ਼ ਕਰਕੇ ਗੁਰੂ ਦੇ ਨਾਮ ਦੁਆਰਾ ਦੇਹੀ ਨੂੰ ਟੋਲਦਾ ਹੈ, ਉਸ ਨੂੰ ਸਭ ਵਥੁ ਲਭਦੀ ਹੈ। 'ਮੇਰੈ ਕਰਤੇ ਇਕ ਬਣਤ ਬਣਾਈ॥ ਇਸ ਦੇਹੀ ਵਿਚਿ ਸਭ ਵਥੁ ਪਾਈ॥ ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖ ਕੋ ਨਾਮੁ ਪਾਇਦਾ॥[3]

ਜਗਤ ਰਚਨਾ: ਜਗਤ ਰਚਨਾ ਬਾਰੇ ਮਾਰੂ ਸੋਲਹਿਆਂ ਵਿਚ ਸੰਕੇਤ ਮਿਲਦੇ ਹਨ ਕਿ ਜਗਤ ਰਚਨਾ ਪਰਮਾਤਮਾ ਨੇ ਬਿਨਾਂ ਕਿਸੇ ਉਚੇਚੇ ਯਤਨ ਦੇ ਆਪਣੇ ਹੁਕਮ ਰਾਹੀਂ ਸਾਜੀ ਹੈ। ਉਹ ਇਸ ਰਚਨਾ ਤੋਂ ਵੱਖ ਨਹੀਂ ਸਗੋਂ ਇਸ ਨੂੰ ਸਾਜ ਕੇ ਇਸਦੇ ਵਿਚ ਹੀ ਸਮਾਇਆ ਹੋਇਆ ਹੈ:

ਹੁਕਮੀ ਸਹਜੇ ਸ੍ਰਿਸਟਿ ਉਪਾਈ॥ ਕਰਿ ਕਰਿ ਵੇਖੈ ਆਪਣੀ ਵਡਿਆਈ॥
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ॥

(ਪੰਨਾ ੧੦੪੩)

ਤ੍ਰਿਸ਼ਨਾ: ਇਹ ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕ ਜਾਂਦਾ ਹੈ। ਉਹ ਗੁਰੂ ਸ਼ਬਦ ਦੁਆਰਾ ਆਤਮਿਕ ਸੂਝ ਹਾਸਿਲ ਕਰਕੇ ਇਸ ਤ੍ਰਿਸ਼ਨਾ ਤੋਂ ਨਿਜਾਤ ਪਾ ਲੈਂਦੇ ਹਨ:

ਤ੍ਰਿਸਨਾ ਅਗਨਿ ਜਲੈ ਸੰਸਾਰਾ॥ ਜਲਿ ਜਲਿ ਖਪੈ ਬਹੁਤੁ ਵਿਕਾਰਾ॥...
ਅੰਤਰਿ ਨਾਮ ਰਵਿਆ ਨਿਹਕੇਵਲੁ ਤਿਸਨਾ ਸਬਦਿ ਬੁਝਾਈ ਹੇ॥

(ਪੰਨਾ ੧੦੪੪)

SikhBookClub.com

ਏਕੇ ਦੀ ਸਰਬਵਿਆਪਕਤਾ: ਸਮੱਸਤ ਕਾਇਨਾਤ ਅੰਦਰ ਕੇਵਲ ਤੇ ਕੇਵਲ ਇਕ ਪਰਮਾਤਮਾ ਦੀ ਸਤਾ ਹੀ ਮੌਜੂਦ ਹੈ ਅਤੇ ਪਰਮਾਤਮਾ ਸਾਰੇ ਜੀਵਾਂ ਵਿਚ ਸਮਾਇਆ ਹੋਇਆ ਹੈ। ਪਰਮਾਤਮਾ ਦੀ ਇਸ ਸਰਬਵਿਆਪਕਤਾ ਦੇ ਭੇਦ ਨੂੰ ਕੇਵਲ ਗੁਰਮੁਖ ਜਨ ਹੀ ਸ਼ਬਦ ਦੀ ਕਮਾਈ ਰਾਹੀਂ ਬੁੱਝਦੇ ਹਨ:

ਏਕੋ ਏਕੁ ਵਰਤੈ ਸਭੁ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰ ਨ ਕੋਈ ਹੇ॥

(ਪੰਨਾ ੧੦੪੫)

ਅਉਗੁਣਿਆਰੀ ਤੇ ਗੁਣਵੰਤੀ: ਖੋਟੀ ਮਤ ਵਾਲੀ ਜੀਵ-ਇਸਤਰੀ ਅਉਗਣਾਂ ਨਾਲ ਭਰਪੂਰ ਵਿਕਾਰਾਂ ਵਿਚ ਮਸਤ ਰਹਿੰਦੀ ਹੈ ਅਤੇ ਫਿੱਕਾ ਬੋਲਦੀ ਹੈ। ਅਜਿਹੇ ਅਉਗਣਾਂ ਕਾਰਣ ਉਸਨੂੰ ਪਰਮਾਤਮਾ ਦਾ ਨਾਮ ਨਸੀਬ ਨਹੀਂ ਹੁੰਦਾ:

ਦੁਰਮਤਿ ਝੂਠੀ ਬੁਰੀ ਬੁਰਿਆਰਿ॥ ਅਉਗੁਣਿਆਰੀ ਅਉਗੁਣਿਆਰ॥
ਕਚੀ ਮਤਿ ਫਿਕਾ ਮੁਖ ਬੋਲੈ ਦੁਰਮਦਿ ਨਾਮੁ ਨ ਪਾਈ ਹੇ॥

(ਪੰਨਾ ੧੦੪੮)

ਇਸਦੇ ਉਲਟ ਗੁਣਾਂ ਨੂੰ ਧਾਰਨ ਕਰਨ ਵਾਲੀ ਜੀਵ ਇਸਤਰੀ ਨੂੰ ਸਦੀਵੀ ਪ੍ਰਭੂ ਮਿਲਾਪ ਬਣਿਆ ਰਹਿੰਦਾ ਹੈ:

ਗੁਣਵੰਤੀ ਸਦਾ ਪਿਰ ਰਾਵੈ। ਸਤਿਗੁਰ ਮੇਲ ਮਿਲਾਈ ਹੇ॥ *(ਪੰਨਾ ੧੦੪੮)*

ਚੌਂਕੇ ਦੀ ਸੁੱਚਮਤਾ: ਸੁੱਚ-ਭਿੱਟ ਤੇ ਭਰਮ ਵਿਚ ਫਸਿਆ ਜਾਤ ਅਭਿਮਾਨੀ ਬ੍ਰਾਹਮਣ ਵਰਗ ਚੌਂਕੇ ਅੰਦਰ ਭੋਜਨ ਤਿਆਰ ਕਰਨ ਲੱਗਿਆਂ ਇਕ ਰੇਖਾ ਖਿੱਚ ਕੇ ਸੀਮਾ ਨਿਰਧਾਰਿਤ ਕਰ ਲੈਂਦਾ ਸੀ। ਉਸ ਰੇਖਾ ਦੇ ਅੰਦਰ ਜੇਕਰ ਕੋਈ ਅਖੌਤੀ ਸ਼ੂਦਰ ਜਾਤੀ ਦਾ ਵਿਅਕਤੀ ਪ੍ਰਵੇਸ਼ ਕਰ ਜਾਂਦਾ ਹੈ ਤਾਂ ਚੌਂਕਾ ਭ੍ਰਿਸ਼ਟ ਹੋ ਗਿਆ ਸਮਝ ਕੇ ਸਾਰਾ ਭੋਜਨ ਕਾਵਾਂ-ਕੁੱਤਿਆਂ ਨੂੰ ਪਾ ਦਿੱਤਾ ਜਾਂਦਾ ਸੀ। ਸ੍ਰੀ ਗੁਰੂ ਅਮਰਦਾਸ ਜੀ ਇਸ ਪ੍ਰਸੰਗ ਦੀ ਅਧਿਆਤਮਿਕ ਅਭਿਵਿਅਕਤੀ ਕਰਦੇ ਹੋਏ ਕਹਿੰਦੇ ਹਨ ਕਿ ਉਹ ਹਿਰਦਾ ਰੂਪੀ ਚੌਂਕਾ ਸੁੱਚਾ ਹੈ ਜਿਸ ਦੀਆਂ ਪ੍ਰਭੂ ਚਰਨਾਂ ਵਿਚ ਲੱਗੀ ਹੋਈ ਲਗਨ (ਸੁਰਤ ਸ਼ਬਦ ਦਾ ਸੁਮੇਲ) ਰੂਪੀ ਲਕੀਰਾਂ ਹਨ ਜੋ ਨੀਚ ਬਿਰਤੀ ਦੇ ਮੂਲ ਵਿਸ਼ੇ-ਵਿਕਾਰਾਂ ਦੁਆਰਾ ਬਾਹਰੋਂ ਆ ਕੇ ਚੌਂਕਾ ਭਿੱਟਣ ਤੋਂ ਬਚਾਉਂਦੀਆਂ ਹਨ ਅਜਿਹੇ ਪਵਿੱਤਰ ਹਿਰਦੇ ਦੀ ਖੁਰਾਕ ਪਰਮਾਤਮਾ ਦਾ ਨਾਮ ਹੈ:

ਸਚਾ ਚਉਕਾ ਸੁਰਤਿ ਕੀ ਕਾਰਾ॥ ਹਰਿਨਾਮੁ ਭੋਜਨ ਸਚੁ ਆਧਾਰਾ॥

(ਪੰਨਾ ੧੦੪੮)

ਕਰਤਾ ਪੁਰਖ: ਗੁਰੂ ਸਾਹਿਬ ਕਰਤਾ ਪੁਰਖ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ ਕਿ ਸਮੱਸਤ ਜਗਤ ਦਾ ਕਰਤਾ ਪਰਮਾਤਮਾ ਆਪ ਹੈ, ਉਹ ਸਮੱਸਤ ਕਾਇਨਾਤ ਅੰਦਰ ਛੋਟੇ-ਵੱਡੇ ਹਰੇਕ ਕਾਰਣ ਦਾ ਕਰਣਹਾਰ ਹੈ। ਉਸਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਾਰਣ ਵੀ ਆਪ ਹੈ ਅਤੇ ਕਰਣ ਵੀ ਆਪ ਹੀ ਹੈ ਇਸੇ ਲਈ ਉਹ ਸਭ ਜੀਵਾਂ ਨੂੰ ਪੈਦਾ ਕਰਕੇ ਆਪ ਹੀ ਉਨ੍ਹਾਂ ਵਿਚ ਸਮਾਇਆ ਹੋਇਆ ਹੈ:

SikhBookClub.com

ਆਪੇ ਕਰਤਾ ਹੈ ਸਭੁ ਕਰਣਾ॥ ਜੀਅ ਜੰਤ ਸਭਿ ਤੇਰੀ ਸਰਣਾ॥
ਆਪੇ ਗੁਪਤ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੈ॥

(ਪੰਨਾ ੧੦੫੭)

ਮਨਮੁਖ: ਮਨਮੁਖ ਬਾਰੇ ਕਥਨ ਕਰਦੇ ਹਨ ਕਿ ਜਿਹੜੇ ਮਨੁੱਖ ਗੁਰੂ ਸ਼ਬਦ ਨਾਲ ਸਾਂਝ ਨਹੀਂ ਪਾਉਂਦੇ ਉਹ ਆਪਣੇ ਮਨ ਦੇ ਮਗਰ ਤੁਰਨ ਲੱਗ ਪੈਂਦੇ ਹਨ। ਗੁਰੂ ਦੇ ਦਰ ਅਦਬ ਦੀ ਕਦਰ ਤੋਂ ਸੱਖਣੇ ਅਜਿਹੇ ਮਨਮੁਖਾਂ ਨੂੰ ਪਰਮਾਤਮਾ ਦਾ ਮਿਲਾਪ ਹਾਸਿਲ ਨਹੀਂ ਹੁੰਦਾ:

ਸੇ ਮਨਮੁਖ ਜੋ ਸਬਦ ਨਾ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥
ਭੈ ਬਿਨ ਕਿਉ ਨਿਰਭਉ ਸਚੁ ਪਾਈਐ ਜਮੁ ਕਾਢੁ ਲਏਗਾ ਸਾਹਾ ਹੇ॥

(ਪੰਨਾ ੧੦੫੪)

ਅਗਿਆਨੀ: ਆਤਮਿਕ ਜੀਵਨ ਤੋਂ ਬੇਸਮਝ ਅਤੇ ਮਾਇਆ ਦੇ ਮੋਹ ਵਿਚ ਗਲਤਾਨ ਹੋਇਆ ਮਨੁੱਖ ਪਰਮਾਤਮਾ ਦਾ ਨਾਮ ਭੁਲਾ ਕੇ ਤੀਰਥ ਇਸ਼ਨਾਨ ਆਦਿਕ ਅਨੇਕਾਂ ਕਰਮ-ਕਾਂਡਾਂ ਉੱਪਰ ਜ਼ੋਰ ਦਿੰਦਾ ਹੈ। ਪਰ ਅਜਿਹਾ ਮਨੁੱਖ ਮਨਹਠ ਕਰਮਾਂ ਕਰਕੇ ਆਵਾਗਵਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ:

ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥ ਮਨ ਹਠਿ ਕਰਮ ਫਿਰ ਜੋਨੀ ਪਾਏ॥

(ਪੰਨਾ ੧੦੫੫)

ਸਤਿਗੁਰ ਅਸੁਰ ਸੰਘਾਰ ਹੈ: ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਮਨੁੱਖ ਦੇ ਅੰਦਰੋਂ ਕਾਮ ਆਦਿਕ ਦੈਤਾਂ ਦਾ ਨਾਸ਼ ਕਰਨ ਵਾਲਾ ਹੈ। ਉਹ ਆਪਣੇ ਭਗਤਾਂ ਨੂੰ ਗੁਰੂ ਉਪਦੇਸ਼ ਵਿਚ ਜੋੜ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ:

ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ॥ ਗੁਰ ਕੈ ਸਬਦਿ ਭਗਤ ਨਿਸਤਾਰਣ॥

(ਪੰਨਾ ੧੦੫੫)

ਕੁਦਰਤ ਦੀ ਵਿਭਿੰਨਤਾ: ਇਹ ਜਗਤ ਰਚਨਾ ਉਸ ਅਕਾਲ ਪੁਰਖ ਦੀ ਅਦਭੁੱਤ ਲੀਲ੍ਹਾ ਹੈ। ਇਸ ਲੀਲ੍ਹਾ ਵਿਚ ਉਸਨੇ ਕੋਈ ਜੀਵ, ਕੋਈ ਸ਼ੈਅ ਇਕ ਦੂਸਰੇ ਵਰਗੀ ਪੈਦਾ ਨਹੀਂ ਕੀਤੀ। ਸ਼ਕਲ ਕਰਕੇ, ਸੁਭਾਅ ਕਰਕੇ ਸਭ ਵੱਖੋਂ-ਵੱਖਰੇ ਹਨ। ਪਰਮਾਤਮਾ ਆਪ ਹੀ ਜੀਵਾਂ ਵਿਚ ਇਹ ਫ਼ਰਕ ਪੈਦਾ ਕਰਦਾ ਹੈ ਅਤੇ ਆਪ ਹੀ ਇਹ ਫ਼ਰਕ ਵੇਖ ਕੇ ਖੁਸ਼ ਹੁੰਦਾ ਹੈ। ਸਭ ਜੀਵਾਂ ਦੇ ਅੰਦਰ ਸਾਰੇ ਹੀ ਰਸ (ਚਸਕੇ) ਪੈਦਾ ਕੀਤੇ ਹਨ। ਉਹ ਵੀ ਕਿਸੇ ਵਿਚ ਇਕਸਾਰ ਨਹੀਂ:

ਮੇਰੇ ਪ੍ਰਭ ਸਾਚੈ ਇਕੁ ਖੇਲ ਰਚਾਇਆ॥
ਕੋਇ ਨ ਕਿਸ ਹੀ ਜੇਹਾ ਉਪਾਇਆ॥
ਆਪੇ ਫਰਕੁ ਕਰੈ ਵੇਖ ਵਿਗਸੈ ਸਭ ਰਸ ਦੇਹੀ ਮਾਹਾ ਹੇ॥

(ਪੰਨਾ ੧੦੫੬)

ਅੰਤਰਗਤ ਨਾਮ ਦੀ ਸੂਝ: ਮਨੁੱਖ ਦੇ ਸਰੀਰ ਵਿਚ ਹੀ ਬੇਅੰਤ ਪਰਮਾਤਮਾ ਦਾ ਨਾਮ ਪਦਾਰਥ ਮੌਜੂਦ ਹੈ। ਪਰ ਮਨੁੱਖ ਦੀ ਮਤ ਦੇ ਦੁਆਲੇ ਮਾਇਆ ਦੇ ਮੋਹ ਦੇ ਕਿਵਾੜ ਵੱਜੇ ਰਹਿੰਦੇ ਹਨ। ਪਰਮਾਤਮਾ ਆਪ ਹੀ ਇਨ੍ਹਾਂ ਕਿਵਾੜਾਂ ਨੂੰ ਖੋਲਣ ਦੇ ਸਮਰੱਥ ਹੈ। ਜਿਹੜਾ ਮਨੁੱਖ ਗੁਰੂ ਦੇ ਰਾਹੀਂ

SikhBookClub.com

ਆਤਮਿਕ ਅਡੋਲਤਾ ਵਿਚ ਟਿਕ ਕੇ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਾ ਹੈ। ਉਹ ਮਨੁੱਖ ਆਪਣੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਰੂਪੀ ਅੱਗ ਬੁਝਾ ਲਹਿੰਦਾ ਹੈ:

ਦੇਹੀ ਅੰਦਰਿ ਵਸਤੁ ਅਪਾਰਾ॥ ਆਪੇ ਕਪਟ ਖੁਲਾਵਣਹਾਰਾ॥
ਗੁਰਮੁਖਿ ਸਹਜੇ ਅੰਮ੍ਰਿਤ ਪੀਵੈ ਤ੍ਰਿਸਨਾ ਅਗਨ ਬੁਝਾਹਾ ਹੇ॥ *(ਪੰਨਾ ੧੦੫੬)*

ਸ੍ਰੀ ਗੁਰੂ ਅਮਰਦਾਸ ਜੀ ਦੇ (ਪੰਨਾ ੧੦੬੯-੭੧ ਤਕ ਦਰਜ) ਮਾਰੂ ਸੋਲਹਿਆਂ ਵਿਚ ਸਿਰਫ਼ ਪਰਮਾਤਮਾ ਦੀ ਗੱਲ ਹੀ ਆਈ ਹੈ। ਜਿਵੇਂ ਪਰਮਾਤਮਾ ਜੀਵਨ ਨੂੰ ਸੋਹਣਾ ਬਣਾਨ ਦੀ ਸਮਰੱਥਾ ਵਾਲਾ ਹੈ 'ਸਚਾ ਆਪਿ ਸਵਾਰਣਹਾਰਾ॥' ਉਹ ਸਭ ਜੀਵਾਂ ਦੇ ਮਨ ਵਿਚ ਵਸਦਾ ਹੈ 'ਸਭਨਾ ਸਚ ਵਸੈ ਮਨ ਮਾਹੀ॥' ਉਹ ਜਿਸ ਮਨੁੱਖ ਦੇ ਹਿਰਦੇ ਵਿਚ ਆਤਮਿਕ ਜੀਵਨ ਦੇਣ ਵਾਲਾ ਨਾਮ ਰਸ ਪੈਦਾ ਕਰਦਾ ਹੈ, ਪਰਮਾਤਮਾ ਉਸਦੀ ਸੁਰਤ (ਦਸਮ ਦੁਆਰ) ਵਿਚ ਪਰਗਟ ਹੋ ਜਾਂਦਾ ਹੈ। 'ਅੰਮ੍ਰਿਤੁ ਰਸੁ ਸਤਿਗੁਰੂ ਚੁਆਇਆ॥ ਦਸਵੈ ਦੁਆਰਿ ਪ੍ਰਗਟ ਹੋਇ ਆਇਆ॥' ਉਹ ਸਭਨਾਂ ਦੇ ਦਿਲਾਂ ਦੀ ਵੇਦਨਾ ਜਾਣਨ ਵਾਲਾ ਹੈ। ਇਸ ਲਈ ਉਸ ਤੋਂ ਕੁਰਬਾਨ ਜਾਣਾ ਚਾਹੀਦਾ ਹੈ 'ਜੋ ਜੀਆ ਕੀ ਵੇਦਨ ਜਾਣੈ॥ ਤਿਸ ਸਾਹਿਬੁ ਕੈ ਹਉ ਕੁਰਬਾਣੈ॥' ਧਾਰਮਿਕ ਗ੍ਰੰਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪਰਮਾਤਮਾ ਸ਼ਰਨ ਪਇਆਂ ਦੀ ਲਾਜ ਰੱਖਣ ਵਾਲਾ ਹੈ 'ਜੋ ਸਰਨ ਆਵੈ ਤਿਸ ਕੀ ਪਤਿ ਰਾਖੈ ਜਾਇ ਪੁਛਹੁ ਵੇਦ ਪੁਰਾਣੀ ਹੇ॥' ਪਰਮਾਤਮਾ ਅੰਤਰਜਾਮੀ ਹੈ ਉਸਦੇ ਗੁਣ ਕਥਨ ਤੋਂ ਬਾਹਰੇ ਹਨ 'ਹਉ ਕਿਆ ਗੁਣ ਤੇਰੇ ਆਖਾ ਸੁਆਮੀ॥ ਤੂ ਸਰਬ ਜੀਆ ਕਾ ਅੰਤਰਜਾਮੀ॥' ਪਰਮਾਤਮਾ ਜਿਨ੍ਹਾਂ ਮਨੁੱਖਾਂ ਦਾ ਪੱਖਦਾਰ ਬਣਦਾ ਹੈ ਉਨ੍ਹਾਂ ਦੀ ਗੱਲ ਹਰ ਜਗ੍ਹਾ ਮੰਨੀ ਜਾਂਦੀ ਹੈ, 'ਜਿਨ ਕਾ ਪਖ ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ॥'

ਨਾਮ ਦੇ ਮਿਲਣ ਨਾਲ ਗਿਆਨ ਦਾ ਪ੍ਰਗਾਸ: ਸ੍ਰੀ ਗੁਰੂ ਰਾਮਦਾਸ ਜੀ ਲਿਖਦੇ ਹਨ ਕਿ ਸਤਿਗੁਰ (ਪਰਮਾਤਮਾ) ਦਾ ਗਿਆਨ ਬਹੁਤ ਹੀ ਕੀਮਤੀ ਰਤਨ ਹੈ, ਇਸ ਗਿਆਨ ਦਾ ਸੋਮਾ ਉਸਦਾ ਨਾਮ ਹੈ ਕਿਉਂਕਿ ਨਾਮ ਵਿਚ ਹੀ ਨਾਮੀ ਦੇ ਸਾਰੇ ਗੁਣ ਸਮੋਏ ਹੋਏ ਹਨ। ਜਿਹੜਾ ਨਾਮ ਪਦਾਰਥ ਹੈ ਉਹ ਗੁਰੂ ਦੀ ਰਾਹੀਂ ਪ੍ਰਾਪਤ ਹੁੰਦਾ ਹੈ। ਜਿਸ ਜੀਵ ਨੂੰ ਗੁਰੂ ਦੀ ਰਾਹੀਂ ਨਾਮ ਦਾ ਖਜ਼ਾਨਾ ਪ੍ਰਾਪਤ ਹੋ ਜਾਂਦਾ ਹੈ ਉਸਦੇ ਹਿਰਦੇ ਰੂਪੀ ਘਰ ਅੰਦਰ ਗਿਆਨ ਰੂਪੀ ਸੂਰਜ ਦੇ ਉਦੈ ਹੋਣ ਨਾਲ ਅਗਿਆਨ ਦਾ ਹਨੇਰਾ ਖਤਮ ਹੋ ਜਾਂਦਾ ਹੈ:

ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥
ਸਤਗੁਰ ਗਿਆਨ ਰਤਨ ਅਤ ਭਾਰੀ ਕਰਮਿ ਮਿਲੈ ਸੁਖ ਪਾਈ ਰੇ॥

(ਪੰਨਾ ੧੦੬੯)

ਪਰਮਾਤਮਾ ਦੀ ਸਰਬਵਿਆਪਕਤਾ: ਅਗਮ ਅਗੋਚਰ ਪਰਮਾਤਮਾ ਸਮਸਤ ਕਾਇਨਾਤ ਅੰਦਰ ਘਟ-ਘਟ ਵਿਚ ਰਮਿਆ ਹੋਇਆ ਹੈ, ਪ੍ਰੰਤੂ ਇਸ ਏਕੇ ਦੀ ਸਰਬਵਿਆਪਕਤਾ ਦੀ ਸੋਝੀ ਗੁਰੂ ਸ਼ਬਦ ਰਾਹੀਂ ਪ੍ਰਾਪਤ ਹੁੰਦੀ ਹੈ:

ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ॥
ਸਰਬੇ ਰਵਿ ਰਹਿਆ ਸੁਖਦਾਤਾ॥ *(ਪੰਨਾ ੧੦੬੯)*

SikhBookClub.com

ਹਰਿ ਅਗਮ ਅਗੋਚਰੁ ਸਦਾ ਅਬਿਨਾਸੀ॥ ਸਰਬ ਰਵਿ ਰਹਿਆ ਘਟ ਵਾਸੀ॥

(ਪੰਨਾ ੧੦੭੦)

ਤੂੰ ਸਭ ਮਹਿ ਵਰਤਹਿ ਹਰਿ ਜਗੰਨਾਥੁ॥ *(ਪੰਨਾ ੧੦੭੧)*

ਇਹ ਸੋਝੀ ਆਪਣੇ ਜੀਵਨ ਦੀ ਸ੍ਵੈ-ਪੜਚੋਲ ਕਰਕੇ, ਆਪਣਾ ਮੂਲ ਪਛਾਣ ਕੇ ਉੱਚਾ ਆਤਮਿਕ ਦਰਜਾ ਪ੍ਰਾਪਤ ਕਰ ਲੈਣ ਨਾਲ ਹੀ ਹੁੰਦੀ ਹੈ:

ਆਤਮ ਚੀਨ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ॥

(ਪੰਨਾ ੧੦੬੯)

ਪਰਮਾਤਮਾ ਸਭ ਦਾ ਰਿਜ਼ਕ ਦਾਤਾ ਹੈ: ਗੁਰੂ ਸਾਹਿਬ ਕਹਿੰਦੇ ਹਨ ਪਰਮਾਤਮਾ ਨੇ ਜਿਤਨੇ ਵੀ ਜੀਵ ਇਸ ਜਗਤ ਅੰਦਰ ਪੈਦਾ ਕੀਤੇ ਹਨ ਉਨ੍ਹਾਂ ਦੇ ਭੋਜਨ ਦੀ ਚਿੰਤਾ ਵੀ ਉਸਨੂੰ ਆਪ ਹੈ। ਇਸ ਲਈ ਮਨੁੱਖ ਨੂੰ ਮਿੱਤਰ, ਪੁੱਤਰ, ਭਾਈ ਆਦਿ ਦੀ ਦੁਨਿਆਵੀ ਆਸ ਛੱਡ ਕੇ ਕੇਵਲ ਉਸ ਪਰਮਾਤਮਾ ਉਪਰ ਹੀ ਟੇਕ ਰੱਖਣੀ ਚਾਹੀਦੀ ਹੈ ਕਿਉਂਕਿ ਉਹ ਜਲ-ਥਲ ਵਿਚ ਰਹਿਣ ਵਾਲੇ ਸਮਸਤ ਜੀਵਾਂ ਵਿੱਚ ਇੱਥੋਂ ਤੱਕ ਕੇ ਪੱਥਰ ਦੇ ਅੰਦਰ ਬੈਠੇ ਕੀੜੇ ਦੀ ਪ੍ਰਤਿਪਾਲਣਾ ਵੀ ਉਹ ਆਪ ਭੋਜਨ ਦੇ ਕੇ ਕਰਦਾ ਹੈ:

ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰੁ ਪਥਾਣੀ ਰੇ॥
ਨਾ ਕਰਿ ਆਸ ਮੀਤ ਸੁਤ ਭਾਈ॥ ਨਾ ਕਰਿ ਆਸ ਕਿਸੇ ਸਾਰ ਬਿਉਹਾਰ ਕੀ ਪਰਾਈ॥

ਹਵਾਲੇ

1. ਮਹਿੰਦਰ ਕੌਰ ਗਿੱਲ, ਡਾ., *ਸ੍ਰੀ ਗੁਰੂ ਗ੍ਰੰਥ ਸਾਹਿਬ: ਰੂਪ-ਵਿਧਾਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 60-61.
2. ਸਮਸ਼ੇਰ ਸਿੰਘ ਡਾ., *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿਰਲੇਖ ਵਿਧਾਨ,* ਸਰਬਜਿੰਦਰ ਸਿੰਘ ਡਾ., (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ, ਵਿਸ਼ਵ ਧਰਮ ਗ੍ਰੰਥ,* ਸ੍ਰੋਤ ਗ੍ਰੰਥ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 172.
3. ਤਾਰਨ ਸਿੰਘ ਡਾ., *ਗੁਰੂ ਅਮਰਦਾਸ: ਜੀਵਨ, ਰਚਨਾ ਤੇ ਸਿਖਿਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 59.

SikhBookClub.com

'ਪਟੀ' ਬਾਣੀ ਸ੍ਰੀ ਗੁਰੂ ਅਮਰਦਾਸ ਜੀ

ਸਾਧਾਰਨ ਸ਼ਬਦਾਂ ਵਿਚ ਜਿਸ ਲੱਕੜ ਦੀ ਤਖ਼ਤੀ (ਫੱਟੀ) ਉੱਪਰ ਪੂਰਨੇ ਪਾ ਕੇ ਵਿਦਿਆਰਥੀਆਂ ਨੂੰ ਵਰਣਮਾਲਾ ਦਾ ਅਭਿਆਸ ਕਰਾਇਆ ਜਾਂਦਾ ਸੀ ਉਸ ਨੂੰ 'ਪਟੀ' ਆਖਦੇ ਸਨ। ਇਸ ਪਟੀ 'ਤੇ ਪਾਂਧਾ / ਅਧਿਆਪਕ ਪਹਿਲਾਂ ਪੂਰਨੇ ਪਾ ਦਿੰਦਾ ਤੇ ਨਵੇਂ ਸਿਖਾਂਦਰੂ ਬੱਚੇ ਉਸਦੀ ਨਕਲ ਕਰਕੇ ਅੱਖਰ ਪਾਉਂਦੇ ਸਨ। ਇਹ ਪ੍ਰਕਿਰਿਆ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ, ਪ੍ਰੰਤੂ ਸਮਾਂ ਬਦਲਣ ਨਾਲ ਹੁਣ ਲੱਕੜ ਦੀ ਤਖ਼ਤੀ (ਪਟੀ/ਫੱਟੀ) ਦੀ ਜਗ੍ਹਾਂ ਕਾਪੀਆਂ ਨੇ ਲੈ ਲਈ ਹੈ। ਅੱਜ ਵੀ ਨਵੇਂ ਸਿਖਾਂਦਰੂ ਬੱਚਿਆਂ ਨੂੰ ਕਾਪੀਆਂ ਉੱਪਰ ਪੂਰਨੇ ਪਾ ਕੇ ਇਸੇ ਤਰਤੀਬ ਨਾਲ ਮੁਹਾਰਨੀ ਸਿਖਾਈ ਜਾਂਦੀ ਹੈ। ਇਸ ਤੋਂ ਹੀ ਗੁਰਮੁਖੀ ਵਰਣਮਾਲਾ ਦਾ ਨਾਮ 'ਪਟੀ' ਪ੍ਰਚਲਿਤ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਪਟੀ' ਪਦ ਦੀ ਵਰਤੋਂ ਲਿਖਣ ਲਈ ਵਰਤੋਂ ਵਿਚ ਆਉਣ ਵਾਲੀ ਪਟੀ ਜਾਂ ਫੱਟੀ ਦੇ ਰੂਪ 'ਚ ਹੋਈ ਮਿਲਦੀ ਹੈ:

ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥
ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥

(ਪੰਨਾ ੯੬੮)

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥

(ਪੰਨਾ ੯੩੮)

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥

(ਪੰਨਾ ੧੨੯੧)

ਵੱਖ-ਵੱਖ ਕੋਸ਼ਕਾਰਾਂ ਨੇ 'ਪਟੀ' ਦੇ ਅੱਖਰੀ ਅਰਥ ਵੱਖਰੇ-ਵੱਖਰੇ ਕੀਤੇ ਹਨ। ਭਾਈ ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼' ਦੇ ਪੰਨਾ ੭੩੭ ਉੱਪਰ 'ਪਟੀ' ਨੂੰ ਤਖਤੀ, ਫੱਟੀ ਅਤੇ ਅੱਖਰ ਲਿਖਣ ਦੀ ਤਖ਼ਤੀ ਲਿਖਿਆ ਹੈ। ਆਪ ਅਨੁਸਾਰ ਇਕ ਖ਼ਾਸ ਬਾਣੀ ਜਿਸ ਵਿਚ ਵਰਣਮਾਲਾ ਦੇ ਕ੍ਰਮ-ਅਨੁਸਾਰ ਸ਼ੁਭ ਉਪਦੇਸ਼ ਹੈ। ਭਾਈ ਵੀਰ ਸਿੰਘ ਅਨੁਸਾਰ 'ਪਟੀ' ਉਸ ਫੱਟੀ ਨੂੰ ਕਹਿੰਦੇ ਹਨ, ਜਿਸ ਉਪਰ ਬੱਚੇ ਕਿਸੇ ਵੀ ਲਿਪੀ / ਵਰਣਮਾਲਾ ਦੇ ਅੱਖਰ ਮੁਹਾਰਨੀ ਨਾਵੇਂ ਆਦਿ ਵਾਰ-ਵਾਰ ਲਿਖ ਕੇ ਅੱਖਰਾਂ ਆਦਿ ਦੀ ਸੂਝ ਵਧਾਉਂਦੇ ਪੜ੍ਹਦੇ ਹਨ। 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਦੇ ਪੰਨਾ 1663 ਅਨੁਸਾਰ 'ਪਟੀ' ਲੋਕ-ਕਾਵਿ ਹੈ, ਜਿਸ ਵਿਚ ਵਰਣਮਾਲਾ ਦੇ ਅੱਖਰਾਂ ਨੂੰ ਆਧਾਰ ਬਣਾ ਕੇ ਕੋਈ ਉਪਦੇਸ਼ ਜਾਂ ਧਰਮ-ਕਰਮ ਦੀ ਗੱਲ ਸਮਝਾਈ ਗਈ ਹੁੰਦੀ ਹੈ। 'ਸਾਹਿਤ ਕੋਸ਼'

SikhBookClub.com

ਵਿਚ ਡਾ. ਰਤਨ ਸਿੰਘ ਜੱਗੀ ਨੇ 'ਪਟੀ' ਦੇ ਸ਼ਾਬਦਿਕ ਅਰਥ ਫੱਟੀ ਜਾਂ ਲਿਖਣ ਵਾਲੀ ਤਖਤੀ ਦੇ ਰੂਪ ਵਿਚ ਕੀਤੇ ਹਨ, ਪਰ ਇਸਦੇ ਨਾਲ ਹੀ 'ਸਾਹਿਤ ਕੋਸ਼' ਵਿਚ 'ਪਟੀ' ਦੇ ਅਰਥ ਕਰਦਿਆਂ ਕਿਹਾ ਹੈ ਕਿ 'ਪਟੀ' ਤੋਂ ਮੁਰਾਦ ਉਹ ਖਾਸ ਬਾਣੀ ਜਾਂ ਕਾਵਿ ਹੈ, ਜਿਸ ਵਿਚ ਵਰਣਮਾਲਾ ਦੇ ਕ੍ਰਮ ਅਨੁਸਾਰ ਸ਼ੁਭ ਉਪਦੇਸ਼ ਦਿੱਤਾ ਜਾਂਦਾ ਹੈ।

ਸੋ ਇਨ੍ਹਾਂ ਸਾਰੀਆਂ ਦਲੀਲਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਲਿਖਣ ਲਈ ਵਰਤੋਂ ਵਿਚ ਆਉਣ ਵਾਲੀ ਲੱਕੜ ਦੀ ਫੱਟੀ ਨੂੰ ਪਹਿਲਾਂ ਪਟੀ ਕਿਹਾ ਜਾਂਦਾ ਸੀ ਜਿਸ ਉੱਪਰ ਮੁਹਾਰਨੀ ਅਤੇ ਵਰਣਮਾਲਾ ਦੇ ਅੱਖਰ ਪੂਰਨੇ ਪਾ ਕੇ ਸਿਖਾਏ ਜਾਂਦੇ ਸਨ। ਵਰਣਮਾਲਾ ਲਿਖਣ ਦੀ ਇਸ ਵਿਧਾ ਤੋਂ ਹੀ ਪੰਜਾਬੀ ਸਾਹਿਤ ਵਿਚ ਗੁਰਮੁਖੀ ਵਰਣਮਾਲਾ ਦੇ ਅੱਖਰਾਂ ਨਾਲ ਲਿਖੇ ਜਾਂਦੇ ਕਾਵਿ-ਰੂਪ ਨੂੰ 'ਪਟੀ' ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਵਿਚ 'ਪਟੀ' ਇਕ ਪੁਰਾਣਾ ਕਾਵਿ-ਰੂਪ ਹੈ ਜਿਸ ਵਿਚ ਪੈਂਤੀ ਅੱਖਰਾਂ ਨੂੰ ਕ੍ਰਮ ਅਨੁਸਾਰ ਲੈ ਕੇ ਉਨ੍ਹਾਂ ਉੱਪਰ ਇਕ-ਇਕ ਪਦ ਲਿਖਿਆ ਜਾਂਦਾ ਸੀ।

ਭਾਰਤੀ ਸਾਹਿਤ ਵਿਚ ਵਰਣਮਾਲਾ ਦੁਆਰਾ ਕਾਵਿ-ਰਚਨਾ ਕਰਨ ਦਾ ਰਿਵਾਜ ਬਹੁਤ ਪੁਰਾਣਾ ਹੈ। ਪੈਂਤੀ ਅੱਖਰੀ ਜਾਂ 'ਪਟੀ' ਸੀਹਰਫ਼ੀ ਤੋਂ ਵੀ ਪੁਰਾਣਾ ਕਾਵਿ-ਰੂਪ ਹੈ। ਇਸ ਨੂੰ ਸਿੱਧਾਂ, ਨਾਥਾਂ ਨੇ 'ਚੌਂਤੀਸਾ' ਦੇ ਨਾਂ ਥੱਲੇ ਪ੍ਰਵਾਨ ਚੜ੍ਹਾਇਆ ਹੈ। 'ਪਟੀ' ਰੂਪ ਦੀ ਆਰੰਭਤਾ ਪੰਜਾਬੀ ਵਿਚ ਨਾਥ-ਜੋਗੀਆਂ ਦੀਆਂ ਰਚਨਾਵਾਂ ਨਾਲ ਹੋਈ। ਨਾਥ-ਜੋਗੀ ਆਮ ਤੌਰ 'ਤੇ ਸਾਧ-ਭਾਖਾ ਵਿਚ ਬਾਣੀ ਉਚਾਰਦੇ ਸਨ। ਇਸ ਨੂੰ ਰਲੀ-ਮਿਲੀ ਹਿੰਦੀ ਬੋਲੀ ਵੀ ਕਿਹਾ ਜਾਂਦਾ ਹੈ। ਇਨ੍ਹਾਂ ਜੋਗੀਆਂ ਨੇ ਚੌਂਤੀ ਅੱਖਰਾਂ 'ਤੇ ਅਧਾਰਿਤ ਚੌਂਤੀਸੀ ਕਵਿਤਾ ਲਿਖਣੀ ਸ਼ੁਰੂ ਕੀਤੀ। ਕਈ ਹੋਰ ਭਾਸ਼ਾਵਾਂ ਵਿਚ ਵੀ ਅਜਿਹੇ ਕਾਵਿ-ਰੂਪ ਮਿਲਦੇ ਹਨ, ਜਿਵੇਂ ਅਖਰਾਵਟ, ਚੌਂਤੀਸਾ, ਸੀ-ਹਰਫ਼ੀ (ਫ਼ਾਰਸੀ), ਕਕਹਰਾ, ਬਾਵਨ-ਅੱਖਰੀ, ਬੈਰਾਖੜੀ ਆਦਿ।

ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਸਾਹਿਬ ਜੀ ਦੁਆਰਾ ਲਿਖੀ 'ਪਟੀ' ਬਾਣੀ ਨੂੰ ਪਹਿਲੀ 'ਪਟੀ' ਰਚਨਾ ਹੋਣ ਦਾ ਮਾਣ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਪਹਿਲੀ 'ਪਟੀ' ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਕੀਤੀ ਗਈ। ਇਹ ਬਾਣੀ ਆਸਾ ਰਾਗ ਵਿਚ 35 ਛੰਦਾਂ ਵਿਚ ਉਚਾਰਨ ਕੀਤੀ ਗਈ ਹੈ। ਇਸ 'ਪਟੀ' ਬਾਣੀ ਦੇ ਸਬੰਧੀ ਪੁਰਾਤਨ ਜਨਮ ਸਾਖੀ ਵਿਚ ਦਰਜ ਹੈ ਕਿ 'ਜਬ ਬਾਬਾ ਬਰਸਾ ਸੱਤਾਂ ਕਾ ਹੋਇਆ ਤਬ ਕਾਲੂ ਕਹਿਆ, ਨਾਨਕ ਤੂੰ ਪੜ੍ਹ। ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਇਆ। ਕਾਲੂ ਕਹਿਆ, ਪਾਂਧੇ ਇਸ ਨੂੰ ਪੜ੍ਹਾਇ। ਤਬ ਪਾਂਧੇ ਪਟੀ ਲਿਖ ਦਿਤੀ, ਅੱਖਰਾਂ ਪੈਂਤੀਸ ਕੀ ਮੁਹਾਰਣੀ, ਤਬ ਗੁਰੂ ਨਾਨਕ ਲੱਗਾ ਪੜ੍ਹਨ।' ਪਾਂਧੇ ਬ੍ਰਿਜ ਲਾਲ ਨੇ ਲੰਡਿਆਂ ਦੀ 'ਪਟੀ', ਜਿਸ ਨੂੰ ਉਸ ਸਮੇਂ 'ਸਿਧੋਛਾਇਆ' ਕਹਿੰਦੇ ਸਨ, ਲਿਖ ਦਿੱਤੀ। ਦੇਵਨਾਗਰੀ ਵਰਣਮਾਲਾ ਦੀ ਮੁਹਾਰਨੀ ਦੀ ਜੋ ਪ੍ਰਚਲਿਤ ਰੀਤ ਸੀ ਅਤੇ ਜਿਸ ਤਰ੍ਹਾਂ ਪਾਂਧੇ ਲੋਕ ਆਪਣੇ ਸ਼ਾਗਿਰਦਾਂ ਨੂੰ ਮੁਹਾਰਨੀ ਗਾ ਕੇ ਪੜ੍ਹਾਉਂਦੇ ਸਨ। ਸੰਸਕ੍ਰਿਤ ਵਰਣਮਾਲਾ ਦੇ 52 ਅੱਖਰ ਹਨ, ਇਸ ਨੂੰ ਬਾਵਨ ਅੱਖਰੀ, ਫ਼ਾਰਸੀ ਵਰਣਮਾਲਾ 30 ਅੱਖਰ ਹੋਣ ਕਰਕੇ ਇਸਦੀ ਵਰਣਮਾਲਾ ਨੂੰ ਸ਼ੀਹਰਫੀ ਆਖਦੇ ਸਨ, ਗੁਰਮੁਖੀ ਵਰਣਮਾਲਾ ਦੇ 35 ਅੱਖਰ ਹੋਣ ਕਰਕੇ ਗੁਰਮੁਖੀ ਵਰਣਮਾਲਾ ਨੂੰ ਵੀ ਪੈਂਤੀ ਆਖਦੇ ਹਨ। ਇਹ ਗਿਆਨ ਸੱਚ-ਮਾਰਗ ਦਰਸਾਉਣ ਦੀ ਥਾਂ ਹਉਮੈ, ਲਾਲਚ, ਸਵਾਰਥ, ਕ੍ਰੋਧ, ਮੋਹ ਤੇ ਹੰਕਾਰ ਵਰਗੇ ਵਿਕਾਰਾਂ / ਔਗੁਣਾਂ ਵਿਚ ਜਕੜ ਕੇ ਮਨੁੱਖ ਨੂੰ ਸੱਚੇ ਮਾਰਗ ਤੋਂ ਭਟਕਾਉਂਦਾ ਹੈ। ਅਜਿਹੇ ਗਿਆਨ ਨੂੰ ਪ੍ਰਦਾਨ ਕਰਨ ਵਾਲਾ ਅਤੇ

SikhBookClub.com

ਪ੍ਰਾਪਤ ਕਰਨ ਵਾਲਾ ਦੋਵੇਂ ਹੀ ਮਾਇਆ ਦੀਆਂ ਫਾਹੀਆਂ ਵਿਚ ਫਸੇ ਦੁਨਿਆਵੀ ਹਿਸਾਬ-ਕਿਤਾਬ ਵਿਚ ਹੀ ਪਏ ਰਹਿੰਦੇ ਹਨ:

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥

(ਪੰਨਾ ੪੩੪)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੂਸਰੀ 'ਪਟੀ' ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚੀ ਹੈ ਜੋ ਰਾਗ ਆਸਾ ਵਿਚ ਅੰਕ ੪੩੪-੩੫ ਉੱਪਰ ਦਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ 'ਪਟੀ' ਦੀ ਤਰ੍ਹਾਂ ਇਹ ਬਾਣੀ ਵੀ ਗੁਰਮੁਖੀ ਵਰਣਮਾਲਾ ਦੇ ਚੋਣਵੇਂ ਅੱਖਰਾਂ ਦੇ ਪ੍ਰਥਾਇ ਉਚਾਰਨ ਕੀਤੀ ਗਈ ਹੈ। ਦੋਵਾਂ ਗੁਰੂ ਸਾਹਿਬਾਨ ਦੁਆਰਾ ਉਚਾਰਨ ਕੀਤੀਆਂ ਬਾਣੀਆਂ (ਪਟੀਆਂ) ਦਾ ਅੱਖਰ ਕ੍ਰਮ ਇਕ ਸਮਾਨ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਿਖੀ 'ਪਟੀ' ਵਿਚ ਕੁਝ ਭਿੰਨ ਕ੍ਰਮ ਨਾਲ ਵਰਤਮਾਨ ਗੁਰਮੁਖੀ ਲਿਪੀ ਦੇ 35 ਅੱਖਰਾਂ ਅਤੇ ਉਨ੍ਹਾਂ ਦੇ ਉਚਾਰਣ ਦਾ ਸਰੂਪ ਮਿਲਦਾ ਹੈ। ਗੁਰਮੁਖੀ ਵਰਣਮਾਲਾ ਦੇ ਪੈਂਤੀ ਅੱਖਰੀ ਦੇ ਅਧਾਰਿਤ ਪ੍ਰਥਮ 'ਪਟੀ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤੀ। ਇਸ ਕਾਵਿ-ਰੂਪ ਦੀ ਬਾਣੀ ਦੀ ਇਹ ਵੀ ਇਕ ਵਿਸ਼ੇਸ਼ਤਾ ਹੈ ਕਿ ਇਸ ਵਿਚਲੇ ਹਰ ਇਕ ਬੰਦ ਵਿਚ ਗੁਰਮੁਖੀ ਲਿੱਪੀ ਦੇ ਇਕ-ਇਕ ਅੱਖਰ ਨੂੰ ਆਧਾਰ ਬਣਾ ਕੇ ਸ਼ੁਭ ਕਰਮਾਂ ਦਾ ਉਪਦੇਸ਼ ਦਿੰਦਿਆਂ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿਚਲੇ ਅੱਖਰਾਂ ਦਾ ਉਚਾਰਨ ਵੀ ਅਜੋਕੀ ਗੁਰਮੁਖੀ ਵਾਲਾ ਹੀ ਹੈ, ਜਿਵੇਂ ਬਬਾ (ਬ), ਜਜਾ (ਜ), ਸਸਾ (ਸ), ਕਕਾ (ਕ), ਪਪਾ (ਪ), ਤਤਾ (ਤ), ਭਭਾ (ਭ) ਆਦਿ।

ਗੁਰੂ ਸਾਹਿਬਾਨ ਦੁਆਰਾ ਲਿਖੀਆਂ ਦੋਵੇਂ ਪਟੀਆਂ ਦਾ ਮਜ਼ਮੂਨ ਇਕ ਹੈ, ਦੋਵਾਂ ਬਾਣੀਆਂ ਦੀ ਅਰੰਭਤਾ ਅਕਾਲ ਪੁਰਖ ਦੀ ਉਸਤਤ ਦੇ ਨਾਲ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਪਟੀ ਦੀ ਆਰੰਭਤਾ 'ਸਸੇ' ਅੱਖਰ ਨਾਲ ਹੁੰਦੀ ਹੈ। ਸ੍ਰੀ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ 'ਸਸਾ' ਉਹੀ ਹੈ ਜਿਸ ਨੇ ਇਸ ਸ੍ਰਿਸ਼ਟੀ ਜਾਂ ਜਗਤ ਦੀ ਰਚਨਾ ਕੀਤੀ ਹੈ, ਉਹ ਕੇਵਲ ਇਕ ਹੈ। ਜੋ ਆਪਣੇ ਮਨ ਨਾਲ ਉਸਦੀ ਸੇਵਾ ਤੇ ਸਿਮਰਨ ਕਰਦੇ ਹਨ ਉਨ੍ਹਾਂ ਦਾ ਇਸ ਜਗਤ 'ਤੇ ਆਉਣਾ ਸਫਲ ਹੈ:

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲ ਭਇਆ॥

(ਪੰਨਾ ੪੩੨)

ਸ੍ਰੀ ਗੁਰੂ ਅਮਰਦਾਸ ਜੀ ਵੀ 'ਪਟੀ' ਬਾਣੀ ਦੀ ਅਰੰਭਤਾ ਕਰਤਾ ਪੁਰਖ ਦੀ ਸਿਫ਼ਤ ਨਾਲ ਕਰਦੇ ਹਨ। ਗੁਰੂ ਸਾਹਿਬ ਨੇ 'ਪਟੀ' ਬਾਣੀ ਦੀ ਅਰੰਭਤਾ 'ਆਇੜਾ' (ਅ) ਅੱਖਰ ਨਾਲ ਕੀਤੀ ਹੈ:

ਅਜੋ ਅੰਛੈ ਸਭੁ ਜਗੁ ਆਇਆ ਕਾਖੈ ਘੰਛੈ ਕਾਲੁ ਭਇਆ॥

(ਪੰਨਾ ੪੩੪)

ਸ੍ਰੀ ਗੁਰੂ ਅਮਰਦਾਸ ਜੀ ਨੇ ਰਾਗ ਆਸਾ ਵਿਚ 18 ਪਉੜੀਆਂ ਵਿਚ ਉਚਾਰਣ ਕੀਤੀ

SikhBookClub.com

'ਪਟੀ ਬਾਣੀ' ਵਿਚ ਅੱਖਰਾਂ ਦੁਆਰਾ ਪਾਂਧੇ ਪ੍ਰਤਿ ਉਪਦੇਸ਼ ਕੀਤਾ ਹੈ ਤੇ ਇਸ ਬਾਣੀ ਦੁਆਰਾ ਪਾਂਧੇ ਦੇ ਅਡੰਬਰੀ ਜੀਵਨ ਵਿਵਹਾਰ ਉੱਤੇ ਵੀ ਕਰਾਰੀਆਂ ਚੋਟਾਂ ਕੀਤੀਆਂ ਹਨ। ਉਸ ਵੱਲੋਂ ਦਾਨ ਪ੍ਰਾਪਤ ਕਰਨ ਲਈ ਜੋ ਦੰਭਪੂਰਨ ਤਰੀਕੇ ਅਪਣਾਏ ਜਾ ਰਹੇ ਸਨ ਉਨ੍ਹਾਂ ਪ੍ਰਤੀ ਗੁਰੂ ਸਾਹਿਬ ਨੇ ਅੱਖਰ 'ਸ' ਰਾਹੀਂ ਉਪਦੇਸ਼ ਦਿੱਤਾ ਹੈ ਕਿ:

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥

(ਪੰਨਾ ੪੩੫)

ਪੁਰਾਣੇ ਸਮੇਂ ਦੇਵਨਾਗਰੀ ਵਰਣਮਾਲਾ ਦੀ ਮੁਹਾਰਨੀ ਸਿਖਾਉਣ ਦੀ ਪ੍ਰਚਲਿਤ ਰੀਤੀ ਸੀ ਕਿ ਪਾਂਧੇ ਲੋਕ ਆਪਣੇ ਸ਼ਾਗਿਰਦਾਂ ਨੂੰ ਮੁਹਾਰਨੀ ਗਾ ਕੇ ਪੜ੍ਹਾਉਂਦੇ ਸਨ। ਇਸ ਬਾਣੀ ਵਿਚ ਵੀ ਉਸੇ ਵਿਧੀ ਅਨੁਸਾਰ ਦੋ-ਦੋ, ਤਿੰਨ-ਤਿੰਨ ਅੱਖਰ ਹਰ ਇਕ ਪਉੜੀ ਵਿਚ ਲਏ ਹਨ। ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਦਰਸਾਈ ਮੁਹਾਰਨੀ ਦੇ ਅੱਖਰਾਂ ਦਾ ਅਰਥ ਭਾਵ ਇਸ ਪ੍ਰਕਾਰ ਹੈ:

ਅਯੋ ਅੰਙੈ=ਅ+ਈ+ਉ+ਓ+ਅਈਓ=ਅਯੋ
ਅੰ+ਆਂ=ਅੰਙੈ
ਕਾਖੇ ਘੰਙੈ=ਕਾ+ਖਾ=ਘੰ=ਙੈ

ਇਸ ਵਿਚ ਸਵਰ ਆ, ਇ, ਉ, ਤਿੰਨ ਹਨ। ਮੁਹਾਰਨੀ ਦੀ ਮਰਯਾਦਾ ਵੀ ਅ-ਆ, ਇ-ਈ, ਉ-ਊ ਤੋਂ ਚੱਲਦੀ ਹੈ, ਭਾਵ ਈਸ਼ਵਰ ਤੋਂ ਸਭ ਜਗ ਆਇਆ ਹੈ। ਪਾਂਧੇ ਇਹ ਅੱਖਰ 'ਪਟੀ' ਦੇ ਪਹਿਲੇ ਮੰਗਲ ਰੂਪ ਲਿਖਦੇ ਹੁੰਦੇ ਸਨ ਤੇ ਅੱਗੋਂ ਮੁਹਾਰਨੀ ਦੇ ਅੱਖਰ ਲਿਖਣੇ ਸ਼ੁਰੂ ਕਰਦੇ ਹੁੰਦੇ ਸਨ। 'ਪਟੀ' ਦੀ ਆਰੰਭਤਾ ਵਿਚ ਸਿਧੰਙਾਇਐ ਅੱਖਰ ਪਾਂਧੇ ਪਹਿਲੇ 'ਮੰਗਲ ਰੂਪ' ਲਿਖਦੇ ਹੁੰਦੇ ਸਨ। ਓਅੰ ਸਿਧੰਙਾਯ- ਇਹ ਅੱਖਰ ਪਾਂਧੇ ਦੇ ਪਹਿਲੇ ਮੰਗਲ ਦੇ ਰੂਪ ਵਿਚ ਲਿਖੇ ਜਾਂਦੇ ਸਨ। ਸਿਧੰਙਾਇਅੰ ਦਾ ਅਰਥ ਹੈ ਤੈਨੂੰ ਇਸ ਵਿਚ ਸਿੱਧੀ ਪ੍ਰਾਪਤ ਹੋਵੇ ਭਾਵ ਸਫਲਤਾ ਪ੍ਰਾਪਤ ਹੋਵੇ। ਦੁਨਿਆਵੀਂ ਝਮੇਲਿਆਂ (ਲੇਖੇ ਪੱਤਰੇ) ਤੋਂ ਬਚਣ ਲਈ ਗੁਰੂ ਜੀ ਪਾਂਧੇ ਨੂੰ ਸੱਚੇ ਸਤਿਗੁਰੂ ਦੀ ਸ਼ਰਣ ਪੈਣ ਦਾ ਉਪਦੇਸ਼ ਦਿੰਦੇ ਹਨ ਕਿ ਹੇ ਮਨ! ਅਜਿਹਾ ਲੇਖਾ ਪੜ੍ਹਨ ਦਾ ਤੈਨੂੰ ਕੋਈ ਲਾਭ ਨਹੀਂ ਹੋ ਸਕਦਾ, ਜਿਸ ਵਿਚ ਰੁੱਝ ਕੇ ਤੂੰ ਸਹੀ ਰਸਤਾ ਨਹੀਂ ਸਿੱਖਿਆ, ਹਮੇਸ਼ਾ ਕੁਰਾਹੇ ਪਿਆ ਰਿਹਾ ਤੇ ਆਪਣੇ ਕੀਤੇ ਅਮਲਾਂ ਦਾ ਹਿਸਾਬ ਦੇਣਾ ਤੇਰੇ ਸਿਰ ਉੱਤੇ ਹੀ ਟਿਕਿਆ ਰਿਹਾ:

ਮਨ ਐਸਾ ਲੇਖਾ ਤੂੰ ਕੀ ਪੜਿਆ॥
ਲੇਖਾ ਦੇਣਾ ਤੇਰੈ ਸਿਰਿ ਰਹਿਆ॥

(ਪੰਨਾ ੪੩੪)

ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਪਟੀ' ਦਾ ਕ੍ਰਮ ਅਯੋ ਅੰਙੈ, ਕਾ, ਖੈ, ਘੰਙਤ, ਚੀ ਚੀ, ਲੀ ਲੀ, ਸਿਧੰਙਾਇਆ, ਨਨੇ ਛਛੈ, ਬਬੈ, ਜਚੈ, ਸਸੈ ਮਮੈ, ਕਕੈ, ਤਤੈ, ਥਥੈ, ਦਦੈ, ਪਪੈ, ਭਭੈ, ਵਵੈ, ਝਝੈ ਧਧੈ, ਗਗੈ, ਹਾਹੈ, ਗਗੈ ਦਿੱਤਾ ਗਿਆ ਹੈ। ਇਸ ਰਚਨਾ ਦਾ ਆਰੰਭ ਮੰਗਲਾਚਰਣ ਤੋਂ ਹੁੰਦਾ ਹੈ। ੧ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਮਹਲਾ ੩ 'ਪਟੀ' ਲਿਖੀ। ਇਸ ਬਾਣੀ ਦਾ ਅੱਖਰ ਕ੍ਰਮ ਇਸ ਪ੍ਰਕਾਰ ਹੈ:

SikhBookClub.com

ਅ, ਮ, ਸ, ਛ, ਬ, ਜ, ਏ, ਕ, ਤ,
ਘ, ਪ, ਭ, ਵ, ਝ, ਧ, ਗ, ਹ, ਰ।

ਇਹ ਆਖਣਾ ਬਹੁਤ ਮੁਸ਼ਕਿਲ ਹੈ ਕਿ ਇਸ ਬਾਣੀ ਦੇ ਅੱਖਰਾਂ ਦੀ ਗਿਣਤੀ ਅਤੇ ਵਿਉਂਤ ਕਿਹੜੀ ਲਿੱਪੀ ਅਨੁਸਾਰ ਹੈ। ਡਾ. ਪ੍ਰੀਤਮ ਸਿੰਘ ਨੇ 'ਪੰਜਾਬੀ ਬੋਲੀ ਅਤੇ ਲਿਪੀ' ਬਾਰੇ ਲਿਖੇ ਆਪਣੇ ਲੇਖ ਵਿਚ ਵੀ ਸੰਕੇਤ ਕੀਤਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਲਿਖੀ ਬਾਣੀ 'ਪਟੀ' ਵਿਚ ਆਏ ਸ਼ਬਦ "ਸਿਧੰਛਾਇਐ" ਦਾ ਇਸ਼ਾਰਾ 'ਸਿੱਧ ਮਾਤ੍ਰਿਕਾ" ਲਿੱਪੀ ਵੱਲ ਜਾਪਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਪੰਜਾਬ ਵਿਚ ਸਿੱਧ ਮਾਤ੍ਰਿਕਾ ਨਾਮੀ ਲਿੱਪੀ ਪ੍ਰਚਲਿੱਤ ਸੀ। ਪੰਜਾਬ ਦੇ ਪਹਾੜੀ ਇਲਾਕਿਆਂ ਵਿਚ ਸ਼ਾਰਦਾ ਅਤੇ ਮੈਦਾਨੀ ਇਲਾਕਿਆਂ ਵਿਚ ਲੰਡੇ ਆਮ ਪੜ੍ਹੇ-ਲਿਖੇ ਜਾਂਦੇ ਸਨ। ਵਪਾਰੀ ਲੋਕ ਲੰਡੇ ਵਰਤਦੇ ਰਹੇ ਹਨ। ਇਸ ਵਿਚ ਲਗਾਂ ਮਾਤਰਾਂ ਦੀ ਵਰਤੋਂ ਨਹੀਂ ਹੁੰਦੀ। ਕੇਵਲ ਸਵਰ ਅਤੇ ਵਿਅੰਜਨ ਹੀ ਹੁੰਦੇ ਹਨ। ਇਸ ਬਾਣੀ ਵਿਚ ਚਾਰ ਧੁਨੀਆਂ ਰਿ, ਰੀ, ਲਿ, ਲੀ ਦੀ ਵਰਤੋਂ ਵੀ ਕੀਤੀ ਗਈ ਹੈ।

ਸ੍ਰੀ ਗੁਰੂ ਅਮਰਦਾਸ ਜੀ ਰਚਿਤ 'ਪਟੀ ਬਾਣੀ' ਦੇ ਅੱਖਰਾਂ ਦੀ ਤਰਤੀਬ ਗੁਰਮੁਖੀ, ਲੰਡੇ, ਟਾਕਰੀ, ਦੇਵਨਾਗਰੀ ਆਦਿਕ ਨਾਲੋਂ ਭਿੰਨ ਪ੍ਰਕਾਰ ਦੀ ਹੈ। ਸੋ ਇਹ ਵੀ ਹੋ ਸਕਦਾ ਹੈ ਕਿ ਗੁਰਦੇਵ ਨੇ ਕਿਸੇ ਵਿਸ਼ੇਸ਼ ਲਿੱਪੀ ਵਿੱਚੋਂ ਕੇਵਲ 'ਭੁਲਾਵੇਂ ਅੱਖਰ' ਲੈ ਕੇ ਬਾਣੀ ਦੀ ਰਚਨਾ ਕੀਤੀ ਹੋਵੇ। ਇਸ ਬਾਣੀ ਦੀ ਰਚਨਾ ਦਾ ਉਦੇਸ਼ ਅਮਲਹੀਣ ਇਲਮ ਦੀ ਛੱਟ ਚੁੱਕਣ ਵਾਲੇ ਫਾਜ਼ਲਾਂ ਤੇ ਪੰਡਿਤਾਂ ਨੂੰ ਉਨ੍ਹਾਂ ਦੇ ਉਲਾਰ ਜੀਵਨ ਢੱਬ ਦੇ ਵਿਰੁੱਧ ਚੇਤੰਨ ਕਰਨਾ ਹੈ:

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥

(ਪੰਨਾ ੪੩੪)

ਇਨ੍ਹਾਂ ਅੱਖਰਾਂ ਦੀ ਅਧਿਆਤਮਿਕ ਵਿਆਖਿਆ ਰਾਹੀਂ ਗੁਰੂ ਜੀ ਨੇ ਪੰਡਿਤਾਂ ਨੂੰ ਵਿਅਰਥ ਦੀਆਂ ਸ਼ਾਬਦਿਕ ਕਲਾਬਾਜੀਆਂ ਵਿਚ ਨਾ ਪੈ ਕੇ ਪਰਮਾਤਮਾ ਦੀ ਸੱਚੀ ਭਗਤੀ ਕਰਨ ਦੀ ਪ੍ਰੇਰਣਾ ਦਿੱਤੀ ਹੈ, ਕਿਉਂਕਿ ਹਰ ਪ੍ਰਕਾਰ ਦੀਆਂ ਲਿਖਤਾਂ ਵਿਅਰਥ ਹਨ। ਉਨ੍ਹਾਂ ਰਾਹੀਂ ਮਸਤਕ ਉੱਤੇ ਲਿਖਿਆ ਲੇਖ ਮਿਟ ਨਹੀਂ ਸਕਦਾ। ਦੁਨਿਆਵੀ ਲੇਖਾ ਜਾਂ ਲਿਖਣ ਵਿਧੀ ਦਾ ਪੜ੍ਹਨਾ ਵਿਅਰਥ ਦਸ ਕੇ ਜਗਿਆਸੂ ਨੂੰ ਤਾਕੀਦ ਕੀਤੀ ਗਈ ਹੈ ਕਿ ਵਾਸਤਵਿਕ ਲੇਖਾ ਦੇਣਾ ਤਾਂ ਤੇਰੇ ਸਿਰ ਬਾਕੀ ਹੈ। ਬਾਣੀ ਦੇ ਮੁੱਢ ਤੋਂ ਅੰਤ ਤੱਕ ਗੱਲ ਲੇਖਾ ਮੁਕਾਉਣ ਦੀ ਕੀਤੀ ਗਈ ਹੈ। ਬੜੇ ਸਪੱਸ਼ਟ ਸ਼ਬਦਾਂ ਵਿਚ ਗੁਰੂ ਜੀ ਰਹਾਉ ਦੇ ਬੰਦ ਵਿਚ ਫੁਰਮਾਣ ਕਰਦੇ ਹਨ:

ਮਨ ਐਸਾ ਲੇਖਾ ਤੂੰ ਕੀ ਪੜਿਆ॥ ਲੇਖਾ ਦੇਣਾ ਤੇਰੈ ਸਿਰਿ ਰਹਿਆ॥...
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ॥

(ਪੰਨਾ ੪੩੪)

'ਪਟੀ ਮਹਲਾ ੩' ਦੀ ਵਿਲੱਖਣਤਾ ਇਹ ਹੈ ਕਿ 'ਪਟੀ' ਨੂੰ ਮਾਧਿਅਮ ਬਣਾ ਕੇ ਗੁਰੂ ਅਮਰਦਾਸ ਜੀ ਪਾਂਧੇ ਨੂੰ ਸੱਚਾ ਗਿਆਨ ਦਿੰਦੇ ਹਨ। ਕੇਵਲ ਸੱਚਾ ਗਿਆਨ ਹੀ ਆਤਮਿਕ ਜੀਵਨ ਵਾਲੇ ਰਸਤੇ 'ਤੇ ਪਾਉਣ ਵਾਲਾ ਹੈ। ਇੱਥੇ ਵਰਣਮਾਲਾ ਦੇ ਅੱਖਰਾਂ ਰਾਹੀਂ ਮਨ ਨੂੰ ਉਪਦੇਸ਼ ਦਿੱਤਾ

SikhBookClub.com

ਹੈ। ਗੁਰੂ ਸਾਹਿਬ 'ਪਟੀ ਬਾਣੀ' ਵਿਚਲੀ ਸਤਵੀਂ ਪਉੜੀ ਵਿਚ ਸਮਝਾਉਂਦੇ ਹਨ ਕਿ ਮਨੁੱਖ ਅਤੇ ਪਰਮਾਤਮਾ ਵਿਚਾਲੇ ਮਾਇਆ ਨੇ ਵਖਰੇਵਾਂ ਪਾਇਆ ਹੋਇਆ ਹੈ। ਮਾਇਆ ਜੀਵ ਨੂੰ ਆਪਣੇ ਮੂਲ ਨਾਲੋਂ ਤੋੜ ਕੇ ਉਸ ਪ੍ਰਭੂ ਦੀ ਯਾਦ ਭੁਲਾ ਦਿੰਦੀ ਹੈ ਤੇ ਮਨੁੱਖ ਦੇ ਮਨ ਅੰਦਰ ਪ੍ਰਭੂ-ਪਰਮਾਤਮਾ ਦੇ ਨਾਮ ਦੀ ਥਾਂ ਕੁਟੰਭ ਦਾ ਪ੍ਰੇਮ ਪੈਦਾ ਕਰ ਦਿੰਦੀ ਹੈ। ਮਾਇਆ ਤੇ ਮਮਤਾ ਵਿਚ ਪੈ ਕੇ ਮਨੁੱਖ ਦੀ ਮਤ ਮਾਰੀ ਜਾਂਦੀ ਹੈ ਤੇ ਹਉਮੈ ਰੂਪੀ ਵੱਡਾ ਰੋਗ ਉਸ ਨੂੰ ਗ੍ਰਸ ਲੈਂਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਹੇ ਮੂਰਖ! ਤੇਰੇ ਅੰਦਰ ਤਾਂ ਪਰਮਾਤਮਾ ਦਾ ਵਾਸਾ ਸੀ ਪਰ ਤੂੰ ਆਪਣੇ ਅੰਦਰ ਇਕ ਝਾਤ ਵੀ ਨਹੀਂ ਮਾਰ ਸਕਿਆ, ਕਿਉਂਕਿ ਤੂੰ ਤਾਂ ਮਾਇਆ ਦਾ ਮੁਹਤਾਜ ਹੋ ਕੇ ਹੀ ਰਹਿ ਗਿਆ। ਮਮੇ ਅੱਖਰ ਦੁਆਰਾ ਗੁਰੂ ਸਾਹਿਬ ਸਮਝਾਉਂਦੇ ਹਨ:

ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥

(ਪੰਨੇ ੪੩੫)

ਇਸ ਬਾਣੀ ਵਿਚ ਗੁਰੂ ਸਾਹਿਬ ਜੀ ਪੰਡਤ ਨੂੰ ਸੰਬੋਧਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਜੇਕਰ ਤੂੰ ਮਨ-ਮੁੱਖਤਾ ਨਹੀਂ ਤਿਆਗ ਸਕਿਆ ਤਾਂ ਤੂੰ ਕਾਹਦਾ ਗਿਆਨੀ ਹੈਂ। ਤੇਰੇ ਨਾਲੋਂ ਤਾਂ ਮੂਰਖ ਅਨਪੜ੍ਹ ਹੀ ਚੰਗਾ ਹੈ। ਵਿਦਵਾਨ ਹੋ ਕੇ ਵੀ ਜੇ ਪੰਜ ਵਿਕਾਰਾਂ ਉੱਪਰ ਕਾਬੂ ਨਹੀਂ ਪਾ ਸਕਿਆ ਤੇ ਤੇਰੇ ਮਨ ਅੰਦਰੋਂ ਤਾਂ ਦਵੈਸ਼ ਭਾਵ ਦਾ ਹੀ ਨਾਸ਼ ਨਹੀਂ ਹੋਇਆ, ਫਿਰ ਦੱਸ ਕਿ ਤੂੰ ਪੰਡਤ ਅਖਵਾਉਣ ਦਾ ਹੱਕ ਕਿਵੇਂ ਰੱਖਦਾ ਹੈਂ:

ਮਨਮੁਖ ਪੜਹਿ ਪੰਡਿਤ ਕਹਾਵਹਿ॥ ਦੂਜੈ ਭਾਇ ਮਹਾ ਦੁਖੁ ਪਾਵਹਿ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ॥

(ਪੰਨਾ ੧੨੯)

ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਤੁਕ ਵਿਚ ਕਈ-ਕਈ ਅੱਖਰਾਂ ਦਾ ਵਿਵਰਣ ਦਿੱਤਾ ਹੈ, 'ਪਟੀ' ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰਮੁਖੀ ਲਿਪੀ ਅੱਖਰ ਗੁਰੂ ਨਾਨਕ ਦੇਵ ਜੀ ਨੇ ਰਚੇ, ਕਿਉਂਕਿ ਅੱਖਰ 'ੜ' ਆਪ ਜੀ ਤੋਂ ਪਹਿਲਾਂ ਕਿਸੇ ਵੀ ਵਰਣਮਾਲਾ ਵਿਚ ਨਹੀਂ ਮਿਲਦਾ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਬਾਣੀ ਵਿਚ "ਅੰਕੇ ਰੀਰੀ ਲੀਲੀ" ਆਦਿ ਹਿੰਦੀ ਦਾ ਤਰੀਕਾ ਵੀ ਵਰਤਿਆ ਹੈ। ਸਮੁੱਚੇ ਰੂਪ ਵਿਚ 'ਪਟੀ ਬਾਣੀ' ਗਿਆਨ ਪ੍ਰਦਾਨ ਕਰਨ ਅਤੇ ਗਿਆਨ ਪ੍ਰਾਪਤ ਕਰਾਉਣ ਦਾ ਇਕ ਸਾਧਨ ਹੈ। ਗੁਰੂ ਸਾਹਿਬ 'ਪਟੀ' ਨੂੰ ਦੁਨਿਆਵੀ ਗਿਆਨ ਦੀ ਥਾਂ ਅਧਿਆਤਮਿਕ (ਸੱਚਾ) ਗਿਆਨ ਪ੍ਰਦਾਨ ਕਰਨ ਦਾ ਮਾਧਿਅਮ ਬਣਾ ਕੇ ਪੇਸ਼ ਕਰਦੇ ਹਨ। ਸੋ ਇਸ ਤਰ੍ਹਾਂ ਉਹ ਦੁਨਿਆਵੀ ਗਿਆਨ ਵਾਲੀ 'ਪਟੀ' ਦਾ ਅਧਿਆਤਮਿਕ ਗਿਆਨ ਵਾਲੀ 'ਪਟੀ' ਦੇ ਰੂਪ ਵਿਚ ਰੂਪਾਂਤਰਨ ਕਰਦੇ ਹਨ। ਵਰਣਮਾਲਾ ਦੇ ਅੱਖਰਾਂ ਰਾਹੀਂ ਮਨ ਨੂੰ ਉਪਦੇਸ਼ ਦਿੱਤਾ ਹੈ ਕਿ ਹਰੇਕ ਮਨੁੱਖ ਦੇ ਜੀਵਨ ਦਾ ਆਦਿ, ਜਨਮ ਅਤੇ ਜੀਵਨ ਦਾ ਅੰਤ ਮੌਤ ਹੈ। ਸਤਿਗੁਰੂ ਦੀ ਸ਼ਰਨ ਪੈ ਕੇ ਸਤਿਸੰਗਤ ਦੇ ਆਸਰੇ ਪ੍ਰਭੂ ਨਾਲ ਨੇੜਤਾ ਬਣਦੀ ਹੈ, ਪਰ ਜਦੋਂ ਮਨੁੱਖ ਸਤਿ ਸੰਗਤ ਨੂੰ ਛੱਡਦਾ ਹੈ ਤਾਂ ਉੱਘੜ ਰਾਹੇ ਪੈ ਜਾਂਦਾ ਹੈ ਤਾਂ ਗੁਰੂ ਨਾਲੋਂ ਵਿੱਥ ਪੈਣ ਕਰਕੇ ਨਾਮ ਵੀ ਵਿਸਰਦਾ ਹੈ ਤਾਂ ਅਜਿਹੀ ਹਾਲਤ ਵਿਚ ਅਵੱਸਥਾ 'ਪੜ ਅਵਗੁਣ ਗੁਣ ਵੀਸਰਿਆ' ਵਾਲੀ ਬਣ ਜਾਂਦੀ ਹੈ। ਗੁਰੂ

SikhBookClub.com

ਸਾਹਿਬ ਨੇ ਮਨੁੱਖਤਾ ਨੂੰ ਜਾਗਰੂਕ ਕੀਤਾ ਹੈ ਕਿ ਇਹ ਸਾਰਾ ਸੰਸਾਰ ਜੋ ਵਿਕਸਿਤ ਹੋਇਆ ਹੈ ਇਹ ਕਾਲ ਭਾਵ ਮੌਤ ਦੇ ਅਧੀਨ ਹੈ। ਗੁਰੂ ਸਾਹਿਬ ਰਿ, ਰੀ, ਲਿ, ਲੀ ਅੱਖਰਾਂ ਰਾਹੀਂ ਯਾਦ ਕਰਵਾਉਂਦੇ ਹਨ ਕਿ ਸੰਸਾਰ ਵਿਚ ਵਿਚਰਦਿਆਂ ਜੀਵ ਪਾਪ ਕਮਾਉਣੇ ਸ਼ੁਰੂ ਕਰ ਦਿੰਦਾ ਹੈ ਤੇ ਅਉਗੁਣਾਂ ਨੂੰ ਧਾਰਨ ਕਰ ਕੇ ਸ਼ੁਭ ਗੁਣਾਂ ਨੂੰ ਵਿਸਾਰ ਦਿੰਦਾ ਹੈ। ਗੁਰ ਫੁਰਮਾਣ ਹੈ:

ਅਯੋ ਅੰਛੈ ਸਭੁ ਜਗੁ ਆਇਆ ਕਾਧੈ ਘੰਛੈ ਕਾਲੁ ਭਇਆ॥
ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ॥

(ਪੰਨਾ ੪੩੪)

ਵਰਣਮਾਲਾ ਦੇ ਅੱਖਰਾਂ ਰਾਹੀਂ ਮਨੁੱਖੀ ਮਨ ਨੂੰ ਸੇਧ ਦਿੰਦੇ ਹੋਏ ਗੁਰੂ ਸਾਹਿਬ ਨੇ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ ਕਿ ਸਚਾ ਪਾਂਧਾ ਗੁਰੂ ਹੈ *ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥* ਮਨਮੁਖ ਦੀ ਪੜ੍ਹਾਈ ਕਿਸੇ ਕੰਮ ਨਹੀਂ ਬਲਕਿ ਦੁਖ ਦਾ ਆਹਰ ਹੈ। ਗੁਰਬਾਣੀ ਵਿਚ ਆਪ ਨੇ ਸ੍ਵੈ-ਪਹਿਚਾਣ ਲਈ *ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥* ਦਾ ਸੁਨੇਹਾ ਦਿੱਤਾ ਹੈ। ਇਸ ਬਾਣੀ ਦੀ ਬਿਰਤੀ ਉਪਦੇਸ਼ਾਤਮਕ ਹੈ।

ਰੂਪ ਪ੍ਰਬੰਧ ਤੋਂ ਇਸ ਰਚਨਾ ਦਾ ਹਰ ਬੰਦ ਦੋਤੁਕਾ ਹੈ। ਹਰ ਬੰਦ ਦੇ ਅਖੀਰ 'ਤੇ ਸੰਖਿਆ ਅੰਕ ਮੌਜੂਦ ਹੈ। 'ਪਟੀ ਬਾਣੀ' ਵਿਚ ਅਧਿਆਤਮਿਕ ਸੁਨੇਹਾ ਅਤੇ ਉਪਦੇਸ਼ਾਤਮਕ ਵਿਚਾਰ ਪੇਸ਼ ਕੀਤੇ ਗਏ ਹਨ। ਹਰ ਅੱਖਰ ਰਾਹੀਂ ਇਕ ਨਿਵੇਕਲਾ ਵੀਚਾਰ ਜੋੜ ਕੇ ਸੁਚਾਰੂ ਦਿਸ਼ਾ ਪ੍ਰਦਾਨ ਕੀਤੀ ਗਈ ਹੈ। ਇਹ ਸਾਰੀ 'ਪਟੀ' ਪਾਂਧੇ ਨੂੰ ਸੰਬੋਧਨ ਹੈ ਕਿ ਤੂੰ ਅਸਲ ਲਿਖਤ-ਪੜ੍ਹਤ ਜਾਂ ਹਿਸਾਬ-ਕਿਤਾਬ ਤੋਂ ਜਾਣੂ ਨਹੀਂ, ਇਸ ਕਰਕੇ ਤੇਰੀ ਗਲਤ ਸਿਖਿਆ ਕਾਰਨ ਤੇਰੇ ਚੇਲੇ ਚਾਟੜਿਆਂ ਨੂੰ ਵੀ ਔਝੜ ਵਿਚ ਭਟਕਣਾ ਪਵੇਗਾ। ਇਸ ਤੋਂ ਇਲਾਵਾ ਜੋ ਧਾਰਮਿਕ ਤੇ ਸਮਾਜਿਕ ਰਸਮਾਂ ਰੀਤਾਂ ਨੂੰ ਪ੍ਰਦਾਨ ਕਰਾਉਂਦਾ ਹੈ, ਉਹ ਵੀ ਸਾਰਥਕ ਨਹੀਂ। ਤੇਰੇ ਆਪਣੇ ਕੀਤੇ ਕਰਮਾਂ ਅਨੁਸਾਰ ਕਰਤਾਰ ਨੇ ਤੈਨੂੰ ਕੁਰਾਹੇ ਪਾ ਦਿੱਤਾ ਹੈ। ਤੇਰੇ ਮੱਥੇ ਉੱਤੇ ਪੂਰਬ ਕੀਤੇ ਕਰਮਾਂ ਦਾ ਲੇਖਾ ਲਿਖਿਆ ਪਿਆ ਹੈ। ਤੈਨੂੰ ਆਪਣੇ ਸਹੀ ਰਸਤੇ ਦੀ ਸੂਝ ਨਹੀਂ ਪਰ ਤੂੰ ਹੋਰਾਂ ਨੂੰ ਮੱਤਾਂ ਦੇਂਦਾ ਫਿਰਦਾ ਹੈਂ। ਪਪੈ ਅੱਖਰ ਰਾਹੀਂ ਗੁਰੂ ਸਾਹਿਬ ਸਮਝਾਉਂਦੇ ਹਨ:

ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ॥
ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਾਇਆ॥

(ਪੰਨਾ ੪੩੫)

ਇਸ ਬਾਣੀ ਦੀ ਦੂਜੀ ਪਉੜੀ ਵਿਚ ਗੁਰੂ ਸਾਹਿਬ ਤਾੜਨਾ ਕਰਦੇ ਹਨ ਕਿ ਹੇ ਜੀਵ! ਤੂੰ ਜਗਤ ਦੇ ਮਾਲਕ ਨੂੰ ਸਿਮਰਦਾ ਨਹੀਂ। ਨੰਨੇ ਅੱਖਰ ਨੂੰ ਮੁੱਖ ਰੱਖ ਕੇ ਤੂੰ ਕਦੇ ਭੀ ਪਰਮੇਸਰ ਦਾ ਨਾਮ ਨਹੀਂ ਜਪਿਆ। ਛਛੇ ਅੱਖਰ ਦੁਆਰਾ ਚੇਤੰਨ ਕਰਦੇ ਹਨ ਕਿ ਹੇ ਮੂਰਖ! ਤੂੰ ਪ੍ਰਭੂ ਨੂੰ ਵਿਸਾਰ ਕੇ ਦਿਨ ਤੇ ਰਾਤ ਨਸ਼ਟ ਕਰ ਰਿਹਾ ਹੈਂ। ਜਦ ਤੇਰੀ ਜੀਵਨ ਦੀ ਅਉਧ ਖਤਮ ਹੋ ਗਈ ਤਾਂ ਜਮਦੂਤਾਂ ਨੇ ਤੈਨੂੰ ਪਕੜ ਲੈਣਾ ਹੈ। ਤਾਂ ਫਿਰ ਦੱਸ ਕਿ ਤੂੰ ਉਨ੍ਹਾਂ ਜਮਾਂ ਕੋਲੋਂ ਕਿਸ ਤਰ੍ਹਾਂ ਬਚੇਂਗਾ:

SikhBookClub.com

ਸਿਧੰਛਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥
ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ॥

(ਪੰਨਾ ੪੩੪)

ਬਬੈ ਅੱਖਰ ਰਾਹੀਂ ਪਾਂਧੇ ਨੂੰ ਸੰਬੋਧਨ ਕਰਦੇ ਹਨ ਕਿ ਤੂੰ ਜੀਵਨ ਦਾ ਸਹੀ ਮਾਰਗ ਨਹੀਂ ਸਮਝਿਆ ਤੇ ਝੂਠੇ ਭਰਮ-ਭੁਲੇਖਿਆਂ ਵਿਚ ਕੁਰਾਹੇ ਪੈ ਕੇ ਆਪਣਾ ਸਾਰਾ ਜੀਵਨ ਵਿਅਰਥ ਗਵਾ ਲਿਆ। ਭਾਵੇਂ ਤੂੰ ਆਪਣਾ ਨਾਂ ਪਾਂਧਾ ਧਰਿਆ ਹੋਇਆ ਹੈ, ਪਰ ਅਸਲ ਵਿਚ ਤੂੰ ਪਾਂਧਾ ਨਹੀਂ। ਤਰ੍ਹਾਂ-ਤਰ੍ਹਾਂ ਦੇ ਝੂਠ ਬੋਲ ਕੇ ਤੂੰ ਦੂਜਿਆਂ ਦਾ ਭਾਰ ਵੀ ਆਪਣੇ ਸਿਰ ਚੁੱਕ ਲਿਆ ਹੈ:

ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ॥

(ਪੰਨਾ ੪੩੪)

ਅਜਿਹੀ ਮੂਰਖਤਾਈ ਅਗਿਆਨਤਾ ਕਰਕੇ ਹੀ ਤੇਰੀ ਗਿਆਨ ਰੂਪੀ ਜੋਤਿ ਗੁਆਚ ਗਈ ਹੈ। ਇਸ ਲਈ ਤੂੰ ਆਪਣੇ ਅੰਤ ਸਮੇਂ ਪਛਤਾਵਾ ਕਰੇਂਗਾ। ਤੂੰ ਜੇਕਰ ਗੁਰੂ ਦੇ ਸ਼ਬਦ ਨੂੰ ਨਹੀਂ ਸਮਝੇਂਗਾ ਤਾਂ ਮੁੜ-ਮੁੜ ਜੂਨਾਂ ਦੇ ਵਿਚ ਭਟਕਦਾ ਫਿਰੇਂਗਾ, ਜਜੈ ਅੱਖਰ ਰਾਹੀਂ ਗੁਰੂ ਜੀ ਸਮਝਾਉਂਦੇ ਹਨ:

ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤ ਗਇਆ ਪਛਤਾਵਹਿਗਾ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥

(ਪੰਨਾ ੪੩੪)

ਮਾਇਆ ਮਮਤਾ ਦੇ ਜੰਜਾਲ ਵਿਚ ਫਸ ਕੇ ਮਨੁੱਖ ਵਿਕਾਰਾਂ ਦੀ ਮਾਰ ਝੱਲਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਵਿਚ ਪੈ ਕੇ ਇੰਦਰੀਆਂ ਦੇ ਰਸ ਵਿਚ ਗਲਤਾਨ ਰਹਿੰਦਾ ਹੈ ਤੇ ਕਈ ਤਰ੍ਹਾਂ ਦੇ ਕੁਕਰਮ ਕਰਦਾ ਹੈਂ। ਫਿਰ ਜਦੋਂ ਅਕਾਲ ਪੁਰਖ ਮਨੁੱਖ ਨੂੰ ਚੌਰਾਸੀ ਲੱਖ ਜੂਨਾਂ ਵਾਲੀ ਭੁਆਟਣੀ ਦੇਂਦਾ ਹੈ ਤਾਂ ਫਿਰ ਉਹ ਜੂਨਾਂ ਦੇ ਗੇੜ ਵਿਚ ਪੈ ਜਾਂਦਾ ਹੈ:

ਕਾਮੁ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥

(ਪੰਨਾ ੪੦੩)

ਕਕੈ ਅੱਖਰ ਦੁਆਰਾ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਤੂੰ ਕਾਮ ਦੀ ਵਾਸ਼ਨਾ ਵਿਚ ਪੈ ਕੇ ਕ੍ਰੋਧ ਵਿਚ ਭਟਕ ਰਿਹਾ ਹੈ। ਤੂੰ ਧਰਮ ਪੁਸਤਕਾਂ ਪੜ੍ਹਦਾ ਹੈਂ, ਉਨ੍ਹਾਂ ਨੂੰ ਵਿਚਾਰਦਾ ਹੈਂ ਤੇ ਤੂੰ ਬਹੁਤ ਉੱਚੀ-ਉੱਚੀ ਕੂਕ ਕੇ ਸੁਣਾਉਂਦਾ ਰਹਿੰਦਾ ਹੈਂ, ਪਰ ਤੂੰ ਬਿਨ੍ਹਾਂ ਸੂਝ-ਬੂਝ ਤੋਂ ਭਉਜਲ ਵਿਚ ਡੁੱਬ ਕੇ ਆਤਮਿਕ ਮੌਤ ਮਰ ਰਿਹਾ ਹੈਂ:

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥

(ਪੰਨਾ ੪੩੫)

'ਪਟੀ' ਬਾਣੀ ਦੀ ਨੌਵੀਂ ਪਉੜੀ ਵਿਚ ਚਾਰ ਅੱਖਰਾਂ ਦੁਆਰਾ ਉਪਦੇਸ਼ ਕੀਤਾ ਗਿਆ ਹੈ।

SikhBookClub.com

ਤਤੈ ਅੱਖਰ ਦੁਆਰਾ ਗੁਰੂ ਸਾਹਿਬ ਫੁਰਮਾਣ ਕਰਦੇ ਹਨ ਕਿ ਹੇ ਮੂਰਖ! ਤੂੰ ਕ੍ਰੋਧ ਨਾਲ ਸੜ ਰਿਹਾ ਹੈਂ। ਥਥੈ ਅੱਖਰ ਦੁਆਰਾ ਦੱਸਦੇ ਹਨ ਕਿ ਤੇਰਾ ਹਿਰਦਾ ਗੰਦਾ ਹੋ ਰਿਹਾ ਹੈ। ਘਘੈ ਅੱਖਰ ਦੁਆਰਾ ਉਪਦੇਸ਼ ਕਰਦੇ ਹਨ ਕਿ ਤੂੰ ਘਰ-ਘਰ ਵਿਚ ਮਾਇਕ ਪਦਾਰਥਾਂ ਲਈ ਭੱਜਦਾ ਰਹਿੰਦਾ ਹੈਂ। ਦਦੈ ਅੱਖਰ ਦੁਆਰਾ ਆਖਦੇ ਹਨ ਕਿ ਅਜੇ ਤੱਕ ਤੂੰ ਸਤਿਗੁਰੂ ਦੀ ਸ਼ਰਨੀਂ ਪੈ ਕੇ ਪ੍ਰਭੂ ਦਾ ਨਾਮ-ਦਾਨ ਵੀ ਪ੍ਰਾਪਤ ਨਹੀਂ ਕੀਤਾ। ਗੁਰ-ਫੁਰਮਾਣ ਹੈ:

ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨੁ ਭਰਿਸਟੁ ਹੋਆ॥
ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ॥

(ਪੰਨਾ ੪੩੫)

ਭਭੈ ਅੱਖਰ ਦੁਆਰਾ ਗੁਰੂ ਸਾਹਿਬ ਨੇ ਸੰਸਾਰ ਸਮੁੰਦਰ ਵਿਚ ਡੁੱਬ ਰਹੇ ਮਨੁੱਖ ਨੂੰ ਸਾਵਧਾਨ ਕੀਤਾ ਹੈ। ਵਵੈ ਦੁਆਰਾ ਫੁਰਮਾਉਂਦੇ ਹਨ ਕਿ ਮਨੁੱਖ! ਤੂੰ ਇਸ ਜਨਮ ਵਿਚ ਪਰਮੇਸ਼ਵਰ ਨੂੰ ਭੁੱਲਿਆ ਰਿਹਾ। ਇਹ ਮਨੁੱਖਾ ਜਨਮ ਮੁੜ ਕੇ ਕਦੇ ਤੈਨੂੰ ਪ੍ਰਾਪਤ ਨਹੀਂ ਹੋਵੇਗਾ। ਝਝੈ ਦੁਆਰਾ ਫੁਰਮਾਣ ਕਰਦੇ ਹਨ ਕਿ ਜੇ ਤੂੰ ਸਤਿਗੁਰੂ ਦਾ ਉਪਦੇਸ਼ ਸੁਣੇਗਾ ਤਾਂ ਫਿਰ ਜੀਵਨ ਵਿਚ ਕਦੇ ਝੁਰੇਂਗਾ ਨਹੀਂ ਕਿਉਂਕਿ ਸੱਚੇ ਗੁਰੂ ਤੋਂ ਬਿਨਾਂ ਹੋਰ ਕੋਈ ਵੀ ਗੁਰੂ ਨਹੀਂ ਹੈ, ਨਿਗੁਰੇ ਮਨੁੱਖ ਦਾ ਨਾਮ ਲੈਣਾ ਹੀ ਬੁਰਾ ਕਰਮ ਹੈ:

ਝਝੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥

(ਪੰਨਾ ੪੩੫)

ਧਧੈ ਅੱਖਰ ਦੁਆਰਾ ਗੁਰੂ ਸਾਹਿਬ ਨੇ ਪੰਜਾਂ ਚੋਰਾਂ ਨੂੰ ਰੋਕ ਕੇ ਰੱਖਣ ਦੀ ਹਦਾਇਤ ਕੀਤੀ ਹੈ। ਗਗੈ ਦੁਆਰਾ ਗੋਬਿੰਦ ਨੂੰ ਯਾਦ ਕਰਕੇ ਆਪਣਾ ਮਨ ਗੁਰੂ ਦੇ ਚਰਨਾਂ ਵਿਚ ਜੋੜ ਕੇ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾ ਲੈਣ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਇਸ ਤਰ੍ਹਾਂ ਤੇਰੇ ਪਿਛਲੇ ਸਾਰੇ ਗੁਨਾਹ ਬਖਸ਼ੇ ਜਾਣਗੇ। ਹਾਹੈ ਦੁਆਰਾ ਫੁਰਮਾਉਂਦੇ ਹਨ ਕਿ ਤੂੰ ਪ੍ਰਭੂ ਨਾਮ ਦੀ ਕਥਾ ਨੂੰ ਸਮਝ ਇਸ ਨਾਲ ਸਦਾ ਤੈਨੂੰ ਸੁੱਖ ਪ੍ਰਾਪਤ ਹੋਵੇਗਾ। ਅਖੀਰਲੇ ਅੱਖਰ ਰਾਰੈ ਦੁਆਰਾ ਗੁਰੂ ਜੀ ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਉਣ ਦਾ ਉਪਦੇਸ਼ ਕਰਦੇ ਹਨ ਤੇ ਸਮਝਾਉਂਦੇ ਹਨ ਕਿ ਹੇ ਮੂਰਖ! ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ਵਰ ਦਾ ਵਾਸਾ ਹੈ, ਤੂੰ ਉਨ੍ਹਾਂ ਦੀ ਸੰਗਤ ਕਰਕੇ ਸਿਮਰਨ ਕਰ। ਇਸ ਨਾਲ ਪਰਮਾਤਮਾ ਦੇ ਨਾਲ ਤੇਰੀ ਇਕਰੂਪਤਾ ਸਥਾਪਿਤ ਹੋ ਜਾਵੇਗੀ:

ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ॥
ਗੁਰ ਪਰਸਾਦੀ ਜਿਨ੍ਹੀ ਨਾਮੁ ਪਛਾਤਾ ਨਿਰਗੁਣ ਰਾਮੁ ਤਿਨ੍ਹੀ ਬੁਝਿ ਲਹਿਆ॥

(ਪੰਨਾ ੪੩੫)

ਇਸ ਤਰ੍ਹਾਂ ਇਸ ਬਾਣੀ ਵਿਚ ਮਨੁੱਖ ਨੂੰ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਜੇਕਰ ਜੀਵਨ ਦਾ ਆਦਿ ਜਨਮ ਹੈ ਤੇ ਜੀਵਨ ਦਾ ਅੰਤ ਮੌਤ ਹੈ। ਇਸ ਜੀਵਨ ਵਿਚ ਮਨੁੱਖ ਵੱਲੋਂ ਕੀਤੇ ਗਏ ਸਾਰੇ ਹੀ ਧਰਮ-ਕਰਮ ਲੇਖੇ ਵਿਚ ਆਉਂਦੇ ਹਨ। ਜਨਮ ਤੇ ਮੌਤ ਦੇ ਦਰਮਿਆਨ ਵੱਖਰੇ-ਵੱਖਰੇ ਪੜਾਵਾਂ ਵਿਚ ਜੋ ਕਰਮ ਮਨੁੱਖ ਨੇ ਕਮਾਏ ਹਨ। ਉਹੀ ਉਸਦੇ ਜੀਵਨ ਦੀ ਕਮਾਈ ਸਮਝੇ ਜਾਂਦੇ

SikhBookClub.com

ਹਨ। ਗੁਰੂ ਸਾਹਿਬ ਕਹਿਣੀ ਤੇ ਕਥਨੀ ਵਿਚ ਇਕ ਰੂਪ ਹਨ, ਪ੍ਰੰਤੂ ਸਮਾਜ ਵਿਚ ਜੋ ਸਮਾਜਿਕ ਵਿਦਿਆ ਦੇਣ ਵਾਲੇ ਪਾਂਧੇ ਜਾਂ ਅਧਿਆਪਕ ਹਨ, ਉਨ੍ਹਾਂ ਦਾ ਅਚਾਰ ਤੇ ਵਿਵਹਾਰ ਜੇਕਰ ਉੱਚਾ-ਸੁੱਚਾ ਹੋਵੇਗਾ ਤਾਂ ਅਵੱਸ਼ ਉਸਦਾ ਅਸਰ ਉਸ ਕੋਲੋਂ ਸਿੱਖਣ ਵਾਲੇ ਸਿਖਾਂਦਰੂਆਂ ਉੱਪਰ ਪਵੇਗਾ। ਗੁਰੂ ਜੀ ਨੇ ਇਸ ਬਾਣੀ ਵਿਚ ਪਾਂਧੇ ਨੂੰ ਸਾਰਥਕ ਵਿਦਿਆ ਦੇਣ ਦਾ ਉਪਦੇਸ਼ ਦਿੱਤਾ ਹੈ। ਇਸ ਸਾਰਥਿਕ ਵਿਦਿਆ ਨੂੰ ਧਾਰਨ ਕਰਨ ਨਾਲ ਮਨੁੱਖ ਦਾ ਆਰਥਿਕ ਅਤੇ ਪਰਮਾਰਥਿਕ, ਦੋਵੇਂ ਪੱਖ ਹੀ ਸੰਵਾਰੇ ਜਾਣਗੇ।

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦੇ ਰਾਗਾਂ ਵਿਚ
ਵਰਤੇ ਗਏ ਛੰਦਾਂ ਦੀ ਮਹੱਤਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁਲ ਰਚਨਾ ਤਾਂ ਰਾਗ ਵਿਚ ਵੰਡੀ ਹੋਈ ਹੈ, ਪਰ ਸ੍ਰੀ ਗੁਰੂ ਅਮਰਦਾਸ ਜੀ ਨੇ 18 ਰਾਗ ਵਰਤੇ। ਆਪ ਦਾ ਮਨਭਾਉਂਦਾ ਰਾਗ ਰਾਮਕਲੀ ਹੈ, ਜਿਸ ਵਿਚ ਪੂਰਾ ਆਨੰਦ ਸਾਹਿਬ ਅਤੇ ਇਕ ਵਾਰ ਲਿਖੀ ਮਿਲਦੀ ਹੈ। ਸਾਨੂੰ ਆਨੰਦ ਸਾਹਿਬ ਇਕੱਲਾ ਪੜ੍ਹਨ 'ਤੇ ਹੀ ਆਪ ਦੇ ਛੰਦਾਂ ਦਾ ਪਤਾ ਲੱਗਦਾ ਹੈ ਕਿ ਕਿਵੇਂ ਮਾਤਰਾ ਦਾ ਵਧਾਅ ਘਟਾਅ ਹੋਇਆ ਹੈ। ਇਹ ਵਧਾਅ ਘਟਾਅ ਰਸ ਨੂੰ ਬੜਾ ਹੀ ਵਧਾਉਂਦਾ ਹੈ। ਤਕਰੀਬਨ ਹਰ ਤੁਕ ਵਿਚ ਗੁਰੂ (ਲੰਮੀ ਕਾਰ ਨਾਲ ਅੱਖਰ) ਹੀ ਅੱਖਰ ਮਿਲਦਾ ਹੈ।

ਅਨੰਦ ਸਾਹਿਬ ਵਿਚ ਆਪ ਨੇ ਕਈ ਤੁਕਾਂ ਨੂੰ ਦੁਹਰਾਇਆ ਹੈ ਪਰ ਉਸ ਦੁਹਰਾ ਦੀ ਤੁਕ ਨੂੰ ਅਸੀਂ ਟੇਕ ਦੀ ਪਾਲ ਵੀ ਕਹਿ ਸਕਦੇ ਹਾਂ। ਇਸ ਦੁਹਰਾ ਦੇ ਨਾਲ ਉਚਾਰਨ ਤਥਾ ਗਾਇਨ ਵਿਚ ਚੁਸਤੀ ਦੇ ਨਾਲ ਰਸ ਦਾ ਗੁਣ ਵੀ ਆਉਂਦਾ ਹੈ, ਪਰ ਸ਼ਾਂਤ-ਰਸੀ ਕਾਵਿ ਰਚਨਾ ਵਿਚ ਇਸ ਦਾ ਨਿਭਾਉਣਾ ਅਤਿ ਕਠਿਨ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਇਸ ਨੂੰ ਕਾਇਮ ਰੱਖਣ ਵਿਚ ਬੜੇ ਹੀ ਸਫਲ ਹਨ। ਇਹ ਗੁਣ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਮਿਲਦਾ ਹੈ ਜੋ ਕਿ ਇਹਨਾਂ ਦਾ ਪ੍ਰਭਾਵ ਹੀ ਲਗਦਾ। ਭਾਵੇਂ ਦੁਹਰਾ ਆਉਂਦਾ ਹੈ ਪਰ ਤਾਂ ਵੀ ਛੰਦ ਚਾਲ ਸਫਲ ਆਪਣੇ ਆਪ ਵਿਚ ਹੀ ਤੁਰੀ ਜਾਂਦਾ ਹੈ। ਇਸ ਦੇ ਨਾਲ ਨਾਲ ਗਤੀ ਦੀ ਬੰਦਸ਼ ਵੀ ਬਿਨਾਂ ਕਿਸੇ ਯਤਨ ਹੀ ਨਿਭੀ ਹੋਈ ਮਿਲਦੀ ਹੈ।

ਇਕ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਕ ਤਾਂ ਇਹ ਰਾਗਾਂ ਵਿਚ ਰਚਨਾ ਹੈ ਤੇ ਦੂਜੇ ਛੰਦ-ਬਧ ਹੈ ਜੋ ਕਿ ਸੁਣਨ ਤੇ ਪੜ੍ਹਨ ਵਿਚ ਅਤੀ ਰੋਚਿਕ ਲੱਗਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਭਗਤੀ ਭਾਵ ਵਿਚ ਆ ਕੇ ਰਚਨਾ ਕੀਤੀ ਹੈ। ਆਪ ਨੇ ਜ਼ਿਆਦਾਤਰ ਵਿਸ਼ਾ ਪਰਮਾਤਮਾ ਦੀ ਭਗਤੀ ਦਾ ਹੀ ਲਿਆ ਹੈ।

ਭਾਵੇਂ ਰਚਨਾ ਛੰਦ-ਬਧ ਹੈ ਪਰ ਤਾਂ ਵੀ ਜੇ ਇਕ ਇਕ ਪਾਲ ਨੂੰ ਅੱਡ ਅੱਡ ਪੜ੍ਹੀਏ ਤੇ ਦੇਖੀਏ ਤਾਂ ਵੀ ਇਸ ਦਾ ਵੱਖਰਾ ਅਨੰਦ ਹੈ, ਇਕ ਇਕ ਪਾਲ ਆਪਣੇ ਆਪ ਵਿਚ ਪੂਰੀ ਲਗਦੀ ਹੈ ਤੇ ਇਕ ਇਕ ਪਾਲ ਜੁੜ ਕੇ ਇਕ ਪਉੜੀ ਮੋਤੀਆਂ ਦੀ ਮਾਲਾ ਵਾਂਗ ਲਗਦੀ ਹੈ। ਚਾਹੇ ਆਪ ਨੇ ਕਾਵਿ ਰਚਨਾ ਲੈਅ, ਰਵਾਨੀ ਦੇ ਵਹਾ 'ਤੇ ਲਿਖੀ ਹੈ, ਪਰ ਤਾਂ ਭੀ ਛੰਦ ਐਨੀ ਅੱਛੀ ਤਰ੍ਹਾਂ ਨਾਲ ਨਿਭਾਇਆ ਮਿਲਦਾ ਹੈ ਕਿ ਕਈ ਥਾਵਾਂ 'ਤੇ ਤੁਕਾਂਤ ਬਿਲਕੁਲ ਹੀ ਸੁਭਾਵਕ ਲਗਦਾ ਹੈ।

ਆਮ ਤੌਰ 'ਤੇ ਰਾਗਾਂ ਵਿਚ ਸਹਾਇਕ ਛੰਦ ਨਹੀਂ ਵਰਤੇ ਜਾਂਦੇ, ਪਰ ਸ੍ਰੀ ਗੁਰੂ ਅਮਰਦਾਸ

SikhBookClub.com

ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹਨਾਂ ਨੇ ਰਾਗਾਂ ਵਿਚ ਛੰਦਾਂ ਦੀ ਵਰਤੋਂ ਕੀਤੀ ਹੈ। ਰਾਗਾਂ ਦੀ ਇਕ-ਇਕ ਅਸ਼ਟਪਦੀ ਦਾ ਪਦਾਂ ਵਿਚ ਵੀ ਇਹ ਵਿਸ਼ੇਸ਼ਤਾ ਦੇਖੀ ਜਾ ਸਕਦੀ ਹੈ। ਜਿਵੇਂ:

ਮਾਇਆ ਮੋਹੁ ਜਗਤੁ ਸਬਾਇਆ॥ ੧੭
ਤੂੰ ਗੁਣ ਦੀਸਹਿ ਮੋਹੇ ਮਾਇਆ॥ ੧੬
ਗੁਰ ਪਰਸਾਦੀ ਕੋ ਵਿਰਲਾ ਬੂਝੈ
ਚਉਥੈ ਪਦਿ ਲਿਵ ਲਾਵਣਿਆ॥੧॥ ੩੨
ਹਉ ਵਾਰੀ ਜੀਉ ਵਾਰੀ
ਮਾਇਆ ਮੋਹੁ ਸਬਦਿ ਜਲਾਵਣਿਆ॥ ੩੧
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ
ਹਰਿ ਦਰਿ ਮਹਲੀ ਸੋਭਾ ਪਾਵਣਿਆ॥੧॥ਰਹਾਉ॥ ੪੩

(ਪੰਨਾ ੧੨੯)

ਸਾਰੀਆਂ ਪਾਲਾਂ ਵਿਚ ਮਾਤਰਾ ਦਾ ਫ਼ਰਕ ਪਾਇਆ ਜਾਂਦਾ ਹੈ। ਏਥੋਂ ਤਕ ਕਿ 43 ਮਾਤਰਾਂ ਤਕ ਪਹੁੰਚ ਜਾਂਦੀਆਂ ਹਨ, ਜੇ ਇਹ ਸਹਾਇਕ ਛੰਦਾਂ ਦੀ ਉਦਾਹਰਣ ਨਹੀਂ ਤਾਂ ਹੋਰ ਕੀ ਹੈ? ਇਥੇ ਹੀ ਬਸ ਨਹੀਂ, ਹੋਰ ਵੀ ਉਦਾਹਰਣਾਂ ਦੇਖ ਸਕਦੇ ਹਾਂ:

ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ॥ ੨੬
ਗੁਰ ਤੇ ਨਾਮੁ ਪਾਈਐ ਵਡੀ ਵਡਿਆਈ॥੧॥ ੨੧
ਏਕੋ ਨਾਮੁ ਚੇਤਿ ਮੇਰੇ ਭਾਈ॥ ੧੮
ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ॥੧॥ਰਹਾਉ॥ ੨੩
ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ॥ ੨੪
ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ॥ ੨੫

(ਪੰਨਾ ੪੨੪)

ਇਸ ਨਾਲੋਂ ਉਪਰਲੀ ਉਦਾਹਰਣ ਵਿਚ ਜ਼ਿਆਦਾ ਫ਼ਰਕ ਮਿਲਦਾ ਹੈ, ਪਰ ਸਾਨੂੰ ਛੰਦ ਦੇਖਣ ਤੋਂ ਬਾਅਦ ਇਹੀ ਪ੍ਰਭਾਵ ਮਿਲਦਾ ਹੈ ਕਿ ਉਹਨਾਂ ਨੇ ਛੰਦਾਂ ਨੂੰ ਮੁੱਖ ਰੱਖ ਕੇ ਰਚਨਾ ਨਹੀਂ ਕੀਤੀ ਸਗੋਂ ਵਿਚਾਰ ਦੇ ਨਾਲ ਨਾਲ ਜ਼ਜ਼ਬਾ ਵੀ ਉਭਰਦਾ ਹੈ। ਇਸ ਦਾ ਭੇਤ ਮਾਤਰਾ ਦੀ ਵਧਦੀ ਜਾਂਦੀ ਸੰਖਿਆ ਹੈ। ਅਜਿਹੀ ਵਿਧੀ ਬੁਧੀ ਨੂੰ ਭਾਵਾਂ ਦੀ ਪਾਣ ਚਾੜ੍ਹਨ ਵਿਚ ਅਤਿ ਸਫ਼ਲ ਹੋਈ ਹੈ। ਇਥੇ ਇਹੋ ਜਿਹੀ ਇਕ ਉਦਾਹਰਣ ਨਹੀਂ ਸਗੋਂ ਅਨੇਕਾਂ ਹੀ ਉਦਾਹਰਣਾਂ ਹਨ, ਜਿਨ੍ਹਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਆਪ ਨੇ ਸਹਾਇਕ ਛੰਦ ਵਰਤੇ ਹਨ, ਪਰ ਇਸ ਤਰ੍ਹਾਂ ਇਹ ਰਚਨਾ ਦਾ ਮੁਲ ਘਟਾਂਦੇ ਨਹੀਂ, ਸਗੋਂ ਵਧਾਂਦੇ ਹੀ ਹਨ, ਛੰਦਾਂ ਨੂੰ (Secondary Importance) ਦਿੱਤੀ ਗਈ ਹੈ ਪਰ ਭਾਵ ਨੂੰ ਪਹਿਲ ਦਿੱਤੀ ਮਿਲਦੀ ਹੈ।

ਭਾਵੇਂ ਭਾਵ ਨੂੰ ਪਹਿਲ ਦਿੱਤੀ ਗਈ ਹੈ ਤੇ ਛੰਦ ਗੌਣ ਹੋ ਜਾਂਦੇ ਹਨ ਤਾਂ ਵੀ ਛੰਦਾਂ ਦੀ ਮਹੱਤਤਾ ਘਟਦੀ ਨਹੀਂ ਕਿਉਂਕਿ ਛੰਦ ਕਵਿਤਾ ਦੀ ਜਾਨ ਹਨ ਤੇ ਜਿਵੇਂ ਜਿਵੇਂ ਗੁਰੂ ਸਾਹਿਬ ਨੇ ਆਪਣੇ ਭਾਵਾਂ ਨੂੰ ਪ੍ਰਗਟਾਇਆ ਉਵੇਂ ਉਵੇਂ ਛੰਦ ਵੀ ਆਪਣਾ ਰੂਪ ਬਦਲਦੇ ਰਹੇ। ਛੰਦਾਂ ਨੂੰ ਵਰਤਣ ਵਿਚ ਭਾਵੇਂ ਆਪ ਨੇ ਕੋਈ ਖੇਚਲ ਨਹੀਂ ਕੀਤੀ ਤੇ ਕਾਵਿ ਰਚਨਾ ਤਾਂ ਵੀ ਛੰਦ-ਬਧ ਹੈ। ਆਪਣੇ ਭਾਵ

SikhBookClub.com

ਇਸ ਤਰ੍ਹਾਂ ਪ੍ਰਗਟਾਏ ਕਿ ਉਹ ਆਪਣੇ ਆਪ ਵਿਚ ਹੀ ਛੰਦਾਂ ਵਿਚ ਢਲਦੇ ਗਏ। ਕਈ ਥਾਵਾਂ 'ਤੇ ਆਪ ਦੀ ਬੜੀ ਹੀ ਸੁਘੜਤਾ ਦੇਖੀ ਜਾ ਸਕਦੀ ਹੈ, ਕਿਉਂਕਿ ਇਕ ਭਾਵ ਨੂੰ ਪ੍ਰਗਟਾਇਆ ਤੇ ਉਸ ਭਾਵ ਵਿਚ ਕਿੰਨੇ ਹੀ ਛੰਦ ਬਣ ਗਏ ਜੋ ਕਿ ਅੰਤਿ ਸਫਲਤਾ ਦੀ ਨਿਸ਼ਾਨੀ ਹੈ। ਇਸ ਤੋਂ ਇਹਨਾਂ ਦਾ ਕਵੀ ਰੂਪ ਸਾਡੇ ਸਾਹਮਣੇ ਆਉਂਦਾ ਹੈ।

ਆਪ ਦੀ ਕੋਈ ਤੁਕ ਕਿਤੋਂ ਵੀ ਲੈ ਲਓ ਉਹਦੇ ਵਿਚ ਸਿਖਿਆ ਤੇ ਉਪਦੇਸ਼ ਦਿੱਤਾ ਹੋਇਆ ਮਿਲਦਾ ਹੈ, ਜਿਸ ਤੋਂ ਸਾਨੂੰ ਸਾਫ਼ ਹੀ ਪਤਾ ਲੱਗਦਾ ਹੈ ਕਿ ਆਪ ਦੀ ਬਾਣੀ ਦੇ ਭਾਵਾਂ ਦਾ ਵਹਾਅ ਪਾਣੀ ਦੀ ਤਰ੍ਹਾਂ ਹੈ ਪਰ ਛੰਦ ਆਪਣੇ ਆਪ ਹੀ ਚਲੀ ਜਾਂਦੀ ਹਨ। ਹੇਠਾਂ ਉਦਾਹਰਣ ਦਿੰਦੇ ਹਾਂ, ਜਿਸ ਵਿਚ ਬੰਦੇ ਨੂੰ ਸਿਖਿਆ ਦਿੱਤੀ ਹੈ:

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣਿ ਖਸਮੁ ਨ ਪਾਇਆ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ॥੧॥
ਦੂਜਾ ਭਾਉ ਨ ਦੇਈ ਲਿਵ ਲਾਗਣਿ
ਜਿਨਿ ਹਰਿ ਕੇ ਚਰਣ ਵਿਸਾਰੇ॥
ਜਗਜੀਵਨ ਦਾਤਾ ਜਨ ਸੇਵਕ ਤੇਰੇ
ਤਿਨ ਕੇ ਤੈ ਦੂਖ ਨਿਵਾਰੇ ॥੧॥ ਰਹਾਉ॥

(ਪੰਨਾ ੭੯੬)

ਇਸ ਤੋਂ ਪਤਾ ਲੱਗਦਾ ਹੈ ਕਿ ਆਪ ਨੇ ਜ਼ਿਆਦਾਤਰ ਲੋਕਾਂ ਨੂੰ ਸਿਖਿਆ ਦਿੱਤੀ ਹੈ ਕਿ ਚੀਜ਼ਾਂ ਸਭ ਨਾਸ਼ਮਾਨ ਹਨ। ਦੂਜੇ ਪਾਸੇ ਜੇ ਛੰਦ ਨੂੰ ਦੇਖੀਏ ਤਾਂ ਉਹਦੇ ਵਿਚ ਵਧਾਅ ਘਟਾਅ ਮਿਲਦਾ ਹੈ, ਜਿਵੇਂ ਪਹਿਲੀ ਤੁਕ ਵਿਚ 35 ਮਾਤਰਾਂ ਤੇ ਦੂਜੀ ਵਿਚ 27 ਹਨ। ਇਕ ਹੋਰ ਉਦਾਹਰਣ ਦੇਖ ਸਕਦੇ ਹਾਂ:

ਸੁਖ ਸੋਹਿਲੜਾ ਹਰਿ ਧਿਆਵਹੁ॥
ਗੁਰਮੁਖਿ ਹਰਿ ਫਲੁ ਪਾਵਹੁ॥
ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ॥
ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ॥
ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ॥
ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ॥

(ਪੰਨਾ ੭੬੨)

ਇਸ ਉਦਾਹਰਣ ਤੋਂ ਹੀ ਸਾਫ਼ ਹੀ ਪਤਾ ਲੱਗਦਾ ਹੈ ਕਿ ਛੰਦਾਂ ਵਾਸਤੇ ਕੋਈ ਚੌਖਟਾ ਨਹੀਂ ਬਲਕਿ ਭਾਵਾਂ ਦੇ ਅਨੁਸਾਰ ਛੰਦਾਂ ਦੇ ਚੌਖਟੇ ਨੂੰ ਖੁਲ੍ਹਾ ਛੁਲ੍ਹਾ ਰੱਖਿਆ ਗਿਆ ਹੈ। ਤਾਂ ਵੀ ਗੁਰੂ ਜੀ ਆਪ-ਮੁਹਾਰੇ ਛੰਦ ਨਿਭਾਉਣ ਵਿਚ ਕਾਫ਼ੀ ਹੱਦ ਤਕ ਸਫਲ ਹੀ ਕਹੇ ਜਾ ਸਕਦੇ ਹਨ।

SikhBookClub.com

ਆਪ ਦੀ ਰਚਨਾ 18 ਰਾਗਾਂ ਵਿਚ ਕੀਤੀ ਮਿਲਦੀ ਹੈ ਪਰ ਉਸ ਮੁਤਾਬਕ ਛੰਦ ਉਨੇ ਨਹੀਂ ਵਰਤੇ ਮਿਲਦੇ। ਛੰਦ ਆਪ ਨੇ ਥੋੜੀ ਗਿਣਤੀ ਵਿਚ ਵਰਤੇ ਹਨ। ਛੰਦਾਂ ਦੇ ਵਰਤਣ ਵਿਚ ਦੋਹਰਾ ਜ਼ਰੂਰੀ ਹੈ ਪਰ ਉਹ ਦੋਹਰਾ ਅਕੇਵਾਂ ਨਹੀਂ ਕਰਦਾ। ਆਪ ਨੇ ਆਪਣੇ ਤੋਂ ਪਹਿਲੇ ਵਰਤੇ ਛੰਦਾਂ ਨੂੰ ਹੀ ਵਰਤਿਆ ਹੈ। ਬਾਬ ਸ਼ੇਖ ਫਰੀਦ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਪਿਰਤ ਚਲਾਈ, ਆਪ ਵੀ ਉਸੇ 'ਤੇ ਕਾਇਮ ਰਹੇ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਜ਼ਿਆਦਾ ਛੰਦ ਵਰਤੇ ਹਨ ਤੇ ਨਾਲੇ ਆਪਣੀ ਲਿਖਤ ਵਿਚ ਸੰਜਮ ਵਰਤਿਆ ਹੈ। ਚਾਹੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨਾਲੋਂ ਘੱਟ ਛੰਦ ਵਰਤੇ ਹਨ ਪਰ ਤਾਂ ਵੀ ਜੋ ਵਰਤੇ ਹਨ, ਉਹਨਾਂ ਨੂੰ ਵਰਤਣ ਵਿਚ ਮਹਾਨਤਾ ਪ੍ਰਾਪਤ ਕੀਤੀ ਹੈ।

ਰੂਪਕ ਪੱਖ ਤੋਂ ਅਨੰਦ ਸਾਹਿਬ ਤੇ ਵਾਰਾਂ ਦੀ ਬਣਤਰ ਵਿਚ ਕੋਈ ਬਹੁਤਾ ਫ਼ਰਕ ਨਹੀਂ ਮਿਲਦਾ, ਪਰ ਦੂਜੀਆਂ ਬਾਣੀਆਂ ਵਿਚ ਫ਼ਰਕ ਹੈ।

ਇਕ ਗੱਲ ਛੰਦਾਂ ਵਿਚ ਦੇਖਣ ਵਾਲੀ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਉਹੀ ਛੰਦ ਜ਼ਿਆਦਾ ਵਰਤੇ ਮਿਲਦੇ ਹਨ, ਜੋ ਇਹਨਾਂ ਤੋਂ ਪਹਿਲਾਂ ਬਾਬਾ ਸ਼ੇਖ ਫ਼ਰੀਦ ਜੀ, ਸ੍ਰੀ ਗੁਰੂ ਨਾਨਕ ਤੇ ਹੋਰ ਸੰਤ ਕਵੀਆਂ ਨੇ ਵਰਤੇ। ਉਨ੍ਹਾਂ ਦਾ ਪ੍ਰਭਾਵ ਆਪ 'ਤੇ ਕਾਫੀ ਪਿਆ। ਚੌਪਈ ਹੀ ਲੈ ਲਵੋ, ਉਸ ਦਾ ਅਸਰ ਆਪ 'ਤੇ ਕਾਫ਼ੀ ਪਿਆ। ਇਹ ਇਸ ਕਰਕੇ ਪਿਆ ਹੈ ਕਿ ਆਪ ਨੇ ਵੀ ਬਾਣੀ ਕਿਸੇ ਪਿੰਗਲ ਦੇ ਨਿਯਮ ਹੇਠ ਨਹੀਂ ਰਚੀ ਤੇ ਉਸੇ ਤਰ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਬਾਣੀ ਕਿਸੇ ਪਾਬੰਦੀ ਹੇਠ ਨਹੀਂ ਰਚੀ ਸਗੋਂ ਭਾਵ ਤੇ ਲੈਅ ਨੂੰ ਮੁੱਖ ਰੱਖ ਕੇ ਹੀ ਲਿਖੀ ਤੇ ਉਹ ਆਪਣੇ ਆਪ ਹੀ ਛੰਦਾਂ ਦੇ ਵਹਾਅ ਵਿਚ ਵਹਿੰਦੀ ਰਹੀ। ਦੋਹਰਾ ਹੀ ਲੈ ਲਵੋ, ਉਸ ਦਾ ਅਸਰ ਵੀ ਪ੍ਰਤੱਖ ਹੈ। ਇਸੇ ਤਰ੍ਹਾਂ ਹੋਰ ਵੀ ਕਈ ਛੰਦ ਹਨ।

ਗੁਰੂ ਅਮਰਦਾਸ ਜੀ ਦੇ ਛੰਦਾਂ ਦਾ ਪ੍ਰਭਾਵ ਭਾਵੇਂ ਪਿਛਲੇਰੇ ਕਵੀਆਂ 'ਤੇ ਪਿਆ, ਪਰ ਕੁਝ ਘੱਟ ਹੀ। ਕਿਉਂਕਿ ਬਾਅਦ ਵਿਚ ਕਵਿਤਾ ਵਿਚ ਰੁਮਾਂਸ ਆਦਿ ਨੇ ਥਾਂ ਲੈ ਲਈ। ਕਵਿਤਾ ਲੋਕ ਪੱਧਰ ਦੀ ਲਿਖੀ ਜਾਣੀ ਸ਼ੁਰੂ ਹੋ ਗਈ। ਮੁੱਖ ਰੂਪ ਵਿਚ ਬੈਂਤ ਹੀ ਵਰਤਿਆ ਜਾਣ ਲੱਗਾ। ਪਰ ਅਸੀਂ ਇਹ ਬਿਲਕੁਲ ਨਹੀਂ ਕਹਿ ਸਕਦੇ ਕਿ ਪ੍ਰਭਾਵ ਪਿਆ ਹੀ ਨਹੀਂ। ਫੇਰ ਵੀ ਮਹਾਨ ਰਚਨਾ ਛੰਦ ਭਰਪੂਰ ਹੋਣ ਕਰਕੇ ਦੂਸਰੇ ਕਵੀਆਂ 'ਤੇ ਅਸਰ ਜ਼ਰੂਰ ਪਾਉਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਗੁਰਦਾਸ ਜੀ ਨੇ ਵੀ ਕਿਤੇ ਕਿਤੇ ਪ੍ਰਭਾਵ ਗ੍ਰਹਿਣ ਕੀਤਾ ਜ਼ਰੂਰ ਮਿਲਦਾ ਹੈ।

ਆਖ਼ਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਮਰਦਾਸ ਜੀ ਦੇ ਵਰਤੇ ਛੰਦ ਕਾਫ਼ੀ ਮਹੱਤਵਪੂਰਨ ਹਨ। ਭਾਵੇਂ ਉਹਨਾਂ ਨੇ ਲੈਅ, ਤਾਲ ਤੇ ਭਾਵ ਨੂੰ ਪਹਿਲ ਦਿੱਤੀ ਹੈ ਤੇ ਛੰਦਾਂ ਨੂੰ ਦੂਸਰੀ ਥਾਂ ਦਿੱਤੀ, ਪਰ ਤਾਂ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਛੰਦ ਦਾ ਕੋਈ ਮਹੱਤਵ ਨਹੀਂ। ਸਾਰੀ ਬਾਣੀ ਨੂੰ ਧਿਆਨ ਨਾਲ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਤੁਕ ਛੰਦਾਂ ਦੇ ਪ੍ਰਭਾਵ ਤੋਂ ਬਚ ਨਹੀਂ ਸਕੀ। ਛੰਦ ਆਪਣਾ ਰੂਪ ਕਵਿਤਾ ਵਿਚ ਆਪ ਹੀ ਧਾਰਦੇ ਗਏ। ਸੋ ਅਸੀਂ ਕਹਿ ਸਕਦੇ ਹਾਂ ਕਿ ਛੰਦ ਵੀ ਗੁਰੂ ਜੀ ਦੀ ਰਚਨਾ ਵਿਚ ਕਾਫੀ ਮਹੱਤਤਾ ਰੱਖਦੇ ਹਨ।

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ

ਗੁਰੂ ਦਾ ਸੰਕਲਪ

ਉਸ ਪਰਮਾਤਮਾ ਦੀ ਸਮਝ, ਪ੍ਰਤੀਤ ਤੇ ਪ੍ਰੇਮ ਵਾਸਤੇ ਇਕ ਬਹੁਤ ਵੱਡਾ ਤੇ ਆਵਸ਼ੱਕ ਸਾਧਨ ਗੁਰੂ ਦੀ ਸ਼ਰਨ ਹੈ। ਸਿੱਖ ਮਤ ਵਿਚ ਸ਼ਬਦ 'ਗੁਰੂ' ਸਾਧਾਰਨ ਉਸਤਾਦ ਜਾਂ ਅਧਿਆਪਕ ਦੇ ਅਰਥਾਂ ਵਿਚ ਨਹੀਂ, ਸਗੋਂ 'ਗੁਰੂ' ਪਦ ਸਿੱਖ ਧਰਮ ਵਿਚ ਉਨ੍ਹਾਂ ਅਰਥਾਂ ਵਿਚ ਵਰਤਿਆ ਗਿਆ ਹੈ ਜਿਨ੍ਹਾਂ ਵਿਚ ਪਹਿਲੋਂ 'ਅਵਤਾਰ' ਵਰਤਿਆ ਜਾਂਦਾ ਸੀ ਤੇ ਇਸ ਦਾ ਭਾਵ ਉਨ੍ਹਾਂ ਖਾਸ ਹਸਤੀਆਂ ਤੋਂ ਹੈ ਜੋ ਨਿਰੰਕਾਰ ਵਲੋਂ ਧਰਮ ਨੂੰ ਮੁੜ ਪ੍ਰਗਟ ਕਰਨ ਲਈ ਘੱਲੀਆਂ ਗਈਆਂ। ਗੁਰੂ ਪਦ ਦਾ ਉਹ ਅਰਥ ਨਹੀਂ ਜਿਸ ਵਿਚ ਸਿੱਖੀ ਤੋਂ ਪਹਿਲਾਂ ਆਮ ਹਿੰਦੂ ਇਸ ਨੂੰ ਵਰਤਦੇ ਸਨ। ਹਰ ਇਕ ਹਿੰਦੂ ਆਪਣੀ ਆਤਮਕ ਉੱਨਤੀ ਲਈ ਕਿਸੇ ਭਲੇ ਪੁਰਖ ਨੂੰ ਆਪਣਾ 'ਗੁਰੂ' ਧਾਰਦਾ ਸੀ।

(ਪ੍ਰਿੰ. ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ ੧੧੩)

ਗੁਰੂ ਅਮਰਦਾਸ ਜੀ ਮਾਝ ਰਾਗ ਵਿਚ ਸਪੱਸ਼ਟ ਕਰਦੇ ਹਨ:

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ॥
ਗੁਰ ਪਰਸਾਦੀ ਮਿਲਿ ਸੋਝੀ ਪਾਈ॥

(ਪੰਨਾ ੧੨੪)

ਇਉਂ ਸਿੱਖ ਧਰਮ ਵਿਚ ਗੁਰੂ ਸ਼ਬਦ ਦਾ ਅਰਥ ਮੁਸਲਮਾਨੀ ਸ਼ਬਦ ਪੈਗ਼ੰਬਰ ਨਾਲ ਵਧੇਰੇ ਮਿਲਦਾ ਹੈ, ਅਰਥਾਤ ਉਹ ਵਿਸ਼ੇਸ਼ ਸ਼ਖ਼ਸੀਅਤ ਜੋ ਪਰਮਾਤਮਾ ਦਾ ਪੈਗਾਮ (ਸੁਨੇਹਾ) ਲੈ ਕੇ ਸੰਸਾਰ ਵਿਚ ਆਉਂਦਾ ਹੈ। ਹੋਰ ਵੀ ਸਪੱਸ਼ਟ ਸ਼ਬਦਾਂ ਵਿਚ ਇਉਂ ਕਹਿ ਸਕੀਦਾ ਹੈ ਕਿ ਗੁਰਮਤਿ ਇਹ ਨਹੀਂ ਮੰਨਦੀ ਕਿ ਕਦੇ ਪਰਮਾਤਮਾ ਆਪ ਜੂਨ, ਜਨਮ ਜਾਂ ਮਨੁੱਖੀ ਰੂਪ ਵਿਚ ਆਉਂਦਾ ਹੈ, ਪਰ ਗੁਰਮਤਿ ਇਹ ਮੰਨਦੀ ਹੈ ਕਿ ਸਤਿਗੁਰੂ ਤੇ ਵਾਹਿਗੁਰੂ ਇਕ ਰੂਪ ਹੋਏ ਹੁੰਦੇ ਹਨ। ਸੱਚੇ ਗੁਰੂ ਤੋਂ ਹੀ ਮਨੁੱਖ ਦੇ ਭਰਮ ਕੱਟੇ ਜਾ ਸਕਦੇ ਹਨ। ਇਸ ਲਈ ਜੋ ਵਿਚਾਰ ਪ੍ਰਚਲਤ ਹੈ ਕਿ ਸਿੱਖ ਨੂੰ ਉਸ ਦੇ ਵਿਸ਼ਵਾਸ ਜਾਂ ਨਿਸ਼ਚੇ ਨੇ ਹੀ ਤਾਰਨਾ ਹੈ ਜਿਥੇ ਮਰਜ਼ੀ ਭਰੋਸਾ ਕਰ ਲਵੇ ਇਸ ਨਾਲ ਗੁਰਮਤਿ ਸਹਿਮਤ ਨਹੀਂ:

ਅੰਧੇ ਗੁਰੂ ਤੇ ਭਰਮੁ ਨ ਜਾਈ॥

(ਪੰਨਾ ੨੩੨)

SikhBookClub.com

ਅਤੇ

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥

(ਪੰਨਾ ੯੫੧)

ਗੁਰਬਾਣੀ ਵਿਚ ਆਦਰਸ਼ ਗੁਰੂ ਦੇ ਕੁਝ ਲੱਛਣਾਂ ਵਲ ਭੀ ਥਾਂ-ਥਾਂ ਸੰਕੇਤ ਕੀਤਾ ਗਿਆ ਹੈ। ਅਸੀਂ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਹੀ ਕੁਝ ਦ੍ਰਿਸ਼ਟਾਂਤ ਦਿੰਦੇ ਹਾਂ:

ਸਤਿਗੁਰੁ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ॥
ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ॥

(ਪੰਨਾ ੬੦੨)

ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥

(ਪੰਨਾ ੬੩੮)

ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ॥
ਨਾਨਕ ਨਾਮੁ ਤਿਨਾ ਕਉ ਮਿਲੈ ਜਿਨ ਹਰਿ ਵੇਖੈ ਨਦਰਿ ਨਿਹਾਲਿ॥

(ਪੰਨਾ ੫੪੮)

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ॥
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ॥

(ਪੰਨਾ ੮੬)

ਗੁਰੂ ਕੋਲੋਂ ਸਾਨੂੰ ਉਪਦੇਸ਼ ਮਿਲਦਾ ਹੈ, ਇਸ ਲਈ ਗੁਰਮਤਿ ਅਨੁਸਾਰ 'ਸ਼ਬਦ' ਨੂੰ ਹੀ ਗੁਰੂ ਮੰਨਿਆ ਗਿਆ ਹੈ ਨਾ ਕਿ ਸਰੀਰ ਨੂੰ। ਗੁਰੂ ਜੀ ਦੇ ਬਚਨ ਜਿਸ ਨੂੰ ਸਿੱਖ ਭਾਸ਼ਾ ਵਿਚ ਗੁਰਬਾਣੀ ਆਖਿਆ ਜਾਂਦਾ ਹੈ, ਹੀ ਇਸ ਵੇਲੇ ਗੁਰੂ ਹਨ ਅਤੇ ਉਸ ਸ਼ਬਦ ਦੀ 'ਵਿਚਾਰ' ਨੂੰ ਮੰਨਣਾ ਹੀ ਸਿੱਖ ਨੂੰ ਮੁਕਤ ਕਰਦਾ ਹੈ। ਗੁਰੂ ਅਮਰਦਾਸ ਜੀ ਨੇ ਲਿਖਿਆ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥

(ਪੰਨਾ ੫੯੪)

ਉਸ ਸ਼ਬਦ ਦੀ ਕਮਾਈ ਦੁਆਰਾ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ:

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥

(ਪੰਨਾ ੨੨)

ਅਤੇ

SikhBookClub.com

ਜੀਉ ਪਿੰਡੁ ਸਭੁ ਹੈ ਤਿਸੁ ਕੇਰਾ॥ ਸਚਾ ਸਾਹਿਬੁ ਠਾਕੁਰੁ ਮੇਰਾ॥
ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥

(ਪੰਨਾ ੧੦੫੮)

'ਗੁਰੂ' ਦੀ ਇਹ ਪਰਿਭਾਸ਼ਾ ਅਤੇ ਪਰੀਚਯ ਦੇਣ ਤੋਂ ਪਿੱਛੋਂ ਅਸੀਂ ਗੁਰੂ ਅਮਰਦਾਸ ਜੀ ਰਚਿਤ ਵਾਰਾਂ ਦੇਖਦੇ ਹਾਂ ਕਿ ਇਨ੍ਹਾਂ ਵਾਰਾਂ ਵਿਚ ਗੁਰੂ ਦਾ ਕੀ ਸੰਕਲਪ (concept) ਹੈ:

ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥
ਗੁਰ ਕੀ ਸਿਖ ਕੋ ਵਿਰਲਾ ਲੇਵੈ॥
ਨਾਨਕ ਜਿਸੁ ਆਪਿ ਵਡਿਆਈ ਦੇਵੈ॥

(ਪੰਨਾ ੫੦੯)

ਭਾਵ ਇਹ ਕਿ ਗੁਰੂ ਜੋ ਦੱਸੇ, ਉਸ ਦੀ ਕਮਾਈ ਕਰਨ ਨਾਲ ਹੀ ਸਿੱਖ ਦਾ ਭਲਾ ਹੈ ਅਤੇ ਗੁਰੂ ਦੀ ਸਿਖਿਆ ਮੰਨਣ ਲਈ ਅਹੰਕਾਰ ਅਤੇ ਆਪਣੇ ਪਾਪ ਛੱਡਣੇ ਪੈਂਦੇ ਹਨ ਫਿਰ ਸਿੱਖ ਦਾ ਮਨ ਸਾਫ਼ ਹੁੰਦਾ ਹੈ।

ਇਸੇ ਲਈ ਹੋਰ ਵੀ ਪੱਕੀ ਕੀਤੀ ਹੈ ਕਿ ਸਿੱਖ ਨੂੰ ਗੁਰੂ ਦੀ ਸਿਖਿਆ ਸੁਣਨੀ ਚਾਹੀਦੀ ਹੈ ਇਉਂ ਹੀ ਉਸ ਦੇ ਅੰਦਰ ਗੁਣ ਪੈਦਾ ਹੋਣਗੇ ਅਤੇ ਉਸ ਦਾ ਸਤਿਕਾਰ ਹੋਵੇਗਾ ਅਤੇ ਨਾਲ ਹੀ ਉਸ ਦਾ ਪਰਮਾਤਮਾ ਨਾਲ ਮੇਲ ਹੋਵੇਗਾ:

ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ॥
ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥
ਅੰਤਰਿ ਸੀਤਲ ਸਾਂਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ॥
ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ॥

(ਪੰਨਾ ੫੧੧)

ਇਕ ਹੋਰ ਵਿਚਾਰ ਪੈਦਾ ਹੁੰਦਾ ਹੈ ਕਿ ਸਿੱਖ ਆਪ ਹੀ ਕਿਉਂ ਚੰਗੇ ਰਾਹ ਨਹੀਂ ਚਲ ਪੈਂਦਾ ਜਿਸ ਦਾ ਉੱਤਰ ਭਾਈ ਜੋਧ ਸਿੰਘ ਨੇ ਇਉਂ ਦਿੱਤਾ ਹੈ:

ਪਹਿਲਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਮਨੁੱਖ ਆਪਣੀ ਵਿਚਾਰ ਦੁਆਰਾ ਕਿਉਂ ਨਹੀਂ ਛੁੱਟ ਸਕਦਾ? ਗੁਰੂ ਦੀ ਲੋੜ ਹੀ ਕੀ ਹੈ? ਸਾਡੇ ਅੰਦਰ ਇਹ ਭੁਲੇਖਾ ਪਾਇਆ ਹੋਇਆ ਹੈ ਕਿ ਮਨੁੱਖ ਵਿਚਾਰਵਾਨ ਜੀਵ ਹੈ ਅਤੇ ਹਰ ਕੰਮ ਕਰਨ ਲੱਗਿਆਂ ਇਹ ਵਿਚਾਰ ਦੇ ਆਸਰੇ ਤੁਰਦਾ ਹੈ। ਅੱਜ ਕੱਲ ਦੀ ਮਾਨਸਿਕ ਖੋਜ ਇਸ ਸਿੱਟੇ 'ਤੇ ਪੁੱਜੀ ਹੈ ਕਿ ਇਹ ਮਨੋਂਤ ਉੱਕਾ ਗ਼ਲਤ ਹੈ। ਮਨੁੱਖ ਸੁਭਾਵ ਦੇ ਆਸਰੇ ਤੁਰਦਾ ਹੈ, ਵਿਚਾਰ ਦੇ ਆਸਰੇ ਨਹੀਂ ਤੁਰਦਾ। ਵਿਚਾਰ ਨੂੰ ਬਹੁਤਾ ਮਨੁੱਖ ਆਪਣੀ ਸੁਭਾਵਕ ਕਿਰਿਆ ਨੂੰ ਠੀਕ ਸਾਬਤ ਕਰਨ ਲਈ ਵਰਤਦਾ ਹੈ।

ਭਾਵ ਇਹ ਕਿ ਕਿਰਿਆ ਦੀ ਨੀਂਹ ਤਾਂ ਕਾਮ ਕਰੋਧ ਆਦਿ ਦੇ ਆਸਰੇ ਹੁੰਦੀ ਹੈ ਪਰ ਆਪਣੇ ਕਰਮਾਂ ਨੂੰ ਠੀਕ ਸਾਬਤ ਕਰਨ ਲਈ ਮਨੁੱਖ ਵਿਚਾਰ ਦਾ ਪਰਦਾ ਉਨ੍ਹਾਂ 'ਤੇ ਪਾਉਂਦਾ ਹੈ। ਦੂਜੀ ਗੱਲ ਇਹ ਹੈ ਕਿ ਮਨੁੱਖ ਦੀ ਵਿਚਾਰ ਉਹਦੇ ਤਜਰਬੇ ਤੋਂ ਅਗਾਹਾਂ ਨਹੀਂ ਵੱਧ ਸਕਦੀ। ਹੰਸ

SikhBookClub.com

ਤੇ ਡੱਡੂ ਦੀ ਮਸ਼ਹੂਰ ਕਥਾ ਵਾਲਾ ਹੀ ਲੇਖਾ ਹੈ। ਖੂਹ ਦੇ ਡੱਡੂ ਪਾਸ ਮਾਨ-ਸਰੋਵਰ ਦਾ ਹੰਸ ਆਇਆ। ਡੱਡੂ ਨੇ ਪੁੱਛਿਆ ਮਾਨ-ਸਰੋਵਰ ਕਿੰਨਾ ਕੁ ਵੱਡਾ ਹੈ। ਡੱਡੂ ਟਪੂਸੀ ਮਾਰ ਖੂਹ ਦੀ ਅੱਧੀ ਚੌੜਾਈ ਟੱਪ ਗਿਆ ਤੇ ਕਿਹਾ ਇਤਨਾ ਕੁ। ਹੰਸ ਕਿਹਾ ਨਹੀਂ ਬਹੁਤ ਵੱਡਾ ਹੈ। ਡੱਡੂ ਨੇ ਇਕ ਹੋਰ ਜਤਨ ਕੀਤਾ ਤੇ ਛਾਲ ਮਾਰ ਕੇ ਖੂਹ ਦੀ ਸਾਰੀ ਚੌੜਾਈ ਨੂੰ ਮੁਕਾ ਦਿੱਤਾ ਤੇ ਕਿਹਾ ਇੰਨਾ ਕੁ। ਹੰਸ ਨੇ ਕਿਹਾ ਨਹੀਂ ਬਹੁਤ ਵੱਡਾ। ਡੱਡੂ ਨੇ ਕਿਹਾ ਜਾਹ ਝੂਠਿਆ। ਇਸ ਕੋਲੋਂ ਵੱਡਾ ਜਲ ਦਾ ਤਲਾ ਹੋਰ ਕੀ ਹੋਣਾ ਹੋਇਆ.....

(ਪ੍ਰਿ· ਜੋਧ ਸਿੰਘ, ਗੁਰਮਤਿ ਨਿਰਣਯ, ੧੯੩੨, ਪੰਨਾ ੧੧੦-੧੧੨)

ਇਸੇ ਤਰ੍ਹਾਂ ਹੀ ਰਾਮਕਲੀ ਦੀ ਵਾਰ ਵਿਚ ਗੁਰੂ ਜੀ ਨੇ ਸਾਫ਼ ਹੀ ਕਿਹਾ ਹੈ:

ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ॥
ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ॥

(ਪੰਨਾ ੯੫੦)

ਉਪਰੋਕਤ ਸੰਖੇਪ ਵਿਵੇਚਨ ਤੋਂ ਸਪੱਸ਼ਟ ਹੈ ਕਿ ਗੁਰੂ ਅਮਰਦਾਸ ਜੀ ਨੇ 'ਗੁਰੂ' ਪ੍ਰਤੀ ਵਿਸ਼ੇਸ਼ ਸ਼ਰਧਾ ਵਿਖਾਈ ਹੈ ਅਤੇ 'ਗੁਰੂ' ਨੂੰ 'ਚਾਨਣ ਮੁਨਾਰੇ' ਦੇ ਰੂਪ ਵਿਚ ਦਰਸਾਇਆ ਹੈ ਜੋ ਭਵ-ਸਾਗਰ ਨੂੰ ਪਾਰ ਕਰਾ ਕੇ ਸੰਸਾਰਿਕ ਪ੍ਰਾਣੀਆਂ ਨੂੰ ਉਸ 'ਅਕਾਲ ਪੁਰਖ' ਨਾਲ ਮੇਲਦਾ ਹੈ।

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ: ਬ੍ਰਹਮ ਗਿਆਨ

ਸਾਰੇ ਜਗਤ ਦੇ ਸਾਹਿਤ ਵਿਚੋਂ ਕੇਵਲ ਸ੍ਰੀ ਗੁਰੂ ਅਮਰਦਾਸ ਜੀ ਹੀ ਸਿੱਧ ਹੁੰਦੇ ਹਨ; ਜਿਨ੍ਹਾਂ 72 ਵਰ੍ਹਿਆਂ ਦੀ ਉਮਰ ਲੰਘ ਕੇ ਹੀ ਬਾਣੀ ਰਚਨਾ ਅਰੰਭੀ ਹੋਵੇ ਤੇ ਅਨੰਦੁ ਸਾਹਿਬ ਜੈਸਾ ਸਰਲ ਤੇ ਵਿਸ਼ਾਲ ਬ੍ਰਹਮ ਗਿਆਨ ਰਚਿਆ ਹੋਵੇ। ਗੁਰੂ ਜੀ ਦੀ ਰਚਨਾ 18 ਰਾਗਾਂ ਵਿਚ ਲਿਖੀ ਹੋਈ ਮਿਲਦੀ ਹੈ:

ਸਿਰੀ ਰਾਗ, ਮਾਝ ਰਾਗ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸ, ਧਨਾਸਰੀ, ਸੂਹੀ, ਬਿਲਾਵਲ, ਮਾਰੂ, ਰਾਮਕਲੀ, ਭੈਰਉ, ਬਸੰਤ, ਸਾਰੰਗ, ਮਲਾਰ, ਪਰਭਾਤੀ ਅਤੇ ਸੋਰਠਿ।

ਗੁਰੂ ਅਮਰਦਾਸ ਜੀ ਦੀ ਖੋਜ, ਜੋ ਸੁੰਨ-ਸਮਾਧੀ ਦੀ ਅਵਸਥਾ ਵਿਖੇ ਅਧਿਆਤਮਕ ਤਜਰਬਿਆਂ ਦੁਆਰਾ ਕੀਤੀ ਗਈ ਸੀ, ਅਨੁਸਾਰ ਉਹ ਸਰਬ-ਕਲਾ ਸਮਰੱਥ ਚੇਤਨ ਸ਼ਕਤੀ (ਵਾਹਿਗੁਰੂ ਜੀ) ਸਾਰੇ ਬ੍ਰਹਿਮੰਡ ਵਿਖੇ ਆਕਾਸ਼ ਵਾਂਗ ਵਿਆਪਕ ਹੈ ਤੇ ਪਰਕਿਰਤੀ ਦੇ ਕਣ-ਕਣ ਵਿਖੇ ਸਮਾਇਆ ਹੋਇਆ ਹੈ ਅਤੇ ਓਸ ਦਾ ਉਹ ਅੰਸ਼ ਜਾਂ ਭਾਗ, ਜੋ ਜੀਵਾਂ ਦੇ ਮਨਾਂ (ਦਿਮਾਗਾਂ) ਵਿਖੇ ਮੂਰਤੀਮਾਨ ਹੈ, ਆਤਮਾ, ਰੂਹ ਜਾਂ ਸੁਹਜ ਕਹਾਉਂਦਾ ਹੈ, ਇਸ ਲਈ ਇਹ ਓਸ ਨਾਲੋਂ ਵੱਖਰੀਆਂ ਹਸਤੀਆਂ ਨਹੀਂ ਹਨ। ਜਿਵੇਂ:

ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥

(ਪੰਨਾ ੧੨੪)

ਇਸ ਸਰੀਰ-ਰੂਪੀ ਗੁਫਾ ਵਿਖੇ ਮਨ-ਰੂਪੀ ਅਖੁੱਟ ਭੰਡਾਰਾ ਹੈ, ਜਿਸ ਵਿਚ ਨਾ ਸਮਝੀ ਜਾਣ ਵਾਲੀ ਅਪਰੰ-ਅਪਾਰ ਸ਼ਕਤੀ ਮੂਰਤੀਮਾਨ ਹੈ। ਜਦੋਂ ਇਹ ਮਨ ਵਿਚ ਮੂਰਤੀਮਾਨ ਨਹੀਂ ਹੁੰਦੀ ਤਾਂ ਇਹ ਗੁਪਤ ਹੁੰਦੀ ਹੈ ਤੇ ਜਦੋਂ ਮੂਰਤੀਮਾਨ ਹੋ ਜਾਂਦੀ ਹੈ ਤਾਂ ਇਹ ਪ੍ਰਗਟ ਹੁੰਦੀ ਹੈ, ਪਰ ਇਹ ਭੇਦ ਗੁਰੂ ਜੀ ਦੇ ਸ਼ਬਦ ਜਾਂ ਉਪਦੇਸ਼ ਅਨੁਸਾਰ ਚੱਲਣ ਨਾਲ ਸਮਝ ਵਿਚ ਆਉਂਦਾ ਹੈ।

ਗੁਰੂ ਜੀ ਇਸ ਸੱਚਾਈ ਨੂੰ ਖੋਲ੍ਹ ਕੇ ਵਰਣਨ ਕਰਦੇ ਹਨ ਕਿ ਮਨ ਅੰਦਰ ਜਿਹੜੀ ਅਣਸਾਧੀ ਮਤਿ (ਮਨਮਤਿ) ਹੈ, ਉਹ ਹੀ ਕਰਮ ਇੰਦਰਿਆਂ ਨੂੰ ਬੁਰੇ ਪਾਸੇ ਚਲਾਂਦੀ ਹੈ, ਜਿਸ ਨੂੰ ਸੱਚੇ ਗੁਰੂ ਦੇ ਦੱਸੇ ਗਿਆਨ ਰੂਪੀ ਅੰਕਸ ਦੁਆਰਾ ਸੋਧਣਾ (ਵਿਸ਼ੇ-ਵਿਕਾਰਾਂ ਦੇ ਪ੍ਰਭਾਵਾਂ ਤੋਂ ਸੁਤੰਤਰ ਕਰਨਾ) ਚਾਹੀਦਾ ਹੈ, ਕਿਉਂ ਜੋ ਮਾਇਆ ਦੇ ਪ੍ਰਭਾਵ ਤੇ ਹਉਮੈ ਦੇ ਭਰਮ ਦੇ ਮਿਟ ਜਾਣ ਨਾਲ ਸੁਚੇਤ ਬੁਧੀ ਪ੍ਰਧਾਨ ਹੋ ਜਾਂਦੀ ਹੈ ਤੇ ਕਰਮ ਇੰਦਰੀਆਂ ਨੂੰ ਠੀਕ ਚਲਾਣ ਲੱਗ ਜਾਂਦੀ ਹੈ। ਜਿਵੇਂ:

ਮਨੁ ਮੈ ਮਤੁ ਮੈਗਲ ਮਿਕਦਾਰਾ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ॥੨॥

SikhBookClub.com

ਮਨੁ ਅਸਾਧੁ ਸਾਧੈ ਜਨੁ ਕੋਇ॥
ਅਚਰੁ ਚਰੈ ਤਾ ਨਿਰਮਲੁ ਹੋਇ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ॥
ਹਉਮੈ ਵਿਚਹੁ ਤਜੇ ਵਿਕਾਰ॥੩॥ (ਪੰਨਾ ੧੫੯)

ਫੇਰ ਗੁਰੂ ਜੀ ਦੱਸਦੇ ਹਨ ਕਿ ਜਦੋਂ ਗੁਰਸਿੱਖ ਗੁਰੂ ਦੇ ਪ੍ਰਚਾਰੇ ਗਿਆਨ ਰੂਪੀ ਸੁਰਮੇ ਨੂੰ ਸੱਚ-ਮੁੱਚ ਹੀ ਅੱਖਾਂ ਵਿਚ ਪਾ ਲੈਂਦਾ ਹੈ ਜਾਂ ਸਮਝ ਕੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਂਦਾ ਹੈ, ਤਾਂ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ ਤੇ ਗਿਆਨ ਦਾ ਚਾਨਣ ਪ੍ਰਕਾਸ਼ਮਾਨ ਹੋ ਜਾਂਦਾ ਹੈ, ਤਾਂ ਮਨ ਸਿੱਧੇ ਰਸਤੇ ਪੈ ਜਾਂਦਾ ਹੈ ਤੇ ਆਤਮ-ਜੋਤਿ ਸੱਚੀ-ਸੁੱਚੀ ਤੇ ਗੁਣਵੰਤੀ ਹੋ ਜਾਂਦੀ ਹੈ ਤੇ ਓਸ ਪਰਮ-ਜੋਤੀ ਨਾਲ ਮਿਲਾਪ ਕਰ ਲੈਂਦੀ ਹੈ ਅਤੇ ਸੱਚਖੰਡ ਵਿਖੇ ਮਾਣ ਸਤਿਕਾਰ ਪ੍ਰਾਪਤ ਕਰ ਲੈਂਦੀ ਹੈ। ਜਿਵੇਂ:

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥

(ਪੰਨਾ ੧੨੪)

ਗੁਰੂ ਜੀ ਨੇ ਆਪਣੇ ਨਿੱਜੀ ਅਧਿਆਤਮਕ ਤਜਰਬਿਆਂ ਦੁਆਰਾ ਇਹ ਖੋਜ ਵੀ ਕੀਤੀ ਹੈ ਕਿ ਸਰੀਰ ਦੇ ਨੌਂ ਦਰਵਾਜ਼ੇ ਬਾਹਰ-ਮੁਖੀ ਸੰਸਾਰ ਵਲ ਖੁੱਲ੍ਹਦੇ ਹਨ, ਪਰ ਦਸਵਾਂ ਦੁਆਰ ਅੰਤਰ-ਮੁਖੀ ਮਨ ਓਸ ਸਰਬ-ਵਿਆਪਕ ਪ੍ਰਬਲ ਚੇਤਨ ਸ਼ਕਤੀ (ਵਾਹਿਗੁਰੂ ਜੀ) ਵਲ ਖੁੱਲ੍ਹਦਾ ਹੈ। ਧਨ-ਦੌਲਤ ਦੀਆਂ ਖਿੱਚਾਂ, ਸੁੰਦਰਤਾ ਦੀਆਂ ਲਿਸ਼ਕਾਂ, ਜੋਬਨ ਦੀਆਂ ਮਟਕਾਂ, ਪ੍ਰੇਮ-ਪਿਆਰ ਦੇ ਹੁਲਾਰੇ, ਨਾਚ-ਰੰਗ, ਖੇਲ-ਤਮਾਸ਼ੇ ਅਤੇ ਲੜਾਈ-ਝਗੜੇ, ਮਾਰ-ਕੁਟਾਈ, ਚੀਕਾਂ-ਕੂਕਾਂ ਆਦਿਕ ਸਭ ਇਨ੍ਹਾਂ ਨੌਂ ਦਰਵਾਜ਼ਿਆਂ ਦੀ ਉਪਜ ਤੇ ਕਾਰ ਹੈ। ਪਰ ਮਨ ਦੀ ਬਿਰਤੀ ਵਾਹਿਗੁਰੂ ਜੀ ਵਲ ਜੋੜਨ ਨਾਲ ਤੇ ਦਸਮ ਦੁਆਰ ਦੇ ਖੁੱਲ੍ਹਣ ਨਾਲ ਇਹ ਸਭ ਕੁਝ ਅਲੋਪ ਹੋ ਜਾਂਦਾ ਹੈ ਤੇ ਅਨਹਦ ਸ਼ਬਦ ਦੀ ਝੁਣਕਾਰ ਸੁਣਨ ਲੱਗ ਜਾਂਦੀ ਹੈ ਅਤੇ ਸ਼ਾਂਤਮਈ ਤੇ ਅਨੰਦ-ਦਾਇਕ ਵਾਤਾਵਰਣ ਉਥੇ ਅਵੱਸ਼ ਮਿਲਦਾ ਹੈ, ਸਗੋਂ ਸਦੀਵੀ ਸੁੱਖ ਤੇ ਖ਼ੁਸ਼ੀਆਂ ਵੀ ਮਿਲ ਜਾਂਦੀਆਂ ਹਨ। ਜਿਵੇਂ:

ਨਉ ਦਰ ਠਾਕੇ ਧਾਵਤੁ ਰਹਾਏ॥
ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥

(ਪੰਨਾ ੧੨੪)

ਇਕ ਹੋਰ ਮਿਸਾਲ ਗੁਰੂ ਜੀ ਦਿੰਦੇ ਹਨ:

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥

(ਪੰਨਾ ੯੨੨)

SikhBookClub.com

ਗੁਰੂ ਅਰਜਨ ਦੇਵ ਜੀ ਨੇ ਇਸ ਅਗੰਮੀ ਅਨੰਦ-ਮਈ ਅਵਸਥਾ ਨੂੰ ਇਵੇਂ ਵਰਣਨ ਕੀਤਾ ਹੈ:

ਸਤਿਗੁਰ ਸਬਦਿ ਉਜਾਰੋ ਦੀਪਾ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥੧॥ਰਹਾਉ॥
ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ॥
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ॥

(ਪੰਨਾ ੮੨੧)

ਬਸ ਗੁਰਮੁਖਿ ਸਤਿਗੁਰੂ ਜੀ ਦੇ ਉਪਦੇਸ਼ ਅਨੁਸਾਰ ਚਲ ਕੇ ਜਦੋਂ ਅੰਤਰ ਧਿਆਨ ਹੋਣ ਦਾ ਅਭਿਆਸ ਪੂਰਨ ਕਰ ਲੈਂਦਾ ਹੈ, ਤਾਂ ਆਤਮ ਜੋਤਿ ਦਾ ਆਪਣੇ ਸੋਮੇ ਪਰਮ ਜੋਤੀ ਨਾਲ ਮੇਲ ਸਹਿਜ-ਸੁਭਾ ਹੀ ਹੋਣ ਲੱਗ ਜਾਂਦਾ ਹੈ ਤੇ ਆਤਮ-ਜੋਤਿ ਆਪਣੇ ਅਨੁਪਮ ਸੋਮੇ ਨਾਲ ਅਭੇਦਤਾ ਦਾ ਪਰਮ ਰਸ ਮਾਨਣ ਲੱਗ ਜਾਂਦਾ ਹੈ, ਸਗੋਂ ਗੁਰਮੁਖਿ ਸਰਬ-ਵਿਆਪਕ (Omnipresent), ਸਰਬ ਗਿਆਤਾ (Omniscient) ਤੇ ਸਰਬ ਸ਼ਕਤੀਮਾਨ (Omnipotent) ਪਰਮ ਜੋਤੀ ਦੇ ਅਚੰਭਤ ਚਰਿੱਤਰ ਅਨੁਭਵ ਕਰਕੇ ਬਿਸਮਾਦੀ ਦੀ ਹਾਲਤ ਧਾਰਨ ਕਰ ਲੈਂਦਾ ਹੈ, ਸਗੋਂ ਤਾਣੇ ਪੇਟੇ ਵਾਂਗ ਚਾਰੋਂ ਹੀ ਪਾਸੀਂ ਛਾਈ ਹੋਈ ਅਥਾਹ ਤੇ ਸਰਬ ਕਲਾ ਸਮਰਥ ਚੇਤਨ-ਸ਼ਕਤੀ ਨੂੰ (ਜੋ ਸਭਨੀ ਥਾਈਂ, ਉਚ-ਨੀਚ ਵਿਚ, ਅਕਾਸ਼-ਪਾਤਾਲ ਵਿਖੇ, ਬ੍ਰਹਿਮੰਡ ਦੇ ਕਿਣਕੇ ਕਿਣਕੇ ਵਿਚ ਤੇ ਘਟ ਘਟ ਵਿਖੇ ਬਿਰਾਜਮਾਨ ਹੈ ਅਤੇ ਸਾਰੇ ਬ੍ਰਹਿਮੰਡ ਨੂੰ ਆਪਣੇ ਤੇਜ਼ ਪਰਤਾਪ (ਅਟੱਲ ਨਿਯਮਾਂ) ਨਾਲ ਨੂਰੋ ਨੂਰ ਕਰਦੀ ਤੇ ਲੱਖਾਂ ਆਕਾਸ਼ਾਂ-ਪਾਤਾਲਾਂ ਨੂੰ ਆਪਣੇ ਪੱਕੇ ਅਟੱਲ ਨਿਯਮਾਂ ਦੁਆਰਾ ਚਲਾਂਦੀ ਹੈ, ਅਨੁਭਵ ਕਰਕੇ ਮਹਾਨਤਾ ਦੀ ਬਿਸਮਾਦੀ ਅਵਸਥਾ ਵਿਚ ਗੜੁੰਦ ਹੋ ਜਾਂਦਾ ਹੈ।

ਬਸ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਅਦਭੁੱਤ ਅਭੇਦਤਾ ਦੀ ਸੁੰਨ-ਸਮਾਧੀ ਦੀ ਅਵਸਥਾ ਦਾ ਪਰਮ-ਰਸ ਮਾਣਦੇ ਹੋਏ ਹੀ ਅਨੰਦੁ ਸਾਹਿਬ ਦੀ ਬਾਣੀ ਦੀ ਰਚਨਾ ਕੀਤੀ ਸੀ। ਜਿਵੇਂ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥

(ਪੰਨਾ ੯੧੭)

ਇਹ ਅਵਸਥਾ ਧਾਰਨ ਕਰਨ ਨਾਲ ਹੀ ਅਨੰਦ ਮਾਣਿਆ ਜਾਂਦਾ ਹੈ ਨਾ ਕਿ ਕਿਸੇ ਚਤੁਰਾਈ ਜਾਂ ਚਾਲਾਕੀ ਨਾਲ। ਜਿਵੇਂ

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥

(ਪੰਨਾ ੯੧੮)

ਅੱਗੇ ਗੁਰੂ ਜੀ ਉਹ ਸ਼ੁਭ ਲੱਛਣ ਵੀ ਦੱਸਦੇ ਹਨ, ਜਿਨ੍ਹਾਂ ਨਾਲ ਇਹ ਅਵਸਥਾ ਮਿਲਦੀ ਹੈ:

SikhBookClub.com

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥

(ਪੰਨਾ ੯੧੮-੧੯)

ਅਨੰਦੁ ਸ਼ਬਦ ਆਤਮਾ ਦੀ ਉਸ ਸਹਿਜ ਅਵਸਥਾ ਦਾ ਸੂਚਕ ਹੈ, ਜਿਸ ਵਿਚ ਸ਼ਾਂਤੀ, ਅਡੋਲਤਾ, ਤ੍ਰਿਪਤੀ, ਨਿਰਲੇਪਤਾ, ਕੋਮਲਤਾ, ਗੰਭੀਰਤਾ, ਆਦਿਕ ਸ਼ੁਭ ਲੱਛਣ ਉਪਤਪ ਹੁੰਦੇ ਹਨ ਤੇ ਅਨਹਦ ਸ਼ਬਦ ਦੀ ਝੁਣਕਾਰ ਸੁਣਾਈ ਦਿੰਦੀ ਹੈ ਅਤੇ ਆਤਮਾ ਪਰਮਾਤਮਾ ਵਿਖੇ ਲੀਨ ਹੋ ਕੇ ਅਭੇਦਤਾ ਦਾ ਪਰਮ-ਰਸ ਮਾਣਦਾ ਹੈ, ਜਿਸ ਨੂੰ ਪਰਮਾਤਮਾ ਦਾ ਮਨ ਵਿਚ ਬਸਣਾ ਕਿਹਾ ਜਾਂਦਾ ਹੈ। ਇਸ ਲਈ ਗੁਰੂ ਜੀ ਸਰੀਰ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਜੇ ਵਾਹਿਗੁਰੂ ਜੀ ਤੇਰੇ ਮਨ ਵਿਚ ਨਹੀਂ ਬਸੇ ਤੇਰਾ ਇਸ ਜਗ ਵਿਚ ਆਉਣ ਦਾ ਕੀ ਲਾਭ ਹੋਇਆ ਹੈ? ਗੁਰੂ ਜੀ ਫ਼ੁਰਮਾਨ ਕਰਦੇ ਹਨ:

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥੩੫॥

(ਪੰਨਾ ੯੨੨)

ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਇਸ ਅਨੰਦ-ਮਈ ਅਵਸਥਾ ਦੀ ਪ੍ਰਾਪਤੀ ਦੇ ਲਾਭ ਵੀ ਵਰਣਨ ਕਰਦੇ ਹਨ:

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤ੍ਰ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥

(ਪੰਨਾ ੯੨੨)

ਗੁਰਬਾਣੀ ਵਿਚ ਭਾਵੇਂ ਓਸ ਸਰਬ-ਕਲਾ ਸਮਰਥ ਚੇਤਨ-ਸ਼ਕਤੀ ਦੇ ਅਨੇਕ ਨਾਮ ਆਉਂਦੇ ਹਨ, ਪਰ ਸਿਮਰਨ ਜਾਂ ਜਪਣ ਲਈ ਕੇਵਲ ਵਾਹਿਗੁਰੂ ਨਾਮ ਹੀ ਗੁਰਬਾਣੀ ਸਭ ਤੋਂ ਉੱਤਮ ਜਾਂ ਸਰੇਸ਼ਟ ਸਿੱਧ ਕਰਦੀ ਹੈ, ਜਿਵੇਂ:

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਣੇ॥ *(ਪੰਨਾ ੯੧੭)*

SikhBookClub.com

ਜਿਹੜੀ ਸਿਫਤ ਉਸ ਪ੍ਰਬਲ ਚੇਤਨ-ਸ਼ਕਤੀ ਦੀ ਸਦਾ ਸਥਿਰ ਰਹਿਣ ਵਾਲੀ ਹੈ, ਉਸ ਨਾਮ ਨਾਲ ਸਿਮਰਨ ਕਰਨਾ ਹੀ ਉੱਚਿਤ ਹੈ।

ਗੁਰੂ ਅਮਰਦਾਸ ਜੀ ਨੇ ਅਨੰਦੁ ਸਾਹਿਬ ਦੀ ਪਹਿਲੀ ਪਉੜੀ ਵਿਖੇ ਓਸ ਚੇਤਨ-ਸ਼ਕਤੀ ਨੂੰ 'ਸਤਿਗੁਰੂ' ਦੇ ਨਾਮ ਨਾਲ ਪ੍ਰਗਟ ਕੀਤਾ ਹੈ। ਕਿਉਂ ਜੋ ਓਹ ਆਪ ਹੀ ਸਭਨਾਂ ਮਨੁੱਖਾਂ ਤੇ ਜੀਵਾਂ ਦੇ ਮਨਾਂ ਅੰਦਰ ਮੂਰਤੀਮਾਨ ਹੋ ਕੇ ਸਭ ਦੀ ਅਗਵਾਈ ਕਰਦਾ ਹੈ। ਇਸ ਲਈ ਉਹ ਸਭਨਾਂ ਦਾ ਸੱਚਾ ਗੁਰੂ (ਸਤਿਗੁਰੂ) ਹੈ।

ਦੂਜੇ ਗੁਰੂ ਜੀ ਨੇ ਓਸ ਸਤਿਗੁਰੂ ਜੀ ਦੇ ਗੁਣਾਂ ਨੂੰ ਦ੍ਰਿਸ਼ਟੀ-ਗੋਚਰ ਕਰਦੇ ਹੋਏ ਵਾਹੁ ਵਾਹੁ ਨਾਲ ਉਸ ਨੂੰ ਸਲਾਹਿਆ ਤੇ ਵਡਿਆਇਆ ਹੈ, ਜਿਵੇਂ:

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ॥

(ਪੰਨਾ ੫੧੪-੧੫)

ਸਗੋਂ ਗੁਰੂ ਜੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਵਾਹੁ ਸ਼ਬਦ ਦੇ ਸਿਮਰਨ ਨਾਲ ਜ਼ਬਾਨ ਸੋਭਨੀਕ ਹੁੰਦੀ ਹੈ, ਪਰ ਵਾਹੁ ਸ਼ਬਦ ਨੂੰ ਗੁਰੂ ਸ਼ਬਦ ਨਾਲ ਮਿਲਾ ਕੇ 'ਵਾਹਿਗੁਰੂ' ਪੂਰਾ ਸ਼ਬਦ ਜਪਣ ਨਾਲ ਆਤਮ-ਜੋਤਿ ਓਸ ਪਰਮ ਜੋਤੀ ਨਾਲ ਮਿਲ ਕੇ ਅਭੇਦਤਾ ਹੀ ਪ੍ਰਾਪਤ ਕਰ ਲੈਂਦਾ ਹੈ, ਜਿਵੇਂ:

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥
ਪੂਰੈ ਸਬਦਿ ਪ੍ਰਭੁ ਮਿਲਿਆ ਆਈ॥

(ਪੰਨਾ ੫੧੪)

ਸ੍ਰੀ ਗੁਰੂ ਰਾਮਦਾਸ ਜੀ ਨੇ ਤਾਂ ਆਪਣੇ ਰਚੇ ਸਵੱਈਆਂ ਵਿਚ ਵਾਹਿਗੁਰੂ ਸ਼ਬਦ ਹੀ ਉਚਾਰਣ ਕੀਤਾ ਹੈ। ਜਿਵੇਂ:

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥

ਹੋਰ

ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥
ਸੇਵਕ ਕੈ ਭਰਪੁਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥

(ਪੰਨਾ ੧੪੦੩)

ਭਾਈ ਗੁਰਦਾਸ ਜੀ ਨੇ ਵੀ ਇਹੀ ਸਪੱਸ਼ਟ ਕੀਤਾ ਹੈ ਕਿ ਕੇਵਲ ਵਾਹਿਗੁਰੂ ਨਾਮ ਹੀ ਗੁਰਮੰਤ੍ਰ ਹੈ, ਜਿਸ ਦੇ ਜਪਣ ਨਾਲ ਹਉਮੈ ਮਿਟ ਜਾਂਦੀ ਹੈ ਤੇ ਆਤਮ-ਜੋਤਿ ਦਾ ਪਰਮ-ਜੋਤੀ ਨਾਲ ਮੇਲ ਹੋ ਕੇ ਅਭੇਦਤਾ ਪ੍ਰਾਪਤ ਹੋ ਜਾਂਦੀ ਹੈ। ਜਿਵੇਂ:

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।

(ਵਾਰਾਂ ਭਾਈ ਗੁਰਦਾਸ, ੧੩/੨)

ਬਸ ਗੁਰਬਾਣੀ ਅਨੁਸਾਰ ਜਪਣ ਲਈ ਕੇਵਲ 'ਵਾਹਿਗੁਰੂ' ਨਾਮ ਹੀ ਗੁਰਮੰਤ੍ਰ ਹੈ, ਜਿਸ ਦੇ

SikhBookClub.com

ਜਪਣ ਨਾਲ ਆਤਮ-ਜੋਤਿ ਗੁਣਵੰਤੀ ਹੋ ਕੇ ਆਪਣੇ ਸੋਮੇ ਪਰਮ-ਜੋਤੀ ਨਾਲ ਅਭੇਦਤਾ ਪ੍ਰਾਪਤ ਕਰ ਲੈਂਦੀ ਹੈ।

ਉਧਰ ਭਾਈ ਜੇਠਾ ਜੀ ਨੇ ਗੁਰੂ ਜੀ ਦੀ ਆਗਿਆ ਅਨੁਸਾਰ 1564 ਈ. ਨੂੰ ਪਿੰਡ ਤੁੰਗ ਦੇ ਕੋਲ ਤੇ ਸ਼ਾਹੀ ਸੜਕ ਦੇ ਕੰਢੇ 'ਤੇ ਪਵਿੱਤਰ ਜਲਕੁੰਡ ਦੇ ਲਾਗੇ ਹੀ ਇਕ ਨਵੀਨ ਆਬਾਦੀ ਦੀ ਨੀਂਹ ਰੱਖੀ ਤੇ ਇਕ ਸਰੋਵਰ ਬਣਾਇਆ, ਜਿਸ ਦਾ ਨਾਂ ਸੰਤੋਖਸਰ ਰੱਖਿਆ ਸੀ। ਫੇਰ 1572 ਈ. ਨੂੰ 250 ਵਿੱਘੇ ਹੋਰ ਜ਼ਮੀਨ 700 ਰੁ: ਦੀ ਖਰੀਦ ਕੇ ਉਸ ਆਬਾਦੀ ਨੂੰ ਵਧਾਇਆ ਤੇ ਉਸ ਨਗਰ ਦਾ ਨਾਮ 'ਗੁਰੂ ਕਾ ਚੱਕ' ਰੱਖਿਆ ਸੀ।

ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਦਾ ਨਾਮ ਰਾਮਦਾਸ ਰੱਖ ਕੇ ਗੁਰਗੱਦੀ ਸੰਭਾਲੀ ਤੇ ਆਪ ਜੀ 1 ਸਤੰਬਰ, 1574 ਈ. ਨੂੰ ਗੋਇੰਦਵਾਲ ਵਿਖੇ ਜੋਤੀ-ਜੋਤਿ ਸਮਾ ਗਏ।

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਤੇ ਸਿੱਖ ਰਹਿਤ

ਕਾਫ਼ੀ ਬ੍ਰਿਧ ਆਯੂ ਵਿਚ ਦੂਸਰੇ ਗੁਰੂ, ਗੁਰੂ ਅੰਗਦ ਦੇਵ ਜੀ ਦੀ ਚਰਨ-ਸ਼ਰਨ ਵਿਚ ਆ ਕੇ ਲਗਾਤਾਰ ਤੇ ਅਣਥਕ ਸੇਵਾ ਟਹਿਲ ਦੁਆਰਾ ਆਪ ਗੁਰੂ ਜੀ ਦੀ ਪ੍ਰਸੰਨਤਾ ਅਨੁਸਾਰ ਗੁਰਗੱਦੀ ਦੇ ਉਤਰ-ਅਧਿਕਾਰੀ ਨਿਯੁਕਤ ਕੀਤੇ ਜਾਣ ਲੱਗਦੇ ਹਨ। ਖਡੂਰ ਪਿੰਡ ਦੀ ਇਕ ਜੁਲਾਹੀ ਇਸਤਰੀ ਨੇ ਆਪ ਨੂੰ ਨਿਥਾਵਾਂ ਕਰਕੇ ਕਿਹਾ, ਉਸ ਦਾ ਸਵਿਸਤਾਰ ਤੇ ਵਿਸਮਾਦੀ ਜ਼ਿਕਰ ਭਾਈ ਸੰਤੋਖ ਸਿੰਘ ਕਰਤਾ 'ਗੁਰ-ਪ੍ਰਤਾਪ ਸੂਰਜ' ਵਿਚ ਕੀਤਾ ਹੈ। ਉਸ ਵੇਲੇ ਕਈ ਅਸੀਸ-ਬਚਨ ਜੋ ਗੁਰੂ ਜੀ ਨੇ ਆਪ ਬਾਰੇ ਕੀਤੇ ਉਹਨਾਂ ਨੂੰ ਕਵੀ ਜੀ ਇਸ ਤਰ੍ਹਾਂ ਅੰਕਿਤ ਕਰਦੇ ਹਨ:

ਤੁਮ ਹੋ ਨਿਥਾਵਨ ਥਾਨ।
ਕਰਿ ਹੋ ਨਿਮਾਨਨ ਮਾਨ।
ਬਿਨ ਓਟ ਕੀ ਤੁਮ ਓਟ।
ਨਿਧਰੇਨ ਕੀ ਧਿਰ ਕੋਟ (ਕਿਲ੍ਹਾ)।
ਬਿਨ ਜੋਰ ਕੇ ਤੁਮ ਜੋਰ।
ਸਮ ਕੋ ਨ ਹੈ ਤੁਮ ਹੋਰ।
ਬਿਨਹ ਧੀਰ ਕੋ ਬਰ ਧੀਰ।
ਸਭ ਪੀਰ ਕੋ ਬਡ ਪੀਰ।
ਤੁਮ ਹੋ ਸੁ ਗਈ ਬਹੋੜ।
ਨਰ ਬੰਧ ਕੋ ਤਿਹ ਛੋੜ।
ਘੜ ਭੰਨਣੇ ਸਮਰਥ।
ਜਗ ਜੀਵਕਾ ਤੁਮ ਹਥ।

ਆਪ ਦੇ ਗੁਰਿਆਈ ਸਮੇਂ ਦਾ ਇਕ ਅਲੌਕਿਕ ਪ੍ਰਸੰਗ ਜਿਸ ਦੇ ਆਧਾਰ ਉੱਤੇ ਉਪਰੋਕਤ ਸਿਰਲੇਖ ਰੱਖਿਆ ਗਿਆ ਹੈ, ਇਸ ਤਰ੍ਹਾਂ ਨਿਰੂਪਣ ਕੀਤਾ ਗਿਆ ਹੈ।

ਇਕ ਸਮੇਂ ਉੱਤੇ ਕੁਝ ਇਕ ਗੁਰਸਿੱਖ ਆਪ ਨੂੰ ਗੁਰਸਿੱਖੀ ਦੀ ਰਹਿਤ ਦੱਸਣ ਲਈ ਬੇਨਤੀ ਕਰਦੇ ਹਨ ਤਾਂ ਆਪ ਇਸ ਤਰ੍ਹਾਂ ਫ਼ੁਰਮਾਉਂਦੇ ਹਨ:

ਸੁਨ ਸਖੀ ਮੁਖ ਤੇ ਸੁਧਾ ਸਮਾਨੀ।
ਸਤਿਗੁਰ ਕਰਨਾ ਕਰੀ ਬਖਾਨੀ।
ਗੁਰੂ ਵਾਕ ਜਿਨ ਦ੍ਰਿੜ੍ਹ ਕਰ ਮਾਨੇ।
ਸੋ ਮਮ ਪਿਆਰੋ ਸਿਖ ਮਹਾਨੇ।

SikhBookClub.com

ਜਾਗਹਿ ਜਾਮ ਜਾਮਨੀ ਰਹੇ।
ਮਜਨ ਕਰ ਇਕੰਤ ਹੋਇ ਬਹੇ।
ਗੁਰੂ ਸਰੂਪ ਰਿਦੇ ਮੇਂ ਧਾਰੇ।
ਗੁਰ ਬਾਨੀ ਕੋ ਮਨਹਿ ਬਿਚਾਰੇ।
ਮਨ ਦ੍ਰਿੜ ਕਰਕੇ ਸੁਰਤ ਟਿਕਾਵੈ।
ਪ੍ਰਾਤ ਹੋਤ ਲੋ ਨਾਮ ਅਲਾਵੇ।
ਧਰਮ ਕਿਰਤ ਦਰ ਸੰਤਨ ਸੇਵੈ।
ਪਰ ਤ੍ਰਿਅ ਪਰਧਨ ਕਬਹੂੰ ਨ ਲੇਵੈ।
ਨਿੰਦਾ, ਝੂਠ ਨ ਕਿਚਰ ਬਖਾਨੈ।
ਪਰ ਦੁਖ, ਦੁਖ ਪਰ ਸੁਖ, ਸੁਖ ਮਾਨੈ।
ਛੁਧਾ ਬਿਨਾ ਨ ਖੈਬੋ ਕਰੇ।
ਨੀਦ ਬਿਨਾ ਨਹਿ ਸੁਪਤਨ ਕਰੈ।
ਜੋ ਸੁਪਤਦਹ ਨਿਜ ਅਵਧ ਘਟਾਵੈ।
ਛੁਧ ਬਿਨ ਖਾਇ ਰੋਗ ਉਪਜਾਵੇ।
ਹੋਇ ਨਾ ਸਤਿਨਾਮ ਕੋ ਸਿਮਰਨ।
ਸਾਸ ਸਾਸ ਜਪ ਬਿਸਰ ਨਾ ਇਕ ਛਿਨ।
ਪਰਮੇਸ਼ਰ ਕੋ ਭਾਣਾ ਮਾਨਹਿ।
ਨਹੀ ਦੋਸ਼ ਪ੍ਰਭ ਮਹਿ ਕਬ ਠਾਨੈ।
ਆਛੋ ਜਾਨ ਮੁਦਤ ਚਿਤ ਰਹੈ।
ਤਨ ਹੰਤਾ ਕੋ ਨਿਤ ਪ੍ਰਤਿ ਦਹੈ।
ਕਾਮ ਨ ਕ੍ਰੋਧ ਨ ਲੋਭ ਨ ਧਾਰੇ।
ਯਥਾ ਲਾਭ ਸੰਤੁਸ਼ਟ ਬਿਚਾਰੈ।
ਆਛੋ ਕਰਮ ਦਿਖਾਇ ਨ ਚਾਹੈ।
ਲਾਭ ਘਟੇ ਪਾਖੰਡ ਇਸ ਮਾਹਿ।
ਨਾਮ ਦਾਨ ਇਸਨਾਨ ਤਿਆਗੈ।
ਨਿਤ ਪ੍ਰਤ ਇਨਹੀ ਸਿਉ ਅਨੁਰਾਗੈ।
ਹਰਿ ਗੁਰ ਦੀ ਨਿੰਦਾ ਨਹਿ ਸੁਨੈ।
ਭਾਗਹਿ ਤਹ ਤੇ ਕੈ ਤਿਸ ਹਨੇ।
ਛਰ, ਮਤਸਰ ਤ੍ਰਿਸ਼ਨਾ ਕੋ ਤਜਿਕੈ।
ਨਿਤ ਆਛੋ ਜਾਨੇ ਹਰਿ ਭਜਕੈ।
ਸੁਖ ਪਰਲੋਕ ਚਾਹਿ ਕਰ ਸਦਾ।
ਜਗ ਸੁਖ ਮੇਂ ਉਰਝਹਿ ਨਹੀਂ ਕਦਾ।
ਗੁਰ ਸੇਵਨ ਹਰਿ ਸਿਮਰਨ ਕਰਨੋ।

SikhBookClub.com

ਇਸ ਤੇ ਨੀਕੋ ਅਪਰ ਨ ਬਰਨੋ।
ਸੁਭ ਮਤ ਇਨ ਕੋ ਤਿਆਗੇ ਨਾਹੀ।
ਮਿਲਿਉ ਰਹੈ ਸਤਿ ਸੰਗਤ ਮਾਹੀ।
ਗੁਰਬਾਨੀ ਸੋਂ ਮਨ ਅਨੁਰਾਗੈ।
ਪਠਤ ਸੁਨਤ ਜਬ ਮੀਠੀ ਲਾਗੈ।
ਤਬ ਜਾਕੈ ਮਮ ਹੋਇ ਕਲਿਆਨਾ।
ਸੁਨ ਗੁਰ ਸਬਦ ਕਮਾਨ ਠਾਨਾ।

ਵਾਰਤਕ ਸ਼ਬਦ ਅਰਥ ਤੇ ਵਿਚਾਰ-ਸਿੱਖਾਂ ਦੀ ਜ਼ਬਾਨੀ ਪ੍ਰਸ਼ਨ ਕੀਤਾ ਗਿਆ ਸੁਣ ਕੇ ਸਤਿਗੁਰਾਂ ਨੇ ਕਿਰਪਾ ਸਹਿਤ ਚੰਦਰਮਾਂ ਸਮਾਨ ਆਪਣੇ ਮੁਖ ਤੋਂ ਇਹ ਅੰਮ੍ਰਿਤ ਬਾਣੀ ਫ਼ੁਰਮਾਈ:

ਜਿਹੜੇ ਗੁਰ ਸਿੱਖ ਗੁਰੂ ਬਚਨਾ ਨੂੰ ਦ੍ਰਿੜ੍ਹ ਕਰਕੇ ਮੰਨਦੇ ਹਨ ਉਹ ਹੀ ਸਾਡੇ ਪਿਆਰੇ ਤੇ ਵਿਸ਼ੇਸ਼ ਸਿੱਖ ਹੁੰਦੇ ਹਨ। ਉਹ ਪਹਿਰ ਰਾਤ ਰਹਿੰਦੀ ਜਾਗਦੇ ਤੇ ਇਸ਼ਨਾਨ ਆਦਿ ਕਿਰਿਆ ਤੋਂ ਫਾਰਗ ਹੋ ਕੇ ਇਕਾਂਤ ਹੋ ਬੈਠਦੇ ਹਨ। ਗੁਰੂ ਦੇ ਆਤਮ ਰੂਪ ਨੂੰ ਹਿਰਦੇ ਵਿਚ ਟਿਕਾਂਦੇ ਤੇ ਗੁਰਬਾਣੀ ਦੀ ਮਨ ਲਾ ਕੇ ਵਿਚਾਰ ਕਰਦੇ ਹਨ। ਮਨ ਨੂੰ ਪਕਿਆਂ ਕਰਕੇ ਸੁਰਤ ਨੂੰ ਇਕਾਗਰ ਕਰਦੇ ਤੇ ਪਹੁ ਫੁਟਾਲੇ ਤੀਕ ਨਾਮ ਸਿਮਰਨ ਵਿਚ ਲੀਨ ਰਹਿੰਦੇ ਹਨ। ਧਰਮ ਦੀ ਕਿਰਤ ਵਿਰਤ ਕਰਕੇ ਸੰਗਤ ਦੀ ਸੇਵਾ ਕਰਦੇ ਤੇ ਪਰ-ਇਸਤਰੀ (ਮਰਦ) ਤੇ ਪਰਾਏ ਪੈਸੇ ਨੂੰ ਕਦੀ ਅੰਗੀਕਾਰ ਨਹੀਂ ਕਰਦੇ। ਨਿੰਦਾ, ਝੂਠ ਤੇ ਕਠੋਰ ਬਚਨ ਨਹੀਂ ਬੋਲਦੇ। ਪਰਾਏ ਦੇ ਦੁਖ ਨੂੰ ਆਪਣਾ ਦੁੱਖ ਤੇ ਸੁਖ ਨੂੰ ਸੁਖ ਕਰ ਕੇ ਮੰਨਦੇ ਹਨ। ਭੁੱਖ ਤੋਂ ਬਿਨਾਂ ਖਾਂਦੇ ਨਹੀਂ ਤੇ ਚੰਗੀ ਨੀਂਦਰ ਆਏ ਬਿਨਾਂ ਸੌਂਦੇ ਨਹੀਂ। ਨੀਂਦਰ ਬਿਨਾਂ ਵਾਧੂ ਸੌਣ ਨਾਲ ਉਮਰ ਘਟਦੀ ਤੇ ਭੁਖ ਤੋਂ ਬਿਨਾਂ ਖਾਧਿਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ। ਬਹੁਤਾ ਸੌਣ ਤੇ ਖਾਣ ਨਾਲ ਸਤਿਨਾਮ ਦਾ ਸਿਮਰਨ ਨਹੀਂ ਹੋ ਸਕਦਾ। ਉਹ ਸੁਆਸ ਸੁਆਸ ਭਜਨ ਕਰਦੇ ਤੇ ਇਕ ਖਿਨ ਪਲ ਲਈ ਵੀ ਭੁਲਾਂਦੇ ਨਹੀਂ। ਫਿਰ ਉਹ ਪਰਮੇਸ਼ਰ ਦੇ ਭਾਣੇ ਨੂੰ ਮੰਨਦੇ ਹਨ ਤੇ ਪ੍ਰਭੂ ਦੇ ਕੀਤੇ ਵਿਚ ਕਦੀ ਦੋਸ਼ ਨਹੀਂ ਠਹਿਰਾਂਦੇ। ਜੋ ਕੁਝ ਵੀ ਵਾਪਰ ਜਾਏ ਉਸ ਨੂੰ ਭਲਾ ਮੰਨ ਕੇ ਪ੍ਰਸੰਨ ਰਹਿੰਦੇ ਹਨ।

ਕਾਮ, ਕ੍ਰੋਧ ਤੇ ਲੋਭ ਆਦਿਕ ਵਿਕਾਰਾਂ ਤੋਂ ਮੁਕਤ ਹੁੰਦੇ ਹਨ, ਜਿੰਨਾਂ ਕੁਝ ਮਿਲ ਜਾਏ, ਉਸ ਵਿਚ ਸੰਤੁਸ਼ਟ ਤੇ ਸੰਤੋਖੀ ਰਹਿੰਦੇ ਹਨ। ਕੋਈ ਚੰਗਾ ਕਰਮ ਕਰਕੇ ਕਿਸੇ ਦੂਸਰੇ ਨੂੰ ਦਿਖਾਣਾ ਤੇ ਇਸ ਦੀ ਨੁਮਾਇਸ਼ ਨਹੀਂ ਕਰਨਾ ਚਾਹੁੰਦੇ, ਕਿਉਂਕਿ ਇਸ ਨਾਲ ਲਾਭ ਘਟਦਾ ਤੇ ਪਖੰਡ ਦਾ ਵਾਧਾ ਹੁੰਦਾ ਹੈ। ਨਾਮ, ਦਾਨ ਅਤੇ ਇਸ਼ਨਾਨ ਵਿਚ ਸਦਾ ਦ੍ਰਿੜ੍ਹ ਰਹਿੰਦੇ ਤੇ ਇਹਨਾਂ ਵਲੋਂ ਕਦੀ ਬੇਪ੍ਰਵਾਹ ਨਹੀਂ ਹੁੰਦੇ ਸਗੋਂ ਦਿਨੋ ਦਿਨ ਇਨ੍ਹਾਂ ਨਾਲ ਵਧੀਕ ਪ੍ਰੇਮ ਕਰਦੇ ਹਨ। ਵਾਹਿਗੁਰੂ ਅਕਾਲ ਪੁਰਖ ਅਤੇ ਗੁਰੂ ਦੀ ਨਿੰਦਾ ਕਦੀ ਨਹੀਂ ਸੁਣਦੇ, ਅਜੇਹੀ ਥਾਂ ਤੋਂ ਕਿਨਾਰਾ ਕਰ ਜਾਂਦੇ ਹਨ ਜਾਂ ਫਿਰ ਨਿੰਦਾ ਕਰਨ ਵਾਲੇ ਦਾ ਕੀਰਤਨ ਸੋਹਿਲਾ ਪੜ੍ਹ ਕੇ ਆਪਣੀ ਜਾਨ ਉੱਤੇ ਖੇਡ ਜਾਂਦੇ ਹਨ। ਈਰਖਾ, ਬਖੀਲੀ ਤੇ ਤ੍ਰਿਸ਼ਨਾ ਨੂੰ ਤਿਲਾਂਜਲੀ ਦੇ ਕੇ ਈਸ਼ਵਰ ਭਜਨ ਵਿਚ ਪ੍ਰਵਿਰਤ ਰਹਿਣ ਵਿਚ ਹੀ ਆਪਣਾ ਭਲਾ ਮੰਨਦੇ ਹਨ। ਪ੍ਰਲੋਕ ਦੇ ਸੁਖ ਲਈ ਸਦਾ ਇੱਛਾ ਕਰਦੇ ਹਨ ਤੇ ਕੇਵਲ ਮਾਤਰ ਇਸ ਸੰਸਾਰ ਦੀਆਂ ਮੌਜਾਂ ਬਹਾਰਾਂ ਵਿਚ ਹੀ ਗਲਤਾਨ ਨਹੀਂ ਹੋਈ ਰਹਿੰਦੇ। ਗੁਰੂ ਦੀ ਸੇਵਾ ਤੇ ਹਰਿ ਸਿਮਰਨ ਤੋਂ ਵਧੀਕ ਸ੍ਰੇਸ਼ਟ ਕਿਰਿਆ ਅਸੀਂ ਹੋਰ ਕੋਈ ਦਸ ਨਹੀਂ ਸਕਦੇ। ਚੰਗੀ ਸੂਝ ਬੂਝ ਵਾਲੇ

SikhBookClub.com

ਲੋਕ ਇਹਨਾਂ ਪ੍ਰਵਿਰਤੀਆਂ ਨੂੰ ਕਦੇ ਛੱਡਦੇ ਨਹੀਂ ਤੇ ਫਿਰ ਸਦਾ ਸਤਿ ਸੰਗਿ ਵਿਚ ਸ਼ਾਮਲ ਰਹਿੰਦੇ ਹਨ। ਗੁਰਬਾਣੀ ਨਾਲ ਦਿਲੋਂ ਮਨੋਂ ਪ੍ਰੇਮ ਕਰਦੇ ਨੇ, ਤੇ ਪੜ੍ਹਦਿਆਂ ਸੁਣਦਿਆਂ ਜਦੋਂ ਮਨ ਨੂੰ ਸੁਖਦਾਈ ਪ੍ਰਤੀਤ ਹੁੰਦੀ ਹੈ ਤਾਂ ਇਸ ਵਿਚ ਆਪਣੀ ਭਲਾਈ ਸਮਝਦੇ ਤੇ ਗੁਰੂ ਸ਼ਬਦ ਨੂੰ ਸੁਣ ਕੇ ਇਸ ਦੀ ਕਮਾਈ ਕਰਦੇ ਹਨ।

ਕਲਪਨਾ ਕਰਕੇ ਦੇਖਣ ਤੇ ਵਿਚਾਰਨ ਦੀ ਲੋੜ ਹੈ ਕਿ ਸਿੱਖੀ ਦਾ ਇਹ ਆਦਰਸ਼ ਤੇ ਜੀਵਨ-ਰਹਿਤ, ਕਿੰਨੀ ਉੱਚੀ ਤੇ ਅਸਮਾਨ ਨੂੰ ਛੂਹਣ ਵਾਲੀ ਕਾਰ ਹੈ। ਜਿਵੇਂ ਭੌਤਿਕ ਤੌਰ 'ਤੇ ਮਾਊਂਟ ਐਵਰਸਟ ਦੀ ਚੜ੍ਹਾਈ ਤਿਵੇਂ ਪਰਮਾਰਥਕ ਤੌਰ 'ਤੇ ਇਹ ਕਿਰਤ ਹੈ, ਪਰ ਅਸੀਂ ਹਾਂ ਕਿ ਧਰਮ ਤੇ ਇਸ ਦੇ ਮਾਰਗ ਨੂੰ, ਇਕ ਖੇਡ ਤੇ ਹਾਸੋ-ਹੀਣੀ ਅਜਿਹੀ ਚੀਜ਼ ਬਣਾ ਰੱਖਿਆ ਹੈ, ਜਿਵੇਂ ਕਿ ਕਬੀਰ ਜੀ ਦਾ ਬਚਨ ਹੈ: 'ਲੋਗਨ ਰਾਮ ਖਿਲਾਉਣਾ ਜਾਨਾ।' ਉਪਰੋਕਤ ਉਪਦੇਸ਼ ਤੇ ਸਿਖਿਆ ਦੇ ਸਾਰੇ ਅੰਗਾਂ ਬਾਰੇ ਸਵਿਸਤਾਰ ਵਿਚਾਰ ਕਰਨੀ ਕਠਨ ਹੈ। ਪਾਠਕਾਂ ਨੂੰ ਖ਼ੁਦ ਆਪ ਹੀ, ਗੰਭੀਰ ਤੌਰ 'ਤੇ ਵਿਚਾਰ ਤੇ ਇਸ ਬਾਰੇ ਬਾਰ-ਬਾਰ ਚਿੰਤਨ ਕਰਨ ਤੇ ਤਦ ਅਨੁਸਾਰ, ਆਚਰਣ ਕਰਨ ਦੀ ਲੋੜ ਹੈ। ਤਾਂ ਵੀ ਸੁਮੱਚੇ ਤੌਰ 'ਤੇ ਇਸ ਦੇ ਕੁਝ ਇਕ ਭਾਗਾਂ ਬਾਰੇ ਵਿਚਾਰ ਕਰਨੀ ਲਾਭਦਾਇਕ ਹੋਵੇਗੀ, ਇਸ ਲਈ ਨਿਰਮਾਣ ਯਤਨ ਕੀਤਾ ਜਾਂਦਾ ਹੈ। ਸਭ ਤੋਂ ਵੱਡੀ ਤੇ ਪ੍ਰਮੁੱਖ ਗੱਲ ਤਾਂ ਇਹ ਵਿਚਾਰ ਗੋਚਰੀ ਤੇ ਸਗੋਂ ਪ੍ਰਮਾਣੀਕ ਤੇ ਆਪਣੇ ਆਪ ਵਿਚ ਸਿੱਧ ਹੋਈ ਸਮਝਣ ਯੋਗ ਹੈ ਕਿ ਧਰਮ ਤੇ ਅਧਿਆਤਮ ਦਾ ਮਾਰਗ, ਕਿਸੇ ਨਿਰੀ ਜਮਾਤ-ਬੰਦੀ ਦਾ ਨਾਮ ਹੀ ਨਹੀਂ ਸਗੋਂ ਵਿਅਕਤੀਗਤ ਤੇ ਨਿੱਜੀ ਕਮਾਈ ਦੀ ਚੀਜ਼ ਹੈ। ਗੁਰਬਾਣੀ ਅੰਦਰ ਕਿੰਨੇ ਹੀ ਬਚਨ ਇਸ ਭਾਵ ਦੇ ਮਿਲਦੇ ਹਨ ਕਿ ਕਰੋੜਾਂ ਵਿਚੋਂ ਕਿਸੇ ਇਕ ਨੂੰ ਨਾਰਾਇਣ ਚਿਤ ਹੁੰਦਾ ਹੈ, ਬਾਕੀ ਆਮ ਧਰਮ ਅਨੁਆਈਆਂ ਦੀ ਗਿਣਤੀ ਤਾਂ ਦਿਨ ਰਾਤ ਮਾਇਆ ਦੇ ਧੰਦਿਆਂ ਪ੍ਰਵਿਰਤੀਆਂ ਵਿਚ ਹੀ ਲੀਨ ਹੋਈ ਰਹਿੰਦੀ ਹੈ। ਕੋਈ ਇਕ ਅੱਧ ਵਿਰਲਾ ਸੇਵਕ ਹੁੰਦਾ ਹੈ। ਜਦੋਂ ਕਿ ਹੋਰ ਸਾਰੇ ਵਿਵਹਾਰੀ ਤੇ ਲੋਕ ਵਿਖਾਵਾ ਕਰਨ ਵਾਲੇ। ਕਬੀਰ ਜੀ ਨੇ ਆਪਣੇ ਇਕ ਸ਼ਬਦ ਦੀ ਰਹਾਉ ਦੀ ਸਤਰ ਵਿਚ ਸਪੱਸ਼ਟ ਤੌਰ 'ਤੇ ਇਸ ਤਰ੍ਹਾਂ ਫ਼ੁਰਮਾਇਆ ਹੈ:

ਤੇਰਾ ਜਨੁ ਏਕੁ ਆਧੁ ਕੋਈ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ॥

(ਪੰਨਾ ੧੧੨੩)

ਗੁਰੂ ਤੇਗ ਬਹਾਦਰ ਜੀ ਨੇ ਆਪਣੇ ਇਕ ਸ਼ਬਦ ਵਿਚੋਂ ਜਿਹੜਾ ਕਿ 'ਸਾਧੋ ਮਨ ਕਾ ਮਾਨੁ ਤਿਆਗਉ' ਨਾਲ ਅਰੰਭ ਹੁੰਦਾ ਹੈ। ਇਸ ਵਿਚ ਅਧਿਆਤਮਕ ਸਾਧਨਾਂ ਦੇ ਕੁਝ ਅੰਗਾਂ ਦਾ ਵਰਣਨ ਕਰਨ ਮਗਰੋਂ ਛੇਕੜਲੀ ਸਤਰ ਵਿਚ ਇਹੋ ਭਾਵ ਇਸ ਤਰ੍ਹਾਂ ਪ੍ਰਗਟ ਕੀਤਾ ਹੈ: 'ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥' ਗੁਰ ਅਰਜਨ ਦੇਵ ਜੀ ਦਾ ਹੇਠ ਲਿਖਿਆ ਕਾਨੜੇ ਰਾਗ ਦਾ ਇਕ ਅੰਮ੍ਰਿਤ ਬਚਨ ਇਸ ਤਰ੍ਹਾਂ ਫ਼ੁਰਮਾਇਆ ਗਿਆ ਹੈ:

ਭਗਤਿ ਭਗਤਨ ਹੂੰ ਬਨਿ ਆਈ॥
ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ॥੧॥ਰਹਾਉ॥
ਗਾਵਨਹਾਰੀ ਗਾਵੈ ਗੀਤ॥ ਤੇ ਉਧਰੇ ਬਸੇ ਜਿਹ ਚੀਤ॥੧॥
ਪੇਖੇ ਬਿੰਜਨ ਪਰੋਸਨਹਾਰੈ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ॥੨॥

SikhBookClub.com

ਅਨਿਕ ਸ੍ਵਾਂਗ ਕਾਛੇ ਭੇਖਧਾਰੀ ॥ ਜੈਸੋ ਸਾ ਤੈਸੋ ਦ੍ਰਿਸਟਾਰੀ॥੩॥
ਕਹਨ ਕਹਾਵਨ ਸਗਲ ਜੰਜਾਰ॥ ਨਾਨਕ ਦਾਸ ਸਚੁ ਕਰਣੀ ਸਾਰ॥੪॥

(ਪੰਨਾ ੧੨੯੯)

ਭਾਵਾਰਥ: ਭਗਤੀ ਭਗਤਾਂ ਨੂੰ ਤੇ ਉਹਨਾਂ ਤੋਂ ਹੀ ਬਣ ਆਂਵਦੀ ਹੈ। ਤਨੋ ਮਨੋ ਉਹ ਪ੍ਰਭੂ ਜੋਤ ਵਿਚ ਲੀਨ ਹੋਏ ਰਹਿੰਦੇ ਤੇ ਉਸ ਨੇ ਆਪ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੁੰਦਾ ਹੈ। ਕੋਈ ਗੀਤਕਾਰ ਵਿਵਹਾਰੀ ਇਸਤਰੀ ਭਜਨ ਗਾਉਂਦੀ ਹੈ ਪਰ ਉਧਾਰ ਉਹਨਾਂ ਦਾ ਹੀ ਹੁੰਦਾ ਹੈ, ਜਿਹਨਾਂ ਦੇ ਹਿਰਦੇ ਅੰਦਰ ਉਸ ਗੀਤ ਦਾ ਭਾਵ ਵਸ ਜਾਂਦਾ ਹੈ। ਰਸੋਈ ਦੇ ਸੁਆਦੀ ਖਾਣਿਆਂ ਨੂੰ ਪਰੋਸਣ ਵਾਲੇ ਕਈ ਦੇਖੇ ਜਾਂਦੇ ਹਨ ਪਰ ਤ੍ਰਿਪਤ ਤਾਂ ਉਹੋ ਹੁੰਦਾ ਹੈ, ਜਿਹੜਾ ਭੋਜਨ ਕਰਦਾ ਹੈ। ਕੋਈ ਬਹੁ ਰੂਪੀਆ ਜਾਂ ਐਕਟਰ ਕਈ ਭਿੰਨ ਭਿੰਨ ਸਾਂਗ ਤੇ ਰੂਪ ਬਣਾਂਦਾ ਹੈ ਪਰ ਰਹਿੰਦਾ ਉਹੋ ਕੁਝ ਹੈ, ਜੋ ਕੁਝ ਕਿ ਅਸਲੋਂ ਹੁੰਦਾ ਹੈ। ਇਸੇ ਤਰ੍ਹਾਂ ਜ਼ਬਾਨੀ ਪਰਮਾਰਥ ਦੀਆਂ ਨਿਰੀਆਂ ਗੱਲਾਂ ਬਾਤਾਂ ਕਰਨੀਆਂ ਐਵੇਂ ਇਕ ਧੰਦਾ ਹੀ ਹੁੰਦਾ ਹੈ, ਅਸਲ ਕੀਮਤੀ ਤੇ ਸਾਰ ਵਸਤੂ ਤਾਂ ਕਮਾਈ ਹੁੰਦੀ ਹੈ।

ਗੁਰੂ ਅਮਰਦਾਸ ਜੀ ਦੀ ਪਵਿੱਤਰ ਰਸਨਾ ਦੁਆਰਾ ਫ਼ੁਰਮਾਈ ਗਈ ਜਿਹੜੀ ਜੀਵਨ-ਰਹਿਤ ਭਾਈ ਸੰਤੋਖ ਸਿੰਘ ਜੀ ਨੇ ਆਪਣੀ ਉਕਤ ਮਨੋਹਰ ਕਵਿਤਾ ਵਿਚ ਅੰਕਿਤ ਕੀਤੀ ਹੈ ਉਹ ਨਿਰੋਲ ਅਧਿਆਤਮਕ ਤੇ ਸਦਾਚਾਰ ਨਾਲ ਸੰਬੰਧ ਰੱਖਦੀ ਹੈ। ਉਸ ਉੱਤੇ ਜਿੰਨਾ ਫ਼ਖ਼ਰ ਕੀਤਾ ਜਾਏ ਉਹ ਥੋੜ੍ਹਾ ਹੈ। ਇਸ ਧਰਮ ਦੀ ਜਿਹੜੀ ਇਕ ਸਾਰ ਤੇ ਸੰਖੇਪ ਰੂਪ ਪਰਿਭਾਸ਼ਾ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੇ ਇਕ ਬਚਨ ਵਿਚ ਕੀਤੀ ਹੈ, ਉਹ ਇਸ ਤਰ੍ਹਾਂ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

(ਪੰਨਾ ੨੬੬)

ਗੁਰੂ ਅਮਰਦਾਸ ਜੀ ਦੁਆਰਾ ਦੱਸੀ ਗਈ ਸਿੱਖੀ ਰਹਤ ਤੇ ਕੁਝ ਇਕ ਵਿਸ਼ੇਸ਼ ਅੰਗ ਨਾਮ ਦਾਨ, ਇਸ਼ਨਾਨ, ਪਹਿਰ ਰਾਤ ਰਹਿੰਦੀ ਜਾਗਣ, ਅੰਤਰ ਬ੍ਰਿਤਿ ਧਿਆਨ, ਸੁਆਸ ਸੁਆਸ ਸਿਮਰਨ, ਮਧਰ ਭਾਸ਼ਣ ਦੇ ਪਰਾਏ ਦੇ ਦੁੱਖ ਨੂੰ ਆਪਣਾ ਦੁੱਖ ਤੇ ਸੁਖ ਨੂੰ ਸੁਖ ਕਰਕੇ ਸਮਝਣਾ ਆਦਿਕ ਵਰਣਨ ਕੀਤੇ ਗਏ ਹਨ। ਇਹਨਾਂ ਅੰਗਾਂ ਨੂੰ ਇਕ ਤਰ੍ਹਾਂ ਕਸਵੱਟੀ ਮੰਨ ਕੇ ਇਹਨਾਂ ਦੇ ਅਨੁਸਾਰ ਧਰਮ ਦੇ ਖਰੇ ਤੇ ਖੋਟੇ ਸਿੱਕੇ ਦੀ ਪਰਖ ਕਰਕੇ ਇਕ ਨੂੰ ਪੱਲੇ ਬੰਨ੍ਹ ਕੇ ਰੱਖਣ ਤੇ ਦੂਜੇ ਤੋਂ ਬਚ ਕੇ ਰਹਿਣ ਦੀ ਲੋੜ ਹੁੰਦੀ ਹੈ। ਪਰ ਸਾਥੋਂ ਬਹੁਤਾ ਕਰਕੇ ਇਹ ਕਸਵੱਟੀ ਤੇ ਪਰਖ ਗੁਆਚਦੀ ਜਾਂਦੀ ਪ੍ਰਤੀਤ ਹੁੰਦੀ ਹੈ।

ਜਿਹਨਾਂ ਦਿਨਾਂ ਵਿਚ ਇਹ ਸਤਰਾਂ ਲਿਖੀਆਂ ਗਈਆਂ, ਉਹਨਾਂ ਵਿਚੋਂ ਕਿਸੇ ਇਕ ਦਿਨ ਦੇ ਸਵੇਰ ਦੇ ਸਤਿਸੰਗ ਸਮੇਂ ਗੁਰੂ ਨਾਨਕ ਦੇਵ ਜੀ ਦੇ ਇਕ ਵਾਕ ਵਿਚ ਇਹ ਬਚਨ ਵੀ ਫ਼ੁਰਮਾਇਆ ਗਿਆ ਹੈ: "ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ॥" ਜਿਸ ਦਾ ਭਾਵ ਸਪੱਸ਼ਟ ਹੈ ਕਿ ਅਧਿਆਤਮਕ ਜਾਂ ਪਰਮਾਰਥ ਮਾਰਗ ਦੇ ਇਹਨਾਂ ਅੰਗਾਂ ਤੋਂ ਵਿਹੂਣ ਤੇ ਵੰਚਤ ਹੋ ਜਾਣ ਨਾਲ ਕੀ ਵਿਅਕਤਕ ਤੇ ਕੀ ਸਮੂਹਕ ਰੂਪ ਵਿਚ ਮਿੱਟੀ ਘਟਾ ਉਡਦੇ ਰਹਿਣ ਦੀ ਹਾਲਤ ਵਾਪਰ ਜਾਂਦੀ ਹੈ। ਜਿਵੇਂ ਭੌਤਿਕ ਤੌਰ 'ਤੇ ਬਾਰਸ਼ਾਂ ਦਾ ਚੰਗਾ ਛੱਟਾ ਹੋ ਜਾਣ ਨਾਲ ਘੱਟਾ ਮਿੱਟੀ ਬੈਠ ਕੇ ਸਭ ਪਾਸੇ ਠੰਡ ਪਸਰ ਜਾਂਦੀ ਹੈ ਤਿਵੇਂ ਹੀ ਧਾਰਮਿਕ ਤੇ ਅਧਿਆਤਮਕ ਸੰਸਾਰ ਵਿਚ ਨਾਮ ਦੀ

SikhBookClub.com

ਰਿਮ ਝਿਮ ਬਾਰਸ਼ ਹੋ ਕੇ ਅਸ਼ਾਂਤ ਤੇ ਨੀਵੀਆਂ ਵਿਰਤੀਆਂ ਦਾ ਮਿਟੀ ਘਟਾ ਬੈਠ ਕੇ ਸੁਰਤ ਸ਼ਾਂਤ ਤੇ ਸੀਤਲ ਹੋ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦੇ ਮਾਝ ਰਾਗ ਦੇ ਇਕ ਬਚਨ ਵਿਚ ਇਕ ਸਤਰ ਇਸ ਤਰ੍ਹਾਂ ਫ਼ੁਰਮਾਈ ਗਈ ਹੈ:

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥

(ਪੰਨਾ ੧੦੨)

ਗੁਰੂ ਅਮਰਦਾਸ ਜੀ ਦੁਆਰਾ ਦਰਸਾਈ ਗਈ ਉਕਤ ਰਹਿਤ ਅਨੁਸਾਰ ਆਪਣਾ ਜੀਵਨ ਬਿਤਾਣ ਦੀ ਸਾਨੂੰ ਸਮਰਥਾ ਤੇ ਸ਼ਕਤੀ ਪ੍ਰਾਪਤ ਹੋਵੇ ਤੇ ਅਸੀਂ ਅਸਲ ਅਰਥਾਂ ਵਿਚ ਗੁਰਸਿੱਖ ਅਖਵਾਣ ਦੇ ਅਧਿਕਾਰੀ ਹੋ ਸਕੀਏ, ਇਸ ਸੁਨਿਮਰ ਅਰਦਾਸ ਨਾਲ ਇਹ ਉਲੇਖ ਸਮਾਪਤ ਕੀਤਾ ਜਾਂਦਾ ਹੈ।

(5/1970)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਅਤੇ ਸਮਾਜ ਸੇਵਾ

ਬਹੁਤ ਸਾਰੀ ਜਨਤਾ ਦਾ ਇਹ ਵਿਚਾਰ ਹੈ ਕਿ ਧਰਮ ਕੋਈ ਇਸ ਸੰਸਾਰ ਤੇ ਸਾਡੇ ਨੈਤਿਕ ਜੀਵਨ ਤੋਂ ਉਪਰ ਹੀ ਵੱਸਣ ਵਾਲੀ ਸੁਪਨਿਆਂ ਦੀ ਦੁਨੀਆਂ ਹੈ ਜਿਸ ਨਾਲ ਸਾਡੇ ਨਿੱਤ ਦੇ ਜੀਵਨ ਦਾ ਕੋਈ ਸਬੰਧ ਨਹੀਂ। ਇਸ ਲੇਖਕ ਨੂੰ ਸੱਚ ਇਸ ਦੇ ਉਲਟ ਨਜ਼ਰ ਆਉਂਦਾ ਹੈ। ਸਿੱਖ ਮੱਤ ਦੀ ਵਿਸ਼ੇਸ਼ਤਾ ਘਟੋ ਘੱਟ, ਇਸ ਵਿਚ ਮੈਨੂੰ ਨਜ਼ਰ ਪੈਂਦੀ ਹੈ ਕਿ ਏਥੇ ਲੋਕ ਜੀਵਨ ਤੇ ਪਰਲੋਕ ਜੀਵਨ, ਤਾਣੇ ਪੇਟੇ ਵਾਂਗ ਇਕ ਦੂਜੇ ਵਿਚ ਸੰਮਿਲਤ ਹੋਏ ਹਨ ਤੇ ਦੋਹਾਂ ਨੂੰ ਸੁਹੇਲਾ ਬਣਾਉਣ ਦਾ ਪ੍ਰਬੰਧ ਇਕੱਠਾ ਇਕੋ ਸਮੇਂ ਕੀਤਾ ਗਿਆ ਹੈ। ਇਸ ਧਰਮ ਵਿਚ, ਸਿੱਖ ਮੱਤ ਦੀ ਮੂਲ ਵਿਚਾਰਧਾਰਾ ਵਿਚ ਤੇ ਸਤਿਗੁਰਾਂ ਦੇ ਉਪਦੇਸ਼ਾਂ ਵਿਚ, ਗੁਰੂ ਸਾਹਿਬਾਂ ਦੇ ਆਪਣੇ ਜੀਵਨ ਵਿਚ ਅਤੇ ਮੰਨੇ ਪ੍ਰਮੰਨੇ ਗੁਰਸਿੱਖਾਂ ਦੀ ਜ਼ਿੰਦਗੀ ਵਿਚ ਲੋਕ-ਜੀਵਨ, ਲੋਕ ਸੇਵਾ, ਲੋਕ ਸੁਧਾਰ ਨੂੰ ਕਦੇ ਭੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਇਸ ਲੋਕ-ਜੀਵਨ ਨੂੰ ਸੁਹੇਲਾ ਬਣਾਉਣ ਲਈ ਸਮਾਜ ਨੂੰ, ਸਮਾਜਕ ਜੀਵਨ ਨੂੰ ਉੱਤਮ, ਹੋਰਨਾਂ ਤੇ ਹਰ ਇਕ ਦੇ ਆਪਣੇ ਲਈ ਸੁਖਦਾਈ ਤੇ ਲੋੜੀਂਦਾ ਬਣਾਉਣ ਦੇ ਯਤਨਾਂ ਦਾ ਹੀ ਦੂਜਾ ਨਾਂ ਸਮਾਜ-ਸੇਵਾ, ਸਮਾਜ ਸੁਧਾਰ ਜਾਂ ਚੰਗੇਰੇ ਜੀਵਨ ਦੀ ਪ੍ਰੇਰਨਾ ਹੈ।

ਸਾਡੇ ਸਮਾਜਕ ਜੀਵਨ ਦਾ ਮੂਲ ਜਾਂ ਸੋਮਾ ਜਾਂ ਜੜ੍ਹ ਘਰੇਲੂ ਜੀਵਨ ਹੈ ਜਿਸ ਨੂੰ ਅਸੀਂ ਗ੍ਰਿਹਸਤ ਜੀਵਨ ਭੀ ਆਖਦੇ ਹਾਂ। ਪੁਰਾਤਨ ਜੀਵਨ-ਵੰਡ ਵਿਚ ਤੇ ਵਿਉਂਤ ਵਿਚ 'ਗ੍ਰਹਸਤ-ਆਸ਼ਰਮ' ਨੂੰ ਬ੍ਰਹਮ-ਚਰਜ, ਬਾਨ-ਪ੍ਰਸਤ ਤੇ ਸੰਨਿਆਸ ਨਾਲ ਸਮਾਨਤਾ ਦੀ ਪਦਵੀ ਪ੍ਰਾਪਤ ਸੀ ਪਰ ਗੁਰੂ ਘਰ ਨੇ ਗ੍ਰਿਹਸਤ ਮਾਰਗ ਨੂੰ ਪ੍ਰਧਾਨਤਾ ਦਿੱਤੀ ਹੈ ਅਤੇ ਭਾਈ ਗੁਰਦਾਸ ਜੀ ਜੇਹੇ ਮਹਾਨ ਵਿਦਵਾਨ ਤੇ ਗੁਰੂ ਅਮਰਦਾਸ ਜੀ ਦੇ ਨਿਕਟ-ਸਬੰਧੀ (ਭਤੀਜੇ), ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਅਤਿ ਦੇ ਨਿਕਟਵਰਤੀ, ਰਿਸ਼ਤੇਦਾਰ, ਬਜ਼ੁਰਗ ਤੇ ਗੁਰਬਾਣੀ ਦੇ ਮਹਾਨ ਲਿਖਾਰੀ ਦੀ ਗਵਾਹੀ ਹੈ ਕਿ:

ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ।

ਗੁਰੂ ਅਮਰਦਾਸ ਜੀ ਭੀ ਹੋਰ ਸਭ ਗੁਰੂ ਸਾਹਿਬਾਨ ਵਾਂਗ (ਗੁਰੂ ਹਰਿਕ੍ਰਿਸ਼ਨ ਜੀ ਤੋਂ ਬਿਨਾਂ, ਜੋ ਬਹੁਤ ਛੋਟੀ ਅਵਸਥਾ ਵਿਚ ਸਰੀਰ ਤਿਆਗ ਗਏ) ਗ੍ਰਿਹਸਤੀ ਸਨ। ਗੁਰੂ ਅਮਰਦਾਸ ਜੀ ਨੇ ਜੋ ਪ੍ਰਚਾਰਕ ਨਿਯਤ ਕੀਤੇ ਉਹ ਭੀ ਗ੍ਰਿਹਸਤੀ ਸਨ।

ਅਸੀਂ ਉਪਰੋਕਤ ਵਿਚਾਰ ਕੇਵਲ ਇਸ ਦ੍ਰਿਸ਼ਟੀਕੋਣ ਤੋਂ ਲਿਖ ਰਹੇ ਹਾਂ ਕਿ ਸਮਾਜਕ ਜੀਵਨ ਦਾ ਮੂਲ, ਗ੍ਰਿਹਸਤ ਨੂੰ ਮੰਨ ਲੈਣ ਜਾਂ ਚੰਗੇਰਾ ਬਣਾਉਣ ਦਾ ਯਤਨ ਹੀ ਸਮਾਜ ਸੇਵਾ ਹੈ। ਜੋ ਸੁਧਾਰ ਅਸੀਂ ਸਮਾਜ ਵਿਚ ਕਰਦੇ ਹਾਂ ਜਾਂ ਕਰਨਾ ਚਾਹਾਂਗੇ ਅੰਤ ਉਹ ਗ੍ਰਿਹਸਤ ਜੀਵਨ ਉੱਤੇ ਪ੍ਰਭਾਵ ਪਾਏਗਾ ਤੇ ਗ੍ਰਿਹਸਤ ਜੀਵਨ ਦੇ ਸੁਧਰੇ ਰੂਪ ਨਾਲ ਹੀ ਸਮਾਜ ਦਾ ਸੁਧਰਿਆ ਸੰਵਾਰਿਆ ਰੂਪ

SikhBookClub.com

ਨਿਖਰ ਸਕੇਗਾ। ਤੀਜੇ ਗੁਰੂ ਜੀ ਨੇ ਵੇਖਿਆ ਕਿ ਗ੍ਰਿਹਸਤੀ ਜੀਵਨ ਦੇ ਸੁੰਦਰ ਮਹਿਲ ਵਿਚ ਕੁਝ ਤਰੇੜਾਂ ਪੈ ਗਈਆਂ ਹਨ। ਉਨ੍ਹਾਂ ਤਰੇੜਾਂ ਦੇ ਅਨੇਕਾਂ ਕਾਰਨਾਂ ਵਿਚੋਂ ਕੇਵਲ ਦੋ ਵਲ ਧਿਆਨ ਦੇਣ ਨਾਲ ਹੀ ਸਾਡਾ ਨੁਕਤਾ ਸਮਝ ਆ ਸਕੇਗਾ—ਇਕ ਸੀ ਯੋਗਮਤ ਦਾ ਬੋਲਬਾਲਾ ਤੇ ਇਸ ਨਾਲ ਸੰਤ-ਮਤ; ਸੰਨਿਆਸ ਮਾਰਗ, ਜੰਗਲਵਾਸ, ਭੀਖ ਮੰਗਣ, ਵਿਹਲੀਆਂ ਖਾਣ, ਜੋਕਾਂ ਬਣਨ ਨੂੰ ਚੰਗਾ ਸਮਝਣਾ। ਦੂਜਾ ਕਾਰਨ ਸੀ ਪ੍ਰਦੇਸੀ ਰਾਜ ਤੇ ਉਸ ਦੇ ਪ੍ਰਭਾਵ ਵਜੋਂ ਪਰਦੇਸੀ ਸਭਿਅਤਾ ਦੀ ਮਹਾਨਤਾ ਅਤੇ ਇਸ ਦੇ ਸਿੱਟੇ ਤੇ ਸਿੱਟਿਆਂ ਦੇ ਵਜੋਂ ਪਰਦਾ, ਘੁੰਡ, ਘ੍ਰਿਣਾ, ਵੰਡੀਆਂ ਆਦਿ।

ਗ੍ਰਿਹਸਤ ਦੀ ਉਸਾਰੀ ਵਿਚ ਉਭਰੇ ਇਹ ਦਾਗ਼ ਤੇ ਧੱਬੇ ਸਮਾਜ ਦਾ ਮੁਹਾਂਦਰਾ ਇੰਨਾ ਵਿਗਾੜ ਚੁੱਕੇ ਸਨ ਕਿ ਅਸਲ ਭਵਨ ਦੀ ਪਛਾਣ ਕਠਿਨ ਹੋ ਗਈ ਸੀ, ਜੀਵਨ ਉਲਾਰ ਹੋ ਚੁੱਕਾ ਸੀ।

ਗੁਰੂ ਅਮਰਦਾਸ ਜੀ ਨੇ ਗ੍ਰਿਹਸਤੀ ਜੀਵਨ ਵਿਚ ਪਈਆਂ ਇਨ੍ਹਾਂ ਤਰੇੜਾਂ ਨੂੰ ਠੀਕ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ, ਜਿਨ੍ਹਾਂ ਦਾ ਸੰਖੇਪ ਜਿਹਾ ਵਰਣਨ ਏਥੇ ਕਰਨਾ ਯੋਗ ਹੋਵੇਗਾ:

1· ਪਾਤਸ਼ਾਹ ਨੇ ਜਦ ਵੇਖਿਆ ਕਿ ਲੰਮੇ ਰੋਗਾਂ ਵਾਲੇ ਘਰ ਦੇ ਜੀਆਂ ਨੂੰ ਭੀ ਲੋਕ ਰਾਹ ਦੇਂਦੇ ਹਨ ਤੇ ਉਨ੍ਹਾਂ ਦੀ ਸੰਭਾਲ ਦੀ ਥਾਂ ਉਨ੍ਹਾਂ ਦੇ ਲਾਗੇ ਲੱਗਣ ਤੋਂ ਭੀ ਡਰਦੇ ਹਨ ਤਾਂ ਆਪ ਨੇ 'ਖਾਈ' ਪਿੰਡ ਦੇ ਕੋਹੜੀ ਪ੍ਰੇਮੇ ਵਰਗਿਆਂ ਨੂੰ ਭੀ ਗੋਇੰਦਵਾਲ ਵਿਚ ਠਾਹਰ ਦਿੱਤੀ। ਉਨ੍ਹਾਂ ਨੂੰ ਅਰੋਗ ਕੀਤਾ। ਏਥੇ ਹੀ ਬਸ ਨਹੀਂ, ਉਨ੍ਹਾਂ ਤੋਂ ਛੂਤ, ਡਰ ਤੇ ਭਿੱਟ ਦੀ ਥਾਂ ਉਨ੍ਹਾਂ ਨੂੰ ਕ੍ਰਿਸ਼ਨ 'ਮੁਰਾਰੀ' ਵਰਗੀ ਸੁੰਦਰਤਾ ਬਖ਼ਸ਼ੀ। ਪਾਤਸ਼ਾਹ, ਗੁਰੂ ਅਮਰਦਾਸ ਜੀ ਦੀ ਪਾਤਸ਼ਾਹੀ ਹੀ ਐਸੀ ਹੋ ਸਕਦੀ ਸੀ ਜਿਥੇ ਉਸ ਦੇ ਰਿਸ਼ਤੇ ਲਈ ਭੀ ਪ੍ਰਬੰਧ ਕੀਤਾ ਤੇ 'ਮਥੋ' ਨਾਮੀ ਲੜਕੀ ਨਾਲ ਉਸ ਦਾ ਵਿਆਹ ਕਰਕੇ 'ਮਥੋ ਮੁਰਾਰੀ' ਦੀ ਜੋੜੀ ਬਣਾ ਕੇ ਪ੍ਰਚਾਰ ਲਈ ਮੰਜੀ (ਗੱਦੀ) ਬਖ਼ਸ਼ੀ।

2· 'ਅੰਜਨ ਮਹਿ ਨਿਰੰਜਨ' ਦੀ ਸਿਖਿਆ ਦੇ ਪ੍ਰਚਾਰਕ ਗੁਰੂ ਅਮਰਦਾਸ ਜੀ ਨੇ ਕਬੀਰ ਜੀ ਦੇ ਵਚਨ "ਜੌ ਗ੍ਰਿਹ ਕਰਹਿ ਤਾ ਧਰਮੁ ਕਰਿ" ਦਾ ਭੀ ਅਦੁੱਤੀ ਪ੍ਰਮਾਣ ਦਿੱਤਾ ਤੇ ਗ੍ਰਿਹਸਤੀ-ਜੀਵਨ ਨੂੰ ਉੱਤਮ ਤੋਂ ਉੱਤਮ ਸੇਧ ਦਿੱਤੀ। ਇਹੋ ਰਾਜ-ਯੋਗ ਹੈ।

ਇਤਿਹਾਸ ਦੱਸਦਾ ਹੈ, ਗੁਰੂ ਜੀ ਦੇ ਪੁਰਾਣੇ ਜਾਣੂ ਯੋਗੀ ਉਨ੍ਹਾਂ ਦੇ ਦਰਸ਼ਨਾਂ ਨੂੰ ਗੋਇੰਦਵਾਲ ਆਏ। ਉਹ ਹੈਰਾਨ ਹੋਏ ਕਿ ਗੁਰਗੱਦੀ ਉੱਤੇ ਪਹੁੰਚ ਕੇ ਭੀ ਜਦ ਕਿ ਅਣਗਿਣਤ ਲੋਕ ਉਨ੍ਹਾਂ ਨੂੰ ਮੱਥੇ ਟੇਕਦੇ ਤੇ ਪੂਜਦੇ ਸਨ, ਗੁਰੂ ਜੀ ਵਾਹਿਗੁਰੂ ਸਿਮਰਨ ਕਰਦੇ ਹਨ, ਜਿਸ ਨੂੰ ਉਨ੍ਹਾਂ 'ਤਪ' ਹੀ ਕਿਹਾ।

ਸਤਿਗੁਰਾਂ ਦਾ ਉੱਤਰ ਸੀ, ਜੇ ਸਿਮਰਨ, ਪਾਠ, ਈਸ਼ਵਰ ਦੀ ਯਾਦ ਤੇ ਧੰਨਵਾਦ ਦਰਿਆ ਕਿਨਾਰੇ ਰੇਤ ਛਾਨਣ ਵਾਂਗ ਹੀ ਸਮਝ ਲਈਏ ਤਾਂ ਭੀ ਯੋਗੀ ਜਨੋ, ਸੋਚੋ ਜੇ ਕਿਸੇ ਨੂੰ ਰੇਤ ਛਾਣਦਿਆਂ ਸੋਨਾ ਲੱਭ ਪਵੇ ਤਾਂ ਉਹ ਰੇਤ ਛਾਨਣੀ ਛੱਡ ਦੇਵੇਗਾ?

3· ਜਿਵੇਂ ਉਪਰ ਸੰਕੇਤ ਕਰ ਚੁੱਕੇ ਹਾਂ, ਝੂਠੇ-ਸੱਚੇ ਤਪੀਆਂ (ਖਾਸ ਕਰਕੇ ਪਾਖੰਡੀਆਂ) ਭੇਖਧਾਰੀਆਂ ਤੇ ਕਈ ਤਰ੍ਹਾਂ ਦੇ ਰਿਧੀਆਂ ਸਿਧੀਆਂ ਜਾਂ ਕਰਾਮਾਤਾਂ ਦੇ ਦਿਖਾਵਾ ਕਰਨ ਵਾਲਿਆਂ ਦੀ ਪੂਜਾ ਮਾਨਤਾ ਵਧੀ ਹੋਈ ਸੀ। ਪਾਤਸ਼ਾਹ ਨੇ ਆਪ ਗ੍ਰਿਹਸਤ ਜੀਵਨ ਵਿਚ ਰਹਿ ਕੇ ਦੱਸਿਆ ਕਿ ਗ੍ਰਿਹਸਥੀ ਭੀ ਉੱਚਾ ਸੁੱਚਾ ਤੇ ਪੂਜਣ ਯੋਗ (ਸਤਿਕਾਰਯੋਗ) ਪਦਵੀ ਦਾ ਅਧਿਕਾਰੀ ਹੋ ਸਕਦਾ ਹੈ। ਨਾਲ ਹੀ ਗੁਰੂ ਜੀ ਨੇ ਗ੍ਰਿਹਸਤੀਆਂ ਨੂੰ ਉਨ੍ਹਾਂ ਜੋਕਾਂ ਤੇ ਪਾਖੰਡਾਂ ਤੋਂ ਬਚਾਉਣ ਲਈ ਕਈ ਏਹੋ ਜਿਹੇ ਪਾਖੰਡੀਆਂ ਦੇ ਪਾਜ ਖੋਲ੍ਹ ਕੇ ਵਿਖਾ ਦਿੱਤੇ।

SikhBookClub.com

ਗੋਇੰਦਵਾਲ ਵਸਦੇ ਤਪੇ ਦੀ ਘਟਨਾ ਦਾ ਜ਼ਿਕਰ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਭੀ ਆਇਆ ਹੈ:

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥

(ਪੰਨਾ ੩੧੫)

4· ਘੁੰਡ ਕੱਢਣ ਵਾਲੀਆਂ ਨੂੰ ਆਪਣੀ ਸੰਗਤ ਵਿਚ ਆਉਣ ਤੋਂ ਰੋਕ ਦੇਣਾ ਭੀ ਗੁਰੂ ਅਮਰਦਾਸ ਜੀ ਦਾ ਹੀ ਕੰਮ ਸੀ। ਗੁਰੂ ਜੀ ਦੇ ਬਿਰਧ ਅਵਸਥਾ ਵਿਚ ਹੋਣ ਕਾਰਨ ਵਿਰੋਧੀ ਤੇ ਮੂਰਖ ਭੀ ਇਸ ਦੇ ਕੋਈ ਪੁੱਠੇ ਅਰਥ ਨਹੀਂ ਸੀ ਕੱਢ ਸਕਦਾ ਜਵਾਨ ਤੇ ਵਿਆਹੀਆਂ ਵਰੀਆਂ ਧੀਆਂ ਦੇ ਪਿਤਾ ਦੇ ਲਾਡਲੇ ਸ਼ਬਦਾਂ ਨੇ ''ਏ ਤਾਂ ਕਮਲੀ ਹੈ ਜੋ ਦੱਸੇ ਤੇ ਕਹੇ ਜਾਣ ਦੇ ਬਾਵਜੂਦ ਘੁੰਡ ਜਾਂ ਪਰਦਾ ਕਰਕੇ ਸੰਗਤ ਵਿਚ ਆਈ ਹੈ।''

ਕਹਿੰਦੇ ਨੇ, ਇਕ ਰਾਣੀ ਨੂੰ ਸਚਮੁਚ ਹੀ ਕਮਲੀ ਬਣਾ ਦਿੱਤਾ ਪਰ ਘੁੰਡ ਚੁੱਕ ਕੇ ਸੰਗਤ ਵਿਚ ਲਿਆਉਣ 'ਤੇ ਉਹ ਠੀਕ ਹੋ ਗਈ।

5·ਸੱਚ ਏਹੀ ਹੈ ਕਿ ਛੂਤ ਛਾਤ, ਭਿੱਟ, ਚੌਕੇ ਦੀ ਸੁੱਚ ਆਦਿ ਘ੍ਰਿਣਾ ਦੇ ਪ੍ਰਗਟਾਵੇ ਦਾ ਸ਼ਿਕਾਰ ਭੀ ਵਿਚਾਰੇ ਗ੍ਰਿਹਸਤੀ ਹੀ ਸਨ ਤੇ ਇਸ ਦੇ ਬੁਰੇ ਪ੍ਰਭਾਵ ਨੂੰ ਗ੍ਰਿਹਸਤੀਆਂ ਉਤੇ ਹੀ ਕਈ ਤਰ੍ਹਾਂ ਪੈਂਦੇ ਸਨ। ਸਮਾਜ ਦੇ ਇਸ ਕੋਹੜ ਨੂੰ ਹਟਾਉਣ ਲਈ ਹੀ ਸਤਿਗੁਰਾਂ ਨੇ ਗੋਇੰਦਵਾਲ ਵਿਚ ਬਾਉਲੀ ਬਣਾਈ ਤੇ ਸਰਬ-ਸਾਂਝਾ ਲੰਗਰ ਚਲਾਇਆ।

ਬਾਉਲੀ, ਹਰ ਜਾਤੀ, ਹਰ ਪ੍ਰਾਂਤ, ਹਰ ਗਰੀਬ-ਅਮੀਰ ਦੇ ਇਸ਼ਨਾਨ ਲਈ:

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥

(ਪੰਨਾ ੬੧੧)

ਅਤੇ ਲੰਗਰ, ਸਾਂਝੀ ਪੰਗਤ ਲਈ ਜਿਥੇ ਬ੍ਰਾਹਮਣ ਤੇ ਅਛੂਤ, ਬਾਦਸ਼ਾਹ ਅਕਬਰ ਜੇਹੇ ਤੇ ਵਿਚਾਰਾ ਕੋਈ ਗਰੀਬ ਤੋਂ ਗਰੀਬ ਸੁਲਤਾਨਪੁਰ ਦਾ ਰਾਹੀ ਰਲ ਕੇ ਇਕ ਪੰਗਤ ਵਿਚ ਬਹਿ ਕੇ ਖਾ ਸਕਦੇ ਸਨ। ਨਹੀਂ, ਇਉਂ ਖਾਧੇ ਤੋਂ ਬਿਨਾਂ ਉਹ ਗੁਰੂ ਮਹਾਰਾਜ ਦੇ ਦਰਸ਼ਨ ਨਹੀਂ ਕਰ ਸਕਦੇ ਸਨ।

ਗੱਲ ਸਿੱਧੀ ਸੀ, ਮਨ ਤੇ ਤਨ ਸਾਫ਼ ਕੀਤੇ ਬਿਨਾਂ (ਇਸ਼ਨਾਨ ਤੋਂ ਬਿਨਾਂ) ਤੇ ਹੰਕਾਰ ਅਤੇ ਵਖੇਵਾਂ ਛੱਡੇ ਬਿਨਾਂ ਕੌਣ 'ਗੁਰੂ' ਦੇ ਦਰਸ਼ਨ ਨੂੰ ਪ੍ਰਾਪਤ ਕਰ ਸਕਦਾ ਹੈ।

6. ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਤੇ ਦਾਮਾਦ ਗੁਰੂ ਰਾਮਦਾਸ ਜੀ ਦੀ ਸੇਵਾ, ਨਿਮਰਤਾ, ਸੰਤੋਖ ਭੀ ਗ੍ਰਿਹਸਤੀਆਂ ਤੇ ਸਮੁੱਚੇ ਸਮਾਜ ਲਈ ਉੱਚਤਾ ਪ੍ਰਾਪਤ ਕਰਨ ਦਾ ਗੁਰ ਹਨ—ਗੁਰੂ ਅਮਰਦਾਸ ਜੀ ਨੇ ਬਜ਼ੁਰਗ ਅਵਸਥਾ ਵਿਚ ਗੁਰੂ ਅੰਗਦ ਦੇਵ ਜੀ ਦੀ ਹੱਥੀਂ ਸੇਵਾ ਕਰਕੇ ਦੁਨੀਆਂ ਦੇ ਬੋਲ ਕੁਬੋਲ ਸਹਿ ਕੇ ਫੇਰ ਸਮਾਜ ਭਲਾਈ ਲਈ ਲੰਗਰ ਲਾ ਕੇ, ਸ਼ਹਿਰ ਵਸਾ ਕੇ ਨਿਥਾਵਿਆਂ ਦੀ ਥਾਂ ਬਣ ਕੇ ਸਿਖਾਇਆ ਹੈ ਕਿ ਗ੍ਰਿਹਸਤੀ ਤੇ ਸਮਾਜਕ ਜੀਵਨ ਸੇਵਾ, ਨਿਰਮਤਾ ਤੇ ਸੰਤੋਖ ਦਾ ਜੀਵਨ ਹੈ। ਇਹ ਹੋਰਨਾਂ ਦਾ ਸਾਧਨ ਹੈ, ਨਿਰਾ ਆਪਣੇ ਪੇਟ ਪਾਲਣ ਤੇ ਚੌਧਰ ਦਾ ਸਾਧਨ ਨਹੀਂ। ਇਹ ਸਮਾਜ 'ਹਰਿ ਕਾ ਰੂਪ' ਹੈ, ਸਾਨੂੰ ਸਭ ਨੂੰ ਇਹ 'ਹਰਿ ਰੂਪ' ਨਜ਼ਰ ਆਉਣਾ ਚਾਹੀਦਾ ਹੈ। ਫੇਰ ਅਸੀਂ ਆਪਣੇ ਆਪ ਨੂੰ ਪੁੱਛ ਸਕਦੇ ਹਾਂ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥

(ਪੰਨਾ ੯੨੧)

SikhBookClub.com

ਤੇ ਫੇਰ ਏਸ ਜਗਤ ਵਿਚ ਆ ਕੇ ਹੋਰਨਾਂ ਦੇ ਭਲੇ ਲਈ ਸੇਵਾ ਲਈ ਹੇ ਮਨੁੱਖ:

.....ਕਿਆ ਤੁਧੁ ਕਰਮ ਕਮਾਇਆ ॥

(ਪੰਨਾ ੯੨੨)

7· ਏਥੇ ਸਤਿਗੁਰਾਂ ਵਲੋਂ ਸਤੀ ਦੀ ਰਸਮ ਦੀ ਰੋਕ ਲਈ ਕੀਤੇ ਉਪਰਾਲਿਆਂ ਤੇ ਦਿੱਤੇ ਉਪਦੇਸ਼ਾਂ ਦਾ ਸ਼ੁਕਰਾਨਾ ਕਰਨਾ, ਜਿਸ ਤੋਂ ਹੀ ਸ਼ਾਇਦ ਅਕਬਰ ਬਾਦਸ਼ਾਹ ਨੇ ਪ੍ਰੇਰਨਾ ਲਈ, ਉਨ੍ਹਾਂ ਦੇ ਇਕ ਮਹਾਨ ਉਪਕਾਰ ਨੂੰ ਭੁਲਣਾ ਹੈ। ਉਨ੍ਹਾਂ ਨੇ ਬੜੀ ਦਲੇਰੀ ਨਾਲ ਤੇ ਡੰਕੇ ਦੀ ਚੋਟ ਉਸ ਸਮੇਂ ਵਿਚ ਘੋਸ਼ਨਾ ਕੀਤੀ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥

(ਪੰਨਾ ੭੮੭)

8· ਅੱਜ ਕਲ ਫੇਰ ਅਤਿ ਜ਼ੋਰ ਨਾਲ ਫੈਲ ਰਹੇ ਇਕ ਸਮਾਜਕ ਕੋਹੜ ਦਾ ਰੋਗ ਕੱਟਣ ਲਈ ਭੀ ਜੋ ਹੁਣ ਘਰਾਂ ਵਿਚ ਭੀ ਧਸ ਚੁੱਕਾ ਹੈ ਤੇ ਸਦਾ ਹੀ ਗ੍ਰਿਹਸਤੀ ਜੀਵਨ ਦੀ ਸਾਵੀ ਪੱਧਰੀ ਚਾਲ ਦੇ ਰਾਹ ਦਾ ਰੋੜਾ, ਕੰਡਾ ਤੇ ਸੂਲੀ ਬਣਿਆ ਰਿਹਾ ਹੈ ਉਹ ਹੈ ਨਸ਼ਾ। ਗੁਰੂ ਜੀ ਨੇ ਇਸ ਸਮਾਜਿਕ ਬਿਮਾਰੀ ਨੂੰ ਛੱਡਣ ਲਈ ਵਿਸ਼ੇਸ਼ ਪ੍ਰਯਤਨ ਕੀਤੇ ਤੇ ਉਪਦੇਸ਼ ਦਿੱਤੇ:

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

(ਪੰਨਾ ੫੫੪)

ਭਟ ਨੇ ਠੀਕ ਹੀ ਕਿਹਾ ਸੀ:

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਪੰਨਾ ੧੩੯੬)

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਧਰਮ ਨੂੰ ਸੰਸਥਾਈ ਯੋਗਦਾਨ

ਸ੍ਰੀ ਗੁਰੂ ਅਮਰਦਾਸ ਜੀ ਦਾ ਸਮਾਂ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਿਆਈ ਸਮਾਂ (1552-1574 ਈ: ਤਕ) ਸਿੱਖ ਧਰਮ ਦੀ ਪ੍ਰਗਤੀ ਤੇ ਪਾਸਾਰ ਦਾ ਸਮਾਂ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ ਅਤੇ ਫਿਰ ਉਸ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋ ਕਾਰਜ ਅਰੰਭੇ, ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਨੇਪਰੇ ਚਾੜ੍ਹਿਆ। ਸ੍ਰੀ ਗੁਰੂ ਅਮਰਦਾਸ ਜੀ ਦੀ ਸਿੱਖ ਧਰਮ ਨੂੰ ਦੇਣ ਦੇ ਸਬੰਧ ਵਿਚ ਡਾ. ਇੰਦੂ ਭੂਸ਼ਣ ਬੈਨਰਜੀ ਲਿਖਦੇ ਹਨ,

> "ਸ੍ਰੀ ਗੁਰੂ ਅਮਰਦਾਸ ਜੀ ਦੇ ਅਧੀਨ ਸਿੱਖ ਧਰਮ ਨੇ ਆਪਣੀ ਇਕ ਵੱਖਰੀ ਹੋਂਦ ਵਿਕਸਿਤ ਕੀਤੀ। ਸਿੱਖ ਧਰਮ ਨੂੰ ਇਕ ਅਲੱਗ ਸੰਸਥਾ ਦਾ ਸਰੂਪ ਪ੍ਰਾਪਤ ਹੋ ਗਿਆ ਅਤੇ ਉਸ ਵਿਚ ਪੁਰਾਣੇ ਰੀਤੀ ਰਿਵਾਜ ਅਤੇ ਰਸਮਾਂ ਦੀ ਥਾਂ ਨਵੇਂ ਰੀਤੀ ਰਿਵਾਜ ਸ਼ੁਰੂ ਕੀਤੇ ਗਏ।"

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ਉੱਤੇ ਬੈਠੇ ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਸਿੱਖ ਪੰਥ ਨੂੰ ਸਥਿਰ ਰੱਖਣ ਤੇ ਅੱਗੇ ਵਧਾਉਣ ਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ-ਪ੍ਰਦੇਸ ਵਿਚ ਜਾ ਕੇ ਲੋਕਾਂ ਨੂੰ ਹਲੂਣਿਆ ਅਤੇ ਜਾਗ੍ਰਿਤ ਕੀਤਾ। ਉਨ੍ਹਾਂ ਨੂੰ ਆਪਣੇ ਸਮੇਂ ਦੇ ਧਾਰਮਿਕ, ਸਮਾਜਿਕ ਤੇ ਰਾਜਸੀ ਦੰਭੀਆਂ ਅਤੇ ਜਾਬਰਾਂ ਵਿਰੁੱਧ ਬਲਵਾਨ ਅਵਾਜ਼ ਬੁਲੰਦ ਕਰਨੀ ਪਈ ਸੀ। ਇਕ ਪਾਸੇ ਉਨ੍ਹਾਂ ਨੇ ਲੋਕਾਂ ਨੂੰ ਅਜਿਹੇ ਦੰਭੀਆਂ ਆਦਿਕ ਤੋਂ ਸੁਚੇਤ ਕੀਤਾ ਤੇ ਦੂਜੇ ਪਾਸੇ ਨਵੇਂ ਜੀਵਨ ਦੀ ਸਿਖਲਾਈ ਦਿੱਤੀ। ਪੁਰਾਣੇ ਨੂੰ ਢਾਹੁਣਾ ਅਤੇ ਨਵੇਂ ਨੂੰ ਉਸਾਰਨਾ ਹਰ ਕ੍ਰਾਂਤੀਕਾਰੀ ਦਾ ਦੋਹਰਾ ਕਰਤੱਵ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਥਾਂ-ਥਾਂ ਨਵੇਂ ਜੀਵਨ ਦੇ ਬੀਜ ਖਿਲਾਰੇ ਅਤੇ ਉਨ੍ਹਾਂ ਨੂੰ ਪੁੰਗਰਨ ਲਈ ਹਰ ਥਾਂ ਆਪਣੇ ਪ੍ਰਤੀਨਿਧਾਂ ਨੂੰ ਸਾਥੀਆਂ ਦੀ ਅਗਵਾਈ ਕਰਨ ਲਈ ਸਥਾਪਿਤ ਕੀਤਾ।

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਪੂਰੀ ਸਮਰੱਥਾ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਬਿੰਬ ਕਾਇਮ ਰੱਖਿਆ। ਪਰ ਉਨ੍ਹਾਂ ਦੇ ਸਮੇਂ ਤਕ ਪੰਜਾਬ ਦੇ ਲੋਕਾਂ ਦੀ ਜਾਣ-ਪਛਾਣ ਨਿਰਮਲ ਪੰਥ ਨਾਲ ਅੱਗੇ ਨਾਲੋਂ ਕਾਫੀ ਡੂੰਘੀ ਹੋ ਚੁੱਕੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤਕ ਉਨ੍ਹਾਂ ਦੇ ਛੋਟੇ-ਛੋਟੇ ਸਮੂਹ ਹੋਂਦ ਵਿਚ ਆ ਚੁੱਕੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ

SikhBookClub.com

ਜੀ ਵਲੋਂ ਅਰੰਭ ਕੀਤੇ ਨਾਨਕ ਨਿਰਮਲ ਪੰਥ ਦੇ ਨਵੇਂ ਬਣ ਰਹੇ ਸਮੂਹਿਕ ਰੂਪ ਨੂੰ ਸਹੀ ਸੇਧ ਵਿਚ ਰੱਖਣਾ ਸੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰੂ ਕਾਲ ਵਿਚ ਸਿੱਖ ਧਰਮ ਦਾ ਸੰਸਥਾਈ ਰੂਪ ਤੇ ਅਕਾਰ ਨਿਖਰਣ ਲੱਗ ਪਿਆ। ਸਮਾਜ ਵਿਚ ਨਵੇਂ ਨਿਯਮਾਂ ਤੇ ਸੰਸਥਾਵਾਂ ਨੂੰ ਪ੍ਰਚਲਿਤ ਕਰ ਸਕਣਾ ਸੂਝਵਾਨ ਆਗੂ ਦਾ ਕਰਤੱਵ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ 1552 ਈ: ਤੋਂ 1574 ਈ: ਤਕ ਨਿਰੰਤਰ 22 ਸਾਲ ਗੁਰੂ ਕਰਤੱਵ ਨਿਭਾਇਆ ਹੈ। ਗੁਰੂ-ਕਰਤੱਵ ਵਿੱਚੋਂ ਸਿੱਖ ਸੰਗਤ ਦੀ ਜੱਥੇਬੰਦੀ, ਬਾਉਲੀ ਸਾਹਿਬ ਦੀ ਸਿਰਜਨਾ, ਵਰਨ ਭੇਦ ਦਾ ਖਾਤਮਾ, ਸਤੀ ਦੀ ਰਸਮ ਨੂੰ ਬੰਦ ਕਰਨਾ, ਪ੍ਰਚਾਰ ਹਿਤ ਬਾਈ ਮੰਜੀਆਂ ਦੀ ਸਥਾਪਨਾ, ਅਕਾਲੀ ਬਾਣੀ ਦਾ ਪ੍ਰਕਾਸ਼, ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਕਲਪਨਾ ਆਦਿ ਅਜਿਹੇ ਕਰਤੱਵ ਸਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦਾ ਅਨੁਭਵ ਵਿਸ਼ਾਲ, ਸਾਰਥਕ ਤੇ ਸਿਰਜਨਾਤਮਿਕ ਸੀ। ਜੀ. ਐਸ. (ਛਾਬੜਾ) ਅਨੁਸਾਰ, "ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਘੇਰਾ ਦਿਨ-ਬ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਸੀ। ਇਸ ਆਸ਼ੇ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੇ ਸਿੱਖ ਜਗਤ ਨੂੰ 22 ਹਿੱਸਿਆ ਵਿਚ ਵੰਡਿਆ ਤੇ ਇਨ੍ਹਾਂ ਥਾਵਾਂ ਉੱਤੇ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਯੋਗ ਤੇ ਮੁਖੀ ਸਿੱਖਾਂ ਨੂੰ ਨਿਯਤ ਕੀਤਾ ਜਾਂਦਾ ਸੀ। ਜਿਸ ਗੁਰਸਿੱਖ ਨੂੰ ਸਤਿਗੁਰੂ ਵੱਲੋਂ ਪ੍ਰਚਾਰਕ ਨਿਯੁਕਤ ਕੀਤਾ ਜਾਂਦਾ, ...ਆਖਿਆ ਜਾਂਦਾ ਸੀ ਕਿ ਉਸ ਨੂੰ 'ਮੰਜੀ' ਦੀ ਬਖ਼ਸ਼ਿਸ਼ ਹੋਈ ਹੈ। ਕਿਉਂਕਿ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਆਮ ਤੌਰ 'ਤੇ ਸੰਗਤਾਂ ਨੂੰ ਮੰਜੀ 'ਤੇ ਬੈਠ ਕੇ ਹੀ ਉਪਦੇਸ਼ ਦਿੰਦੇ ਸਨ ਇਸ ਲਈ ਗੁਰੂ ਸਾਹਿਬ ਦੇ ਸਮੇਂ ਤੋਂ ਹੀ 'ਮੰਜੀ' ਦਾ ਸ਼ਬਦ ਪ੍ਰਚਾਰਕਾਂ ਲਈ ਵਰਤਿਆ ਜਾਣ ਲੱਗਾ।"

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਮੰਜੀ' ਸ਼ਬਦ ਦੀ ਵਰਤੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦਰਭ ਵਿਚ ਕੀਤੀ ਹੈ:

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।

(ਵਾਰ ੧:੩੮)

ਮੰਜੀ ਸਥਾਪਨਾ ਦਾ ਸਭ ਤੋਂ ਵੱਡਾ ਉਦੇਸ਼ ਆਪੋ ਆਪਣੇ ਇਲਾਕਿਆਂ ਵਿਚ ਨਿਯੁਕਤ ਕੀਤੇ ਪ੍ਰਚਾਰਕਾਂ ਦੁਆਰਾ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਹੁੰਦਾ ਸੀ। ਧਰਮਸ਼ਾਲਾ ਦੀ ਸਥਾਪਤੀ ਕੀਰਤਨ, ਕਥਾ ਤੇ ਲੰਗਰ ਦੀ ਮਰਯਾਦਾ ਨੂੰ ਕਾਇਮ ਕਰਨਾ ਅਤੇ ਗੁਰੂ ਸਾਹਿਬ ਦੇ ਨਾਮ 'ਤੇ ਆਈ ਚੜ੍ਹਤ ਨੂੰ ਦੀਵਾਲੀ, ਵੈਸਾਖੀ ਜਾਂ ਕੋਈ ਹੋਰ ਅਵਸਰ 'ਤੇ ਗੁਰੂ ਘਰ ਪਹੁੰਚਾਉਣਾ, ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦੇ ਪ੍ਰਮੁੱਖ ਅੰਗ ਹੋਇਆ ਕਰਦੇ ਸਨ। ਉਹ ਇਲਾਕੇ ਦੀਆਂ ਸੰਗਤਾਂ ਤੇ ਗੁਰੂ ਸਾਹਿਬ ਦੇ ਵਿਚਕਾਰ ਇਕ ਅਜਿਹੀ ਕੜੀ ਸੀ, ਜਿਸ ਰਾਹੀਂ ਗੁਰੂ ਸਾਹਿਬਾਨ ਦੁਆਰਾ ਜਾਰੀ ਕੀਤੇ ਗਏ ਆਦੇਸ਼ ਤੇ ਹੁਕਮਨਾਮੇ ਦੂਰ-ਦੂਰ ਸਿੱਖਾਂ ਤਕ ਪਹੁੰਚਾਏ ਜਾਂਦੇ ਸਨ। ਸਿੱਖ ਪੰਥ ਨੂੰ ਕਰਮਕਾਂਡ ਦੀਆਂ ਪੇਚੀਦਗੀਆਂ ਤੋਂ ਅਲੱਗ ਕਰਨ ਦੀ ਸਥਾਪਤੀ ਇਕ ਮੀਲ ਪੱਥਰ ਦੀ ਤਰ੍ਹਾਂ ਸਾਬਤ ਹੋਈ। ਸ੍ਰੀ ਨਿਰੰਜਨ ਰੇਅ ਦੇ ਸ਼ਬਦਾਂ ਵਿਚ:

"ਦੂਰ-ਦੂਰ ਤਕ ਫੈਲ ਚੁੱਕੀ ਸਿੱਖੀ ਨੂੰ ਕੇਂਦਰ ਨਾਲ ਜੋੜ ਕੇ ਜਥੇਬੰਦ ਕਰਨ ਵੱਲ ਚੁੱਕਿਆ ਇਹ ਕਦਮ ਸਿੱਖ ਰਾਜਨੀਤਿਕ ਸ਼ਕਤੀ ਦਾ ਮੁੱਢ ਕਿਹਾ ਜਾ ਸਕਦਾ ਹੈ।"

SikhBookClub.com

ਬਾਈ ਮੰਜੀਆਂ ਦੀ ਸਥਾਪਤੀ ਨੇ ਜਿੱਥੇ ਸਿੱਖਾਂ ਦੇ ਪ੍ਰਚਾਰ ਵਿਚ ਵਾਧਾ ਕਰ ਕੇ ਜਥੇਬੰਦੀ ਨੂੰ ਮਜ਼ਬੂਤ ਕੀਤਾ, ਉੱਥੇ ਨਾਲ ਹੀ ਨਾਲ ਸਾਰੀ ਸਿੱਖ ਸੰਗਤ ਨੂੰ ਇਕ ਵੱਖਰੀ ਜਿਹੀ ਮਰਯਾਦਾ ਕਾਇਮ ਕਰ ਕੇ ਸਿੱਖ ਸੰਗਤ ਨੂੰ ਇਕ ਵੱਖਰੀ ਤੇ ਸੁਤੰਤਰ ਹੋਂਦ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਸਮਾਂ ਪਾ ਕੇ ਇਹ ਸੁਤੰਤਰ ਹੋਂਦ ਹੀ ਖਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਹੋਈ। ਜਿੱਥੇ ਪਹਿਲਾਂ ਸਿੱਖ ਧਰਮ ਦਾ ਪ੍ਰਚਾਰ ਬਿੰਦੂ ਕੇਵਲ ਗੁਰੂ ਸਾਹਿਬ ਦਾ ਨਿਵਾਸ ਅਸਥਾਨ ਹੀ ਹੋਇਆ ਕਰਦਾ ਸੀ, ਹੁਣ ਉਸ ਦਾ ਪ੍ਰਸਾਰ ਦੇਸ਼ ਦੇ ਕੋਨੇ-ਕੋਨੇ ਤਕ ਫੈਲ ਗਿਆ। ਸਥਾਨਕ ਪ੍ਰਚਾਰ ਕੇਂਦਰਾਂ (ਮੰਜੀਆਂ) ਦੀ ਸਥਾਪਤੀ ਨੇ ਸਿੱਖੀ ਆਸ਼ੇ ਨੂੰ ਦੂਰ-ਦੂਰ ਤਕ ਫੈਲਾਉਣ ਵਿਚ ਵੱਡਾ ਰੋਲ ਅਦਾ ਕੀਤਾ। ਡਾ. ਗੋਕਲ ਚੰਦ ਨਾਰੰਗ ਲਿਖਦੇ ਹਨ,

> "ਇਨ੍ਹਾਂ ਮੰਜੀਆਂ ਦੀ ਸਥਾਪਤੀ ਨੇ ਸਾਰੇ ਦੇਸ਼ ਵਿਚ ਸਿੱਖੀ ਮਹੱਲ ਦੀਆਂ ਨੀਹਾਂ ਨੂੰ ਬਹੁਤ ਮਜ਼ਬੂਤ ਕਰ ਦਿੱਤਾ। ਜਿਸ ਨੇ ਆਉਣ ਵਾਲੀਆਂ ਸਦੀਆਂ ਵਿਚ ਸਮੁੱਚੇ ਦੇਸ਼ ਦੀ ਰਾਜਨੀਤੀ ਵਿਚ ਇਕ ਅਹਿਮ ਰੋਲ ਅਦਾ ਕਰਨਾ ਸੀ।"

ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਹੋਰ ਵੀ ਪ੍ਰਭਾਵਸ਼ਾਲੀ ਹੋ ਗਿਆ। ਇਸ ਨਾਲ ਸਥਾਨਕ ਸੰਗਤਾਂ ਦੀਆਂ ਧਾਰਮਿਕ ਲੋੜਾਂ ਪੂਰੀਆਂ ਹੋਣ ਲੱਗੀਆਂ। ਸ੍ਰੀ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਨੂੰ ਵੱਖ-ਵੱਖ ਥਾਵਾਂ 'ਤੇ ਸਥਾਪਿਤ ਕੀਤਾ ਕਿਉਂਕਿ ਸੰਗਤਾਂ ਲਈ ਆਪ ਵੱਖ-ਵੱਖ ਥਾਵਾਂ ਤੋਂ ਗੁਰੂ ਜੀ ਨਾਲ ਸਿੱਧਾ ਸੰਪਰਕ ਰੱਖਣਾ ਮੁਸ਼ਕਲ ਸੀ। ਤੀਜੇ ਗੁਰੂ ਸਾਹਿਬ ਜੀ ਦੇ ਇਸ ਕਾਰਜ ਨੇ ਸਿੱਖ ਪੰਥ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ।

ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਹੋਰ ਅਹਿਮ ਯੋਗਦਾਨ 'ਗੋਇੰਦਵਾਲ' ਨਗਰ ਦੀ ਸਥਾਪਨਾ ਕਰਨਾ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਲੈ ਕੇ 'ਗੋਇੰਦਵਾਲ' ਨਗਰ ਦੀ ਸਥਾਪਨਾ ਕੀਤੀ ਕਿਉਂਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਦੂਰ-ਦ੍ਰਿਸ਼ਟੀ ਨਾਲ ਇਹ ਅਨੁਭਵ ਕਰ ਲਿਆ ਸੀ ਕਿ ਕਿਸੇ ਵੇਲੇ ਇਹ ਸਥਾਨ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਬਣ ਸਕਦਾ ਹੈ। ਇਸ ਲਈ ਆਪ ਨੇ ਨਵਾਂ ਨਗਰ ਵਸਾਉਣ ਦੀ ਜ਼ਿੰਮੇਵਾਰੀ ਆਪਣੇ ਪਰਮ ਸੇਵਕ (ਸ੍ਰੀ ਗੁਰੂ) ਅਮਰਦਾਸ ਜੀ ਨੂੰ ਸੌਂਪ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਅਧਿਆਤਮਿਕ ਤੇ ਵਪਾਰਕ ਦ੍ਰਿਸ਼ਟੀ ਤੋਂ ਗੋਇੰਦਵਾਲ ਸਾਹਿਬ ਦੀ ਸਿਰਜਨਾ ਕਰਨੀ ਸ਼ੁਰੂ ਕਰ ਦਿੱਤੀ, ਉੱਥੇ ਨਾਲ ਹੀ ਨਾਲ ਉਨ੍ਹਾਂ ਦੀਆਂ ਸਮਾਜਿਕ ਤੇ ਆਰਥਿਕ ਲੋੜਾਂ ਪੂਰੀਆਂ ਕਰਨ ਵੱਲ ਵੀ ਪੂਰਨ ਤੌਰ 'ਤੇ ਚੇਤੰਨ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਕਈ ਸਾਲ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਬਤੀਤ ਕੀਤੇ ਅਤੇ ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ ਪੰਗਤ ਤੇ ਸੰਗਤ ਦੀ ਪਰੰਪਰਾ ਨੂੰ ਮਜ਼ਬੂਤ ਕੀਤਾ। ਉੱਥੇ ਹੀ ਗੁਰੂ ਸਾਹਿਬ ਨੇ ਭਾਈ ਜੇਠਾ ਜੀ ਦੀ ਆਚਰਣ ਉਸਾਰੀ ਕੀਤੀ, ਉਨ੍ਹਾਂ ਨੂੰ ਗੁਰਗੱਦੀ ਬਖ਼ਸ਼ੀ ਤੇ "ਦੋਹਿਤਾ-ਬਾਣੀ ਦਾ ਬੋਹਿਥਾ" ਦੀ ਅਸੀਸ ਬਾਲਕ (ਗੁਰੂ) ਅਰਜਨ ਦੇਵ ਨੂੰ ਦਿੱਤੀ। ਇਸੇ ਅਸਥਾਨ 'ਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦੀ ਪ੍ਰਤਿਭਾ ਦੀ ਉਸਾਰੀ ਹੋਈ। ਗੋਇੰਦਵਾਲ ਸਾਹਿਬ ਸਿੱਖ ਸਭਿਆਚਾਰ ਦਾ ਕੇਂਦਰ ਬਣਿਆ।

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਜਾਰੀ ਕੀਤੀ ਸੰਗਤ ਦੀ ਸੰਸਥਾ ਦਾ ਵੀ ਵਿਕਾਸ ਕੀਤਾ। ਸੰਗਤ ਸੰਸਥਾ ਵਿੱਚੋਂ ਭੇਦ ਭਾਵ ਮਿਟਾਉਣ ਲਈ ਆਪ ਜੀ ਨੇ

SikhBookClub.com

ਸੰਗਤ ਸੰਸਥਾ ਦੇ ਨਾਲ-ਨਾਲ "ਲੰਗਰ" ਮਰਯਾਦਾ ਨੂੰ ਵੀ ਹੋਰ ਮਜ਼ਬੂਤ ਕੀਤਾ। ਬੇਸ਼ੱਕ ਲੰਗਰ ਦੀ ਸੰਸਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਈ ਸੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਬੜੀ ਮਿਹਨਤ ਅਤੇ ਵਫਾਦਾਰੀ ਨਾਲ ਇਸ ਪ੍ਰਥਾ ਨੂੰ ਮਜ਼ਬੂਤ ਕਰਨ ਵਿਚ ਜੁਟੇ ਰਹੇ ਸਨ। ਪਰ ਫਿਰ ਵੀ ਕਿਸੇ ਪਾਬੰਦੀ ਦੇ ਨਾ ਹੋਣ ਕਾਰਨ ਕਈ ਜਾਤ ਅਭਿਮਾਨੀ ਜਗਿਆਸੂ ਗੁਰੂ ਸਾਹਿਬ ਦੇ ਬਚਨ ਸੁਣਨ ਤਾਂ ਆ ਜਾਇਆ ਕਰਦੇ ਸਨ ਪਰ ਅਖੌਤੀ ਨੀਵੀਂ ਜਾਤ ਵਾਲਿਆਂ ਨਾਲ ਬੈਠ ਕੇ ਲੰਗਰ ਛਕਣਾ ਪਸੰਦ ਨਹੀਂ ਸਨ ਕਰਦੇ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਸੀ ਵਿਤਕਰਿਆਂ ਨੂੰ ਮਿਟਾ ਕੇ ਸਮਾਨਤਾ ਲਿਆਉਣ ਲਈ ਹੁਕਮ ਜਾਰੀ ਕਰ ਦਿੱਤਾ ਕਿ ਜੋ ਕੋਈ ਵੀ ਸਾਡੇ ਦਰਸ਼ਨ ਕਰਨ ਆਵੇ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕੇ ਅਤੇ ਫਿਰ ਸੰਗਤ ਵਿਚ ਹਾਜ਼ਰ ਹੋ ਕੇ ਉਪਦੇਸ਼ ਸੁਣੇ। ਮਾਨਵ ਜਾਤੀ ਨੂੰ ਅਧਿਆਤਮਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਬਰਾਬਰ ਰੱਖਣ ਵਾਸਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਵਰਗੀਆਂ ਸੰਸਥਾਵਾਂ ਨੂੰ ਸੁਚੇਤ ਤੌਰ 'ਤੇ ਮਰਯਾਦਾ ਬੱਧ ਕੀਤਾ। ਡਾ. (ਛਾਬੜਾ) ਦੇ ਸ਼ਬਦਾਂ ਅਨੁਸਾਰ

> "ਲੰਗਰ ਦੀ ਮਰਯਾਦਾ ਨੇ ਲੋਕਾਂ ਨੂੰ ਸਮਾਜਿਕ ਵਿਤਕਰੇ ਮਿਟਾ ਕੇ ਇਕ ਦੂਜੇ ਪ੍ਰਤੀ ਪਿਆਰ ਤੇ ਭਰਾਤਰੀ ਭਾਵਨਾ ਪੈਦਾ ਕਰਨ ਵਿਚ ਕਾਫੀ ਮਦਦ ਕੀਤੀ।"

ਮੁਗਲ ਬਾਦਸ਼ਾਹ ਅਕਬਰ ਜਦੋਂ ਗੁਰੂ ਸਾਹਿਬ ਨੂੰ ਮਿਲਣ ਆਇਆ ਤਾਂ ਉਸ ਨੇ ਵੀ ਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਫਿਰ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਪ੍ਰਕਾਰ ਗੁਰੂ ਸਾਹਿਬ ਨੇ 'ਪਹਿਲੇ ਪੰਗਤ ਪਾਛੇ ਸੰਗਤ' ਦੀ ਮਰਯਾਦਾ ਸਥਾਪਿਤ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤ ਤੇ ਮਾਇਆ-ਅਭਿਮਾਨ ਨੂੰ ਸਿਧਾਂਤਕ ਤੌਰ 'ਤੇ ਵੀ ਨੀਵਾਂ ਦਿਖਾਇਆ ਤੇ ਸੰਗਤ-ਪੰਗਤ ਸੰਸਥਾਵਾਂ ਸਿਰਜ ਕੇ ਅਮਲੀ ਰੂਪ ਵਿਚ ਵੀ ਪੂਰੀ ਦਲੇਰੀ ਨਾਲ ਨਿਖੇੜਿਆ:

ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ॥
ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥

(ਪੰਨਾ ੧੧੨੭)

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਗੁਰੂ ਕਾਲ ਵਿਚ ਇੱਥੇ ਇਕ ਬਾਉਲੀ ਦਾ ਨਿਰਮਾਣ ਕਰਵਾਇਆ। ਬਾਉਲੀ ਸਾਹਿਬ ਦੀ ਰਚਨਾ ਨੇ ਸਿੱਖ ਧਰਮ ਵਿਚ ਇਕ ਬੜਾ ਵੱਡਾ ਪਰਿਵਰਤਨ ਲਿਆਂਦਾ। ਸਿੱਖ ਵੈਸਾਖੀ, ਦੀਵਾਲੀ ਅਤੇ ਹੋਰ ਦਿਨਾਂ ਉੱਤੇ ਗੋਇੰਦਵਾਲ ਸਾਹਿਬ ਆ ਕੇ ਇਕੱਤਰ ਹੋਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਦੀਆਂ ਇਕੱਤਰਤਾਵਾਂ ਨੇ ਸਿੱਖਾਂ ਵਿਚ ਸੰਗਠਨ ਤੇ ਏਕਤਾ ਦੀ ਭਾਵਨਾ ਨੂੰ ਜਨਮ ਦਿੱਤਾ ਅਤੇ ਉਨ੍ਹਾਂ ਨੂੰ ਇੱਕ ਕੇਂਦਰ ਨਾਲ ਜੋੜ ਕੇ ਜਥੇਬੰਦੀ ਵਿਚ ਇਕਸੁਰਤਾ ਪੈਦਾ ਕੀਤੀ। ਇਸ ਬਾਉਲੀ ਸਾਹਿਬ ਦੀ ਸਿਰਜਨਾ ਨੇ ਜਾਤ-ਪਾਤ ਦੇ ਅਖੌਤੀ ਬੰਧਨਾਂ ਨੂੰ ਵੀ ਕਰਾਰੀ ਚੋਟ ਮਾਰੀ। ਸਮਾਜ ਵਿਚ ਪਏ ਵਿਤਕਰਿਆਂ ਨੂੰ ਮੇਟਿਆ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਨੂੰ ਮਜ਼ਬੂਤ ਕੀਤਾ। ਜਿਵੇਂ ਗੁਰੂ ਕੇ ਲੰਗਰ ਵਿਚ ਹਰ

SikhBookClub.com

ਜਾਤ ਤੇ ਹਰ ਧਰਮ ਦਾ ਵਿਅਕਤੀ ਇੱਕੋ ਹੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦਾ ਹੈ, ਇਸੇ ਤਰ੍ਹਾਂ ਬਾਉਲੀ ਵਿਚ ਹਰ ਜਾਤ ਦਾ ਵਿਅਕਤੀ ਇਸ਼ਨਾਨ ਕਰ ਕੇ ਜਾਤ ਪਾਤ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਲੱਗਾ। ਬਾਉਲੀ ਸਾਹਿਬ ਦਾ ਨਿਰਮਾਣ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਬੜਾ ਮਹੱਤਵਪੂਰਨ ਕਾਰਜ ਸਿੱਧ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਲੋਕਾਂ ਨੂੰ ਸ਼ਬਦ ਨਾਲ ਜੋੜਿਆ। ਇਨ੍ਹਾਂ ਪ੍ਰਚਾਰ ਦੌਰਿਆਂ ਦਾ ਅਸਰ ਇਹ ਹੋਇਆ ਕਿ ਸਿੱਖ ਜਥੇਬੰਦੀ ਦੀਆਂ ਨੀਹਾਂ ਇਤਨੀਆਂ ਮਜ਼ਬੂਤ ਹੋ ਗਈਆਂ ਕਿ ਆਉਣ ਵਾਲੀ ਸਦੀ ਵਿਚ ਦੂਜੇ ਗੁਰੂ ਸਾਹਿਬਾਨ ਨੇ ਇਸ ਉੱਪਰ ਸਿੱਖੀ ਦਾ ਖੂਬਸੂਰਤ ਮਹੱਲ ਖੜਾ ਕਰ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਫੈਲਾਉ ਵੀ ਹੋਇਆ ਤੇ ਜਥੇਬੰਦਕ ਤੌਰ 'ਤੇ ਮਜ਼ਬੂਤ ਵੀ। ਸ੍ਰੀ ਗੁਰੂ ਅਮਰਦਾਸ ਜੀ ਦੀ ਮਾਨਤਾ ਦਿਨੋਂ-ਦਿਨ ਵੱਧਦੀ ਗਈ। ਸੱਯਦ ਮੁਹੰਮਦ ਲਤੀਫ ਲਿਖਦਾ ਹੈ,

> "ਗੁਰੂ ਅਮਰਦਾਸ ਜੀ ਸਫਲ ਗੁਰੂ ਸਨ। ਉਨ੍ਹਾਂ ਦੇ ਉਤਸ਼ਾਹ ਤੇ ਮਿਲਾਪੜੇ ਸੁਭਾ ਕਰਕੇ ਬਹੁਤ ਸਾਰੇ ਲੋਕ ਆਪ ਦੇ ਧਰਮ ਵਿਚ ਆਏ।"

ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵ ਨੂੰ ਸਤਿਗੁਰੂ ਦਾ ਉਪਦੇਸ਼ ਸੁਣਨ ਅਤੇ 'ਸਦਾ ਸਚੁ ਸਮਾਲੇ' ਭਾਵ ਸੱਚੇ ਨਾਮ ਦੀ ਅਰਾਧਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਮਨ ਦੇ ਨਾਲ ਹੀ ਗੁਰੂ ਸਾਹਿਬ ਨੇ ਤਨ ਦੀ ਮਹਾਨਤਾ ਨੂੰ ਵੀ ਬਿਆਨ ਕੀਤਾ ਹੈ। ਗੁਰੂ ਸਾਹਿਬ ਸਰੀਰ ਦਾ ਆਧਾਰ ਹਰਿ ਜੋਤਿ ਨੂੰ ਦੱਸਦੇ ਹਨ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥

(ਪੰਨਾ ੯੨੧)

ਗੋਇੰਦਵਾਲ ਸਾਹਿਬ ਸਿੱਖ ਧਰਮ ਦੇ ਪ੍ਰਚਾਰ ਦਾ ਪ੍ਰਸਿੱਧ ਕੇਂਦਰ ਬਣ ਜਾਣ ਪਿੱਛੋਂ ਦੂਰਦਰਸ਼ੀ ਗੁਰੂ ਸਾਹਿਬ ਨੇ ਮਾਝੇ ਦੇ ਇਲਾਕੇ ਵਿਚ ਇੱਕ ਹੋਰ ਧਾਰਮਿਕ ਕੇਂਦਰ ਬਣਾਉਣ ਦੇ ਆਸ਼ੇ ਨਾਲ ਯੋਗ ਸਥਾਨ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਲਦੀ ਹੀ ਉਨ੍ਹਾਂ ਨੇ ਨੇੜੇ ਦੇ ਪਿੰਡਾਂ ਗੁੰਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਕੇ ਉਨ੍ਹਾਂ ਸਾਹਮਣੇ ਮੋੜ੍ਹੀ ਗਡਵਾਈ ਤੇ ਅਬਾਦ ਹੋਣ ਵਾਲੇ ਨਵੇਂ ਪਿੰਡ ਦਾ ਨਾਮ 'ਗੁਰੂ-ਚੱਕ' ਰੱਖਿਆ। ਇਸ ਦੀ ਉਸਾਰੀ ਦਾ ਕੰਮ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨੂੰ ਸੌਂਪ ਦਿੱਤਾ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਹਦਾਇਤ ਕਰ ਦਿੱਤੀ ਸੀ ਕਿ ਆਪਣਾ ਟਿਕਾਣਾ 'ਗੁਰੂ ਕੇ ਚੱਕ' ਹੀ ਕਰ ਲੈਣ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ 'ਗੁਰੂ ਕਾ ਚੱਕ' ਪਹਿਲਾਂ ਰਾਮਦਾਸਪੁਰਾ ਤੇ ਫਿਰ ਸ੍ਰੀ ਅੰਮ੍ਰਿਤਸਰ ਦੇ ਰੂਪ ਵਿਚ ਸਿੱਖੀ ਦਾ ਕੇਂਦਰੀ ਸਥਾਨ ਬਣ ਗਿਆ ਜਿਸ ਨੇ ਆਉਣ ਵਾਲੇ ਸਿੱਖ ਇਤਿਹਾਸ ਵਿਚ ਸ਼ਾਨਦਾਰ ਭੂਮਿਕਾ ਨਿਭਾਈ।

ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਦਾ ਸਮਾਂ ਸਿੱਖ ਲਹਿਰ ਦੇ ਵਿਕਾਸ ਵਿਚ ਇਕ ਮਹੱਤਵਪੂਰਨ ਮੋੜ ਸਾਬਤ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਵੱਖੋ ਵੱਖਰੇ ਸੰਗਠਨਾਤਮਿਕ ਕੰਮਾਂ ਤੋਂ ਇਲਾਵਾ ਉਸ ਸਮੇਂ ਦੇ ਸਮਾਜ ਵਿਚ ਆਈਆਂ ਕੁਰੀਤੀਆਂ ਦਾ ਖੰਡਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ 'ਸਤੀ' ਰਸਮ ਵਿਰੁੱਧ ਆਪਣੀ ਅਵਾਜ਼ ਬੁਲੰਦ ਕੀਤੀ, ਉੱਥੇ ਉਨ੍ਹਾਂ ਨੇ ਆਦਰਸ਼ ਪਤਨੀ ਦੇ ਲੱਛਣ ਦੱਸ ਕੇ ਸਪਸ਼ਟ ਕਰ ਦਿੱਤਾ ਕਿ ਸਤੀ ਉਹ ਨਹੀਂ; ਜਿਹੜੀ ਚਿਤਾ

SikhBookClub.com

ਉੱਤੇ ਜਲ ਕੇ ਸੜ੍ਹ ਮੋਏ, ਬਲਕਿ ਸਤੀ ਤਾਂ ਉਹ ਹੈ, ਜੋ ਆਪਣੇ ਪਤੀ ਦੇ ਵਿਯੋਗ ਵਿਚ ਪ੍ਰਾਣ ਤਿਆਗ ਦੇਵੇ। ਗੁਰੂ ਸਾਹਿਬ ਨੇ ਸਤੀ ਦੀ ਮਹਾਨਤਾ ਨੂੰ ਇਉਂ ਦਰਸਾਇਆ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥

(ਪੰਨਾ ੭੮੭)

ਪੇਨ ਦੇ ਕਥਨ ਅਨੁਸਾਰ,

"ਸ੍ਰੀ ਗੁਰੂ ਅਮਰਦਾਸ ਜੀ ਨੂੰ ਮੁੱਖ ਰੂਪ ਵਿਚ ਸਤੀ ਪ੍ਰਥਾ ਦੇ ਵਿਰੁੱਧ ਉਤਸ਼ਾਹ ਪੂਰਵਕ ਪ੍ਰਚਾਰ ਕਰਨ ਲਈ ਯਾਦ ਕੀਤਾ ਜਾਂਦਾ ਹੈ।"

ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਵਿਚ ਪ੍ਰਚਲਿਤ ਪਰਦਾ ਪ੍ਰਥਾ ਨੂੰ ਸਮਾਪਤ ਕੀਤਾ। ਗੁਰੂ ਜੀ ਨੇ ਸੰਗਤ ਵਿਚ ਆਉਣ ਵਾਲੀਆਂ ਔਰਤਾਂ ਨੂੰ ਹੁਕਮ ਦਿੱਤਾ ਸੀ ਕਿ ਉਹ ਪਰਦਾ ਨਾ ਕਰਨ ਕਿਉਂਕਿ ਇਹ ਪ੍ਰਥਾ ਇਸਤਰੀ ਜਾਤੀ ਦੇ ਮਾਨਸਿਕ, ਬੌਧਿਕ ਵਿਕਾਸ ਵਿਚ ਰੁਕਾਵਟ ਪਾਉਂਦੀ ਹੈ। ਗੁਰੂ ਜੀ ਨੇ ਵਿਧਵਾ-ਵਿਆਹ ਅਤੇ ਪੁਨਰਵਿਆਹ ਦੀ ਆਗਿਆ ਦੇ ਕੇ ਪ੍ਰਚਲਿਤ ਬੰਧਨਾਂ ਨੂੰ ਤੋੜਿਆ ਅਤੇ ਛੋਟੀ ਉਮਰ ਵਿਚ ਸ਼ਾਦੀ ਕਰਨ ਦੇ ਰਿਵਾਜ ਨੂੰ ਖਤਮ ਕਰ ਕੇ ਨਰੋਆ ਤੇ ਸਿਹਤਮੰਦ ਸਮਾਜ ਉਸਾਰਨ ਦੀ ਲੀਹ ਪਾਈ।

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਿੱਖ ਮੱਤ ਦੇ ਇਤਿਹਾਸ ਵਿਚ ਕਈ ਢੰਗਾਂ ਨਾਲ ਇਕ ਮੋੜ ਕਹੀ ਜਾ ਸਕਦੀ ਹੈ। ਸੁਧਾਰ ਅਤੇ ਪੁਨਰ ਨਿਰਮਾਣ ਦੇ ਯਤਨਾਂ ਨਾਲ ਅਰੰਭ ਹੋਏ ਸਿੱਖ ਮੱਤ ਨੂੰ ਜਿੱਥੇ ਵਿਕਾਸਸ਼ੀਲ ਹੁੰਗਾਰਾ ਮਿਲਿਆ ਉੱਥੇ ਇਸ ਨਾਲੋਂ ਵੀ ਕਿਤੇ ਵੱਧ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਨੂੰ ਸਾਕਾਰ ਰੂਪ ਦੇਣ ਲਈ ਬਿਨਾਂ ਕਿਸੇ ਸੰਕੋਚ ਦੇ ਇਸ ਸਥਿਤੀ ਨੂੰ ਸਵੀਕਾਰ ਕਰ ਲਿਆ। ਇਸ ਨੂੰ ਸਾਕਾਰ ਰੂਪ ਦੇਣ ਲਈ ਪੂਰੀ ਸ਼ਕਤੀ ਨਾਲ ਕੰਮ ਕੀਤਾ। ਉਨ੍ਹਾਂ ਦੀ ਛਤਰ ਛਾਇਆ ਹੇਠ ਸਿੱਖ ਧਰਮ ਦਾ ਨਾਂ ਦੂਰ-ਦੂਰ ਤਕ ਫੈਲ ਗਿਆ ਸੀ।

ਸਮੁੱਚੇ ਤੌਰ 'ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਅਧਿਆਤਮਿਕ ਕੀਮਤਾਂ ਨਾਲ ਸ਼ਿੰਗਾਰਿਆ ਹੋਇਆ ਜੀਵਨ ਹੈ। ਗੁਰੂ-ਜੀਵਨ ਦੁਆਰਾ ਸਿੱਖ ਧਰਮ ਤੇ ਸਿੱਖ ਲਹਿਰ ਨੂੰ ਜੋ ਉਨ੍ਹਾਂ ਨੇ ਬਲ ਪ੍ਰਦਾਨ ਕੀਤਾ ਹੈ, ਉਸ ਦਾ ਆਪਣਾ ਅਧਿਆਤਮਿਕ ਤੇ ਇਤਿਹਾਸਿਕ ਗੌਰਵ ਹੈ।

(5/2012)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਤੇ ਲੰਗਰ ਸੰਸਥਾ

ਗੁਰੂ ਕਾ ਲੰਗਰ ਸਿੱਖ ਧਰਮ ਦਾ ਜ਼ਰੂਰੀ ਤੇ ਅਨਿਖੜਵਾਂ ਅੰਗ ਹੈ। ਇਸ ਗੌਰਵ-ਮਈ ਸੰਸਥਾ ਦੁਆਰਾ ਸਾਨੂੰ ਕਈ ਸਬਕ ਮਿਲਦੇ ਹਨ। ਇਸ ਰਾਹੀਂ ਦਾਨ ਪੁੰਨ ਦੇ ਜਜ਼ਬੇ ਦੇ ਨਾਲ ਸੇਵਾ ਦੀ ਭਾਵਨਾ ਉਜਾਗਰ ਹੁੰਦੀ ਹੈ। ਜ਼ਬਤ ਤੇ ਨੇਮ ਵਿਚ ਰਹਿਣ ਦੀ ਸਿਖਿਆ ਮਿਲਦੀ ਹੈ। ਜਾਤ ਪਾਤ ਤੇ ਛੂਤ-ਛਾਤ ਦਾ ਤਿਆਗ ਕਰਨ ਅਤੇ ਸਭ ਨੂੰ ਸਮਾਨਤਾ ਦੀ ਦ੍ਰਿਸ਼ਟੀ ਨਾਲ ਦੇਖਣ ਤੇ ਬਰਾਬਰ ਦਾ ਦਰਜਾ ਦੇਣ ਦਾ ਉਪਦੇਸ਼ ਮਿਲਦਾ ਹੈ। ਇਸ ਵਿਲੱਖਣ ਸੰਸਥਾ ਨਾਲ ਸਿੱਖਾਂ ਨੂੰ ਜਿਥੇ ਭਰਾਤਰੀ ਭਾਵ ਦਾ ਜਜ਼ਬਾ ਮਿਲਿਆ ਹੈ ਉਥੇ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨ ਤੇ ਸੇਵਾ ਦਾ ਮੌਕਾ ਵੀ ਮਿਲਿਆ ਹੈ।

ਲੰਗਰ ਦੀ ਸੰਸਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੋਂਦ ਵਿਚ ਆ ਗਈ ਸੀ। ਆਦਿ ਗੁਰੂ ਨਾਨਕ ਦੇਵ ਜੀ ਵਲੋਂ ਸ੍ਰੀ ਕਰਤਾਰਪੁਰ (ਰਾਵੀ) ਵਿਖੇ ਲੰਗਰ ਚਲਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਲੰਗਰ ਦਾ ਜ਼ਿਕਰ ਹੈ। ਰਾਮਕਲੀ ਕੀ ਵਾਰ ਵਿਚ ਲਿਖਿਆ ਹੈ:

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਘੈਰਿ ਦਬਟੀਐ॥

(ਪੰਨਾ ੯੬੭)

ਨਾਲ ਹੀ ਇਹ ਭੀ ਜ਼ਿਕਰ ਹੈ ਕਿ ਸ੍ਰੀ ਗੁਰੂ ਜੀ ਦੇ ਮਹਲ, ਮਾਤਾ ਖੀਵੀ ਜੀ ਲੰਗਰ ਵਿਚ ਨਿਸ਼ਕਾਮ ਸੇਵਾ ਕਰਦੇ ਸਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥

(ਪੰਨਾ ੯੬੭)

ਇਥੋਂ ਤਕ ਕਿ ਲੰਗਰ ਹਾਲ ਹੀ ਉਨ੍ਹਾਂ ਦਾ ਨਾਮ ਜੁੜ ਗਿਆ ਤੇ 'ਮਾਤਾ ਖੀਵੀ ਜੀ ਦਾ ਲੰਗਰ' ਕਿਹਾ ਜਾਣ ਲੱਗ ਪਿਆ।

ਸ੍ਰੀ ਗੁਰੂ ਅਮਰਦਾਸ ਜੀ ਵੇਲੇ ਲੰਗਰ ਦਾ ਇਕ ਬਾਕਾਇਦਾ ਨੇਮ-ਬਧ ਤੇ ਵਿਉਂਤ-ਪੂਰਬਕ ਪ੍ਰਬੰਣ ਹੋਣ ਲੱਗ ਪਿਆ। ਰਾਵੀ ਦੇ ਕੰਢੇ ਕਰਤਾਰਪੁਰ ਤੇ ਫਿਰ ਖਡੂਰ ਵਿਖੇ ਗੁਰੂ ਕੇ ਲੰਗਰ ਨੇ ਨਾਮਣਾ ਖਟਿਆ ਤੇ ਹੁਣ ਬਿਆਸ ਦੇ ਕੰਢੇ ਗੋਇੰਦਵਾਲ ਵਿਖੇ ਗੁਰੂ ਕਾ ਲੰਗਰ ਕੁਝ ਵਿਸ਼ੇਸ਼ਤਾ ਨਾਲ ਚੱਲਣ ਲੱਗਾ।

ਲੰਗਰ ਵਿਚ ਦੋ ਗੱਲਾਂ ਤਾਂ ਪਹਿਲਾਂ ਹੀ ਪ੍ਰਗਟ ਰੂਪ ਵਿਚ ਸਨ—ਇਕ ਇਹ ਕਿ ਪੰਗਤ ਸਾਂਝੀ ਇਕੋ ਲੱਗੇ। ਜਾਤ-ਪਾਤ ਤੇ ਸੰਪ੍ਰਦਾ ਭੇਦ ਦਾ ਕੋਈ ਵਖੇਵਾਂ ਜਾ ਵਿਤਕਰਾ ਨਾ ਹੋਵੇ। ਦੂਜੀ ਗੱਲ ਇਹ ਸੀ ਕਿ ਰਸਦ ਪਾਣੀ ਰੋਜ਼ ਦੇ ਰੋਜ਼ ਵਰਤਾਇਆ ਜਾਏ। ਹੁਣ ਇਨ੍ਹਾਂ ਗੱਲਾਂ ਦਾ ਕਰੜਾ

SikhBookClub.com

ਹੁਕਮ ਹੋ ਗਿਆ। ਤੀਸਰੇ ਸਤਿਗੁਰੂ ਅਮਰਦਾਸ ਜੀ ਨੇ ਪੱਕੀ ਹਦਾਇਤ ਕਰ ਦਿੱਤੀ ਕਿ ਰਾਤ ਨੂੰ ਲੰਗਰ ਵਿਚ ਕੁਝ ਵੀ ਬਚਾ ਕੇ ਨਾ ਰੱਖਿਆ ਜਾਏ। ਅਗਲੇ ਦਿਨ ਜੋ ਵਾਹਿਗੁਰੂ ਵਲੋਂ ਆਵੇ ਵਰਤਿਆ ਜਾਵੇ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਨਾ ਆਵੇ ਤਾਂ ਸਬਰ ਸ਼ੁਕਰ ਕੀਤਾ ਜਾਵੇ। ਪਰ ਐਸਾ ਕਦੇ ਨਹੀਂ ਸੀ ਹੁੰਦਾ ਕਿ ਤੋਟ ਆਵੇ।

ਤੀਜੀ ਪਾਤਿਸ਼ਾਹੀ ਨੇ ਹੁਣ ਇਕ ਹੋਰ ਹੁਕਮ ਜਾਰੀ ਕੀਤਾ ਕਿ ਜੋ ਪੰਗਤ ਵਿਚ ਲੰਗਰੋਂ ਪ੍ਰਸ਼ਾਦਿ ਨਾ ਛਕੇ ਉਸ ਨੂੰ ਦਰਸ਼ਨ ਨਾ ਹੋਣ।

ਖਡੂਰ ਸਾਹਿਬ ਦੇ ਵਿਚ ਲੰਗਰ ਲਈ ਦੁੱਧ ਬਹੁਤ ਆਉਂਦਾ। ਇਸੇ ਲਈ ਉਥੇ ਲਗਭਗ ਹਰ ਰੋਜ਼ ਖੀਰ ਬਣਦੀ। ਹੁਣ ਗੋਇੰਦਵਾਲ ਦੁੱਧ ਇਤਨਾ ਨਹੀਂ ਸੀ ਆਉਂਦਾ। ਇਥੇ ਰਸਦਾਂ ਕਾਫ਼ੀ ਤੋਂ ਵੱਧ ਆਉਂਦੀਆਂ ਸਨ। ਲੰਗਰ ਵਿਚ ਦਾਲ ਰੋਟੀ ਆਦਿ ਤੋਂ ਇਲਾਵਾ ਘਿਉ, ਖੰਡ, ਮੈਦਾ, ਰਵਾ ਕਿਸੇ ਨਾ ਕਿਸੇ ਰੂਪ ਵਿਚ ਵਰਤੀਂਦੇ ਸਨ। ਜਦ ਇਹ ਰਸਦਾਂ ਬਹੁਤ ਆ ਜਾਂਦੀਆਂ ਤਾਂ ਕੜਾਹ ਪ੍ਰਸ਼ਾਦਿ ਬਣਾ ਕੇ ਲੰਗਰ ਵਿਚ ਵਰਤਾਇਆ ਜਾਂਦਾ। ਇਸ ਗੱਲ ਦੀ ਸਾਖ ਰਾਮਕਲੀ ਕੀ ਵਾਰ ਵਿਚ ਇਉਂ ਮਿਲਦੀ ਹੈ:

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥

(ਪੰਨਾ ੯੬੮)

ਭਾਵ ਸਪੱਸ਼ਟ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਰੋਜ਼ ਘਿਉ ਮੈਦੇ (ਤੋਂ ਬਣਿਆ ਕੜਾਹ ਪ੍ਰਸ਼ਾਦਿ) ਵਰਤੀਂਦਾ ਸੀ।

ਤੀਸਰੇ ਸਤਿਗੁਰਾਂ ਨੇ ਜਾਤ-ਪਾਤ ਤੋੜਨ ਉਪਰ ਤਾਂ ਬਹੁਤ ਹੀ ਜ਼ੋਰ ਦਿੱਤਾ। ਪਹਿਲੇ ਤੇ ਦੂਜੇ ਸਤਿਗੁਰਾਂ ਦੇ ਵੇਲੇ ਵੀ ਹਰ ਜਾਤ, ਹਰ ਮਤ ਤੇ ਹਰ ਸੰਪ੍ਰਦਾ ਦੇ ਲੋਕ ਇਕ ਪੰਗਤ ਵਿਚ ਬੈਠ ਕੇ ਛਕਦੇ ਸਨ ਪਰ ਹੁਣ ਤੀਸਰੇ ਗੁਰੂ ਜੀ ਨੇ ਹੁਕਮ ਦਿੱਤਾ ਕਿ ਜੋ ਵੀ ਗੁਰੂ ਨਾਨਕ ਦੇ ਦਰਬਾਰ ਦੇ ਦਰਸ਼ਨਾਂ ਲਈ ਆਵੇ ਉਹ ਪਹਿਲਾਂ ਪ੍ਰਸ਼ਾਦਿ ਲੰਗਰ ਵਿਚੋਂ ਛਕੇ ਤਾਂ ਹੀ ਦਰਸ਼ਨ ਹੋਣਗੇ, ਨਹੀਂ ਤਾਂ ਨਹੀਂ। ਇਸ ਤਰ੍ਹਾਂ ਲੰਗਰ ਵਿਚ ਛੂਤ ਛਾਤ ਹੋਰ ਵੀ ਘਟੀ। ਪਹਿਲਾਂ ਤਾਂ ਕਈ ਉੱਚੀ ਕੁਲ ਦੇ ਬ੍ਰਾਹਮਣ ਆਦਿ ਕਈ ਵਾਰੀ ਲੰਗਰ ਵਿਚ ਨਹੀਂ ਸਨ ਜਾਂਦੇ ਪਰ ਹੁਣ ਤਾਂ ਸਾਰੇ ਜਗਿਆਸੂ ਤੇ ਗੁਰੂ ਘਰ ਦੇ ਦਰਸ਼ਨ ਅਭਿਲਾਸ਼ੀ ਤੇ ਮੁਤਲਾਸ਼ੀ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕਣ ਲੱਗ ਪਏ। ਇੰਝ ਭਾਰਤ ਦੀਆਂ ਜਾਤਾਂ ਉੱਪਰ ਵੰਡੀਆਂ ਹੋਈਆਂ ਜਾਤੀਆਂ ਦੇ ਵਿਚ ਪਰਸਪਰ ਪਿਆਰ ਪੈਣ ਲੱਗ ਪਿਆ ਤੇ ਵਖੇਵਾਂ ਤੇ ਨਫ਼ਰਤ ਘਟਣ ਲੱਗ ਪਈ।

ਗੋਇੰਦਵਾਲ ਵਿਖੇ ਲੰਗਰ ਵਿਚ ਕਈ ਪ੍ਰਕਾਰ ਦੇ ਸੁਆਦੀ ਭੋਜਨ ਤੇ ਤਰ੍ਹਾਂ ਤਰ੍ਹਾਂ ਦੇ ਖਾਣੇ ਬਣਦੇ ਸਨ, ਪਰ ਗੁਰੂ ਜੀ ਆਪਣੀ ਤਿਆਗ ਤਬੀਅਤ ਅਨੁਸਾਰ ਬਹੁਤ ਹੀ ਸਾਦਾ ਖਾਣਾ ਖਾਂਦੇ ਸਨ। ਆਉਂਦੇ ਜਾਂਦੇ ਯਾਤਰੂ, ਓਪਰੇ ਮੁਸਾਫ਼ਰ, ਗਰੀਬ ਅਭਿਆਗਤ ਤੇ ਗੁਰੂ ਦੇ ਸਿੱਖ ਸਭ ਨੂੰ ਗੁਰੂ ਕੇ ਲੰਗਰ ਵਿਚੋਂ ਖਟੇ, ਮਿਠੇ, ਲੂਣੇ ਤੇ ਗਰਮ ਨਰਮ ਹਰ ਪ੍ਰਕਾਰ ਦੇ ਸੁਆਦੀ ਖਾਣੇ ਮਿਲਦੇ ਸਨ। ਪਰ ਗੁਰੂ ਜੀ ਆਪ ਅਲੂਣੀ ਖਿਚੜੀ ਹੀ ਖਾਂਦੇ ਸਨ। ਉਨ੍ਹਾਂ ਦਾ ਲੰਗਰ ਰਾਤ ਪੈਣ ਤੋਂ ਤਿੰਨ ਘੰਟੇ ਬਾਦ ਤਕ ਖੁੱਲ੍ਹਾ ਰਹਿੰਦਾ ਸੀ। ਸਿੱਖ ਸੰਗਤ, ਯਾਤਰੂਆਂ ਤੇ ਮਹਿਮਾਨਾਂ ਆਦਿ ਨੂੰ ਭੋਜਨ ਖੁਆਣ ਮਗਰੋਂ ਜੋ ਕੁਝ ਬਚ ਜਾਂਦਾ ਉਹ ਮਾਲ ਡੰਗਰ ਨੂੰ ਪਾ ਦਿੱਤਾ ਜਾਂਦਾ। ਪੱਕੇ ਹੋਏ ਪਰਸਾਦੇ ਸਵੇਰੇ ਪੰਛੀਆਂ ਨੂੰ ਪਾ ਦਿੱਤੇ ਜਾਂਦੇ। ਜੇ ਫੇਰ ਵੀ ਕੁਝ ਬਚ ਜਾਂਦਾ ਤਾਂ ਉਹ ਨਾਲ ਵਗਦੇ ਦਰਿਆ

SikhBookClub.com

ਵਿਚ ਮੱਛੀਆਂ ਨੂੰ ਪਾ ਦਿੱਤਾ ਜਾਂਦਾ। ਬੜੀ ਹੈਰਾਨੀ ਦੀ ਗੱਲ ਕਿ ਇੰਜ ਕਰਨ ਦੇ ਬਾਵਜੂਦ ਵੀ ਗੁਰੂ ਜੀ ਦੇ ਲੰਗਰ ਵਿਚ ਕਦੇ ਕਿਸੇ ਸ਼ੈ ਦੀ ਥੁੜ ਨਹੀਂ ਸੀ ਆਈ। ਸਗੋਂ ਉਥੇ ਤਾਂ ਘਿਉ ਮੈਦੇ ਦੀ ਮੌਜ ਲੱਗੀ ਰਹਿੰਦੀ ਸੀ ਅਤੇ ਕਈ ਵਾਰੀ ਸੁਆਦੀ ਖਾਣੇ ਇਤਨੀ ਭਾਰੀ ਗਿਣਤੀ ਮਿਣਤੀ ਵਿਚ ਬਣਦੇ ਸਨ ਕਿ ਖਾਂਦਿਆਂ ਖਾਂਦਿਆਂ ਸੰਗਤਾਂ ਥਕ ਜਾਂਦੀਆਂ ਪਰ ਲੰਗਰ ਵਿਚ ਕਦੇ ਵੀ ਤੋਟ ਨਹੀਂ ਸੀ ਆਉਂਦੀ।

ਇਕ ਵਾਰੀ ਬਾਬਾ ਬੁੱਢਾ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਇਹ ਗੱਲ ਚੰਗੀ ਨਹੀਂ ਕਿ ਸਿੱਖ ਸੰਗਤਾਂ ਤਾਂ ਭਾਂਤ ਭਾਂਤ ਦੇ ਰਸਦਾਇਕ ਭੋਜਨ ਖਾਣ ਤੇ ਰਸ ਮਾਨਣ ਪਰ ਤੁਸੀਂ ਅਲੂਣੀ ਖਿਚੜੀ ਹੀ ਖਾਉ! ਕਿਰਪਾ ਕਰਕੇ ਤੁਸੀਂ ਇਹ ਹੁਕਮ ਜਾਰੀ ਕਰੋ ਕਿ ਜੋ ਤੁਸੀਂ ਛਕੋਗੇ ਉਹ ਹੀ ਸੰਗਤਾਂ ਵਿਚ ਵਰਤੇਗਾ। ਸਤਿਗੁਰੂ ਜੀ ਮੁਸਕਰਾ ਪਏ ਤੇ ਆਪ ਨੇ ਇੰਜ ਬਚਨ ਕੀਤਾ:

"ਭਾਈ ਬੁੱਢਾ ਜੀ! ਕੀ ਤੁਸੀਂ ਸਮਝਦੇ ਹੋ ਕਿ ਸਿੱਖਾਂ ਤੇ ਮੇਰੇ ਵਿਚ ਕੋਈ ਫ਼ਰਕ ਜਾ ਭੇਦ ਹੈ? ਜੋ ਕੁਝ ਸਿੱਖ ਖਾਂਦੇ ਹਨ ਉਸ ਦਾ ਮੈਨੂੰ ਵੀ ਸੁਆਦ ਮਿਲਦਾ ਹੈ। ਖਾਂਦੇ ਤਾਂ ਮੇਰੇ ਸਿੱਖ ਹਨ ਪਰ ਰੱਜ ਮੈਨੂੰ ਵੀ ਮਿਲ ਜਾਂਦਾ ਹੈ।"

ਭਾਈ ਜੇਠਾ ਜੀ ਵੀ ਇਹ ਗੱਲ ਬਾਤ ਸੁਣ ਰਹੇ ਸਨ। ਜਦੋਂ ਉਹ ਚੌਥੇ ਗੁਰੂ ਦੇ ਰੂਪ ਵਿਚ ਗੱਦੀ ਉਪਰ ਬੈਠੇ ਤਾਂ ਉਨ੍ਹਾਂ ਨੇ ਤੀਜੇ ਗੁਰੂ ਜੀ ਦੇ ਕਥਨ ਕੀਤੇ ਗਏ ਭਾਵ ਨੂੰ ਆਪਣੇ ਇਕ ਸ਼ਬਦ ਵਿਚ ਇੰਜ ਪ੍ਰਗਟ ਕੀਤਾ:

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥

(ਪੰਨਾ ੧੬੪)

ਇਕ ਵਾਰੀ ਕੁਝ ਸ਼ਰਧਾਲੂ ਸਿੱਖਾਂ ਨੇ ਤੀਜੇ ਪਾਤਸ਼ਾਹ ਦੀ ਸਪੁੱਤਰੀ ਬੀਬੀ ਭਾਨੀ ਨੂੰ ਕੁਝ ਸੋਨੇ ਦੇ ਗਹਿਣੇ ਦੇਣ ਲਈ ਬੀਬੀ ਜੀ ਤੋਂ ਆਗਿਆ ਮੰਗੀ ਤਾਂ ਜੋ ਉਹ ਭੀ ਹੋਰ ਕੁੜੀਆਂ ਵਾਂਗ ਆਪਣੇ ਆਪ ਨੂੰ ਗਹਿਣਿਆਂ ਨਾਲ ਸ਼ਿੰਗਾਰ ਸਕਣ। ਬੀਬੀ ਭਾਨੀ ਜੀ ਨੇ ਉੱਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਦੁਹਰਾਏ:

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥

(ਪੰਨਾ ੪੬੮)

ਇਹ ਕਹਿ ਕੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਜੇ ਉਹ ਧਨ ਤੇ ਸੋਨਾ ਦੇਣਾ ਹੀ ਚਾਹੁੰਦੇ ਹਨ ਤਾਂ ਸਭ ਤੋਂ ਚੰਗਾ ਤਰੀਕਾ ਹੈ ਕਿ ਉਹ ਉਸ ਧਨ ਤੇ ਸੋਨੇ ਦੀ ਥਾਂ ਲੰਗਰ ਵਿਚ ਘਿਉ ਆਟਾ ਤੇ ਲੋੜੀਂਦਾ ਪਦਾਰਥ ਲਿਆ ਦੇਣ ਤਾਂ ਜੋ ਯਾਤਰੂਆਂ ਦੀ ਅੰਨ ਪਾਣੀ ਨਾਲ ਸੇਵਾ ਕੀਤੀ ਜਾਏ ਜੋ ਕਿ ਸਭ ਤੋਂ ਉੱਤਮ ਸੇਵਾ ਹੈ।

ਲਾਲੂ, ਦੁਰਗਾ ਤੇ ਜਿਵੰਦਾ ਤਿੰਨ ਸਿੱਖ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਆਏ ਅਤੇ ਗੁਰੂ-ਘਰ ਦੀ ਸੇਵਾ ਵਿਚ ਲੱਗ ਗਏ। ਇਕ ਦਿਨ ਤਿੰਨੇ ਸਤਿਗੁਰਾਂ ਦੇ ਕੋਲ ਬੈਠੇ ਸਨ। ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ, "ਅਸੀਂ ਤੁਹਾਡੇ ਸੇਵਕ ਹਾਂ ਕਿਰਪਾ ਕਰਕੇ ਸਾਨੂੰ ਰਾਹੇ ਪਾਓ ਤੇ ਉਪਦੇਸ਼ ਦਿਓ।"

SikhBookClub.com

ਸਤਿਗੁਰੂ ਨੇ ਫ਼ੁਰਮਾਇਆ, "ਹੋਰਾਂ ਦਾ ਭਲਾ ਕਰਨ ਨਾਲੋਂ ਹੋਰ ਉੱਤਮ ਕਾਰਜ ਕੋਈ ਨਹੀਂ ਹੋ ਸਕਦਾ। ਦੂਜਿਆਂ ਦੀ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹੋ। ਇਹ ਇੰਜ ਕੀਤੀ ਜਾ ਸਕਦੀ ਹੈ ਇਸ ਨੂੰ ਸੁਣੋ ਤੇ ਕਦੀ ਵੀ ਨਾ ਭੁਲਾਓ—ਗਰੀਬ ਤੇ ਲੋੜਵੰਦਾਂ ਦੀ ਮਾਇਕ ਸਹਾਇਤਾ ਕਰੋ। ਜੇ ਕੋਈ ਭੁੱਖਾ ਨੰਗਾ ਦੇਖੋ ਤਾਂ ਉਸ ਨੂੰ ਖਾਣਾ ਤੇ ਕਪੜੇ ਦਿਓ। ਸਭ ਤੋਂ ਉੱਚੀ ਸੇਵਾ ਹੈ ਅੰਨ ਪਾਣੀ ਦੀ ਸੇਵਾ। ਪ੍ਰਸ਼ਾਦਿ ਵੰਡਣ ਤੋਂ ਚੰਗੀ ਕਿਰਿਆ ਹੋਰ ਕਿਹੜੀ ਹੋ ਸਕਦੀ ਹੈ? ਅੰਨ ਪਾਣੀ ਨਾਲ ਮਨੁੱਖਾਂ ਨੂੰ ਜੀਵਨ ਮਿਲਦਾ ਹੈ ਹੋਰ ਕੋਈ ਪਦਾਰਥ ਵੰਡਣਾ ਇਸ ਤੋਂ ਉੱਪਰ ਨਹੀਂ ਹੋ ਸਕਦਾ।"

ਇੰਜ ਹੀ ਇਕ ਵਾਰੀ ਉਗਰਸੈਨ, ਰਾਮੂ, ਦੀਪਾ ਤੇ ਨਗੌਰੀ ਚਾਰ ਸਿੱਖਾਂ ਨੇ ਗੁਰੂ ਜੀ ਕੋਲ ਆ ਕੇ ਹੱਥ ਜੋੜ ਕੇ ਉਪਦੇਸ਼ ਦੀ ਯਾਚਨਾ ਕੀਤੀ ਤਾਂ ਹੁਕਮ ਹੋਇਆ, "ਜਦ ਵੀ ਕੋਈ ਗੁਰੂ ਕਾ ਸਿੱਖ ਤੁਹਾਡੇ ਕੋਲ ਆਵੇ ਤਾਂ ਤੁਸੀਂ ਉਸ ਦੀ ਪ੍ਰਸ਼ਾਦਿ ਦੁਆਰਾ ਸੇਵਾ ਕਰੋ। ਇਸ ਦਾ ਫਲ ਉਤਮ ਮਿਲੇਗਾ...।"

ਗੰਗੂ, ਸੋਹਨ ਤੇ ਭੰਗੂ ਤਿੰਨ ਸਿੱਖ ਗੁਰੂ ਦੇ ਦਰਬਾਰ ਆਏ ਤਾਂ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਉਪਦੇਸ਼ ਦਿੱਤਾ, "ਆਪਣੀ ਘਾਲ ਕਮਾਈ ਵਿਚੋਂ ਕੁਝ ਦੂਜਿਆਂ ਨੂੰ ਵੀ ਵੰਡੋ। ਉਹ ਖਾਣਾ ਪਵਿੱਤਰ ਹੈ ਜਿਸ ਵਿਚੋਂ ਦੂਜਿਆਂ ਨੂੰ ਵੀ ਵੰਡ ਕੇ ਛਕਾਇਆ ਜਾਵੇ।"

ਸਤਿਗੁਰੂ ਜੀ ਨੇ ਇਹ ਭੀ ਆਖਿਆ ਕਿ ਪੁਰਾਣੇ ਸਮਿਆਂ ਵਿਚ ਲੋਕੀਂ ਜਗ ਕਰਦੇ ਸਨ ਤੇ ਹਵਨ ਕੁੰਡ ਵਿਚ ਸਮੱਗਰੀ ਪਾ ਕੇ ਦੇਵੀ ਦੇਵਤਿਆਂ ਦੀ ਖ਼ੁਸ਼ੀ ਲੈਂਦੇ ਸਨ। ਪਰ ਹੁਣ ਇਸ ਸਮੇਂ ਵਿਚ ਤੁਸੀਂ ਉਹੀ ਪ੍ਰਸੰਨਤਾ ਕਿਸੇ ਭੁੱਖੇ ਨੂੰ ਭੋਜਨ ਖੁਆ ਕੇ ਲੈ ਸਕਦੇ ਹੋ।

ਇਕ ਵਾਰੀ ਡੱਲਾ ਪਿੰਡ ਦੀ ਸੰਗਤ ਇਕੱਠੀ ਹੋ ਕੇ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ ਤੇ ਬੜੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਸਾਨੂੰ ਕੋਈ ਉਪਦੇਸ਼ ਦੇਣ ਦੀ ਕਿਰਪਾਲਤਾ ਕਰੋ। ਸਤਿਗੁਰੂ ਮਿਹਰ ਦੇ ਘਰ ਵਿਚ ਆਏ ਤੇ ਤਰੁਠ ਕੇ ਕਹਿਣ ਲੱਗੇ,

"ਗੁਰਪੁਰਬ ਤੇ ਤਿਉਹਾਰਾਂ ਦੇ ਮੌਕੇ 'ਤੇ ਜਦੋਂ ਤੁਸੀਂ ਇਕੱਠੇ ਹੋਵੋ, ਜਿਵੇਂ ਵੈਸਾਖੀ ਜਾਂ ਦੀਵਾਲੀ ਉਪਰ ਹੁੰਦੇ ਹੋ ਤਾਂ ਕੜਾਹ ਪ੍ਰਸ਼ਾਦਿ ਬਣਾ ਕੇ ਸੰਗਤ ਵਿਚ ਵਰਤਾਓ। ਗੁਰੂ ਕਾ ਸ਼ਬਦ ਪੜ੍ਹੋ ਤੇ ਗੁਰਬਾਣੀ ਦਾ ਗਾਇਣ ਕਰੋ। ਜੇ ਕੋਈ ਸਿੱਖ ਨੰਗਾ ਤਕੋ ਤਾਂ ਉਸ ਨੂੰ ਨਵੇਂ ਬਸਤਰ ਪਹਿਨਾਓ। ਭੁੱਖੇ ਨੂੰ ਭੋਜਨ ਦਿਓ। ਦੂਜਿਆਂ ਦੀ ਮਦਦ ਕਰਨ ਲਈ ਤੁਸੀਂ ਇਕ ਮੁੱਠ ਹੋ ਕੇ ਸੇਵਾ ਵਿਚ ਜੁਟੋ।"

ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਭਾਈ ਜੇਠਾ ਜੀ ਸੇਵਾ ਕਰਦੇ। ਜਿਵੇਂ ਉਨ੍ਹਾਂ ਬਾਉਲੀ ਬਣਨ ਵੇਲੇ ਟੋਕਰੀ ਢੋਈ ਸੀ ਉਸੇ ਤਰ੍ਹਾਂ ਉਨ੍ਹਾਂ ਨੇ ਲੰਗਰ ਵਿਚ ਦਿਨ ਰਾਤ ਸੇਵਾ ਕੀਤੀ। ਇੰਜ ਹੀ ਸਤਿਗੁਰਾਂ ਦੀ ਸਪੁੱਤਰੀ ਬੀਬੀ ਭਾਨੀ ਵੀ ਲੰਗਰ ਵਿਚ ਦਾਲ ਭਾਜੀ ਬਣਾਨ ਜਾਂ ਪ੍ਰਸ਼ਾਦੇ ਪਕਾਉਣ ਵਿਚ ਜੁਟੀ ਰਹਿੰਦੀ। ਅਨੇਕਾਂ ਸਿੱਖ ਸੰਗਤਾਂ ਸੇਵਾ ਕਰਨ ਵਿਚ ਲੱਗੀਆਂ ਰਹਿੰਦੀਆਂ। ਕੋਈ ਰਸਦ ਪਾਣੀ ਲਿਆਂਦਾ ਤੇ ਕੋਈ ਬਾਲਣ ਢੋਂਦਾ। ਕੋਈ ਬਰਤਨ ਸਾਫ਼ ਕਰਦਾ ਤੇ ਕੋਈ ਆਟਾ ਪੀਂਹਦਾ। ਕੋਈ ਸਬਜ਼ੀ ਕਟਦਾ ਤੇ ਕੋਈ ਮਿਰਚ ਮਸਾਲੇ ਕੁਟਦਾ। ਸਿੱਖ ਸੇਵਕ ਜੋ ਦਰਸ਼ਨਾਂ ਲਈ ਆਉਂਦੇ ਕਈ ਕਈ ਦਿਨ ਗੋਇੰਦਵਾਲ ਟਿਕ ਕੇ ਸੇਵਾ ਕਰਦੇ। ਹੰਦਾਲ ਵਰਗੇ ਆਟਾ ਗੁੰਨਣ ਵਿਚ ਲੱਗੇ ਰਹਿੰਦੇ—ਹੰਦਾਲ ਜਿਸ ਨੇ ਸੇਵਾ ਕਰਕੇ ਗਿਆਨ ਦੀ ਉੱਚੀ ਪਦਵੀ ਹਾਸਲ ਕੀਤੀ। ਗੋਇੰਦਵਾਲ ਵਿਚ ਰਹਿਣ ਵਾਲੇ ਸਿੱਖ, ਮਾਈ-ਭਾਈ, ਦੋਵੇਂ ਵਕਤ ਹਾਜ਼ਰੀ ਭਰਦੇ ਤੇ ਸੇਵਾ ਕਰਦੇ।

SikhBookClub.com

ਇਥੇ ਸੰਖੇਪ ਵਿਚ ਇਕ ਸਾਖੀ ਦਾ ਜ਼ਿਕਰ ਕਰਦੇ ਹਾਂ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਈ ਸੇਵਾ ਵਿਚ ਐਸੇ ਰੁੱਝਦੇ ਕਿ ਸਭ ਕੁਝ ਭੁੱਲ ਜਾਂਦੇ। ਸਤਿਗੁਰਾਂ ਨੇ ਜਦੋਂ ਭਾਈ ਮਥੋ ਮੁਰਾਰੀ ਨੂੰ ਮੰਜੀ ਬਖ਼ਸ਼ੀ ਤੇ ਗੁਰਮੁਖ ਪਦਵੀ 'ਤੇ ਥਾਪਿਆ ਤਾਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬਚਨ ਕੀਤਾ—"ਗੁਰੂ ਕੇ ਪਿਆਰਿਓ! ਇਸ ਨੇ ਹੁਣ ਨਾਮ ਦਾ ਪ੍ਰਚਾਰ ਕਰਨਾ ਹੈ। ਕੋਈ ਸਿੱਖ ਕੰਨਿਆ ਦੇਵੇ ਤਾਂ ਜੋ ਇਸ ਦਾ ਵਿਆਹ ਕੀਤਾ ਜਾਏ। ਕਹਿੰਦੇ ਹਨ ਸੀਹਾਂ ਉਪਲ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਗੁਰੂ ਘਰ ਦਾ ਅਨਿੰਨ ਸਿੱਖ ਸੇਵਕ ਸੀ, ਘਰ ਜਾ ਕੇ ਆਪਣੀ ਕਾਕੀ ਨੂੰ ਲੈ ਆਇਆ, ਜਿਸ ਦਾ ਨਾਮ ਮਥੋ ਸੀ। ਸਤਿਗੁਰੂ ਜੀ ਨੇ ਦੋਹਾਂ ਦਾ ਅਨੰਦ ਰੀਤੀ ਨਾਲ ਵਿਆਹ ਕਰ ਦਿੱਤਾ (ਸ਼ਾਇਦ ਇਹ ਪਹਿਲਾ ਵਿਆਹ ਸੀ ਜੋ ਇੰਜ ਗੁਰੂ ਜੀ ਦੀ ਰੀਤੀ ਨਾਲ ਹੋਇਆ) ਉਸ ਸਮੇਂ ਸੀਹੇ-ਉਪਲ ਦੀ ਵਹੁਟੀ ਸੇਵਾ ਵਿਚ ਜੁਟੀ ਹੋਈ ਸੀ। ਕਿਸੇ ਉਸ ਨੂੰ ਜਾ ਆਖਿਆ ਤੂੰ ਸੇਵਾ ਵਿਚ ਲੱਗੀ ਹੋਈ ਹੈਂ ਤੇ ਤੇਰੀ ਮਥੋ ਤੇਰੇ ਪਤੀ ਨੇ ਇਕ ਕੋਹੜੀ ਦੇ ਲੜ ਲਾ ਦਿੱਤੀ ਹੈ। ਉਹ ਭੱਜੀ ਭੱਜੀ ਦੀਵਾਨ ਵਿਚ ਆਈ ਤੇ ਸਤਿਗੁਰਾਂ ਅੱਗੇ ਕੁਰਲਾਈ ਕਿ ਮੇਰੀ ਧੀ ਕਿਉਂ ਦਰਦ ਰਿੰਝਾਣੇ ਨਾਲ ਵਿਆਹ ਦਿੱਤੀ ਜੇ?

ਸਤਿਗੁਰੂ ਬੋਲੇ—ਜਿਸ ਨਾਲ ਅਸਾਂ ਕਾਕੀ ਵਿਆਹੀ ਹੈ ਉਹ ਅਰੋਗ ਤੇ ਨਰੋਆ ਹੈ। ਬੀਬੀ ਨੇ ਜਾ ਉਸ ਵਲ ਤਕਿਆ—ਜਿਸ ਦਾ ਨਾਮ 'ਪ੍ਰੇਮਾ' ਸੀ ਉਹ ਨਵਾਂ ਨਰੋਆ ਤੇ ਸੁਹਣਾ ਸੀ। ਜਗਤ ਇਸ ਜੋੜੀ ਨੂੰ 'ਮਥੋ ਮੁਰਾਰੀ' ਸਦਿਆ ਕਰੇਗਾ। ਸੀਹਾਂ ਉਪਲ ਤੇ ਉਸ ਦੀ ਪਤਨੀ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਸਿਰ ਨਿਵਾਇਆ ਅਤੇ ਸਤਿਗੁਰਾਂ ਨੇ ਮੁਸਕਰਾ ਕੇ ਆਖਿਆ ਤੁਹਾਡੀ ਸੇਵਾ ਥਾਇ ਪਈ ਹੈ।

ਸੀਹਾਂ ਉਪਲ ਦੀ ਧਰਮ ਪਤਨੀ ਵਾਂਗ ਹੋਰ ਭੀ ਕਈ ਬੀਬੀਆਂ ਲੰਗਰ ਵਿਚ ਸੇਵਾ ਕਰਦੀਆਂ ਤੇ ਸੇਵਾ ਵਿਚ ਐਸੀਆਂ ਜੁਟਦੀਆਂ ਕਿ ਸੰਸਾਰਕ ਮੋਹ ਮਾਇਆ ਦੀ ਸੁਧ ਬੁਧ ਨਾ ਰਹਿੰਦੀ ਤੇ ਗੁਰੂ ਅਮਰਦਾਸ ਜੀ ਤਰੁਠਦੇ ਤੇ ਰਹਿਮਤਾਂ ਕਰਦੇ ਅਤੇ ਸ਼ੁਭ ਅਸੀਸਾਂ ਨਾਲ ਉਨ੍ਹਾਂ ਦੀਆਂ ਝੋਲੀਆਂ ਭਰ ਦੇਂਦੇ।

ਵਰਣ ਆਸ਼ਰਮ ਦੇ ਭੇਦ ਤੇ ਵਿਤਕਰੇ ਖ਼ਤਮ ਕਰਨ ਅਤੇ ਸਮਾਜਕ ਤੌਰ 'ਤੇ ਇਕ ਸਾਂਝਾ ਭਾਈਚਾਰਾ ਬਣਾਉਨ ਵਾਸਤੇ ਸਤਿਗੁਰਾਂ ਨੇ ਜੋ ਇਹ ਹੁਕਮ ਕੀਤਾ ਕਿ ਜੋ ਵੀ ਗੁਰੂ ਦੇ ਦਰਬਾਰ ਆਵੇ ਪਹਿਲਾਂ ਲੰਗਰ ਵਿਚੋਂ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕ ਕੇ ਆਵੇ ਤਾਂ ਉੱਚੀ ਜਾਤ ਦੇ ਕੁਝ ਲੋਕਾਂ ਨੇ ਇਸ ਗੱਲ 'ਤੇ ਟੀਕਾ ਟਿਪਣੀ ਕੀਤੀ, ਇਤਰਾਜ਼ ਉਠਾਏ ਪਰ ਸਿਦਕੀਆਂ ਨੇ ਕੋਈ ਪਰਵਾਹ ਨਾ ਕੀਤੀ।

ਅੱਜ ਅਸੀਂ ਪੰਜਾਬ ਵਿਚ ਕਾਫੀ ਹੱਦ ਤਕ ਛੂਤ-ਛਾਤ ਤੋਂ ਮੁਕਤ ਹਾਂ। ਪੱਛਮ ਦੇਸ਼ ਦਾ ਕੋਈ ਮਨੁੱਖ ਇਹ ਸੁਣਦਾ ਹੈ ਤਾਂ ਸਤਿਗੁਰਾਂ ਨੇ ਐਸਾ ਹੁਕਮ ਕੀਤਾ ਤਾਂ ਉਸ ਦੇ ਲਈ ਇਹ ਸਮਝਣਾ ਔਖਾ ਹੋ ਜਾਂਦਾ ਹੈ ਕਿ ਅਜਿਹਾ ਹੁਕਮ ਕਰਨ ਦੇ ਕੀ ਅਰਥ ਤੇ ਲਾਭ ਸਨ। ਪਰ ਹੁਣ ਵੀ ਜੇ ਕੋਈ ਭਾਰਤ ਦੇ ਵੱਖ-ਵੱਖ ਪ੍ਰਾਂਤਾਂ, ਸ਼ਹਿਰਾਂ ਤੇ ਪਿੰਡਾਂ ਵਿਚ ਜਾ ਕੇ ਦੇਖੇ ਤਾਂ ਪਤਾ ਲੱਗਦਾ ਹੈ ਕਿ ਇਤਨੀ ਜਾਗ੍ਰਿਤੀ ਅਤੇ ਸਰਕਾਰੀ ਹੁਕਮਾਂ ਦੇ ਬਾਵਜੂਦ ਵੀ ਜਾਤ ਪਾਤ ਤੇ ਛੂਤ ਛਾਤ ਕਿਸ ਹਦ ਤਕ ਕਾਇਮ ਹੈ ਅਤੇ ਕਿਵੇਂ ਮਨੁੱਖ ਆਪਣੇ ਮਨੁੱਖ ਭਰਾਵਾਂ ਦੀ ਛੂਹ ਨਾਲ 'ਭਿਟ' ਜਾਂਦੇ ਹਨ।

ਸਿੱਖਾਂ ਵਿਚ ਅਤੇ ਪੰਜਾਬ ਦੇ ਹਿੰਦੂਆਂ ਵਿਚ ਜੇ ਇਹੋ ਜਿਹੀ ਬੀਮਾਰੀ ਨਹੀਂ ਤੇ ਜੇ ਹੈ ਵੀ

SikhBookClub.com

ਤਾਂ ਬਹੁਤ ਥੋੜੀ ਤਾਂ ਇਸ ਦਾ ਕਾਰਨ ਇਹੋ ਹੈ ਕਿ ਗੁਰੂ ਸਾਹਿਬਾਂ ਨੇ ਖਾਣ-ਪੀਣ ਦੀ ਸਾਂਝ ਪੈਦਾ ਕਰਕੇ ਇਹ ਸੱਚ ਜੂਠ ਤੋਂ ਮੁਕਤ ਕਰ ਦਿੱਤਾ। ਤੀਜੇ ਗੁਰਾਂ ਦੇ ਸਮੇਂ ਤਕ ਗੁਰੂ ਕੇ ਸਿੱਖ ਇਹੋ ਜਿਹੀ ਸਮਾਜਕ ਘਿਰਣਾ ਤੇ ਛੂਤ-ਛਾਤ ਨੂੰ ਕਾਫ਼ੀ ਹੱਦ ਤਕ ਤਿਲਾਂਜਲੀ ਦੇ ਚੁੱਕੇ ਸਨ। ਸੁੱਚ ਭਿੱਟ ਤੇ ਚੌਕੇ ਆਦਿ ਦੇ ਭਰਮ ਤੋਂ ਆਜ਼ਾਦ ਹੋ ਗਏ ਸਨ। ਗੁਰੂ ਅਮਰਦਾਸ ਜੀ ਦਾ ਉਪਦੇਸ਼ ਸੀ ਕਿ ਧਰੰਤਰ ਗਿਆਨੀਆਂ ਤੇ ਪੰਡਤਾਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਸੁਚ ਭਿਟ ਐਵੇਂ ਭਰਮ ਹੈ। ਚੌਕੇ ਦੀ ਰੇਖਾ ਝੂਠੀ ਹੈ। ਕੇਵਲ ਇਕ ਅਕਾਲ ਪੁਰਖ ਸੁੱਚਾ ਤੇ ਅਭਿਟ ਹੈ....."

'ਦਬਿਸਤਾਨਿ ਮਜਾਹਿਬ' ਵਿਚ ਇਕ ਹਵਾਲਾ ਵਰਣਨ ਯੋਗ ਹੈ। ਪਰਤਾਪ ਮਲ ਇਕ ਗਿਆਨਵਾਨ ਹਿੰਦੂ ਨੇ ਆਪਣੇ ਪੁੱਤਰ ਨੂੰ ਆਖਿਆ ਜੋ ਕਿ ਮੁਸਲਮਾਨ ਹੋਣਾ ਚਾਹੁੰਦਾ ਸੀ ਕਿ ਜੇ ਤੂੰ ਖਾਣ ਪੀਣ ਦੀ ਸੁਚ ਜੂਠ ਦੀ ਆਜ਼ਾਦੀ ਲੋਚਦਾ ਹੈਂ ਤਾਂ ਇਸ ਨਾਲੋਂ ਚੰਗਾ ਹੈ ਕਿ ਸਿੱਖ ਹੋ ਜਾ ਜਿਥੇ ਕੋਈ ਐਸੀ ਪਾਬੰਦੀ ਨਹੀਂ ਤੇ ਸਾਂਝੇ ਖਾਣ ਪੀਣ ਦੀ ਖੁੱਲ੍ਹ ਹੈ।

ਇਹ ਖੁੱਲ੍ਹ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੋਈ ਜਦੋਂ ਕਿ ਉਨ੍ਹਾਂ ਇਹ ਪਾਬੰਦੀ ਲਾ ਦਿੱਤੀ ਕਿ ਜੋ ਭੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਵੇ ਪਹਿਲਾਂ ਸਾਂਝੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕੇ।

ਹਿੰਦੂ ਹੀ ਨਹੀਂ ਕਈ ਨੀਵੀਆਂ ਜਾਤੀਆਂ ਦੇ ਲੋਕੀਂ ਵੀ ਆਉਂਦੇ, ਇਥੋਂ ਤਕ ਕਿ ਮੁਸਲਮਾਨ ਵੀ ਆ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਦੇ ਹਨ। ਮੁਗਲ ਸਮਰਾਟ ਅਕਬਰ ਤੇ ਹਰੀਪੁਰ ਦੇ ਰਾਜੇ ਨੂੰ ਵੀ ਲੰਗਰ ਵਿਚ ਆਮ ਲੋਕਾਂ ਨਾਲ ਬੈਠ ਕੇ ਪ੍ਰਸ਼ਾਦ ਛਕਣਾ ਪਿਆ ਤਾਂ ਜੋ ਉਹ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰ ਸਕਣ।

ਕਹਿੰਦੇ ਹਨ ਕਿ ਅਕਬਰ ਚਾਹੁੰਦਾ ਸੀ ਕਿ ਉਸ ਉਪਰ ਇਹ ਪਾਬੰਦੀ ਨਾ ਲਾਈ ਜਾਏ। ਪਰ ਗੁਰੂ ਜੀ ਦਾ ਹੁਕਮ ਅਮੀਰ ਗਰੀਬ ਉੱਚੇ ਨੀਵੇਂ ਸਭਨਾਂ ਲਈ ਇਕੋ ਜਿਹਾ ਸੀ। ਉਸ ਨੇ ਸਭ ਨਾਲ ਬੈਠ ਕੇ ਲੰਗਰ ਵਿਚੋਂ ਪ੍ਰਸ਼ਾਦਿ ਛਕਿਆ। ਜਦ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਵਾਰਤਾਲਾਪ ਕਰਕੇ ਪ੍ਰਸੰਨ ਹੋਇਆ। ਭਾਰੀ ਲੰਗਰ ਅਤੁੱਟ ਚਲਦਾ ਵੇਖ ਕੇ ਉਸ ਨੇ ਕੁਝ ਪਿੰਡਾਂ ਦਾ ਪਟਾ ਸਤਿਗੁਰੂ ਜੀ ਅੱਗੇ ਪੇਸ਼ ਕੀਤਾ ਅਤੇ ਆਖਿਆ ਕਿ ਲੰਗਰ ਦਾ ਖਰ੍ਚ ਬੜਾ ਭਾਰੀ ਹੈ। ਇਹ ਲੰਗਰ ਲਈ ਸਵੀਕਾਰ ਕਰੋ। ਇਸ ਨੂੰ ਤੀਜੇ ਸਤਿਗੁਰਾਂ ਸਵੀਕਾਰ ਨਾ ਕੀਤਾ ਅਤੇ ਆਖਿਆ ਕਿ ਲੰਗਰ ਸੰਗਤਾਂ ਦੀ ਭੇਟਾ ਨਾਲ ਚਲਦਾ ਹੈ ਇਸ ਲਈ ਜਾਗੀਰ ਦੀ ਲੋੜ ਨਹੀਂ। ਗੁਰੂ ਕਾ ਲੰਗਰ ਅਤੁੱਟ ਹੈ ਜੋ ਚਲਦਾ ਰਿਹਾ। ਹੁਣ ਭੀ ਥਾਉਂ ਥਾਈਂ ਚਲ ਰਿਹਾ ਹੈ ਅਤੇ ਅਗਾਂਹ ਵੀ ਚਲਦਾ ਰਹੇਗਾ।

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਤੇ ਇਸਤਰੀ ਦੇ ਸਤਿਕਾਰ ਦੀ ਸਥਾਪਨਾ

ਮਨੁੱਖੀ ਜੀਵਨ ਤੇ ਸਮਾਜ ਦਾ ਸਭ ਤੋਂ ਮੁੱਢਲਾ ਤੇ ਸਭ ਤੋਂ ਮਹੱਤਵਪੂਰਨ ਅੰਗ ਇਸਤਰੀ ਹੈ, ਜਿਸ ਦੇ ਦੁਆਲੇ ਮਨੁੱਖੀ ਜੀਵਨ ਤੇ ਸਮਾਜ ਦਾ ਸਾਰਾ ਤਾਣਾ ਬਾਣਾ ਤਣਿਆ ਜਾਂਦਾ ਹੈ। ਜਿਥੇ ਇਸਤਰੀ ਤੇ ਆਦਮੀ ਦਾ ਕੁਦਰਤੀ ਤੇ ਬਰਾਬਰ ਦਾ ਸਾਥ ਹੈ, ਅਤੇ ਇਨ੍ਹਾਂ ਦਾ ਸੰਜੋਗ ਮਨੁੱਖੀ ਨਸਲ ਨੂੰ ਕਾਇਮ ਰੱਖਣ ਦਾ ਇਕੋ ਇਕ ਸਾਧਨ ਹੈ, ਉਥੇ ਇਹ ਸੰਜੋਗ ਆਪਣੇ ਆਪ ਵਿਚ ਟੱਬਰਵਾਦੀ ਦਾ ਬੰਧੇਜ ਹੈ ਤੇ ਟੱਬਰ ਸਮਾਜ ਦੀ ਛੋਟੀ ਤੋਂ ਛੋਟੀ ਇਕਾਈ ਹੁੰਦਾ ਹੈ। ਇਸਤਰੀ ਤੇ ਟੱਬਰ ਹੀ ਟਿਕਵੇਂ ਜੀਵਨ (Settled life) ਦੇ ਆਧਾਰ ਤੇ ਧੁਰਾ ਹਨ। ਇਸ ਟੱਬਰ ਦੇ ਵਸੇਬੇ ਤੇ ਘਰ ਗ੍ਰਿਹਸਤੀ ਦਾ ਨਿਰਬਾਹ ਅਖ਼ੀਰ ਜ਼ਮੀਨ (ਮਾਤਾ ਧਰਤਿ ਮਹਤ) ਉੱਤੇ ਕ੍ਰਿਤ ਤੇ ਮਿਹਨਤ ਨਾਲ ਕਮਾਈ ਕਰਕੇ ਹੀ ਹੋਣਾ ਹੈ।

ਜ਼ਮੀਨ ਦਾ ਵਾਤਾਵਰਨ, ਇਸ ਉੱਤੇ ਕੀਤੀ ਮਿਹਨਤ ਤੇ ਇਸ ਤੋਂ ਉਪਜੇ ਨਤੀਜਿਆਂ ਦਾ ਘੜੀ ਮੁੜੀ ਨਸਲ-ਨਸਲ ਦੁਹਰਾਇਆ ਜਾਣਾ ਅਤੇ ਆਪਣੇ ਸਾਥੀਆਂ ਤੇ ਗੁਆਂਢੀਆਂ ਨਾਲ ਵਰਤਣ-ਵਿਹਾਰ ਰਲ ਕੇ, ਲੋਕਾਂ ਦੀਆਂ ਸਮੂਹਕ ਰੂਪ ਵਿਚ ਆਦਤਾਂ ਤੇ ਰਹੁ-ਰੀਤਾਂ ਬਣ ਜਾਂਦੀਆਂ ਹਨ, ਜੋ ਪੱਕਦੀਆਂ ਪੱਕਦੀਆਂ ਸਮਾਜ ਬਣ ਜਾਂਦੀਆਂ ਹਨ। ਇਸ ਤਰ੍ਹਾਂ ਜਿਵੇਂ ਮਨੁੱਖ ਤੀਵੀਂ ਦੀ ਕੁੱਖ ਵਿਚੋਂ ਉਗਮਦਾ ਹੈ, ਸਮਾਜ ਧਰਤੀ ਦੀ ਕੁੱਖ ਵਿਚੋਂ ਉਗਮਦਾ ਹੈ। ਤੀਵੀਂ ਦਾ ਸਮਾਜ ਉਸਾਰੀ ਵਿਚ ਰੋਲ ਕੇਵਲ ਬੱਚੇ ਨੂੰ ਜਨਮ ਦੇਣਾ ਹੀ ਨਹੀਂ, ਸਗੋਂ ਉਸ ਨੂੰ ਧਰਤੀ ਵਿਚੋਂ ਉਗਮੇ ਸਮਾਜ ਨਾਲ ਜੋੜਨਾ ਤੇ ਇਸ ਦੇ ਨਾਲ ਨਾਲ ਨਵੇਂ ਤਜ਼ਰਬਿਆਂ ਦੇ ਆਧਾਰ 'ਤੇ ਹਾਸਲ ਕੀਤੇ ਗਿਆਨ ਨੂੰ ਜ਼ਿੰਦਗੀ ਵਿਚ ਅਮਲੀ ਰੂਪ ਦੇਣਾ ਵੀ ਹੈ। ਇਸਤਰੀ ਸਮਾਜਕ ਰਹੁ-ਰੀਤੀਆਂ ਤੇ ਗਿਆਨ ਵਿਚ ਹੋਇਆ ਨਵਾਂ ਵਾਧਾ, ਜੀਵਨ ਜਾਚ ਦੇ ਰੂਪ ਵਿਚ ਅਗਲੀ ਨਸਲ ਨੂੰ ਸਹਿਜੇ ਹੀ ਦੇ ਜਾਂਦੀ ਹੈ। ਇਸ ਤਰ੍ਹਾਂ ਸਮਾਜ ਦਾ ਪ੍ਰਵਾਹ ਚਲਦਾ ਰਹਿੰਦਾ ਹੈ ਤੇ ਸਮਾਜ ਉਸਰਦਾ ਵੀ ਰਹਿੰਦਾ ਹੈ। ਇਸੇ ਕਰਕੇ ਪੰਜਾਬ ਵਿਚ ਨੂੰਹਾਂ ਨੂੰ ਨੀਂਹਾਂ ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਉਸਾਰੀ ਵਿਚ ਤੀਵੀਂ ਦੇ ਇਸ ਰੋਲ ਨੂੰ ਪਹਿਚਾਨਦਿਆਂ ਹੋਇਆਂ:

ਭੰਡਹੁ ਚਲੈ ਰਾਹੁ॥

(ਪੰਨਾ ੪੭੩)

ਕਹਿ ਕੇ ਸਤਿਕਾਰਿਆ।

ਇਸਤਰੀ ਜਿਥੇ ਮਨੁੱਖੀ ਸਮਾਜ ਦੀ ਸਜੀਵਤਾ ਅਤੇ ਜੀਵਨ ਦੇ ਸਾਰੇ ਸੁੱਖਾਂ ਸੁਆਦਾਂ ਦਾ

SikhBookClub.com

ਕੇਂਦਰ ਹੈ, ਉਥੇ ਮਨੁੱਖ ਦੀਆਂ ਹਰ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਬੰਦਸ਼ਾਂ ਤੇ ਬੰਧੇਜਾਂ ਦਾ ਵੀ ਕੇਂਦਰ ਹੈ। ਸੁੱਖ ਸਦਾ ਸੰਭਾਲ ਮੰਗਦਾ ਹੈ। ਜੇ ਸੰਭਾਲ ਦੀਆਂ ਇਨ੍ਹਾਂ ਜ਼ੁੰਮੇਵਾਰੀਆਂ, ਬੰਦਸ਼ਾਂ ਤੇ ਬੰਧੇਜਾਂ ਨੂੰ ਬੋਝ ਤੇ ਦੁੱਖ ਸਮਝਣ ਲੱਗ ਪਈਏ ਤਾਂ ਮਨੁੱਖ ਦੇ ਸਾਰੇ ਦੁੱਖਾਂ ਦਾ ਘਰ ਵੀ ਇਸਤਰੀ ਹੀ ਬਣ ਜਾਂਦੀ ਹੈ। ਸਵਾਲ ਕੇਵਲ ਸੋਚਣੀ ਤੇ ਮਨੋ-ਬ੍ਰਿਤੀ (Attitude) ਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਤਰੀ ਬਾਰੇ ਇਹ ਮਨੋ-ਬ੍ਰਿਤੀ ਲੋਕਾਂ ਵਿਚ ਘਰ ਕਰ ਚੁੱਕੀ ਸੀ, ਜਿਸ ਕਰਕੇ ਤਿਆਗ ਦੀ ਭਾਵਨਾ ਪ੍ਰਧਾਨ ਹੋ ਰਹੀ ਸੀ ਤੇ ਜ਼ਿਆਦਾ ਪ੍ਰਵਾਣ ਚੜ੍ਹ ਰਹੀ ਸੀ। ਤਿਆਗ ਦੀ ਧਾਰਨਾ ਦਾ ਸਭ ਤੋਂ ਪਹਿਲਾ ਤੇ ਮਹੱਤਵਪੂਰਨ ਨਿਸ਼ਾਨਾਂ ਇਸਤਰੀ ਬਣ ਰਹੀ ਸੀ। ਘਰ ਗ੍ਰਿਹਸਤੀ ਤੇ ਟੱਬਰਦਾਰੀ ਦਾ ਮੂਲ ਮੁੱਢ ਇਸਤਰੀ ਹੋਣ ਕਰਕੇ, ਤਿਆਗ ਦੀ ਪ੍ਰਕ੍ਰਿਆ ਦੀ ਸ਼ੁਰੂਆਤ ਇਸ ਮੂਲ ਮੁੱਢ ਦੇ ਤਿਆਗ ਤੋਂ ਹੀ ਹੁੰਦੀ ਸੀ। ਇਸ ਰਸਤੇ ਨੂੰ ਅਪਣਾਨ ਲਈ, ਯਾਨੀ ਇਸਤਰੀ ਦੇ ਤਿਆਗ ਲਈ ਆਦਮੀ ਨੂੰ ਤਿਆਰ ਕਰਨ ਲਈ, ਇਸ ਨਾਲ ਨਫ਼ਰਤ, ਇਸ ਦੀ ਨਿਰਾਦਰੀ ਤੇ ਨਿੰਦਿਆਂ ਪਹਿਲੀ ਪੌੜੀ ਸੀ। ਜਿਥੇ ਪਿਆਰ ਲਗਾਉ ਤੇ ਅਪਣੱਤ ਹਮੇਸ਼ਾ ਸਿਫਤ ਤੇ ਸਲਾਹ ਤੋਂ ਉਪਜਦੇ ਹਨ, ਉਥੇ ਤਿਆਗ ਹਮੇਸ਼ਾ ਘਿਰਣਾ ਤੇ ਨਫ਼ਰਤ ਤੋਂ ਸ਼ੁਰੂ ਹੁੰਦਾ ਹੈ। ਇਸ ਤਰ੍ਹਾਂ ਇਸਤਰੀ ਨਫ਼ਰਤ, ਨਿਰਾਦਰੀ ਤੇ ਨਿੰਦਿਆ ਦੀ ਪਾਤਰ ਬਣ ਰਹੀ ਸੀ ਤੇ ਇਸ ਵਿਚ ਹੀਣ ਭਾਵਨਾ ਪੈਦਾ ਹੋ ਰਹੀ ਸੀ।

ਇਸ ਤਰ੍ਹਾਂ ਉਸ ਜ਼ਮਾਨੇ ਵਿਚ ਸਮਾਜ ਦੀ ਇਸ ਜੜ੍ਹ ਨੂੰ ਦੁਵੱਲੀ ਮਾਰ ਪੈ ਰਹੀ ਸੀ। ਇਕ ਪਾਸੇ ਤਾਂ ਇਸਲਾਮੀ ਹਮਲਾਵਰਾਂ ਨੇ ਸਥਾਨਕ ਆਬਾਦੀ ਦਾ ਨੈਤਕ ਪੱਤਨ ਕਰਨ ਲਈ ਤੇ ਲੋਕਾਂ ਦੀ ਅਣਖ ਨੂੰ ਕੁਚਲਣ ਲਈ ਆਪਣਾ ਨਿਸ਼ਾਨਾ ਇਸਤਰੀ ਦੀ ਬੇਪਤੀ ਕਰਨਾ ਬਣਾਇਆ ਹੋਇਆ ਸੀ। ਦੂਸਰੇ ਪਾਸੇ ਪ੍ਰਚਲਤ ਸਮਾਜ ਵਿਚ ਤਿਆਗ ਦੀ ਭਾਵਨਾ ਜ਼ਿਆਦਾ ਪ੍ਰਵਾਣ ਤੇ ਸਤਿਕਾਰਤ ਹੋ ਰਹੀ ਸੀ, ਜਿਸ ਕਰਕੇ ਇਸਤਰੀ ਨੂੰ ਸਮਾਜ ਵਿਚ ਸਤਿਕਾਰਤ ਤੇ ਮਾਨਯੋਗ ਥਾਂ ਦੇਣ ਦੀ ਥਾਵੇਂ ਇਸ ਨੂੰ ਨਫ਼ਰਤ, ਨਿਰਾਦਰੀ, ਨਿੰਦਿਆ ਤੇ ਘਿਰਣਾ ਦਾ ਦਰਜਾ ਦਿੱਤਾ ਜਾਂਦਾ ਸੀ। ਜਿਥੇ ਸਮਾਜ ਦਾ ਚੰਗੇਰਾ ਅੱਧ, ਇਸ ਦੂਹਰੇ ਹਮਲੇ ਦੀ ਲਗਾਤਾਰ ਮਾਰ ਤੇ ਬੋਝ ਹੇਠਾਂ ਦੱਬਿਆ ਹੋਵੇ, ਉਥੇ ਸਮਾਜ ਦਾ ਉਸਰਨਾ ਕੀ, ਉਸ ਦੇ ਜੀਊਂਦੇ ਰਹਿਣ ਦੀ ਕੋਈ ਸੰਭਾਵਨਾ ਨਹੀਂ ਸੀ। ਸਮਾਜ ਦੇ ਇਸ ਚੰਗੇਰੇ ਅੱਧ ਨੂੰ, ਇਸ ਬੈਰੂਨੀ ਤੇ ਅੰਦਰੂਨੀ ਦੂਹਰੇ ਹਮਲੇ ਤੋਂ ਬਚਾਣਾ ਜ਼ਰੂਰੀ ਸੀ। ਇਸ ਲਈ ਕਾਰਗਰ ਪ੍ਰੋੜ ਤੇ ਮਜ਼ਬੂਤ ਤਰੀਕਾ ਇਹ ਸੀ ਕਿ ਇਕ ਤਾਂ ਇਸਤਰੀ ਨੂੰ ਪੁਰਸ਼ ਦੇ ਬਰਾਬਰ ਨਹੀਂ, ਸਗੋਂ ਉਸ ਨਾਲੋਂ ਉਚੇਰੇ ਸਥਾਨ ਨੂੰ ਜ਼ੋਰਦਾਰ ਸ਼ਬਦਾਂ ਵਿਚ ਦਾਅਵੇ ਨਾਲ ਤੇ ਨਿਸ਼ਚੇ ਪੂਰਬਕ ਦਲੀਲ ਮਈ ਢੰਗ ਨਾਲ ਘੜੀ ਮੁੜੀ ਦੁਹਰਾ ਦੁਹਰਾ ਕੇ ਦ੍ਰਿੜ੍ਹ ਕੀਤਾ ਜਾਵੇ ਤਾਂ ਕਿ ਲੋਕਾਂ ਦੇ ਦਿਮਾਗਾਂ ਵਿਚੋਂ ਇਸਤਰੀ ਪ੍ਰਤੀ ਬੈਠ ਚੁੱਕੀ ਘਿਰਣਾ ਨੂੰ ਧੋ ਕੇ ਕੱਢਿਆ ਜਾਵੇ। ਦੂਸਰੇ ਪਾਸੇ ਇਸਤਰੀ ਵਿਚ ਹੀਣਤਾ ਭਾਵ ਪੈਦਾ ਕਰਨ ਵਾਲਿਆਂ, ਇਸ ਦੀ ਨਿਰਾਦਰੀ ਕਰਨ ਵਾਲਿਆਂ ਤੇ ਇਸ ਨੂੰ ਸਮਾਜ ਵਿਚ ਨੀਵੇਂ ਥਾਂ ਰੱਖਣ ਵਾਲੀਆਂ ਜੋ ਸਮਾਜਕ ਰਹੁ-ਰੀਤਾਂ ਕਾਇਮ ਹੋ ਚੁੱਕੀਆਂ ਸਨ, ਉਨ੍ਹਾਂ ਨੂੰ ਉਚੇਚੀ ਮਿਹਨਤ ਨਾਲ ਤੋੜਿਆ ਜਾਵੇ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਆਦਰ ਤੇ ਮਾਨ ਨੂੰ ਲੋਕਾਂ ਦੇ ਦਿਲਾਂ ਵਿਚ ਮੁੜ ਵਸਾਣ ਤੇ ਇਸ ਦੀ ਵਡਿਆਈ ਤੇ ਉਚਤਾ ਨੂੰ ਸਮਾਜ ਵਿਚ ਆਦਰਯੋਗ ਥਾਂ ਦੇਣ ਲਈ, ਬੜੇ ਦਲੀਲ ਪੂਰਬਕ ਢੰਗ ਨਾਲ, ਇਸ ਦੀ ਸਮਾਜ ਵਿਚ ਮਹੱਤਤਾ ਦਾ ਵਰਣਨ ਕੀਤਾ:

SikhBookClub.com

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਪੰਨਾ ੪੭੩)

ਇਸੇ ਵਿਚਾਰ ਨੂੰ ਹੋਰ ਦ੍ਰਿੜ੍ਹ ਕਰਨ ਲਈ ਉਨ੍ਹਾਂ ਨੇ ਆਪਣੀ ਸਾਰੀ ਵਿਚਾਰਧਾਰਾ ਦਾ ਆਧਾਰ ਭਾਰਤੀ ਸੁਹਾਗਣ ਨਾਰੀ ਤੇ ਡਸਿਪਲਿਨ ਨੂੰ ਬਣਾਇਆ। ਉਸ ਦੇ ਪਤੀ ਨਾਲ ਪ੍ਰੇਮ ਉਸ ਵੱਲ ਆਤਮ ਸਮਰਪਣ ਨੂੰ ਸਮਾਜ ਦਾ ਆਦਰਸ਼ ਬਣਾ ਦਿੱਤਾ। ਆਪਣੀ ਸਾਰੀ ਬਾਣੀ ਵਿਚ ਉਨ੍ਹਾਂ ਨੇ ਇਸ ਆਦਰਸ਼ ਨੂੰ ਆਪਣੇ ਸਾਹਮਣੇ ਰੱਖਦਿਆਂ ਇਸ ਦੇ ਆਦਰਸ਼ ਜੀਵਨ ਦੇ ਇੰਨੇ ਪ੍ਰਮਾਣ ਦਿੱਤੇ ਕਿ ਉਨ੍ਹਾਂ ਨੇ ਮਨੁੱਖ ਨੂੰ ਪਰਮਾਤਮਾ ਪਰਮ ਪੁਰਖ ਭਤਾਰ ਦੇ ਰੂਪ ਵਿਚ ਹੀ ਪੇਸ਼ ਕੀਤਾ। ਇਥੋਂ ਤਕ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਵੀ ਇਸ ਭਤਾਰ ਦਾ ਮਹਲ ਹੀ ਦੱਸਿਆ। ਇਸ ਵਿਚ ਕੋਈ ਸ਼ਕ ਨਹੀਂ ਕਿ ਸ਼ੇਖ ਫਰੀਦ ਤੋਂ ਲੈ ਕੇ ਸਾਰੇ ਸੂਫ਼ੀਆਂ ਅਤੇ ਭਗਤ ਕਬੀਰ ਨੇ ਵੀ ਆਪਣੀ ਬਾਣੀ ਵਿਚ ਸੁਹਾਗਣ ਦੇ ਪਤੀ ਨਾਲ ਪ੍ਰੇਮ ਤੇ ਆਤਮ ਸਮਰਪਣ ਦੇ ਸਬੰਧ ਨੂੰ ਮਿਸਾਲ ਤੇ ਪ੍ਰਮਾਣ ਦੇ ਰੂਪ ਵਿਚ ਵਰਤਿਆ ਹੈ ਪਰ ਗੁਰੂ ਨਾਨਕ ਦੇਵ ਜੀ ਨੇ (ਤੇ ਇਸੇ ਤਰ੍ਹਾਂ ਬਾਕੀ ਦੇ ਸਾਰੇ ਗੁਰੂ ਸਾਹਿਬਾਨ ਨੇ) ਆਪਣੇ ਆਪ ਨੂੰ ਬਹੁਤ ਸਾਵੇਂ ਸੁਹਾਗਣ ਇਸਤਰੀ ਦੇ ਰੂਪ ਵਿਚ ਪੇਸ਼ ਕੀਤਾ ਹੈ।

ਗੁਰੂ ਅਮਰਦਾਸ ਜੀ ਨੇ ਵੀ ਬਾਣੀ ਵਿਚ ਇਸੇ ਸੇਧ ਤੇ ਇਸੇ ਦ੍ਰਿਸ਼ਟਾਂਤ ਨੂੰ ਹੋਰ ਜ਼ਿਆਦਾ ਗੰਭੀਰਤਾ ਨਾਲ ਦਿੜ੍ਹ ਕਰਨ ਲਈ ਪ੍ਰਗਟ ਕਰਵਾਇਆ। ਇਸ ਦਾ ਖ਼ਾਸ ਕਾਰਨ ਇਹ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਵੱਡੇ ਲੜਕੇ ਬਾਬਾ ਸ੍ਰੀ ਚੰਦ ਨੇ ਟੱਬਰਦਾਰੀ ਦਾ ਤਿਆਗ ਕਰਕੇ ਉਦਾਸੀ ਤੇ ਤਿਆਗ ਦੀ ਰੀਤ ਅਪਣਾ ਲਈ ਸੀ, ਜੋ ਗੁਰੂ ਨਾਨਕ ਦੇਵ ਜੀ ਵਲੋਂ ਦ੍ਰਿੜ੍ਹ ਕਰਵਾਏ, ਕੁਦਰਤੀ ਰੁਚੀਆਂ ਦੇ ਅਨੁਕੂਲ ਮਾਰਗ ਦੇ ਐਨ ਉਲਟ ਸੀ। ਬਾਬਾ ਸ੍ਰੀ ਚੰਦ ਦੇ ਪ੍ਰਭਾਵ ਤੋਂ ਸਮਾਜ ਨੂੰ ਬਚਾਉਣ ਲਈ ਇਸਤਰੀ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਨੂੰ ਹੋਰ ਜ਼ੋਰਦਾਰ ਸ਼ਬਦਾਂ ਵਿਚ ਪ੍ਰਕਾਸ਼ਤ (annuunciate) ਕਰਨ ਤੇ ਪ੍ਰਭਾਵ ਪੂਰਤ ਢੰਗ ਨਾਲ ਦ੍ਰਿੜ੍ਹ ਕਰਨ ਦੀ ਲੋੜ ਸੀ।

ਫਿਰ ਦੂਸਰੀ ਗੱਲ ਇਹ ਵੀ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੁਝ ਐਸੇ ਕਦਮ ਚੁੱਕਣ ਦੀ ਲੋੜ ਸੀ, ਜਿਸ ਨਾਲ ਇਸਤਰੀ ਦਾ ਆਦਰ ਤੇ ਮਾਣ ਮੁੜ ਸਥਾਪਤ ਹੋ ਜਾਵੇ ਤਾਂ ਕਿ ਇਸ ਨੂੰ, ਬਾਬਾ ਸ੍ਰੀ ਚੰਦ ਦੀ ਮਿਸਾਲ ਨਾਲ ਮੁੜ ਸੁਰਜੀਤ ਹੋਈ ਤਿਆਗ ਦੀ ਭਾਵਨਾ ਤੋਂ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਇਸ ਵਿਚ ਸਥਾਪਤ ਹੋ ਚੁੱਕਾ ਹੀਣਤਾ-ਭਾਵ ਖ਼ਤਮ ਕਰ ਕੇ ਐਸਾ ਸਵੈ-ਵਿਸ਼ਵਾਸ ਕਾਇਮ ਕੀਤਾ ਜਾ ਸਕੇ ਕਿ ਇਹ ਆਪਣੇ ਪੈਰਾਂ ਉੱਤੇ ਖਲੋ ਸਕੇ। ਇਸ ਵਾਸਤੇ ਇਸਤਰੀ ਉੱਤੇ ਜੋ ਸਮਾਜਕ ਦਬਾਓ ਰਹੁ-ਰੀਤਾਂ ਬਣ ਕੇ ਭਾਰੂ ਹੋਏ ਪਏ ਸਨ, ਉਨ੍ਹਾਂ ਨੂੰ ਹਟਾਉਣ ਦੀ ਲੋੜ ਸੀ।

ਅਸਲ ਵਿਚ ਇਸਤਰੀ ਉੱਤੇ ਲਾਈਆਂ ਬੰਦਸ਼ਾਂ ਖ਼ਾਸ ਕਰਕੇ ਪਰਦਾ, ਵਿਧਵਾ ਦਾ ਰੰਡੇਪੇ ਵਿਚ ਜੀਵਨ ਕੱਟਣ ਲਈ ਮਜਬੂਰ ਹੋਣਾ, ਉਸ ਨੂੰ ਪੁਨਰ ਵਿਆਹ ਦੀ ਆਗਿਆ ਨਾ ਦੇਣਾ ਤੇ ਉਸ ਦਾ ਮ੍ਰਿਤਕ ਪਤੀ ਦੇ ਸਰੀਰ ਨਾਲ ਸੜ ਕੇ ਸਤੀ ਹੋਣਾ, ਇਸਤਰੀ ਨੂੰ ਆਦਮੀ ਦੀ ਜਾਇਦਾਦ ਤੇ ਉਸ ਦੀ ਮਾਲਕੀਅਤ ਹੋਣਾ ਦ੍ਰਿੜ੍ਹ ਕਰਦੇ ਹਨ। ਇਹ ਸਾਰੀਆਂ ਰਸਮਾਂ ਤੇ ਰਿਵਾਜ

SikhBookClub.com

ਇਸਤਰੀ ਦੀ ਮਰਦ ਪ੍ਰਤੀ ਗ਼ੁਲਾਮੀ ਦਾ ਬਾਹਰਲਾ ਰੂਪ ਹਨ। ਇਹ ਰਸਮਾਂ ਤੇ ਰਿਵਾਜ, ਔਰਤ ਦੀ ਇਸ ਗ਼ੁਲਾਮੀ ਨੂੰ ਦਿੜ੍ਹ ਕਰਨ ਲਈ ਲੋਕਾਂ ਵਿਚ ਦੇਖਾ ਦੇਖੀ ਤੇ ਰੀਸੇ ਇੰਨੇ ਪ੍ਰਵਾਨ ਚੜ੍ਹ ਚੁੱਕੇ ਸਨ ਕਿ ਇਨ੍ਹਾਂ ਨੂੰ ਧਾਰਮਿਕ ਪਵਿੱਤਰਤਾ ਤੇ ਮਾਨਤਾ ਦਿੱਤੀ ਜਾ ਰਹੀ ਸੀ। ਕੋਈ ਵੀ ਇਸਤਰੀ ਇਨ੍ਹਾਂ ਦੇ ਧਾਰਮਿਕ ਸਤਿਕਾਰ ਤੇ ਸਮਾਜਕ ਸਨਮਾਨ ਕਾਰਨ ਇਨ੍ਹਾਂ ਨੂੰ ਛੱਡਣ ਵਿਚ ਨਮੋਸ਼ੀ ਤੇ ਇਨ੍ਹਾਂ ਨੂੰ ਅਪਣਾਨ ਵਿਚ ਆਪਣਾ ਗੌਰਵ ਸਮਝਦੀ ਸੀ। ਇਸ ਕਰਕੇ ਇਨ੍ਹਾਂ ਤੋਂ ਬਚਣ ਦਾ ਕੋਈ ਚਾਰਾ ਨਜ਼ਰ ਨਹੀਂ ਸੀ ਆਉਂਦਾ।

ਜਿਥੇ ਸਮਾਜ ਦਾ ਅੱਧਾ ਭਾਗ ਆਪਣੀ ਗ਼ੁਲਾਮੀ ਤੇ ਬੰਦਸ਼ਾਂ ਨਾਲ ਇਸ ਕਦਰ ਹਿੱਲ ਗਿਆ ਹੋਵੇ ਕਿ ਇਸ ਨੂੰ ਪਿਆਰ ਕਰਨ ਲੱਗ ਪਵੇ, ਤੇ ਇਸ ਤੋਂ ਆਜ਼ਾਦ ਹੋਣ ਦਾ ਕਦੀ ਖ਼ਿਆਲ ਹੀ ਨਾ ਕਰੇ ਸਗੋਂ ਇਸ ਨੂੰ ਆਪਣੀ ਜੀਵਨ ਜੁਗਤੀ ਬਣਾ ਲਵੇ, ਉਥੇ ਸਮਾਜ ਸਿਹਤਮੰਦ ਤੇ ਨਰੋਆ ਕਿਵੇਂ ਹੋ ਸਕਦਾ ਸੀ। ਸਦੀਆਂ ਤੋਂ ਚੱਲੀ ਆ ਰਹੀ ਆਦਮੀ ਪ੍ਰਤੀ ਔਰਤ ਦਾ ਇਸ ਜ਼ਿਹਨੀ ਗ਼ੁਲਾਮੀ ਨੇ ਭਾਵੇਂ ਉਸ ਨੂੰ ਹੀਣੀ, ਨਿਤਾਣੀ ਤੇ ਬੇ-ਸਹਾਰਾ ਬਣਾ ਦਿੱਤਾ ਸੀ ਤੇ ਉਹ ਬਲ ਹੀਣ ਅਬਲਾ ਬਣ ਕੇ ਰਹਿ ਗਈ ਸੀ, ਪਰ ਸਦੀਆਂ ਤੋਂ ਪੈ ਚੁੱਕੀ ਘਾਸੀ ਕਾਰਨ ਉਹ ਇਸ ਗ਼ੁਲਾਮੀ ਤੇ ਨਿਤਾਣੇ ਪਣ ਨਾਲ ਧਾਰਮਿਕ ਅੰਧ-ਵਿਸ਼ਵਾਸ ਨਾਲ ਪਿਆਰ ਕਰਨ ਲੱਗ ਪਈ ਸੀ। ਫਿਰ ਮਰਦ ਭਾਰੂ ਸਮਾਜ ਦੇ ਪਹਿਰੇਦਾਰ-ਧਾਰਮਿਕ ਆਗੂ ਤੇ ਰਹੁ ਰੀਤਾਂ ਦੇ ਰਾਖੇ, ਬ੍ਰਾਹਮਣ ਤੇ ਪੰਡਿਤ ਇਨ੍ਹਾਂ ਰਹੁ-ਰੀਤਾਂ ਦੇ ਖੰਡਣ ਤੇ ਖ਼ਾਤਮੇ ਕਰਨ ਵਿਚ ਵੱਡੀ ਰੁਕਾਵਟ ਬਣੇ ਹੋਏ ਸਨ। ਇਸ ਲਈ ਇਨ੍ਹਾਂ ਰਸਮਾਂ ਨੂੰ ਤੋੜਨ ਲਈ ਨਾ ਕੇਵਲ ਸਿਧਾਂਤ ਦੀ ਪੁਸ਼ਟੀ ਤੇ ਪ੍ਰਚਾਰ ਦੀ ਲੋੜ ਸੀ, ਸਗੋਂ ਇਨ੍ਹਾਂ ਨੂੰ ਤੋੜਨ ਲਈ ਜ਼ੋਰਦਾਰ ਤੇ ਭਰਪੂਰ ਉਪਰਾਲੇ ਦੀ ਲੋੜ ਸੀ, ਠੋਸ ਤੇ ਅਮਲੀ ਕਦਮ ਚੁੱਕਣ ਦੀ ਲੋੜ ਸੀ।

ਗੁਰੂ ਨਾਨਕ ਦੇਵ ਜੀ ਨੇ ਘਰ ਦੀ ਚਾਰ ਦੀਵਾਰੀ ਵਿਚ ਡੱਕੀ ਤੇ ਪਰਦੇ ਦੀ ਬੰਦਸ਼ ਵਿਚ ਕੈਦ ਇਸਤਰੀ ਨੂੰ ਸੰਗਤ ਵਿਚ ਆਦਮੀਆਂ ਦੇ ਬਰਾਬਰ ਬੈਠ ਕੇ ਉਨ੍ਹਾਂ ਨਾਲ ਸਾਂਝਾ ਉਪਦੇਸ਼ ਸੁਣਨ ਦੀ ਪਿਰਤ ਚਲਾਈ। ਗੁਰੂ ਅਮਰਦਾਸ ਜੀ ਨੇ ਇਸਤਰੀਆਂ ਵਿਚ ਪ੍ਰਚਲਤ ਘੁੰਡ ਤੇ ਪਰਦੇ ਨੂੰ ਖ਼ਤਮ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਈ। ਉਨ੍ਹਾਂ ਨੇ ਇਸ ਗੱਲ ਨੂੰ ਬੜੀ ਤਕੜਾਈ ਨਾਲ ਲਾਗੂ ਕੀਤਾ ਕਿ ਕੋਈ ਵੀ ਇਸਤਰੀ, ਉਨ੍ਹਾਂ ਦੀ ਹਜ਼ੂਰੀ ਵਿਚ ਬੈਠੀ ਸੰਗਤ ਵਿਚ ਘੁੰਡ ਕੱਢ ਕੇ ਨਾ ਆਵੇ। ਸੰਗਤ ਵਿਚ ਜਿਥੇ ਔਰਤਾਂ ਨੂੰ ਆਉਣ ਦੀ ਖੁੱਲ੍ਹ ਸੀ ਤੇ ਉਹ ਮਰਦਾਂ ਦੇ ਬਰਾਬਰ ਬੈਠਦੀਆਂ ਸਨ, ਉਥੇ ਘੁੰਡ ਤੇ ਪਰਦੇ ਦੀ ਮੁਕੰਮਲ ਮਨਾਹੀ ਕਰ ਦਿੱਤੀ। ਗੁਰੂ ਅਮਰਦਾਸ ਜੀ ਨੇ ਵਿਧਵਾ ਦੇ ਪੁਨਰ ਵਿਆਹ ਦਾ ਆਮ ਪ੍ਰਚਾਰ ਕੀਤਾ। ਪਰ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਜ਼ੋਰ ਸਤੀ ਦੀ ਰਸਮ ਨੂੰ ਖ਼ਤਮ ਕਰਨ ਉੱਤੇ ਲਾਇਆ। ਸਤੀ ਦੀ ਰਸਮ ਨੂੰ ਖੰਡਨ ਕਰਨ ਲਈ ਉਨ੍ਹਾਂ ਨੇ ਸਤੀ ਦੀ ਪਰਿਭਾਸ਼ਾ ਹੀ ਬਦਲ ਦਿੱਤੀ। ਉਹ ਫ਼ੁਰਮਾਨ ਕਰਦੇ ਹਨ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥੨॥

(ਪੰਨਾ ੭੮੭)

SikhBookClub.com

ਗੁਰੂ ਅਰਜਨ ਦੇਵ ਜੀ ਨੇ ਇਸੇ ਖ਼ਿਆਲ ਨੂੰ ਆਪਣੇ ਸ਼ਬਦਾਂ ਵਿਚ ਫਿਰ ਦੁਹਰਾਇਆ ਅਤੇ ਨਾਲ ਹੀ ਇਸ ਰਸਮ ਦੇ ਥੋਥ ਨੂੰ ਸਾਹਮਣੇ ਲਿਆਉਂਦਿਆਂ ਹੋਇਆਂ, ਦੇਖਾ ਦੇਖੀ ਉੱਤੇ ਆਧਾਰਤ ਇਸ ਰਸਮ ਦਾ ਖੰਡਨ ਕੀਤਾ:

ਜਲੈ ਨ ਪਾਈਐ ਰਾਮ ਸਨੇਹੀ॥
ਕਿਰਤਿ ਸੰਜੋਗਿ ਸਤੀ ਉਠਿ ਹੋਈ॥੧॥ਰਹਾਉ॥
ਦੇਖਾ ਦੇਖੀ ਮਨਹਠਿ ਜਲਿ ਜਾਈਐ॥
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ॥੨॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ॥੩॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥
ਧੰਨੁ ਸਤੀ ਦਰਗਹ ਪਰਵਾਨਿਆ॥੪॥

(ਪੰਨਾ ੧੮੫)

ਪ੍ਰਿੰਸੀਪਲ ਸਤਿਬੀਰ ਸਿੰਘ 'ਪਰਬਤ ਮੇਰਾਣੂ' ਵਿਚ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਥਾਂ ਥਾਂ ਹੁਕਮਨਾਮੇ ਭੇਜੇ ਕਿ ਕਿਸੇ ਔਰਤ ਨੂੰ ਵੀ ਸਤੀ ਨਾ ਹੋਣ ਦਿੱਤਾ ਜਾਏ। ਗੁਰੂ ਦਾ ਹੁਕਮ ਹੈ। ਉਲੰਘਣਾ ਕਰਨ ਵਾਲਾ ਬੇਮੁਖ ਹੈ।

ਇਨ੍ਹਾਂ ਦਲੇਰੀ ਤੇ ਤਕੜਾਈ ਨਾਲ ਲਾਗੂ ਕੀਤੇ ਉਪਰਾਲਿਆਂ ਕਾਰਨ ਪ੍ਰਥਾਵਾਦੀ ਬ੍ਰਾਹਮਣਾਂ ਨੇ ਸ਼ਹਿਨਸ਼ਾਹ ਅਕਬਰ ਕੋਲ ਗੁਰੂ ਸਾਹਿਬ ਦੀ ਸ਼ਿਕਾਇਤ ਕੀਤੀ ਕਿ ਉਹ ਹਿੰਦੂ ਧਾਰਮਿਕ ਰਸਮਾਂ ਤੋੜ ਕੇ, ਉਨ੍ਹਾਂ ਦੇ ਧਰਮ ਦੀ ਨਿਰਾਦਰੀ ਕਰ ਰਹੇ ਹਨ ਤੇ ਉਨ੍ਹਾਂ ਨੇ ਧਰਮ ਨੂੰ ਇਸ ਨਿਰਾਦਰੀ ਤੋਂ ਬਚਾਣ ਲਈ ਫ਼ਰਿਆਦ ਕੀਤੀ। ਪ੍ਰੰਤੂ, ਜਦ ਅਕਬਰ ਦੀ ਗੁਰੂ ਸਾਹਿਬ ਨਾਲ ਮੁਲਾਕਾਤ ਹੋਈ ਤਾਂ ਉਨ੍ਹਾਂ ਨੇ ਅਕਬਰ ਨੂੰ ਇਨ੍ਹਾਂ ਰਸਮਾਂ ਖ਼ਾਸ ਕਰਕੇ 'ਸਤੀ' ਜੋ ਹੱਦ ਦਰਜੇ ਦੀ ਧੱਕੇ ਸ਼ਾਹੀ ਤੇ ਅਤਿਆਚਾਰ ਸੀ, ਬਾਰੇ ਵੇਰਵੇ ਸਹਿਤ ਜਾਣੂ ਕਰਵਾ ਕੇ ਉਸ ਦੀ ਇਸ ਕਦਰ ਤਸੱਲੀ ਕਰ ਦਿੱਤੀ ਕਿ ਉਸ ਨੇ ਖ਼ੁਦ ਸਤੀ ਦੀ ਰਸਮ ਨੂੰ ਬੰਦ ਕਰਨ ਦਾ ਹੁਕਮ ਦਿੱਤਾ।

ਔਰਤ ਨੂੰ ਨਿਘਰੀ ਹੋਈ ਹਾਲਤ ਵਿਚੋਂ ਉਠਾ ਕੇ ਉਸ ਨੂੰ ਮਰਦਾਂ ਦੇ ਬਰਾਬਰ ਦਰਜਾ ਦੇਣ ਲਈ ਗੁਰੂ ਅਮਰਦਾਸ ਜੀ ਨੇ ਦੋ ਹੋਰ ਮਹੱਤਵਪੂਰਨ ਕਾਰਜ ਕੀਤੇ। ਜਦ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਬਾਈ ਮੰਜੀਆਂ ਸਥਾਪਤ ਕੀਤੀਆਂ ਤਾਂ ਇਨ੍ਹਾਂ ਵਿਚੋਂ ਤਿੰਨ ਮੰਜੀਆਂ ਦੀ ਜ਼ੁੰਮੇਵਾਰੀ ਇਸਤਰੀਆਂ ਨੂੰ ਸੌਂਪੀ:

1· ਤਹਿਸੀਲ ਚੂਨੀਆਂ (ਜ਼ਿਲ੍ਹਾ ਲਾਹੌਰ) ਵਿਚ ਪ੍ਰਚਾਰ ਕਰਨ ਲਈ ਮੱਥੋ ਮੁਰਾਰੀ

2· ਕਾਬਲ ਵਿਚ ਪ੍ਰਚਾਰ ਕਰਨ ਲਈ ਮਾਈ ਸੇਵਾਂ ਅਤੇ

3· ਕਸ਼ਮੀਰ ਵਿਚ ਸਿੱਖੀ ਪ੍ਰਚਾਰ ਲਈ ਬੀਬੀ ਭਾਗੋ (ਭਾਗ ਭਰੀ) ਨੂੰ ਆਦਮੀ ਵਾਂਗ ਮੰਜੀਆਂ ਸੌਂਪ ਕੇ ਸਿੱਖੀ ਦੇ ਪ੍ਰਚਾਰ ਦੀਆਂ ਮੁਖੀ ਥਾਪ ਦਿੱਤਾ।

ਹੁਣ ਤਕ ਹਿੰਦੁਸਤਾਨ ਵਿਚ ਧਰਮ ਤੇ ਖਾਸ ਕਰਕੇ ਧਰਮ ਪ੍ਰਚਾਰ ਕੇਵਲ ਆਦਮੀਆਂ ਦੀ ਮਲਕੀਅਤ, ਉਨ੍ਹਾਂ ਦੀ ਜ਼ਿੰਮੇਵਾਰੀ ਤੇ ਉਨ੍ਹਾਂ ਦਾ ਹੀ ਕਿੱਤਾ ਰਿਹਾ ਸੀ। ਕਿਹਾ ਜਾਂਦਾ ਸੀ ਕਿ ਔਰਤ ਦੀ ਨਾ ਕੋਈ ਜਾਤ ਹੈ ਨਾ ਧਰਮ। ਜਿਸ ਨਾਲ ਵਿਆਹੀ ਗਈ ਉਸ ਦਾ ਧਰਮ ਹੀ ਔਰਤ

SikhBookClub.com

ਦਾ ਧਰਮ ਹੁੰਦਾ ਹੈ। ਪ੍ਰੰਤੂ, ਗੁਰੂ ਸਾਹਿਬ ਨੇ ਔਰਤਾਂ ਨੂੰ ਆਪਣੇ ਆਪਣੇ ਇਲਾਕੇ ਵਿਚ ਧਰਮ ਪ੍ਰਚਾਰ ਦੀਆਂ ਮੁਖੀ ਬਣਾ ਕੇ ਇਕ ਨਵੀਂ ਪ੍ਰਥਾ ਕਾਇਮ ਕੀਤੀ, ਜਿਸ ਨਾਲ ਇਸਤਰੀਆਂ ਵਿਚ ਨਾ ਕੇਵਲ ਸਵੈ-ਵਿਸ਼ਵਾਸ ਕਾਇਮ ਹੋ ਸਕਦਾ ਸੀ, ਸਗੋਂ ਉਨ੍ਹਾਂ ਵਿਚ ਆਗੂ ਹੋਣ ਦੀ ਸਮਰੱਥਾ ਪੈਦਾ ਹੋਣ ਲੱਗੀ।

ਦੂਸਰਾ ਮਹੱਤਵਪੂਰਨ ਕਦਮ ਸੀ, ਅੰਮ੍ਰਿਤਸਰ ਦੀ ਉਸਾਰੀ ਲਈ ਜ਼ਮੀਨ ਦਾ ਆਪਣੀ ਬੇਟੀ ਬੀਬੀ ਭਾਨੀ ਦੇ ਨਾਮ ਉੱਤੇ ਖਰੀਦਣਾ। ਹੁਣ ਤਕ ਔਰਤ ਆਪ ਆਦਮੀ ਦੀ ਮਾਲਕੀਅਤ ਤੇ ਜਾਇਦਾਦ ਸਮਝੀ ਜਾਂਦੀ ਸੀ। ਇਸ ਲਈ ਉਹ ਖ਼ੁਦ ਕਿਸੇ ਜ਼ਮੀਨ ਜਾਂ ਜਾਇਦਾਦ ਦੀ ਮਾਲਕ ਨਹੀਂ ਸੀ ਹੋ ਸਕਦੀ। ਉਸ ਦੀ ਤਾਂ ਹਰ ਚੀਜ਼ ਆਪਣੇ ਆਪ ਉਸ ਆਦਮੀ ਦੀ ਮਲਕੀਅਤ ਬਣ ਜਾਂਦੀ ਸੀ, ਜੋ ਵਿਆਹ ਕਰ ਕੇ ਉਸ ਦਾ ਮਾਲਕ-ਖਾਵੰਦ ਬਣ ਜਾਵੇ (ਯਾਦ ਰਹੇ ਖਾਵੰਦ, ਖਸਮ, ਮਾਲਕ ਤੇ ਹਸਬੈਂਡ ਦੇ ਇਕੋ ਹੀ ਅਰਥ ਹਨ ਤੇ ਇਹ ਸ਼ਬਦ ਆਪਣੇ ਆਪ ਵਿਚ ਔਰਤ ਦੀ ਮਰਦ ਪ੍ਰਤੀ ਗ਼ੁਲਾਮੀ ਦੇ ਸੂਚਕ ਹਨ)। ਜਿਵੇਂ ਗ਼ੁਲਾਮ ਦੀ ਕੋਈ ਜਾਇਦਾਦ ਜਾਂ ਮਲਕੀਅਤ ਨਹੀਂ ਹੋ ਸਕਦੀ, ਇਸੇ ਤਰ੍ਹਾਂ ਔਰਤ ਦੀ ਵੀ ਕੋਈ ਮਲਕੀਅਤ ਨਹੀਂ ਸੀ ਹੋ ਸਕਦੀ। ਇਸੇ ਲਈ ਕਦੀ ਵੀ ਕੋਈ ਜ਼ਮੀਨ ਔਰਤ ਦੇ ਨਾਮ ਉੱਤੇ ਨਹੀਂ ਸੀ ਹੁੰਦੀ। ਪ੍ਰੰਤੂ ਬੀਬੀ ਭਾਨੀ ਦੇ ਨਾਮ ਉੱਤੇ ਅੰਮ੍ਰਿਤਸਰ ਦੀ ਜ਼ਮੀਨ ਖ਼ਰੀਦ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਔਰਤ ਨੂੰ ਜਾਇਦਾਦ ਦੀ ਮਾਲਕ ਬਣਨ ਦੀ ਮਿਸਾਲ ਕਾਇਮ ਕਰ ਦਿੱਤੀ। ਇਸੇ ਤਰ੍ਹਾਂ ਬਾਅਦ ਵਿਚ ਅਨੰਦਪੁਰ ਦੀ ਉਸਾਰੀ ਲਈ ਜ਼ਮੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਮਾਤਾ ਨਾਨਕੀ ਦੇ ਨਾਮ ਉੱਤੇ ਖਰੀਦੀ ਸੀ।

ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਅਮਲੀ ਰੂਪ ਦੇ ਕੇ ਇਸ ਨੂੰ ਆਦਮੀ ਦੀ ਮਲਕੀਅਤ ਤੇ ਗ਼ੁਲਾਮੀ ਤੋਂ ਕੱਢਣ ਲਈ ਭਰਪੂਰ ਉਪਰਾਲਾ ਕੀਤਾ। ਇਹ ਇਸੇ ਉਪਰਾਲੇ ਦਾ ਹੀ ਨਤੀਜਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਵੀ ਅਬਲਾ ਔਰਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ, ਮਾਈ ਭਾਗੋ ਦੇ ਰੂਪ ਵਿਚ ਮੁਗ਼ਲ ਸੈਨਾ ਲਈ ਇਕ ਸ਼ਕਤੀਸ਼ਾਲੀ ਔਰਤ ਸਾਬਤ ਹੋਈ, ਜਿਸ ਨੇ ਮੁਕਤਸਰ ਦੇ ਰਣ-ਖੇਤਰ ਵਿਚ ਮੁਗ਼ਲ ਸੈਨਾ ਦੇ ਛਕੇ ਛੁਡਾ ਦਿੱਤੇ।

(5/1983)

SikhBookClub.com

ਭਾਈ ਗੁਰਦਾਸ ਜੀ ਦੇ ਬੌਧਿਕ ਵਿਕਾਸ ਵਿਚ
ਸ੍ਰੀ ਗੁਰੂ ਅਮਰਦਾਸ ਜੀ ਦਾ ਯੋਗਦਾਨ

ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ-ਕਾਲ ਨਾਲ ਭਾਈ ਗੁਰਦਾਸ ਜੀ ਦਾ ਸਬੰਧ ਬਹੁਤ ਗਹਿਰਾ ਹੈ। ਪਰਿਵਾਰਕ ਰਿਸ਼ਤੇਦਾਰੀ ਅਨੁਸਾਰ ਭਾਈ ਗੁਰਦਾਸ, ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ, ਸ੍ਰੀ ਗੁਰੂ ਰਾਮਦਾਸ ਜੀ ਦੇ ਮਹਿਲ ਬੀਬੀ ਭਾਨੀ ਜੀ ਦੇ ਚਚੇਰੇ ਭਾਈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ ਪਰ ਇਨ੍ਹਾਂ ਸੰਸਾਰਕ ਰਿਸ਼ਤਿਆਂ ਤੋਂ ਉਚੇਰਾ ਤੇ ਸੱਚਾ ਰਿਸ਼ਤਾ ਗੁਰ-ਪਰਿਵਾਰ ਨਾਲ ਗੁਰਸਿੱਖੀ ਦਾ ਪਵਿੱਤਰ ਰਿਸ਼ਤਾ ਸੀ। ਭਾਈ ਗੁਰਦਾਸ ਜੀ ਅਜੇ ਤਿੰਨ ਕੁ ਵਰ੍ਹਿਆਂ ਦੇ ਹੋਏ ਸਨ ਕਿ ਉਨ੍ਹਾਂ ਦੇ ਪਿਤਾ ਜੀ ਚਲਾਣਾ ਕਰ ਗਏ।[1] ਅਤੇ ਬਾਰਾਂ ਸਾਲ ਦੀ ਉਮਰ ਵਿਚ ਮਾਤਾ ਜੀ ਦਾ ਦੇਹਾਂਤ ਹੋ ਗਿਆ।[2] ਇਸ ਤਰ੍ਹਾਂ ਭਾਈ ਸਾਹਿਬ ਦਾ ਬਚਪਨ ਮੁੱਢ ਤੋਂ ਹੀ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਹੇਠ ਬੀਤਿਆ।

ਜਦ ਭਾਈ ਗੁਰਦਾਸ ਜੀ ਨੇ ਸੁਰਤ ਸੰਭਾਲੀ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਵੰਸ਼ ਦੇ ਹੋਰਨਾਂ ਬਾਲਕਾਂ ਨਾਲ ਹੀ ਪਾਠਸ਼ਾਲਾ ਪੜ੍ਹਨੇ ਪਾਇਆ ਜਿਥੇ ਟਾਕਰੇ, ਦੇਵਨਾਗਰੀ, ਗੁਰਮੁਖੀ ਆਦਿ ਅੱਖਰਾਂ ਦੀ ਜਾਣ-ਪਛਾਣ ਕਰਾਈ ਗਈ ਅਤੇ ਫਿਰ ਸੰਸਕ੍ਰਿਤ, ਪ੍ਰਾਕਿਰਤ ਵੀ ਪੜ੍ਹਾਈ ਗਈ।[3] ਉਸ ਸਮੇਂ ਗੋਇੰਦਵਾਲ ਵਿਖੇ ਹੀ ਵਿਦਿਆ ਦੀਆਂ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਸਨ ਕਿਉਂਕਿ ਉਨੀਂ ਦਿਨੀਂ ਗੋਇੰਦਵਾਲ ਤਾਂ ਵਿਦਿਆ ਦਾ ਕੇਂਦਰ ਸੀ ਅਤੇ ਸੰਸਕ੍ਰਿਤ ਦੇ ਧੁਰੰਤਰ ਵਿਦਵਾਨ ਤੇ ਫ਼ਾਰਸੀ ਦੇ ਆਲਮ ਫ਼ਾਜ਼ਲ ਉਥੇ ਮੌਜੂਦ ਸਨ।[4] ਸ੍ਰੀ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਭਾਈ ਗੁਰਦਾਸ ਜੀ ਨੇ ਰਹਿ ਕੇ ਕਾਫ਼ੀ ਵਿਦਿਆ ਪ੍ਰਾਪਤ ਕਰ ਲਈ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਚੰਗਾ ਵਿਕਾਸ ਹੋ ਚੁੱਕਾ ਸੀ।

ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ 'ਛੋਟੀ ਉਮਰ ਵਿਚ ਹੀ ਗੁਰਮੁਖੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਦੀ ਪੜ੍ਹਾਈ ਤੋਂ ਇਲਾਵਾ ਉਨ੍ਹਾਂ ਨੂੰ ਸ਼ਾਸਤਰਾਂ, ਉਪਨਿਸ਼ਦਾਂ ਪੁਰਾਣਾਂ ਦਾ ਵੀ ਚੋਖਾ ਗਿਆਨ ਹੋ ਗਿਆ ਸੀ।[5]

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਗੁਰਦਾਸ ਜੀ ਲਈ ਵਧੀਆ ਤੋਂ ਵਧੀਆ ਪ੍ਰਬੰਧ ਕੀਤਾ। 'ਭਾਈ ਗੁਰਦਾਸ ਜੀ ਗੋਇੰਦਵਾਲ ਵੀ ਵਿਦਿਆ ਪ੍ਰਾਪਤ ਕਰਦੇ ਸਨ ਅਤੇ ਕਾਸ਼ੀ ਵੀ ਚਲੇ ਜਾਂਦੇ ਸਨ। ਚੋਟੀ ਦੇ ਵਿਦਵਾਨ ਕੇਸ਼ੋ ਗੁਪਾਲ ਪੰਡਿਤ ਨੇ (ਜਿਸ ਦੇ ਵਿਚਾਰ ਗੁਰਸਿਖੀ ਵਾਲੇ ਹੋ ਚੁੱਕੇ ਸਨ) ਆਪ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਕਾਫ਼ੀ ਸਮਾਂ ਦਿੱਤਾ। ਆਪ ਦੀ ਬੁਧ ਉਜਲ ਸੀ, ਇਸ ਲਈ ਸੰਸਕ੍ਰਿਤ ਵਿਦਿਆ ਬਹੁਤ ਹੀ ਜਲਦੀ ਗ੍ਰਹਿਣ ਕੀਤੀ।[6] ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ-ਭਾਲ ਹੇਠ ਭਾਈ ਗੁਰਦਾਸ ਜੀ ਨੇ ਅਰਬੀ ਤੇ ਫ਼ਾਰਸੀ ਦਾ ਗਿਆਨ ਵੀ ਹਾਸਲ ਕੀਤਾ। ਉਸ

SikhBookClub.com

ਵਕਤ ਗੋਇੰਦਵਾਲ ਦੇ ਨੇੜੇ ਹੀ ਬਿਆਸ ਨਦੀਉਂ ਪਾਰ ਸੁਲਤਾਨਪੁਰ ਲੋਧੀ ਵਿਚ ਇਸਲਾਮੀ ਯੂਨੀਵਰਸਿਟੀ ਭੀ ਕਾਇਮ ਸੀ, ਜਿਸ ਵਿਚ ਬਾਦਸ਼ਾਹਜ਼ਾਦੇ, ਖ਼ਾਨਜ਼ਾਦੇ ਤੇ ਹੋਰ ਸਾਹਿਬਜ਼ਾਦੇ ਵੀ ਉੱਚੀ ਵਿਦਿਆ ਪ੍ਰਾਪਤ ਕਰ ਰਹੇ ਸਨ। ਸ਼ਾਹ ਜਹਾਨ ਬਾਦਸ਼ਾਹ ਦੇ ਪੁੱਤਰ-ਪੋਤਰੇ ਇਸੇ ਯੂਨੀਵਰਸਿਟੀ ਵਿਚ ਸੁਸ਼ਿਖਤ ਹੋਏ ਸਨ। ਹੋ ਸਕਦਾ ਹੈ ਕਿ ਸੰਮਤ 1622 ਬਿ. (1565 ਈ.) ਤਕ ਭਾਈ ਗੁਰਦਾਸ ਜੀ ਨੇ ਅਰਬੀ ਫ਼ਾਰਸੀ ਇਸੇ ਯੂਨੀਵਰਸਿਟੀ ਵਿਚ ਸਿੱਖੀ ਹੋਵੇ ਤੇ ਇਸਲਾਮ ਸੰਬੰਧੀ ਮੁੱਢਲੀ ਵਾਕਫ਼ੀਅਤ ਹਾਸਲ ਕੀਤੀ ਹੋਵੇ।[7]

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਗੋਇੰਦਵਾਲ, ਕਾਸ਼ੀ, ਸੁਲਤਾਨਪੁਰ ਲੋਧੀ ਆਦਿ ਥਾਵਾਂ ਤੋਂ ਟਾਕਰੇ, ਦੇਵਨਾਗਰੀ, ਗੁਰਮੁਖੀ, ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦੀ ਪੜ੍ਹਾਈ ਤੋਂ ਇਲਾਵਾ ਸ਼ਾਸਤਰਾਂ, ਉਪਨਿਸ਼ਦਾਂ, ਪੁਰਾਣਾਂ ਤੇ ਇਸਲਾਮ ਸਬੰਧੀ ਗਿਆਨ ਪ੍ਰਾਪਤ ਕਰਨ ਦਾ ਭਰਪੂਰ ਅਵਸਰ ਪ੍ਰਦਾਨ ਕੀਤਾ।

ਜਦ ਭਾਈ ਗੁਰਦਾਸ ਜੀ ਕੁਝ ਵੱਡੇ ਹੋਏ ਤਾਂ ਉਚੇਰੀ ਸੂਝ-ਬੂਝ ਕਾਰਨ ਗੁਰੂ ਘਰ ਦੇ ਕਾਰ-ਵਿਹਾਰ ਵਿਚ ਉਨ੍ਹਾਂ ਦੀ ਰਾਇ ਲਈ ਜਾਣ ਲੱਗੀ ਅਤੇ ਜ਼ਿੰਮੇਵਾਰੀ ਦੇ ਕੰਮ-ਕਾਜ ਉਨ੍ਹਾਂ ਨੂੰ ਸੌਂਪੇ ਜਾਣ ਲੱਗੇ। ਰਾਮਦਾਸਪੁਰ ਦੀ ਨੀਂਹ ਰੱਖੀ ਗਈ ਤਾਂ ਗੁਰੂ ਜੀ ਦੇ ਮਹਿਲਾਂ ਦੇ ਦੁਆਲੇ 52 ਜਾਤਾਂ ਦੇ ਲੋਕਾਂ ਨੂੰ ਵਸਾਉਣ ਵਾਲੇ ਗੁਰਸਿੱਖਾਂ, ਭਾਈ ਸਾਲੋ, ਰੂਪ ਰਾਮ, ਗੁਰੀਆ ਆਦਿ ਵਿਚ ਭਾਈ ਗੁਰਦਾਸ ਜੀ ਵੀ ਸ਼ਾਮਲ ਸਨ।[8] ਇਸ ਤਰ੍ਹਾਂ ਗੁਰੂ ਕੀ ਨਗਰੀ ਦਾ ਮੁੱਢ ਬੰਨ੍ਹਣ ਵਿਚ ਭਾਈ ਗੁਰਦਾਸ ਜੀ ਨੇ ਮਹੱਤਵਪੂਰਨ ਹਿੱਸਾ ਪਾਇਆ। ਉਸ ਸਮੇਂ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਚੋਣਵੇਂ ਸਿੱਖਾਂ ਵਿਚੋਂ ਸਨ।[9]

ਭਾਈ ਗੁਰਦਾਸ ਜੀ ਨੇ ਗੁਰੂ ਘਰ ਦੇ ਹਰ ਕੰਮ ਵਿਚ ਗਹਿਰੀ ਦਿਲਚਸਪੀ ਲਈ ਅਤੇ ਜੋ ਕੰਮ ਵੀ ਉਨ੍ਹਾਂ ਨੂੰ ਸੌਂਪਿਆ ਗਿਆ, ਪੂਰੀ ਤਨਦੇਹੀ ਨਾਲ ਸੰਪੰਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਵਿਚ ਬਾਉਲੀ ਦੀ ਸੇਵਾ ਆਰੰਭ ਕਰਵਾਈ ਤਾਂ ਉਸ ਵਿਚ ਭਾਈ ਸਾਹਿਬ ਨੇ ਕਾਫ਼ੀ ਭਾਗ ਲਿਆ। ਇਥੇ ਕੰਮ ਕਰਦਿਆਂ ਉਨ੍ਹਾਂ ਦਾ ਭਾਈ ਜੇਠਾ ਜੀ ਨਾਲ ਡੂੰਘਾ ਮੇਲ ਜੋਲ ਹੋਇਆ।[10]

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਗੁਰਦਾਸ ਜੀ ਧਰਮ ਪ੍ਰਚਾਰ ਲਈ ਵੀ ਅਨੇਕਾਂ ਥਾਵਾਂ 'ਤੇ ਗਏ। ਭਾਈ ਵੀਰ ਸਿੰਘ ਦਾ ਕਥਨ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਫੈਜ਼ ਨਾਲ ਕ੍ਰਿਤ ਕ੍ਰਿਤ ਹੋ ਗਏ ਸੀ ਤੇ ਚੰਬੇ, ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਭੀ ਗਏ ਜਿਵੇਂ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਦੂਜੇ ਭਤੀਜੇ ਸਾਵਣ ਮਲ ਜੀ ਹਰੀਪੁਰੇ ਦੇ ਰਾਜੇ ਪਾਸੇ ਗਏ ਸਨ।[11]

ਕਰਤਾਰ ਸਿੰਘ ਦਾ ਕਥਨ ਵੀ ਇਸ ਤਥ ਦੀ·ਪੁਸ਼ਟੀ ਕਰਦਾ ਹੈ ਕਿ ਭਾਈ ਸਾਹਿਬ ਚੰਬੇ ਜੰਮੂ ਆਦਿ ਪਹਾੜੀ ਇਲਾਕਿਆਂ ਵਿਚ ਗੁਰਸਿਖੀ ਦੇ ਪ੍ਰਚਾਰ ਲਈ ਘੱਲੇ ਗਏ।[12]

ਕਰਤਾਰ ਸਿੰਘ ਪੈਂਨਸਨਰ ਅਨੁਸਾਰ ਜਦ ਭਾਈ ਗੁਰਦਾਸ ਜੀ ਬਨਾਰਸ ਤੋਂ ਵਿਦਿਆ ਪ੍ਰਾਪਤ ਕਰਕੇ ਆਏ ਤਾਂ ਉਨ੍ਹਾਂ ਨੂੰ ਪ੍ਰਚਾਰ ਲਈ ਸੰਮਤ 1629 ਬਿਕਰਮੀ ਵਿਚ ਜੰਮੂ ਵਲ ਘਲਿਆ ਗਿਆ।[13] ਸ੍ਰੀ ਗੁਰੂ ਅਮਰਦਾਸ ਜੀ ਦੀ ਅਗਵਾਈ ਹੇਠ ਭਾਈ ਗੁਰਦਾਸ ਜੀ ਨੇ ਧਰਮ ਪ੍ਰਚਾਰ ਦਾ ਕਾਰਜ ਬੜੇ ਵਿਆਪਕ ਰੂਪ ਵਿਚ ਕੀਤਾ। ਉਨ੍ਹਾਂ ਨੇ ਇਸ ਰੌਸ਼ਨੀ ਦੀਆਂ ਕਿਰਨਾਂ ਨੂੰ ਚੌਂਹ

SikhBookClub.com

ਕੁੰਟਾਂ ਵਿਚ ਫੈਲਾਅ ਦਿੱਤਾ। ਅਕਬਰ ਵੀ ਭਾਈ ਗੁਰਦਾਸ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਇਆ।

ਸਰਦੂਲ ਸਿੰਘ ਦੇ ਕਥਨ ਅਨੁਸਾਰ: "ਬਾਦਸ਼ਾਹ ਅਕਬਰ ਸ੍ਰੀ ਗੁਰੂ ਅਮਰਦਾਸ ਜੀ ਦਾ ਸ਼ਰਧਾਲੂ ਸਿੱਖ ਸੀ। ਭਾਈ ਸਾਹਿਬ ਨਾਲ ਉਸ ਦਾ ਬੜਾ ਹੀ ਪਿਆਰ ਸੀ। ਆਪਣੀ ਕਥਨੀ ਜਾਂ ਰਚਨਾ ਉਸ ਲਈ ਇਕ ਮੁਅਜ਼ਜ਼ਾ ਸੀ। ਉਹ ਕਈ ਕਈ ਦਿਨਾਂ ਲਈ ਉਨ੍ਹਾਂ ਨੂੰ ਆਪਣੇ ਦਰਬਾਰ ਦਿੱਲੀ ਜਾਂ ਆਗਰੇ ਵਿਚ ਸਤਿਗੁਰੂ ਜੀ ਕੋਲੋਂ ਮੰਗਵਾ ਲਿਆ ਕਰਦਾ ਸੀ। ਬਾਦਸ਼ਾਹ ਉੱਤੇ ਭਾਈ ਗੁਰਦਾਸ ਜੀ ਅਤੇ ਸਤਿਗੁਰੂ ਜੀ ਦਾ ਪ੍ਰਭਾਵ ਸੀ। ਅਕਬਰ ਵਿਦਵਾਨਾਂ ਦਾ ਕਦਰਦਾਨ ਸੀ। ਵਿਦਵਾਨਾਂ ਦੇ ਮੇਲ-ਮਿਲਾਪ ਵਿਚ ਦਿਲਚਸਪੀ ਰੱਖਦਾ ਸੀ। ਭਾਈ ਸਾਹਿਬ ਕੋਲੋਂ ਗੁਰਬਾਣੀ ਦੀ ਵਿਆਖਿਆ ਸੁਣ ਕੇ ਰਸ ਪ੍ਰਾਪਤ ਕਰਦਾ ਸੀ।"[14]

ਜਦ ਸ੍ਰੀ ਗੁਰੂ ਅਮਰਦਾਸ ਜੀ 1631 ਬਿਕਰਮੀ (1574 ਈ.) ਵਿਚ ਜੋਤੀ ਜੋਤ ਸਮਾ ਗਏ ਤਾਂ ਉਸ ਸਮੇਂ ਭਾਈ ਗੁਰਦਾਸ ਜੀ ਗੁਰਸਿੱਖੀ ਦੇ ਪ੍ਰਚਾਰ ਲਈ ਬਾਹਰ ਗਏ ਹੋਏ ਸਨ। ਕਿਸ ਥਾਂ ਗਏ ਸਨ? ਇਸ ਸਬੰਧੀ ਵਿਦਵਾਨਾਂ ਦਾ ਮੱਤ ਇਕ ਨਹੀਂ।

ਭਾਈ ਵੀਰ ਸਿੰਘ ਅਨੁਸਾਰ ਇਸ ਸਮੇਂ 'ਭਾਈ ਗੁਰਦਾਸ ਜੀ ਬਾਹਰ ਗਏ ਹੋਏ ਸਨ, ਚਾਹੇ ਪ੍ਰਚਾਰ ਲਈ ਜੰਮੂ ਵਲ ਤੇ ਚਾਹੇ ਕਿਸੇ ਹੋਰ ਥਾਂ ਕਿਸੇ ਹੋਰ ਕੰਮ।'[15]

ਸਰਦੂਲ ਸਿੰਘ ਦੇ ਕਥਨ ਅਨੁਸਾਰ ਉਸ ਸਮੇਂ ਭਾਈ ਗੁਰਦਾਸ ਆਗਰੇ ਸਨ, ਪਤਾ ਤਾਂ ਲੱਗ ਗਿਆ ਸੀ ਪਰ ਆਗਰਿਉਂ ਗੋਇੰਦਵਾਲ ਤਕ ਪਹੁੰਚਦਿਆਂ ਦੇਰ ਲੱਗ ਗਈ ਸੀ।[16]

ਭਾਈ ਰਣਧੀਰ ਸਿੰਘ ਜੀ ਦੇ ਵਿਚਾਰ ਅਨੁਸਾਰ 'ਸੰਮਤ 1631 ਭਾਦੋਂ (ਅਗਸਤ 1574 ਈ.) ਵਿਚ ਜਦੋਂ ਤੀਜੇ ਪਾਤਸ਼ਾਹ "ਗੁਰੂ ਅਮਰਿ ਅਮਰ ਵਰਤਾਇਓ" ਦੀ ਖੇਡ ਖੇਡੀ ਗਈ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਗੁਰਗੱਦੀ ਬਿਰਾਜ ਕੇ 'ਅਟਲ ਅਮਰ ਪਦ ਪਾਇਓ' ਤਦੋਂ ਭਾਈ ਗੁਰਦਾਸ ਜੀ ਆਪਣੇ ਤਾਇਆ ਸਾਹਿਬ ਗੁਰੂ ਅਮਰਦਾਸ ਜੀ ਦੀ ਪਰਚਾਉਣੀ, ਅਰੁ ਜੀਜਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਪਾਉਣ ਦੀ ਵਧਾਈ ਦੇਣ ਵਾਸਤੇ ਆਗਰਿਓਂ ਗੋਇੰਦਵਾਲ ਆਏ।'[17]

ਇਸ ਸੰਖੇਪ ਜਿਹੇ ਅਧਿਐਨ ਤੋਂ ਸਾਨੂੰ ਇਸ ਗੱਲ ਦਾ ਬੋਧ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਦਾ ਬਚਪਨ ਸ੍ਰੀ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਹੇਠ ਬੀਤਿਆ। ਗੁਰੂ ਜੀ ਨੇ ਭਾਈ ਸਾਹਿਬ ਨੂੰ ਉਚੇਰੀ ਵਿਦਿਆ ਪ੍ਰਾਪਤ ਕਰਨ ਦਾ ਹਰ ਸੰਭਵ ਅਵਸਰ ਪ੍ਰਦਾਨ ਕੀਤਾ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਅਗਵਾਈ ਪ੍ਰਾਪਤ ਕਰਕੇ ਗੁਰੂ ਘਰ ਦੇ ਉਸਾਰੀ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਕਈ ਥਾਵਾਂ ਦੀ ਯਾਤਰਾ ਕੀਤੀ। ਇਸ ਤਰ੍ਹਾਂ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਮਹਾਂਕਵੀ ਭਾਈ ਗੁਰਦਾਸ ਜੀ ਦੇ ਬੌਧਿਕ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਯੋਗਦਾਨ ਬੜਾ ਮਹੱਤਵਪੂਰਨ ਹੈ। ਗੁਰੂ ਸਾਹਿਬ ਤੋਂ ਰਹਿਨੁਮਾਈ ਪ੍ਰਾਪਤ ਕਰਕੇ ਹੀ ਭਾਈ ਗੁਰਦਾਸ ਜੀ ਗੁਰਸਿੱਖੀ ਦੇ ਪ੍ਰਚਾਰ ਤੇ ਗੁਰਬਾਣੀ ਦੀ ਵਿਆਖਿਆ ਕਰਨ ਦੇ ਸਮਰਥ ਹੋ ਸਕੇ।

SikhBookClub.com

ਹਵਾਲੇ ਅਤੇ ਟਿੱਪਣੀਆਂ

1. ਸਰਦੂਲ ਸਿੰਘ, **ਭਾਈ ਗੁਰਦਾਸ**, ਪੰਨਾ 6.
2. ਉਹੀ।
3. ਭਾਈ ਰਣਧੀਰ ਸਿੰਘ, ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ, **ਭਾਈ ਗੁਰਦਾਸ**, ਭਾਸ਼ਾ ਵਿਭਾਗ, ਪੰਜਾਬ, ਪੰਨਾ 2.
4. ਸਰਦੂਲ ਸਿੰਘ, **ਭਾਈ ਗੁਰਦਾਸ**, ਪੰਨਾ 6.
5. **ਕਬਿੱਤ ਭਾਈ ਗੁਰਦਾਸ,** ਦੂਸਰਾ ਸਕੰਧ, ਪੰਨਾ 27.
6. ਸਰਦੂਲ ਸਿੰਘ, **ਭਾਈ ਗੁਰਦਾਸ**, ਪੰਨਾ 7.
7. ਭਾਈ ਰਣਧੀਰ ਸਿੰਘ, ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ, **ਭਾਈ ਗੁਰਦਾਸ**, ਭਾਸ਼ਾ ਵਿਭਾਗ, ਪੰਜਾਬ, ਪੰਨਾ 2.
8. **ਤਵਾਰੀਖ ਗੁਰੂ ਖਾਲਸਾ**, ਹਿੱਸਾ ਪਹਿਲਾ, ਪੰਨਾ 343-44.
9. ਭਾਈ ਵੀਰ ਸਿੰਘ, **ਕਬਿਤ ਭਾਈ ਗੁਰਦਾਸ**, ਦੂਸਰਾ ਸਕੰਧ, ਪੰਨਾ 29.
10. ਰਾਜਿੰਦਰ ਕੌਰ, **ਭਾਈ ਗੁਰਦਾਸ ਦੀਆਂ ਵਾਰਾਂ—ਇਕ ਸਾਹਿਤਕ ਅਧਿਐਨ**, ਪੰਨਾ 20.
11. **ਕਬਿੱਤ ਭਾਈ ਗੁਰਦਾਸ**, ਦੂਸਰਾ ਸਕੰਧ, ਪੰਨਾ 28.
12. **ਸਿੱਖ ਇਤਿਹਾਸ**, ਭਾਗ ਦੂਜਾ, ਪੰਨਾ 16.
13. **ਵਾਰਾਂ ਭਾਈ ਗੁਰਦਾਸ ਜੀ ਦਾ ਤੁਕ-ਤਤਕਰਾ**, ਪੰਨਾ 3.
14. **ਭਾਈ ਗੁਰਦਾਸ**, ਪੰਨੇ 8-9.
15. **ਕਬਿੱਤ ਭਾਈ ਗੁਰਦਾਸ**, ਦੂਸਰਾ ਸਕੰਧ, ਪੰਨਾ 30.
16. **ਭਾਈ ਗੁਰਦਾਸ**, ਪੰਨਾ 2.
17. ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ, **ਭਾਈ ਗੁਰਦਾਸ**, ਭਾਸ਼ਾ ਵਿਭਾਗ, ਪੰਜਾਬ, ਪੰਨਾ 3.

(5/1979)

SikhBookClub.com

ਸਿੱਖ ਸਿਆਸਤ ਦਾ ਵਿਕਾਸ

ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ

ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੂੰ ਸਿਆਸਤ ਦਾ ਜੋ ਵਿਰਸਾ ਗੁਰੂ ਨਾਨਕ ਦੇਵ ਜੀ ਤੋਂ ਮਿਲਿਆ, ਉਸ ਦੀ ਵਿਸ਼ੇਸ਼ਤਾ ਉਸ ਦੇ ਦੋ ਗੁਣਾਂ ਕਾਰਨ ਸੀ। ਇਕ ਇਹ ਕਿ ਸੱਤਾਧਾਰੀ ਵਿਅਕਤੀ ਨੂੰ ਆਪਣੀ ਰਾਜਸੀ ਜ਼ਿੰਮੇਵਾਰੀ ਦਾ ਅਹਿਸਾਸ ਹੋਵੇ ਅਤੇ ਪਰਜਾ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਗਿਆਂ ਉਸ ਦੇ ਮਨ ਵਿਚ ਹਮੇਸ਼ਾ ਰੱਬ ਦਾ ਖੌਫ਼ ਹੋਵੇ। ਸੱਤਾਧਾਰੀ ਵਿਅਕਤੀ ਕੌਣ ਹੋ ਸਕਦਾ ਹੈ? ਕੀ ਇਹ ਗਣਤੰਤਰ ਰਾਹੀਂ ਚੁਣਿਆ ਜਾਏ ਜਾਂ ਤਾਨਾਸ਼ਾਹੀ ਰਾਹੀਂ? ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਗੱਲਾਂ ਦੀ ਵਿਸ਼ਲੇਸ਼ਣਾ ਨਹੀਂ ਕੀਤੀ, ਕਿਉਂਕਿ ਉਹ ਰਾਜਨੀਤੀ ਸ਼ਾਸਤਰ ਉੱਤੇ ਕੁਝ ਕਹਿਣਾ ਨਹੀਂ ਸਨ ਚਾਹੁੰਦੇ। ਉਹ ਧਾਰਮਿਕ ਨੇਤਾ ਸਨ। ਉਨ੍ਹਾਂ ਦਾ ਸੰਬੰਧ ਹਰ ਉਸ ਚੀਜ਼ ਨਾਲ ਸੀ, ਜਿਸ ਦਾ ਮਨੁੱਖ ਦੇ ਜੀਵਨ ਦੀ ਪ੍ਰਗਤੀ, ਉਸ ਦੇ ਸੁਖ ਤੇ ਕਲਿਆਣ ਉੱਤੇ ਪ੍ਰਭਾਵ ਪੈਂਦਾ ਸੀ। ਉਸ ਸਮੇਂ ਰਾਜੇ ਫ਼ੌਜੀ ਸ਼ਕਤੀ ਦੁਆਰਾ ਰਾਜਸੀ ਸੱਤਾ ਪ੍ਰਾਪਤ ਕਰਦੇ ਸਨ। ਗੁਰੂ ਨਾਨਕ ਦੇਵ ਜੀ ਅਨੁਸਾਰ ਜਿਸ ਸੱਤਾਧਾਰੀ ਵਿਅਕਤੀ ਪਾਸ ਤਾਕਤ ਆਏ, ਉਸ ਨੂੰ ਹਕੂਮਤ ਕਰਨ ਦੇ ਅਵਸਰ ਮਿਲਣ। ਉਸ ਦਾ ਫ਼ਰਜ਼ ਬਣਦਾ ਹੈ ਕਿ ਉਹ ਨਿਆਇਕਾਰੀ ਸਿੱਧ ਹੋਵੇ ਅਤੇ ਉਸ ਨੂੰ ਰੱਬ ਦਾ ਖ਼ੌਫ਼ ਹੋਵੇ ਅਤੇ ਉਹ ਆਪਣੇ ਕਰਤੱਵ ਦੀ ਠੀਕ ਪਾਲਨਾ ਕਰੇ। ਅਜਿਹਾ ਵਿਅਕਤੀ ਦੈਵੀ ਅਧਿਕਾਰ ਦਾ ਧਾਰਨੀ ਨਹੀਂ ਸੀ, ਪਰ ਇਸ ਦੇ ਬਾਵਜੂਦ ਗੁਰੂ ਨਾਨਕ ਦੇਵ ਜੀ ਅਨੁਸਾਰ ਉਸ ਵਿਅਕਤੀ ਲਈ ਲਾਜ਼ਮੀ ਸੀ ਕਿ ਉਹ ਆਪਣੇ ਕਰਤੱਵ ਲਈ ਰੱਬ ਨੂੰ ਜਵਾਬ-ਦੇਹ ਹੋਵੇ।

ਇਸ ਸਿਆਸੀ ਵਿਰਸੇ ਦਾ ਦੂਜਾ ਗੁਣ ਸੀ: ਪਰਜਾ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ, ਮਨੁੱਖੀ ਭਾਈਚਾਰੇ ਵਿਚ ਅਟੱਲ ਵਿਸ਼ਵਾਸ ਅਤੇ ਰੱਬ ਦਾ ਖ਼ੌਫ਼ ਇਸ ਲਈ ਵੀ ਜ਼ਰੂਰੀ ਸੀ, ਪਰ ਵੱਡੀ ਜ਼ਰੂਰਤ ਸੀ ਕਿ ਹਰ ਮਨੁੱਖ ਦਾ ਆਚਰਣ ਨਿਹਾਇਤ ਸੁਚੱਜਾ ਤੇ ਪਵਿੱਤਰ ਹੋਵੇ ਅਤੇ ਇਸ ਦੇ ਨਾਲ ਹੀ ਉਹ ਇਤਨਾ ਦਲੇਰ ਹੋਵੇ ਕਿ ਉਹ ਆਪਣੇ ਸਮਕਾਲੀ ਹੁਕਮਰਾਨਾਂ ਦੇ ਅੱਤਿਆਚਾਰਾਂ, ਉਨ੍ਹਾਂ ਦੇ ਉਪਦ੍ਰਾਵਾਂ ਅਤੇ ਲੋਕਾਂ ਦੇ ਸਮਾਜੀ ਵਿਤਕਰਿਆਂ ਨੂੰ ਬਿਨਾਂ ਝਿਜਕ ਨੰਗਿਆਂ ਕਰ ਸਕੇ। ਇਹ ਤਾਂ ਹੋ ਸਕਦਾ ਸੀ ਜੇ ਉਸ ਵਿਚ ਰਾਜਸੀ ਗਿਆਨ ਹੋਵੇ, ਉਹ ਆਪਣੀ ਸਮਕਾਲੀ ਸਿਆਸਤ ਵਿਚ ਦਿਲਚਸਪੀ ਰੱਖਦਾ ਹੋਵੇ ਅਤੇ ਇਤਨਾ ਦਲੇਰ ਹੋਵੇ ਕਿ ਰਾਜਾ ਅਤੇ ਪਰਜਾ ਦੋਹਾਂ ਦੀ ਸਥਿਤੀ ਨੂੰ ਬਿਆਨ ਕਰਨ ਦੀ ਜੁਰਅਤ ਕਰ ਸਕਦਾ ਹੋਵੇ। ਗੁਰੂ ਨਾਨਕ ਦੇਵ ਜੀ ਦਾ ਸੰਗਤ ਤੇ ਪੰਗਤ ਉੱਤੇ ਜ਼ੋਰ ਦੇਣਾ ਉਨ੍ਹਾਂ ਦੇ ਗਣਤੰਤਰੀਏ ਵਿਚਾਰਾਂ ਦਾ ਪਤਾ ਦੇਂਦਾ ਹੈ। ਜਾਤ-ਪਾਤ ਦੇ

SikhBookClub.com

ਵਿਤਕਰਿਆਂ ਦੀ ਨਿਖੇਧੀ ਕਰਦਾ ਹੈ। ਕਿਰਤ ਕਰਨਾ ਤੇ ਵੰਡ ਛਕਣਾ ਉਨ੍ਹਾਂ ਦੇ ਆਰਥਕ ਲੁੱਟ ਖਸੁੱਟ ਵਿਰੁੱਧ ਵਿਚਾਰਾਂ ਦੀ ਤਸਵੀਰ ਪੇਸ਼ ਕਰਦਾ ਹੈ।

ਉਕਤ ਵਿਰਸਾ ਸੀ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੇ ਮੁਰਸ਼ਦ ਤੋਂ ਮਿਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ 14 ਵਰ੍ਹੇ (1539-1552) ਗੁਰਿਆਈ ਕੀਤੀ। ਇਸ ਦੌਰਾਨ ਪੰਜਾਬ ਅਤੇ ਉਤਰੀ ਭਾਰਤ ਉੱਤੇ ਸੂਰੀ ਅਫ਼ਗਾਨਾਂ ਦਾ ਰਾਜ ਸੀ। 1539 ਵਿਚ ਸ਼ੇਰ ਸ਼ਾਹ ਸੂਰੀ ਨੇ ਹਿਮਾਯੂੰ ਨੂੰ ਹਰਾਇਆ ਅਤੇ ਪੰਜਾਬ ਵਿਚ ਉਸ ਦੇ ਪਿੱਛੇ ਪਿੱਛੇ ਆਇਆ। 1545 ਵਿਚ ਸ਼ੇਰ ਸ਼ਾਹ ਕਾਲ ਵਾਸ ਹੋ ਗਿਆ ਅਤੇ 1553 ਵਿਚ ਇਸਲਾਮ ਸ਼ਾਹ ਮਰ ਗਿਆ। 1556 ਵਿਚ ਹਿਮਾਯੂੰ ਨੇ ਮੁੜ ਮੁਗ਼ਲਾਂ ਦਾ ਰਾਜ ਸਥਾਪਿਤ ਕਰ ਦਿੱਤਾ।

ਸ੍ਰੀ ਗੁਰੂ ਅੰਗਦ ਦੇਵ ਜੀ 1552 ਵਿਚ ਜੋਤੀ ਜੋਤਿ ਸਮਾ ਗਏ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਨ੍ਹਾਂ ਚੌਦਾਂ ਵਰ੍ਹਿਆਂ ਦੇ ਦੌਰਾਨ ਅਜੀਬ ਕਿਸਮ ਦੀ ਸਿਆਸੀ ਸਥਿਤੀ ਵਿਚੋਂ ਲੰਘਣਾ ਪਿਆ ਸੀ। 1539 ਵਿਚ ਜਦ ਹਿਮਾਯੂੰ ਸ਼ੇਰ ਸ਼ਾਹ ਤੋਂ ਹਾਰ ਖਾ ਕੇ ਪੰਜਾਬ ਵਿਚ ਗੁਰੂ ਅੰਗਦ ਦੇਵ ਜੀ ਤੋਂ ਅਸੀਸ ਲੈਣ ਖਡੂਰ ਸਾਹਿਬ ਪੁੱਜਾ ਤਾਂ ਗੁਰੂ ਸਾਹਿਬ ਨੇ ਨਿਹਾਇਤ ਦਲੇਰੀ ਨਾਲ ਉਸ ਨੂੰ ਰਣਭੂਮੀ ਵਿਚੋਂ ਭੱਜ ਨਿਕਲਣ ਲਈ ਕੋਸਿਆ। ਜਦ ਕਿ ਇਤਿਹਾਸ ਦੱਸਦਾ ਹੈ ਕਿ ਸ਼ੇਰ ਸ਼ਾਹ ਸੂਰੀ ਤੇ ਸਲੀਮ ਸ਼ਾਹ ਬੜੇ ਸਫਲ ਹੁਕਮਰਾਨ ਸਿੱਧ ਹੋਏ ਹਨ। ਇਤਿਹਾਸਕਾਰਾਂ ਨੇ ਤਾਂ ਸ਼ੇਰ ਸ਼ਾਹ ਸੂਰੀ ਨੂੰ ਅਕਬਰ ਦੇ ਵਡੱਪਣ ਦਾ ਮੁੱਢਲਾ ਕਾਰਨ ਦੱਸਿਆ ਹੈ। ਸ਼ੇਰ ਸ਼ਾਹ ਦੀ ਰਾਜਨੀਤੀ ਦੇ ਦੋ ਥੰਮ੍ਹ ਸਨ: ਧਰਮ ਨਿਰਪੱਖਤਾ ਤੇ ਧਾਰਮਿਕ ਸਹਿਨਸ਼ੀਲਤਾ ਇਸ ਦੇ ਨਾਲ ਨਾਲ ਰਾਜਨੀਤਕ ਯੋਗਤਾ ਵੀ ਇਨ੍ਹਾਂ ਦੋ ਅਫ਼ਗਾਨਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ।

ਜਿੱਤ ਪ੍ਰਾਪਤ ਕਰਨ ਤੇ ਰਾਜ-ਪ੍ਰਬੰਧ ਕਰ ਲੈਣ ਪਿੱਛੋਂ ਬਾਬਰ ਨੇ ਪਰਜਾ ਉੱਤੇ ਜ਼ੁਲਮ ਨਹੀਂ ਢਾਹੇ। ਦੂਜਾ ਹਿਮਾਯੂੰ ਨੇ ਭਰਾਵਾਂ ਨਾਲ ਜੋ ਸਲੂਕ ਕੀਤਾ, ਉਸ ਨਾਲ ਪਰਜਾ ਵਿਚ ਉਸ ਦੀ ਸਾਖ ਵਧੀ ਸੀ। ਤੀਜੇ 1539 ਵਿਚ ਅਜੇ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਸ਼ੇਰ ਖ਼ਾਨ ਅਫ਼ਗਾਨ ਇਬਰਾਹੀਮ ਲੋਧੀ ਦੇ ਉਲਟ ਇਕ ਯੋਗ ਤੇ ਸਫਲ ਹੁਕਮਰਾਨ ਸਿੱਧ ਹੋਵੇਗਾ। ਚੌਥੇ ਸਿੱਖ ਅਜੇ ਰਾਜ ਬਨਾਉਣ ਜਾਂ ਢਾਹੁਣ ਵਿਚ ਦਿਲਚਸਪੀ ਨਹੀਂ ਲੈ ਰਹੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਜੇ ਮਨੁੱਖ ਅੰਦਰ ਸਮਾਜੀ, ਰੂਹਾਨੀ ਤੇ ਰਾਜਸੀ ਜਾਗ੍ਰਿਤੀ ਪੱਕਿਆਂ ਕਰਨੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਸੀਸ ਦਾ ਭਾਵ ਇਹ ਸੀ ਕਿ ਹਿਮਾਯੂੰ ਪਰਜਾ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰੇ।

ਜਦ 1540-1545 ਤਕ ਦੇ ਦੌਰਾਨ ਸ਼ੇਰ ਸ਼ਾਹ ਸੂਰੀ ਨੇ ਇਕ ਯੋਗ ਸ਼ਾਸਕ ਹੋਣ ਦਾ ਸਬੂਤ ਦਿੱਤਾ ਤਾਂ ਇਸ ਗੱਲ ਦੇ ਬਾਵਜੂਦ ਕਿ ਉਸ ਨੂੰ ਅਤੇ ਉਸ ਦੇ ਉਤਰਾਧਿਕਾਰੀਆਂ ਨੂੰ ਪੰਜਾਬ ਦੇ ਬਾਗੀ ਕਬੀਲਿਆਂ ਵਿਰੁੱਧ ਲੜਨਾ ਪਿਆ, ਆਮ ਤੌਰ 'ਤੇ ਸ਼ੇਰ ਸ਼ਾਹ ਦਾ ਰਾਜ ਪੰਜਾਬ ਅਤੇ ਸਾਰੇ ਉੱਤਰੀ ਭਾਰਤ ਲਈ ਇਕ ਨਿਆਮਤ ਸਿੱਧ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦਾ ਕੰਮ ਹੱਥੀਂ ਲਿਆ। ਉਹ ਸਿਆਸਤ ਵਿਚ ਨਹੀਂ ਉਲਝੇ। ਕਿਉਂਕਿ ਉਸ ਕਾਲ ਵਿਚ ਹਾਲਾਤ ਸ਼ੁਰੂ ਸ਼ੁਰੂ ਵਿਚ ਉਖੜੇ ਪੁਖੜੇ ਰਹੇ, ਇਸ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਿਥੇ ਹਮਾਯੂੰ ਨੂੰ ਇਹ ਦੱਸਿਆ ਕਿ ਲੋਕਾਂ ਪ੍ਰਤੀ ਆਪਣੀ ਰਾਜਸੀ ਜ਼ਿੰਮੇਵਾਰੀਆਂ ਨੂੰ ਮਹਿਸੂਸ ਕੀਤੇ ਬਿਨਾਂ ਰਣਭੂਮੀ ਵਿਚੋਂ ਨੱਠਣਾ ਕਾਇਰਤਾ ਹੈ, ਉਥੇ ਉਨ੍ਹਾਂ ਨੇ ਇਹ ਵੀ ਮਹਿਸੂਸ

SikhBookClub.com

ਕੀਤਾ ਕਿ ਹੁਣ ਮੰਗਤੇ ਰਾਜ ਕਰਨ ਨੂੰ ਲੋਚਣਗੇ। ਮੂਰਖ ਆਪਣੇ ਆਪ ਨੂੰ ਪੰਡਤ ਕਹਿਣਗੇ। ਅੰਨ੍ਹੇ ਹੀਰੇ ਜਵਾਹਰਾਤ ਦੀ ਪਰਖ ਕਰਨ ਵਾਲੇ ਸਮਝੇ ਜਾਣਗੇ। ਦੁਰਾਚਾਰੀ ਸੰਤਾਂ ਦਾ ਬਾਣਾ ਪਾ ਲੈਣਗੇ ਤੇ ਰੂਹਾਨੀਅਤ ਦੇ ਅਲੰਬਰਦਾਰ ਸਮਝੇ ਜਾਣਗੇ। ਇਸ ਸਬੰਧੀ ਗੁਰਬਾਣੀ ਦੇ ਸ਼ਬਦ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਰਾਜਸੀ ਅਸਥਿਰਤਾ ਤੇ ਗੜਬੜ ਅਤੇ ਗ਼ੈਰ ਯਕੀਨੀ ਹਾਲਾਤ ਨੂੰ ਮਨੁੱਖ ਦੀ ਪ੍ਰਗਤੀ ਲਈ ਹਾਨੀਕਾਰਕ ਸਮਝਦੇ ਸਨ।

ਸ੍ਰੀ ਗੁਰੂ ਅਮਰਦਾਸ ਜੀ ਨੂੰ ਗੱਦੀ 'ਤੇ ਬੈਠਿਆਂ ਅਜੇ ਦੋ ਵਰ੍ਹੇ ਹੋਏ ਸਨ ਕਿ ਹਮਾਯੂੰ ਨੇ 1555 ਵਿਚ ਮੁੜ ਮੁਗ਼ਲਾਂ ਦਾ ਰਾਜ ਸਥਾਪਤ ਕਰ ਲਿਆ। ਸਿੱਖ ਰਵਾਇਤ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਹਿਮਾਯੂੰ ਨੂੰ ਸੰਦੇਸ਼ਾ ਭੇਜਿਆ ਕਿ ਆਪਣੀ ਹਕੂਮਤ ਵੱਲ ਧਿਆਨ ਦੇਵੇ ਤੇ ਗੁਰੂਆਂ ਵੱਲ ਆਉਣ ਦਾ ਯਤਨ ਨਾ ਕਰੇ। ਹਮਾਯੂੰ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀਆਂ ਅਸੀਸਾਂ ਦੇ ਸ਼ੁਕਰਾਨੇ ਵਜੋਂ ਦਰਸ਼ਨ ਕਰਨਾ ਚਾਹੁੰਦਾ ਸੀ, ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਚੇਤਾਵਨੀ ਦਿੱਤੀ ਕਿ ਬਾਦਸ਼ਾਹ ਲਈ ਵੱਡਾ ਕਰਤੱਵ ਪਰਜਾ ਪ੍ਰਤੀ ਆਪਣੇ ਕਰਤੱਵ ਨਿਭਾਉਣਾ ਹੈ, ਕੇਵਲ ਪੀਰਾਂ-ਫ਼ਕੀਰਾਂ ਦੀ ਜ਼ਿਆਰਤ ਨਾਲ ਇਹ ਕੰਮ ਨਹੀਂ ਹੋਣਾ, ਇਸ ਲਈ ਉਸ ਸਿਖਿਆ ਦੀ ਲੋੜ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤੀ।

ਹਮਾਯੂੰ ਬਹੁਤੀ ਦੇਰ ਜੀਉਂਦਾ ਨਾ ਰਿਹਾ, ਇਕ ਸਾਲ ਵਿਚ ਹੀ ਉਸ ਦੀ ਮੌਤ ਹੋ ਗਈ ਅਤੇ 1556 ਵਿਚ ਅਕਬਰ ਨੇ ਰਾਜ ਸੰਭਾਲਿਆ। ਭਾਰਤ ਦੇ ਇਤਿਹਾਸ ਵਿਚ ਅਕਬਰ ਦਾ ਨਾਂ ਸਦਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਇਸ ਨੇ ਵੀ ਧਰਮ ਨਿਰਪੱਖਤਾ, ਧਾਰਮਿਕ ਸਹਿਨਸ਼ੀਲਤਾ, ਦਿਆਲਤਾ, ਰੱਬ ਦਾ ਖ਼ੌਫ਼ ਅਤੇ ਵਿਤਕਰਾ-ਮੁਕਤ ਨੀਤੀ ਅਪਣਾਈ। ਰਾਜ ਵਲੋਂ ਧਰਮਾਂ ਵਿਚ ਦਖਲ ਦੇਣ ਦੀ ਨੀਤੀ ਖ਼ਤਮ ਹੋ ਗਈ। ਧਾਰਮਿਕ ਜ਼ੁਲਮ ਤੇ ਅਤਿਆਚਾਰ ਲਗਭਗ ਮੁੱਕ ਗਏ। ਸਗੋਂ ਲੋਧੀਆਂ ਤੇ ਉਹਨਾਂ ਦੇ ਬਜ਼ੁਰਗਾਂ ਨੇ ਜੋ ਅਤਿਆਚਾਰ ਕੀਤੇ ਸਨ, ਉਨ੍ਹਾਂ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ। ਸਿੱਖ ਧਰਮ ਨੂੰ ਉਕਤ ਨੀਤੀ ਕਾਰਨ ਰਾਜ ਵਲੋਂ ਤਾਂ ਕੋਈ ਪਰੇਸ਼ਾਨੀ ਨਾ ਹੋਈ, ਪਰ ਬ੍ਰਾਹਮਣਾਂ ਤੇ ਖੱਤਰੀਆਂ ਨੇ ਗੁਰੂ ਸਾਹਿਬ ਵਿਰੁੱਧ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਿੰਦੂਆਂ ਦੀਆਂ ਇਹ ਦੋ ਉੱਚ ਜਾਤੀਆਂ ਸਿੱਖ ਧਰਮ ਨਾਲ ਦੁਖੀ ਸਨ ਕਿਉਂਕਿ ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਵਿਤਕਰੇ ਅਮਲੀ 'ਤੌਰ 'ਤੇ ਖ਼ਤਮ ਕਰ ਦਿੱਤੇ ਸਨ। ਪੰਗਤ ਵਿਚ ਬੈਠ ਕੇ ਇਕੱਠੇ ਪ੍ਰਸ਼ਾਦ ਛਕਣ ਵਾਲੇ ਸ਼ਰਧਾਲੂ ਜਾਤ-ਪਾਤ ਵਿਚ ਵਿਸ਼ਵਾਸ ਖੋਹ ਚੁੱਕੇ ਸਨ। ਜਾਤ-ਪਾਤ ਹੀ ਹਿੰਦੂ ਧਰਮ ਦਾ ਮੁੱਖ ਆਧਾਰ ਸੀ। ਇਸ ਤੋਂ ਇਲਾਵਾ ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਸਿੱਖ ਧਰਮ ਦੀ ਚੜ੍ਹਤ ਤੇ ਫੱਬਤ ਇਨ੍ਹਾਂ ਉੱਚੀਆਂ ਜਾਤਾਂ ਨੂੰ ਉੱਕਾ ਨਹੀਂ ਭਾਉਂਦੀ ਸੀ। ਇਨ੍ਹਾਂ ਨੇ ਗੁਰੂ ਸਾਹਿਬ ਵਿਰੁੱਧ ਸ਼ਾਹੀ ਦਰਬਾਰ ਵਿਚ ਸ਼ਿਕਾਇਤ ਕੀਤੀ ਕਿ ਸਿੱਖ ਧਰਮ ਹਿੰਦੂ ਧਰਮ ਉੱਤੇ ਕਰਾਰੀ ਸੱਟ ਮਾਰਦਾ ਹੈ।

ਅਕਬਰ ਦੇ ਬੁਲਾਵੇ 'ਤੇ ਜਦ ਗੁਰੂ ਸਾਹਿਬ ਨੇ ਆਪਣੇ ਦਾਮਾਦ ਭਾਈ ਜੇਠਾ ਜੀ ਨੂੰ ਸ਼ਾਹੀ ਦਰਬਾਰ ਵਿਚ ਭੇਜਿਆ ਤਾਂ ਬਾਦਸ਼ਾਹ ਨੇ ਵਿਰੋਧੀਆਂ ਦੀ ਸ਼ਿਕਾਇਤ ਰੱਦ ਕਰ ਦਿੱਤੀ ਤੇ ਨਾਲ ਹੀ ਮਸ਼ਵਰਾ ਦਿੱਤਾ ਕਿ ਕੁਝ ਸਮਾਂ ਵਿਰੋਧੀਆਂ ਤੋਂ ਦੂਰ ਰਹਿਣ ਲਈ ਗੁਰੂ ਸਾਹਿਬ ਤੀਰਥ ਯਾਤਰਾ 'ਤੇ ਚਲੇ ਜਾਣ।

ਇਥੋਂ ਸਫਲਤਾ ਪ੍ਰਾਪਤ ਕਰਨ ਦੇ ਬਾਵਜੂਦ ਗੁਰੂ ਸਾਹਿਬ ਨੇ ਆਪਣਾ ਨਿਸ਼ਾਨਾ ਕਾਇਮ

SikhBookClub.com

ਰੱਖਿਆ। ਉਦਾਸੀ ਸੰਸਾਰ ਦੇ ਤਿਆਗ ਦਾ ਪ੍ਰਚਾਰ ਕਰਕੇ ਸਿੱਖ ਧਰਮ ਦੇ ਮੁੱਢਲੇ ਸਿਧਾਂਤ 'ਤੇ ਸੱਟ ਮਾਰਦੇ ਸਨ, ਗੁਰੂ ਸਾਹਿਬ ਨੇ ਉਦਾਸੀਆਂ ਨੂੰ ਸਿੱਖ ਪੰਥ ਵਿਚੋਂ ਵੱਖ ਕਰ ਦਿੱਤਾ। ਬ੍ਰਾਹਮਣੀ ਰੀਤ ਵਿਆਹ ਪੜ੍ਹਾਉਣ ਦੀ ਥਾਂ ਅਨੰਦ ਸਾਹਿਬ ਦੀ ਰਚਨਾ ਕੀਤੀ, ਤਾਂ ਜੋ ਸਿੱਖ ਆਪਣੀ ਰੀਤੀ ਅਨੁਸਾਰ ਵਿਆਹ ਕਰ ਸਕਣ। ਖੱਤਰੀਆਂ ਨੂੰ ਵਿਧਵਾ ਵਿਆਹ ਨਾਲ ਚਿੜ ਸੀ। ਗੁਰੂ ਸਾਹਿਬ ਨੇ ਇਸ ਦਾ ਪ੍ਰਚਾਰ ਕੀਤਾ। ਖੱਤਰੀ ਤੇ ਬ੍ਰਾਹਮਣ ਲੜਕੀਆਂ ਨੂੰ ਜੰਮਦਿਆਂ ਮਾਰ ਦੇਣ ਦਾ ਰਿਵਾਜ ਸੀ। ਗੁਰੂ ਸਾਹਿਬ ਨੇ ਇਸ ਦੇ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ। ਸਤੀ ਦੀ ਰਸਮ ਦੀ ਨਿਖੇਧੀ ਕੀਤੀ। ਇਨਾਂ ਕਾਰਵਾਈਆਂ ਨਾਲ ਸਿੱਖ ਧਰਮ ਦੀ ਆਪਣੀ ਨਿਵੇਕਲੀ ਨੁਹਾਰ ਕਾਇਮ ਹੋ ਗਈ। ਇਹ ਬਾਕੀ ਦੇ ਸਮਾਜ ਨਾਲੋਂ ਅੱਡਰਾ ਹੋਣ ਲੱਗਾ। ਆਪਣੀਆਂ ਉਸਾਰੂ ਰੁਚੀਆਂ ਕਾਰਨ ਅਕਬਰ ਬਾਦਸ਼ਾਹ ਨੇ ਵੀ ਗੁਰੂ ਸਾਹਿਬ ਦਾ ਆਦਰ ਮਾਣ ਕੀਤਾ।

ਇਕ ਵਾਰੀ ਲਾਹੌਰ ਆਉਣ ਲਗਿਆਂ ਅਕਬਰ ਨੇ ਗੋਇੰਦਵਾਲ ਵਿਖੇ ਗੁਰੂ ਸਾਹਿਬ ਨਾਲ ਮੁਲਾਕਾਤ ਕੀਤੀ ਅਤੇ ਲੰਗਰ ਤੇ ਪੰਗਤ ਅਤੇ ਸੰਗਤ ਦੇ ਤਰੀਕਿਆਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਸਾਹਿਬ ਨੂੰ ਕੁਝ ਪਿੰਡ ਦੇਣ ਦੀ ਪੇਸ਼ਕਸ਼ ਕੀਤੀ, ਜੋ ਗੁਰੂ ਸਾਹਿਬ ਨੇ ਅਸੂਲੀ ਤੌਰ 'ਤੇ ਸਿੱਖ ਮਰਿਆਦਾ ਲਈ ਗ਼ਲਤ ਸਮਝੀ ਤੇ ਅਸਵੀਕਾਰ ਕਰ ਦਿੱਤੀ। ਅਕਬਰ ਨੇ ਉਹ ਪਿੰਡ ਗੁਰੂ ਸਾਹਿਬ ਦੀ ਸਪੁੱਤਰੀ ਬੀਬੀ ਭਾਨੀ ਦੇ ਨਾਂ ਕਰ ਦਿੱਤੇ ਅਤੇ ਬਾਬਾ ਬੁੱਢਾ ਜੀ ਨੂੰ ਇਨ੍ਹਾਂ ਪਿੰਡਾਂ ਦਾ ਕਾਰ-ਮੁਖਤਾਰ ਥਾਪਿਆ ਗਿਆ।

ਉਕਤ ਵੀਚਾਰ ਦਾ ਸਾਰੰਸ਼ ਇਹ ਹੋਇਆ ਕਿ 1539 ਤੋਂ 1574 ਤਕ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਮਿਲੇ ਵਿਰਸੇ ਨੂੰ ਨਾ ਕੇਵਲ ਕਾਇਮ ਰੱਖਿਆ ਗਿਆ, ਸਗੋਂ ਇਸ ਵਿਚ ਵਿਸਤਾਰ ਦਾ ਜੋ ਅਵਸਰ ਮਿਲਿਆ, ਉਸ ਨੂੰ ਹੱਥੋਂ ਜਾਣ ਨਾ ਦਿੱਤਾ। ਦੋਵੇਂ ਗੁਰੂ ਸਾਹਿਬਾਨ ਨੇ ਬੜੇ ਸ਼ੈ-ਮਾਣ ਤੇ ਗੌਰਵ ਨਾਲ ਸਿੱਖ ਰਿਆਸਤ ਦੇ ਮੁੱਢਲੇ ਨਿਯਮ ਪੱਕੇ ਕੀਤੇ, ਪਰ ਦੋਵੇਂ ਗੁਰੂ ਸਾਹਿਬਾਨ ਸਰਗਰਮ ਸਿਆਸਤ ਵਿਚ ਨਹੀਂ ਉਲਝੇ ਅਤੇ ਨਾ ਹੀ ਅਜਿਹਾ ਕਰਨਾ ਉਨ੍ਹਾਂ ਦਾ ਮਿਸ਼ਨ ਸੀ। ਉਹ ਸਿਆਸਤ ਨੂੰ ਧਰਮ ਦੀ ਅਗਵਾਈ ਹੇਠ ਚਲਾਉਣ ਦੇ ਚਾਹਵਾਨ ਸਨ ਅਤੇ ਇਹ ਧਰਮ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਦੀ ਸਿਖਿਆ ਵਿਚ ਹੀ ਮਿਲਦਾ ਸੀ। ਦਲੇਰੀ, ਨਿਰਭੈਤਾ, ਰੱਬ ਦਾ ਖ਼ੌਫ਼, ਮਨੁੱਖੀ ਭਾਈਚਾਰੇ ਵਿਚ ਵਿਸ਼ਵਾਸ, ਜਾਤ ਪਾਤ ਦਾ ਦਲੇਰਾਨਾ ਖੰਡਨ, ਦੋਹਾਂ ਗੁਰੂ ਸਾਹਿਬਾਨਾਂ ਦੀ ਰਾਜਨੀਤੀ ਦੇ ਵਿਸ਼ੇਸ਼ ਥੰਮ੍ਹ ਬਣੇ ਰਹੇ।

(10/1981)

SikhBookClub.com

ਪ੍ਰਚੱਲਿਤ ਕੁਰੀਤੀਆਂ ਤੇ ਗੁਰੂ ਘਰ

ਗੁਰਮਤਿ ਵਿਚ ਸੇਵਾ ਦੀ ਬੜੀ ਮਹਾਨਤਾ ਮੰਨੀ ਗਈ ਹੈ। 'ਗੁਰ ਸੇਵਾ' ਅਤੇ 'ਹਰਿ ਸੇਵਾ' ਦਾ ਕਈ ਥਾਵਾਂ 'ਤੇ ਜ਼ਿਕਰ ਆਇਆ ਹੈ। ਭਗਤ ਜਨਾਂ ਦੀ ਸੇਵਾ ਕਰਨ ਦਾ ਵੀ ਉਪਦੇਸ਼ ਦਿੱਤਾ ਗਿਆ ਹੈ। ਹਰੀ ਦੀ ਸੇਵਾ ਦਾ ਕੀ ਭਾਵ ਹੈ? ਜਦੋਂ ਅਸੀਂ ਥੋੜਾ ਜਿਹਾ ਧਿਆਨ ਨਾਲ ਗੁਰਬਾਣੀ ਨੂੰ ਪੜ੍ਹੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥

(ਪੰਨਾ ੯੨੨)

ਅਜਿਹੀ ਸਥਿਤੀ ਵਿਚ ਹਰੀ ਦੀ ਸੇਵਾ ਦਾ ਭਾਵ ਖ਼ਲਕਤ ਦੀ ਸੇਵਾ ਹੀ ਹੈ। ਹਰੀ ਦੀ ਸੇਵਾ ਹਰੀ ਨੂੰ ਸਿਮਰ ਕੇ, ਉਸ ਨੂੰ ਯਾਦ ਕਰਕੇ ਅਤੇ ਉਸ ਦੇ ਸਾਜੇ ਹੋਏ ਜਗਤ ਨੂੰ ਪਿਆਰ ਕਰਕੇ ਹੀ ਕੀਤੀ ਜਾ ਸਕਦੀ ਹੈ। ਉਸ ਦੇ ਸਾਜੇ ਜਗਤ ਨੂੰ ਪਿਆਰ ਕਰਨ ਦਾ ਭਾਵ ਹੈ, ਲੋਭ ਮੋਹ, ਹੰਕਾਰ ਤੇ ਕਾਮ, ਕ੍ਰੋਧ ਤੋਂ ਉੱਪਰ ਉੱਠ ਕੇ ਜਗਤ ਨੂੰ ਹਰੀ ਦਾ ਰੂਪ ਜਾਣ ਕੇ ਪਿਆਰ ਕਰਨਾ। ਗੁਰ-ਸੇਵਾ ਦਾ ਭਾਵ ਹੈ_ਗੁਰੂ ਦੇ ਬਚਨਾਂ ਨੂੰ ਸਤਿ ਕਰਕੇ ਮੰਨਣਾ ਤੇ ਉਹਨਾਂ ਦੇ ਅਨੁਸਾਰ 'ਜੀਅਹੁ ਨਿਰਮਲ ਬਾਹਰਹੁ ਨਿਰਮਲ' ਹੋਣਾ। ਗੁਰਮਤਿ ਦਾ ਸੰਦੇਸ਼ ਹੈ:

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

(ਪੰਨਾ ੨੬)

ਭਾਈ ਲਹਿਣਾ ਜੀ ਸੇਵਾ ਤੇ ਨਿਮਰਤਾ ਸਦਕਾ ਸ੍ਰੀ ਗੁਰੂ ਅੰਗਦ ਦੇਵ ਜੀ ਬਣੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਨਾਲ ਇਕ-ਮਿਕ ਹੋ ਗਏ। ਜੋਤਿ ਸ਼ਬਦ ਸੀ, ਗੁਰਬਾਣੀ ਸੀ ਤੇ ਭਾਈ ਲਹਿਣਾ ਜੀ ਨੇ ਆਪਣੇ ਜੀਵਨ ਨੂੰ ਉਸ ਜੋਤਿ ਦੇ ਅਨੁਸਾਰ, ਉਸ ਸ਼ਬਦ ਦੇ ਅਨੁਸਾਰ, ਉਸ ਗੁਰਬਾਣੀ ਦੇ ਅਨੁਸਾਰ ਢਾਲ ਲਿਆ। ਸ੍ਰੀ ਗੁਰੂ ਅਮਰਦਾਸ ਜੀ ਸੇਵਾ ਦੇ ਪੁੰਜ ਅਤੇ ਨਿਮਰਤਾ ਨਾਲ ਭਰਪੂਰ ਸਨ। ਇਸੇ ਸੇਵਾ ਤੇ ਨਿਮਰਤਾ ਦੀ ਘਾਲਣਾ ਸਦਕਾ ਉਹ ਏਨੀ ਵੱਡੀ ਹਸਤੀ ਦੇ ਮਾਲਕ ਬਣ ਗਏ। ਸੇਵਾ ਅਤੇ ਨਿਮਰਤਾ ਸਦਕਾ ਮਿਲਦੇ, ਅਮਰ-ਫਲ ਦਾ ਵਰਣਨ ਉਨ੍ਹਾਂ ਦੀ ਆਪਣੀ ਬਾਣੀ ਵਿਚ ਇਸ ਤਰ੍ਹਾਂ ਮਿਲਦਾ ਹੈ:

ਮਨੁ ਤਨੁ ਆਗੈ ਰਾਖਿ ਕੈ ਉਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥

(ਪੰਨਾ ੬੪੭-੪੮)

SikhBookClub.com

ਗੁਰੂ ਅਮਰਦਾਸ ਜੀ ਸੇਵਾ ਸਦਕਾ ਨਿਆਸਰਿਆਂ ਦੇ ਆਸਰੇ, ਨਿਥਾਵਿਆਂ ਦੇ ਥਾਉਂ ਅਤੇ ਨਿਮਾਣਿਆਂ ਦਾ ਮਾਣ ਬਣੇ। ਗੁਰੂ ਸਾਹਿਬ ਦੀ ਨਿਮਰਤਾ, ਹਲੀਮੀ ਅਤੇ ਸੇਵਾ ਵਾਲੀ ਸ਼ਖ਼ਸੀਅਤ ਬਾਰੇ ਸੱਯਦ ਮੁਹੰਮਦ ਲਤੀਫ਼ 'ਹਿਸਟਰੀ ਆਫ਼ ਦੀ ਪੰਜਾਬ' ਵਿਚ ਲਿਖਦੇ ਹਨ:

> He was a just and wise Guru, humble and patient. *(p. 251)*

ਇਸੇ ਪੰਨੇ 251 'ਤੇ ਹੀ ਉਹ ਲਿਖਦੇ ਹਨ:

> He was successful as a teacher and his zeal and activity in preaching, combined with his genial habits and effable disposition secured for him many converts to the new faith.

ਭਾਵ ਉਹ (ਸ੍ਰੀ ਗੁਰੂ ਅਮਰਦਾਸ ਜੀ) ਨਿਆਸ਼ੀਲ ਅਤੇ ਬਿਬੇਕ ਬੁਧਿ ਵਾਲੇ, ਨਿਮਰ ਅਤੇ ਸਹਿਨਸ਼ੀਲ ਗੁਰੂ ਸਨ ਅਤੇ ਉਹ ਇਕ ਸਿੱਖਿਆ-ਦਾਤਾ ਵਜੋਂ ਕਾਮਯਾਬ ਸਨ ਅਤੇ ਉਹਨਾਂ ਦੇ ਉਤਸ਼ਾਹ ਅਤੇ ਪ੍ਰਚਾਰ ਦੀ ਸਰਗਰਮੀ, ਜਿਹੜੀ ਕਿ ਉਹਨਾਂ ਦੇ ਅਨੰਦਦਾਇਕ ਸੁਭਾਅ ਅਤੇ ਮਿਲਣਸਾਰ ਰਵੱਈਏ ਨਾਲ ਜੁੜੀ ਹੋਈ ਸੀ, ਸਦਕਾ ਕਈ ਹੋਰ ਵਿਅਕਤੀ ਇਸ ਨਵੇਂ ਵਿਸ਼ਵਾਸ (ਨਿਰਮਲ ਪੰਥ) ਵਲ ਆ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਗਏ ਇਸ 'ਗਾਡੀ ਰਾਹ' ਦੇ ਸੰਦੇਸ਼ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸੇਵਾ-ਭਾਵਨਾ ਅਤੇ ਨਿਮਰਤਾ ਭਰੇ ਸੁਭਾਅ ਨਾਲ, ਲੋਕਾਂ ਦੇ ਮਨਾਂ ਵਿਚ ਵਸਾ ਦਿੱਤਾ। ਕਨਿੰਘਮ, ਸੀ·ਐਚ·ਪੈਨ·, ਡਾ· ਗੋਕਲ ਚੰਦ ਨਾਰੰਗ, ਇੰਦੂ ਭੂਸ਼ਨ ਬੈਨਰਜੀ ਅਤੇ ਸਤਿਬੀਰ ਸਿੰਘ ਨੇ ਗੁਰੂ-ਇਤਿਹਾਸ ਲਿਖਦਿਆਂ ਸ੍ਰੀ ਗੁਰੂ ਅਮਰਦਾਸ ਜੀ ਦੀ ਉਤਸ਼ਾਹੀ ਅਤੇ ਸੇਵਾ ਭਰਪੂਰ ਸ਼ਖ਼ਸੀਅਤ ਦਾ ਵਿਸ਼ੇਸ਼ ਵਰਣਨ ਕੀਤਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸ਼ਖ਼ਸੀਅਤ ਅਤੇ ਮਿੱਠੀ ਬਾਣੀ ਰਾਹੀਂ ਮਨੁੱਖਤਾ ਦੇ ਤਪਦੇ ਹਿਰਦਿਆਂ ਨੂੰ ਠੰਢਕ ਪਹੁੰਚਾਈ ਅਤੇ ਅਨੰਦ-ਪ੍ਰਾਪਤੀ ਦਾ ਮਾਰਗ ਦਰਸਾਇਆ।

ਮਨੁੱਖਤਾ ਜਾਂ ਸਮਾਜ ਦੀ ਗਿਆਨ ਦੇ ਪੱਖ ਤੋਂ ਸੇਵਾ ਕਰਨੀ ਅਤੇ ਮਨੁੱਖਤਾ ਨੂੰ ਅਗਿਆਨਤਾ ਦੇ ਹਨ੍ਹੇਰੇ ਵਿਚੋਂ ਕੱਢਣਾ ਸਭ ਤੋਂ ਵੱਡੀ ਸੇਵਾ ਗਿਣੀ ਗਈ ਹੈ। ਇਹੋ ਹੀ ਅਸਲ ਵਿਚ ਹਰੀ ਦੀ ਸੇਵਾ ਹੈ। ਮਨੁੱਖਤਾ ਨੂੰ ਹਰੀ ਦੇ ਲੜ ਲਾਉਣਾ ਅਤੇ ਦੁਬਿਧਾ ਦੇ ਸ਼ਿਕੰਜੇ ਵਿਚੋਂ ਕੱਢਣਾ ਗੁਰੂ ਅਮਰਦਾਸ ਜੀ ਦੀ ਸਭ ਤੋਂ ਵੱਡੀ ਅਤੇ ਸਰਵੋਤਮ ਸਮਾਜ-ਸੇਵਾ ਕਹੀ ਜਾ ਸਕਦੀ ਹੈ। ਆਤਮਿਕ ਅਤੇ ਮਾਨਸਿਕ ਤੌਰ 'ਤੇ ਸਮਾਜ ਨੂੰ ਉੱਚਾ ਚੁੱਕਣਾ ਸ੍ਰੀ ਗੁਰੂ ਅਮਰਦਾਸ ਜੀ ਵਰਗੀ ਪਵਿੱਤਰ ਸ਼ਖ਼ਸੀਅਤ ਦਾ ਹੀ ਕੰਮ ਹੈ। ਇਸ ਸੇਵਾ ਨੂੰ ਤੀਬਰ ਕਰਨ ਲਈ ਗੁਰੂ ਜੀ ਨੇ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ 22 ਚੋਣਵੇਂ ਸਿੱਖਾਂ ਨੂੰ ਗੁਰੂ ਨਾਨਕ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਭੇਜਿਆ। ਇਸ ਤਰ੍ਹਾਂ ਬਾਈ ਮੰਜੀਆਂ ਦੀ ਜਾਂ ਇਉਂ ਕਹਿ ਸਕਦੇ ਹਾਂ ਬਾਈ ਕਾਲਜਾਂ ਦੀ ਸਥਾਪਨਾ ਕਰ ਦਿੱਤੀ ਗਈ।

ਮਾਨਸਿਕ ਤੌਰ 'ਤੇ ਵੀ ਸਮਾਜ ਨੂੰ ਬਲਵਾਨ ਕਰਨ ਲਈ ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸਾਂ ਵਿਚੋਂ ਕੱਢਣ ਲਈ ਪਵਿੱਤਰ ਬਾਣੀ ਰਾਹੀਂ ਸੰਦੇਸ਼ ਦਿੱਤਾ ਅਤੇ ਅਮਲੀ ਤੌਰ 'ਤੇ ਵੀ ਕਈ ਯਤਨ ਕੀਤੇ। ਆਪ ਨੇ ਉਸ ਵੇਲੇ ਦੀ ਪੁਜਾਰੀ ਸ਼੍ਰੇਣੀ ਦੁਆਰਾ

SikhBookClub.com

ਪਾਏ ਹੋਏ ਬੰਧਨਾਂ ਦੇ ਸੰਗਲਾਂ ਨੂੰ ਤੋੜਿਆ। ਬਿਲਾਵਲ ਰਾਗ ਵਿਚ ਆਪ ਨੇ 'ਸਤਵਾਰੇ' ਬਾਣੀ ਰਾਹੀਂ ਥਿੱਤਾਂ ਵਾਰਾਂ ਦੇ ਚੱਕਰਾਂ ਵਿਚ ਫਸੇ ਹੋਏ ਲੋਕਾਂ ਨੂੰ ਗਿਆਨ ਦੀ ਰੋਸ਼ਨੀ ਦਿੱਤੀ। ਇਸਤਰੀ ਜਾਤੀ ਦੀ ਭਲਾਈ ਲਈ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਨੂੰ ਅੱਗੇ ਤੋਰਿਆ। ਆਪ ਨੇ ਘੁੰਡ, ਸੂਤਕ ਅਤੇ ਸਤੀ ਦੀ ਰਸਮ ਦਾ ਡਟਵਾਂ ਖੰਡਣ ਕੀਤਾ। ਇਹ ਰਸਮਾਂ ਇਸਤਰੀ ਨੂੰ ਗ਼ੁਲਾਮ ਬਣਾ ਕੇ ਰੱਖਣ ਦੀਆਂ ਸੂਚਕ ਸਨ। ਸੂਤਕ ਬਾਰੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਸਮਝਾ ਦਿੱਤਾ ਸੀ:

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥

(ਪੰਨਾ ੪੭੨)

ਭਗਤ ਕਬੀਰ ਜੀ ਨੇ ਵੀ ਸੂਤਕ ਬਾਰੇ ਫ਼ੁਰਮਾਇਆ ਹੈ:

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ॥੧॥
ਕਹੁ ਰੇ ਪੰਡੀਆ ਕਉਨ ਪਵੀਤਾ॥

(ਪੰਨਾ ੩੩੧)

ਇਸ ਤਰ੍ਹਾਂ ਸੂਤਕ ਬਾਰੇ ਗੁਰਮਤਿ ਦਾ ਆਦਰਸ਼ ਗੁਰੂ ਅਮਰਦਾਸ ਜੀ ਦੇ ਸਾਹਮਣੇ ਸੀ। ਉਹਨਾਂ ਨੇ ਲੋਕਾਂ ਨੂੰ ਦੱਸਿਆ ਕਿ ਜੇ ਜਨਮ-ਮਰਨ ਕਰਕੇ ਸੂਤਕ ਪਾਤਕ ਹੋ ਜਾਂਦਾ ਹੈ ਤਾਂ ਫਿਰ ਸਾਰੀ ਸ੍ਰਿਸ਼ਟੀ ਹੀ ਸੂਤਕ ਪਾਤਕ ਵਿਚ ਹੈ। ਫਿਰ ਤਾਂ ਕੋਈ ਪਵਿੱਤਰ ਨਹੀਂ ਰਹਿ ਜਾਂਦਾ। ਇਸ ਕਰਕੇ ਇਸਤਰੀ ਬਾਰੇ ਸੂਤਕ ਦੀ ਵਿਸ਼ੇਸ਼ਤਾ ਦਰਸਾਉਣੀ ਦਲੀਲ 'ਤੇ ਪੂਰੀ ਨਹੀਂ ਉਤਰਦੀ। ਗੁਰੂ ਸਾਹਿਬ ਨੇ ਸਪੱਸ਼ਟ ਐਲਾਨ ਕਰ ਦਿੱਤਾ:

ਮਨ ਕਾ ਸੂਤਕੁ ਦੂਜਾ ਭਾਉ॥
ਭਰਮੇ ਭੂਲੇ ਆਵਉ ਜਾਉ॥
ਮਨਮੁਖਿ ਸੂਤਕੁ ਕਬਹਿ ਨ ਜਾਇ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ॥

(ਪੰਨਾ ੨੨੯)

ਸੂਤਕ ਦਾ ਭਾਵ ਪਰਮਾਤਮਾ ਨਾਲੋਂ ਟੁੱਟਣਾ ਦੱਸਿਆ ਗਿਆ। ਸੂਤਕ ਦਾ ਭਾਵ ਗੁਰਬਾਣੀ ਨੂੰ ਮਨ ਵਿਚ ਨਾ ਵਸਾਉਣਾ ਹੈ। ਸੂਤਕ ਦਾ ਭਾਵ ਪਰਮਾਤਮਾ ਦੇ ਯਕੀਨ ਤੋਂ ਆਸੇ ਪਾਸੇ ਜਾਣਾ ਹੈ। ਸੂਤਕ ਦਾ ਭਾਵ ਹਰੀ ਦੇ ਨਾਮ ਨੂੰ ਵਿਸਾਰਨਾ ਹੈ। ਸੂਤਕ ਦਾ ਭਾਵ ਪਰਮਾਤਮਾ ਦੀ ਏਕਤਾ (Unity of God) ਨੂੰ ਛੱਡ ਕੇ ਹੋਰ ਤਰ੍ਹਾਂ-ਤਰ੍ਹਾਂ ਦੀਆਂ ਸ਼ਕਤੀਆਂ, ਵਹਿਮਾਂ ਭਰਮਾਂ ਤੇ ਮਨੁੱਖਾਂ ਦੀ ਟੇਕ ਲੈਣਾ ਹੈ। ਗੁਰੂ ਸਾਹਿਬ ਜਿਥੇ ਸੂਤਕ ਦੀ ਕਰੜੀ ਵਿਰੋਧਤਾ ਕਰਕੇ ਇਸਤਰੀ ਨੂੰ ਇਸ ਗ਼ੁਲਾਮੀ ਤੋਂ ਛੁਟਕਾਰਾ ਦਿਵਾ ਰਹੇ ਸਨ ਉਥੇ ਮਨੁੱਖਤਾ ਨੂੰ ਇਕ ਪਰਮਾਤਮਾ ਦੇ ਲੜ ਵੀ ਲਾ ਰਹੇ ਸਨ।

SikhBookClub.com

ਸਤੀ ਦੀ ਰਸਮ ਨੇ ਇਸਤਰੀ ਦੀ ਸ਼ਖ਼ਸੀਅਤ ਨੂੰ ਬਿਲਕੁਲ ਕੁਚਲ ਕੇ ਰੱਖ ਦਿੱਤਾ ਸੀ। ਭਾਵੇਂ ਅਕਬਰ ਅਤੇ ਵਿਲੀਅਮ ਬੈਂਟਿੰਗ ਨੇ ਸਤੀ ਦੀ ਭੈੜੀ ਰਸਮ ਨੂੰ ਕਾਨੂੰਨਾਂ ਰਾਹੀਂ ਬੰਦ ਕਰਨ ਦੇ ਜਤਨ ਕੀਤੇ ਪਰੰਤੂ ਮੁੱਢਲੇ ਰੂਪ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸਬੰਧੀ ਆਵਾਜ਼ ਉਠਾਈ। ਭਗਤ ਕਬੀਰ ਜੀ ਨੇ ਵੀ ਬੜੇ ਜ਼ੋਰ ਨਾਲ ਆਖਿਆ ਸੀ:

ਬਿਨੁ ਸਤ ਸਤੀ ਹੋਇ ਕੈਸੇ ਨਾਰਿ॥
ਪੰਡਿਤ ਦੇਖਹੁ ਰਿਦੈ ਬੀਚਾਰਿ॥

(ਪੰਨਾ ੩੨੮)

ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਇਸਤਰੀ ਦੀ ਸਪੱਸ਼ਟ ਤੌਰ 'ਤੇ ਪਰਿਭਾਸ਼ਾ (Definition) ਹੀ ਦੇ ਦਿੱਤੀ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥

(ਪੰਨਾ ੭੮੭)

ਭਾਵ ਉਹ ਇਸਤਰੀ ਸਤੀ ਨਹੀਂ, ਜੋ ਚਿਖਾ ਵਿਚ ਜੀਉਂਦੀ ਸੜ ਜਾਂਦੀ ਹੈ ਜਾਂ ਸਾੜ ਦਿੱਤੀ ਜਾਂਦੀ ਹੈ। ਸਤੀ ਤਾਂ ਉਹ ਹੈ ਜੋ ਹਰ ਵੇਲੇ ਪਤੀ ਦੀ ਯਾਦ ਵਿਚ, ਉਸ ਦੇ ਵਿਯੋਗ 'ਚ ਤੜਪਦੀ ਹੈ। ਅਧਿਆਤਮਕ ਪ੍ਰਸੰਗ ਵਿਚ ਸਤੀ ਜੀਵਾਤਮਾ ਉਹ ਹੀ ਹੈ ਜੋ ਪਰਮਾਤਮਾ ਦੀ ਯਾਦ ਵਿਚ ਦੁਖੀ ਹੈ, ਨਹੀਂ ਤਾਂ ਬਾਹਰਲੀਆਂ ਰਸਮਾਂ, ਯੱਗ ਤੇ ਬਲੀਆਂ ਦਾ ਕੋਈ ਅਰਥ ਨਹੀਂ।

ਸਮਾਜਿਕ ਪੱਧਰ 'ਤੇ ਇਸਤਰੀ ਤੇ ਮਰਦ ਦੇ ਸਬੰਧ ਗ਼ੁਲਾਮ ਤੇ ਮਾਲਕ ਵਾਲੇ ਸਬੰਧ ਹਨ। ਇਸਤਰੀ ਘੁੰਡ ਦੀ ਕੈਦ ਵਿਚ ਸੀ, ਉਸ ਨੂੰ ਸੂਤਕ ਦਾ ਬੰਧਨ ਸੀ ਅਤੇ ਪਤੀ ਦੀ ਮੌਤ ਸਮੇਂ ਉਸ ਨੂੰ ਨਾਲ ਹੀ ਜਿੰਦਾ ਸਾੜਨਾ ਪੈਂਦਾ ਸੀ। ਇਸਤਰੀ ਗ਼ੁਲਾਮ ਹੁੰਦੀ ਹੋਈ ਵੀ ਮਰਦ ਦੇ ਮਨੋਰੰਜਨ ਦਾ ਸਾਧਨ ਸੀ ਅਤੇ ਇਸ ਤਰ੍ਹਾਂ ਉਹ ਸਦੀਆਂ ਤੋਂ ਮਿੱਠੀ ਗ਼ੁਲਾਮੀ ਨੂੰ ਬਰਦਾਸ਼ਤ ਕਰਦੀ ਆ ਰਹੀ ਸੀ। ਇਸਤਰੀ ਸ਼ਿੰਗਾਰ ਕਰ ਲੈਂਦੀ ਸੀ ਅਤੇ ਇਹ ਸ਼ਿੰਗਾਰ ਹੀ ਉਸ ਦੀ ਮੰਜ਼ਿਲ ਬਣ ਚੁੱਕਾ ਸੀ। ਗੁਰੂ ਅਮਰਦਾਸ ਜੀ ਨੇ ਇਸ ਸਮੁੱਚੀ ਅਵਸਥਾ ਨੂੰ ਵੇਖਿਆ, ਉਹਨਾਂ ਨੇ ਜਨਮ, ਮਰਨ ਅਤੇ ਵਿਆਹ ਦੇ ਸੰਸਕਾਰਾਂ ਨੂੰ ਨਵੀਂ ਰੰਗਣ ਦਿੱਤੀ। ਉਹਨਾਂ ਨੇ ਜਨਮ, ਮਰਨ ਅਤੇ ਵਿਆਹ ਤਿੰਨ ਸਮਿਆਂ 'ਤੇ 'ਅਨੰਦ' ਦੇ ਅਨੁਸਾਰੀ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਨੇ ਇਸਤਰੀ ਨੂੰ ਨਾ ਗ਼ੁਲਾਮ ਰਹਿਣ ਦਿੱਤਾ ਅਤੇ ਨਾ ਹੀ ਵਿਲਾਸਤਾ ਦਾ ਸਾਧਨ। ਉਹਨਾਂ ਨੇ ਫ਼ੁਰਮਾਇਆ:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

(ਪੰਨਾ ੭੮੮)

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸਤਰੀ ਅਤੇ ਮਰਦ ਨੂੰ ਇਕ ਪੱਧਰ 'ਤੇ ਖੜਾ ਕਰ ਦਿੱਤਾ। ਅਧਿਆਤਮਕ ਪ੍ਰਸੰਗ ਵਿਚ 'ਏਕ ਜੋਤਿ ਦੁਇ ਮੂਰਤੀ' ਹੋਣ ਵਾਲੀ ਗੱਲ ਦਾ ਵੀ ਬੜਾ ਮਹੱਤਵ ਹੈ। ਦੁਨਿਆਵੀ ਪੱਧਰ 'ਤੇ ਅਤੇ ਅਧਿਆਤਮਕ ਪੱਧਰ 'ਤੇ ਆਤਮਿਕ ਏਕਤਾ ਦਾ ਸੰਦੇਸ਼ ਨਿਰਸੰਦੇਹ ਇਕ ਨਵਾਂ-ਜੀਵਨ ਸੀ। ਇਸ ਸੰਦੇਸ਼ ਨੇ ਸਮਾਜਿਕ ਮਿਆਰ ਨੂੰ ਬਦਲ ਕੇ ਰੱਖ

SikhBookClub.com

ਦਿੱਤਾ। ਸਮਾਜ ਦੀਆਂ ਅੰਧ-ਵਿਸ਼ਵਾਸੀ ਰਸਮਾਂ 'ਤੇ ਕਰੜੀ ਸੱਟ ਵੱਜੀ। ਪਰ ਗੁਰੂ ਸਾਹਿਬ ਦੀ ਸ਼ਖ਼ਸੀਅਤ ਅੱਗੇ ਸਭ ਵਿਰੋਧੀਆਂ ਨੂੰ ਗੋਡੇ ਟੇਕਣ ਲਈ ਮਜਬੂਰ ਹੋਣਾ ਪਿਆ, ਕਿਉਂਕਿ ਸੱਚ ਆਖਰ ਸੱਚ ਸੀ। ਕੂੜ ਦੀਆਂ ਨੀਹਾਂ ਹਿੱਲ ਗਈਆਂ। ਨਵੀਆਂ ਰੀਤਾਂ ਤੇ ਨਵੀਆਂ ਰਸਮਾਂ ਨੇ ਜਨਮ ਲੈ ਲਿਆ। ਇਹ ਨਵੀਆਂ ਰੀਤਾਂ ਗੁਰੂ ਦੇ ਉਪਦੇਸ਼ ਦੇ ਰੰਗ ਵਿਚ ਰੰਗੀਆਂ ਹੋਈਆਂ ਸਨ।

ਮਰਨ ਸਮੇਂ ਦੇ ਸੰਸਕਾਰ ਗੁਰੂ ਸਾਹਿਬ ਦੇ ਸਮੇਂ ਬਹੁਤ ਗੰਭੀਰ ਰੂਪ ਵਿਚ ਪ੍ਰਚਲਤ ਸਨ। ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਪਿਤਰ, ਸਰਾਧ ਆਦਿ ਉਪਰ ਲੋਕਾਂ ਦਾ ਏਨਾ ਨਿਸ਼ਚਾ ਸੀ ਕਿ ਉਹ ਪਰਮਾਤਮਾ ਨੂੰ ਤਾਂ ਵਿਸਾਰ ਹੀ ਚੁੱਕੇ ਸਨ। ਮੌਤ ਨੂੰ ਪਰਮਾਤਮਾ ਦਾ ਹੁਕਮ ਸਮਝ ਕੇ ਪ੍ਰਵਾਨ ਕਰਨ ਵਾਲੀ ਕੋਈ ਗੱਲ ਨਹੀਂ ਸੀ। ਇਸੇ ਅਵਸਥਾ ਵਲ ਵੇਖਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਆਖਿਆ ਸੀ:

ਦੀਵਾ ਮੇਰਾ ਏਕੁ ਨਾਮੁ ਦੁਖ ਵਿਚਿ ਪਾਇਆ ਤੇਲੁ॥

ਅਤੇ

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥ *(ਪੰਨਾ ੩੫੯)*

ਗੁਰੂ ਸਾਹਿਬ ਨੇ ਮਰਨ-ਸੰਸਕਾਰ ਸਬੰਧੀ ਸਪੱਸ਼ਟ ਮਾਰਗ ਦਰਸਾ ਦਿੱਤਾ ਸੀ। ਮੌਤ ਸਮੇਂ ਵੀ ਕੇਵਲ ਪਰਮਾਤਮਾ ਦੇ ਨਾਮ ਦੀ ਹੀ ਚਰਚਾ ਕਰਨੀ ਗੁਰਮਤਿ ਦਾ ਆਦਰਸ਼ ਬਣਾ ਦਿੱਤਾ ਗਿਆ। ਰਾਮਕਲੀ ਰਾਗ ਵਿਚ ਸੁੰਦਰ ਜੀ ਦੀ ਲਿਖੀ ਹੋਈ 'ਸਦੁ' ਦੇ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦਾ ਸੰਦੇਸ਼ ਇਉਂ ਦਿੱਤਾ ਗਿਆ ਹੈ:

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥ *(ਪੰਨਾ ੯੨੩)*

ਮੌਤ ਸਮੇਂ ਹਰੀ ਦੀ ਕਥਾ ਪੜ੍ਹਨੀ ਹੈ, ਹਰੀ ਦਾ ਨਾਮ ਸੁਣਨਾ ਹੈ। ਬੇਬਾਣ ਵੀ ਹਰੀ ਦੇ ਰੰਗ ਦਾ ਹੀ ਹੋਣਾ ਚਾਹੀਦਾ ਹੈ। ਇਹੋ ਕੁਝ ਗੁਰੂ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ। ਉਹ ਪਿੰਡ ਪੱਤਰ, ਕਿਰਿਆ, ਦੀਵਾ ਅਤੇ ਫੁਲ ਸਭ ਹਰੀ ਦੇ ਸਰੋਵਰ ਵਿਚ ਪਾਉਂਦਾ ਹੈ। ਹਰੀ ਦੇ ਸਰੋਵਰ ਦਾ ਭਾਵ ਹੈ, ਸਤਸੰਗਤਿ ਕਿਉਂਕਿ ਉਥੇ ਹੀ ਹਰੀ ਦੇ ਨਾਮ ਦਾ ਪਾਣੀ ਵਗਦਾ ਹੈ, ਉਥੇ ਹੀ ਹਰੀ ਦੇ ਨਾਮ ਦੀ ਗੰਗਾ ਵਗਦੀ ਹੈ।

ਗੁਰੂ ਸਾਹਿਬ ਨੇ ਵਿਸਾਖੀ, ਮਾਘੀ ਅਤੇ ਦੀਵਾਲੀ ਤਿਉਹਾਰਾਂ ਨੂੰ ਵੀ ਨਵੇਂ ਢੰਗ ਨਾਲ ਮਨਾਉਣਾ ਸ਼ੁਰੂ ਕਰ ਦਿੱਤਾ। ਇਹਨਾਂ ਤਿਉਹਾਰਾਂ ਦੇ ਰਾਹੀਂ ਸਤਿਸੰਗਤ ਅਤੇ ਹਰੀ ਦੇ ਜਸ-ਗਾਇਣ ਦੀ ਪਰੰਪਰਾ ਨੂੰ ਕਾਇਮ ਕੀਤਾ ਗਿਆ। ਕਰਤਾਰਪੁਰ ਦਾ ਜੀਵਨ ਗੋਇੰਦਵਾਲ ਦਾ ਜੀਵਨ ਬਣ ਗਿਆ। ਵੇਖਿਆ ਜਾਵੇ ਤਾਂ ਕਿਸੇ ਵੀ ਸਮਾਜਕ ਜ਼ਿੰਦਗੀ ਨੂੰ ਜਨਮ, ਮਰਨ, ਮੰਗਣੀ ਸ਼ਾਦੀ ਅਤੇ ਦਿਨ-ਦਿਹਾਰ ਦੀਆਂ ਰਸਮਾਂ ਬਹੁਤ ਪ੍ਰਭਾਵਤ ਕਰਦੀਆਂ ਹਨ। ਜੇ ਇਹਨਾਂ ਰਸਮਾਂ ਦਾ ਆਧਾਰ ਰੂਹਾਨੀ ਹੋਵੇ ਤਾਂ ਜ਼ਿੰਦਗੀ ਦੀ ਤਸਵੀਰ ਰੂਹਾਨੀ ਬਣਨ ਲਈ ਆਸਾਨੀ ਪੈਦਾ ਹੋ ਜਾਂਦੀ ਹੈ। ਜੇ ਆਧਾਰ ਪਦਾਰਥਕ ਹੋਵੇ ਤਾਂ ਤਸਵੀਰ ਵੀ ਪਦਾਰਥਕ ਹੀ ਬਣਦੀ ਹੈ ਅਤੇ ਜੇ ਆਧਾਰ ਅੰਧ-ਵਿਸ਼ਵਾਸ ਦਾ ਹੋਵੇ ਤਾਂ ਜ਼ਿੰਦਗੀ ਵੀ ਅੰਧ-ਵਿਸ਼ਵਾਸ ਹੀ ਬਣ ਜਾਂਦੀ ਹੈ। ਗੁਰੂ ਸਾਹਿਬ ਨੇ

SikhBookClub.com

ਇਹਨਾਂ ਰਸਮਾਂ ਨੂੰ ਰੱਬੀ ਆਧਾਰ ਦੇ ਕੇ ਰੱਬੀ ਰੰਗਣ ਵਿਚ ਰੰਗ ਦਿੱਤਾ। ਇਸ ਤਰ੍ਹਾਂ ਉਹਨਾਂ ਨੇ ਸਮਾਜ ਨੂੰ ਪਦਾਰਥਕ ਅਤੇ ਅੰਧ-ਵਿਸ਼ਵਾਸੀ ਜਾਲਾਂ ਤੇ ਜੰਜਾਲਾਂ ਤੋਂ ਮੁਕਤ ਕਰਾ ਲਿਆ।

ਉਸ ਵੇਲੇ ਦੇ ਸਮਾਜ ਵਿਚ ਵਰਣਾਂ ਅਤੇ ਜਾਤ ਪਾਤ ਦਾ ਭਿੰਨ ਭੇਦ ਵੀ ਜ਼ੋਰਾਂ ਸ਼ੋਰਾਂ 'ਤੇ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹਨਾਂ ਵਿਤਕਰਿਆਂ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਸਨ। ਭਗਤੀ-ਲਹਿਰ ਵਿਚ ਵੀ ਭਗਤ ਕਬੀਰ ਜੀ, ਭਗਤ ਨਾਮ ਦੇਵ ਜੀ ਅਤੇ ਭਗਤ ਰਵਿਦਾਸ ਜੀ ਨੇ ਬੜੀ ਜ਼ੋਰਦਾਰ ਆਵਾਜ਼ ਵਿਚ ਸਮਾਜ ਦੀ ਇਸ ਨਾ-ਬਰਾਬਰੀ ਵਿਰੁੱਧ ਬੀੜਾ ਚੁੱਕਿਆ ਸੀ। ਪਰ ਇਸ ਬੀਮਾਰੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਸਨ। ਗੁਰੂ ਅਮਰਦਾਸ ਜੀ ਨੇ ਹੁਕਮ ਜਾਰੀ ਕਰ ਦਿੱਤਾ, "ਮੈਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣਾ ਜ਼ਰੂਰੀ ਹੈ ਤੇ ਉਹ ਵੀ ਪੰਗਤ ਵਿਚ ਬੈਠ ਕੇ।" ਗੁਰੂ ਦੇ ਦਰਸ਼ਨਾਂ ਲਈ ਇਹ ਸ਼ਰਤ ਬੜੀ ਕਰੜੀ ਸੀ। ਕਿਥੇ ਤਾਂ ਨੇੜੇ ਲੱਗਣ 'ਤੇ ਉੱਚੀ ਜਾਤੀ ਵਾਲਾ, ਨੀਵੀਂ ਜਾਤੀ ਵਾਲੇ ਦੁਆਰਾ ਭਿਟਿਆ ਗਿਆ ਸਮਝਿਆ ਜਾਂਦਾ ਸੀ ਤੇ ਕਿਥੇ ਉਹ ਇਕੱਠੇ ਬੈਠ ਕੇ ਖਾਣ ਦਾ ਹੁਕਮ। ਉਸ ਸਮੇਂ ਦੇ ਹਾਲਾਤ ਨੂੰ ਯਾਦ ਕੀਤਿਆਂ ਗੁਰੂ ਸਾਹਿਬ ਦੇ ਇਹਨਾਂ ਪਵਿੱਤਰ ਬਚਨਾਂ 'ਤੇ ਦਿਲ ਆਪਣੇ ਆਪ ਹੀ 'ਵਾਹ ਵਾਹ' ਕਰ ਉਠਦਾ ਹੈ। ਗੁਰੂ ਦੇ ਦਰਸ਼ਨਾਂ ਲਈ ਵਿਆਕੁਲ ਸੰਗਤਾਂ ਜ਼ਰੂਰ ਹੀ ਗੁਰੂ ਦੇ ਇਸ ਹੁਕਮ 'ਤੇ ਫੁੱਲ ਚੜ੍ਹਾਉਂਦੀਆਂ ਹੋਣਗੀਆਂ। ਇਸ ਗੱਲ ਦਾ ਨਿਸ਼ਚਾ ਗੁਰੂ ਸਾਹਿਬ ਦੇ ਸਮੇਂ ਨਿੱਤ ਵਧਦੀ ਜਾਂਦੀ ਸਤਿਸੰਗਤਿ ਤੋਂ ਹੋ ਜਾਂਦਾ ਹੈ। ਅਕਬਰ ਵਰਗੇ ਬਾਦਸ਼ਾਹ ਨੇ ਵੀ ਗੁਰੂ ਸਾਹਿਬ ਦੇ ਲੰਗਰ ਵਿਚ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਿਆ। ਲੰਗਰ ਦੀ ਪਵਿੱਤਰਤਾ ਸੰਸਥਾਗਤ ਸਕੀਮ ਨੇ ਲੋਕਾਂ ਦੇ ਦਿਲਾਂ ਵਿਚੋਂ ਉਚ-ਨੀਚ ਦਾ ਭੇਦ ਮਿਟਾ ਦਿੱਤਾ। ਅੱਜ ਵੀ ਜਿੰਨਾ ਇਹ ਭੇਦ ਕਾਇਮ ਹੈ ਉਹ ਗੁਰੂ ਦੇ ਹੁਕਮ ਦੀ ਉਲੰਘਣਾ ਕਰਕੇ ਹੀ ਹੈ। ਜੇ ਗੁਰੂ ਦੇ ਹੁਕਮ ਦੀ ਸਦੀਵਤਾ ਦਾ ਵਿਸ਼ਵਾਸ ਸੱਚ ਹੈ ਕਿ ਅਸੀਂ ਉਚ ਨੀਚ ਦਾ ਭੇਦ ਮਨ ਵਿਚ ਰੱਖ ਕੇ ਗੁਰੂ ਦੇ ਦਰ 'ਤੇ ਪ੍ਰਵਾਨ ਨਹੀਂ ਹੋ ਸਕਦੇ:

ਸਭਨਾ ਜੀਆ ਕਾ ਇਕੁ ਦਾਤਾ (ਪੰਨਾ ੨)

ਰੋਜ਼ਾਨਾ ਪੜ੍ਹ ਕੇ ਅਸੀਂ ਗੁਰੂ ਦੇ ਇਹਨਾਂ ਹੁਕਮਾਂ ਦੀ ਨਿੱਤ ਉਲੰਘਣਾ ਕਰਦੇ ਹਾਂ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਸਮੇਂ ਜਾਤ ਪਾਤ ਦੇ ਰੋਗ ਨੂੰ ਹੱਥ ਪਾਇਆ, ਉਸ ਸਮੇਂ ਇਸ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਸਨ। ਆਪ ਨੇ ਫ਼ੁਰਮਾਇਆ:

ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥ (ਪੰਨਾ ੧੧੨੮)

ਗੁਰੂ ਸਾਹਿਬ ਦੇ ਸਮੇਂ ਸਮਾਜ ਵਿਚ ਜਿਥੇ ਇਕ ਪਾਸੇ ਪਦਾਰਥਕ ਰੁਚੀਆਂ ਅਤੇ ਅੰਧਵਿਸ਼ਵਾਸ ਦਾ ਜ਼ੋਰ ਸੀ, ਉਥੇ ਦੂਜੇ ਪਾਸੇ ਲੋਕ ਤਿਆਗਵਾਦ ਤੋਂ ਵੀ ਬੜੇ ਪ੍ਰਭਾਵਤ ਸਨ। ਧਰਮ ਦਾ ਅਰਥ ਹੀ ਤਿਆਗ ਬਣਾ ਦਿੱਤਾ ਗਿਆ ਸੀ। ਜੋ ਆਦਮੀ ਘਰ ਬਾਰ ਛੱਡ ਦਿੰਦਾ ਸੀ, ਕਿਸੇ ਖਾਸ ਰੰਗ ਦੇ ਬਸਤਰ ਪਹਿਨ ਲੈਂਦਾ ਸੀ, ਬ੍ਰਹਮਚਰਯ ਦਾ ਜੀਵਨ ਅਪਨਾ ਲੈਂਦਾ ਸੀ ਉਸੇ ਨੂੰ ਹੀ ਧਾਰਮਿਕ ਵਿਅਕਤੀ ਸਾਧ ਜਾਂ ਸੰਤ ਸਮਝ ਲਿਆ ਜਾਂਦਾ ਸੀ। ਉਸੇ ਵੇਲੇ ਉਦਾਸੀ ਪ੍ਰਥਾ ਦਾ ਪ੍ਰਭਾਵ ਵੀ ਜ਼ੋਰਾਂ 'ਤੇ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਹੋਣ ਕਰਕੇ ਬਾਬਾ ਸਿਰੀ ਚੰਦ ਜੀ ਦਾ ਅਸਰ ਲੋਕਾਂ 'ਤੇ ਕਾਫ਼ੀ ਪੈ ਰਿਹਾ ਸੀ। ਬਾਬਾ ਸ੍ਰੀ ਚੰਦ ਜੀ ਦੇ ਅਸਰ ਕਰਕੇ ਸਮਾਜ ਵਿਚ

SikhBookClub.com

ਤਿਆਗੀ ਬਣਨ ਦਾ ਰਿਵਾਜ ਵਧ ਰਿਹਾ ਸੀ। ਉਦਾਸੀ ਪ੍ਰਥਾ ਦੇ ਇਸ ਅਸਰ ਤੋਂ ਸਮਾਜ ਨੂੰ ਬਚਾ ਕੇ ਰੱਖਣਾ ਗੁਰੂ ਅਮਰਦਾਸ ਜੀ ਨੇ ਜ਼ਰੂਰੀ ਸਮਝਿਆ। ਉਹਨਾਂ ਨੇ ਆਪਣੇ ਸਿੱਖਾਂ ਨੂੰ ਉਦਾਸੀ ਮਤ ਬਾਰੇ ਗੁਰਮਤਿ ਦਾ ਰਵੱਈਆ ਦਰਸਾ ਕੇ ਸਮੇਂ ਸਿਰ ਯੋਗ ਅਗਵਾਈ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਸੰਦੇਸ ਦਿੱਤਾ ਸੀ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ *(ਪੰਨਾ ੯੩੮)*

ਇਸੇ ਸੰਦੇਸ਼ ਨੂੰ ਆਧਾਰ ਬਣਾ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਤਿਆਗੀ ਤੇ ਉਦਾਸੀ ਬਣਨ ਤੋਂ ਬਚਾ ਲਿਆ। ਆਪ ਜੀ ਨੇ 'ਗ੍ਰਿਹ ਉਦਾਸ' ਦਾ ਰਸਤਾ ਦੱਸਿਆ ਅਤੇ ਫ਼ੁਰਮਾਇਆ:

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥ *(ਪੰਨਾ ੯੪੯)*

ਸੰਸਾਰ ਵਿਚ ਕੰਵਲ ਫੁੱਲ ਵਾਂਗ ਰਹਿਣ ਦੀ ਜਾਚ ਗੁਰੂ ਅਮਰਦਾਸ ਜੀ ਨੇ ਅਮਲੀ ਰੂਪ ਵਿਚ ਦਰਸਾ ਦਿੱਤੀ। ਭਾਗਵਤ ਗੀਤਾ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਿਸ ਸਮੇਂ ਇਸ ਦਾ ਉਪਦੇਸ਼ ਸ੍ਰੀ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਦਿੱਤਾ, ਉਸ ਸਮੇਂ ਸਮਾਜ ਵਿਚ ਗਿਆਨ ਅਤੇ ਤਿਆਗ ਦਾ ਬੋਲਬਾਲਾ ਸੀ। ਗਿਆਨ ਵੀ ਇਹ ਕਿ ਸੰਸਾਰ ਇਕ ਭਰਮ ਹੈ ਅਤੇ ਇਸ ਭਰਮ ਨੂੰ ਸਮਝ ਕੇ ਇਸ ਨੂੰ ਛੱਡ ਦੇਣਾ। ਇਸ ਪੱਖ ਤੋਂ ਭਾਗਵਤ ਗੀਤਾ ਦੀ ਮਹੱਤਤਾ ਸਮਾਜ ਨੂੰ ਹਨੇਰੇ ਖੂਹ ਵਿਚ ਡਿੱਗਣ ਤੋਂ ਬਚਾ ਲੈਣ ਦੀ ਸਮਝੀ ਜਾਂਦੀ ਹੈ। ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖਾਂ ਨੂੰ ਅਜਿਹੇ ਅੰਧਕਾਰ ਦੇ ਸਮੇਂ ਤਿਆਗ ਤੇ ਉਦਾਸੀ ਦੇ ਹਨੇਰੇ ਖੂਹ ਵਿਚ ਡਿੱਗਣ ਤੋਂ ਬਚਾ ਲਿਆ। ਗੁਰੂ ਸਾਹਿਬ ਦੀ ਇਹ ਸਮਾਜ ਸੇਵਾ ਬੜੀ ਪਵਿੱਤਰ ਤੇ ਸਤਿਕਾਰਯੋਗ ਸੇਵਾ ਕਹੀ ਜਾ ਸਕਦੀ ਹੈ ਤੇ ਉਹਨਾਂ ਦੀ ਦੂਰ-ਅੰਦੇਸ਼ੀ ਦਾ ਸਿੱਟਾ ਵੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਵੇਲੇ ਦੇ ਸਮਾਜ ਨੂੰ ਆਰਥਿਕ ਪੱਖੋਂ ਵੀ ਅਤੇ ਰਾਜਨੀਤਕ ਪੱਖੋਂ ਵੀ ਆਪਣੀ ਸੇਵਾ ਭਾਵਨਾ ਸਦਕਾ ਉੱਚਾ ਚੁੱਕਿਆ। ਗੋਇੰਦਵਾਲ ਸਾਹਿਬ ਦੀ ਸਥਾਪਨਾ ਅਤੇ ਬਾਉਲੀ ਸਾਹਿਬ ਦੀ ਉਸਾਰੀ ਰਾਹੀਂ ਗੁਰੂ ਸਾਹਿਬ ਨੇ ਸਮਾਜ ਨੂੰ ਇਕ ਨਵੀਂ ਸੇਧ ਦਿੱਤੀ। ਉਹਨਾਂ ਨੇ ਇਹ ਸਮਝਾ ਦਿੱਤਾ ਕਿ ਥਾਂ ਅਤੇ ਇਮਾਰਤ ਦੀ ਮਹੱਤਤਾ ਉਸ ਵਿਚ ਹੁੰਦੇ ਹਰੀ ਜਸ ਕਰਕੇ ਹੀ ਹੈ। ਉਹ ਥਾਂ ਤੀਰਥ ਹੈ, ਜਿਥੇ ਸਤਿਸੰਗਤ ਹੈ, ਜਿਥੇ ਪਰਮਾਤਮਾ ਦੀ ਵਡਿਆਈ ਹੁੰਦੀ ਹੈ ਅਤੇ ਜਿਥੇ ਨੇਕੀ ਅਤੇ ਸੱਚ ਦਾ ਬੋਲਬਾਲਾ ਹੈ। ਗੁਰੂ ਸਾਹਿਬ ਦਾ ਆਸ਼ਾ ਗੋਇੰਦਵਾਲ ਦੀ ਸਥਾਪਨਾ ਤੋਂ ਇਹੋ ਹੀ ਸੀ। ਪ੍ਰਚਲਿਤ ਤੀਰਥਾਂ ਵਾਂਗ ਕੋਈ ਨਵਾਂ ਤੀਰਥ ਕਾਇਮ ਕਰਨਾ ਉਹਨਾਂ ਦਾ ਆਸ਼ਾ ਨਹੀਂ ਸੀ। ਉਹ ਤਾਂ ਆਪ ਸੱਚੇ ਤੀਰਥ ਬਾਰੇ ਦੱਸਦਿਆਂ ਫ਼ੁਰਮਾਉਂਦੇ ਹਨ:

ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ॥ *(ਪੰਨਾ ੭੫੩)*

ਇਕ ਹੋਰ ਪ੍ਰਮਾਣ ਹੈ:

ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥

(ਪੰਨਾ ੪੯੧)

SikhBookClub.com

ਆਰਥਿਕ ਪੱਖ ਤੋਂ ਸਮਾਜ ਨੂੰ ਉੱਚਾ ਚੁੱਕਣ ਲਈ ਲੋਕਾਂ ਵਿਚੋਂ ਨਸ਼ਿਆਂ ਦਾ ਰੁਝਾਨ ਵੀ ਖ਼ਤਮ ਕਰਨਾ ਜ਼ਰੂਰੀ ਸੀ। ਗੁਰੂ ਸਾਹਿਬ ਨੇ ਸ਼ਰਾਬ ਦੀ ਵਿਸ਼ੇਸ਼ ਤੌਰ 'ਤੇ ਮਨਾਹੀ ਆਪਣੀ ਬਾਣੀ ਵਿਚ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਅਜਿਹੀ ਕੋਈ ਵੀ ਵਸਤ ਖਾਣ-ਪੀਣ ਤੋਂ ਰੋਕੀ ਸੀ ਜਿਸ ਨਾਲ ਸਰੀਰ ਨੂੰ ਨੁਕਸਾਨ ਪਹੁੰਚੇ ਅਤੇ ਮਨ ਵਿਚ ਵਿਕਾਰ ਪੈਦਾ ਹੋਣ। ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਰਾਬ ਦੇ ਨਸ਼ੇ ਅਰਥਾਤ 'ਝੂਠਾ ਮਦੁ' ਪੀਣ ਤੋਂ ਰੋਕ ਕੇ 'ਸੱਚਾ ਮਦੁ' ਭਾਵ ਪਰਮਾਤਮਾ ਦੇ ਨਾਮ ਦਾ ਰਸ ਪੀਣ ਦਾ ਮਾਰਗ ਦਰਸਾਇਆ।

ਰਾਜਨੀਤਕ ਤੌਰ 'ਤੇ ਕੁਝ ਆਰਥਿਕ ਲਾਭ ਵੀ ਗੁਰੂ ਜੀ ਨੇ ਆਪਣੀ ਸ਼ਖ਼ਸੀਅਤ ਸਦਕਾ ਸਮਾਜ ਨੂੰ ਦਿਵਾਏ। ਅਕਬਰ ਬਾਦਸ਼ਾਹ ਭਾਰੀ ਫ਼ੌਜ ਸਮੇਤ ਲਾਹੌਰ ਵਿਚ ਕਾਫ਼ੀ ਚਿਰ ਟਿਕਿਆ ਰਿਹਾ ਜਿਸ ਸਦਕਾ ਕੀਮਤਾਂ ਬਹੁਤ ਚੜ੍ਹ ਗਈਆਂ। ਵਾਢੀਆਂ ਤੋਂ ਪਹਿਲਾਂ ਜਦੋਂ ਵਾਪਸ ਜਾਣ ਲੱਗਿਆਂ ਗੁਰੂ ਜੀ ਨੂੰ ਮਿਲਣ ਆਇਆ ਤਾਂ ਗੁਰੂ ਜੀ ਨੇ ਉਸ ਨੂੰ ਇਕ ਸਾਲ ਵਾਸਤੇ ਜ਼ਮੀਨ ਦਾ ਟੈਕਸ ਅਤੇ ਮਾਲੀਆ ਮੁਆਫ਼ ਕਰ ਦੇਣ ਲਈ ਆਖਿਆ। ਅਕਬਰ ਨੇ ਗੁਰੂ ਜੀ ਦੀ ਗੱਲ ਤੁਰੰਤ ਮੰਨ ਲਈ ਅਤੇ ਮਾਲੀਆ ਮੁਆਫ਼ ਕਰ ਦਿੱਤਾ। ਹਰਦੁਆਰ, ਕੁਰੁਕਸ਼ੇਤਰ ਆਦਿ ਤੀਰਥਾਂ 'ਤੇ ਜਾਣ ਵਾਲੇ ਤੀਰਥ ਯਾਤਰੀਆਂ ਤੋਂ ਸਵਾ ਰੁਪਈਆ ਪ੍ਰਤੀ ਯਾਤਰੀ ਟੈਕਸ ਲਿਆ ਜਾਂਦਾ ਸੀ। ਇਹ ਟੈਕਸ ਵੀ ਗੁਰੂ ਜੀ ਦੇ ਕਹਿਣ 'ਤੇ ਬੰਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹਿੰਦੂਆਂ 'ਤੇ ਲਗਿਆ ਜਜ਼ੀਆ ਵੀ ਗੁਰੂ ਜੀ ਨੇ ਬੰਦ ਕਰਵਾ ਦਿੱਤਾ। ਇਹ ਕਦਮ ਗੁਰਮਤਿ ਦੇ ਸਾਰੇ ਧਰਮਾਂ ਪ੍ਰਤੀ ਸਮਾਨ-ਦ੍ਰਿਸ਼ਟੀ ਦੇ ਸਿਧਾਂਤ 'ਤੇ ਅਧਾਰਤ ਸਨ। ਧਾਰਮਿਕ ਆਜ਼ਾਦੀ ਸਮਾਜ ਦੇ ਵਿਕਾਸ ਲਈ ਇਕ ਬੁਨਿਆਦੀ ਗੱਲ ਹੁੰਦੀ ਹੈ। ਇਸ ਆਜ਼ਾਦੀ ਵਿਚ ਸਭਿਆਚਾਰ, ਰਹਿਣ-ਸਹਿਣ ਅਤੇ ਬੋਲੀ ਦੀ ਆਜ਼ਾਦੀ ਵੀ ਸ਼ਾਮਲ ਹੁੰਦੀ ਹੈ। ਇਸੇ ਆਜ਼ਾਦੀ ਵਾਸਤੇ ਬਾਅਦ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਆਪ ਕੁਰਬਾਨ ਕਰ ਦਿੱਤਾ।

ਸਾਰੀ ਵਿਚਾਰ ਨੂੰ ਵੇਖਦੇ ਹੋਏ ਅਸੀਂ ਸਿੱਟੇ ਵਜੋਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚਲਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਨੇ ਹਰ ਪੱਖ ਤੋਂ ਮਾਨਵਤਾ ਦੀ ਸੇਵਾ ਕੀਤੀ ਅਤੇ ਇਸ ਪਵਿੱਤਰ ਸੇਵਾ ਸਦਕਾ, ਉਹਨਾਂ ਦੇ ਸ਼ਰਧਾਲੂ ਰੱਬੀ ਰੰਗ ਵਿਚ ਰੰਗੇ ਗਏ। ਅੱਜ ਵੀ ਸੰਗਤ ਅਤੇ ਪੰਗਤ ਦੀ ਮਹਾਨ ਪਰੰਪਰਾ ਉਸ ਮਹਾਨ ਗੁਰੂ ਦੀ ਯਾਦ ਤਾਜ਼ਾ ਕਰਵਾਉਂਦੀ ਹੈ। ਅੱਜ ਵੀ ਸਮਾਜ ਵਿਚ ਏਕਤਾ ਅਤੇ ਬਰਾਬਰੀ ਦਾ ਸੰਦੇਸ਼ ਸੰਗੀਤਕ ਆਵਾਜ਼ ਵਿਚ ਗੂੰਜ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਆਪਣੇ ਤੋਂ ਪਹਿਲੇ ਦੋ ਗੁਰੂਆਂ ਦੇ ਕਦਮ-ਚਿੰਨਾਂ 'ਤੇ ਚਲਦੇ ਹੋਏ ਸ਼ਬਦ ਗੁਰੂ ਦਾ ਸੰਦੇਸ਼ ਦਿੰਦੇ ਹੋਏ ਸਮੁੱਚੇ ਸਮਾਜ ਦੀ ਸੇਵਾ ਵਿਚ ਲਗੇ ਰਹੇ। ਗੁਰੂ ਜੀ ਦੇ ਸਰੂਪ ਤੇ ਸ਼ਖ਼ਸੀਅਤ ਦਾ ਬਿਆਨ ਇਹ ਹੈ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥

(ਪੰਨਾ ੯੬੮)

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਚਾਰ ਸੇਵਾ

ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਗੁਰੂ ਜੀ ਨੇ 'ਮੰਜੀ ਪ੍ਰਥਾ' ਚਾਲੂ ਕੀਤੀ। ਇਸ ਅਨੁਸਾਰ ਉਨ੍ਹਾਂ ਨੇ ਬਾਈ ਮੰਜੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਨੂੰ ਸਿੱਖ ਧਰਮ ਪ੍ਰਚਾਰ ਦੇ ਬਾਈ ਕੇਂਦਰ ਵੀ ਕਿਹਾ ਜਾ ਸਕਦਾ ਹੈ। ਹਰ ਇਕ ਮੰਜੀ ਦਾ ਅਧਿਕਾਰੀ ਇਕ ਜ਼ੁੰਮੇਵਾਰ ਵਿਅਕਤੀ ਹੁੰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਇਨ੍ਹਾਂ ਬਾਈ ਮੰਜੀਆਂ ਦੇ ਪ੍ਰਚਾਰਕਾਂ ਦੇ ਨਾਮ ਇਸ ਪ੍ਰਕਾਰ ਲਿਖੇ ਹਨ:

1. ਅਲਾਯਾਰ	9. ਗੰਗੂ ਸ਼ਾਹ	16. ਮਾਈਦਾਸ
2. ਸੱਚਨ ਸੱਚ	10. ਦਰਬਾਰੀ	17. ਮਾਣਕਚੰਦ
3. ਸਾਧਾਰਣ	11. ਪਾਰੋ	18. ਮੁਰਾਰੀ
4. ਸੁੱਖਣ	12. ਫੇਰਾ	19. ਰਾਜਾ ਰਾਮ
5. ਹੰਦਾਲ	13. ਬੂਆ	20. ਰੰਗ ਸ਼ਾਹ
6. ਕੇਦਾਰੀ	14. ਬੇਣੀ	21. ਰੰਗ ਦਾਸ
7. ਸਾਵਣ ਮਲ	15. ਮਹੇਸ਼ਾ	22. ਲਾਲੋ
8. ਖੇਡਾ		

ਡਾ· ਗੋਕਲ ਚੰਦ ਨਾਰੰਗ (Transformation of Sikhism) ਦਾ ਕਹਿਣਾ ਹੈ ਕਿ ਮੰਜੀਆਂ ਸਥਾਪਤ ਕਰਨ ਦੇ ਉੱਦਮ ਨੇ ਸਿੱਖ ਧਰਮ ਦੀਆਂ ਨੀਹਾਂ ਬਹੁਤ ਪੱਕੀਆਂ ਕਰ ਦਿੱਤੀਆਂ।

ਉਪਰੋਕਤ ਵਰਣਤ ਬਾਈ ਮੰਜੀਆਂ ਦੇ ਬਾਈ ਪ੍ਰਚਾਰਕ ਆਪਣੇ-ਆਪਣੇ ਇਲਾਕੇ ਵਿਚ ਇਕੱਠੀ ਹੋਈ ਰਕਮ ਜਾਂ ਇਕੱਠੀ ਕਰਕੇ ਗੁਰੂ ਜੀ ਤਕ ਪਹੁੰਚਾਉਂਦੇ ਸਨ ਅਤੇ ਨਾਲ-ਨਾਲ ਹੀ ਗੁਰੂ ਜੀ ਦੇ ਅਧਿਆਤਮਕ ਸੰਦੇਸ਼ ਨੂੰ ਲੋਕਾਂ ਤਕ ਪਹੁੰਚਾਉਂਦੇ ਸਨ। ਇਸ ਤਰ੍ਹਾਂ ਇਨ੍ਹਾਂ ਦਾ ਕੰਮ ਦੁਹਰਾ ਹੁੰਦਾ ਸੀ। ਇਕ ਪਾਸੇ ਤਾਂ ਉਹ ਸਿੱਖੀ ਪ੍ਰਚਾਰ ਕਰਦੇ ਤੇ ਦੂਸਰੇ ਪਾਸੇ ਆਪਣੇ ਆਪਣੇ ਇਲਾਕੇ ਦੀ ਜਥੇਬੰਦਕ ਜ਼ੁੰਮੇਵਾਰੀ ਉਨ੍ਹਾਂ ਦੀ ਹੁੰਦੀ।

ਸੁਧਾਰ ਰਸਮਾਂ ਰਿਵਾਜਾਂ ਦਾ

ਸ੍ਰੀ ਗੁਰੂ ਅਮਰਦਾਸ ਜੀ ਨੇ ਕਈ ਗ਼ਲਤ ਕਿਸਮ ਦੇ ਰਸਮ-ਰਿਵਾਜਾਂ ਨੂੰ ਬੰਦ ਕਰ ਦਿੱਤਾ ਤੇ ਲੋੜੀਂਦੇ ਰਸਮ-ਰਿਵਾਜਾਂ ਦਾ ਪ੍ਰਚਲਨ ਵੀ ਆਰੰਭਿਆ। ਪਰਦੇ ਦੀ ਰਸਮ ਦਾ ਵਿਰੋਧ ਕੀਤਾ ਗਿਆ। ਵਿਧਵਾ ਵਿਆਹ ਦੇ ਹੱਕ ਵਿਚ ਇਕ ਆਵਾਜ਼ ਉਠਾਈ ਗਈ। ਜਾਤ-ਪਾਤ ਦੇ ਭਿੰਨ ਭੇਦ ਨੂੰ ਖ਼ਤਮ ਕੀਤਾ ਤੇ ਸੰਗਤ ਤੇ ਪੰਗਤ ਦਾ ਅਸੂਲ ਇਥੇ ਬੜਾ ਕਾਮਯਾਬ ਰਿਹਾ। ਨਸ਼ਿਆਂ

SikhBookClub.com

ਬਾਬਤ ਵੀ ਗੁਰੂ ਜੀ ਸੁਰ ਉੱਚੀ ਕਰਦੇ ਹਨ। ਉਨ੍ਹਾਂ ਦਾ ਕਥਨ ਹੈ:

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

(ਪੰਨਾ ੫੫੪)

ਸਤੀ ਦੀ ਰਸਮ ਉਸ ਸਮੇਂ ਆਪਣੇ ਪੂਰੇ ਜੋਬਨ 'ਤੇ ਸੀ। ਇਸ ਗਲਤ ਰਸਮ ਅਨੁਸਾਰ ਜੇਕਰ ਬਦਕਿਸਮਤੀ ਨਾਲ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਤਾਂ ਇਸਤਰੀ ਨੂੰ ਜੀਉਂਦੀ ਨੂੰ ਹੀ ਉਸ ਦੀ ਚਿਖਾ ਵਿਚ ਸੜ ਕੇ ਮਰਨਾ ਪੈਂਦਾ। ਇਹ ਰਸਮ ਗ਼ਲਤ ਤਾਂ ਹੈ ਹੀ ਸੀ ਸਗੋਂ ਇਸਤਰੀ ਜਾਤੀ ਨਾਲ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਪੰਨਾ ੪੭੩)

ਦੇ ਵਾਕ ਨਾਲ ਸਤਿਕਾਰਿਆ ਸੀ, ਘੋਰ ਅਨਿਆਇ ਵੀ ਸੀ। ਇਸ ਲਈ ਗੁਰੂ ਜੀ ਸਤੀ ਦੇ ਅਰਥ ਇਵੇਂ ਕਰਦੇ ਹਨ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥

(ਪੰਨਾ ੭੮੭)

ਬਾਬਾ ਸ਼ੇਖ ਫ਼ਰੀਦ ਦਾ ਕਥਨ ਸੀ ਕਿ ਜਿਨ੍ਹਾਂ ਨੇ ਜਵਾਨੀ ਵੇਲੇ ਪਰਮਾਤਮਾ ਦਾ ਨਾਮ ਨਹੀਂ ਜਪਿਆ ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਬਿਰਧ ਅਵਸਥਾ ਵਿਚ ਜਾ ਕੇ ਜਪ ਸਕਦਾ ਹੈ। ਅਰਥਾਤ ਫ਼ਰੀਦ ਜੀ ਦਾ ਕਹਿਣਾ ਸੀ ਕਿ ਪਰਮਾਤਮਾ ਦੀ ਅਰਾਧਨਾ ਕੇਵਲ ਜਵਾਨੀ ਵੇਲੇ ਹੀ ਕਰਨੀ ਚਾਹੀਦੀ ਹੈ ਜਾਂ ਕੀਤੀ ਜਾ ਸਕਦੀ ਹੈ ਤਾਂ ਕਿ ਪਰਮਾਨੰਦ ਦੀ ਪ੍ਰਾਪਤੀ ਹੋ ਸਕੇ। ਫ਼ਰੀਦ ਜੀ ਲਿਖਦੇ ਹਨ:

ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

(ਪੰਨਾ ੧੩੭੮)

ਪਰ ਸ੍ਰੀ ਗੁਰੂ ਅਮਰਦਾਸ ਜੀ ਫ਼ਰੀਦ ਜੀ ਦੇ ਇਸ ਸਲੋਕ ਨੂੰ ਹੋਰ ਸਪੱਸ਼ਟ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਮਨੁੱਖ ਸੱਚੇ ਦਿਲੋਂ ਉਸ ਪਰਮਾਤਮਾ ਦਾ ਨਾਮ ਜਪੇ, ਜਵਾਨੀ ਕੀ ਤੇ ਬੁਢੇਪਾ ਕੀ? ਉਸ ਨੂੰ ਕਿਸੇ ਸਮੇਂ ਵੀ ਪਾਇਆ ਜਾ ਸਕਦਾ ਹੈ। ਕਿਉਂਕਿ ਪਰਮਾਤਮਾ-ਪ੍ਰੇਮ ਦਾ ਉਮਰ ਨਾਲ ਕੋਈ ਸਬੰਧ ਨਹੀਂ ਇਹ ਤਾਂ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਦੀ ਮਿਹਰ ਦੀ ਦੇਣ ਹੈ। ਗੁਰੂ ਜੀ ਦਾ ਆਪਣਾ ਸਾਖਸ਼ਾਤ ਜੀਵਨ ਵੀ ਤਾਂ ਇਸ ਗੱਲ ਦਾ ਹੀ ਗਵਾਹ ਹੈ। ਸ੍ਰੀ ਗੁਰੂ

SikhBookClub.com

ਅਮਰਦਾਸ ਜੀ ਤਾਂ ਆਪ 60 ਸਾਲ ਦੀ ਉਮਰ ਵਿਚ ਸੱਚੇ ਗੁਰੂ ਦੇ ਲੜ ਲੱਗੇ ਸਨ ਤੇ ਨਾਮ ਅਭਿਆਸ ਸ਼ੁਰੂ ਕੀਤਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਪਾਵਨ ਕਥਨ ਹੈ:

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥

(ਪੰਨਾ ੧੩੮੮)

ਗੁਰਬਾਣੀ ਰਚਨਾ

ਸੰਗੀਤ ਵਿਦਿਆ ਦੇ ਗਿਆਤਾ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਅਠਾਰਾਂ ਰਾਗਾਂ ਵਿਚ ਰਚੀ ਹੈ। ਫਿਰ ਕਮਾਲ ਇਹ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਤਿਲੰਗ ਤੇ ਤੁਖਾਰੀ ਰਾਗ ਨੂੰ ਛੱਡ ਕੇ ਬਾਕੀ ਉਨ੍ਹਾਂ ਸਾਰੇ ਰਾਗਾਂ ਵਿਚ ਬਾਣੀ ਰਚੀ ਹੈ ਜਿਨ੍ਹਾਂ ਵਿਚ ਕਿ ਆਦਿ ਗੁਰੂ ਨਾਨਕ ਦੇਵ ਜੀ ਨੇ ਰਚੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਵਰਤੇ ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਸਿਰੀ ਰਾਗ	7. ਵਡਹੰਸ	13. ਭੈਰਉ
2. ਮਾਝ	8. ਸੋਰਠਿ	14. ਬਸੰਤੁ
3. ਗਉੜੀ	9. ਧਨਾਸਰੀ	15. ਸਾਰੰਗ
4. ਆਸਾ	10. ਸੂਹੀ	16. ਪ੍ਰਭਾਤੀ
5. ਮਾਰੂ	11. ਬਿਲਾਵਲ	17. ਮਲਾਰ
6. ਗੂਜਰੀ	12. ਰਾਮਕਲੀ	18. ਬਿਹਾਗੜਾ

ਇਸ ਤੋਂ ਇਲਾਵਾ ਬਿਹਾਗੜਾ ਰਾਗ ਦੀ ਵਾਰ ਜਿਹੜੀ ਕਿ 21 ਪਉੜੀਆਂ ਦੀ ਗੁਰੂ ਰਾਮਦਾਸ ਜੀ ਦੀ ਰਚਨਾ ਹੈ ਵਿਚ ਗੁਰੂ ਅਮਰਦਾਸ ਜੀ ਦੇ 33 ਸਲੋਕ ਹਨ। ਇਸ ਪ੍ਰਕਾਰ ਬਿਹਾਗੜਾ ਰਾਗ ਪਾ ਕੇ ਗੁਰੂ ਜੀ ਦੀ ਬਾਣੀ ਅਠਾਰਾਂ ਰਾਗਾਂ ਵਿਚ ਮੰਨੀ ਜਾਂਦੀ ਹੈ। ਗੁਰੂ ਅਮਰਦਾਸ ਜੀ ਨੇ ਵੀ ਲੋਕ-ਕਾਵਿ ਰੂਪਾਂ ਤੇ ਲੋਕ-ਕਾਵਿ ਭੇਦਾਂ ਨੂੰ ਅਪਨਾਇਆ ਹੈ। ਉਨ੍ਹਾਂ ਨੇ ਸਲੋਕ, ਤਿਪਦੇ, ਚਉਪਦੇ, ਪੰਜਪਦੇ, ਅਸ਼ਟਪਦੀਆਂ, ਸੋਹਲੇ, ਛੰਤ, ਕਾਫੀਆਂ, ਪੱਟੀ ਤੇ ਵਾਰਾਂ ਲਿਖੀਆਂ ਹਨ। ਸ੍ਰੀ ਗੁਰੂ ਅਮਰਦਾਸ ਜੀ ਦੀਆਂ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹੈ:

ਅਨੰਦ ਸਾਹਿਬ, ਪੱਟੀ, ਅਲਾਹੁਣੀਆਂ ਅਤੇ ਚਾਰ ਵਾਰਾਂ (ਸੂਹੀ, ਗੂਜਰੀ, ਮਾਰੂ ਤੇ ਰਾਮਕਲੀ)।

ਇਥੇ ਕੇਵਲ ਉਨ੍ਹਾਂ ਦੀ ਇਕੋ ਇਕ ਪ੍ਰਮੁੱਖ ਰਚਨਾ ਅਨੰਦ ਸਾਹਿਬ ਬਾਰੇ ਵਿਚਾਰ ਕਰਦੇ ਹਾਂ:

ਅਨੰਦ ਸਾਹਿਬ ਰਾਮਕਲੀ ਰਾਗ ਵਿਚ ਲਿਖੀ ਗੁਰੂ ਜੀ ਦੀ ਸੁਪ੍ਰਸਿੱਧ ਰਚਨਾ ਹੈ। ਇਸ ਦੀਆਂ 40 ਪਉੜੀਆਂ ਹਨ। ਵਿਆਖਿਆਤਮਕ ਰਚਨਾ ਦੀ ਇਹ ਇਕ ਸੁੰਦਰ ਮਿਸਾਲ ਹੈ ਤੇ ਅਧਿਆਤਮਵਾਦ ਅਤੇ ਰਹੱਸਵਾਦ ਦੇ ਵਿਸ਼ੇਸ਼ ਨੁਕਤੇ ਇਸ ਵਿਚੋਂ ਸਹਿਜੇ ਹੀ ਲੱਭੇ ਜਾ ਸਕਦੇ ਹਨ।

ਖ਼ੁਸ਼ੀ ਜਾਂ ਅਨੰਦ ਇਸ ਬਾਣੀ ਦਾ ਮੂਲ ਵਿਸ਼ਾ ਹੈ। ਇਥੇ ਖ਼ੁਸ਼ੀ ਨੂੰ ਅਨੰਦ ਦੇ ਸਮਾਨਾਰਥਕ

SikhBookClub.com

ਰੂਪ ਵਿਚ ਵਰਦਿਆ ਜਾ ਸਕਦਾ ਹੈ। ਡਾ· ਤਾਰਨ ਸਿੰਘ ਅਨੁਸਾਰ:

> ਪੰਜਾਬੀ ਵਿਚ ਕੋਈ ਹੋਰ ਸ਼ਬਦ 'ਅਨੰਦ' ਸ਼ਬਦ ਦੇ ਭਾਵ ਨੂੰ ਪੂਰੀ ਤਰ੍ਹਾਂ ਨਹੀਂ ਦਰਸਾ ਸਕਦਾ ਪਰ ਫਿਰ ਵੀ ਅਸੀਂ ਅਨੰਦ ਦੇ ਸੰਕਲਪ ਨੂੰ ਸਮਝਣ ਲਈ ਇਸ ਦੇ ਸਮਾਨਾਰਥਕ ਸ਼ਬਦ ਖੁਸ਼ੀ ਵਰਤ ਸਕਦੇ ਹਾਂ। ਖੁਸ਼ੀ ਇਕ ਸੰਗੀਤਮਈ ਜਾਂ ਸੁਹਜਮਈ ਅਵਸਥਾ ਹੈ ਜਿਸ ਅਵਸਥਾ ਵਿਚ ਮਨੁੱਖੀ ਆਤਮਾ ਦੀ ਆਪਣੇ ਆਲੇ-ਦੁਆਲੇ ਨਾਲ, ਆਪਣੇ ਇਸ਼ਟ ਗੁਰੂ ਜਾਂ ਉਸ ਪਰਮ-ਆਤਮਾ ਨਾਲ ਇਕਸੁਰਤਾ ਹੋ ਜਾਂਦੀ ਹੈ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੁ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੁ ਮੈ ਪਾਇਆ॥੧॥

(ਪੰਨਾ ੯੧੭)

ਅਨੰਦ ਸਾਹਿਬ ਦੀਆਂ ਪਹਿਲੀਆਂ ਹੀ ਪੰਜ ਪਉੜੀਆਂ ਦਾ ਭਾਵ ਆਪਣੇ ਗੁਰੂ, ਇਸ਼ਟ, ਪਰਮਾਤਮਾ ਜਾਂ ਹਰੀ ਨਾਲ ਮਿਲਾਪ ਜਾਂ ਖੁਸ਼ੀ ਅਥਵਾ ਅਨੰਦ ਹੈ। ਇਨ੍ਹਾਂ ਪੰਜਾਂ ਪਉੜੀਆਂ ਵਿਚ ਕ੍ਰਮਵਾਰ ਗੁਰੂ ਨਾਲ ਮਿਲਾਪ ਦੀ ਖੁਸ਼ੀ, ਅਨੰਦ ਦੀ ਅਵਸਥਾ ਨੂੰ ਕਾਇਮ ਰੱਖਣ ਲਈ ਹਰੀ ਨੂੰ ਨਾ ਵਿਸਾਰਨਾ ਪ੍ਰਭੂ ਦੇ ਮੇਲ ਲਈ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਦਾਤ ਵਿਚ ਜੁਟੇ ਰਹਿਣ ਲਈ ਪ੍ਰੇਰਣਾ ਅਤੇ ਪੰਜਵੀਂ ਪਉੜੀ ਵਿਚ ਦੱਸਿਆ ਹੈ ਕਿ ਉਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਦਾਤ ਕਰਮਾਂ ਨਾਲ ਹੀ ਮਿਲਦੀ ਹੈ:

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥੫॥

(ਪੰਨਾ ੯੧੭)

ਸਮੁੱਚੀ ਬਾਣੀ ਵਿਚ ਨਾਮ ਦੀ ਦਾਤ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਦਾਤ ਗੁਰੂ ਤੋਂ ਹੀ ਮਿਲ ਸਕਦੀ ਹੈ ਤੇ ਇਸ ਦੀ ਪ੍ਰਾਪਤੀ ਲਈ ਮਨੁੱਖ ਦੀ ਉੱਚੀ ਲਗਨ ਹੋਣੀ ਚਾਹੀਦੀ ਹੈ:

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥...
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥

(ਪੰਨਾ ੯੧੭)

ਫਿਰ ਸਿਫ਼ਤ ਇਹ ਹੈ ਕਿ ਦਾਤ ਮਨ ਦੀ ਸਹਿਜ ਅਵਸਥਾ ਵਿਚ ਹੀ ਪਾਈ ਜਾ ਸਕਦੀ ਹੈ। ਕਿਸੇ ਕਿਸਮ ਦੀ ਚਤੁਰਾਈ ਨਾਲ ਇਹ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਦੁਨਿਆਵੀਂ ਚਤੁਰਤਾ ਕਿਸੇ ਤਰ੍ਹਾਂ ਨਾਲ ਵੀ ਇਸ ਦੇ ਰਾਸ ਨਹੀਂ ਆ ਸਕਦੀ ਜਿਵੇਂ:

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥...॥੧੦॥

(ਪੰਨਾ ੯੧੮)

SikhBookClub.com

ਅਨੰਦ ਦੀ ਪ੍ਰਾਪਤੀ ਲਈ ਆਪਣੇ ਅੰਦਰੋਂ ਵਿਸ਼ੇ ਵਿਕਾਰਾਂ ਨੂੰ, ਭੈੜੀਆਂ ਵਾਦੀਆਂ ਨੂੰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾ ਆਦਿ ਸੰਕਲਪਾਂ ਨੂੰ ਮਾਰਨਾ ਪੈਂਦਾ ਹੈ, ਤਿਆਗਣਾ ਪੈਂਦਾ ਹੈ। ਕੇਵਲ ਗੱਲਾਂ ਜਾਂ ਜਿਵੇਂ ਉਪਰ ਕਿਹਾ ਹੈ ਕਿ ਚੰਚਲਤਾ, ਚਤੁਰਤਾ ਨਾਲ ਇਹ ਖ਼ੁਸ਼ੀ ਦੀ ਪ੍ਰਾਪਤੀ ਅਸੰਭਵ ਹੈ:

ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥੧੦॥ *(ਪੰਨਾ ੯੧੮)*

ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਤਾਂ ਸਗੋਂ ਕਠਨ ਹੈ। ਇਹ ਤਾਂ ਬਹੁਤ ਹੀ ਬਿਖੜਾ ਪੈਂਡਾ ਹੈ। ਇਸ 'ਤੇ ਚਲ ਸਕਣਾ ਤੇਜ ਧਾਰ 'ਤੇ ਚੱਲਣ ਸਮਾਨ ਹੈ, ਅੱਗ ਚੱਬਣ ਦੇ ਸਮਾਨ ਹੈ। ਹੋਰ ਕੋਈ ਸਾਕ ਸੰਬੰਧੀ ਵੀ ਇਸ ਵਿਚ ਕਿਸੇ ਕਿਸਮ ਦੀ ਮਦਦ ਨਹੀਂ ਕਰ ਸਕਦਾ:

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥...॥੧੧॥

(ਪੰਨਾ ੯੧੮)

ਇਹ ਮਾਰਗ ਤਾਂ ਸਗੋਂ:

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥...॥੧੪॥ *(ਪੰਨਾ ੯੧੮)*

ਇਸੇ ਹੀ ਮਾਰਗ ਨੂੰ ਤਾਂ ਬਾਬਾ ਸ਼ੇਖ ਫਰੀਦ ਜੀ 'ਵਾਲਹੁ ਨਿਕੀ ਪੁਰਸਲਾਤ' ਆਖਦੇ ਹਨ।

ਅਨੰਦ ਦੀ ਪ੍ਰਾਪਤੀ ਸਾਧ ਸੰਗਤ ਵਿਚ ਹੀ ਹੋ ਸਕਦੀ ਹੈ। ਸਾਧ ਸੰਗਤ ਵਿਚ ਆ ਕੇ ਉਹਨਾਂ ਦੀ ਅਕਥ ਕਹਾਣੀ ਸੁਣਨ ਦੀ ਲੋੜ ਹੈ, ਸਿੱਖਣ ਦੀ ਲੋੜ ਹੈ।

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥...
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥੯॥ *(ਪੰਨਾ ੯੧੮)*

ਇਸ ਤਰ੍ਹਾਂ ਅਨੰਦ ਸਾਹਿਬ ਦੀਆਂ ਪਹਿਲੀਆਂ 28 ਪਉੜੀਆਂ ਵਿਚ ਅਨੰਦਮਈ ਅਵਸਥਾ ਅਤੇ ਉਨ੍ਹਾਂ ਦੀ ਪ੍ਰਾਪਤੀ ਦੇ ਸਾਧਨਾਂ ਦਾ ਸਵਿਸਥਾਰ ਕਰਣਨ ਕੀਤਾ ਹੈ। ਇਸ ਦੇ ਨਾਲ ਹੀ ਹੋਰ ਸੰਕਲਪਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਪ੍ਰਭੂ ਭਗਤੀ 'ਤੇ ਜ਼ੋਰ ਦਿੱਤਾ ਗਿਆ ਹੈ ਤੇ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ ਜੋ ਕਿ ਸਾਡੀ ਹਰਦਮ ਰੱਖਿਆ ਕਰਦਾ ਹੈ। ਜਿਹੜਾ ਉਦਰ ਵਿਚ ਵੀ ਸਾਡੀ ਰੱਖਿਆ ਕਰਦਾ ਹੈ ਤੇ ਬਾਹਰ ਵੀ। ਇਸ ਲਈ ਸਾਨੂੰ ਹਰਦਮ ਉਸ ਦਾ ਨਾਮ ਜਪਣਾ ਚਾਹੀਦਾ ਹੈ।

ਮਾਇਆ ਦੇ ਸੰਕਲਪ ਨੂੰ ਗੁਰੂ ਜੀ ਨੇ ਭਾਵਪੂਰਤ ਪਰ ਦ੍ਰਿਸ਼ਮਈ ਚਿਤਰ ਰਾਹੀਂ ਸਪੱਸ਼ਟ ਕੀਤਾ ਹੈ। ਦ੍ਰਿਸ਼ਟਾਂਤ ਅਲੰਕਾਰ ਦੀ ਇਹ ਇਕ ਸੁੰਦਰ ਉਦਾਹਰਣ ਹੈ:

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥...॥੨੯॥

(ਪੰਨਾ ੯੨੦)

ਪ੍ਰਭਾਵ ਨੂੰ ਸਾਰਥਕਤਾ ਦੇਣ ਲਈ ਤੇ ਆਪਣੇ ਵਿਚਾਰਾਂ ਨੂੰ ਦ੍ਰਿੜ੍ਹ ਕਰਵਾਉਣ ਲਈ ਗੁਰੂ ਜੀ ਨੇ ਸੰਬੋਧਨੀ ਸ਼ੈਲੀ ਤੋਂ ਕੰਮ ਲਿਆ ਹੈ। ਫਿਰ ਕਮਾਲ ਇਹ ਕਿ ਸੰਬੋਧਨ ਕਿਸੇ ਅਨ-ਪੁਰਖ ਨੂੰ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਆਪਣੀਆਂ ਗਿਆਨ ਇੰਦਰੀਆਂ ਨੂੰ ਵੀ ਕੀਤਾ ਗਿਆ ਹੈ।

SikhBookClub.com

ਇਸ ਨਾਲ ਗੱਲ ਕਹਿਣ ਦੇ ਢੰਗ ਵਿਚ ਪ੍ਰਭਾਵਕਤਾ ਆ ਰਹੀ ਹੈ। ਹਰ ਇਕ ਗਿਆਨ ਇੰਦਰੀ ਦਾ ਸਹੀ ਪ੍ਰਯੋਜਨ ਉਹੀ ਹੋ ਸਕਦਾ ਹੈ ਜਿਸ ਲਈ ਉਹ ਬਣੀ ਹੈ। ਜਿਸ ਪ੍ਰਕਾਰ ਕੰਨਾਂ ਦਾ ਕੰਮ ਹਰ ਗੱਲ ਨਿਰੀ ਸੁਣਨ ਤੱਕ ਹੀ ਸੀਮਤ ਨਹੀਂ ਸਗੋਂ ਕੰਨਾਂ ਲਈ ਸੱਚੀ ਤੇ ਸੁੱਚੀ ਗੱਲ ਸੁਣਨੀ ਬਣਦੀ ਹੈ। ਗੁਰੂ ਜੀ ਸਰੀਰ ਨੂੰ ਸੰਬੋਧਨ ਕਰਦੇ ਹੋਏ ਲਿਖਦੇ ਹਨ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥...॥੩੩॥

(ਪੰਨਾ ੯੨੧)

ਮਨੁੱਖੀ ਸਰੀਰ ਵਿਚ ਪਰਮਾਤਮਾ ਨੇ ਆਪਣੇ ਨਾਮ ਦੀ ਜੋਤ ਰੱਖੀ ਹੋਈ ਹੈ ਇਸੇ ਕਰਕੇ ਹੀ ਮਨੁੱਖ ਉਸ ਪਰਮਾਤਮਾ ਦਾ ਅੰਗ ਹੈ, ਪੁੱਤਰ ਹੈ, ਸੇਵਕ ਹੈ। ਮਨੁੱਖ ਦਾ ਇਸ ਧਰਤੀ 'ਤੇ ਆਉਣ ਦਾ ਮੂਲ ਕਾਰਨ ਹੀ ਇਹ ਹੈ ਕਿ ਇਸ ਵਿਚ ਪਰਮਾਤਮਾ ਦੇ ਨਾਮ ਦੀ ਜੋਤ ਜਗ ਰਹੀ ਹੈ:

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥...॥੩੩॥

(ਪੰਨਾ ੯੨੧)

ਮਨ ਤੂੰ ਜੋਤਿ ਸਰੂਪ ਹੈ *(ਪੰਨਾ ੪੪੧)*

ਦਾ ਸੰਕਲਪ ਵੀ ਇਸੇ ਹੀ ਵਿਚਾਰ ਦੀ ਪੁਸ਼ਟੀ ਕਰਦਾ ਹੈ।

ਮਨੁੱਖੀ ਆਤਮਾ ਕਿਸੇ ਵਿਸ਼ੇਸ਼ ਕਰਮ ਅਧੀਨ ਇਸ ਸੰਸਾਰ ਵਿਚ ਆਉਂਦੀ ਹੈ। ਉਸ ਦਾ ਕੋਈ ਖ਼ਾਸ ਉਦੇਸ਼ ਹੁੰਦਾ ਹੈ। ਇਸੇ ਲਈ ਹੀ ਤਾਂ ਗੁਰੂ ਜੀ ਆਖਦੇ ਹਨ:

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥...॥੩੫॥

(ਪੰਨਾ ੯੨੧)

ਇਸੇ ਪ੍ਰਕਾਰ ਹੀ ਗੁਰੂ ਜੀ ਨੇ ਅੱਖਾਂ ਤੇ ਕੰਨਾਂ ਨੂੰ ਵੀ ਕਰਮਵਾਰ ਭੈੜੀਆਂ ਵਾਦੀਆਂ ਤੇ ਕੁਚਾਲਾਂ ਤੋਂ ਬਚਣ ਤੇ ਸੱਚੀ ਬਾਣੀ ਸੁਣਨ ਲਈ ਆਖਿਆ ਹੈ।

ਇਸ ਬਾਣੀ ਰਾਹੀਂ ਸੰਬੋਧਨ ਸ਼ੈਲੀ ਵਰਤ ਕੇ ਅਭਿਵਿਅੰਜਨ ਦੇ ਪੱਖ ਤੋਂ ਕਲਾਤਮਕ ਉਚਾਈਆਂ ਛੋਹੀਆਂ ਹਨ। ਰਾਗਾਤਮਿਕਤਾ ਇਸ ਬਾਣੀ ਦਾ ਇਕ ਪ੍ਰਧਾਨ ਅੰਗ ਹੈ ਭਾਵੇਂ ਕਿ ਸਾਰੀ ਬਾਣੀ ਰਾਮਕਲੀ ਰਾਗ ਵਿਚ ਲਿਖੀ ਗਈ। ਇਹ ਇਕ ਉੱਤਮ ਅਧਿਆਤਮਕ ਪੰਜਾਬੀ ਕਾਵਿ-ਕਿਰਤੀ ਹੈ। ਨਿਰਮਲ ਮਨ ਦੀ ਰਸਾਤਮਿਕ ਅਭਿਵਿਅਕਤੀ ਹੈ ਵਾਰਤਕ ਦੇ ਨੇੜੇ ਪਹੁੰਚੀ ਹੋਈ ਉੱਤਮ ਕਾਵਿ-ਰਚਨਾ ਹੈ। ਵਿਚਾਰਾਂ ਦੀ ਬਹੁਲਤਾ ਤੇ ਉਤਕ੍ਰਿਸ਼ਟਤਾ ਹੈ। ਅਨੰਦ ਇਸ ਬਾਣੀ ਦਾ ਮੂਲ ਧੁਰਾ ਹੈ। ਸਾਰੀ ਬਾਣੀ ਇਕੋ ਇਕ ਨੁਕਤੇ (ਅਨੰਦ) ਦੁਆਲੇ ਘੁੰਮਦੀ ਹੈ। ਆਪਾ ਵਾਰਨ ਦੀ ਪ੍ਰੇਰਨਾ ਦਿੱਤੀ ਹੈ। ਸੱਚ ਮਹਿਸੂਸ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਅਸਲੇ ਦੀ ਪਹਿਚਾਣ ਦਾ ਸੰਕਲਪ ਪੇਸ਼ ਕੀਤਾ ਹੈ ਅਤੇ ਸਫਲ ਜੀਵਨ ਦੀ ਪਰਿਭਾਸ਼ਾ ਦਿੱਤੀ ਹੈ। ਸੰਬੋਧਨੀ ਅਤੇ ਪ੍ਰਸ਼ਨਮਈ ਸ਼ੈਲੀ ਜਾਂ ਵਿਧੀ ਇਸ ਬਾਣੀ ਦਾ ਇਕ ਹੋਰ ਗੁਣ ਹੈ। ਸਿੱਖ ਧਰਮ ਦੇ ਕਈ ਅਹਿਮ ਸੰਕਲਪਾਂ ਮਾਇਆ, ਕੱਚੀ ਤੇ ਸੱਚੀ ਬਾਣੀ, ਗੁਰਮੁਖ ਤੇ ਮਨਮੁਖ ਆਦਿ ਦਾ ਉਲੇਖ ਇਹ ਪਾਵਨ ਬਾਣੀ ਕਰਦੀ ਹੈ।

(5/1979)

SikhBookClub.com

ਸਮਾਜ ਸੁਧਾਰਕ ਤੇ ਸੇਵਾ ਦੇ ਪੁੰਜ

ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਿੱਖ ਇਤਿਹਾਸ ਵਿਚ ਇਕ ਵੱਡਾ ਮੋੜ ਹੈ। ਪਹਿਲੇ ਸਤਿਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਸਮਾਜਿਕ ਤੇ ਧਾਰਮਿਕ ਫੋਕਟ ਅਸੂਲਾਂ ਦੀ ਜ਼ੋਰਦਾਰ ਵਿਰੋਧਤਾ ਕੀਤੀ ਸੀ। ਗੁਰੂ ਜੀ ਦੀ ਸਭ ਤੋਂ ਵੱਡੀ ਪ੍ਰਾਪਤੀ ਇਕ ਅਜਿਹੇ ਪੌਦੇ ਦੁਆਲੇ ਵਾੜ ਲਗਾਉਣਾ ਸੀ ਜੋ ਅਨੇਕਾਂ ਝੱਖੜਾਂ ਤੇ ਤੂਫ਼ਾਨਾਂ ਦਾ ਮੁਕਾਬਲਾ ਕਰਦਾ ਹੋਇਆ ਵੀ ਹਰਾ ਭਰਾ ਲਹਿਰਾਉਂਦਾ ਤੇ ਅੱਗੇ ਵਧਦਾ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਅਪ੍ਰੈਲ 1479 ਈਸਵੀ ਨੂੰ ਪਿੰਡ ਬਾਸਰਕੇ ਵਿਚ ਸ੍ਰੀ ਤੇਜ ਭਾਨ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ। ਇਸ ਤਰ੍ਹਾਂ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕੇਵਲ 10 ਸਾਲ ਛੋਟੇ ਸਨ। ਆਪ ਜੀ ਦੀ ਸ਼ਾਦੀ 24 ਸਾਲ ਦੀ ਉਮਰ ਵਿਚ ਮਨਸਾ ਦੇਵੀ ਜੀ ਨਾਲ ਹੋਈ। ਆਪ ਜੀ ਪਿਤਾ-ਪੁਰਖੀ ਕਿਤੇ ਖੇਤੀਬਾੜੀ ਤੇ ਵਿਉਪਾਰ ਵਿਚ ਲੱਗ ਗਏ।

ਸਿੱਖ ਧਰਮ ਧਾਰਨ ਕਰਨ ਤੋਂ ਪਹਿਲਾਂ (ਗੁਰੂ) ਅਮਰਦਾਸ ਜੀ ਵੈਸ਼ਨੂੰ ਧਰਮ ਨੂੰ ਮੰਨਦੇ ਸਨ। ਹਰ ਸਾਲ ਗੰਗਾ ਵਿਚ ਇਸ਼ਨਾਨ ਕਰਨ ਲਈ ਜਾਂਦੇ। ਭਾਵੇਂ ਉਹ ਧਾਰਮਿਕ ਜੀਵਨ ਬਤੀਤ ਕਰਦੇ ਸਨ, ਪਰ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤੀ ਨਾ ਹੋਈ। ਉਹ ਕਿਸੇ ਅਧਿਆਤਮਕ ਗੁਰੂ ਦੀ ਭਾਲ ਵਿਚ ਸਨ, ਜਿਹੜਾ ਉਨ੍ਹਾਂ ਨੂੰ ਅਸਲੀ ਰਸਤੇ 'ਤੇ ਲੈ ਜਾ ਸਕੇ।

ਇਕ ਦਿਨ ਜਦ (ਗੁਰੂ) ਅਮਰਦਾਸ ਜੀ ਗੰਗਾ ਨਦੀ ਤੋਂ ਇਸ਼ਨਾਨ ਕਰ ਕੇ ਵਾਪਸ ਘਰ ਆ ਰਹੇ ਸਨ ਤਾਂ ਉਨ੍ਹਾਂ ਨੂੰ ਇਕ ਸਾਧੂ ਮਿਲਿਆ। ਉਸ ਨਾਲ ਆਪ ਜੀ ਨੇ ਮਿੱਤਰਤਾ ਸਹਿਤ ਪ੍ਰੇਮ ਭਾਵ ਨਾਲ ਨਜ਼ਦੀਕੀ ਸਬੰਧ ਕਾਇਮ ਕਰ ਲਏ। ਉਹ ਦੋਵੇਂ ਇਕੱਠੇ ਭੋਜਨ ਕਰਦੇ ਸਨ। ਇਕ ਦਿਨ ਸਾਧੂ ਨੇ ਆਪ ਜੀ ਨੂੰ ਪੁੱਛਿਆ 'ਤੁਹਾਡਾ ਗੁਰੂ ਕੌਣ ਹੈ?' (ਗੁਰੂ) ਅਮਰਦਾਸ ਜੀ ਨੇ ਉੱਤਰ ਦਿੱਤਾ ਕਿ ਅਜੇ ਤਕ ਕੋਈ ਨਹੀਂ। ਇਸ 'ਤੇ ਸਾਧੂ ਨੇ ਕਿਹਾ ਕਿ ਉਨ੍ਹਾਂ ਨੇ ਉਸ ਨਾਲ ਭੋਜਨ ਕਰ ਕੇ ਸਾਡੇ ਪਾਸੋਂ ਇਕ ਭਾਰੀ ਪਾਪ ਕਰਵਾਇਆ ਹੈ। ਇਸ ਪਾਪ ਨੂੰ ਧੋਣ ਲਈ ਉਸ ਨੂੰ ਦਰਿਆ ਗੰਗਾ 'ਤੇ ਇਸ਼ਨਾਨ ਕਰਨਾ ਪਵੇਗਾ। ਇਸ ਪਿਛੋਂ ਸਾਧੂ ਨੇ ਆਪ ਜੀ ਦਾ ਸਾਥ ਛੱਡ ਦਿੱਤਾ। ਸਾਧੂ ਦੀ ਇਸ ਗੱਲ ਦਾ ਡੂੰਘਾ ਪ੍ਰਭਾਵ ਪਿਆ। ਗੁਰੂ ਅਮਰਦਾਸ ਜੀ ਨੇ ਬੜੀ ਗੰਭੀਰਤਾ ਭਰੀ ਲਗਨ ਨਾਲ ਕਲਿਆਣਕਾਰੀ ਗੁਰੂ ਜੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਆਪ ਜੀ ਪ੍ਰਾਰਥਨਾ ਕਰਿਆ ਕਰਦੇ ਸਨ ਕਿ ਪਰਮਾਤਮਾ ਉਨ੍ਹਾਂ ਨੂੰ ਗੁਰੂ ਲੱਭਣ 'ਚ ਸਹਾਇਤਾ ਦੇਣ। ਇਕ ਦਿਨ ਪ੍ਰਾਰਥਨਾ ਸਮੇਂ ਉਨ੍ਹਾਂ ਨੇ ਆਪਣੇ ਭਰਾ ਦੇ ਘਰੋਂ ਕਿਸੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਗਾਉਂਦੇ ਸੁਣਿਆ। ਇਹ ਗਾਉਣ ਵਾਲੀ ਬੀਬੀ ਅਮਰੋ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ, ਜੋ

SikhBookClub.com

ਸ੍ਰੀ ਅਮਰਦਾਸ ਜੀ ਦੇ ਭਰਾ ਦੇ ਪੁੱਤਰ ਨਾਲ ਅਜੇ ਸਜ-ਵਿਆਹੀ ਹੀ ਸੀ। ਇਹ ਸੁਣ ਕੇ ਉਹ ਤੁਰੰਤ ਬੀਬੀ ਅਮਰੋ ਪਾਸ ਗਏ ਤੇ ਪੁੱਛਿਆ, ਕਿ ਇਸ ਬਾਣੀ ਨੂੰ ਰਚਣ ਵਾਲਾ ਕੌਣ ਹੈ? ਉਨ੍ਹਾਂ ਉੱਤਰ ਦਿੱਤਾ ਕਿ ਇਸ ਬਾਣੀ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਤੇ ਇਹ ਬਾਣੀ ਪਰਮ ਪੂਜਨੀਕ ਪਿਤਾ ਜੀ ਪਾਸੋਂ ਪ੍ਰਾਪਤ ਕੀਤੀ ਹੈ। ਇਹ ਸੁਣ ਕੇ (ਗੁਰੂ) ਅਮਰਦਾਸ ਜੀ ਦੇ ਦਿਲ ਵਿਚ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਦੀ ਤੀਬਰ ਇੱਛਾ ਪੈਦਾ ਹੋਈ ਅਤੇ ਉਹਨਾਂ ਨੇ ਬੀਬੀ ਅਮਰੋ ਹੋਰਾਂ ਨੂੰ ਗੁਰ ਜੀ ਪਾਸ ਜਾਣ ਲਈ ਪ੍ਰਾਰਥਨਾ ਕੀਤੀ। ਉਹ ਗੁਰੂ ਜੀ ਪਾਸ ਗਏ। ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ 'ਤੇ ਢਹਿ ਪਏ। ਉਸੇ ਦਿਨ ਤੋਂ ਆਪ ਜੀ ਨੇ ਗੁਰੂ ਦੀ ਸੇਵਾ ਤੇ ਭਗਤੀ ਵਿਚ ਕੋਈ ਕਸਰ ਨਾ ਛੱਡੀ। ਆਪ ਨੇ ਗੁਰ ਸੇਵਾ ਦਿਲੀ ਸ਼ਰਧਾ ਤੇ ਪੂਰਨ ਅਨੁਸ਼ਾਸਨ ਵਿਚ ਰਹਿ ਕੇ ਕੀਤੀ। ਇਸ ਦੀ ਉਦਾਹਰਣ ਘੱਟ ਹੀ ਮਿਲਦੀ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਗੱਦੀ ਆਪ ਨੂੰ ਦੇ ਦਿੱਤੀ ਤੇ ਇਕ ਭਾਰੀ ਦੀਵਾਨ ਵਿਚ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਮੇਰੇ ਤੇ (ਗੁਰੂ) ਅਮਰਦਾਸ ਜੀ ਵਿਚ ਕੋਈ ਫ਼ਰਕ ਨਾ ਸਮਝਣ, ਅਸੀਂ ਦੋਵੇਂ ਇਕ ਹੋ ਗਏ ਹਾਂ।

ਪੁਨ ਸੰਗਤ ਮਹਿ ਕਹਿਤ ਸੁਨਾਈ।
ਮਮ ਰੂਪ ਅਬ ਇਹੈ ਸੁਹਾਈ।
ਸੋ ਮੈ ਇਸ ਮਹਿ ਭੇਦ ਨਾਹ ਜਾਨਹੁ।
ਏਕ ਸਰੂਪ ਦੁਹੁਨ ਕੋ ਮਾਨਹੁ॥

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਸ਼ੁਰੂ ਕੀਤੀਆਂ ਬਹੁਤ ਸਾਰੀਆਂ ਸੰਸਥਾਵਾਂ ਜਾਰੀ ਰੱਖੀਆਂ। ਲੰਗਰ ਦੀ ਪ੍ਰਥਾ ਨੂੰ ਕੇਵਲ ਸ਼ੁਰੂ ਹੀ ਨਾ ਰੱਖਿਆ ਪ੍ਰੰਤੂ ਇਸ ਨੂੰ ਇਕ ਹੋਰ ਕਦਮ ਅੱਗੇ ਲੈ ਗਏ। ਉਹਨਾਂ ਹੁਕਮ ਦੇ ਰੱਖਿਆ ਸੀ ਕਿ ਭਾਵੇਂ ਕੋਈ ਅਮੀਰ ਹੋਵੇ ਜਾਂ ਗ਼ਰੀਬ, ਲੰਗਰ ਛਕਣ ਤੋਂ ਪਹਿਲਾਂ ਉਹਨਾਂ ਨੂੰ ਨਹੀਂ ਮਿਲ ਸਕਦਾ। ਲੰਗਰ ਵਿਚ ਹਿੰਦੂ, ਮੁਸਲਤਾਨ, ਊਚ-ਨੀਚ ਤੇ ਜਾਤ-ਪਾਤ ਦਾ ਕੋਈ ਭੇਦ-ਭਾਵ ਨਹੀਂ ਸੀ। ਸਿੱਖ ਇਤਿਹਾਸਕਾਰ ਡਾ· ਗੰਡਾ ਸਿੰਘ ਜੀ ਲਿਖਦੇ ਹਨ ਕਿ ਬਾਦਸ਼ਾਹ ਅਕਬਰ ਤੇ ਰਾਜਾ ਹਰੀਪੁਰ ਨੂੰ ਵੀ ਇਸੇ ਤਰ੍ਹਾਂ ਰਹਿਣਾ ਤੇ ਕਹਿਣਾ ਪਿਆ। ਜਾਤ-ਪਾਤ ਦੀ ਘੋਰ ਵਿਰੋਧਤਾ ਕਰਦੇ ਹੋਏ ਆਪ ਜੀ ਨੇ ਫ਼ੁਰਮਾਇਆ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੈ॥

(ਪੰਨਾ ੩੪੯)

ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਇਸ ਲਈ ਵੀ ਮਹਾਨਤਾ ਰੱਖਦੀ ਹੈ ਕਿ ਉਹਨਾਂ ਸਿੱਖਾਂ ਨੂੰ ਜਥੇਬੰਦ ਕਰਨ ਲਈ ਪਹਿਲਾ ਕਦਮ ਚੁੱਕਿਆ। ਉਹਨਾਂ ਨੇ ਪ੍ਰਸਿੱਧ 'ਮੰਜੀ' ਪ੍ਰਥਾ ਆਰੰਭ ਕੀਤੀ। ਡਾ· ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਜੀ ਦਾ ਇਹ ਕੰਮ ਸਿੱਖ ਪੰਥ ਦੀਆਂ ਨੀਂਹਾਂ ਪੱਕੀਆਂ ਕਰਨ ਅਤੇ ਦੇਸ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰਚਾਰ ਕਰਨ ਲਈ ਬੜਾ ਲਾਹੇਵੰਦ ਸਿੱਧ ਹੋਇਆ।

ਗੁਰੂ ਜੀ ਦਾ ਕੰਮ ਕੇਵਲ ਸਿੱਖਾਂ ਦੀ ਧਾਰਮਿਕ ਜਥੇਬੰਦੀ ਤਕ ਹੀ ਸੀਮਤ ਨਹੀਂ ਸੀ ਉਹਨਾਂ ਨੇ ਸਮਾਜ ਸੁਧਾਰ ਲਈ ਬਹੁਤ ਕੰਮ ਕੀਤਾ ਹੈ। ਸਭ ਤੋਂ ਪਹਿਲਾਂ ਉਹਨਾਂ ਸਿੱਖਾਂ ਦੀ ਯਾਤਰਾ ਲਈ

SikhBookClub.com

ਗੋਇੰਦਵਾਲ ਸਾਹਿਬ ਵਿਚ ਬਾਉਲੀ ਬਣਵਾਈ। ਹੁਣ ਸਿੱਖਾਂ ਨੂੰ ਗੰਗਾ ਜਾਂ ਹਿੰਦੂਆਂ ਦੇ ਦੂਜੇ ਤੀਰਥਾਂ 'ਤੇ ਜਾਣ ਦੀ ਲੋੜ ਨਾ ਰਹੀ। ਸਿੱਖਾਂ ਨੂੰ ਆਪਣਾ ਧਾਰਮਿਕ ਕੇਂਦਰ ਮਿਲ ਗਿਆ। ਇਹ ਸਿੱਖਾਂ ਨੂੰ ਡਿੱਗ ਰਹੇ ਹਿੰਦੂ ਧਰਮ ਵਿਚੋਂ ਕੱਢਣ ਦਾ ਇਕ ਜ਼ਰੂਰੀ ਕਦਮ ਸੀ।

ਗੁਰੂ ਜੀ ਨੇ ਸਿੱਖਾਂ ਨੂੰ ਉਦਾਸੀਨ ਸੰਪ੍ਰਦਾਇ ਤੋਂ ਵੱਖਰੇ ਰੱਖਣ ਲਈ ਕੰਮ ਕੀਤਾ। ਇਸ ਸੰਪ੍ਰਦਾਇ ਦੀਆਂ ਆਦਤਾਂ ਤੇ ਰਸਮਾਂ ਹਿੰਦੂ ਧਰਮ ਨਾਲ ਮਿਲਦੀਆਂ ਜੁਲਦੀਆਂ ਸਨ। ਗੁਰੂ ਜੀ ਨੇ ਅਨੁਭਵ ਕੀਤਾ ਕਿ ਜਿੰਨੀ ਦੇਰ ਤਕ ਸਿੱਖਾਂ ਨੂੰ ਇਸ ਉਦਾਸੀਨ ਸੰਪ੍ਰਦਾਇ ਤੋਂ ਵੱਖਰੇ ਰੱਖਣ ਲਈ ਕੁਝ ਯਤਨ ਨਾ ਕੀਤੇ ਇਹ ਖ਼ਤਰਾ ਹੀ ਰਹੇਗਾ ਕਿ ਸਿੱਖ ਵੱਖਰਾ ਪੰਥ ਨਹੀਂ ਰਹਿ ਸਕਣਗੇ। ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਦੇ ਅਨੁਸਾਰ ਗੁਰੂ ਜੀ ਨੇ ਪੱਤਰ ਭੇਜ ਕੇ ਹੁਕਮ ਦਿੱਤਾ ਕਿ ਸਿੱਖਾਂ ਵਿਚ ਗ੍ਰਿਹਸਤ ਆਸ਼ਰਮ ਸਬੰਧੀ ਪ੍ਰਚਾਰ ਕੀਤਾ ਜਾਵੇ। ਇਸ ਦੀ ਪੁਸ਼ਟੀ ਵਿਚ ਮੈਕਾਲਿਫ਼ ਇਕ ਕਹਾਣੀ ਦੱਸਦਾ ਹੈ ਕਿ ਇਕ ਵਾਰੀ ਗੰਗੂ ਨਾਮੀ ਇਕ ਵਿਅਕਤੀ ਨੇ ਗੁਰੂ ਜੀ ਤੋਂ ਪੁੱਛਿਆ ਕਿ ਮੁਕਤੀ ਪ੍ਰਾਪਤ ਕਰਨ ਦਾ ਅਸਲੀ ਢੰਗ ਕਿਹੜਾ ਹੈ? ਗੁਰੂ ਜੀ ਨੇ ਉੱਤਰ ਦਿੱਤਾ, 'ਜਾਓ, ਦੁਕਾਨ ਖੋਲ੍ਹੋ, ਸੱਚੀ ਕਮਾਈ ਕਰੋ ਤੇ ਕੁਝ ਭਾਗ ਦਾਨ ਦਿਆ ਕਰੋ।' ਇਸ ਤਰ੍ਹਾਂ ਗੁਰੂ ਜੀ ਨੇ ਸਿੱਖਾਂ ਨੂੰ ਉਦਾਸੀਨ ਸੰਪਰਕ ਤੋਂ ਬਿਲਕੁਲ ਅਲੱਗ ਰੱਖਿਆ।

ਹਿੰਦੂ ਧਰਮ ਅੱਜ ਵਾਂਗ ਧਾਰਮਿਕ ਜਥੇਬੰਦੀ ਦੀ ਥਾਂ ਸਮਾਜਿਕ ਜਥੇਬੰਦੀ ਵੱਲ ਹੀ ਲੱਗਾ ਹੋਇਆ ਸੀ। ਵੱਖੋ ਵੱਖ ਦੇਵੀ ਦੇਵਤਿਆਂ ਦੀ ਪੂਜਾ ਕਰ ਕੇ ਹਿੰਦੂ ਇਕ ਵਿਸ਼ਵਾਸ ਧਾਰਾ ਵਿਚ ਇਕੱਠੇ ਰਹਿੰਦੇ ਆਏ ਹਨ। ਕਿਉਂਕਿ ਉਹਨਾਂ ਦਾ ਸਮਾਜਿਕ ਵਿਸ਼ਵਾਸ ਵੀ ਇਕ ਤਰ੍ਹਾਂ ਦਾ ਹੁੰਦਾ ਹੈ। ਜੇਕਰ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖਰਾ ਪੰਥ ਬਣਾਉਣਾ ਸੀ ਤਾਂ ਇਹ ਜ਼ਰੂਰੀ ਸੀ ਕਿ ਇਹਨਾਂ ਨੂੰ ਵੱਖਰੀ ਸਮਾਜਕ ਜਥੇਬੰਦੀ ਦਿੱਤੀ ਜਾਵੇ।

ਗੁਰੂ ਜੀ ਸਿੱਖਾਂ ਲਈ ਨਵੀਆਂ ਸਮਾਜਿਕ ਰਸਮਾਂ ਕਾਇਮ ਕਰਨ ਵਿਚ ਸਫਲ ਹੋਏ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਮਹੀਨੇ ਵਿਸਾਖ, ਮਾਘੀ ਨੂੰ ਸਿੱਖਾਂ ਦੇ ਭਾਰੀ ਦੀਵਾਨ ਸਜਿਆ ਕਰਨਗੇ। ਇਸ ਤਰ੍ਹਾਂ ਨਾਲ ਸਿੱਖ ਸੰਗਤਾਂ ਨੂੰ ਕਾਫ਼ੀ ਗਿਣਤੀ ਵਿਚ ਇਕੱਠੇ ਹੋਣ ਦਾ ਅਵਸਰ ਮਿਲ ਗਿਆ। ਇਸ ਕ੍ਰਿਪਾਲਤਾ ਨਾਲ ਹੀ ਉਹਨਾਂ ਵਿਚ ਭਾਈਚਾਰੇ ਦਾ ਜਜ਼ਬਾ ਸੁਦ੍ਰਿੜ੍ਹ, ਮਜ਼ਬੂਤ ਤੇ ਹੋਰ ਪਕੇਰਾ ਹੋ ਗਿਆ।

ਗੁਰੂ ਜੀ ਨੇ ਸਿੱਖਾਂ ਲਈ ਜਨਮ ਮਰਨ ਦੀਆਂ ਰਸਮਾਂ ਵੀ ਵੱਖਰੀਆਂ ਬਣਾ ਦਿੱਤੀਆਂ। ਮਰਨ ਸਮੇਂ ਪੰਡਤਾਂ ਨੂੰ ਸੱਦਣ ਤੇ ਗਰੁੜ ਪੁਰਾਣ ਦਾ ਪਾਠ ਕਰਨ ਦੀ ਥਾਂ ਸਿਖ ਹੁਣ ਗੁਰਬਾਣੀ ਦਾ ਕੀਰਤਨ ਕਰਨਗੇ। ਇਸ ਤਰ੍ਹਾਂ ਜਦੋਂ ਗੁਰੂ ਜੀ ਦੇ ਪੋਤੇ ਅਨੰਦ ਦਾ ਜਨਮ ਹੋਇਆ ਤਾਂ ਉਨ੍ਹਾਂ ਅਨੰਦ ਸਾਹਿਬ ਦੀ ਰਚਨਾ ਰਚੀ; ਜੋ ਸਿੱਖ ਸੰਗਤਾਂ ਅੱਜ ਵੀ ਖੁਸ਼ੀ-ਗ਼ਮੀ ਦੇ ਅਵਸਰ 'ਤੇ ਪੜ੍ਹਦੀਆਂ ਹਨ।

ਇਤਿਹਾਸਕਾਰ ਜੇ.ਬੀ. ਸਕਾਟ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਪਹਿਲੇ ਸੁਧਾਰਕ ਸਨ, ਜਿਨ੍ਹਾਂ ਉਸ ਸਮੇਂ ਹਿੰਦੂ ਰਸਮਾਂ 'ਸਤੀ ਪ੍ਰਥਾ' ਦੀ ਜ਼ੋਰਦਾਰ ਵਿਰੋਧਤਾ ਕਰਦੇ ਹੋਏ ਇਸ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ। ਆਪ ਨੇ ਕਿਹਾ ਕਿ ਪਤੀ ਦੀ ਮੜ੍ਹੀ 'ਤੇ ਸੜ ਮਰਨ ਨਾਲ ਔਰਤ ਸਤੀ ਨਹੀਂ ਹੁੰਦੀ। ਅਸਲ ਵਿਚ ਸਤੀ ਉਹ ਹੁੰਦੀ ਹੈ ਜਿਹੜੀ ਆਪਣੇ ਪਤੀ ਦੇ ਵਿਯੋਗ ਵਿਚ ਮਰਦੀ ਹੈ। ਆਪ ਨੇ ਫ਼ੁਰਮਾਇਆ ਹੈ:

SikhBookClub.com

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥

(ਪੰਨਾ ੭੮੭)

ਆਪ ਨੇ ਵਿਧਵਾ ਦੇ ਹੱਕ ਵਿਚ ਪਰਦੇ ਦੇ ਵਿਰੁੱਧ ਪ੍ਰਭਾਵਸ਼ਾਲੀ ਪ੍ਰਚਾਰ ਕੀਤਾ। 'ਮਹਿਮਾ ਪ੍ਰਕਾਸ਼' ਵਿਚ ਪਰਦੇ ਸਬੰਧੀ ਇਕ ਕਹਾਣੀ ਇਵੇਂ ਦੱਸੀ ਗਈ ਹੈ ਕਿ ਗੁਰੂ ਜੀ ਦੇ ਪਰਦਾ ਵਿਰੁੱਧ ਫ਼ੁਰਮਾਨ ਦੀ ਪ੍ਰਵਾਹ ਨਾ ਕਰਦੇ ਹੋਏ ਰਾਜਾ ਹਰੀਪੁਰ ਦੀ ਰਾਣੀ ਪਰਦਾ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆਈ। ਉਸ ਸਮੇਂ ਗੁਰੂ ਜੀ ਨੇ ਕਿਹਾ, "ਇਹ ਕਮਲੀ ਕੌਣ ਹੈ?" ਕਿਹਾ ਜਾਂਦਾ ਹੈ ਕਿ ਜਦੋਂ ਔਰਤ ਬਾਹਰ ਆਈ ਤਾਂ ਸਚਮੁਚ ਹੀ ਕਮਲੀ ਸੀ।

ਇਸ ਤਰ੍ਹਾਂ ਉਹਨਾਂ ਜਿਹੜੀਆਂ ਤਬਦੀਲੀਆਂ ਵਿਆਹ ਤੇ ਮ੍ਰਿਤੂ ਸਬੰਧੀ ਰਸਮਾਂ ਵਿਚ ਲਿਆਂਦੀਆਂ ਉਹਨਾਂ ਉਸ ਸਮੇਂ ਦੀ ਪੁਜਾਰੀ ਸ਼੍ਰੇਣੀ ਦੇ ਮਾਨ ਤੇ ਸਤਿਕਾਰ ਨੂੰ ਵੱਡੀ ਸੱਟ ਮਾਰੀ। ਚਿਰਾਂ ਤੋਂ ਚਲ ਰਹੀਆਂ ਕੁਰੀਤੀਆਂ ਤੇ ਗ਼ਲਤ ਰਸਮਾਂ ਭਾਵੇਂ ਤੁਰੰਤ ਨਾ ਬਦਲ ਸਕੀਆਂ ਪਰ ਗੁਰੂ ਜੀ ਨੇ ਇਹਨਾਂ ਨੂੰ ਖ਼ਤਮ ਕਰਨ ਦਾ ਰਾਹ ਦਿਖਾ ਦਿੱਤਾ ਤੇ ਸਿੱਖ ਧਰਮ ਨੂੰ ਹੌਲੀ ਹੌਲੀ ਕਿਆਰੇ ਰੂਪ ਵਿਚ ਜਥੇਬੰਦ ਹੋਣ ਦਾ ਖੁੱਲ੍ਹਾ-ਡੁੱਲ੍ਹਾ ਰਾਹ ਮਿਲ ਗਿਆ।

(9/1971)

SikhBookClub.com

ਪਹਿਲ ਦੇ ਸਵਾਮੀ : ਸ੍ਰੀ ਗੁਰੂ ਅਮਰਦਾਸ ਜੀ

ਇਤਿਹਾਸ ਵਿਚ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਕਈ ਪੱਖਾਂ ਤੋਂ ਵਿਸ਼ੇਸ਼ਤਾ ਤੇ ਪ੍ਰਥਮਤਾ ਦੇ ਸਵਾਮੀ ਹਨ। ਉਨ੍ਹਾਂ ਨੇ ਕਈ ਨਵੀਨ ਕਾਰਜ ਕੀਤੇ ਤੇ ਸਿੱਖੀ ਭਵਨ ਦੀ ਉਸਾਰੀ ਕਈ ਪੱਖਾਂ ਤੋਂ ਕੀਤੀ। ਉਹਨਾਂ ਦੇ ਵਿਸ਼ੇਸ਼ ਕਾਰਜਾਂ ਵਿਚੋਂ ਕੁਝ ਇਉਂ ਹਨ:

ਸ੍ਰੀ ਗੋਇੰਦਵਾਲ ਸਾਹਿਬ

ਗੋਇੰਦਵਾਲ ਸਾਹਿਬ ਦੇ ਇਤਿਹਾਸਕ ਨਗਰ ਨੂੰ ਵਸਾਇਆ, ਜੋ 16ਵੀਂ ਸਦੀ ਵਿਚ ਸਾਰੇ ਪੰਜਾਬ ਵਿਚ ਲਾਹੌਰ ਤੋਂ ਉਤਰ ਕੇ ਸਭ ਤੋਂ ਵੱਡਾ ਸ਼ਹਿਰ ਸੀ।

ਬਾਉਲੀ ਸਾਹਿਬ, ਗੋਇੰਦਵਾਲ

ਉਹਨਾਂ ਨੇ ਗੋਇੰਦਵਾਲ ਸਾਹਿਬ ਵਿਚ ਬਾਉਲੀ ਬਣਾ ਕੇ ਪਹਿਲਾ ਸਿੱਖ ਤੀਰਥ ਪੰਜਾਬ ਵਿਚ ਸਥਾਪਿਤ ਕੀਤਾ, ਜਿਸ ਦੀਆਂ 84 ਪੌੜੀਆਂ 84 ਲੱਖ ਜੂਨਾਂ ਤੋਂ ਮੁਕਤ ਹੋਣ ਦਾ ਚਿੰਨ੍ਹ ਬਣਿਆ ਤੇ ਜੋ ਜ਼ਾਤ-ਪਾਤ, ਰੰਗ-ਨਸਲ, ਲਿੰਗ ਦੇ ਭਿੰਨ ਭੇਦ ਤੋਂ ਮੁਕਤ ਸਭਨਾਂ ਲਈ ਸਾਂਝਾ ਤੀਰਥ ਹੈ।

ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ)

ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾਉਣ ਤੇ ਹਰਿਮੰਦਰ ਸਾਹਿਬ ਉਸਾਰਨ ਦੀ ਆਗਿਆ ਉਹਨਾਂ ਨੇ ਹੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤੀ ਸੀ ਤੇ ਗੁਰੂ ਜੀ ਨੇ ਹੀ ਉਹਨਾਂ ਨੂੰ ਏਥੇ ਰਹਿਣ ਲਈ ਭੇਜਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸੰਪੂਰਨ ਕੀਤਾ।

ਬਾਣੀ

ਉਹਨਾਂ ਨੇ ਵਾਰਾਂ, ਅਨੰਦ ਸਾਹਿਬ, ਪਟੀ ਤੇ ਹੋਰ ਸ਼ਬਦ ਲਿਖੇ। ਇਹਨਾਂ 'ਚੋਂ ਅਨੰਦ ਸਾਹਿਬ ਦੀ ਬਾਣੀ ਸਿੱਖਾਂ ਵਿਚ ਹਰ ਸਮਾਜਕ ਤੇ ਧਾਰਮਿਕ ਅਵਸਰ ਉੱਤੇ ਪੜ੍ਹੀ ਜਾਂਦੀ ਹੈ।

ਲੰਗਰ, ਪੰਗਤ ਤੇ ਸੰਗਤ

ਸਮਾਨਤਾ ਦੀ ਭਾਵਨਾ ਦੇ ਸੰਚਾਰ ਲਈ ਉਹ ਪਹਿਲੇ ਸਨ, ਜਿਹਨਾਂ ਨੇ ਇਹ ਢੰਗ ਪ੍ਰਚਲਤ ਕੀਤਾ ਤੇ ਹੁਕਮ ਦਿੱਤਾ ਕਿ, "ਮੈਨੂੰ ਮਿਲਣ ਜਾਂ ਦੀਵਾਨ ਵਿਚ ਜਾਂ ਮੇਰੇ ਕੋਲ ਆਉਣ ਤੋਂ ਪਹਿਲਾਂ ਹਰ ਕੋਈ ਲੰਗਰ ਵਿਚ ਪੰਗਤ ਵਿਚ ਬਹਿ ਕੇ ਪ੍ਰਸ਼ਾਦਾ ਛਕੇ।"

SikhBookClub.com

22 ਮੰਜੀਆਂ (ਜਾਂ ਪ੍ਰਚਾਰਕ)

ਸ੍ਰੀ ਗੁਰੂ ਅਮਰਦਾਸ ਜੀ ਪਹਿਲੇ ਸਨ, ਜਿਹਨਾਂ ਨੇ 22 ਪ੍ਰਚਾਰਕ ਇਸ ਲਈ ਨੀਯਤ ਕੀਤੇ ਕਿ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਦਾ ਪ੍ਰਚਾਰ ਕਰਨ। ਉਹ ਭਾਗਾਂ ਵਾਲੇ ਸਿੱਖ ਸਨ ਜਿਹੜੇ ਗੁਰੂ ਜੀ ਦੇ ਨਿਕਟਵਰਤੀ ਸਨ ਤੇ ਜਿਨ੍ਹਾਂ ਨੇ ਗੁਰੂ ਜੀ ਦੀ ਕਸਵੱਟੀ ਉੱਤੇ ਪਰਖੇ ਜਾ ਕੇ ਆਪਣੇ ਆਪ ਨੂੰ ਵਿਸ਼ੇਸ਼ ਯੋਗਤਾ ਦੇ ਮਾਲਕ ਸਿੱਧ ਕੀਤਾ ਸੀ, ਉਨ੍ਹਾਂ ਨੂੰ ਗੁਰੂ ਜੀ ਨੇ ਨਾਮ ਦਾਨ ਬਖ਼ਸ਼ਸ਼ ਕੇ ਨਿਹਾਲ ਕੀਤਾ ਸੀ।

ਸਤੀ ਦੀ ਰਸਮ ਦਾ ਬੰਦ ਕਰਨਾ

ਗੁਰੂ ਜੀ ਪੁਰਸ਼ਾਂ ਤੇ ਇਸਤਰੀਆਂ ਦੀ ਬਰਾਬਰਤਾ ਵਿਚ ਪੱਕਾ ਵਿਸ਼ਵਾਸ ਰੱਖਦੇ ਸਨ। ਉਹਨਾਂ ਨੇ ਖੁੱਲ੍ਹੇ ਤੌਰ 'ਤੇ ਸਤੀ ਦੀ ਭਿਆਨਕ ਰਸਮ ਦੇ ਵਿਰੁੱਧ ਕੰਮ ਕੀਤਾ ਜਿਸ ਨਾਲ ਉਸ ਵੇਲੇ ਦੇ ਅਨੇਕਾਂ ਲੋਕ ਉਹਨਾਂ ਦੇ ਵਿਰੁੱਧ ਹੋ ਗਏ। ਇਸੇ ਤਰ੍ਹਾਂ ਉਹਨਾਂ ਨੇ ਹੋਰ ਬਹੁਤ ਸਾਰੇ ਸੁਧਾਰ ਕੀਤੇ।

ਸਿੱਖ ਗੁਰੂਆਂ ਵਿਚੋਂ ਸਭ ਤੋਂ ਵੱਧ ਸਰੀਰਕ ਅਵਸਥਾ ਭੋਗਣ ਵਾਲੇ ਵੀ ਸ੍ਰੀ ਗੁਰੂ ਅਮਰਦਾਸ ਜੀ ਹੀ ਸਨ। 12 ਸਾਲ ਸੇਵਾ ਕਰਨ ਉਪਰੰਤ ਗੁਰੂ ਅਮਰਦਾਸ ਜੀ 72 ਵਰ੍ਹੇ ਦੀ ਉਮਰ ਵਿਚ ਗੁਰਗੱਦੀ 'ਤੇ ਬੈਠੇ ਤੇ ਲਗਭਗ 22 ਸਾਲ ਗੁਰਗੱਦੀ 'ਤੇ ਬਿਰਾਜਮਾਨ ਰਹੇ।

ਮੁੱਕਦੀ ਗੱਲ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਅਪਾਰ ਹੈ। ਕਈ ਇਕ ਭੱਟਾਂ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਗੋਯਾ ਆਦਿ ਨੇ ਉਨ੍ਹਾਂ ਦੀ ਮਹਿਮਾ ਵਿਚ ਬਹੁਤ ਸੁੰਦਰ ਛੰਦ ਰਚੇ ਹਨ ਤੇ ਫਿਰ ਵੀ ਉਨ੍ਹਾਂ ਕਿਹਾ ਕਿ ਇਹ ਸਾਡੀ ਸਮਰਥਾ ਨਹੀਂ ਕਿ ਗੁਰੂ ਜੀ ਦੇ ਸਾਰੇ ਗੁਣ ਦੱਸ ਸਕੀਏ, ਇਹ ਦੱਸਣ ਦੇ ਸ੍ਰੀ ਗੁਰੂ ਅਮਰਦਾਸ ਆਪ ਹੀ ਸਮਰੱਥ ਹਨ।

ਬਾਬਾ ਸੁੰਦਰ ਦਾਸ ਜੀ ਨੇ ਗੁਰੂ ਜੀ ਦੀ ਅੰਤਲੀ ਇੱਛਾ ਤੇ ਉਪਦੇਸ਼ ਲਿਖਿਆ ਹੈ:

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥

(ਪੰਨਾ ੯੭੩)

ਇਹਨਾਂ ਤੁਕਾਂ ਦਾ ਇਤਿਹਾਸਕ ਮੂਲ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਤੇ ਹੋਰ ਸ਼ਰਧਾਲੂ ਸਿੱਖਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਮੰਨ ਲਿਆ ਤੇ ਇਹਨਾਂ ਤੁਕਾਂ ਵਿਚ ਸਿੱਖਾਂ ਨੂੰ ਸਪੱਸ਼ਟ ਉਪਦੇਸ਼ ਹੈ ਕਿ ਕਿਸੇ ਦੀ ਵੀ ਮ੍ਰਿਤੂ ਤੋਂ ਪਿਛੋਂ ਵਿਖਾਵੇ ਦਾ ਰੋਣਾ ਨਹੀਂ ਚਾਹੀਦਾ, ਕਿਉਂਕਿ ਇਹ ਤਾਂ ਅਟੱਲ ਹੈ। ਇਸ ਲਈ ਹਰ ਇਕ ਨੂੰ ਪਰਮਾਤਮਾ ਦੀ ਰਜ਼ਾ ਵਿਚ ਹੀ ਰਾਜ਼ੀ ਰਹਿਣਾ ਚਾਹੀਦਾ ਹੈ।

ਬਾਣੀਕਾਰ ਸਤਾ ਜੀ ਲਿਖਦੇ ਹਨ:

ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥...
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥

(ਪੰਨਾ ੯੬੮)

SikhBookClub.com

ਉਸ ਨੇ ਕਿਹਾ ਕਿ ਮੈਂ ਸੱਚੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫ਼ਤ ਕਰਾਂ ਕਿਉਂਕਿ ਉਹ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਤੇ ਗੁਰੂ ਨਾਨਕ ਦੇ ਪੋਤਰੇ ਵਾਂਗ ਹਨ। ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਉਹਨਾਂ ਦੇ ਸਾਰੇ ਗੁਣ ਆਪਣੇ ਵਿਚ ਲੈ ਆਂਦੇ ਹਨ।

ਹੋਰ ਭੀ ਕਈ ਇਕ ਭੱਟਾਂ ਨੇ ਗੁਰੂ ਸ੍ਰੀ ਅਮਰਦਾਸ ਜੀ ਦੇ ਗੁਣ ਗਾਏ ਹਨ।

ਭੱਟ ਜਾਲਪ ਕਹਿੰਦਾ ਹੈ ਕਿ ਜੋ ਕੋਈ ਭੀ ਸ੍ਰੀ ਗੁਰੂ ਅਮਰਦਾਸ ਜੀ ਦਾ ਸਿਮਰਨ ਕਰਦਾ ਹੈ ਮੁਕਤ ਹੋ ਜਾਂਦਾ ਹੈ।

ਭੱਟ ਜਾਲਪ ਲਿਖਦਾ ਹੈ ਕਿ ਜੋ ਭੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਯਾਦ ਕਰਦਾ ਹੈ, ਉਸ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ:

ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥
ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥...
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥

(ਪੰਨਾ ੧੩੯੪-੯੫)

ਭੱਟ ਕੀਰਤ ਨੇ ਲਿਖਿਆ ਹੈ ਕਿ ਜੋ ਭੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਯਾਦ ਕਰਦਾ ਹੈ ਉਸ ਦੇ ਸਭ ਸਰੀਰਕ ਤੇ ਮਾਨਸਿਕ ਦੁੱਖ ਹਟ ਜਾਣਗੇ:

ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥

(ਪੰਨਾ ੧੩੯੫)

ਕਵੀ ਕਲ੍ਹ ਗੁਰੂ ਅਮਰਦਾਸ ਜੀ ਦੀ ਮਹਿਮਾ ਵਿਚ ਲਿਖਦਾ ਹੈ:

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

(ਪੰਨਾ ੧੩੯੬)

18ਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਭਾਈ ਨੰਦ ਲਾਲ ਗੋਯਾ ਨੇ ਫ਼ਾਰਸੀ ਵਿਚ ਸਾਹਿਬਾਂ ਦੇ ਗੁਣ ਗਾਏ ਹਨ।

(ੳ) ਸ੍ਰੀ ਗੁਰੂ ਅਮਰਦਾਸ ਉਸ ਉੱਚ ਖਾਨਦਾਨ ਵਿਚੋਂ ਹਨ ਜੋ ਦੈਵੀ ਸ਼ਕਤੀ ਨਾਲ ਭਰਪੂਰ ਸੀ।

(ਅ) ਆਪਣੇ ਗੁਣ ਸਦਕਾ ਉਹ ਸਰਵੋਤਮ ਹਨ ਤੇ ਉਹਨਾਂ ਦਾ ਨਿਵਾਸ ਵਾਹਿਗੁਰੂ ਦੀ ਗੋਦ ਵਿਚ ਹੈ।

(ੲ) ਉਹਨਾਂ ਦੇ ਉਪਦੇਸ਼ਾਂ ਨਾਲ ਸਾਰਾ ਸੰਸਾਰ ਚਮਕ ਰਿਹਾ ਹੈ ਤੇ ਉਹਨਾਂ ਦੇ ਸੱਚੇ ਤੇ ਉੱਤਮ ਵਚਨਾਂ ਸਦਕਾ ਇਹ ਸੰਸਾਰ ਸਵਰਗ ਬਣ ਗਿਆ ਹੈ।

(ਸ) ਵਿਚਾਰੇ ਜੀਵਾਂ ਦੀ ਕੀ ਗੱਲ ਕਰਨੀ ਹੈ, ਸਾਰੀ ਸ੍ਰਿਸ਼ਟੀ ਹੀ ਉਹਨਾਂ ਦੀ ਦਾਸ ਹੈ, ਉਹਨਾਂ ਦੇ ਗੁਣ ਤੇ ਮਹਿਮਾ ਅਕੱਥ ਹੈ।

(5/1979)

SikhBookClub.com

ਸ੍ਰੀ ਗੁਰੂ ਅਮਰਦਾਸ ਜੀ ਦੇ ਆਖ਼ਰੀ ਬਚਨ

ਗੁਰੂ ਮਹਾਰਾਜ ਨੇ ਜੋ ਅੰਤਮ ਬਚਨ ਕੀਤੇ ਸਾਡੀ ਖ਼ੁਸ਼ ਕਿਸਮਤੀ ਨੂੰ ਉਹਨਾਂ ਦੇ ਹੀ ਪੋਤਰੇ ਬਾਬਾ ਸੁੰਦਰ ਜੀ ਨੇ ਲਿਖ ਲਏ ਤੇ ਪਿਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ 'ਸਦੁ' ਦੇ ਸਿਰਲੇਖ ਹੇਠਾਂ ਦਰਜ ਕਰ ਦਿੱਤੇ। ਆਪ ਜੀ ਨੇ ਫ਼ੁਰਮਾਇਆ:

ਇਹ ਸਭ ਹੁਕਮ ਦੀ ਖੇਡ ਹੈ। ਪ੍ਰਭੂ ਦਾ ਭਾਣਾ ਹੈ। ਉਸ ਦਾ ਸੱਦਾ ਆਉਣ 'ਤੇ ਕੋਈ ਨਹੀਂ ਰਹਿ ਸਕਦਾ। ਅਸਲ ਵਿਚ ਉਹ ਹੀ ਪੁਰਖ ਕਹਾਉਣ ਦਾ ਹੱਕਦਾਰ ਹੈ, ਉਹ ਹੀ ਭਗਤ ਹੈ, ਉਹ ਹੀ ਸਤਿਗੁਰੂ ਪੂਰਾ ਹੈ, ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲੱਗਦਾ ਹੈ। ਉਸ ਅੰਦਰ ਅਨੰਦ ਦੇ ਵਾਜੇ ਵੱਜਦੇ ਹਨ, ਅਕਾਲ ਪੁਰਖ ਆਪੂੰ ਗਲ ਲਗਾਉਂਦਾ ਹੈ:

ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥ *(ਪੰਨਾ ੯੨੩)*

ਪਹਿਲੀ ਗੱਲ, ਇਹ ਮੈਨੂੰ ਮੂਲੋਂ ਹੀ ਚੰਗਾ ਨਹੀਂ ਲੱਗਦਾ ਕਿ ਕੋਈ ਪਿਛੋਂ ਰੋਵੇ। ਤੁਹਾਨੂੰ ਤਾਂ ਸਗੋਂ ਪ੍ਰਸੰਨ ਹੋਣਾ ਚਾਹੀਦਾ ਹੈ। ਜ਼ਰਾ ਵਿਚਾਰ ਕੇ ਦੇਖਣਾ ਇਹ ਤਾਂ ਸਗੋਂ ਸਿਰਪਾਉ ਮਿਲ ਰਿਹਾ ਹੈ। ਸਿਰਪਾਉ ਮਿਲਣ 'ਤੇ ਪ੍ਰਸੰਨ ਹੋਣਾ ਚਾਹੀਦਾ ਹੈ ਕਿ ਸੋਗੀ?

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੁ ਪੈਨਾਵਏ॥ *(ਪੰਨਾ ੯੨੩)*

ਦੂਜੇ, ਪਿਛੋਂ ਨਿਰੋਲ ਕੀਰਤਨ ਕਰਨਾ। ਪਰਮਾਤਮਾ ਦੇ ਨਾਮ ਦੀ ਹੀ ਕਥਾ ਕਰਨੀ। ਕੋਈ ਪਿੰਡ ਨਾ ਭਰਣਾ, ਪਤਲ ਨਾ ਤਾਰਣਾ, ਦੀਵਾ ਨਾ ਬਾਲਣਾ, ਫੁੱਲ ਨਾ ਚੁੱਗਣੇ, ਮੈਨੂੰ ਵੱਡਾ ਵੀ ਨਾ ਕਰਨਾ। ਕੀਰਤਨ ਕਰਦੇ ਰਹਿਣਾ। ਗੁਰਸਿੱਖਾਂ ਨੇ ਪ੍ਰਸੰਨਤਾ ਨਾਲ ਮੰਨ ਲਿਆ। ਸਿਰ ਝੁਕਾ ਦਿੱਤਾ।

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮਨਿ ਲਈ ਰਜਾਇ ਜੀਉ॥ *(ਪੰਨਾ ੯੨੪)*

ਜਦ ਆਪ ਜੀ ਨੇ ਸੱਚਖੰਡ ਪਯਾਨਾ ਕੀਤਾ ਤਾਂ ਸਭ ਇਹ ਕੌਤਕ ਦੇਖ ਅਸਚਰਜ ਹੋਏ ਕਿ ਸੂਰਜ ਦਾ ਤੇਜ ਮੰਦ ਪੈ ਗਿਆ। ਇਕ ਹੋਰ ਹੀ ਪ੍ਰਕਾਸ਼ ਦਾ ਤੇਜ ਗੋਇੰਦਵਾਲ ਗਿਰਦ ਛਾ ਗਿਆ।

ਸੂਰਜ ਤੇਜ ਮੰਦ ਪਰ ਗਇਉ।
ਅਨਿਕ ਪ੍ਰਕਾਸ਼ ਅਪਰ ਬਿਧਿ ਭਇਉ।

ਸਾਰਾ ਵਾਤਾਵਰਣ ਸੁਗੰਧਿਤ ਹੋ ਗਿਆ ਅਤੇ ਇੰਝ ਪ੍ਰਤੀਤ ਹੋਵੇ ਕਿ ਮਧੁਰ ਮਧੁਰ ਸੰਗੀਤ ਚੱਲ ਰਿਹਾ ਹੈ। *(ਪ੍ਰਿ. ਸਤਿਬੀਰ ਸਿੰਘ ਦੀ ਪੁਸਤਕ 'ਪਰਬਤੁ ਮੇਰਾਣੁ' 'ਚੋਂ)*

(9/1983)

SikhBookClub.com

ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ

ਸ੍ਰੀ ਗੁਰੂ ਅਮਰਦਾਸ ਜੀ ਸੰਸਾਰਕ ਉਮਰ ਦੇ ਹਿਸਾਬ ਨਾਲ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਨਾਲੋਂ 10 ਸਾਲ ਛੋਟੇ ਤੇ ਗੁਰੂ ਅੰਗਦ ਦੇਵ ਜੀ ਨਾਲੋਂ 25 ਸਾਲ ਵਡੇਰੇ ਸਨ। (ਗੁਰੂ) ਅਮਰਦਾਸ ਜੀ ਦਾ ਪ੍ਰਕਾਸ਼ 5 ਮਈ 1479 ਈ. ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ, ਪਿਤਾ ਤੇਜ ਭਾਨ ਜੀ ਤੇ ਮਾਤਾ ਸੁਲੱਖਣੀ ਜੀ ਦੇ ਘਰ ਹੋਇਆ। ਆਪ ਜੀ ਹਰ ਸਾਲ ਹਰਿਦੁਆਰ, ਗੰਗਾ ਇਸ਼ਨਾਨ ਲਈ ਜਾਇਆ ਕਰਦੇ ਸਨ। ਗੰਗਾ ਇਸ਼ਨਾਨ ਵੀ ਉਸ ਸਮੇਂ ਕੋਈ ਸਹਿਲਾ ਕਾਰਜ ਨਹੀਂ ਸੀ, ਕੇਵਲ ਸ਼ਰਧਾ ਭਾਵਨਾ ਤੇ ਨਿਸ਼ਠਾਵਾਨ ਭਗਤ ਹੀ ਪੈਦਲ ਚੱਲ ਕੇ ਰਸਤੇ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ, ਆਪਣੇ ਨੇਮ ਨੂੰ ਬਣਾਈ ਰੱਖਣ ਦੇ ਯੋਗ ਸਨ। ਆਪ ਜੀ ਘਰ ਦੇ ਖਰਚਾਂ ਵਿਚੋਂ ਜੋ ਕੁਝ ਬਚਦਾ ਹਰ ਸਾਲ ਗੰਗਾ ਇਸ਼ਨਾਨ ਸਮੇਂ ਸਾਧੂ-ਮਹਾਤਮਾਂ ਦੀ ਸੇਵਾ ਲਈ ਖਰਚ ਕਰ ਦਿੰਦੇ। 1540 ਈ. ਵਿਚ ਗੰਗਾ ਇਸ਼ਨਾਨ ਤੋਂ ਵਾਪਸੀ ਸਮੇਂ ਆਪ ਜੀ ਦਾ ਮੇਲ ਇਕ ਬ੍ਰਹਮਚਾਰੀ ਸਾਧੂ ਨਾਲ ਹੋ ਗਿਆ। ਦੋਨੋਂ ਇਕੱਠੇ ਸਫਰ ਕਰਦੇ, ਦੋਨਾਂ ਦਾ ਮਾਰਗ ਇਕ ਸੀ। ਸਮਾਂ ਬੀਤਦਾ ਗਿਆ। ਇਕ ਦਿਨ ਸਾਧੂ ਨੇ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਆਪ ਜੀ ਕਹਿਣ ਲੱਗੇ ਸਤ-ਸੰਗਤਿ ਤਾਂ ਬੜੇ-ਬੜੇ ਮਹਾਂਪੁਰਸ਼ਾਂ ਦੀ ਕੀਤੀ ਹੈ, ਸੱਚੇ ਗੁਰੂ ਦੀ ਭਾਲ ਵਿਚ ਹੀ ਉਮਰ ਗੁਜ਼ਾਰੀ ਹੈ ਪਰ ਅਜੇ ਤੀਕ ਗੁਰੂ ਮਿਲਿਆ ਨਹੀਂ। ਇਹ ਸੁਣ ਬ੍ਰਹਮਚਾਰੀ ਸਾਧੂ ਬਹੁਤ ਖਫ਼ਾ ਹੋਇਆ ਤੇ ਇਹ ਕਹਿੰਦਾ ਹੋਇਆ ਸਾਥ ਛੱਡ ਗਿਆ—ਹੇ ਰਾਮ! ਨਿਗੁਰੇ ਦਾ ਸੰਗ, ਨਿਗੁਰੇ ਕਾ ਧਨ ਨਿਗੁਰੇ ਦਾ ਪੱਕਾ ਅੰਨ! ਜਨਮ ਗਿਆ ਅਕਾਰਥਾ! ਮੇਰੇ ਮੰਦੇ ਭਾਗ ਮੇਰੇ ਤਾਂ ਸੱਭੇ ਵਰਤ, ਨੇਮ, ਇਸ਼ਨਾਨ ਵਿਅਰਥ, ਜਪ-ਤਪ-ਧਰਮ ਕਰਮ ਸਭ ਨਸ਼ਟ ਹੋ ਗਏ...।

ਬ੍ਰਹਮਚਾਰੀ ਤਾਂ ਖ਼ਫ਼ਾ ਹੋ ਚਲਾ ਗਿਆ ਪਰ (ਗੁਰੂ) ਅਮਰਦਾਸ ਜੀ ਨੂੰ ਨਵੀਂ ਪ੍ਰੀਖਿਆ ਵਿਚ ਪਾ ਗਿਆ। ਮਨ ਨੂੰ ਕਰਾਰੀ ਚੋਟ ਲੱਗੀ। ਹਰ ਸਮੇਂ ਜ਼ਿਹਨ ਵਿਚ ਇਕ ਹੀ ਸਵਾਲ ਪੂਰਨ ਗੁਰੂ ਦੀ ਭਾਲ? ਕਿਥੋਂ ਤੇ ਕਿਸ ਤਰ੍ਹਾਂ ਹੋਵੇ? 24 ਘੰਟੇ ਇਹੀ ਚਿੰਤਾ, ਪੂਰਾ ਗੁਰੂ ਮਿਲ ਜਾਵੇ...। ਉਸ ਸਮੇਂ ਤੋਂ ਪੂਰੇ ਗੁਰੂ ਦੀ ਭਾਲ ਵਿਚ ਹੀ ਸੋਚਦੇ-ਵਿਚਾਰਦੇ ਰਹਿੰਦੇ, ਨਾ ਦਿਨੇ ਚੈਣ ਨਾ ਰਾਤ ਨੂੰ ਆਰਾਮ...। ਇਕ ਦਿਨ ਅੰਮ੍ਰਿਤ ਵੇਲੇ ਬੀਬੀ ਅਮਰੋ ਜੀ, ਜੋ (ਗੁਰੂ) ਅਮਰਦਾਸ ਜੀ ਦੇ ਭਤੀਜੇ ਨੂੰ ਵਿਆਹੀ ਸੀ) ਆਪਣੇ ਗੁਰੂ ਪਿਤਾ ਦੇ ਘਰੋਂ ਕੰਠ ਕੀਤੀ ਗੁਰੂ ਨਾਨਕ ਬਾਣੀ ਦਾ ਪਾਠ ਕਰ ਰਹੀ ਸੀ ਤਾਂ ਬਾਣੀ ਦੀ ਨਿਰਮਲ ਧੁਨੀ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਸੁਣੀ, ਮਨ ਗਦ-ਗਦ ਹੋ ਗਿਆ। ਬਾਣੀ ਦੇ ਰਚਣਹਾਰੇ ਬਾਰੇ ਜਾਣਨ ਦੀ ਤੀਬਰ ਇੱਛਾ ਪ੍ਰਗਟ ਹੋ ਗਈ। ਉਨ੍ਹਾਂ ਪ੍ਰੇਮ ਨਾਲ ਬੀਬੀ ਅਮਰੋ ਜੀ ਪਾਸੋਂ ਇਸ ਬਾਰੇ ਪੁੱਛਿਆ। ਬੀਬੀ ਅਮਰੋ ਜੀ ਨੇ ਦੱਸਿਆ ਕਿ ਇਸ ਬਾਣੀ ਦੇ ਰਚਣ ਵਾਲੇ ਆਦਿ ਗੁਰੂ ਨਾਨਕ ਦੇਵ ਜੀ ਹਨ ਤੇ ਉਨ੍ਹਾਂ ਦੀ ਥਾਂ 'ਤੇ ਇਸ ਸਮੇਂ ਮੇਰੇ ਗੁਰੂ-

SikhBookClub.com

ਪਿਤਾ ਜੀ ਗੁਰਗੱਦੀ 'ਤੇ ਬਿਰਾਜਮਾਨ ਹਨ। ਇਹ ਬਚਨ ਸੁਣ ਸ੍ਰੀ (ਗੁਰੂ) ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਜੀ ਨੂੰ ਮਿਲਣ ਦੀ ਖਾਹਸ਼ ਜ਼ਾਹਰ ਕੀਤੀ, ਰਿਸ਼ਤੇਦਾਰੀ ਵਜੋਂ ਨਹੀਂ ਸਗੋਂ ਇਕ ਸੱਚੇ-ਸੁੱਚੇ ਸ਼ਰਧਾਲੂ ਦੇ ਰੂਪ ਵਿਚ, ਕੁਝ ਸਮੇਂ ਬਾਅਦ ਦਰਸ਼ਨਾਂ ਨੂੰ ਗਏ ਬਸ 'ਦਰਸਨੁ ਪੇਖਤ ਹੋਇ ਨਿਹਾਲੁ' ਦਰਸ਼ਨ ਕਰਦਿਆਂ ਹੀ ਨਿਹਾਲ ਹੋ ਗਏ, ਗੁਰੂ ਦੇ ਹੋ ਗਏ। ਸੰਸਾਰਿਕ ਰਿਸ਼ਤਾ ਭੁਲ, ਗੁਰੂ ਜੀ ਦੀ ਸੇਵਾ ਵਿਚ ਜੁੱਟ ਗਏ। ਅਤੀ ਨਜ਼ਦੀਕੀ ਰਿਸ਼ਤਾ, ਉਮਰ ਵਿਚ ਵੀ 25 ਸਾਲ ਵੱਡੇ, ਪਰ ਗੁਰੂ ਮਿਲਾਪ ਨਾਲ ਮਿਲੀ ਤ੍ਰਿਪਤੀ ਨੇ ਸਭ ਕੁਝ ਭੁਲਾ, ਹਰ ਸਮੇਂ ਗੁਰੂ ਸੇਵਾ ਵਿਚ ਲੀਨ ਹੋ ਗਏ। ਗੁਰੂ-ਸਿੱਖ ਦਾ ਰਿਸ਼ਤਾ ਉਮਰਾਂ ਨਾਲ ਨਹੀਂ ਨਾਪਿਆ ਜਾ ਸਕਦਾ ਕਿਉਂਕਿ ਰਿਸ਼ਤਾ ਅਧਿਆਤਮਕ ਹੈ, ਇਸ ਨੂੰ ਮਿਣਨ ਲਈ ਪੈਮਾਨਾ ਵੀ ਅਧਿਆਤਮਕ ਹੀ ਚਾਹੀਦਾ ਹੈ। ਗੁਰੂ-ਘਰ ਵਿਚ ਜੋ ਸੇਵਾ ਸ੍ਰੀ (ਗੁਰੂ) ਅਮਰਦਾਸ ਜੀ ਨੇ ਕੀਤੀ ਉਸ ਦਾ ਕੋਈ ਸਾਨੀ ਨਹੀਂ, ਨਿਤ ਪਹਿਰ ਰਾਤ ਰਹਿੰਦਿਆਂ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ, ਗੁਰੂ-ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਨੇਮ ਨਾਲ ਲੈ ਕੇ ਆਉਂਦੇ। ਇਹ ਨੇਮ ਕੁਝ ਦਿਨ ਨਹੀਂ, ਸਗੋਂ ਲਗਾਤਾਰ 12 ਸਾਲ ਨਿਭਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਤੋਂ ਪਿੱਛੋਂ ਗੁਰੂ ਕੇ ਲੰਗਰ ਦੀ ਸੇਵਾ, ਜਲ ਭਰਨ ਦੀ ਸੇਵਾ, ਬਰਤਨਾਂ ਦੀ ਸੇਵਾ, ਬਸ 24 ਘੰਟੇ ਸੇਵਾ-ਸਿਮਰਨ ਵਿਚ ਹੀ ਜੁਟੇ ਰਹਿੰਦੇ। ਕਿਹਾ ਜਾਂਦਾ ਹੈ ਕਿ ਸ੍ਰੀ (ਗੁਰੂ) ਅਮਰਦਾਸ ਜੀ ਬਿਆਸ ਦਰਿਆ ਵੱਲ ਜਾਣ ਸਮੇਂ ਪੁੱਠੇ ਪੈਰੀਂ ਚਲਦੇ ਤਾਂ ਜੋ ਗੁਰੂ ਪਿਤਾ ਵੱਲ ਪਿੱਠ ਨਾ ਹੋ ਜਾਵੇ। ਇਸ ਤਰ੍ਹਾਂ ਸੇਵਾ ਸਿਮਰਨ ਕਰਦਿਆਂ ਕਈ ਸਾਲ ਬੀਤ ਗਏ। 'ਮਹਿਮਾ ਪ੍ਰਕਾਸ਼' ਵਾਰਤਕ ਦੇ ਕਰਤਾ ਨੇ (ਗੁਰੂ) ਅਮਰਦਾਸ ਜੀ ਦੀ ਘਾਲ-ਕਮਾਈ ਨੂੰ ਇਸ ਤਰ੍ਹਾਂ ਰੂਪਮਾਨ ਕੀਤਾ ਹੈ:

ਰਹੇ ਪਹਰ ਰਾਤ ਤਬ ਜਲ ਭਰ ਲਿਆਵੈ।
ਸਤਿਗੁਰ ਕੋ ਇਸਨਾਨ ਕਰਾਵੈ॥੬੭॥
ਇਸਨਾਨ ਕਰਾਇ ਇਕਾਂਤ ਬਹ ਰਹੇ।
ਕਾਹੂ ਸੇ ਕਿਛੁ ਸੁਨੇ ਨ ਕਹੇ।
ਸਤਿਗੁਰ ਮੂਰਤ ਹਿਰਦੇ ਧਰੇ।
ਖਾਨ ਪਾਨ ਕੁਛ ਸੁਧ ਨਹੀਂ ਕਰੇ॥੬੮॥
ਇਹ ਬਿਧ ਦੁਆਦਸ ਬਰਖ ਬਿਤਏ...॥

ਇਕ ਦਿਨ ਪਹਿਰ ਰਾਤ ਦਾ ਸਮਾਂ, ਰਾਤ ਹਨੇਰੀ, ਮੀਂਹ ਝੱਖੜ ਦੇ ਜ਼ੋਰ, ਬਿਰਧ ਸਰੀਰ, ਹਰ ਪਾਸੇ ਚਿੱਕੜ ਹੀ ਚਿੱਕੜ ਪਰ ਦੂਸਰੇ ਪਾਸੇ ਪ੍ਰੇਮ ਦਾ ਨੇਮ! (ਗੁਰੂ) ਅਮਰਦਾਸ ਗਾਗਰ ਲੈ ਬਿਆਸ ਦਰਿਆ ਵੱਲ ਚਲ ਪਏ। ਵਾਪਸੀ ਸਮੇਂ ਜੁਲਾਹੇ ਦੀ ਖੱਡੀ ਨਾਲ ਠੇਡਾ ਖਾ ਡਿੱਗ ਪਏ, ਡਿੱਗਣ ਦੀ ਆਵਾਜ਼ ਸੁਣ ਜੁਲਾਹੇ ਨੇ ਪੁੱਛਿਆ, "ਐਸ ਵੇਲੇ ਕੌਣ ਡਿੱਗ ਪਿਆ?"

ਜੁਲਾਹੀ ਨੇ ਸੰਖੇਪ ਵਿਚ ਕਿਹਾ, "ਹੋਊ ਅਮਰੂ ਨਿਥਾਵਾਂ, ਹੋਰ ਕੌਣ ਹੋ ਸਕਦਾ ਹੈ।"

ਜਾਣੀ ਜਾਣ ਸਤਿਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਿਨੇ ਦਰਬਾਰ ਵਿਚ ਜੁਲਾਹੀ ਨੂੰ ਪੁੱਛਿਆ ਤਾਂ ਉਸ ਨੇ ਸਾਫ਼ ਕਹਿ ਦਿੱਤਾ ਕਿ ਉਸ ਨੇ ਕਿਹਾ ਸੀ। ਇਹ ਸੁਣ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਮਰਦਾਸ 'ਤੇ ਮੇਹਰਾਂ ਦਾ ਮੀਂਹ ਵਰਸਾ ਦਿੱਤਾ, ਇਹ ਅਮਰੂ ਨਿਥਾਵਾਂ ਨਹੀਂ ਇਹ ਤਾਂ ਨਿਥਾਵਿਆਂ ਦਾ ਥਾਂ ਹੈ, ਨਿਆਸਰਿਆਂ ਦਾ ਆਸਰਾ ਹੈ, ਨਿਮਾਣਿਆਂ ਦਾ ਮਾਣ ਹੈ... ਤੇ ਹੋਰ

SikhBookClub.com

ਬਹੁਤ ਸਾਰੀਆਂ ਬਖ਼ਸ਼ਿਸ਼ਾਂ ਕੀਤੀਆਂ। ਸਿੰਘਾਸਨ ਤੋਂ ਉਠ ਅਮਰਦਾਸ ਨੂੰ ਸੀਨੇ ਨਾਲ ਲਾਇਆ ਤੇ ਗੁਰਗੱਦੀ ਦੀ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪ ਦਿੱਤੀ। ਪੰਜ ਪੈਸੇ ਤੇ ਨਾਰੀਅਲ ਰੱਖ ਮੱਥਾ ਟੇਕਿਆ। ਭਾਈ ਗੁਰਦਾਸ ਜੀ ਵਰਣਨ ਕਰਦੇ ਹਨ:

ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ।।੪੬।।

(ਵਾਰ ੧)

ਰਾਮਕਲੀ ਰਾਗ ਵਿਚ ਭਾਈ ਸਤੇ-ਬਲਵੰਡਿ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੋਤਾ ਕਿਹਾ ਹੈ। ਉਹੀ ਕਚਹਿਰੀ ਹੈ, ਉਹੀ ਟਿਕਾ ਹੈ, ਉਹੀ ਤਖ਼ਤ ਹੈ, ਜਿਸ 'ਤੇ ਪਹਿਲਾਂ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਸਨ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥

(ਪੰਨਾ ੯੬੮)

ਭਾਈ ਗੁਰਦਾਸ ਜੀ ਨੇ ਵੀ ਗੁਰੂ ਪੀੜ੍ਹੀ ਨੂੰ ਦਰਸਾਉਂਦਿਆਂ ਹੋਇਆਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੋਤਾ ਕਿਹਾ ਹੈ:

ਸਬਦੁ ਸੁਰਤਿ ਪਰਚਾਇ ਕੈ ਚੇਲੇ ਤੇ ਗੁਰੁ ਗੁਰੁ ਤੇ ਚੇਲਾ।
ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ।
ਦੁਧਹੁ ਦਹੀ ਵਖਾਣੀਐ ਦਹੀਅਹੁ ਮਖਣੁ ਕਾਜੁ ਸੁਹੇਲਾ।
ਮਿਸਰੀ ਖੰਡੁ ਵਖਾਣੀਐ ਜਾਣੁ ਕਮਾਦਹੁ ਰੇਲਾ ਪੇਲਾ।
ਖੀਰਿ ਖੰਡੁ ਘਿਉ ਮੇਲਿ ਕਰਿ ਅਤਿ ਵਿਸਮਾਦੁ ਸਾਦ ਰਸ ਕੇਲਾ।
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗ ਸੁਹੇਲਾ।
ਪੋਤਾ ਪਰਵਾਣੀਕੁ ਨਵੇਲਾ॥੧੦॥

(ਵਾਰ ੨੪)

ਹੋਰ

ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।
ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ।

(ਵਾਰ ੨੪:੧੨)

ਗੁਰਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲ ਜਾਣ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰਾਂ ਨੇ ਬਹੁਤ ਵਿਰੋਧ ਕੀਤਾ। ਅਰੰਭ ਵਿਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਜੀ ਨੇ ਜ਼ਾਤੀ ਰੰਜਸ਼ ਦਾ ਇਜਹਾਰ ਕੀਤਾ, ਇਸ ਤਰ੍ਹਾਂ ਸਥਾਨਕ ਤਪੇ ਨੇ ਵੀ ਤੀਖਣ ਵਿਰੋਧ ਕੀਤਾ। ਆਪਣੇ ਵਿਰੋਧੀਆਂ ਨਾਲ ਨਿਪਟਣ

SikhBookClub.com

ਲਈ ਗੁਰੂ ਜੀ ਨੇ ਬੜੀ ਧੀਰਜ ਤੋਂ ਕੰਮ ਲਿਆ। ਆਪ ਜੀ ਦੀ ਦ੍ਰਿੜ੍ਹਤਾ ਸੁਮੇਰ ਪਰਬਤ ਵਾਂਗ ਸੀ ਜਿਸ ਦਾ ਘਰੇਲੂ ਵਿਰੋਧ ਕੁਝ ਨਾ ਵਿਗਾੜ ਸਕਿਆ। ਭਾਈ ਸਤੇ-ਬਲਵੰਡ ਜੀ ਨੇ ਆਪ ਜੀ ਨੂੰ ਸੁਮੇਰ ਪਰਬਤ ਦੀ ਉਪਮਾ ਦਿੱਤੀ ਹੈ ਕਿ ਆਪ ਜੀ ਸੁਮੇਰ ਪਰਬਤ ਵਾਂਗੂੰ ਅਹਿੱਲ ਹਨ, ਨਿਸ਼ਠਾਵਾਨ ਤੇ ਦ੍ਰਿੜ੍ਹ ਹਨ ਤੇ ਘਟ-ਘਟ ਦੀ ਜਾਨਣਹਾਰ ਹਨ:

ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥

(ਪੰਨਾ ੯੬੮)

ਗੁਰੂ ਜੀ ਦੀ ਭਗਤੀ-ਭਾਵਨਾ, ਸੇਵਾ-ਸਿਮਰਨ ਮਨੁੱਖੀ ਸਮਾਨਤਾ ਤੇ ਸਮਾਜਿਕ ਬਰਾਬਰੀ ਨੂੰ ਕਾਇਮ ਕਰਨ ਵਾਲੇ ਕਾਰਜਾਂ ਨੇ ਬਹੁਤ ਸਾਰੇ ਲੋਕਾਂ ਨੂੰ 'ਨਾਨਕ ਨਿਰਮਲ ਪੰਥ' ਵੱਲ ਪ੍ਰੇਰਿਤ ਕੀਤਾ। ਆਪ ਜੀ ਦਾ ਵਸਾਇਆ ਹੋਇਆ ਗੋਇੰਦਵਾਲ ਨਗਰ ਸਿੱਖੀ ਪ੍ਰਚਾਰ ਦਾ ਅਜਿਹਾ ਕੇਂਦਰ ਬਣ ਗਿਆ ਕਿ ਇਸ ਨੂੰ ਸਿੱਖੀ ਦਾ ਧੁਰਾ ਕਿਹਾ ਗਿਆ। ਸਿੱਖ ਜਥੇਬੰਦੀ ਹੋਰ ਜਥੇਬੰਦ ਕਰਨ ਤੇ ਪ੍ਰਚਾਰ ਕਾਰਜ ਨੂੰ ਵਧਾਉਣ ਹਿੱਤ ਆਪ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਮੰਜੀਦਾਰਾਂ ਦਾ ਕੰਮ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਨਾ ਤੇ ਸਥਾਨਕ ਸਿੱਖ ਸੰਗਤਾਂ ਨੂੰ ਕੇਂਦਰ ਨਾਲ ਜੋੜੀ ਰੱਖਣਾ ਸੀ। ਆਪ ਜੀ ਨੇ ਸਮਾਜਿਕ ਨਾ ਬਰਾਬਰੀ ਨੂੰ ਦੂਰ ਕਰਨ ਲਈ ਲੰਗਰ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਜੀ ਦਾ ਹੁਕਮ ਸੀ ਕਿ ਮੇਰੇ ਦਰਸ਼ਨਾਂ ਨੂੰ ਉਹੀ ਆਵੇ ਜਿਸ ਨੇ ਪਹਿਲਾਂ ਪੰਗਤ ਵਿਚ ਬੈਠ ਪ੍ਰਸ਼ਾਦ ਛਕਿਆ ਹੋਵੇ। ਅਕਬਰ ਬਾਦਸ਼ਾਹ ਤੇ ਹਰੀਪੁਰ ਦੇ ਰਾਜੇ ਨੂੰ ਵੀ ਗੁਰੂ ਦਰਸ਼ਨਾਂ ਲਈ ਇਸ ਨਿਯਮ ਦੀ ਪਾਲਣਾ ਕਰਨੀ ਪਈ। ਬਾਦਸ਼ਾਹ ਅਕਬਰ ਲੰਗਰ ਪ੍ਰਥਾ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਗੁਰੂ ਕੇ ਲੰਗਰ ਲਈ ਜਗੀਰ ਲਾਉਣ ਦੀ ਇੱਛਾ ਜ਼ਾਹਿਰ ਕੀਤੀ ਪਰ ਗੁਰੂ ਜੀ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਗੁਰੂ ਕਾ ਲੰਗਰ ਸਭ ਲਈ ਹੈ ਤੇ ਸਭ ਦੇ ਸਹਿਯੋਗ ਨਾਲ ਹੀ ਚਲਣਾ ਚਾਹੀਦਾ ਹੈ। ਇਸ ਤਰ੍ਹਾਂ ਸੰਗਤ-ਪੰਗਤ ਦੀ ਪ੍ਰਥਾ ਨੇ ਮਨੁੱਖੀ ਸਮਾਨਤਾ ਬਣਾਉਣ ਤੇ ਸਮਾਜਿਕ ਉੱਚ-ਨੀਚਤਾ ਦੀ ਭਾਵਨਾ ਨੂੰ ਖ਼ਤਮ ਕਰਨ ਵਿਚ ਭਰਵਾਂ ਹਿੱਸਾ ਪਾਇਆ। ਗੋਇੰਦਵਾਲ ਸਾਹਿਬ ਵਿਚ ਬਾਉਲੀ ਵੀ ਇਸੇ ਕਾਰਜ ਹਿੱਤ ਹੀ ਬਣਾਈ ਗਈ।

ਗੁਰੂ ਜੀ ਨੇ ਸਮਾਜਿਕ ਬੁਰਾਈ, ਸਤੀ ਦੀ ਰਸਮ ਦਾ ਸਖ਼ਤ ਵਿਰੋਧ ਕੀਤਾ ਤੇ ਲੋਕਾਂ ਨੂੰ ਸਮਝਾਇਆ ਕਿ ਸਤੀਆਂ ਉਹ ਨਹੀਂ ਹਨ ਜੋ ਪਤੀ ਦੀ ਮੜ੍ਹੀ 'ਤੇ ਸੜ ਮਰਦੀਆਂ ਹਨ। ਅਸਲ ਸਤੀਆਂ ਤਾਂ ਉਹ ਹਨ ਜੋ ਵਿਛੋੜੇ ਦੇ ਦਰਦ ਨੂੰ ਪ੍ਰਭੂ ਭਾਣਾ ਸਮਝ ਮੰਨਦੀਆਂ ਹਨ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥ *(ਪੰਨਾ ੭੮੭)*

ਸ੍ਰੀ ਗੁਰੂ ਅਮਰਦਾਸ ਜੀ ਨੇ 22 ਸਾਲ 5 ਮਹੀਨੇ ਗੁਰਿਆਈ ਦੀ ਜ਼ਿੰਮੇਵਾਰੀ ਨਿਭਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

(3/1993)

SikhBookClub.com

ਜੀਵਨ-ਦਰਸ਼ਨ
ਸ੍ਰੀ ਗੁਰੂ ਰਾਮਦਾਸ ਜੀ

SikhBookClub.com

ਕੀਆ ਪੂਰਨ ਪਾਰਬ੍ਰਹਮ ਕਾ ਪੰਥ

ਭਾਈ ਨੰਦ ਲਾਲ ਜੀ ਨੇ 'ਜੰਗਨਾਮਾ' ਵਿਚ ਲਿਖਿਆ ਹੈ ਕਿ:

ਜਦ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਦੇ ਹਜ਼ੂਰ ਹੋਏ ਤਾਂ ਖ਼ੁਦਾ ਨੇ ਇਹ ਹੀ ਆਗਿਆ ਕੀਤੀ ਕਿ ਮੇਰੇ ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾ। ਪੰਥ ਛੱਡ ਕੇ ਆਲਮ ਕੁਰਾਹੇ ਪਿਆ ਹੈ। ਜਾਦੂਗਰਾਂ ਪਿੱਛੇ ਨੱਸਦਾ ਹੈ। ਉਹਨਾਂ ਦੇ ਰਾਹ ਨੂੰ ਮੇਰੇ ਵੱਲ ਮੋੜ, ਤਾਂ ਕਿ ਸਿਮਰਨ ਤੋਂ ਛੁੱਟ ਕਿਸੇ ਹੋਰ ਰਾਹ ਨਾ ਜਾਣ। ਉਹਨਾਂ ਸਭਨਾਂ ਦਾ ਮੂੰਹ ਮੇਰੇ ਧਿਆਨ ਵੱਲ ਭਵਾਂਦੇ ਤਾਂ ਜੋ ਮੇਰੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿਝ ਨਾ ਸਮਝਣ:

ਰੂ ਨੁਮਾ ਜੁਮਲਾ ਰਾ ਸੂਇ ਫਿਕਰਮ।
ਕਿ ਨਦਾਰੰਦ ਦੋਸਤ ਜੁਜ਼ ਜ਼ਿਕਰਮ।

ਸੋ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪਣ ਵੇਲੇ ਜਿਥੇ ਗੁਰੂ ਨਾਨਕ ਦੇਵ ਜੀ ਨੇ ਹੋਰ ਬਚਨ ਗੁਰੂ ਅੰਗਦ ਦੇਵ ਜੀ ਨੂੰ ਕਹੇ ਸਨ, ਇਕ ਇਹ ਵੀ ਸੀ ਕਿ 'ਪਾਰਬ੍ਰਹਮ ਦਾ ਪੰਥ ਕਰਨਾ।' ਇਹ ਹੀ ਹੁਕਮ ਗੁਰੂ ਅਮਰਦਾਸ ਜੀ ਨੂੰ ਸੀ ਅਤੇ ਇਹ ਹੀ ਆਗਿਆ ਗੁਰੂ ਰਾਮਦਾਸ ਜੀ ਨੂੰ ਹੋਈ ਸੀ। 'ਪਾਰਬ੍ਰਹਮ ਦਾ ਪੰਥ' ਦਸਮੇਸ਼ ਪਿਤਾ ਵੇਲੇ 'ਵਾਹਿਗੁਰੂ ਜੀ ਕਾ ਖਾਲਸਾ' ਬਣਿਆ।

ਪਾਰਬ੍ਰਹਮ ਦਾ ਪੰਥ ਬਣਾਉਣ ਲਈ ਗੁਰੂ ਅੰਗਦ ਦੇਵ ਜੀ ਨੇ ਕਈ ਉਪਰਾਲੇ ਕੀਤੇ ਅਤੇ ਗੁਰੂ ਅਮਰਦਾਸ ਜੀ ਨੂੰ ਬੜੀ ਜਦੋ ਜਹਿਦ ਕਰਨੀ ਪਈ, ਜਿਨ੍ਹਾਂ ਦਾ ਵੇਰਵਾ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਵਿਚ ਦਿੱਤਾ ਹੈ।

ਪੰਥ ਦੀ ਸੰਭਾਲ ਲਈ ਸਭ ਤੋਂ ਪਹਿਲਾਂ ਉਸ ਸਾਂਝੇ ਕੀਮਤੀ ਵਿਰਸੇ ਨੂੰ ਸੰਭਾਲਿਆ। ਫਿਰ ਸੰਭਾਲਿਆ ਵੀ ਉਸ ਥਾਵੇਂ ਜਿਥੋਂ ਕੋਈ ਭੰਨ, ਮੋੜ ਨਾ ਕਰ ਸਕੇ। ਹਰ ਉਸ ਘਟਨਾ, ਬੋਲ, ਸਾਖੀ ਤੇ ਹੁਕਮ ਨੂੰ ਸੰਭਾਲ ਲਿਆ ਤਾਂ ਕਿ ਮਾਰਗ ਦਰਸ਼ਨ ਹੁੰਦਾ ਰਹੇ। ਗਉੜੀ ਕੀ ਵਾਰ, ਤੁਖਾਰੀ ਮਹਲਾ ਚੌਥਾ ਦਾ 'ਨਾਵਣੁ ਪੁਰਬੁ ਅਭੀਚੁ' ਵਾਲਾ ਸ਼ਬਦ ਇਸੇ ਪਾਸੇ ਦੀਆਂ ਮੁੱਖ ਉਦਾਹਰਣਾਂ ਹਨ।

ਇਕ ਦਾ ਸਿਮਰਨ

ਵੱਖ-ਵੱਖ ਰਾਹ ਬਣ ਜਾਣ ਦਾ ਕਾਰਨ ਹੋਰ ਕੋਈ ਨਹੀਂ ਹੋ ਕੇ ਪੂਜਾ ਦੇ ਢੰਗ ਹੀ ਹਨ। ਗੁਰੂ ਜੀ ਨੇ ਦੇਖ ਲਿਆ ਸੀ ਕਿ ਇਸਲਾਮ ਜੋ ਹੈ ਤਾਂ ਇਕ ਦਾ ਪੁਜਾਰੀ ਪਰ ਉਸ ਦੇ ਵੀ ਅਨੇਕਾਂ ਫਿਰਕੇ ਬਣ ਗਏ। ਪੱਥਰ ਪੂਜ ਹੀ ਬਣ ਗਏ। ਦਰਗਾਹਾਂ ਦੇ ਬਹਾਨੇ ਕਬਰਾਂ ਪੂਜਣ ਲੱਗ ਪਏ। ਹਿੰਦੂਆਂ ਨੇ ਤਾਂ ਅਵਤਾਰ ਪੂਜਾ ਤੇ ਪੱਥਰ ਪੂਜਾ ਨੂੰ ਮੁੱਖ ਹੀ ਰੱਖ ਲਿਆ। ਪੂਜਾ ਮਰਯਾਦਾ ਦਾ ਹਿੱਸਾ ਨਾ ਬਣ ਜਾਏ ਇਸ ਲਈ ਸਿਮਰਨ 'ਤੇ ਜ਼ੋਰ ਦਿੱਤਾ। ਇਕ ਦਾ ਸਿਮਰਨ, ਇਕ ਦੀ ਸੇਵਾ, ਇਕ ਦੀ ਲਗਨ ਤੇ ਇਕਾ ਬਾਣੀ ਨੂੰ ਪ੍ਰਚਾਰਿਆ।

SikhBookClub.com

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥ (ਪੰਨਾ ੫੯੦)

ਸੂਹੀ ਕੀ ਵਾਰ ਮਹਲੇ ੪ ਦਾ ਮੁਖ ਧੁਰਾ ਹੀ 'ਇਕਾ ਬਾਣੀ, ਇਕੁ ਗੁਰ, ਇਕੋ ਸਬਦ ਵੀਚਾਰ' ਸੀ। "ਓਅੰਕਾਰ" ਦੀ ਬਾਣੀ ਜੋ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਤਰਜ ਦੀ ਰਾਮਕਲੀ ਵਿਚ ਗਾਈ ਸੀ, ਉਸ ਵਿਚ ਪ੍ਰਗਟ ਕਰ ਗਏ ਸਨ ਕਿ ਜੋ ਪੰਥ ਉਹ ਸਾਜ ਰਹੇ ਹਨ, ਉਸ ਵਿਚ ਕੋਈ ਹੋਰ ਪਗਡੰਡੀਆਂ ਨਹੀਂ ਹਨ।

ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥ (ਪੰਨਾ ੯੩੪)

ਉਹ ਹੁਣ ਗੁਰੂ ਰਾਮਦਾਸ ਜੀ ਵੇਲੇ ਪੂਰਨ ਹੋਇ ਆਇਆ। ਨਿਰਾ ਤਾਲ ਹੀ ਪੂਰਨ ਨਹੀਂ ਹੋਇਆ। ਪੰਥ ਵੀ ਪੂਰਨ ਹੋਇਆ, ਜਗ ਵਿਚ ਪ੍ਰਗਟ ਹੋਇਆ।

'ਮੰਜੀਆਂ' ਦੇ ਬਣ ਜਾਣ ਬਾਅਦ ਇਹ ਚਿਤਵਨੀ ਉਠੀ ਸੀ ਕਿ ਕਿਧਰੇ ਇਹ ਮੰਜੀਆਂ ਵਾਲੇ ਅਲੱਗ-ਅਲੱਗ ਰਾਹ ਹੀ ਨਾ ਘੜ ਲੈਣ। ਸੋ ਗੁਰੂ ਰਾਮਦਾਸ ਜੀ ਨੇ ਇਹਨਾਂ ਮੰਜੀਆਂ ਨੂੰ ਤਾੜਨਾ ਸੰਬੋਧਨ ਤੇ ਧੁਰੇ ਨਾਲ ਜੋੜੀ ਰੱਖਣ ਲਈ 'ਮਸੰਦ' ਦੀ ਪ੍ਰਥਾ ਬਣਾਈ। ਇਹ ਉੱਚੇ ਸੁੱਚੇ ਆਚਰਣ ਵਾਲੇ ਵਿਦਵਾਨ ਪੁਰਸ਼ ਹੁੰਦੇ ਸਨ ਅਤੇ ਗੁਰੂ ਜੀ ਦੀ ਵਿਚਾਰ ਨੂੰ ਸੰਗਤਾਂ ਸਿੱਖਾਂ ਤੇ ਮੰਜੀਦਾਰਾਂ ਤੱਕ ਪਹੁੰਚਾਉਣਾ ਉਹਨਾਂ ਦਾ ਕਰਮ ਸੀ। ਜੋ ਭੇਟਾ ਮੰਜੀਆਂ ਵਾਲੇ ਲੈਂਦੇ ਇਹ ਇਕੱਠੀ ਕਰ ਕੇ ਗੁਰੂ ਘਰ ਪਹੁੰਚਾ ਦੇਂਦੇ।

ਮਸੰਦਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ ਜੋ ਦੂਰ ਦੁਰਾਡੇ ਜਾ ਕੇ ਸਿੱਖੀ ਦੇ ਮਾਰਗ ਨੂੰ ਸਾਵਾਂ ਪੱਧਰਾ ਰੱਖਦੇ ਸਨ। ਜਦ ਕਿਸੇ ਨੇ ਮਸੰਦ ਕੋਲੋਂ ਪੁੱਛਿਆ ਸੀ ਕਿ ਤੁਸੀਂ ਗੁਰੂ ਦੀ ਕੌਡੀ ਨੂੰ ਕਿਵੇਂ ਜਾਣਦੇ ਹੋ ਤਾਂ ਭਾਈ ਅਜਬ ਜੀ ਨੇ ਕਿਹਾ ਸੀ, 'ਸ਼ਿਵ ਨਿਰਮਾਇਲਾ' ਭਾਵ ਜ਼ਹਿਰ। ਇਸ ਤਰ੍ਹਾਂ ਪੰਥ ਵਿਚ ਪੂਜਾ ਦਾ ਜ਼ਹਿਰ ਨਾ ਪੈਣ ਦਿੱਤਾ ਅਤੇ ਧੁਰੇ ਨਾਲੋਂ ਕੋਈ ਟੁਟਿਆ ਵੀ ਨਾ। ਅੰਮ੍ਰਿਤਸਰ ਦੀ ਹੋਂਦ ਨੇ ਪੰਥ ਨੂੰ ਕਦੇ ਵੀ ਖੇਰੂੰ-ਖੇਰੂੰ ਨਾ ਹੋਣ ਦਿੱਤਾ।

ਮਰਯਾਦਾ ਪੱਕੀਆਂ ਕੀਤੀਆਂ

ਜਨਮ, ਵਿਆਹ, ਮੌਤ ਤੇ ਨਿਤਨੇਮ ਦੀ ਮਰਯਾਦਾ ਨੂੰ ਗੁਰੂ ਰਾਮਦਾਸ ਜੀ ਨੇ ਪੱਕਿਆਂ ਕਰ ਦਿੱਤਾ। ਅਨੰਦ ਵਿਆਹ ਪ੍ਰਚਲਤ ਹੋਣ ਨਾਲ ਪੰਥ ਦੀ ਪੂਰਨਤਾ ਦਾ ਐਲਾਨ ਹੋ ਗਿਆ। ਜਦ ਪਿਛੋਂ ਅਨੰਦ ਮੈਰਿਜ ਐਕਟ ਬਣਿਆ ਤਾਂ ਡਾਕਰਟ ਤਾਰਾ ਚੰਦ ਨੇ ਲਿਖਿਆ ਕਿ:

> ਇਹ ਕੋਈ ਨਿਰੇ ਵਿਆਹ ਸਵੀਕ੍ਰਿਤੀ ਮਿਲਣ ਵਾਲੀ ਗੱਲ ਤਕ ਹੀ ਸੀਮਤ ਨਹੀਂ ਸੀ। ਇਸ ਦੇ ਪ੍ਰਭਾਵ ਵਿਆਪਕ ਸਨ। ਇਸ ਨਾਲ ਉਹ ਖਿੜਕੀ ਖੁਲ੍ਹ ਗਈ ਜਿਸ ਰਾਹੀਂ ਖੁਲ੍ਹੇ ਜਗਤ ਤੋਂ ਅੰਦਰ ਤਾਜ਼ਾ ਹਵਾ ਆਉਣ ਲੱਗੀ। ਫੋਕੀਆਂ ਰੀਤਾਂ ਤੇ ਫਜ਼ੂਲ ਰਸਮਾਂ ਦੇ ਜੂਲ੍ਹੇ ਹੇਠੋਂ ਕੌਮ ਦਾ ਇਸ ਐਕਟ ਅਧੀਨ ਛੁਟਕਾਰਾ ਪਾਉਣ 'ਤੇ ਹੋਰ ਅੱਗੇ ਨੂੰ ਧਾਹ ਸਕਣ ਲਈ ਸਮਰਥ ਹੋਈ। ਇਸ ਦੀ ਹੋਂਦ ਸਦਕਾ ਹਿੰਦੂਆਂ ਨਾਲੋਂ ਪੰਥ ਸਾਫ਼ ਨਿਖੜ ਗਿਆ। ਅਨੰਦ ਵਿਆਹ ਗੁਰਮਤਿ ਰੀਤੀ ਨਾਲ ਹੋਣ ਨਾਲ ਹੋਰ ਪ੍ਰਭਾਵ ਇਹ ਪਿਆ ਕਿ ਕੌਮ ਵਿਚ ਆਪਣੇ

SikhBookClub.com

'ਤੇ ਵਿਸ਼ਵਾਸ ਜਾਗਿਆ। ਪ੍ਰੋਹਿਤ, ਪੰਡਿਤ, ਮੁਲਾਂ, ਕਾਜ਼ੀ ਤੋਂ ਪੰਥ ਬੇਨਿਆਜ਼ ਹੋ ਗਿਆ।

"ਹਰ ਕਾਰਜ ਦੀ ਅਰੰਭਤਾ ਵੇਲੇ ਕੇਵਲ ਵਾਹਿਗੁਰੂ ਅੱਗੇ ਅਰਦਾਸ ਕਰੋ", ਆਖ ਕੇ ਕਿਤਨਾ ਸਹਿਲ ਬਣਾ ਦਿੱਤਾ ਪੰਥ 'ਤੇ ਟੁਰਨਾ। ਪੰਥ ਹਰ ਕਾਰਜ ਕਰਨ ਵੇਲੇ ਹੁਣ ਸ੍ਰੀ ਰਾਗ ਦੀ ਪਉੜੀ :

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥

(ਪੰਨਾ ੯੧)

ਪੜ੍ਹਦਾ। ਪੰਥ ਦਾ ਵਿਸ਼ਵਾਸ ਹੈ ਕਿ ਸਤਿਗੁਰੂ ਸਾਖੀ ਹੋ ਕੇ ਕਾਰਜ ਨੂੰ ਸਿਰੇ ਚਾੜ੍ਹ ਦੇਂਦਾ ਹੈ। ਧਰਮਸਾਲ (ਗੁਰਦੁਆਰਿਆਂ) ਧਰਮ-ਸਾਲੀਆਂ ਤੇ ਪ੍ਰਬੰਧਕਾਂ ਲਈ ਵੀ ਮਰਯਾਦਾ ਦੱਸੀ। ਗੁਰੂ ਜੀ ਨੇ ਸਿੱਖ ਨੂੰ ਖ਼ਾਸ ਕਰ ਜੋ ਨਿੱਤ ਦੀ ਮਰਯਾਦਾ ਦੱਸੀ, ਉਹ ਪੰਥ ਨੂੰ ਪੂਰਨ ਕਰਨ ਵਿਚ ਬਹੁਤ ਹੀ ਸਹਾਇਕ ਹੋਈ। ਖੱਬੇ ਸੱਜੇ ਦੇਖਣ, ਪੁੱਛਣ, ਸੁੱਖਾਂ ਸੁੱਖਣ, ਸ਼ਗਨ-ਅਪਸ਼ਗਨ ਤੇ ਹੋਰ ਡਰਾਂ ਤੋਂ ਕੌਮ ਨੂੰ ਮੁਕਤ ਕਰ ਦਿੱਤਾ। ਮਰਯਾਦਾ ਸੀ:

'ਸਤਿਗੁਰੂ ਦਾ ਜੋ ਸਿੱਖ ਅਖਵਾਂਦਾ ਹੈ, ਉਹ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ, ਫਿਰ ਨਾਮ ਦੇ ਸਰੋਵਰ ਵਿਚ ਟੁੱਭਕੀ ਲਗਾਏ'। ਟੁੱਭਕੀ ਲਗਾਉਣੀ ਇਹ ਹੈ ਕਿ ਬਾਣੀ ਦੇ ਹਰ ਸ਼ਬਦ ਦੀ ਵਿਚਾਰ ਕਰ ਕੇ ਹਿਰਦੇ ਨੂੰ ਤੋਲੇ। ਐਸਾ ਕਰਨ ਨਾਲ ਹੀ ਸਾਰੇ ਪਾਪ, ਵਿਕਾਰ ਮੁੱਕ ਜਾਣਗੇ ਤੇ ਉਹ ਹੌਲਾ ਹੌਲਾ ਮਹਿਸੂਸ ਕਰੇਗਾ। ਜਦ ਦਿਨ ਚੜ੍ਹੇ ਤਾਂ ਬਾਣੀ ਦਾ ਕੀਰਤਨ ਕਰੇ, ਸੰਗਤ ਵਿਚ ਪੁੱਜੇ। ਫਿਰ ਦਿਹਾੜੀ ਉਠਦਿਆਂ-ਬੈਠਦਿਆਂ, ਵਿਹਾਰ, ਕਿਰਤ-ਕਾਰ ਕਰਦਿਆਂ ਪ੍ਰਭੂ ਨੂੰ ਨਾ ਵਿਸਾਰੇ। ਐਸਾ ਸਿੱਖ ਹੀ ਗੁਰੂ ਨੂੰ ਪਿਆਰਾ ਹੈ ਜੋ ਹਰ ਵੇਲੇ ਵਾਹਿਗੁਰੂ ਨੂੰ ਯਾਦ ਰੱਖਦਾ ਹੈ। ਇਹ ਆਪਣੇ ਜ਼ੋਰ ਕੁਝ ਨਹੀਂ ਹੋਣਾ ਹੈ। ਇਹ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਨਾਲ ਹੋਣਾ ਹੈ। ਭਾਵ ਕਦੇ ਵੀ ਹੰਕਾਰ ਵਿਚ ਨਾ ਆਵੇ। ਨਿੰਮ੍ਰਤਾ ਦੇ ਘਰ ਰਹੇ। ਫਿਰ ਇਤਨਾ ਕੁਝ ਪ੍ਰਾਪਤ ਕਰ ਕੇ ਪੰਥ ਦੀ ਰਾਹੀਂ ਇਕੱਲਿਆਂ ਹੀ ਨਾ ਜਾਏ। ਪੰਥ ਹੈ ਹੀ ਹਮ-ਖਿਆਲੀਆਂ ਦਾ ਸਮੂੰਹ। ਆਪ ਜਪੇ ਤੇ ਹੋਰਨਾਂ ਨੂੰ ਵੀ ਜਪਾਵੇ। ਇਕੱਲਾ ਟੁਰਨਾ ਆਸਾਨ ਹੈ ਪਰ ਇਕ ਹੋਰ ਲੈ ਕੇ ਟੁਰਨਾ ਹੋਵੇ ਤਾਂ ਰਤਾ ਕੁ ਖੇਚਲ ਤੇ ਮਿਹਨਤ ਕਰਨੀ ਪੈਂਦੀ ਹੈ, ਪਰ ਰਾਹ ਛੇਤੀ ਕਟਿਆ ਜਾਂਦਾ ਹੈ ਅਤੇ ਇਕ ਦੂਜੇ ਦੀ ਲੋੜ ਦਾ ਅਹਿਸਾਸ ਹਉਮੈ ਨੂੰ ਕਟਦਾ ਰਹਿੰਦਾ ਹੈ। ਲੋਕੀਂ ਆਤਮ ਜਗਿਆਸੂ ਨੂੰ 'ਇਕੱਲੇ ਦੀ ਉੜਾਨ ਇਕੱਲੇ ਵੱਲ' ਕਹਿੰਦੇ ਸਨ ਅਤੇ ਹਿੰਦੁਸਤਾਨੀ ਸਾਧੂ ਨਾ ਚਲੇ ਜਮਾਤ ਕਹਿੰਦਾ ਸੀ, ਇਥੇ ਤਾਂ ਉਸੇ ਤੋਂ ਕੁਰਬਾਨ ਹੁੰਦਾ ਹੈ ਜੋ ਆਪਣੇ ਆਤਮ ਸੁਖ ਵਿਚੋਂ ਤੇ ਦੁਨਿਆਵੀ ਬਰਕਤਾਂ ਵਿਚੋਂ ਵੰਡਦਾ ਰਹਿੰਦਾ ਹੈ। ਹਵਾਲੇ ਦਾ ਸਲੋਕ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ

SikhBookClub.com

ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥ *(ਪੰਨਾ ੩੦੫-੦੬)*

ਏਥੇ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਸਲੋਕ ਐਨ ਉਸ ਸਲੋਕ ਦੇ ਪਿੱਛੇ ਹੈ, ਜਿਸ ਵਿਚ ਤਪੇ ਦੇ ਪਾਜ ਉਘੜਦੇ ਤੇ ਉਸ ਦੀ ਨਮੋਸ਼ੀ ਦਾ ਜ਼ਿਕਰ ਸੀ। ਤਪੇ ਦੀ ਰਹਿਣੀ ਉਲਟ ਸਿੱਖ ਦੀ ਮਰਯਾਦਾ ਦੱਸੀ ਹੈ, ਜਿਸ ਵਿਚ 'ਸਦਾ ਅਨੰਦ ਰਹੈ ਦਿਨੁ ਰਾਤੀ' ਹੈ, ਅਤੇ ਕੋਈ ਈਰਖਾ, ਸਾੜਾ, ਬਖੀਲੀ ਜਾਂ ਅੰਦਰ ਭੁੱਖ ਨਹੀਂ।

ਪੀੜ੍ਹੀ ਦੀ ਗੱਲ ਕਰਨੀ

ਪੀੜ੍ਹੀ ਦੀ ਗੱਲ ਕਰਨ ਦਾ ਵੀ ਇਹ ਭਾਵ ਸੀ ਕਿ ਇਸ ਪੰਥ ਵਿਚ ਇਕਸਾਰਤਾ ਹੈ, ਲਗਾਤਾਰਤਾ ਹੈ ਤੇ ਕੋਈ ਗੁਰੂ ਨਵਾਂ ਰਾਹ ਨਹੀਂ ਚਲਾ ਰਿਹਾ। ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਰਾਹ ਨੂੰ ਹੀ ਬਾਕੀ ਗੁਰੂ ਸਾਹਿਬਾਨ ਪ੍ਰਗਟ ਕਰ ਰਹੇ ਹਨ। ਇਸ ਲਈ ਕਦੇ ਵਿਅਕਤੀ ਜਾਂ ਸਰੀਰਾਂ ਵਲੋਂ ਧਿਆਨ ਦੇਣ ਲਈ ਕਿਸੇ ਗੁਰੂ ਜੀ ਨੇ ਨਹੀਂ ਕਿਹਾ। ਸਾਰਾ ਜ਼ੋਰ ਬਾਣੀ, ਸ਼ਬਦ, ਕੀਰਤਨ, ਸਤਿਸੰਗਤ ਕਰ ਕੇ ਸੁਣਨ, ਮੰਨਣ ਤੇ ਧਿਆਨ ਲਗਾਉਣ ਲਈ ਕਿਹਾ ਹੈ।

ਦਸਵੰਧ

ਪੰਥ ਦੀ ਪੂਰਨਤਾ ਵਿਚ ਜਿਸ ਹੁਕਮ ਨੇ ਇਕ ਬਹੁਤ ਵੱਡਾ ਹਿੱਸਾ ਪਾਇਆ, ਉਹ ਕਿਰਤ ਵਿਚੋਂ ਦਸਵੰਧ ਦੇਣ ਦੀ ਰੀਤ ਸੀ। ਸਿੱਖ ਵਿਚ ਇਹ ਅਹਿਸਾਸ ਪੈਦਾ ਹੋ ਗਿਆ ਕਿ ਉਹ ਵੱਡੇ ਟੱਬਰ ਦਾ ਹਿੱਸਾ ਹੈ। ਜਿਵੇਂ ਉਸ ਨੇ ਆਪਣੇ ਧੀ, ਪੁੱਤਰ, ਸਾਕ ਸੰਬੰਧੀ ਦਾ ਖ਼ਿਆਲ ਰੱਖਣਾ ਹੈ, ਤਿਵੇਂ ਪੰਥ ਦੀਆਂ ਸਮਾਜਿਕ, ਆਰਥਿਕ ਤੇ ਧਾਰਮਿਕ ਲੋੜਾਂ ਦਾ ਭਾਰ ਉਸੇ 'ਤੇ ਹੈ। ਮਹਾਰਾਜ ਨੇ ਇਹ ਸਮਝਾ ਦਿੱਤਾ ਸੀ:

ਨਿਤ ਸਉਦਾ ਸੁਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ॥
ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ॥
ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ॥੩॥

(ਪੰਨਾ ੧੬੬)

ਮੁਹਸਨ ਫਾਨੀ ਨੇ ਠੀਕ ਲਿਖਿਆ ਹੈ ਕਿ:

ਸਰਕਾਰ ਨੂੰ 'ਕਰ' ਉਗਰਾਹੁਣੇ ਹੁੰਦੇ ਤਾਂ ਕਈ ਹੀਲੇ ਤੇ ਤਸ਼ੱਦਦ ਕਰਨੇ ਪੈਂਦੇ ਸਨ, ਪਰ ਇਹ ਨਹੀਂ ਸੁਣਿਆ ਡਿੱਠਾ ਕਿ ਕਿਸੇ ਸਿੱਖ ਨੇ ਦਸਵੰਧ ਦੇਣ ਵਿਚ ਢਿੱਲ ਕੀਤੀ ਹੋਵੇ। ਪੰਥ ਦੀ ਚੜ੍ਹਦੀ ਕਲਾ ਦਾ ਇਹ ਦਸਵੰਧ ਇਕ ਰਾਜ਼ ਸੀ।

SikhBookClub.com

ਆਪੇ ਗੁਰ ਚੇਲਾ ਦੀ ਨੀਂਹ

ਸਿੱਖ ਆਪਣੀ ਜ਼ਿੰਮੇਵਾਰੀ ਉਠਾਉਣ ਜੋਗ ਹੋ ਜਾਏ, ਇਸ ਲਈ ਮੁੱਢ ਤੋਂ ਤਿਆਰੀਆਂ ਅਰੰਭ ਸਨ। ਗੁਰੂ ਅੰਗਦ ਦੇਵ ਜੀ ਨੇ ਬਲਵੰਡ ਜੀ ਦਾ ਕੀਰਤਨ ਸੁਣਨ ਤੋਂ ਇਨਕਾਰ ਕਰ ਦਿੱਤਾ, ਜਦ ਉਸ ਨੇ ਬਾਬਾ ਬੁੱਢਾ ਜੀ ਨੂੰ ਉਹਨਾਂ ਦਾ ਚਿੱਤ ਕੀਰਤਨ ਸੁਣਨ ਹੋਣ ਵੇਲੇ ਇਨਕਾਰ ਕਰ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਪ੍ਰਤੱਖ ਦਿਖਲਾ ਦਿੱਤਾ ਸੀ ਕਿ ਜੋ ਸਿੱਖ ਲੰਗਰ ਵਿਚ ਪ੍ਰਸ਼ਾਦਿ ਛਕਦੇ ਹਨ, ਉਸ ਦਾ ਸਵਾਦ ਉਹਨਾਂ ਨੂੰ ਪੂਰਾ ਪੂਰਾ ਮਿਲਦਾ ਹੈ। ਗੁਰੂ ਜੀ ਵੀ ਸਿੱਖ 'ਤੇ ਪੂਰੀ ਜ਼ਿੰਮੇਵਾਰੀ ਪਾ ਰਹੇ ਸਨ। ਅਸਲ ਵਿਚ ਸਾਰਾ ਸਿੱਖ ਇਤਿਹਾਸ ਹੈ ਹੀ ਸਿੱਖ ਨੂੰ ਜ਼ਿੰਮੇਵਾਰ ਬਣਾਉਣ ਦਾ ਇਤਿਹਾਸ। ਜਦ ਦਸਮੇਸ਼ ਜੀ ਨੇ ਡਿੱਠਾ ਕਿ ਸਿੱਖ, ਸੰਗਤ, ਹੁਣ ਖ਼ਾਲਸਾ ਦੇ ਰੂਪ ਵਿਚ ਸ਼ਬਦ ਦੀ ਜ਼ਿੰਮੇਵਾਰੀ ਉਠਾਉਣ ਜੋਗ ਹੋ ਗਿਆ ਹੈ ਤਾਂ ਆਪਾ ਸੰਕੋਚ ਲਿਆ।

ਗੁਰੂ ਰਾਮਦਾਸ ਜੀ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਗੁਰੂ ਤੇ ਸਿੱਖ ਵਿਚ ਰਤਾ ਵੀ ਅੰਤਰ ਨਹੀਂ ਕਿਉਂਕਿ ਸਿੱਖ ਵੀ ਉਹ ਹੀ ਸਿਖਿਆ ਦੀ ਪ੍ਰਣਾਲੀ ਚਲਾਉਂਦਾ ਹੈ, ਜੋ ਗੁਰੂ ਚਲਾਉਂਦਾ ਹੈ। ਸਿੱਖ ਵਿਚ ਆਪ ਹੁਦਰਾ-ਪਨ ਹੈ ਹੀ ਨਹੀਂ। ਹੁਕਮ ਕੀਤਾ:

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥

(ਪੰਨਾ ੪੪੪)

ਸਭ ਡਰ ਕੱਢ ਘੱਤੇ

ਸਭ ਡਰ ਗੁਰੂ ਸਾਹਿਬਾਨ ਕੱਢ ਦਿੱਤੇ, ਅਤੇ ਇਸ ਸਾਜੇ ਪੰਥ 'ਤੇ ਟੁਰਨ ਵਾਲੇ ਕਿਤਨੇ ਨਿਰਭਉ ਸਨ ਉਸ ਦੀ ਸਾਖ ਸਾਡਾ ਸਾਰਾ ਇਤਿਹਾਸ ਹੈ। ਪਹਿਲਾਂ ਕਰਮ ਦਾ ਡਰ ਲਾਹਿਆ। ਫਿਰ ਸੰਸਾਰੀ ਹੁਕਮਕਾਰਾਂ, ਸਿਕਦਾਰਾਂ, ਨਵਾਬਾਂ, ਸ਼ਾਹਾਂ, ਬਾਦਸ਼ਾਹਾਂ, ਚੌਧਰੀਆਂ ਅਤੇ ਸਰਕਾਰਾਂ ਦਾ। ਉਹਨਾਂ ਦੱਸਿਆ ਕਿ:

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥.....
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਭਿ ਬਿਨਸਿ ਜਾਹਿ
ਜਿਉ ਰੰਗੁ ਕਸੁੰਭ ਕਚਾਣੁ॥.....
ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ॥

(ਪੰਨਾ ੮੬੧)

ਇਹ ਹੀ ਤਾਂ ਹੈ ਵਾਹਿਗੁਰੂ ਜੀ ਕੇ ਖਾਲਸੇ ਦਾ ਲੱਛਣ। ਕਿਆ ਖ਼ੂਬ ਬਾਤ ਗੁਰੂ ਰਾਮਦਾਸ ਜੀ ਨੇ ਕਹੀ:

ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ॥
ਗੜ੍ ਮੰਦਰ ਗਚ ਗਿਰੀਆ ਕਿਛੁ ਸਾਥਿ ਨ ਜਾਈ॥

(ਪੰਨਾ ੧੨੪੬)

SikhBookClub.com

ਪੰਥ ਦੇ ਰਾਹ ਆਉਂਦੀਆਂ ਰੁਕਾਵਟਾਂ ਵੀ ਹਟਾਈਆਂ

ਚੌਥੇ ਪਾਤਸ਼ਾਹ ਨੇ ਨਿਰਾ ਪੰਥ ਹੀ ਪੂਰਨ ਨਾ ਕੀਤਾ, ਸਗੋਂ ਹਰ ਉਸ ਰੁਕਾਵਟ ਤੋਂ ਵੀ ਸੁਚੇਤ ਕੀਤਾ ਜੋ ਪੰਥ ਨੂੰ ਇਸ ਰਾਹ ਟੁਰਦੇ ਆਉਣੀ ਸੀ। ਪਹਿਲਾ ਆਪ ਹੁਦਰੇ-ਪਣ ਤੋਂ ਵਰਜਿਆ। ਖ਼ੁਦਗਰਜ਼ੀ ਤੋਂ ਸੁਚੇਤ ਕੀਤਾ। ਐਸੇ ਲੋਕਾਂ ਤੋਂ ਬਚੋ ਜੋ ਹਰ ਕੰਮ, ਜਾਤ ਤੇ ਨਿਜ ਨੂੰ ਮੁੱਖ ਰੱਖ ਕੇ ਕਰਦੇ ਹਨ। ਚੇਤਾਵਨੀ ਦਿੱਤੀ:

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥ (ਪੰਨਾ ੮੬੦)

ਪਰ ਪੰਥ ਦਾ ਰਾਹੀ ਇਕ ਦੂਜੇ ਲਈ ਨਿਰਸੁਆਰਥ ਹੋ ਕਾਰਜ ਕਰੇਗਾ। ਹਥਹੁ ਦੇ ਕੇ ਭਲਾ ਮਨਾਏਗਾ। ਪੰਥ ਵਿਚ ਕਦੇ ਧੜਾ ਨਹੀਂ ਬਣਨ ਦੇਣਾ। ਇਹ ਜਿਤਨੇ ਧੜੇ ਬਣਦੇ ਹਨ, ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ, ਕਿ ਮਾਇਆ ਲਈ ਜਾਂ ਆਪਣੀ ਹੋਂਦ ਜਤਾਣ ਲਈ ਹਨ। ਇਹ ਗ਼ਲਤ ਲੋਕ ਹੀ ਧੜੇ ਬਣਾਉਂਦੇ ਹਨ। ਫਿਰ ਸਭ ਤੋਂ ਮਾੜੀ ਗੱਲ ਇਹ, ਧੜਿਆਂ ਵਿਚ ਬੱਝੇ ਲੋਕ ਜਿਥੇ ਵੀ ਬੈਠਣਗੇ, ਪੁਰਾਣੇ ਨੁਕਸ, ਅਟਕਲ ਪਚੂ ਲਗਾ ਕੇ, ਅਫਵਾਹਾਂ ਫੈਲਾ ਕੇ, ਛਾਂਟਦੇ ਰਹਿਣਗੇ, ਇਹ ਵੀ ਇਕ ਅਹੰਕਾਰ ਦੀ ਹੀ ਨਿਸ਼ਾਨੀ ਹੈ।

ਪੰਥ ਵਿਚ ਐਸੇ ਲੋਕ ਬਹੁਤ ਹੀ ਵਿਘਨਕਾਰੀ ਹਨ। ਸੁਚੇਤ ਕਰਦੇ ਕਿਹਾ:

ਏਹ ਸਭਿ ਧੜੇ ਮਾਇਆ ਮੋਹ ਪਸਾਰੀ॥
ਮਾਇਆ ਕਉ ਲੂਝਹਿ ਗਾਵਾਰੀ॥.....
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ॥ (ਪੰਨਾ ੩੬੬)

ਪੰਥ 'ਤੇ ਟੁਰਨ ਵਾਲੇ ਨ ਇਹ ਹੀ ਕਹਿੰਦੇ ਰਹਿਣਾ ਹੈ:

ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ...॥ (ਪੰਨਾ ੩੬੬)

ਭਟ ਕੀਰਤ ਨਾਲ ਰਲ ਕੇ ਇਹ ਹੀ ਬੇਨਤੀ ਕਰਨੀ ਹੈ ਕਿ ਅਸੀਂ ਅਉਗੁਣਾਂ ਨਾਲ ਭਰੇ ਹੋਏ ਹਾਂ, ਇਕ ਵੀ ਗੁਣ ਨਹੀਂ ਹੈ। ਅੰਮ੍ਰਿਤ ਨੂੰ ਛੱਡ ਕੇ ਨਿਰੀ ਵਿਹੁ ਹੀ ਖਾਣ ਵਿਚ ਜੁਟੇ ਹੋਏ ਹਾਂ। ਮਾਇਆ ਦੇ ਮੋਹ ਤੇ ਭਰਮਾਂ ਵਿਚ ਪੈ ਕੇ ਸਹੀ ਜੀਵਨ ਦੇ ਰਾਹ ਤੋਂ ਭੁੱਲੇ ਹੋਏ ਹਾਂ। ਪੁੱਤਰ, ਇਸਤਰੀ ਦੇ ਮੋਹ ਤੋਂ ਰੱਤਾ ਉੱਚਾ ਨਹੀਂ ਉਠੇ। ਪਰ ਇਹ ਸੁਣਿਆ ਹੈ ਕਿ ਸਤਿਗੁਰ ਦੀ ਸੰਗਤ ਵਾਲਾ ਇਕ ਉੱਚਾ ਪੰਥ ਹੈ। ਉਸ 'ਤੇ ਟੁਰ ਕੇ, ਵਿਚ ਰਲ ਕੇ ਵੱਡੇ ਤੋਂ ਵੱਡਾ ਡਰ, ਜੋ ਜਮ ਦਾ ਹੈ, ਮੇਟ ਲਿਆ ਹੈ:

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ॥ (ਪੰਨਾ ੧੪੦੬)

(10/1986)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦੇ
ਜੀਵਨ 'ਤੇ ਇਕ ਸੰਖੇਪ ਨਜ਼ਰ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖਾਂ ਦਾ ਕੇਵਲ ਧਰਮ ਕੇਂਦਰ ਹੀ ਨਹੀਂ, ਇਹ ਉਨ੍ਹਾਂ ਦੀ ਜਿੰਦ ਜਾਨ ਹੈ। ਸਿੱਖਾਂ ਦਾ ਅਧਿਓਂ ਵਧ ਇਤਿਹਾਸ ਦਰਬਾਰ ਸਾਹਿਬ ਦੇ ਦੁਆਲੇ ਪਿਆ ਘੁੰਮਦਾ ਹੈ। ਇਥੇ ਸਿੱਖਾਂ ਦੀ ਕਲਚਰ ਤੇ ਸਭਿਅਤਾ ਰੂਪਮਾਨ ਹਨ। ਸਿੱਖ ਸੰਗੀਤ ਕੀਰਤਨ ਦੇ ਰੂਪ ਵਿਚ ਤੇ ਸੋਨੇ, ਗਚ, ਟੁਕੜੀ, ਮੋਹਰਕਾਸ਼ੀ ਤੇ ਸੰਗਮਰਮਰ ਵਿਚ ਜੜਤਕਾਰੀ ਦੇ ਵੱਖ ਵੱਖ ਕੋਮਲ ਹੁਨਰਾ ਦੀ ਸ਼ਕਲ ਵਿਚ ਪੰਜਾਬ ਦੀ ਸਭ ਤੋਂ ਵਧੀਆ ਕਲਾ ਦੇ ਨਮੂਨੇ ਇਥੇ ਝਲਕਾਰੇ ਪਏ ਦੇਂਦੇ ਹਨ। ਇਥੇ ਸ਼ਬਦ ਦਾ ਪ੍ਰਕਾਸ਼ ਹੈ। ਇਕ ਅਕਾਲ ਦੀ ਪੂਜਾ ਹੈ। ਸਰਬ ਸਾਂਝੀਵਾਲਤਾ ਦਾ ਸੁਨੇਹਾ ਹੈ ਤੇ ਪ੍ਰੇਮ ਦਾ ਉਪਦੇਸ਼ ਹੈ।

'ਅੰਮ੍ਰਿਤਸਰ' ਕੇਵਲ ਸਿੱਖਾਂ ਲਈ ਹੀ ਮਹੱਤਤਾ ਨਹੀਂ ਰੱਖਦਾ ਇਹ ਹਰ ਯਾਤਰੂ ਲਈ ਚਾਨਣ ਮੁਨਾਰਾ ਹੈ, ਜਿਥੋਂ ਨਵਾਂ ਜੀਵਨ ਤੇ ਮਨ ਦੀ ਸ਼ਾਂਤੀ ਮਿਲਦੀ ਹੈ। 'ਅੰਮ੍ਰਿਤਸਰੁ ਸਿਫਤੀ ਦਾ ਘਰੁ' ਗੁਰੂ ਰਾਮਦਾਸ ਜੀ ਦੀ ਅਮਰ ਯਾਦਗਾਰ ਹੈ।

ਸਾਹਿਬ ਗੁਰੂ ਰਾਮਦਾਸ ਸਿੱਖ ਧਰਮ ਦੇ ਚੌਥੇ ਗੁਰੂ ਹਨ। ਆਪ ਦਾ ਪਹਿਲਾ ਨਾਮ ਭਾਈ ਜੇਠਾ ਸੀ। ਆਪ ਦਾ ਪਵਿੱਤ੍ਰ ਤੇ ਗੰਭੀਰ ਜੀਵਨ ਸੇਵਾ ਤੇ ਪ੍ਰੇਮ ਭਗਤੀ ਵਿਚ ਭਿੰਨਾ, ਕਈ ਗੁਣਾਂ ਨਾਲ ਭਰਪੂਰ ਤੇ ਉਪਦੇਸ਼-ਜਨਕ ਹੈ। ਸੰਸਾਰ ਦੇ ਕਈ ਮਹਾਂ ਪੁਰਖਾਂ ਵਾਂਗ ਆਪ ਦਾ ਜੀਵਨ ਅਤਿ ਗਰੀਬੀ ਤੋਂ ਅਰੰਭ ਹੋਇਆ। ਪਰ ਨਿਸ਼ਕਾਮ ਸੇਵਾ ਤੇ ਸਚੇ ਸਿਦਕ ਕਾਰਨ ਉਹ ਉੱਚੀ ਪਦਵੀ ਪ੍ਰਾਪਤ ਕੀਤੀ ਜਿਸ ਦੀ ਮਿਸਾਲ ਮਿਲਣੀ ਔਖੀ ਹੈ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ, 1534 (ਕਤਕ ਵਦੀ 2, ਸੰਮਤ 1591) ਚੂਨੀ ਮੰਡੀ ਲਾਹੌਰ ਦੇ ਵਸਨੀਕ ਸ੍ਰੀ ਹਰਿਦਾਸ ਜੀ ਸੋਢੀ ਦੇ ਘਰ ਮਾਤਾ ਦਯਾ ਕੌਰ ਜੀ ਦੀ ਕੁਖੋਂ ਹੋਇਆ। ਆਪ ਛੋਟੀ ਉਮਰ ਦੇ ਸਨ ਕਿ ਪਹਿਲਾਂ ਮਾਤਾ ਜੀ ਤੇ ਫਿਰ ਪਿਤਾ ਜੀ ਗੁਜ਼ਰ ਗਏ ਤੇ ਆਪ ਸਤ ਸਾਲ ਦੀ ਉਮਰ ਵਿਚ ਯਤੀਮ ਹੋ ਗਏ। ਆਪ ਜੀ ਨੇ ਘੁੰਗਣੀਆਂ ਵੇਚ ਕੇ ਉਪਜੀਵਕਾ ਹੀ ਪ੍ਰਾਪਤ ਨਾ ਕੀਤੀ ਸਗੋਂ ਆਪਣੇ ਆਤਮਕ ਗੁਣਾਂ ਸਦਕਾ ਪ੍ਰਭਤਾ ਤੇ ਸ਼ੋਭਾ ਭੀ ਖੱਟੀ। ਕੌਣ ਜਾਣਦਾ ਸੀ ਕਿ ਘੁੰਗਣੀਆਂ ਵੇਚਣ ਵਾਲਾ ਯਤੀਮ ਬਾਲਕ ਇਕ ਦਿਨ 'ਧੰਨ ਗੁਰੂ ਰਾਮਦਾਸ' ਅਖਵਾਏਗਾ।

ਤੀਜੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 22 ਫੱਗਣ, ਸੰਮਤ 1610 ਨੂੰ ਆਪ ਨਾਲ ਕਰ ਦਿੱਤਾ। ਭਾਈ ਜੇਠਾ ਜੀ ਤਨ ਮਨ ਨਾਲ ਸਾਧ ਸੰਗਤ ਦੀ ਸੇਵਾ ਕਰਨ ਲੱਗ ਪਏ। ਗੁਰੂ ਅਮਰਦਾਸ ਜੀ ਨੂੰ ਮੁਕਤੀ ਦਾਤਾ ਤੇ ਆਪਣੇ ਆਪ ਨੂੰ ਉਨ੍ਹਾਂ ਦਾ ਨਿਮਾਣਾ ਸੇਵਕ ਹੀ ਸਮਝਦੇ ਰਹੇ। ਅਣਥਕ ਸੇਵਾ ਮਾਇਆ ਤੋਂ ਨਿਰਲੇਪ ਰਹਿ ਕੇ ਭਜਨ ਬੰਦਗੀ ਕਰ ਕੇ ਆਪ ਨੇ ਗੁਰੂ ਅਮਰਦਾਸ ਜੀ ਦੀ ਖ਼ੁਸ਼ੀ ਪ੍ਰਾਪਤ ਕੀਤੀ।

SikhBookClub.com

ਸੰਮਤ 1627 ਵਿਚ ਗੁਰੂ ਅਮਰਦਾਸ ਜੀ ਨੇ ਆਪ ਨੂੰ ਬਾਬਾ ਬੁੱਢਾ ਜੀ ਸਮੇਤ ਅੰਮ੍ਰਿਤ ਸਰੋਵਰ ਬਨਾਣ ਤੇ ਪਿੰਡ ਵਸਾਣ ਲਈ ਭੇਜਿਆ। ਆਪ ਜੀ ਨੇ ਸਭ ਤੋਂ ਪਹਿਲਾਂ ਸੰਤੋਖਸਰ ਦੀ ਖੁਦਾਈ ਅਰੰਭੀ। ਇਸ ਤਾਲ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ 1645 ਵਿਚ ਸੰਪੂਰਨ ਕੀਤਾ।

ਸੰਮਤ 1631 ਵਿਚ ਆਪ ਨੇ ਇਕ ਨਗਰ ਦੀ ਨੀਂਹ ਰੱਖੀ, ਜਿਸ ਦਾ ਨਾਮ ਆਪ ਨੇ 'ਗੁਰੂ ਕਾ ਚੱਕ' ਰਖਿਆ। ਮਗਰੋਂ ਗੁਰੂ ਅਰਜਨ ਦੇਵ ਜੀ ਨੇ ਉਸ ਨਗਰ ਦਾ ਨਾਂ 'ਚੱਕ ਰਾਮ ਦਾਸ' ਰੱਖਿਆ ਤੇ ਫਿਰ 'ਰਾਮਦਾਸ ਪੁਰਾ' ਕਰਕੇ ਪ੍ਰਚਲਤ ਹੋਇਆ। ਹੁਣ ਇਹ ਅੰਮ੍ਰਿਤਸਰ ਦੇ ਨਾਮ ਨਾਲ ਪ੍ਰਸਿੱਧ ਹੈ। ਅੰਮ੍ਰਿਤਸਰ ਗੁਰੂ ਜੀ ਦੀ ਇਕ ਆਦਰਸ਼ਕ ਰਚਨਾ ਹੈ। ਇਹ ਨਿਰੋਲ ਧਾਰਮਿਕ ਕੇਂਦਰ ਹੀ ਨਾ ਬਣ ਗਿਆ ਸਗੋਂ ਆਰਥਕ ਖ਼ੁਸ਼ਹਾਲੀ ਅਤੇ ਕੌਮੀ ਸੰਗਠਨ ਦਾ ਵੀ ਧੁਰਾ ਰਿਹਾ। ਜਿਥੇ ਗੁਰੂ ਜੀ ਨੇ ਧਰਮ ਦੇ ਪ੍ਰਚਾਰ ਲਈ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਰਗੇ ਨਿਪੁੰਨ ਸਿਖ ਚੁਣੇ ਉਥੇ ਦਸਤਕਾਰੀ, ਹੁਨਰ ਤੇ ਵਪਾਰ ਦੇ ਵਾਧੇ ਤੇ ਉੱਨਤੀ ਵਾਸਤੇ ਵੱਖ ਵੱਖ 52 ਕਿਤਿਆਂ ਦੇ ਸਿੱਖ, ਹਿੰਦੂ ਤੇ ਮੁਸਲਮਾਨ ਮਾਹਿਰ ਇਥੇ ਮੰਗਵਾ ਕੇ ਵਸਾਏ। ਤੀਜੇ ਗੁਰੂ ਜੀ ਨੇ ਆਪਣਾ ਜੋਤੀ ਜੋਤ ਸਮਾਣ ਦਾ ਸਮਾਂ ਨੇੜੇ ਆਉਂਦਾ ਦੇਖ ਕੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੋਇੰਦਵਾਲ ਬੁਲਾ ਭੇਜਿਆ। ਆਪ ਜੀ ਦੀ ਆਯੂ ਉਸ ਵੇਲੇ ਚਾਲੀ ਸਾਲ ਦੀ ਸੀ। ਭਾਦੋਂ ਸੁਦੀ 15 ਸੰਮਤ 1631 ਨੂੰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾ ਕੇ ਗੁਰਗੱਦੀ ਸੌਂਪੀ। ਇਸ ਤਰ੍ਹਾਂ ਜੇਠਾ ਜੀ ਆਪਣੀ ਪ੍ਰੇਮਾ ਭਗਤੀ, ਸੇਵਾ ਸਿਦਕ ਤੇ ਹੋਰ ਅਨੇਕ ਗੁਣਾਂ ਸਦਕਾ, ਸ੍ਰੀ ਗੁਰੂ ਰਾਮਦਾਸ ਜੀ ਬਣ ਗਏ।

ਇਕ ਵੇਰ ਬਾਬਾ ਸ੍ਰੀ ਚੰਦ ਜੀ (ਜੋ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ) ਗੁਰੂ ਰਾਮਦਾਸ ਜੀ ਨੂੰ ਮਿਲਣ ਆਏ। ਆਪ ਨੇ ਬਾਬਾ ਜੀ ਦਾ ਬੜਾ ਆਦਰ ਕੀਤਾ। ਗੁਰੂ ਜੀ ਨਾਲ ਗੱਲਬਾਤ ਕਰਦਿਆਂ ਬਾਬਾ ਜੀ ਨੇ ਹੱਸ ਕੇ ਪੁੱਛਿਆ, "ਏਡੀ ਦਾੜ੍ਹੀ ਕਿਉਂ ਵਧਾਈ ਹੋਈ ਜੇ?" ਗੁਰੂ ਜੀ ਨੇ ਬੜੀ ਸਾਦਗੀ ਨਿਮਰਤਾ ਨਾਲ ਉੱਤਰ ਦਿੱਤਾ—'ਮਹਾਰਾਜ ਆਪ ਜਿਹੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਵਾਸਤੇ'। ਬਾਬਾ ਜੀ ਨੇ ਕਿਹਾ 'ਇਹਨਾਂ ਗੁਣਾਂ ਦਾ ਸਦਕਾ ਹੀ ਤਾਂ ਤੁਸਾਂ ਗੁਰਿਆਈ ਪ੍ਰਾਪਤ ਕਰ ਲਈ ਤੇ ਅਸੀਂ ਖ਼ਾਲੀ ਰਹਿ ਗਏ।'

ਇਹ ਹੈ ਕੇਵਲ ਇਕ ਮਿਸਾਲ ਆਪ ਦੀ ਨਿਮਰਤਾ ਦੀ ਤੇ ਮਿੱਠੇ ਸੁਭਾ ਦੀ।

ਜੇ ਆਪ ਨੇ ਆਪਣੇ ਸ਼ੁਭ ਗੁਣਾਂ ਨਾਲ ਸਤਿਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕੀਤੀ। ਗੁਰਗੱਦੀ ਲਈ ਚੋਣ ਗੁਰੂ ਰਾਮਦਾਸ ਜੀ ਨੇ ਆਪਣੇ ਤਿੰਨਾਂ ਸਪੁੱਤਰਾਂ ਵਿਚੋਂ ਕਰਨੀ ਸੀ। ਆਪ ਨੇ ਆਪਣੇ ਸਭ ਤੋਂ ਛੋਟੇ ਸਪੁੱਤਰ ਸ੍ਰੀ (ਗੁਰੂ) ਅਰਜਨ ਦੇਵ ਨੂੰ ਸਿੱਖੀ ਵਿਚ ਨਿਪੁੰਨ ਤੇ ਸਾਰੇ ਲੋੜੀਂਦੇ ਗੁਣਾਂ ਨਾਲ ਭਰਪੂਰ ਸਮਝ ਕੇ ਗੁਰਗੱਦੀ ਦੇ ਯੋਗ ਸਮਝਿਆ ਅਤੇ ਭਾਦੋਂ ਸੁਦੀ ਏਕਮ ਸੰਮਤ 1638 (1 ਸਤੰਬਰ, ਸੰਨ 1581) ਨੂੰ ਉਹਨਾਂ ਨੂੰ ਗੱਦੀ 'ਤੇ ਬਿਠਾ ਕੇ ਗੁਰਿਆਈ ਦੇਣ ਦੀ ਰਸਮ ਅਦਾ ਕੀਤੀ ਤੇ ਫਿਰ ਆਪ ਉਸੇ ਦਿਨ ਜੋਤੀ ਜੋਤ ਸਮਾ ਗਏ।

ਇਹ ਹੈ ਗੁਰੂ ਜੀ ਪਵਿੱਤਰ ਜੀਵਨ ਦੀ ਸੰਖੇਪ ਜਿਹੀ ਝਾਕੀ, ਜਿਸ ਤੋਂ ਸਾਨੂੰ ਉੱਚਾ ਤੇ ਸੁੱਚਾ ਉਪਦੇਸ਼ ਮਿਲਦਾ ਹੈ। ਗੁਰੂ ਜੀ ਦੀ ਜੁਗੋ ਜੁਗ ਅਟਲ ਯਾਦਗਾਰ ਕਾਇਮ ਹੈ—'ਅੰਮ੍ਰਿਤਸਰ—ਸਿਫ਼ਤੀ ਦਾ ਘਰੁ'।

(11/1964)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦੀ ਤਾਲੀਮ

(ਉਹਨਾਂ ਦੀਆਂ ਜੀਵਨ-ਸਾਖੀਆਂ ਵਿਚੋਂ)

ਨਿਮ੍ਰਤਾ, ਗਰੀਬੀ

ਲੋਕ ਆਮ ਤੌਰ 'ਤੇ ਕਿਸੇ ਮਤਲਬ ਦੀ ਖ਼ਾਤਰ, ਲੋੜ ਪੈਣ 'ਤੇ ਦੂਜੇ ਅੱਗੇ ਲਿਫ਼ਦੇ ਹਨ, ਪਰ ਜਦੋਂ ਕਿਸੇ ਮਰਤਬੇ ਉੱਤੇ ਅੱਪੜ ਜਾਂਦੇ ਹਨ, ਤਾਂ ਉਹ ਲਿਫ਼ਣਾ, ਉਹਨਾਂ ਨੂੰ ਭੁੱਲ ਜਾਂਦਾ ਹੈ। ਮਨੁੱਖ ਕੋਠੇ ਉੱਤੇ ਚੜ੍ਹਨ ਲਈ ਪਉੜੀ ਵੱਲ ਮੂੰਹ ਕਰ ਕੇ ਪਉੜੀ ਦੇ ਇਕ ਇਕ ਡੰਡੇ ਨੂੰ ਹੱਥ ਪਾਈ ਜਾਂਦਾ ਹੈ, ਪਰ ਜਦੋਂ ਅਖ਼ੀਰਲੇ ਡੰਡੇ ਉੱਤੇ ਪੈਰ ਰੱਖ ਕੇ ਉਹ ਕੋਠੇ ਉੱਤੇ ਜਾ ਪਹੁੰਚਦਾ ਹੈ ਤਾਂ ਪਉੜੀ ਵੱਲ ਉਸ ਦੀ ਪਿੱਠ ਹੋ ਜਾਂਦੀ ਹੈ। ਇਹੀ ਹਾਲ ਇਸ ਦਾ ਹੁੰਦਾ ਹੈ, ਰੋਜ਼ਾਨਾ ਜੀਵਨ ਵਿਚ। ਨਿਮ੍ਰਤਾ ਵੱਲ ਮੂੰਹ ਉਤਨਾ ਚਿਰ, ਜਿਤਨਾ ਚਿਰ ਚੌਧਰ ਨਹੀਂ ਮਿਲੀ। ਚੌਧਰ ਮਿਲਦਿਆਂ ਹੀ, ਤੂੰ ਕੌਣ ਤੇ ਮੈਂ ਕੌਣ? ਜਗਤ ਵਿਚ ਬੜੇ ਹੀ ਵਿਰਲੇ ਹੁੰਦੇ ਹਨ ਜੋ ਮਰਤਬੇ ਉੱਤੇ ਪਹੁੰਚ ਕੇ ਨਿਮ੍ਰਤਾ-ਸੁਭਾਵ ਨਹੀਂ ਛੱਡਦੇ।

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚ ਅਸੀਂ ਵੇਖਦੇ ਹਾਂ ਕਿ ਦੁਨੀਆਂ ਵਾਲੇ ਸਾਕੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਜਵਾਈ ਹੁੰਦਿਆਂ ਭੀ, ਹੱਦ ਦਰਜੇ ਦੇ ਗਰੀਬੀ ਸੁਭਾਵ ਨਾਲ ਸਤਿਗੁਰੂ ਜੀ ਦੀ ਦੱਸੀ ਹਰੇਕ ਸੇਵਾ ਕਰਦੇ ਰਹੇ। ਗੁਰੂ ਬਣ ਕੇ ਭੀ ਇਸ ਸੁਭਾਵ ਵਿਚ ਰਤਾ ਫ਼ਰਕ ਨਾ ਪਿਆ। ਸਿੱਖਾਂ ਵਾਸਤੇ ਨਿਮ੍ਰਤਾ ਤੇ ਮਿਠਾਸ ਦੇ ਪੂਰਨੇ ਸਦਾ ਹੀ ਪਾਉਂਦੇ ਰਹੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸਿਰੀ ਚੰਦ ਜੀ ਬਾਰਠ (ਗੁਰਦਾਸਪੁਰ) ਤੋਂ ਇਹਨਾਂ ਦੇ ਦਰਸ਼ਨ ਕਰਨ ਆਏ। ਸ੍ਰੀ ਗੁਰੂ ਰਾਮਦਾਸ ਜੀ ਨੇ ਸੁਣਿਆ, ਕਿ ਬਾਬਾ ਜੀ ਆ ਰਹੇ ਹਨ। ਅੱਗੋਂ-ਵਾਂਢੀ ਲੈਣ ਗਏ। ਬਾਬਾ ਜੀ ਦੀ ਕਾਫ਼ੀ ਲੰਮੀ ਉਮਰ ਹੋ ਚੁੱਕੀ ਸੀ, ਸੱਤਰ ਸਾਲਾਂ ਤੋਂ ਟੱਪ ਚੁੱਕੇ ਹੋਏ ਸਨ। ਸਤਿਗੁਰੂ ਜੀ ਨੇ ਆਪਣੇ ਹੱਥੀਂ ਉਹਨਾਂ ਦੀਆਂ ਲੱਤਾਂ ਘੁੱਟੀਆਂ, ਚਰਨ ਦਬਾਏ। ਸ੍ਰੀ ਗੁਰੂ ਰਾਮਦਾਸ ਜੀ ਦੀ ਦਾੜ੍ਹੀ ਬਹੁਤ ਲੰਮੀ ਸੀ। ਬਾਬਾ ਸਿਰੀ ਚੰਦ ਜੀ ਵੇਖ ਕੇ ਮੁਸਕਰਾ ਪਏ ਅਤੇ ਪੁੱਛਣ ਲੱਗੇ—"ਇਹ ਦਾੜ੍ਹੀ ਤੁਸਾਂ ਇਤਨੀ ਲੰਮੀ ਕਿਉਂ ਵਧਾਈ ਹੋਈ ਹੈ?" ਗੁਰੂ ਰਾਮਦਾਸ ਜੀ ਨੇ ਉੱਤਰ ਦਿੱਤਾ ਕਿ "ਤੁਹਾਡੇ ਵਰਗੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ"।

ਖਾਲਕੁ ਖਲਕ ਮਹਿ

ਗੁਰੂ ਕੇ ਲੰਗਰ ਵਿਚ ਇਕ ਸਿੱਖ ਭਾਈ ਹੰਦਾਲ ਸੇਵਾ ਕਰਿਆ ਕਰਦਾ ਸੀ। ਭਾਈ ਹੰਦਾਲ,

SikhBookClub.com

ਜੰਡਿਆਲਾ (ਜ਼ਿਲ੍ਹਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਦਿਨ ਰਾਤ ਲੰਗਰ ਦੀ ਸੇਵਾ ਤੋਂ ਛੁੱਟ ਇਸ ਦਾ ਹੋਰ ਕੋਈ ਸ਼ੁਗਲ ਨਹੀਂ ਸੀ। ਲੰਗਰ ਦੀ ਸੇਵਾ ਅਤੇ ਲੰਗਰ ਵਿਚ ਆਏ ਸਿੱਖਾਂ ਦੀ ਸੇਵਾ ਵਿਚ ਹੰਦਾਲ ਇਤਨਾ ਮਸਤ ਰਹਿੰਦਾ ਸੀ ਕਿ ਇਸ ਨੂੰ ਸਤਿਗੁਰੂ ਜੀ ਦੇ ਦੀਵਾਨ ਵਿਚ ਜਾਣ ਦੀ ਵੀ ਕਦੇ ਘੱਟ ਹੀ ਵੇਹਲ ਮਿਲਦੀ ਸੀ। ਉਂਜ ਹੱਥ ਸੇਵਾ ਵਿਚ ਅਤੇ ਸੁਰਤ ਗੁਰ-ਚਰਨਾਂ ਵਿਚ। ਚੰਨ ਚੜ੍ਹਿਆ ਹੋਇਆ ਰੋਸ਼ਨ ਹੋ ਹੀ ਪੈਣਾ ਹੋਇਆ। ਭਾਈ ਹੰਦਾਲ ਦੀ ਸ਼ੋਭਾ ਦੀ ਸੁਗੰਧੀ ਸ੍ਰੀ ਗੁਰੂ ਰਾਮਦਾਸ ਜੀ ਤੱਕ ਭੀ ਜਾ ਅੱਪੜੀ। ਹੰਦਾਲ ਤਾਂ ਕਦੇ ਕਦਾਈਂ ਹੀ ਦੀਵਾਨ ਵਿਚ ਆਉਂਦਾ ਸੀ, ਸਤਿਗੁਰੂ ਜੀ ਆਪ ਹੀ ਇਕ ਦਿਨ ਉਸ ਨੂੰ ਵੇਖਣ ਲਈ ਲੰਗਰ ਵਿਚ ਆ ਗਏ। ਹੰਦਾਲ ਉਸ ਵੇਲੇ ਆਟਾ ਗੁੰਨ ਰਿਹਾ ਸੀ। ਉਸ ਨੂੰ ਪਤਾ ਹੀ ਤਦੋਂ ਲੱਗਾ, ਜਦੋਂ ਸਤਿਗੁਰੂ ਜੀ ਸਿਰ ਉੱਤੇ ਹੀ ਜਾ ਪਹੁੰਚੇ। ਹੰਦਾਲ ਨੂੰ ਮੌਕਾ ਨਾ ਮਿਲ ਸਕਿਆ ਕਿ ਹੱਥ ਧੋ ਲਏ। ਆਟੇ ਨਾਲ ਲਿਬੜੇ ਹੱਥਾਂ ਨਾਲ ਗੁਰੂ-ਚਰਨਾਂ ਉੱਤੇ ਨਮਸਕਾਰ ਕਰਨ ਵਿਚ ਉਸ ਨੇ ਸਤਿਗੁਰੂ ਦੀ ਨਿਰਾਦਰੀ ਸਮਝੀ। ਲਿੱਬੜੇ ਹੋਏ ਹੱਥ ਹੰਦਾਲ ਨੇ ਪਿੱਠ ਪਿੱਛੇ ਕਰ ਲਏ ਅਤੇ ਗੋਡਿਆਂ-ਭਾਰ ਹੋ ਕੇ ਸਤਿਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਿਆ। ਉਸ ਦਾ ਇਹ ਅਨੋਖੇ ਢੰਗ ਦਾ ਸਤਿਕਾਰ ਵੇਖ ਕੇ, ਗੁਰੂ ਰਾਮਦਾਸ ਜੀ ਹੱਸ ਪਏ। ਹੰਦਾਲ ਦਾ ਉੱਚਾ ਜੀਵਨ ਵੇਖ ਕੇ ਉਸ ਨੂੰ ਸਿੱਖ-ਧਰਮ ਦਾ ਪ੍ਰਚਾਰਕ ਮੁਕੱਰਰ ਕਰ ਦਿੱਤਾ। ਪਰਮਾਤਮਾ ਨੂੰ ਬੰਦਿਆਂ ਵਿਚ ਵੇਖਣਾ-ਸਿੱਖ ਧਰਮ ਦਾ ਇਹ ਇਕ ਅੱਤ ਜ਼ਰੂਰੀ ਨਿਯਮ ਹੈ। ਨਿਸ਼ਕਾਮ ਸੇਵਾ ਭੀ ਤਦੋਂ ਹੀ ਕੀਤੀ ਜਾ ਸਕਦੀ ਹੈ, ਜਦੋਂ ਆਪਣੇ ਅੰਦਰ ਵੱਸਦਾ ਅਕਾਲ ਪੁਰਖ ਸਭਨਾਂ ਵਿਚ ਦਿੱਸੇ। ਇਸ ਨਿਸ਼ਾਨੇ ਨੂੰ ਸਾਹਮਣੇ ਰੱਖਣ ਵਾਲਾ ਸੇਵਕ ਹੀ ਧਰਮ ਦਾ ਪ੍ਰਚਾਰਕ ਬਣ ਸਕਦਾ ਹੈ। ਧਰਮ ਦੀਆਂ ਨਿਰੀਆਂ ਜ਼ਬਾਨੀ-ਜ਼ਬਾਨੀ ਗੱਲਾਂ ਕਿਸੇ ਉੱਤੇ ਅਸਰ ਨਹੀਂ ਪਾ ਸਕਦੀਆਂ।

ਗੁਰੂ ਦਾ ਸਤਿਕਾਰ

ਮੂੰਹ ਦੇ ਬੋਲੇ ਹੋਏ ਬੋਲ ਸਹਿਜ ਸੁਭਾਇ ਮਨੁੱਖ ਦੇ ਆਪਣੇ ਜੀਵਨ ਉੱਤੇ ਅਸਰ ਪਾਈ ਜਾਂਦੇ ਹਨ। ਜਿਹੜਾ ਬੰਦਾ ਝਾਕਾ ਲਾਹ ਕੇ, ਆਪਣੇ ਕਿਸੇ ਬਜ਼ੁਰਗ ਨਾਲ ਫਿੱਕੇ ਬੋਲ ਬੋਲਣ ਲੱਗ ਪੈਂਦਾ ਹੈ, ਉਸ ਦੇ ਦਿਲ ਵਿਚੋਂ ਉਸ ਦਾ ਆਦਰ-ਸਤਿਕਾਰ ਭੀ ਸਹਿਜੇ-ਸਹਿਜੇ ਉੱਡਦਾ ਜਾਂਦਾ ਹੈ। ਇਸੇ ਤਰ੍ਹਾਂ ਜੇ ਕਿਸੇ ਦੇ ਕੰਨ ਆਪਣੇ ਕਿਸੇ ਬਜ਼ੁਰਗ ਬਾਰੇ ਨਿਰਾਦਰੀ ਦੇ ਬਚਨ ਸੁਣਨੇ ਗਿੱਝ ਜਾਣ, ਤਾਂ ਉਸ ਬਜ਼ੁਰਗ ਦਾ ਸਤਿਕਾਰ ਮਨ ਵਿਚੋਂ ਮਿਟਦਾ ਜਾਂਦਾ ਹੈ।

ਜੇ ਸਿੱਖ ਦੇ ਹਿਰਦੇ ਵਿਚ ਗੁਰੂ ਵਾਸਤੇ ਸਤਿਕਾਰ ਨਾ ਰਹੇ ਤਾਂ ਗੁਰੂ ਦੇ ਉਪਦੇਸ਼ ਅਤੇ ਗੁਰੂ ਦੇ ਜੀਵਨ ਤੋਂ ਸਿੱਖ ਕੋਈ ਲਾਭ ਨਹੀਂ ਉਠਾ ਸਕਦਾ। ਕੁਦਰਤ ਦਾ ਇਹ ਇਕ ਅਟੱਲ ਨਿਯਮ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚੋਂ ਮਿਲੀ ਹੋਈ ਇਹ ਸਿਖਿਆ, ਸਿੱਖ ਵਾਸਤੇ ਸਦਾ ਚਾਨਣ-ਮੁਨਾਰਾ ਬਣੀ ਰਹੇਗੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਮੰਗਤਾ ਫ਼ਕੀਰ ਗੋਇੰਦਵਾਲ ਵਿਚ ਰਹਿੰਦਾ ਸੀ। ਜਦ ਕਦੇ ਉਹ ਆਟਾ ਆਦਿਕ ਮੰਗਣ ਲਈ ਗੁਰੂ-ਦਰ 'ਤੇ ਆਉਂਦਾ ਸੀ ਤਾਂ ਸਿੱਖਾਂ ਨੂੰ ਸੁਣਾ ਸੁਣਾ ਕੇ ਸਤਿਗੁਰੂ ਜੀ ਦੀ ਸ਼ਾਨ ਵਿਚ ਕੁਬੋਲ ਬੋਲਦਾ ਸੀ। ਜੇ ਕੋਈ ਸਿੱਖ ਅੱਗੋਂ ਉਸ ਫ਼ਕੀਰ ਨਾਲ ਗਾਲ੍ਹ-ਮੰਦਾ ਹੋਣ ਲੱਗੇ ਤਾਂ ਸ੍ਰੀ ਗੁਰੂ ਅਮਰਦਾਸ ਜੀ ਵਰਜ ਦਿਆ ਕਰਦੇ ਸਨ। ਆਖ਼ਰ ਖਰ੍ਹਵੇ-ਪਨ ਦਾ ਇਲਾਜ ਖਰ੍ਹਵਾ-ਪਨ ਤਾਂ ਹੈ ਹੀ ਨਹੀਂ। (ਗੁਰੂ) ਰਾਮਦਾਸ ਜੀ ਉਸ ਫ਼ਕੀਰ ਨੂੰ ਬੜੇ ਪਿਆਰ

SikhBookClub.com

ਨਾਲ ਸਮਝਾਉਣ ਦਾ ਜਤਨ ਕਰਦੇ ਰਹੇ, ਪਰ ਉਹ ਫਿਰ ਭੀ ਨਾ ਟਲਿਆ। ਟਲਦਾ ਭੀ ਕਿਵੇਂ? ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਦੀ ਮਰਯਾਦਾ ਤੋਂ ਖਿੱਝੇ ਹੋਏ ਜਾਤ-ਅਭਿਮਾਨੀਆਂ ਦੀ ਚੁੱਕਣਾ ਸੀ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਸੋਨੇ ਦੇ ਦੋ ਕੜੇ ਦਿੱਤੇ। (ਗੁਰੂ) ਰਾਮਦਾਸ ਜੀ ਇਕ ਕੜਾ ਉਸ ਫ਼ਕੀਰ ਨੂੰ ਦੇ ਆਏ ਅਤੇ ਉਸ ਨੂੰ ਸਮਝਾ ਦਿੱਤਾ ਕਿ ਮਹਾਂਪੁਰਖਾਂ ਦੀ ਨਿੰਦਿਆਂ ਨਹੀਂ ਕਰਨੀ ਚਾਹੀਦੀ। ਫ਼ਕੀਰ ਦੋ ਚਾਰ ਦਿਨਾਂ ਲਈ ਕੁਬੋਲਾਂ ਤੋਂ ਹਟਿਆ ਰਿਹਾ, ਪਰ ਤਪੇ ਅਤੇ ਉਸ ਦੇ ਸਾਥੀ ਬ੍ਰਾਹਮਣਾਂ ਦੀ ਚੁੱਕ ਵਿਚ ਆ ਕੇ ਫਿਰ ਉਹੀ ਰਵੱਈਆ ਫੜ ਲਇਓ ਸੁ। (ਗੁਰੂ) ਰਾਮਦਾਸ ਜੀ ਨੇ ਦੂਜਾ ਕੜਾ ਭੀ ਉਸ ਨੂੰ ਦੇ ਦਿੱਤਾ ਅਤੇ ਉਹ ਪੰਜ ਸੱਤ ਦਿਨ ਚੁੱਪ ਰਿਹਾ, ਫਿਰ ਉਹੀ ਦੁਰਬਚਨ। ਸ੍ਰੀ ਗੁਰੂ ਰਾਮਦਾਸ ਜੀ ਫਿਰ ਉਸ ਨੂੰ ਕੁਝ ਹੋਰ ਮਾਇਆ ਦੇ ਕੇ ਖਰ੍ਹਵੇ ਬੋਲਾਂ ਤੋਂ ਰੋਕਣ ਲੱਗੇ। ਸ੍ਰੀ ਗੁਰੂ ਅਮਰਦਾਸ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਸਮਝਾਇਆ ਕਿ ਪੈਰਾਂ ਹੇਠ ਰੁਲਦੇ ਬੰਦਿਆਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਕਰਨ ਲਈ ਅਸਾਂ ਲੰਗਰ ਦੀ ਮਰਯਾਦਾ ਜ਼ਰੂਰ ਜਾਰੀ ਰੱਖਣੀ ਹੈ। ਉੱਚ-ਜਾਤੀ ਵਾਲਿਆਂ ਨੇ ਭਾਵੇਂ ਆਪਣੀ ਹਰਦੀ ਬਾਜ਼ੀ ਵੇਖ ਕੇ ਜ਼ੋਰ ਲਾਉਣਾ ਹੈ ਅਤੇ ਇਸ ਭੁੱਲੜ ਮੰਗਤੇ ਵਰਗੇ ਕਈ ਬੰਦੇ ਪ੍ਰੇਰਨੇ ਹਨ, ਜੋ ਸਾਨੂੰ ਖਰਵ੍ਹੇ ਬੋਲ ਬੋਲਣ, ਪਰ ਸਾਡਾ ਵਿਗਾੜ ਕਰਨ ਦੇ ਥਾਂ ਇਹ ਫ਼ਕੀਰ ਸਾਡੀ ਸਹਾਇਤਾ ਕਰ ਰਿਹਾ ਹੈ, ਸਾਨੂੰ ਜਾਚ ਸਿਖਾ ਰਿਹਾ ਹੈ, ਕਿ ਅਸੀਂ ਹੱਸਦੇ-ਮੱਥੇ ਖਰਵ੍ਹਾ-ਪਨ ਸਹਾਰੀਏ ਅਤੇ ਖਿੱਝ ਤੋਂ ਬਚੇ ਰਹੀਏ।

ਬ੍ਰਾਹਮਣ ਦੇ ਰਸੂਖ਼ ਉੱਤੇ ਕਰਾਰੀ ਚੋਟ

ਹਰੇਕ ਹਿੰਦੂ-ਘਰਾਣੇ ਦੇ ਸਾਧਾਰਨ ਰੋਜ਼ਾਨਾ ਜੀਵਨ ਵਿਚ ਕਈ ਐਸੇ ਸਮੇਂ ਆਉਂਦੇ ਹਨ, ਜਦੋਂ ਬ੍ਰਾਹਮਣ ਦੀ ਸੇਵਾ-ਪੂਜਾ ਤੋਂ ਬਿਨਾਂ ਸਰ ਨਹੀਂ ਆਉਂਦੀ। ਸ਼ਾਸਤਰਾਂ ਦੀ ਦੱਸੀ ਮਰਯਾਦਾ ਅਨੁਸਾਰ ਉਹਨਾਂ ਸਮਿਆਂ 'ਤੇ ਘਰਾਣੇ ਦੇ ਬ੍ਰਾਹਮਣ ਨੇ ਹੀ ਆ ਕੇ ਭਾਈਚਾਰਕ ਰਸਮਾਂ ਸਿਰੇ ਚੜ੍ਹਾਣੀਆਂ ਹੁੰਦੀਆਂ ਹਨ। ਅਜਿਹੇ ਮੋਟੇ ਉੱਘੇ ਚਾਰ ਸਮੇਂ ਆਉਂਦੇ ਹਨ:

1. ਘਰ ਵਿਚ ਬੱਚੇ-ਬੱਚੀ ਦਾ ਜੰਮਣਾ
2. ਜਨੇਊ
3. ਵਿਆਹ
4. ਮਿਰਤਕ ਸੰਸਕਾਰ-ਪਿੰਡ ਭਰਾਣੇ, ਕਿਰਿਆ, ਫੁੱਲ ਹਰਿਦੁਆਰ ਤਾਰਨੇ ਆਦਿਕ।

1. ਜਦੋਂ ਕਿਸੇ ਹਿੰਦੂ-ਘਰ ਵਿਚ ਕੋਈ ਬਾਲ ਜੰਮੇ ਤਾਂ 13 ਦਿਨ ਲਈ ਘਰ ਵਿਚ 'ਸੂਤਕ' ਦੀ ਅਪਵਿੱਤਰਤਾ ਹੋ ਜਾਂਦੀ ਹੈ। ਤੇਰ੍ਹਵੇਂ ਦਿਨ ਪ੍ਰਸੂਤਾ ਇਸਤਰੀ ਚੌਂਕੇ ਚੜ੍ਹਦੀ ਹੈ, ਉਸ ਦਿਨ ਜ਼ਰੂਰੀ ਹੈ, ਕਿ ਘਰ ਦੇ ਬ੍ਰਾਹਮਣ ਜਾਂ ਬ੍ਰਾਹਮਣੀ ਨੂੰ ਭੋਜਨ ਖੁਆਇਆ ਜਾਏ।
2. ਕੁਦਰਤੀ ਜਨਮ ਤੋਂ ਇਲਾਵਾ ਹਰੇਕ ਹਿੰਦੂ ਨੂੰ ਖ਼ਾਸ ਉਮਰੇ ਧਾਰਮਿਕ ਮੰਡਲ ਵਿਚ ਭੀ ਜਨਮ ਲੈਣਾ ਪੈਂਦਾ ਹੈ, ਜਨੇਊ ਪਾਣਾ ਪੈਂਦਾ ਹੈ। ਇਹ ਜਨੇਊ ਦੀ ਮਰਯਾਦਾ ਬ੍ਰਾਹਮਣ, ਖੱਤ੍ਰੀ ਅਤੇ ਵੈਸ਼ ਵਾਸਤੇ ਜ਼ਰੂਰੀ ਹੈ। ਸ਼ੂਦਰ ਨੂੰ ਜਨੇਊ ਪਾਉਣ ਦਾ ਅਧਿਕਾਰ ਨਹੀਂ ਹੈ। ਜਨੇਊ ਪਾਉਣ ਸਮੇਂ ਘਰ ਦੇ ਪੁਰੋਹਤ ਦੀ ਸੇਵਾ-ਪੂਜਾ ਜ਼ਰੂਰੀ ਹੈ, ਉਹੀ ਜਨੇਊ ਪਵਾ ਸਕਦਾ ਹੈ।

SikhBookClub.com

3. ਵਿਆਹ ਦੀ ਮਰਯਾਦਾ ਭੀ ਬ੍ਰਾਹਮਣ ਦੇ ਵਸੀਲੇ ਤੋਂ ਬਿਨਾਂ ਹਿੰਦੂ-ਘਰਾਂ ਵਿਚ ਕੀਤੀ ਨਹੀਂ ਜਾ ਸਕਦੀ।
4. ਮਿਰਤਕ ਸੰਸਕਾਰ-ਜਦੋਂ ਕੋਈ ਹਿੰਦੂ ਪ੍ਰਾਣੀ ਮਰਦਾ ਹੈ ਤਾਂ ਉਸ ਦੇ ਸਰੀਰ ਦਾ ਸਸਕਾਰ, ਦਸੀਂ ਦਿਨੀਂ ਕਿਰਿਆ, ਉਸ ਦੇ ਫੁੱਲ ਹਰਿਦੁਆਰ ਗੰਗਾ ਵਿਖੇ ਪਾਉਣੇ, ਇਹ ਕੋਈ ਭੀ ਮਰਯਾਦਾ ਬ੍ਰਾਹਮਣ ਦੀ ਸਹਾਇਤਾ ਤੋਂ ਬਿਨਾਂ ਨਹੀਂ ਹੋ ਸਕਦੀ।

ਜੇ ਕੋਈ ਹਿੰਦੂ ਇਹਨਾਂ ਵਿਚੋਂ ਕਿਸੇ ਮਰਯਾਦਾ ਦਾ ਉਲੰਘਣ ਕਰ ਬਹੇ ਤਾਂ ਉਸ ਨੂੰ ਤੁਰੰਤ ਬਰਾਬਰੀ ਨਾਲੋਂ ਨਿਖੇੜ ਦਿੱਤਾ ਜਾਂਦਾ ਹੈ, ਉਸ ਨਾਲ ਖਾਣ-ਪੀਣ ਦੀ ਵਰਤੋਂ ਬੰਦ ਕਰ ਦਿੱਤੀ ਜਾਂਦੀ ਹੈ, ਮਰਨੇ-ਪਰਨੇ 'ਤੇ ਕੋਈ ਹਿੰਦੂ ਭਰਾ ਉਸ ਨਾਲ ਭਾਈਚਾਰਕ ਸਾਂਝ ਨਹੀਂ ਰੱਖ ਸਕਦਾ। ਇਹਨਾਂ ਬੰਦਸ਼ਾਂ ਦੇ ਆਸਰੇ ਹੀ ਤਾਂ ਹਿੰਦੂ-ਕੌਮ ਦੇ ਸਿਰੋਂ ਬ੍ਰਾਹਮਣ ਦੀ ਬੇ-ਫ਼ਿਕਰ ਰੋਜ਼ੀ ਬਣੀ ਰਹਿੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਜਨਤਾ ਦੇ ਮੋਢਿਆਂ ਤੋਂ ਗ਼ੁਲਾਮੀ ਦਾ ਇਹ ਜੂਲਾ ਉਤਾਰਨਾ ਸ਼ੁਰੂ ਕਰ ਦਿੱਤਾ। ਜਦੋਂ ਮਾਪਿਆਂ ਨੇ ਉਹਨਾਂ ਨੂੰ ਜਨੇਊ ਪਵਾਣ ਦੀ ਕੋਸ਼ਿਸ਼ ਕੀਤੀ, ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ। 'ਸੂਤਕ' ਦੇ ਭਰਮ-ਜਾਲ ਨੂੰ ਭੀ ਖੁੱਲ੍ਹੇ ਲਫ਼ਜ਼ਾਂ ਵਿਚ ਤੋੜਿਆ, ਕਿ ਜੇ ਜੰਮਣ ਮਰਨ ਦੇ ਵਹਿਮ ਕੀਤੇ ਗਏ ਤਾਂ ਹਰੇਕ ਘਰ ਵਿਚ ਹਰ ਵੇਲੇ ਹੀ ਸੂਤਕ ਪਿਆ ਰਹਿੰਦਾ ਹੈ, ਕਿਉਂਕਿ ਹੋਰ ਤਾਂ ਹੋਰ ਹਰ ਵੇਲੇ ਦੀ ਵਰਤਣ ਵਾਲੀ ਸ਼ੈ ਪਾਣੀ ਵਿਚ ਹੀ ਅਨੇਕਾਂ ਜੀਆ ਜੰਤ ਹਨ।

ਮਿਰਤਕ ਸੰਸਕਾਰ ਦੀਆਂ ਬੰਦਸ਼ਾਂ ਵਲੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਆਜ਼ਾਦ ਕਰ ਦਿੱਤਾ ਅਤੇ ਆਖਿਆ ਕਿ ਮਰਦੇ ਪ੍ਰਾਣੀ ਦੀ ਤਲੀ ਉੱਤੇ ਦੀਵਾ ਜਗਾਣਾ, ਪਿੰਡ ਭਰਾਣੇ, ਕਿਰਿਆ ਕਰਨੀ, ਉਸ ਦੇ ਫੁੱਲ ਹਰਿਦੁਆਰ ਲੈ ਜਾਣੇ, ਅਜਿਹੀ ਕਿਸੇ ਮਰਯਾਦਾ ਦੀ ਸਿੱਖ ਨੂੰ ਲੋੜ ਨਹੀਂ ਹੈ। ਸਤਸੰਗ ਕਰੋ, ਬਾਣੀ ਪੜ੍ਹੋ ਅਤੇ ਪ੍ਰਭੂ ਚਰਨਾਂ ਵਿਚ ਅਰਦਾਸ ਕਰੋ। ਕਿਸੇ ਖ਼ਾਸ ਸ਼੍ਰੇਣੀ ਦੇ ਮਨੁੱਖ ਦਾ ਕੋਈ ਠੇਕਾ ਨਹੀਂ ਹੈ, ਹਰੇਕ ਸਿੱਖ ਆਪ ਹੀ ਇਹ ਸਾਰੇ ਉੱਦਮ ਕਰ ਸਕਦਾ ਹੈ।

ਵਿਆਹ ਵੇਲੇ ਦੀ ਬ੍ਰਾਹਮਣ ਦੀ ਮੁਥਾਜੀ ਸ੍ਰੀ ਗੁਰੂ ਰਾਮਦਾਸ ਜੀ ਨੇ ਦੂਰ ਕਰ ਦਿੱਤੀ। ਵਿਆਹ ਵੇਲੇ ਜਿਹੜੀਆਂ ਚਾਰ ਲਾਵਾਂ ਵੇਦੀ ਗੱਡ ਕੇ ਬ੍ਰਾਹਮਣ ਆ ਕੇ ਕਰਾਂਦਾ ਸੀ ਅਤੇ ਵੇਦ-ਮੰਤ੍ਰ ਆਦਿਕ ਪੜ੍ਹਦਾ ਸੀ, ਉਹ ਚਾਰ ਲਾਵਾਂ ਪੜ੍ਹਨ ਦਾ ਅਧਿਕਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਹਰੇਕ ਸਿੱਖ ਨੂੰ ਦੇ ਦਿੱਤਾ। ਸੂਹੀ ਰਾਗ ਵਿਚ ਉਹਨਾਂ ਇਕ 'ਛੰਤ' ਚਾਰ ਪਉੜੀਆਂ ਵਾਲਾ ਲਿੱਖ ਦਿੱਤਾ, ਜੋ ਵਿਆਹਾਂ ਸਮੇਂ ਸਿੱਖ ਪੜ੍ਹਦੇ ਹਨ ਅਤੇ ਕਿਸੇ ਗੱਲੋਂ ਬ੍ਰਾਹਮਣ ਦੇ ਮੁਥਾਜ ਨਹੀਂ ਰਹਿੰਦੇ।

ਇਸ ਤਰ੍ਹਾਂ ਸਹਿਜੇ-ਸਹਿਜੇ ਸਿੱਖ-ਜਨਤਾ ਬ੍ਰਾਹਮਣ ਦੇ ਜੂਲੇ ਹੇਠੋਂ ਨਿਕਲਦੀ ਗਈ ਅਤੇ ਸਿੱਖ-ਧਰਮ ਹਿੰਦੂ ਰਸਮਾਂ-ਰੀਤਾਂ ਤੋਂ ਵੱਖਰਾ ਹੁੰਦਾ ਗਿਆ।

(11/1993)

SikhBookClub.com

ਸ੍ਰੀ ਗੁਰੂ ਰਾਮਦਾਸ ਜੀ

ਨਿਮਰਤਾ ਦੀ ਸਾਖਿਆਤ ਮੂਰਤਿ, ਵਿਸ਼ਾਲ ਹਿਰਦੇ ਅਤੇ ਸੁੰਦਰ ਸਰੂਪ ਦੇ ਮਾਲਕ, ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਵਿਚ ਚੌਥੇ ਨਾਨਕ ਦੇ ਰੂਪ ਵਿਚ ਪ੍ਰਗਟ ਹੋਏ। ਸ੍ਰੀ ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ ਭਾਈ ਜੇਠਾ ਜੀ ਸੀ। ਉਹ ਸੋਢੀ ਖੱਤਰੀ ਬੰਸ ਨਾਲ ਸਬੰਧਤ ਸਨ, ਜਿਸ ਦੀ ਗਵਾਹੀ ਸਿੱਖ ਧਰਮ ਵਿਚ ਅਤਿ ਸਤਿਕਾਰਤ ਹਸਤੀ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ 47ਵੀਂ ਪਉੜੀ ਵਿਚ ਦਿੰਦੇ ਹਨ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।।

ਸੋਢੀ ਪਾਤਿਸ਼ਾਹ ਜੀ ਦਾ ਜਨਮ 24 ਸਤੰਬਰ 1534 ਈ. ਨੂੰ ਲਾਹੌਰ ਦੀ ਚੂਨੀ ਮੰਡੀ ਵਿਖੇ ਭਾਈ ਹਰਿਦਾਸ ਜੀ ਦੇ ਗ੍ਰਹਿ ਵਿਖੇ ਹੋਇਆ। ਛੋਟੇ ਹੁੰਦਿਆਂ ਹੀ ਮਾਤਾ ਜੀ ਦਾ ਦਿਹਾਂਤ ਹੋ ਗਿਆ ਤੇ ਉਹ ਬਾਸਰਕੇ ਆਪਣੇ ਨਾਨਕੇ ਪਿੰਡ ਆ ਗਏ। ਪੰਜ ਸਾਲ ਬਾਸਰਕੇ ਰਹਿਣ ਪਿਛੋਂ 1546 ਈ. ਵਿਚ ਆਪ ਜੀ ਨੂੰ ਇਕ ਵਾਰ ਗੋਇੰਦਵਾਲ ਸਾਹਿਬ ਜਾਣ ਦਾ ਮੌਕਾ ਮਿਲਿਆ।

ਭਾਈ ਜੇਠਾ ਜੀ ਨੇ ਵੀ ਸੇਵਾ ਭਾਵਨਾ ਨਾਲ ਇਥੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੀ ਸੇਵਾ ਭਾਵਨਾ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਤਰ੍ਹਾਂ ਗੁਰੂ ਜੀ ਅਤੇ ਉਨ੍ਹਾਂ ਦੇ ਮਹਿਲ ਜੀ ਨੇ ਇਸ ਤੋਂ ਖ਼ੁਸ਼ ਹੋ ਕੇ ਆਪਣੀ ਛੋਟੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕਰ ਦਿੱਤੀ।

ਆਪ ਜੀ ਇਥੇ ਹੀ ਪਰਿਵਾਰ ਸਮੇਤ ਟਿਕ ਕੇ ਗੁਰੂ-ਘਰ ਦੀ ਸੇਵਾ ਕਰਨ ਲੱਗ ਪਏ। ਇਸੇ ਕਰਕੇ ਹੀ ਉਨ੍ਹਾਂ ਦੀ ਸੇਵਾ ਇਕ ਦਿਨ ਰੰਗ ਲਿਆਈ। ਸ੍ਰੀ ਗੁਰੂ ਅਮਰਦਾਸ ਜੀ ਨੇ ਦੋਵੇਂ ਪੁੱਤਰਾਂ (ਮੋਹਰੀ ਜੀ ਤੇ ਮੋਹਨ ਜੀ) ਅਤੇ ਵੱਡੇ ਜੁਆਈ ਭਾਈ ਰਾਮਾ ਜੀ ਨੂੰ ਛੱਡ ਕੇ ਗੁਰਗੱਦੀ ਭਾਈ ਜੇਠਾ ਜੀ ਨੂੰ ਬਖ਼ਸ਼ ਦਿੱਤੀ। ਜਿਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਆਉਂਦਾ ਹੈ:

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥

(ਪੰਨਾ ੯੨੪)

ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਸਿੱਖ ਧਰਮ ਦੇ ਚੌਥੇ ਨਾਨਕ ਜੀ ਪ੍ਰਗਟ ਹੋਏ। ਇਹ ਗੁਰੂ ਜੋਤਿ ਉਹੀ ਜੋਤਿ ਸਨ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਸੀ ਅਤੇ ਹੁਣ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਦਰ ਆ ਕੇ ਟਿਕ ਗਈ ਸੀ। ਇਸ ਜੋਤਿ ਦਾ ਸ੍ਰੀ ਗੁਰੂ

SikhBookClub.com

ਨਾਨਕ ਜੀ ਦੀ ਜੋਤਿ ਨਾਲ ਕੋਈ ਭਿੰਨ ਭੇਦ ਨਹੀਂ ਸੀ, ਸਗੋਂ ਇਹ ਇਕ ਹੀ ਜੋਤਿ ਸੀ, ਜੋ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਫਿਰ ਰਾਮਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਈ। ਇਥੇ ਹੀ ਬਸ ਨਹੀਂ ਇਹ ਜੋਤਿ ਹੋਰ ਵੀ ਅੱਗੇ ਚਲਦੀ ਰਹੀ ਤੇ ਦਸਵੇਂ ਪਾਤਸ਼ਾਹ ਅਤੇ ਅਖ਼ੀਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੇ ਗੁਰੂ-ਖਾਲਸਾ ਰੂਪ ਵਿਚ ਟਿਕ ਗਈ। ਜੋ ਅੱਜ ਵੀ ਸਮੁੱਚੀ ਦੁਨੀਆਂ ਅੰਦਰ ਆਪਣੀ ਰੋਸ਼ਨੀ ਨਾਲ ਹਨੇਰੇ ਦਿਲਾਂ ਅੰਦਰ ਗਿਆਨ ਰੂਪੀ ਜੋਤਿ ਬਾਲ ਕੇ ਉਨ੍ਹਾਂ ਨੂੰ ਹਨੇਰੇ ਤੋਂ ਪਾਰ ਕਰ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ:

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰ ਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨ ਲਖਾ ਮੂੜ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥
ਬਿਨ ਸਮਝੇ ਸਿਧਿ ਹਾਥਿ ਨਾ ਆਈ॥੧੦॥੩॥

(ਦਸਮ ਗ੍ਰੰਥ ਸ਼ਬਦਾਰਥ, ਪੰਨਾ ੨੦)

ਸ੍ਰੀ ਗੁਰੂ ਰਾਮਦਾਸ ਜੀ ਨੇ ਉਸੇ ਹੀ ਜੋਤਿ ਨੂੰ ਅੱਗੇ ਚਾਲੂ ਰੱਖਿਆ। ਸ੍ਰੀ ਗੁਰੂ ਰਾਮਦਾਸ ਜੀ ਜਿਥੇ ਪੂਰਨ ਮਨੁੱਖ, ਮਹਾਨ ਆਤਮਾ, ਅਰਸ਼ੀ ਤੋਂ ਕਮਾਲ ਦੇ ਕਵੀ ਸਨ, ਉਥੇ ਨਾਲ ਹੀ ਇਕ ਬਹੁਤ ਵੱਡੇ ਇਨਕਲਾਬੀ ਸਮਾਜ ਉਸਰਈਏ ਵੀ ਸਨ। ਆਪ ਜੀ ਦੀ ਬਾਣੀ ਵਿਚ ਕੁਦਰਤ ਚਿਤ੍ਰਣ ਬਹੁਤ ਹੀ ਸੋਹਣਾ ਕੀਤਾ ਗਿਆ ਹੈ। ਆਪ ਜੀ ਦੀ ਬਾਣੀ ਬਾਰੇ ਪ੍ਰੋ· ਪੂਰਨ ਸਿੰਘ ਜੀ ਦਾ ਵਿਚਾਰ ਹੈ:

> "ਗੁਰੂ ਰਾਮਦਾਸ ਜੀ ਦੀ ਬਾਣੀ, ਪ੍ਰੀਤ ਦੀ ਵਹਿੰਦੀ ਨਦੀ ਸਮਾਨ ਹੈ, ਜਿਸ ਦੀ ਮਧੁਰ ਧੁਨੀ ਪ੍ਰੀਤਮ ਲਈ ਤੜਪਦੀ ਅਤੇ ਉਸ ਦੇ ਦਰਸ਼ਨ ਦੀ ਝਲਕ ਦੇ ਕੀਲ ਲੈਣ ਵਾਲੇ ਜਾਦੂ ਅਸਰ ਨੂੰ ਗਾਉਂਦੀ ਹੈ।"

(ਦਸ ਗੁਰੂ ਦਰਸ਼ਨ)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਬ੍ਰਿਹੋਂ ਤੜਪ ਅਤਿ ਦੀ ਹੈ ਜੋ ਕਿ ਖਾਸ ਤੌਰ 'ਤੇ ਉਨ੍ਹਾਂ ਦੀ ਰਚਨਾ, ਛੱਕੇ ਛੰਤ ਤੋਂ ਵੇਖੀ ਜਾ ਸਕਦੀ ਹੈ।

ਆਪ ਜੀ ਦੇ ਸਾਹਮਣੇ ਸਮਾਜ ਉਸਾਰੀ ਦੀ ਬਹੁਤ ਵੱਡੀ ਯੋਜਨਾ ਸੀ, ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਦਾਜ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ ਅਤੇ ਸਿੱਖ ਸਮਾਜ ਅੰਦਰ ਲਾਵਾਂ ਦੀ ਮਰਯਾਦਾ ਸ਼ੁਰੂ ਕ੍ਰਕੇ ਇਸ 'ਤੇ ਪਿਆ ਹੋਇਆ ਹਿੰਦੂ ਮੱਤ ਦਾ ਪੁਰਾਣਾ ਗਲਬਾ ਸਦਾ ਲਈ ਦੂਰ ਕਰ ਦਿੱਤਾ। ਇਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਤੀ-ਪ੍ਰਥਾ ਵਿਰੁੱਧ ਉਠਾਈ ਆਵਾਜ਼ ਦਾ ਡੱਟ ਕੇ ਸਮਰਥਨ ਕੀਤਾ।

ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਹੋਰ ਵੀ ਕਈ ਵਡਮੁੱਲੇ ਕੰਮ ਕੀਤੇ ਜਿਨ੍ਹਾਂ ਵਿਚੋਂ ਸ੍ਰੀ ਅੰਮ੍ਰਿਤਸਰ ਜੀ ਦੀ ਸਥਾਪਨਾ, ਮਸੰਦ ਪ੍ਰਥਾ ਦਾ ਚਾਲੂ ਕਰਨਾ, ਸਿੱਖ ਰਹੁ-ਰੀਤਾਂ ਨੂੰ ਪੱਕਿਆਂ ਕਰਨਾ, ਇਕ ਹੀ ਕੇਂਦਰ 'ਤੇ ਜ਼ੋਰ ਦੇਣਾ, ਉਦਾਸੀਆਂ ਨਾਲ ਮੇਲ, ਮੁੱਖ ਤੌਰ 'ਤੇ ਸੰਖੇਪ

SikhBookClub.com

ਵਿਚ ਕਹੇ ਜਾ ਸਕਦੇ ਹਨ। ਪੰਜਾਬ ਦੀ ਧਰਤੀ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਸਥਾਪਨਾ ਗੁਰੂ ਰਾਮਦਾਸ ਜੀ ਦਾ ਸਮੁੱਚੇ ਭਾਰਤ ਨੂੰ ਇਕ ਅਦੁੱਤੀ ਤੋਹਫ਼ਾ ਹੈ। ਪੰਜਾਬ ਸੱਚ-ਮੁੱਚ ਗੁਰਾਂ ਵਾਲੀ ਧਰਤੀ ਹੈ। ਉਂਜ ਤਾਂ 'ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ' ਪਿਆ ਹੈ। ਇਥੇ ਚੱਪੇ ਚੱਪੇ 'ਤੇ ਗੁਰਾਂ ਦੀ ਮੁਹਰ ਹੈ ਪਰ ਸ਼ਾਇਦ ਸਤਿਗੁਰੂ ਦੀ ਸਭ ਤੋਂ ਵੱਡੀ ਛਾਪ ਜੋ ਪੰਜਾਬ 'ਤੇ ਲੱਗੀ ਹੋਈ ਹੈ ਉਹ ਹੈ 'ਸੱਚਾ ਦਰਬਾਰ'। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਤਿਗੁਰਾਂ ਦੀ ਅਮਰ ਯਾਦਗਾਰ ਹੈ ਜਿਥੇ ਗੁਰਾਂ ਦਾ ਸ਼ਬਦ ਪ੍ਰਕਾਸ਼ਮਾਨ ਹੈ ਜਿਥੇ ਦਿਨ ਰਾਤ ਗੁਰੂ ਜੀ ਦੇ ਨਾਮ ਦਾ ਪ੍ਰਵਾਹ ਪਿਆ ਚਲਦਾ ਹੈ।

ਪ੍ਰੋ. ਪ੍ਰਕਾਸ਼ ਸਿੰਘ ਜੀ ਅਨੁਸਾਰ:

"ਅੱਜ ਪੰਜਾਬ ਤੇ ਪੰਜਾਬੀਆਂ ਦੀ ਹੋਂਦ ਹੀ ਸਤਿਗੁਰੂਆਂ ਕਰਕੇ ਹੈ। ਪੰਜਾਬ ਨੂੰ ਸਿੱਖ ਗੁਰੂਆਂ ਨੇ ਬਣਾਇਆ, ਪੰਜਾਬ ਨੂੰ ਗੁਰੂਆਂ ਨੇ ਨਵਾਂ ਜੀਵਨ ਦੇ ਕੇ ਨਿਵਾਜਿਆ। ਅਸੀਂ ਪੰਜਾਬੀ ਗੁਰੂਆਂ ਦੀ ਦੇਣ ਨਹੀਂ ਦੇ ਸਕਦੇ।"

(ਗੁਰੂ ਰਾਮਦਾਸ: ਜੀਵਨ ਤੇ ਰਚਨਾ)

ਅੰਮ੍ਰਿਤਸਰ—ਉਹ ਅੰਮ੍ਰਿਤ ਸਰੋਵਰ, ਜਿਸ ਵਿਚਕਾਰ ਦਰਬਾਰ ਸਾਹਿਬ ਸੁਸ਼ੋਭਤ ਹੈ, ਸ੍ਰੀ ਗੁਰੂ ਰਾਮਦਾਸ ਜੀ ਦੀ ਅਮਰ ਯਾਦਗਾਰ ਹੈ। ਇਹ ਸਿੱਖਾਂ ਦਾ ਧਰਮ ਕੇਂਦਰ ਹੈ। ਸਿੱਖਾਂ ਦੀ ਅਰਦਾਸ ਦਾ ਇਕ ਅਨਿੱਖੜਵਾਂ ਅੰਗ, ਇਹ ਮੰਗ ਹੈ, 'ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਸ਼ਨਾਨ', ਇਹ ਭਗਤੀ ਤੇ ਸੇਵਾ ਦਾ ਕੇਂਦਰ ਹੈ, ਇਥੇ ਗੁਰਬਾਣੀ ਦਾ ਕੀਰਤਨ ਤੇ ਪਾਠ ਦਾ ਪਰਵਾਹ ਸਦਾ ਚਲਦੇ ਰਹਿੰਦੇ ਹਨ। ਸਿੱਖੀ ਦੇ ਇਸ ਮਹਾਨ ਕੇਂਦਰ ਤੇ ਤੀਰਥ ਦੀ ਨੀਂਹ ਰੱਖਣ ਦਾ ਮਾਣ ਸ੍ਰੀ ਗੁਰੂ ਰਾਮਦਾਸ ਜੀ ਨੂੰ ਪ੍ਰਾਪਤ ਹੋਇਆ।

ਪ੍ਰਿੰਸੀਪਲ ਤੇਜਾ ਸਿੰਘ ਜੀ ਅਨੁਸਾਰ:

"ਆਪਣੇ ਸਿੱਖਾਂ ਨੂੰ ਸ਼ਹਿਰ ਵਿਚ ਵੱਸਣ ਦਾ ਸੱਦਾ ਦੇਣ ਤੋਂ ਬਿਨਾਂ ਗੁਰੂ ਜੀ ਨੇ ਬਵੰਜਾ ਵਿਹਾਰਾਂ ਦੇ ਕਰਨਹਾਰਾਂ ਨੂੰ ਵੀ ਸ਼ਹਿਰ ਵਿਚ ਆਬਾਦ ਹੋਣ ਲਈ ਆਖਿਆ।"

(ਸਿੱਖ ਇਤਿਹਾਸ ਦੀਆਂ ਝਾਕੀਆਂ)

ਇਕ ਅੰਗਰੇਜ਼ ਇਤਿਹਾਸਕਾਰ ਕਨਿੰਘਮ ਗੁਰੂ ਰਾਮਦਾਸ ਜੀ ਬਾਰੇ ਲਿਖਦਾ ਹੈ ਕਿ:

"Ram Dass is among the most revered of the Gooroos."

(ਹਿਸਟਰੀ ਆਫ਼ ਸਿਖਸ)

ਸ੍ਰੀ ਗੁਰੂ ਰਾਮਦਾਸ ਜੀ ਦਾ ਸਭ ਤੋਂ ਵੱਡਾ ਪਰਉਪਕਾਰ ਜੋ ਸਿੱਖ ਜਗਤ 'ਤੇ ਹੈ ਉਹ ਯੋਗ ਵਾਰਿਸ ਦੀ ਚੋਣ ਦਾ ਹੈ। ਇਹ ਉਹੀ ਦੂਰ-ਅੰਦੇਸ਼ੀ ਸੀ ਜੋ ਕਿ ਗੁਰਗੱਦੀ ਦਾ ਸਹੀ ਹੱਥਾਂ ਵਿਚ ਚੋਣ ਕਰਕੇ ਦੇਣਾ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਾਲੂ ਸੀ ਤੇ ਇਨ੍ਹਾਂ ਨੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੱਦੀ ਦੇ ਯੋਗ ਸਮਝ ਕੇ ਤੇ ਪਰਖ ਕੇ ਗੁਰਗੱਦੀ ਉਨ੍ਹਾਂ ਨੂੰ ਦੇ ਦਿੱਤੀ। ਇਸ ਸਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ:

ਰਾਮਦਾਸ ਹਰਿ ਸੋ ਮਿਲਿ ਗਏ॥
ਗੁਰਤਾ ਦੇਤਿ ਅਰਜੁਨਹਿ ਭਏ॥

(ਦਸਮ ਗ੍ਰੰਥ ਸ਼ਬਦਾਰਥ, ਪੰਨਾ ੨੦)

SikhBookClub.com

ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ 1581 ਈ. ਨੂੰ ਜੋਤੀ ਜੋਤਿ ਸਮਾ ਗਏ ਆਪ ਜੀ ਦੀ ਨਿਮਰਤਾ ਦੀ ਮਿਸਾਲ ਦਾ ਤਾਂ ਕੋਈ ਬਦਲ ਹੀ ਨਹੀਂ ਭਾਲਿਆ ਜਾ ਸਕਦਾ।

ਸੋ ਉਪਰੋਕਤ ਤੱਥਾਂ ਨੂੰ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਪੰਥ ਨੇ ਹਰ ਪਹਿਲੂ ਵਿਚ ਬਹੁਤ ਮਾਅਰਕੇ ਮਾਰੇ ਤੇ ਪੱਕੀ ਤਰ੍ਹਾਂ ਇਕ ਹੀ ਕੇਂਦਰ ਨਾਲ ਜੁੜ ਗਿਆ। ਇਸ ਲਈ ਸੋਢੀ ਪਾਤਿਸ਼ਾਹ ਜੀ ਨੇ ਜਿਸ ਮਹਾਨ ਸਮਾਜ ਦੀ ਰਚਨਾ ਕੀਤੀ, ਉਸਾਰੀ ਕੀਤੀ, ਉਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਇਸ ਲਈ ਭੱਟਾਂ ਨੇ ਜਿਵੇਂ ਆਪਣੇ ਮਨੋ ਭਾਵ ਦਰਸਾਉਂਦਿਆਂ ਸ਼ਰਨ ਡਿੱਗ ਕੇ ਬੇਨਤੀ ਕੀਤੀ ਹੈ। ਆਓ, ਅਸੀਂ ਵੀ ਉਹਨਾਂ ਬਾਰੇ ਰਲ ਕੇ ਭਟ ਕੀਰਤ ਵਾਲੀ ਅਰਦਾਸ ਕਰੀਏ ਕਿ ਉਹ ਸਾਨੂੰ ਆਪਣੀ ਪਵਿੱਤਰ ਸ਼ਰਨ ਬਖ਼ਸ਼ਣ:

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥

(ਪੰਨਾ ੧੪੦੬)

(10/1982)

SikhBookClub.com

ਭਾਈ ਗੁਰਦਾਸ ਜੀ ਦੀ ਨਜ਼ਰ ਵਿਚ

ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਨੇ ਪਰਮ-ਧਰਮ-ਸਾਧਨਾ ਦੁਆਰਾ ਪ੍ਰਾਪਤ ਪਾਰਬ੍ਰਹਮ ਦੀ ਪ੍ਰਚੰਡ-ਜੋਤ ਨਾਲ ਸਾਰਾ ਚੌਗਿਰਦਾ ਜਿਥੇ ਪ੍ਰਕਾਸ਼ਮਾਨ ਕਰ ਦਿੱਤਾ, ਉਥੇ ਮਾਇਆ-ਜੰਜਾਲ ਦੇ ਅੰਧੇਰ ਖਾਨੇ ਵਿਚ ਭਟਕ ਰਹੇ ਜੀਵ ਨੂੰ ਸੁਆਰਥ ਵਿਚ ਵਿਚਰਦਿਆਂ, ਪ੍ਰਮਾਰਥ ਦਾ ਸਹੀ ਰਸਤਾ ਦਿਖਾਇਆ। ਉਹ ਅਸਲ ਵਿਚ ਸੰਪ੍ਰਦਾਇਕ ਸੰਕੀਰਣਤਾ ਤੋਂ ਉੱਪਰ ਉਠ, ਇਕ ਮਹਾਨ ਸਹਿਜ ਸਾਧਕ ਸਨ। ਉਨ੍ਹਾਂ ਦੀ ਸਾਧਨਾ ਕਰਮ-ਕਾਂਡਾਂ ਤੋਂ ਮੁਕਤ, ਪੂਜਾ ਵਿਧੀਆਂ ਤੋਂ ਰਹਿਤ, ਤਰਕ ਵਿਤਰਕ ਦੀ ਹੁੰਮਸ ਤੋਂ ਦੂਰ ਇਕ ਅਜਿਹੀ ਸੁਤੰਤਰ ਜੀਵਨ ਜਾਚ ਸੀ, ਜਿਸ ਨੂੰ ਧਰਮ, ਦੇਸ਼, ਜਾਤੀ ਸੰਪ੍ਰਦਾਇ ਅਤੇ ਵਰਗ-ਵੰਡ ਦੀਆਂ ਸੀਮਾਵਾਂ ਆਪਣੇ ਕਲਾਵੇ ਵਿਚ ਨਾ ਰੱਖ ਸਕੀਆਂ। ਉਨ੍ਹਾਂ ਦੀ ਸਾਧਨਾ ਪਰੰਪਰਾਗਤ ਪ੍ਰਚਲਿਤ ਧਾਰਮਿਕ ਰੂੜ੍ਹੀਆਂ ਦੀ ਹੱਦਬੰਦੀ ਵਿਚੋਂ ਬਾਹਰ ਨਿਕਲ ਕੇ ਜਨ-ਸਾਧਾਰਨ ਵਿਚ ਆ ਬਿਰਾਜੀ ਸੀ।

1574 ਈ. ਵਿਚ ਸ੍ਰੀ ਗੁਰੂ ਰਾਮਦਾਸ ਜੀ ਜਦ ਗੁਰਗੱਦੀ ਉੱਪਰ ਬਿਰਾਜਮਾਨ ਹੋਏ ਤਾਂ ਉਸ ਸਮੇਂ ਭਾਈ ਗੁਰਦਾਸ ਜੀ ਆਪਣਾ ਪ੍ਰਚਾਰਿਕ ਦੌਰਾ ਖ਼ਤਮ ਕਰ ਕੇ ਵਾਪਸ ਪਰਤੇ ਸਨ। ਰਿਸ਼ਤੇਦਾਰੀ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਉਨ੍ਹਾਂ ਦੇ ਭਣਵਈਏ ਸਨ। ਭਾਈ ਗੁਰਦਾਸ ਜੀ ਅਤੇ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਸ਼ਵਾਸ ਪਾਤਰਾਂ ਵਿਚੋਂ ਮੁਖੀ ਸਨ। ਇਨ੍ਹਾਂ ਦੋਵਾਂ ਦੀ ਆਪਸ ਵਿਚ ਗੂੜ੍ਹੀ ਸਾਂਝ ਵੀ ਸੀ। ਭਾਈ ਜੇਠਾ ਜੀ ਗੁਰਗੱਦੀ ਪ੍ਰਾਪਤ ਕਰਕੇ ਜਿਥੇ ਸ੍ਰੀ ਗੁਰੂ ਰਾਮਦਾਸ ਜੀ ਬਣੇ ਉਥੇ ਭਾਈ ਗੁਰਦਾਸ ਜੀ ਦੇ ਸਤਿਗੁਰੂ ਵੀ ਬਣ ਗਏ ਸਨ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਉੱਪਰ ਪੂਰਨ ਭਰੋਸਾ ਪ੍ਰਗਟਾਇਆ। ਭਾਈ ਸੰਤੋਖ ਸਿੰਘ ਜੀ ਅਨੁਸਾਰ:

"ਜਦੋਂ ਭਾਈ ਗੁਰਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਪੁੱਜੇ ਤਾਂ ਆਪਣੇ ਆਪ ਨੂੰ ਗੁਰੂ ਜੀ ਦੇ ਅੱਗੇ ਸਮਰਪਤ ਕਰਦੇ ਹੋਏ ਬੇਨਤੀ ਕੀਤੀ।"

'ਮੋ ਕਉ ਸਿੱਖੀ ਦੇਹੁ ਮਹਾਨੀ।

(ਗੁਰਪ੍ਰਤਾਪ ਸੂਰਜ, ਅੰਸੂ ੧੪, ਰਾਸ ੨)

ਕੁਝ ਵਿਦਵਾਨਾਂ ਨੇ ਇਸ ਤੁਕ ਦੇ ਭਾਵ ਨੂੰ ਆਪਣੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਉਨ੍ਹਾਂ ਅਨੁਸਾਰ ਜਿਸ ਤਰ੍ਹਾਂ ਇਸ ਤੁਕ ਤੋਂ ਪ੍ਰਤੀਤ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਨੇ ਗੁਰਸਿੱਖੀ ਦੀ ਦਾਤ ਸ੍ਰੀ ਗੁਰੂ ਰਾਮਦਾਸ ਜੀ ਪਾਸੋਂ ਮੰਗੀ ਹੈ। ਇਸ ਤੁਕ ਦਾ ਨਿਰਣਾ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਆਪਣੇ ਵਿਚਾਰ ਵਿਅਕਤ ਕਰਦੇ ਹੋਏ ਲਿਖਦੇ ਹਨ ਕਿ ਭਾਈ ਗੁਰਦਾਸ ਜੀ ਸਤਿਗੁਰੂ ਜੀ ਦੇ ਸੱਚੇ

SikhBookClub.com

ਸਿੱਖ ਅਤੇ ਬੀਬੀ ਭਾਨੀ ਜੀ ਦੇ ਚਚੇਰੇ ਭਾਈ ਸਨ। ਇਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਤੋਂ 1636 ਈ. ਵਿਚ ਸਿੱਖ-ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਗੁਰਾਂ ਪਾਸੋਂ ਸਮਝਿਆ।

(ਮਹਾਨ ਕੋਸ਼, ਪੰਨਾ ੪੧੬)

ਭਾਈ ਵੀਰ ਸਿੰਘ ਜੀ ਨੇ ਇਸ ਤੁਕ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਜੋ ਬੜੇ ਨਿਰਣੇ ਜਨਕ ਲਗਦੇ ਹਨ। ਉਹ ਲਿਖਦੇ ਹਨ, ਬਹੁਤੇ ਲੇਖਕਾਂ ਨੇ ਸਮਝਿਆ ਹੈ ਕਿ ਭਾਈ ਗੁਰਦਾਸ ਜੀ ਹੁਣ ਤਕ ਸਿੱਖ ਨਹੀਂ ਸੀ ਤੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਸਿੱਖ ਬਣੇ ਹਨ। ਪਰ ਦੇਖੋ ਸ੍ਰੀ ਗੁਰੂ ਰਾਮਦਾਸ ਜੀ ਭਾਈ ਗੁਰਦਾਸ ਜੀ ਨੂੰ ਤੱਤਕਾਲ ਹੀ ਆਗਰੇ ਵੱਲ ਸਿੱਖੀ ਦਾ ਪ੍ਰਚਾਰ ਕਰਨ ਦਾ ਹੁਕਮ ਦਿੰਦੇ ਹਨ:

ਸਿਮਰਹੁ ਵਾਹਿਗੁਰੂ ਸਤਿ ਨਾਮੁ।
ਜਾ ਤੇ ਪਾਵਹੁ ਸੁਖ ਬਿਸਰਾਮੁ॥੬੯॥
ਅਬਿ ਤੁਮ ਆਗ੍ਰੈ ਮਾਂਹਿ ਸਿਧਾਵਹੁ।

(ਕਬਿਤ ਭਾਈ ਗੁਰਦਾਸ ਜੀ, ਦੂਸਰਾ ਸਕੰਧ, ਫੁਟ ਨੋਟ, ਪੰਨਾ ੩੧)

ਇਨ੍ਹਾਂ ਤੁਕਾਂ ਤੋਂ ਸਪੱਸ਼ਟ ਭਾਵ ਇਹ ਜਾਪਦਾ ਹੈ ਕਿ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਵੇਲੇ ਸਿੱਖੀ ਧਾਰਨ ਕਰ ਚੁੱਕੇ ਸਨ ਹੁਣ ਆ ਕੇ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਵਿਚ ਉਹੋ ਜੋਤ ਦੇਖੀ ਤਾਂ ਨਿਮਨ ਲਿਖਤ ਪਉੜੀ ਉਚਾਰਨ ਕੀਤੀ:

ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।
ਮਨਸਾ ਵਾਚਾ ਕਰਮਣਾ ਮਰਮੁ ਨ ਜਾਪੈ ਅਪਰ ਅਪਾਰਾ।
ਦਾਤਾ ਭੁਗਤਾ ਦੈਆ ਦਾਨਿ ਦੇਵਸਥਲੁ ਸਤਿਸੰਗੁ ਉਦਾਰਾ।
ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸਚੁ ਸਵਾਰਣਹਾਰਾ।
ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।
ਸਬਦ ਸੁਰਤਿ ਗੁਰੁ ਸਿਖੁ ਹੋਇ ਅਨਹਦ ਬਾਣੀ ਨਿਝਰ ਧਾਰਾ।
ਤਖਤੁ ਬਖਤੁ ਪਰਗਟੁ ਪਾਹਾਰਾ॥

(ਵਾਰਾਂ ਭਾਈ ਗੁਰਦਾਸ ਜੀ, ੨੪/੧੪)

ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਜੋਤ ਦੇਖੀ ਤੇ ਸਿੱਖੀ ਦੀ ਜਾਚਨਾ ਕੀਤੀ ਅਤੇ ਨਵੇਂ ਸਤਿਗੁਰੂ ਜੀ ਅੱਗੇ ਪਹਿਲੇ ਗੁਰੂ ਵਾਂਗੂੰ ਸਿੱਖ ਮੰਨ ਲੈਣ ਦੀ ਅਰਦਾਸ ਕੀਤੀ ਤੇ ਗੁਰੂ ਜੀ ਵਲੋਂ 'ਸਤਿਨਾਮੁ ਵਾਹਿਗੁਰੂ ਸਿਮਰੋ' ਕਿਹਾ ਜਾਣਾ ਉਸ ਨੂੰ ਸਿੱਖ ਸਵੀਕਾਰ ਕਰਨ ਦੀ ਆਸ਼ੀਰਵਾਦ ਸੀ।

ਸ੍ਰੀ ਗੁਰੂ ਰਾਮਦਾਸ ਜੀ ਸੰਨ 1574 ਈ. ਤੋਂ ਲੈ ਕੇ ਸੰਨ 1581 ਈ. ਤਕ ਸੱਤ ਸਾਲ ਗੁਰਗੱਦੀ ਉਪਰ ਬਿਰਾਜਮਾਨ ਰਹੇ। ਭਾਈ ਗੁਰਦਾਸ ਜੀ ਭਾਵੇਂ ਆਗਰੇ ਵਲ ਪ੍ਰਚਾਰ ਦੌਰੇ 'ਤੇ ਰਹੇ, ਪਰ ਵਿਚ ਵਿਚ ਕਦੀ ਗੁਰੂ ਜੀ ਨੂੰ ਆ ਕੇ ਮਿਲ ਜਾਂਦੇ। ਇਸ ਤਰ੍ਹਾਂ ਭਾਈ ਗੁਰਦਾਸ ਜੀ ਜਿਥੇ ਆਪਣੀ ਪ੍ਰਚਾਰ ਮੁਹਿੰਮ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੰਦੇ ਉਥੇ ਨਾਲ ਨਾਲ ਗੁਰੂ ਘਰ ਦੇ ਕੰਮ ਹੋਰ ਮਸਲਿਆਂ ਵਿਚ ਵੀ ਆਪਣਾ ਯੋਗਦਾਨ ਪਾ ਜਾਂਦੇ।

SikhBookClub.com

ਭਾਈ ਗੁਰਦਾਸ ਜੀ ਲਿਖਦੇ ਹਨ, ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿਖੇ ਪੂਰਨ ਤਾਲ ਖੁਦਵਾ ਕੇ ਇਲਾਹੀ ਜੋਤ ਨੂੰ ਜਗਮਗਾਉਣ ਲੱਗੇ:

ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।
ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
ਦਿਤਾ ਲਈਜੇ ਆਪਣਾ ਅਣਦਿਤਾ ਕਛੁ ਹਥਿ ਨ ਆਵੈ।

(ਵਾਰ ੧/੪੭)

ਕਲਿਯੁਗ ਵਿਚ ਇਹ ਗੁਰਮੁਖ ਲੋਕਾਂ ਨੂੰ ਜਗਾਉਣ ਵਾਲਾ ਦੀਨ ਦੁਨੀਆਂ ਦਾ ਥੰਮ੍ਹ, ਸੰਸਾਰ ਦੇ ਭਾਰ ਨੂੰ ਸਹਿਣ ਕਰਨ ਵਾਲਾ, ਬਾਬਾਣੈ (ਗੁਰੂ ਨਾਨਕ) ਦੀ ਕੁਲ ਵਿਚ ਇਹ ਪਵਿੱਤਰ ਅਛੁਹ ਕੰਵਲ ਸੀ:

ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।
ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ ਕੌੜਾ ਸੋਤਾ।
ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮ੍ਹਿ ਖਲੋਤਾ।
ਭਉਜਲੁ ਭਉ ਨ ਵਿਆਪਈ ਗੁਰ ਬੋਹਿਥ ਚੜਿ ਖਾਇ ਨ ਗੋਤਾ।
ਅਗਵੁਣ ਲੈ ਗੁਣ ਵਿਕਣੈ ਗੁਰ ਹਟ ਨਾਲੇ ਵਣਜ ਸਓਤਾ।.....
ਮੈਲਾ ਕਦੇ ਨ ਹੋਵਈ ਗੁਰ ਸਰਵਰਿ ਨਿਰਮਲ ਜਲ ਖੋਤਾ।
ਬਾਬਾਣੈ ਕੁਲਿ ਕਵਲੁ ਅਛੋਤਾ।

(ਵਾਰ ੨੪/੧੫)

ਭਾਈ ਗੁਰਦਾਸ ਗੁਰੂ ਦੀ ਪ੍ਰਸੰਸਾ ਕਰਦਾ ਲਿਖਦਾ ਹੈ ਕਿ ਗੁਰੂ ਤੇ ਪਰਮੇਸ਼ਰ ਇਕ ਰੂਪ ਹਨ। ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ:

(ੳ) ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ।

(ਵਾਰ ੧/੧੭)

(ਅ) ਗੁਰੁ ਪਰਮੇਸਰੁ ਏਕੁ ਜਾਣਿ ਦੂਜਾ ਭਾਉ ਮਿਟਾਇ ਉਪਾਧੇ।

(ਵਾਰ ੨੯/੩)

ਬ੍ਰਹਮ ਤੋਂ ਥੱਲੇ ਮਨੁੱਖ ਦੀ ਸਾਕਾਰ ਓਟ ਸਤਿਗੁਰੂ ਹੈ। ਇਸ ਵਾਸਤੇ ਗੁਰੂ ਦੀ ਮਹਾਨਤਾ ਅਗੰਮ ਹੈ ਕਿਉਂਕਿ ਲੱਖਾਂ ਸ਼ੇਸ਼ਨਾਗ ਅਤੇ ਲੋਮਸ ਰਿਖੀ ਵਰਗੇ ਚਿਰੰਜੀਵੀ ਉਸ ਦੀ ਗਤੀ ਵਿਚ ਧਿਆਨ ਲਾਉਂਦੇ ਹਨ। ਲੱਖਾਂ ਹੀ ਬ੍ਰਹਮਾਂ, ਵਿਸ਼ਨੂੰ ਤੇ ਮਹੇਸ਼ ਦੇਵਤੇ ਅਲੱਖ ਪਰਮਾਤਮਾ ਦਾ ਭੇਤ ਨਹੀਂ ਪਾ ਸਕੇ। ਲੱਖਾਂ ਗੋਰਖ ਨਾਥ ਅਤੇ ਮਛੰਦਰ ਵਰਗੇ ਸਾਧਕ ਉਸ ਦਾ ਨੇਤਿ ਨੇਤਿ ਕਰਕੇ ਚਿੰਤਨ ਕਰਦੇ ਹਨ ਅਤੇ ਇਹ ਸਾਰੇ ਆਖਦੇ ਹਨ ਕਿ ਗੁਰੂ ਦੇ ਚਰਨ ਕੰਵਲ ਅਗੰਮ ਹਨ ਅਤੇ ਉਨ੍ਹਾਂ ਦਾ ਭੇਤ ਪਾ ਸਕਣਾ ਕਠਿਨ ਹੈ:

(ੳ) ਸਤਿਗੁਰੁ ਪੂਰਾ ਸਾਹੁ ਹੈ ਤ੍ਰਿਭਵਣ ਜਗੁ ਤਿਸ ਦਾ ਵਣਜਾਰਾ।
ਰਤਨ ਪਦਾਰਥ ਬੇਸੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ।

SikhBookClub.com

ਪਾਰਿਜਾਤ ਲਖ ਬਾਗ ਵਿਚਿ ਕਾਮਧੇਨੁ ਦੇ ਵਗ ਹਜਾਰਾ।

(ਵਾਰ ੨੬/੨੨)

(ਅ) ਸੇਖ ਨਾਗ ਲਖ ਲੋਮਸਾ ਅਬਿਗਤਿ ਗਤਿ ਅੰਦਰਿ ਲਿਵ ਲਾਵਹਿ।
ਬ੍ਰਹਮੇ ਬਿਸਨੁ ਮਹੇਸ ਲਖ ਗਿਆਨੁ ਧਿਆਨੁ ਤਿਲੁ ਅੰਤੁ ਨ ਪਾਵਹਿ।
ਦੇਵੀ ਦੇਵ ਸਰੇਵਦੇ ਅਲਖ ਅਭੇਵ ਨ ਸੇਵ ਪੁਜਾਵਹਿ।
ਗੋਰਖ ਨਾਥ ਮਛੰਦ੍ਰ ਲਖ ਸਾਧਿਕ ਸਿਧਿ ਨੇਤ ਕਰਿ ਧਿਆਵਹਿ।
ਚਰਨ ਕਮਲ ਗੁਰੁ ਅਗਮ ਅਲਾਵਹਿ।

(ਵਾਰ ੨੩/੧੧)

ਸੰਨ 1578 ਈ. ਵਿਚ 30 ਸਤੰਬਰ ਨੂੰ ਅਕਬਰ ਬਾਦਸ਼ਾਹ ਨੇ ਆਗਰੇ ਵਿਚ 'ਸਰਬ-ਧਰਮ ਸੰਮੇਲਨ' ਦਾ ਜਿਹੜਾ ਉੱਦਮ ਕੀਤਾ ਸੀ ਉਸ ਵਿਚ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਹੀ ਆਪਣਾ ਪ੍ਰਤਿਨਿੱਧ ਬਣਾ ਕੇ ਭੇਜਿਆ ਸੀ। ਇਸ ਗੱਲ ਦੀ ਗਵਾਹੀ ਅਕਬਰ ਦੇ ਸਰਕਾਰੀ ਕਾਗਜ਼ਾਤ ਤੋਂ ਵੀ ਮਿਲਦੀ ਹੈ। (ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, ਪੰਨਾ 4)। ਅਕਬਰ ਨੇ ਜੋ ਸਾਂਝਾ 'ਦੀਨੇ ਇਲਾਹੀ' ਬਣਾਇਆ, ਉਹ ਗੁਰੂਆਂ ਦੇ ਮੱਤ ਨਾਲ ਕਾਫ਼ੀ ਮਿਲਦਾ ਹੈ। (ਦਲੀਪ ਸਿੰਘ ਦੀਪ (ਡਾ·), ਭਾਈ ਗੁਰਦਾਸ, ਪੰਨਾ 6)

ਜਦ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾਏ ਤਾਂ ਭਾਈ ਗੁਰਦਾਸ ਜੀ ਉਸ ਵੇਲੇ ਆਗਰੇ ਹੀ ਸਨ। ਖਬਰ ਸੁਣ ਸੰਗਤ ਸਮੇਤ ਗੋਇੰਦਵਾਲ ਵੱਲ ਮੁੜੇ। ਕਹਿੰਦੇ ਹਨ ਕਿ ਜਦ ਬਿਆਸ ਦਰਿਆ ਦੇ ਕੰਢੇ ਪਹੁੰਚੇ ਤਾਂ ਪਾਰ ਹੋਣ ਲਈ ਬੇੜੀ ਨਾ ਮਿਲੇ। ਗੁਰੂ ਦਰਸ਼ਨ ਦੀ ਤਾਂਘ ਪ੍ਰਬਲ ਹੋ ਰਹੀ ਸੀ। ਸੰਗਤ ਵਿਚੋਂ ਇਕ ਸਿੱਖ ਇਹ ਸ਼ਬਦ ਪੜ੍ਹ ਰਿਹਾ ਸੀ:

ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥

(ਪੰਨਾ ੬੭੯)

ਸ਼ਬਦ ਤੋਂ ਭਾਈ ਸਾਹਿਬ ਨੂੰ ਪ੍ਰੇਰਨਾ ਮਿਲੀ। ਬੜੇ ਵਿਸ਼ਵਾਸ ਨਾਲ ਆਪ ਸੰਗਤ ਸਮੇਤ ਦਰਿਆ ਵਿਚ ਠਿਲ੍ਹ ਪਏ ਅਤੇ ਤਰ ਕੇ ਪਾਰ ਹੋ ਗਏ।

(10/1986)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਤੇ ਸੰਗੀਤ

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਲਾਹੌਰ ਦੀ ਚੂਨੀ ਮੰਡੀ ਵਿਚ ਵਸਦੇ ਇਕ ਮੱਧ ਵਰਗੀ ਸੋਢੀ ਖੱਤਰੀ ਪਰਿਵਾਰ ਵਿਚ ਹੋਇਆ। ਅਬੋਧ ਬਾਲ ਵਰੇਸ ਵਿਚ ਹੀ ਮਾਤਾ ਪਿਤਾ ਦੀ ਛਾਂ ਸਿਰ ਤੋਂ ਢਲ ਗਈ। ਪਾਲਣ-ਪੋਸਣ ਦਾ ਭਾਰ ਨਾਨਕਿਆਂ ਸਿਰ ਆ ਪਿਆ। ਜ਼ਰਾ ਕੁ ਹੋਸ਼ ਸੰਭਾਲੀ ਤਾਂ ਰੁਜ਼ਗਾਰ ਵਜੋਂ ਘੁੰਗਣੀਆਂ ਵੇਚਣ ਦਾ ਕਿੱਤਾ ਅਪਣਾਇਆ। ਗੋਇੰਦਵਾਲ ਵਿਚ ਉਹਨੀ ਦਿਨੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿਚ ਬਾਉਲੀ ਦੀ ਉਸਾਰੀ ਹੋ ਰਹੀ ਸੀ, ਸੰਗਤਾਂ ਦੀ ਆਵਾਜਾਈ ਕਾਰ-ਸੇਵਾ ਲਈ ਚੋਖੀ ਸੀ, ਉਭਰਦੇ ਨੌਜਵਾਨ ਕਿਰਤੀ ਨੂੰ ਵਿਕਰੀ ਦਾ ਇਕ ਸਹਿਜ ਕੇਂਦਰ ਹੱਥ ਆ ਗਿਆ। ਘੁੰਗਣੀਆਂ ਵੇਚ-ਵਟ ਕੇ ਵਿਹਲ ਦਾ ਸਮਾਂ ਪਲ-ਝਟ ਸਤਿਸੰਗ ਅਤੇ ਸੇਵਾ ਵਿਚ ਬੀਤਣ ਲੱਗਾ। ਹਸਮੁਖਾ ਸੁਭਾਉ, ਨਵੀਂ ਉਮਰ ਦੀ ਅਣਥੱਕ ਪਰਵਿਰਤੀ ਅਤੇ ਹਰ ਕਿਸੇ ਦੇ ਕੰਮ ਆਉਣ ਦਾ ਚਾਉ ਅਜਿਹੇ ਗੁਣ ਸਨ ਜੋ ਹਰ ਕਿਸੇ ਦੇ ਦਿਲ ਨੂੰ ਮੋਹ ਲੈਂਦੇ। ਸੁਭਾਵਕ ਹੀ ਸਭ ਦੀਆਂ ਨਜ਼ਰਾਂ ਇਸ ਹੁੰਦੜ ਹੇਲ ਗੱਭਰੂ ਵਲ ਪਿਆਰ ਨਾਲ ਉਠਦੀਆਂ ਅਤੇ ਸ਼ਰਧਾ ਨਾਲ ਝੁਕ ਜਾਂਦੀਆਂ।

ਮਾਤਾ ਜੀ ਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ, 'ਬਸ ਭਾਈ ਜੇਠਾ ਜੀ ਜਿਹਾ ਹੋਵੇ ਤਾਂ ਚੰਗਾ ਹੈ।'

ਸਤਿਗੁਰਾਂ ਨੇ ਤਤਕਾਲ ਬਚਨ ਕੀਤਾ, 'ਏਸ ਜੇਹਾ ਤਾਂ ਇਹੋ ਹੀ ਹੈ', ਅਤੇ ਸੇਵਾਦਾਰ ਭੇਜ ਕੇ ਬੁਲਵਾ ਭੀ ਲਿਆ। ਰਿਸ਼ਤਾ ਪੱਕਾ ਕਰ ਦਿੱਤਾ ਗਿਆ।

ਵਿਆਹ ਦੀਆਂ ਰਸਮਾਂ ਪਿਛੋਂ ਆਪ ਗੁਰੂ ਜੀ ਦੀ ਸ਼ਰਨ ਵਿਚ ਹੀ ਟਿਕ ਗਏ ਅਤੇ ਗੁਰੂ ਕੇ ਦਰਬਾਰ ਦਾ ਕਾਰਜ ਸੰਭਾਲਣ ਲੱਗੇ। ਗੁਰੂ ਜੀ ਵਿਰੁੱਧ ਕੱਟੜ-ਪੰਥੀਆਂ ਦੇ ਬਾਦਸ਼ਾਹ ਨੂੰ ਮਹਿਜ਼ਰਨਾਮਾ (Representation) ਭੇਜਣ ਉੱਤੇ ਪੈਰਵੀ ਦਾ ਭਾਰ ਵੀ ਆਪ ਨੇ ਸਫਲਤਾ ਨਾਲ ਸੰਭਾਲਿਆ। ਬਾਦਸ਼ਾਹ ਅਕਬਰ ਆਪ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਨਗਰ ਵਸਾਉਣ ਲਈ ਜ਼ਮੀਨ ਦਾ ਪਟਾ ਅਰਦਾਸ ਕਰਵਾ ਗਿਆ। ਬਿਕ੍ਰਮੀ ਸੰਮਤ 1631 (ਸਤੰਬਰ 1574) ਵਿਚ ਮੋਹਰੀ, ਮੋਹਨ ਜਿਹੇ ਸਪੁੱਤਰਾਂ ਦੇ ਹੁੰਦਿਆਂ ਗੁਰਗੱਦੀ ਆਪ ਨੂੰ ਸੌਂਪੀ ਗਈ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਚੌਥੇ ਗੁਰੂ ਹੋਏ।

ਗੁਰਸਿੱਖੀ ਦੀ ਚੇਤਨਾ, ਗੁਰਮਤਿ ਦੇ ਚਿੰਤਨ ਅਤੇ ਗੁਰਬਾਣੀ ਦੀ ਰਚਨਾ ਦੇ ਮਾਮਲੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਲੀਕ ਵਾਹ ਗਏ ਸੀ, ਉਹ ਗੁਰਗੱਦੀ ਦੇ ਵਾਰਿਸ ਲਈ ਹੀ ਨਹੀਂ, ਗੱਦੀ ਹਥਿਆਉਣ ਦੀ ਲਾਲਸਾ ਰੱਖਣ ਵਾਲਿਆਂ ਲਈ ਵੀ, ਗਾਡੀ ਰਾਹ ਹੋ ਗਈ ਸੀ। ਇਸ ਰੀਤ ਦੀ ਪਾਲਣਾ ਦਾ ਪ੍ਰਮਾਣ ਗੁਰਬਾਣੀ ਦੀ ਰਚਨਾ ਦੇ ਮਾਰਗ ਰੂਪ ਵਿਚ ਪ੍ਰਤੱਖ ਦੇਖਿਆ ਜਾ ਸਕਦਾ ਹੈ। ਬਾਣੀ-ਵਿਕਾਸ ਦੇ ਸੰਬੰਧ ਵਿਚ ਰਚਨਾ ਪ੍ਰਕਿਰਿਆ ਦਾ ਉਲੇਖ ਸੀਮਿਤ ਅਰਥਾਂ ਵਿਚ ਹੀ ਕੀਤਾ

SikhBookClub.com

ਜਾਂਦਾ ਹੈ ਕਿਉਂਕਿ ਗੁਰਸਿੱਖੀ ਦੇ ਵਿਸ਼ਵਾਸਾਂ ਅਨੁਸਾਰ ਬਾਣੀ ਦਾ ਸੋਮਾ ਅਸਲੋਂ ਆਪ ਕਰਤਾਰ ਅਕਾਲ ਪੁਰਖ ਹੈ, ਗੁਰੂਆਂ ਦੀ ਹਸਤੀ ਕੇਵਲ ਇਕ ਵਸੀਲਾ ਮਾਤਰ ਹੈ। ਗੁਰਬਾਣੀ ਵਿਚ ਹੀ ਕਿਹਾ ਗਿਆ ਹੈ:

ਬੋਲਾਇਆ ਬੋਲੀ ਖਸਮ ਦਾ॥ *(ਪੰਨਾ ੭੪)*

ਜਾਂ

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ *(ਪੰਨਾ ੩੦੮)*

ਜਾਂ

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ *(ਪੰਨਾ ੬੨੮)*

ਇਸ ਦਵੈਤ ਦਾ ਸਮਾਧਾਨ ਵਿਦਵਾਨਾਂ ਨੇ ਇਸ ਦਲੀਲ ਨਾਲ ਕੀਤਾ ਹੈ ਕਿ ਬਾਣੀ ਆਪਣੇ ਮੂਲ ਰੂਪ ਵਿਚ 'ਗਿਆਨ' ਹੈ ਜੋ ਅਕਾਲ ਪੁਰਖ ਵਲੋਂ ਮਨ ਵਿਚ 'ਸਫੁਰਿਤ' ਹੁੰਦਾ ਹੈ, ਇਸ ਫੁਰਨੇ ਨੂੰ ਭਾਸ਼ਾ, ਸ਼ੈਲੀ ਅਤੇ ਫਾਰਮ (ਬਣਤਰ) ਵਿਚ ਮੂਰਤੀ ਮਾਨ, ਕਾਲ ਅਤੇ ਦੇਸ਼ ਅਨੁਸਾਰੀ ਆਕਾਰ ਪ੍ਰਕਾਰ ਦੀ ਸੂਰਤ ਵਿਚ ਗੁਰੂ ਵਿਅਕਤੀ ਕਰਦਾ ਹੈ। ਗੁਰੂ ਦੀ 'ਕਰਨੀ' ਉਸ ਦੁਆਰਾ ਕਥਿਤ 'ਸੱਚ' ਦਾ ਇਕ ਮਾਡਲ ਪ੍ਰਗਟਾਵਾ ਮਾਤਰ ਹੁੰਦਾ ਹੈ। ਸੱਚ ਜਾਂ ਗਿਆਨ ਦੀ ਜਾਚ ਉਸ ਪ੍ਰਗਟਾਵੇ ਰਾਹੀਂ ਦਰਸਾਈ 'ਵਸਤੂ' ਦੀ ਪਛਾਣ ਵਿਚ ਹੈ। ਤਦੇ ਹੀ ਫ਼ੁਰਮਾਇਆ ਗਿਆ ਹੈ:

ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥
(ਪੰਨਾ ੯੩੭)

ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ *(ਪੰਨਾ ੧੪੯)*

ਬਾਹਰ-ਹਾਲ ਇਹ ਮੰਨਣਾ ਹੋਵੇਗਾ ਕਿ ਕੀ ਵਸਤੂ ਅਤੇ ਕੀ ਆਕਾਰ-ਪ੍ਰਕਾਰ ਜਾਂ ਫਾਰਮ, ਗੁਰੂ ਨਾਨਕ ਦੇਵ ਜੀ ਦੀਆਂ ਪਾਈਆਂ ਲੀਹਾਂ ਹੀ ਸਾਰੀ ਗੁਰਬਾਣੀ ਦੀ ਧਾਰਾ ਵਿਚ ਅਪਣਾਈਆਂ ਜਾਂਦੀਆਂ ਰਹੀਆਂ ਹਨ। ਇਹ ਵੀ ਕਿਹਾ ਗਿਆ ਹੈ ਕਿ:

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥ *(ਪੰਨਾ ੬੪੭)*

ਇਸ ਲਈ ਕਿਧਰੇ, ਭਾਸ਼ਾ, ਛੰਦ, ਮੁਹਾਵਰੇ ਜਾਂ ਰਾਗ ਦੇ ਆਦੇਸ਼ ਆਦਿ ਵਿਚ ਮਾਮੂਲੀ ਅੰਤਰ ਵੇਖ ਕੇ ਉਲਝਣਾਂ ਅਤੇ ਸ਼ੰਕਿਆਂ ਵਿਚ ਪੈ ਜਾਣਾ ਉਚਿਤ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਪ੍ਰਾਪਤ ਹੋ ਜਾਣ ਪਿਛੋਂ ਉਸ ਵਿਚ ਸ਼ਾਮਲ ਸਾਰੀ ਦੀ ਸਾਰੀ ਬਾਣੀ ਗੁਰਬਾਣੀ ਅਤੇ ਗੁਰੂ ਰੂਪ ਹੈ।

ਸਤਿਗੁਰੂ ਰਾਮਦਾਸ ਜੀ ਨੇ ਮੋਟੇ ਤੌਰ ਉੱਤੇ ਆਪਣੇ ਵਡੇਰਿਆਂ ਦੀ ਪਰੰਪਰਾ ਨੂੰ ਹੀ ਅੰਗੀਕਾਰ ਕੀਤਾ ਹੈ। ਆਪ ਦਾ ਫ਼ੁਰਮਾਨ ਹੈ:

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥ *(ਪੰਨਾ ੧੪੨੩)*

ਉਹਨਾਂ ਦੀ ਨਜ਼ਰ ਵਿਚ ਕੀਰਤਨ ਦਾ ਮੂਲ ਇਸ਼ਟ ਵਿਚ ਪ੍ਰਤੀਤੀ ਦਾ ਹੋਣਾ ਹੀ ਹੈ, ਬਿਨਾਂ ਪ੍ਰਤੀਤ ਦੇ ਰਸਮੀ ਜਪ ਤਪ ਅਤੇ ਕੀਰਤਨ 'ਬੱਧੋ ਚੱਟੀ ਭਰਨ' ਸਮਾਨ ਹੈ:

SikhBookClub.com

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥
(ਪੰਨਾ ੭੩੪)

ਇਹ 'ਪ੍ਰਤੀਤ' ਹੋਣਾ ਸਹਿਜ ਨਹੀਂ, ਇਹ ਇਕ ਸਾਧਨਾ ਹੈ, ਸਤਿਸੰਗ ਇਸ ਦੀ ਕੁੰਜੀ ਹੈ:

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ॥
ਹਰਿ ਹਰਿ ਨਾਮ ਕਥਾ ਨਿਤ ਸੁਣੀਐ॥
ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ॥
(ਪੰਨਾ ੮੫)

ਇਸ ਸਾਧਨਾ ਵਿਚੋਂ ਲੰਘੇ ਬਿਨਾਂ ਹਰਿ ਦਰ ਪਰਵਾਨਗੀ ਸੰਭਵ ਨਹੀਂ ਹੁੰਦੀ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
(ਪੰਨਾ ੪੫੦)

ਅਤੇ ਜਦ ਤਕ ਉਹ ਨਹੀਂ ਭਿੱਜਦਾ, ਪੂਜਾ ਦੀਆਂ 9 (ਨੌਂ) ਵਿਧੀਆਂ ਵਿਚੋਂ ਪ੍ਰਧਾਨ ਵਿਧੀ 'ਕੀਰਤਨ' ਵੀ ਇਕ ਨਿਸਫਲ ਕਿਰਿਆ ਹੋ ਕੇ ਰਹਿ ਜਾਂਦੀ ਹੈ।

ਅਸਲ ਵਿਚ ਸੰਗੀਤ, ਵਿਸ਼ੇਸ਼ ਕਰਕੇ ਰਾਗ, ਰੂਹ ਦੀ ਇਕ ਵਿਲ੍ਹਕਣੀ ਹੈ, ਇਹ 'ਮੈਂ' ਵਲੋਂ 'ਮੇਰੇ' ਨੂੰ ਰਿਝਾਉਣ ਦਾ ਇਕ ਤਰਲਾ ਹੈ। ਇਸ ਵਿਚ ਰਾਗ ਦੀ ਖਿੱਚ, ਤਾਲ ਦਾ ਸੰਜਮ ਬੁੱਧੀ ਗੁੰਨ੍ਹੀ ਰਹਿੰਦੀ ਹੈ। ਇਹ ਜ਼ਿੰਦਗੀ ਨੂੰ ਇਕ ਕਲਾਤਮਕ ਲੈਅ ਵਿਚ ਜੋੜਨ ਦਾ ਵਸੀਲਾ ਹੈ, ਸਾਧਨ ਹੈ।

ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਵਿਚ ਮੁਖ ਪ੍ਰਸ਼ਨ ਸਚਿਆਰਤਾ ਹੈ। ਜਪੁ ਜੀ ਵਿਚ ਹੀ ਉਹਨਾਂ ਇਸ ਆਦਰਸ਼ ਦਾ ਐਲਾਨ ਕੀਤਾ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ *(ਪੰਨਾ ੧)*

ਬਾਣੀ ਦੀ ਰਚਨਾ ਕਰਦੇ ਸਮੇਂ ਸਤਿਗੁਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਏ ਇਨ੍ਹਾਂ ਪੂਰਨਿਆਂ ਨੂੰ ਹੀ ਧਿਆਨ ਵਿਚ ਰੱਖਿਆ ਹੈ। ਰਾਗ ਤਾਲ ਦੀ ਵਰਤੋਂ ਬਾਣੀ ਨੂੰ ਸੰਗਤ ਵਿਚ ਰਲ ਕੇ ਗਾਉਣ ਲਈ ਕੀਤੀ ਗਈ ਹੈ।

ਅਧਿਆਤਮਕ, ਦਾਰਸ਼ਨਿਕ ਵਿਚਾਰਧਾਰਾ ਦੇ ਵਾਹਨ ਦੇ ਰੂਪ ਵਿਚ ਸੰਗੀਤ ਦੀ ਵਰਤੋਂ ਚਿਰ-ਪੁਰਾਣੇ ਸਮਿਆਂ ਤੋਂ ਹੁੰਦੀ ਆਈ ਹੈ। ਗੁਰੂ ਸਾਹਿਬਾਨ ਨੇ ਪਰੰਪਰਾ ਦੇ ਇਸ ਤੱਤ ਦੀ ਵਰਤੋਂ ਵਾਹਨ ਰੂਪ ਵਿਚ ਹੀ ਕੀਤੀ ਹੈ। ਏਥੇ ਰਾਗ ਬਾਣੀ ਦਾ ਵਾਹਨ ਹੈ ਕਿਸੇ ਰਾਗ ਪੱਧਤੀ ਨੂੰ 'ਬੋਲ' ਦੇਣ ਲਈ ਬਾਣੀ ਦੀ ਰਚਨਾ ਨਹੀਂ ਕੀਤੀ ਗਈ। ਕਬੀਰ ਜੀ ਨੇ ਇਸੇ ਅੰਤਰ ਨੂੰ ਸਾਹਮਣੇ ਰੱਖ ਕੇ ਕਿਹਾ ਜਾਪਦਾ ਹੈ:

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ *(ਪੰਨਾ ੩੩੫)*

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਜਿਨ੍ਹਾਂ ਰਾਗਾਂ ਦੇ ਨਾਉਂ ਸਿਰਲੇਖਾਂ ਵਿਚ ਆਏ ਹਨ, ਉਨ੍ਹਾਂ ਦੀ ਆਧੁਨਿਕਤਮ ਗਿਣਤੀ 'ਗੁਰੂ ਗ੍ਰੰਥ ਰਾਗ ਕੋਸ਼' ਵਿਚ ਗੁਰਨਾਮ ਸਿੰਘ ਨੇ ਇਸ ਪ੍ਰਕਾਰ ਦਿੱਤੀ ਹੈ।

ਸ੍ਰੀ ਰਾਗ	ਧਨਾਸਰੀ	ਦੁਖਾਨੀ
ਮਾਝ ਗਉੜੀ	ਜੈਤਸਰੀ	

SikhBookClub.com

ਗਉੜੀ ਬੈਰਾਗਣ	ਟੋਡੀ	ਭੈਰਉ
ਗਉੜੀ ਗੁਆਰੇਰੀ	ਬੈਰਾੜੀ	ਬਸੰਤ
ਗਉੜੀ ਪੂਰਬੀ	ਤਿਲੰਗ	ਸਾਰੰਗ
ਗਉੜੀ ਮਾਝ	ਸੂਹੀ	ਮਲਾਰ
ਆਸਾ	ਬਿਲਾਵਲ	ਕਾਨੜਾ
ਆਸਾਵਰੀ	ਗੋਂਡ	ਕਲਿਆਨ
ਗੂਜਰੀ	ਰਾਮਕਲੀ	ਕਲਿਆਨ ਭੋਪਾਲੀ
ਦੇਵਗੰਧਾਰੀ	ਨਟਨਾਰਾਇਨ	ਪ੍ਰਭਾਤੀ
ਬਿਹਾਗੜਾ	ਨਟ	ਪ੍ਰਭਾਤੀ ਬਿਭਾਸ
ਵਡਹੰਸ	ਮਾਲੀ ਗਉੜਾ	
ਸੋਰਠਿ	ਮਾਰੂ	

ਇਨ੍ਹਾਂ ਰਾਗਾਂ ਵਿਚ ਮਾਰਗੀ ਰਾਗ ਸ੍ਰੀ ਅਤੇ ਭੈਰਉ ਵੀ ਹਨ ਅਤੇ ਦੇਸੀ ਵੀ। ਮਾਝ, ਜੈਤਸਰੀ, ਬੈਰਾੜੀ ਜਿਹੇ ਘੱਟ ਪ੍ਰਚਲਿਤ ਰਾਗ ਵੀ ਹਨ, ਮਾਰੂ, ਸੂਹੀ, ਮਾਲੀ ਗਉੜਾ ਅਤੇ ਤੁਖਾਰੀ ਜਿਹੇ ਬਹੁਤ ਹੀ ਘੱਟ ਵਰਤੋਂ ਵਿਚ ਆਉਂਦੇ ਰਾਗ ਵੀ ਹਨ ਅਤੇ ਅਜਿਹੇ ਰਾਗ ਵੀ ਹਨ ਜਿਨ੍ਹਾਂ ਦੇ ਵੱਖ-ਵੱਖ ਘਰਾਣਿਆਂ ਵਿਚ ਵੱਖਰੇ ਵੱਖਰੇ ਰੂਪ ਪ੍ਰਚਲਿਤ ਹਨ ਜਿਹਾ ਕਿ ਦੇਵਗੰਧਾਰੀ ਅਤੇ ਬਿਹਾਗੜਾ ਆਦਿ। ਨਟ ਨਾਰਾਇਣ ਅਤੇ ਬਸੰਤ ਜਿਹੇ ਰਾਗ ਵੀ ਹਨ ਜੋ ਕਈ ਮਤਾਂ ਵਿਚ ਮਾਰਗੀ ਕਹੇ ਜਾਂਦੇ ਹਨ ਅਤੇ ਕਈਆਂ ਵਿਚ ਸਾਲਨੀਕ। ਇਨ੍ਹਾਂ ਵਿਚ ਔੜਵ, ਸ਼ਾੜਵ ਅਤੇ ਸੰਪੂਰਣ ਅਤੇ ਮਿੱਸੀਆਂ ਜਾਤੀਆਂ ਹੀ ਨਹੀਂ ਬਲਕਿ ਪ੍ਰਯੋਗਾਂ ਵਾਲੇ ਰਾਗ ਵੀ ਹਨ। ਇਕ ਇਕ ਰਾਗ ਦੇ ਕਈ ਕਈ ਪ੍ਰਕਾਰ ਵੀ ਹਨ ਜਿਵੇਂ ਗਉੜੀ ਰਾਗ ਦੇ ਅਤੇ ਉਹ ਵੀ ਜੋ ਕਿਧਰੇ ਹੋਰ ਵਰਤੋਂ ਵਿਚ ਆਏ ਨਹੀਂ ਲੱਭਦੇ, ਨਾ ਹੀ ਉਨ੍ਹਾਂ ਦਾ ਕੋਈ ਵੇਰਵਾ ਮਿਲਦਾ ਹੈ।

ਉਹ ਰਾਗ ਵੀ ਹਨ ਜੋ ਆਪ ਵਿਉਹਾਰ ਵਿਚ ਅਨੇਕ ਪ੍ਰਕਾਰਾਂ ਨਾਲ ਗਾਏ ਜਾਂਦੇ ਹਨ ਪਰੰਤੂ ਗੁਰਬਾਣੀ ਵਿਚ ਜਿਨ੍ਹਾਂ ਦੇ ਪ੍ਰਕਾਰਾਂ ਦਾ ਕੋਈ ਉਲੇਖ ਨਹੀਂ ਹੋਇਆ, ਜਿਹਾ ਕਿ ਬਿਲਾਵਲ, ਸਾਰੰਗ, ਕਾਨੜਾ ਆਦਿ। ਕਲਿਆਨ ਅਤੇ ਪ੍ਰਭਾਤੀ ਦਾ ਇਕ ਇਕ ਪ੍ਰਕਾਰ ਵੀ ਏਥੇ ਵਰਤੋਂ ਵਿਚ ਆਇਆ ਹੈ। ਇਨ੍ਹਾਂ ਰਾਗਾਂ ਦਾ ਇਹ ਵਰਗੀਕਰਨ ਨਾਵਾਂ ਦੇ ਆਧਾਰ ਉੱਤੇ ਹੀ ਸੰਭਵ ਹੈ, ਗੁਰੂ ਜੀ ਦੇ ਸਮੇਂ ਇਨ੍ਹਾਂ ਦਾ ਸਰੂਪ ਗੁਰੂ ਘਰ ਵਿਚ ਕੀ ਸੀ? ਅਤੇ ਸਾਧਾਰਨ ਲੋਕਾਂ ਵਿਚ ਕੀ ਸੀ? ਇਸ ਬਾਰੇ ਕੋਈ ਪ੍ਰਮਾਣਿਕ ਨਿਰਣਾ ਦੇ ਸਕਣਾ ਸੰਭਵ ਨਹੀਂ। ਜਿਨ੍ਹਾਂ ਵੀ ਕਲਾਕਾਰਾਂ ਦਾ ਇਹ ਦਾਅਵਾ ਕਿ ਉਹ ਇਨ੍ਹਾਂ ਰਾਗਾਂ ਨੂੰ ਠੀਕ ਉਸੇ ਰੂਪ ਵਿਚ ਗਾਉਂਦੇ ਹਨ ਜੋ ਗੁਰੂ ਦਰਬਾਰ ਵਿਚ ਪ੍ਰਚਲਿਤ ਸੀ, ਉਨ੍ਹਾਂ ਪਾਸ ਵੀ ਪਿਤਾ ਪੁਰਖੀ ਰੀਤ ਦੇ ਅਭਿਆਸ ਤੋਂ ਬਿਨਾਂ ਹੋਰ ਕੋਈ ਪ੍ਰਮਾਣ ਨਹੀਂ। ਪ੍ਰਸ਼ਨ ਇਨ੍ਹਾਂ ਕਲਾਕਾਰਾਂ ਦੀ ਗਾਇਕੀ ਦਾ ਬਹੁਤਾ ਨਹੀਂ, ਪ੍ਰਸ਼ਨ ਉਸ ਗਾਇਕੀ ਦੇ ਇਤਿਹਾਸਕ ਸੰਦਰਭ ਵਿਚ ਸੁੱਚਮ ਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਇਕੋ ਸਮੇਂ ਕਈ ਕਈ ਰੂਪ ਪ੍ਰਚਲਿਤ ਹੋਣ ਦਾ ਪ੍ਰਮਾਣ ਹੀ ਸ਼ੰਕਾ ਦਾ ਮੁੱਖ ਕਾਰਨ ਹੈ, ਕਿਉਂਕਿ ਇਕ ਸਮੇਂ ਵਿਚ ਇਕ ਰਾਗ ਇਕ ਨਾਉਂ ਨਾਲ ਇਕੋ ਰੂਪ ਵਿਚ ਗਾਇਆ ਜਾਂਦਾ ਹੋਵੇਗਾ ਨਾ ਕਿ ਇਕ ਤੋਂ ਵੱਧ ਰੂਪਾਂ ਵਿਚ। ਬਹੁਰੂਪਤਾ ਸਮੇਂ, ਸਥਾਨ ਅਤੇ ਘਰਾਣਿਆਂ ਦੇ ਵੱਖਰੇ ਹੋਣ ਨਾਲ ਆਉਂਦੀ ਹੈ। ਸਾਡੀ ਅਣਗਹਿਰੀ ਕਾਰਨ ਪੁਰਾਣੇ ਪੰਜਾਬ ਦੇ

SikhBookClub.com

ਸ਼ਾਸਤ੍ਰ ਗ੍ਰੰਥਾਂ ਦੇ ਹੋਏ ਵਿਨਾਸ਼ ਦਾ ਫਲ ਇਸ ਅਪ੍ਰਮਾਣਿਕਤਾ ਦੀਆਂ ਗੁੰਝਲਾਂ ਦੀ ਹੋਂਦ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਸੰਗੀਤ ਕਿਥੋਂ ਸਿਖਿਆ ਸੀ, ਇਸ ਬਾਰੇ ਕਿਧਰੋਂ ਕੋਈ ਲਿਖਤੀ ਗਵਾਹੀ ਨਹੀਂ ਮਿਲਦੀ। ਹੋ ਸਕਦਾ ਹੈ ਕਿ ਇਹ ਸਾਧਨਾ ਆਪ ਨੇ ਗੁਰੂ ਘਰ ਨਾਲ ਸੰਬੰਧਾਂ ਤੋਂ ਉਪਰੰਤ ਸਫਲੀ ਕੀਤੀ ਹੋਵੇ। ਇਸ ਸੂਝ ਦਾ ਬੀਜ ਸੰਗਤ ਵਿਚੋਂ ਪ੍ਰਾਪਤ ਹੋਇਆ ਹੋਵੇਗਾ ਅਤੇ ਕਲਾਤਮਕ ਜਾਚ ਦਾ ਮਾਰਗ ਸਤਿਗੁਰੂ ਅਮਰਦਾਸ ਜੀ ਦੀ ਛੋਹ ਤੋਂ ਪ੍ਰਾਪਤ ਹੋਇਆ ਹੋਵੇਗਾ, ਠੀਕ ਉਸੇ ਤਰ੍ਹਾਂ ਜਿਸ ਪਰਿਵਾਰ ਆਪ ਨੂੰ ਗੁਰਬਾਣੀ ਦੀ ਦਾਰਸ਼ਨਿਕ ਦੀਖਿਆ ਅਤੇ ਰਚਨਾ ਪਰਿਕਿਰਿਆ ਦੀ ਸੂਝ ਅਤੇ ਸਿਖਿਆ ਵਿਰਸੇ ਵਿਚ ਮਿਲੀ। ਅਜਿਹੀ ਸੂਰਤ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੂੰ ਹੀ ਆਪ ਜੀ ਦਾ ਸੰਗੀਤ ਗੁਰੂ ਮੰਨਣਾ ਪਵੇਗਾ।

ਅਗਲਾ ਪ੍ਰਸ਼ਨ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਅਪਣਾਈ ਗਈ ਸੰਗੀਤ ਪੱਧਤੀ ਦਾ ਹੈ। ਗਾਇਕੀ ਦੀ ਪੱਧਤੀ ਦਾ ਮੂਲ ਆਧਾਰ ਗਾਉਣ ਜੋਗ ਵਸਤੂ ਦੀ ਯਤੀ, ਗਤੀ, ਬੀੜਤ ਅਤੇ ਕਸਾਉ ਜਾਂ ਲਚਕੀਲੇ-ਪਨ ਵਿਚ ਹੁੰਦਾ ਹੈ। ਚੌਥੇ ਗੁਰੂ ਜੀ ਦੀ ਬਾਣੀ ਵਿਚ ਇਕ ਖਾਸ ਕਿਸਮ ਦੀ ਕਸਬਾਈ, ਸਾਦਗੀ, ਭਾਸ਼ਾ ਦੀ ਬਣਤਰ ਅਤੇ ਬੀੜਤ ਦੇ ਦਰਸ਼ਨ ਹੁੰਦੇ ਹਨ। ਇਸ ਸਰਲਤਾ ਦੇ ਬਾਵਜੂਦ ਅਨੁਸ਼ਾਸਨ ਹੀਣਤਾ ਨਹੀਂ ਅਤੇ ਨਾ ਹੀ ਸ਼ਹਿਰੀ ਮੁਹਾਵਰੇ ਵਾਲਾ ਕਸਾਉ ਅਤੇ ਤੜਕ-ਭੜਕ। ਕਲਾਸਿਕੀ ਪੰਡਤਾਊ ਤੱਤਾਂ ਨੂੰ ਭੀ ਕੋਈ ਥਾਂ ਨਹੀਂ, ਜਿਸ ਲਈ ਆਪ ਦੇ ਰਾਗ-ਤਾਲ ਦੇ ਪ੍ਰਯੋਗਾਂ ਵਿਚ 'ਦ੍ਰੁਤ' ਦੀ ਨਿਰਤ-ਫਿਰਤ ਅਤੇ ਚਮਤਕਾਰਵਾਦ ਨੂੰ ਵਿਕਸਿਤ ਕਰਨ ਦੀ ਥਾਂ ਮੱਧ ਲੈਅ ਦਾ ਸੁਭਾਵਿਕ ਵਿਕਾਸ ਸਹਿਜ ਹੁੰਦਾ ਹੈ। ਧਰੁਪਦ-ਧਮਾਰ ਸ਼ੈਲੀ ਜਾਂ ਪਦਾ-ਪਦਾਵਲੀ ਸ਼ੈਲੀ ਚੰਗੇ ਢੰਗ ਨਾਲ ਨਿਬਾਹੀ ਜਾ ਸਕਦੀ ਹੈ।

ਗੁਰੂ ਜੀ ਦੀ ਸਿੱਖੀ-ਕੀਰਤ ਨੂੰ ਇਕ ਵਿਸ਼ੇਸ਼ ਦੇਣ 'ਪੜਤਾਲ' ਦੀ ਗਾਇਕੀ ਹੈ। ਇਸ ਗਾਇਕੀ ਵਿਚ ਅਸਥਾਈ, ਅੰਤਰਾ, ਸੰਚਾਰੀ ਅਤੇ ਅਭੋਗ ਵੱਖਰੇ-ਵੱਖਰੇ ਤਾਲਾਂ ਵਿਚ ਗਾਏ ਜਾਂਦੇ ਹਨ ਅਤੇ ਤਿਹੱਈਏ ਦਾ ਮੁਕਾਮ ਇਸ ਢੰਗ ਨਾਲ ਹੁੰਦਾ ਹੈ ਕਿ ਪਹਿਲੇ ਅਤੇ ਅਗਲੇ ਅੰਗ ਦੀ ਗਾਇਕੀ ਵਿਚ ਕੋਈ ਪਾੜਾ ਨਜ਼ਰ ਨਾ ਆਵੇ ਅਤੇ ਰਚਨਾਤਮਕ ਸਾਂਝ ਬਣੀ ਰਹੇ। ਤਾਲਾਂ ਦੇ ਇਸ ਨਿਖੇੜ ਵਿਚ ਪਾਟਕੀ ਪ੍ਰਦਰਸ਼ਨ ਨਹੀਂ ਹੁੰਦਾ। ਕਲਾਤਮਕ ਰਸ ਪ੍ਰਵਿਰਤੀ ਜ਼ਰੂਰ ਉਭਰ ਕੇ ਸਾਹਮਣੇ ਆਉਂਦੀ ਹੈ। ਇਹ ਮਸਲਾ ਮਕੈਨਕੀ ਸਾਂਢੇ-ਗਾਂਢੇ (Mechanical Agregation) ਦੀ ਥਾਂ ਸੁਹਜਾਤਮਕ ਅੰਤਰਿਆਂ (Aesthetic Uariations) ਦਾ ਹੁੰਦਾ ਹੈ।

ਆਪ ਦੇ ਛੰਤਾਂ ਵਿਚ ਉੱਦਾਤ ਸ਼ਿੰਗਾਰ ਦੀ ਬਹੁਲਤਾ ਹੈ ਅਤੇ ਅੱਠ ਵਾਰਾਂ ਦੁਆਰਾ ਵੀਰ ਰਸ ਉੱਤੇ ਆਪ ਦੀ ਅਧਿਕਾਰੀ ਪ੍ਰਭੁਤਾ ਦਾ ਪ੍ਰਮਾਣ ਤਾਂ ਮਿਲਦਾ ਹੀ ਹੈ, ਢਾਡੀ ਪੱਧਤੀ ਉੱਤੇ ਵੀ ਆਪ ਦੀ ਪ੍ਰਬੀਨਤਾ ਸਿੱਧ ਹੋ ਜਾਂਦੀ ਹੈ। ਇਨ੍ਹਾਂ ਵਾਰਾਂ ਦਾ ਸੰਗੀਤ ਵਿਧੀਆਂ ਅਤੇ ਰਸ-ਮਾਰਗੀ ਵਿਧੀਆਂ ਅਨੁਕੂਲ ਅਜੇ ਅਧਿਐਨ ਹੋਣਾ ਬਾਕੀ ਹੈ। ਸੰਰਚਨਾਤਮਕ ਸੰਗਤੀਆਂ ਦੀ ਪਰਖ-ਪੜਚੋਲ ਅਤੇ ਖੋਜ ਤਾਂ ਅਜੇ ਕੁਝ ਦੂਰ ਦੀ ਗੱਲ ਜਾਪਦੀ ਹੈ। ਮੋਟੇ ਤੌਰ ਉੱਤੇ ਸਿੱਖ ਸੰਗੀਤ ਦੇ ਵਿਕਾਸ ਦੀ ਕ੍ਰਿਆ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਸੰਗੀਤ ਨੂੰ ਦੇਣ ਪਰੰਪਰਾ ਦੀ ਪੌੜੀ ਦਾ ਚੌਥਾ ਡੰਡਾ ਭਰ ਨਹੀਂ, ਆਪਣੀ ਮੌਲਿਕ ਮਹੱਤਤਾ ਰੱਖਦੀ ਹੈ। ਉਸ ਦਾ ਪ੍ਰਮਾਣ ਗਉੜੀ ਮਾਝ ਅਤੇ ਕਲਿਆਣ ਭੋਪਾਲੀ ਜਿਹੇ ਰਾਗਾਂ ਦੀ ਵਰਤੋਂ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ।

(10/1986)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦਾ
ਰਹੱਸਵਾਦੀ ਅਨੁਭਵ

ਦਰਸ਼ਨ ਸ਼ਾਸਤਰ ਵਿਚ ਆਤਮਾ ਤੇ ਪਰਮਾਤਮਾ ਦੇ ਅਟੁੱਟ ਸਬੰਧ ਨੂੰ ਅਦਵੈਤ-ਵਾਦ ਕਹਿੰਦੇ ਹਨ। ਪਰੰਤੂ, ਕਾਵਿਕ ਭਾਸ਼ਾ ਵਿਚ ਇਸ ਨੂੰ ਰਹੱਸਵਾਦ ਕਿਹਾ ਜਾਂਦਾ ਹੈ। ਇਹ ਅਨੁਭਵ ਦੀ ਵਸਤੂ ਹੈ। ਜਿਉਂ-ਜਿਉਂ ਵਿਅਕਤੀ ਦਾ ਅਨੁਭਵ ਵਧਦਾ ਜਾਵੇਗਾ, ਤਿਉਂ-ਤਿਉਂ ਇਸ ਦੀ ਸੋਝੀ ਵਧਦੀ ਜਾਵੇਗੀ। ਇਹ ਬੁੱਧੀ ਦੇ ਵਸ ਦਾ ਰੋਗ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਇਸ ਅਵਸਥਾ ਬਾਰੇ ਫ਼ੁਰਮਾਉਂਦੇ ਹਨ:

ਨਾਨਕ ਕਥਨਾ ਕਰੜਾ ਸਾਰੁ॥

(ਪੰਨਾ ੮)

ਰਹੱਸਵਾਦ ਬਾਰੇ ਡਾਕਟਰ ਦੀਵਾਨ ਸਿੰਘ ਜੀ ਆਪਣੇ ਲੇਖ 'ਗੁਰੂ ਨਾਨਕ ਦਾ ਰਹੱਸਵਾਦ' ਵਿਚ ਲਿਖਦੇ ਹਨ:

> ਰਹੱਸਵਾਦ ਨੂੰ ਵਿਚਾਰ-ਪੱਧਰ 'ਤੇ ਨਿਸ਼ਚਿਤ ਕਰਨਾ ਅਸੰਭਵ ਹੈ ਕਿਉਂਕਿ ਇਹ ਬੁੱਧੀ ਨਿਆਏ ਜਾਂ ਵਿਚਾਰ ਦੀ ਹੱਦ ਤੋਂ ਪਰ੍ਹੇ ਦਾ ਕੋਈ ਅਧਿਆਤਮਕ ਅਨੁਭਵ ਹੁੰਦਾ ਹੈ।.....ਜੋ ਕੁਝ ਇਕ ਰਹੱਸਵਾਦੀ ਆਪਣੇ ਅੰਤਰ ਆਤਮੇ ਅਨੁਭਵ ਕਰਦਾ ਹੈ ਉਸ ਨੂੰ ਰਹੱਸਵਾਦ ਦਾ ਨਾਮ ਦਿੱਤਾ ਜਾਂਦਾ ਹੈ।

ਰਹੱਸਵਾਦ ਦਾ ਸਬੰਧ ਅਨੁਭਵ ਨਾਲ ਹੈ। ਕੋਈ ਵੀ ਕਲਾਕਾਰ ਵਿਅਕਤੀ ਦੇ ਮਨੋਭਾਵਾਂ ਨੂੰ ਰੂਪਮਾਨ ਨਹੀਂ ਕਰ ਸਕਦਾ ਅਤੇ ਨਾ ਹੀ ਅਨੁਭਵ ਨੂੰ ਕਲਾ ਦੁਆਰਾ ਰੂਪਮਾਨ ਕੀਤਾ ਜਾ ਸਕਦਾ ਹੈ। ਇਹ ਭਾਵਨਾ ਦੀ ਮਨੋ-ਦਸ਼ਾ ਹੈ। ਇਸ ਦੀ ਵਿਆਖਿਆ ਕਰਨੀ ਲਗਭਗ ਅਸੰਭਵ ਹੈ।

ਰਹੱਸਵਾਦੀ ਮਨੋ-ਦਸ਼ਾ ਵਿਅਕਤੀ ਨੂੰ ਉਸ ਸਤਿ ਦੇ ਦਰਸ਼ਨ ਕਰਾਉਂਦੀ ਹੈ ਜਿਥੇ ਬੁੱਧੀ ਆਪਣੇ ਖੰਭ ਝਾੜ ਦੇਂਦੀ ਹੈ। ਇਸ ਸਤਿ ਦੇ ਦਰਸ਼ਨ ਸਾਨੂੰ ਕਿਸੇ ਸਿਧਾਂਤਕ ਲੀਹਾਂ ਉੱਤੇ ਚਲ ਕੇ ਨਹੀਂ ਹੁੰਦੇ ਸਗੋਂ ਇਹ ਆਪ-ਮੁਹਾਰੇ ਸੋਮੇ ਵਾਂਗ ਹਿਰਦੇ ਵਿਚੋਂ ਫੁਟਦੇ ਹਨ। ਸਿਧਾਂਤ ਤੇ ਰਹੱਸ ਦਾ ਆਪਸੀ ਮੇਲ ਨਹੀਂ ਤੇ ਨਾ ਹੀ ਕਦੇ ਇਹ ਦੋਵੇਂ ਆਪਸੀ ਮਿਲ ਸਕਦੇ ਹਨ।

ਪ੍ਰਾਚੀਨ ਕਾਲ ਤੋਂ ਹੀ ਦਾਰਸ਼ਨਿਕਾਂ ਵਲੋਂ ਆਤਮਾ ਤੇ ਪਰਮਾਤਮਾ ਦੇ ਸਬੰਧ ਸਾਬਤ ਕੀਤੇ ਜਾਂਦੇ ਰਹੇ ਹਨ। ਇਹ ਵਿਚਾਰ ਸਭ ਤੋਂ ਪਹਿਲਾਂ ਦਰਸ਼ਕ ਰੂਪ ਵਿਚ ਆਰੀਆ ਵਰਤ ਵਿਚ ਪ੍ਰਗਟ ਹੋਇਆ। ਇਹ ਭਾਵ ਮਾਨਵੀ ਭਾਵ ਵਾਂਗ ਪ੍ਰਗਟ ਹੁੰਦਾ ਹੈ ਅਤੇ ਭਾਵਾਂ ਰਾਹੀਂ ਇਸ ਨੇ ਆਪਣਾ ਸਥਾਨ ਲਿਆ। ਵਿਦਵਾਨਾਂ ਨੇ ਇਸ ਰਹੱਸ ਨੂੰ ਸਮਝਾਉਣ ਲਈ ਆਤਮਾ ਅਤੇ ਪਰਮਾਤਮਾ ਦੇ

SikhBookClub.com

ਪਿਆਰ ਨੂੰ ਇਸਤਰੀ-ਪੁਰਸ਼ ਦੇ ਪਿਆਰ ਵਾਂਗ ਦਰਸਾਇਆ। ਰਹੱਸਵਾਦੀ ਪ੍ਰਭੂ ਦੇ ਮਿਲਾਪ ਨੂੰ ਉਸੇ ਤਰ੍ਹਾਂ ਲੋਚਦਾ ਹੈ ਜਿਵੇਂ ਇਕ ਇਸਤਰੀ ਆਪਣੇ ਪ੍ਰੀਤਮ ਦੇ ਵਿਛੋੜੇ ਨੂੰ ਅਨੁਭਵ ਕਰਦੀ ਹੋਈ ਮਿਲਾਪ ਲਈ ਤਾਂਘਦੀ ਹੈ। ਇਸਤਰੀ ਇਹ ਨਹੀਂ ਦੱਸ ਸਕਦੀ ਕਿ ਉਹ ਆਪਣੀ ਤਾਂਘ ਦਾ ਪ੍ਰਗਟਾਵਾ ਕਿਸ ਤਰ੍ਹਾਂ ਕਰੇ। ਇਥੇ ਇਸ਼ਕ ਹਕੀਕੀ ਅਤੇ ਇਸ਼ਕ ਮਜ਼ਾਜੀ ਇਕ ਸੁਰ ਵਿਚ ਹੋ ਜਾਂਦੇ ਹਨ। ਭਾਵਾਂ ਦੀ ਭਾਵੁਕਤਾ ਇਕੋ ਜਿਹੀ ਹੈ। ਕੇਵਲ ਨਾਮ ਵੱਖੋ-ਵੱਖ ਦਿੱਤੇ ਗਏ ਹਨ। ਦੋਹਾਂ ਪੱਖਾਂ ਵਿਚ ਹੀ ਆਪਾ ਸਮਰਪਣ ਕਰਨ ਦੀ ਭਾਵਨਾ ਉਤੇਜਤ ਹੁੰਦੀ ਹੈ। ਦੁਨਿਆਵੀ ਪਿਆਰ ਆਤਮਕ ਪਿਆਰ ਦੀ ਪਹਿਲੀ ਪਉੜੀ ਹੈ। ਇਸ ਦੁਆਰਾ ਵਿਅਕਤੀ ਆਪਣੀ ਮੰਜ਼ਲ ਦੀ ਪ੍ਰਾਪਤੀ ਕਰਦਾ ਹੈ। ਅੰਤਲੀ ਮੰਜ਼ਲ ਆਤਮਕ ਪਿਆਰ ਦੀ ਹੈ।

ਭਾਵਨਾ ਅਤੇ ਪ੍ਰਕਾਸ਼ ਰਾਹੀਂ ਗਿਆਨ ਰਹੱਸਵਾਦ ਦੇ ਉੱਘੇ ਦੋ ਲੱਛਣ ਹਨ। ਰਹੱਸਵਾਦ ਅਨੁਭਵ ਕਿਰਨ ਵਾਂਗ ਅਚਨਚੇਤ ਪ੍ਰਗਟ ਹੁੰਦਾ ਹੈ। ਇਹ ਆਤਮਾ ਨੂੰ ਚਕਾ-ਚੌਂਧ ਕਰ ਦੇਂਦਾ ਹੈ। ਮਨ ਦੇ ਹਨੇਰੇ ਅਲੋਪ ਹੋ ਜਾਂਦੇ ਹਨ। ਮਨ ਦੀ ਤਹਿ ਤੋਂ ਅਗਿਆਨਤਾ ਦਾ ਅਨ੍ਹੇਰਾ ਉਤਰ ਜਾਂਦਾ ਹੈ ਅਤੇ ਮਨ ਰੁਸ਼ਨਾ ਜਾਂਦਾ ਹੈ। ਰੌਸ਼ਨ ਮਨ ਪ੍ਰਭੂ ਦੇ ਸਨਮੁਖ ਦਰਸ਼ਨ ਕਰਦਾ ਹੈ। ਇਹ ਆਪਣੇ ਆਪ ਵਿਚ ਅਦੁੱਤੀ ਚੇਤਨਾ ਹੈ।

ਵਿਦਵਾਨਾਂ ਨੇ ਰਹੱਸਵਾਦ ਨੂੰ ਚਾਰ ਪ੍ਰਕਾਰ ਵਿਚ ਵੰਡਿਆ ਹੈ—1· ਗਿਆਨ ਅਤੇ ਦਰਸ਼ਨ ਪ੍ਰਧਾਨ ਰਹੱਸਵਾਦ, 2· ਸਾਧਾਰਨਾਤਮਕ ਰਹੱਸਵਾਦ, 3· ਪ੍ਰਾਂਤਾਤਮਕ ਰਹੱਸਵਾਦ ਅਤੇ 4· ਪ੍ਰਕਿਰਤੀ ਪ੍ਰਧਾਨ ਰਹੱਸਵਾਦ।

ਰਹੱਸਵਾਦ ਹਿਰਦੇ ਦੇ ਸੂਖਮ ਭਾਵ ਉੱਤੇ ਅੰਕਤ ਜੀਵ ਅਤੇ ਪਰਮਾਤਮਾ ਦੇ ਮਿਲਣ ਦਾ ਇਕ ਸੂਖਮ ਚਿਤਰ ਹੈ। ਜੀਵ ਆਤਮਾ ਪ੍ਰਕਿਰਤੀ ਦੀ ਸੁੰਦਰਤਾ ਵਿਚੋਂ ਕਰਤਾ ਦਾ ਜਲਵਾ ਵੇਖਦੀ ਹੈ, ਉਸ ਕਰਤੇ ਦੇ ਮਿਲਾਪ ਦੀ ਤਾਂਘ ਵਿਚੋਂ ਬ੍ਰਿਹਾ-ਭਾਵ ਉਪਜਦਾ ਹੈ। ਉਸ ਸਮੇਂ ਵਿਸਮਾਦ ਦੀ ਦਸ਼ਾ ਉਤਪੰਨ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸੀਮ ਹਿਰਦੇ ਵਿਚੋਂ ਫੁਟਿਆ ਨਿਰਗੁਣ ਧਾਰਾ ਦਾ ਸਮੁੰਦਰ ਇਕ ਅਨੋਖੀ ਦਿੱਖ ਦਾ ਸੀ। ਇਸ ਸੋਮੇ ਦੇ ਅੰਮ੍ਰਿਤ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿਚ ਪ੍ਰਵੇਸ਼ ਕਰਕੇ ਇਕ ਅਨੋਖੀ ਪ੍ਰਤਿਭਾ ਤੇ ਕ੍ਰਿਸ਼ਮੇ ਨੂੰ ਸਿਰਜਿਆ। ਜਿੰਨਾ ਵੀ ਕੋਈ ਵਿਅਕਤੀ ਆਪਣੇ ਜੀਵਨ ਨੂੰ ਰਹੱਸਵਾਦੀ ਭਾਵੁਕਤਾ ਵਿਚ ਜੀਵੇਗਾ ਉਤਨਾ ਹੀ ਉਹ ਆਪੇ ਦਾ ਪ੍ਰਗਟਾ ਕਰੇਗਾ। ਵਿਅਕਤੀ ਦੀ ਆਤਮਾ ਹੀ ਉਸ ਦੇ ਭਾਵਿਕ ਜਗਤ ਵਿਚ ਵਿਚਰਦੀ ਹੈ। ਅਨੁਭਵੀ ਆਤਮਾ ਹੀ ਉਸ ਪ੍ਰਕਾਸ਼ਵਾਨ ਦਾ ਪ੍ਰਕਾਸ਼ ਪਾ ਸਕਦੀ ਹੈ ਅਤੇ ਉਸ ਪ੍ਰਕਾਸ਼ ਨੂੰ ਅਗੋਂ ਵੰਡ ਸਕਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ ਨੂੰ ਭੱਟਾਂ ਨੇ ਇਕ ਸਤਰ ਵਿਚ ਹੀ ਨਿਖੇੜ ਕੇ ਸਾਹਮਣੇ ਰੱਖ ਦਿੱਤਾ ਹੈ:

ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ॥

(ਪੰਨਾ ੧੩੯੭)

ਉਹਨਾਂ ਦੀ ਦਿੱਬ-ਦ੍ਰਿਸ਼ਟੀ ਵਿਚੋਂ ਅਧਿਆਤਮਕ ਤਰੰਗ ਅਦਭੁਤ ਰੂਪ ਵਿਚ ਨਿਕਲਣਾ ਕੁਦਰਤੀ ਸੀ। ਉਨ੍ਹਾਂ ਨੇ ਮਾਨਸਰੋਵਰ ਵਿਚ ਆਪ ਚੁਭੀਆਂ ਮਾਰੀਆਂ ਅਤੇ ਮਾਨਕ ਮੋਤੀਆਂ ਦੇ ਦਰਸ਼ਨ ਪਾਠਕਾਂ ਨੂੰ ਕਰਵਾਏ। ਉਨ੍ਹਾਂ ਦੇ ਹਿਰਦੇ ਵਿਚੋਂ ਉਪਜਿਆ ਰਹੱਸਵਾਦੀ ਅਨੁਭਵ ਸਾਹਿਤ

SikhBookClub.com

ਪ੍ਰੇਮੀਆਂ ਲਈ ਅਨੁਭਵੀ ਰਸ ਦਾ ਸੋਮਾ ਬਣਿਆ ਆ ਰਿਹਾ ਹੈ। ਪ੍ਰੇਮ-ਮੁਗਧ ਉਨ੍ਹਾਂ ਦੇ ਸ਼ਬਦ ਸਰੋਤਾ ਜਨ ਨੂੰ ਪ੍ਰੇਮ ਮੁਗਧ ਕਰ ਦੇਂਦੇ ਹਨ। ਉਸ ਦਾ ਮਨ ਤਰੰਗਤ ਹੋ ਉਠਦਾ ਹੈ। ਪ੍ਰਭੂ ਦਾ ਅਹਿਸਾਸ ਅਤੇ ਮਿਲਾਪ ਲਈ ਤਾਂਘ ਉਸਦੇ ਹਿਰਦੇ ਵਿਚ ਉਤਪੰਨ ਹੁੰਦੀ ਹੈ। ਪਿਆਰ ਭਿੱਜੀ ਹਿਰਦੇ ਵਿਚੋਂ ਨਿਕਲੀ ਅਰਜੋਈ ਸਾਰਾ ਵਾਤਾਵਰਨ ਪਿਆਰ ਮੁਗਧ ਕਰ ਦੇਂਦੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਰਹੱਸਵਾਦ ਦੇ ਦੋ ਰੰਗ ਗਿਆਨ ਅਤੇ ਦਰਸ਼ਨ ਨਿਖਰ ਕੇ ਸਾਹਮਣੇ ਆਉਂਦੇ ਹਨ। ਇਹ ਦਰਸ਼ਨ ਪ੍ਰਧਾਨ ਹੁੰਦਾ ਹੋਇਆ ਵੀ ਪ੍ਰੀਤਾਤਮਕ ਹੈ। ਗਿਆਨ ਤੇ ਪ੍ਰੇਮ ਇਕ-ਸੁਰ ਹਨ। ਗੁਰੂ ਸਾਹਿਬ ਪਾਰਬ੍ਰਹਮ ਨੂੰ ਅਗਮ-ਅਗੋਚਰ ਅਪਾਰ ਮੰਨਦੇ ਹਨ। ਉਹਨਾਂ ਦੀ ਗੁਰਬਾਣੀ ਵਿਚ ਨਿਰਗੁਣ ਅਤੇ ਸਰਗੁਣ ਬ੍ਰਹਮ ਦੇ ਦਰਸ਼ਨ ਹੁੰਦੇ ਹਨ। ਇਥੇ ਅਵਤਾਰਵਾਦ ਦੀ ਭਾਵਨਾ ਦਾ ਉਦੈ ਨਹੀਂ ਹੁੰਦਾ, ਸਗੋਂ ਰਚਨਾਤਮਕ ਪੱਖ ਤੋਂ ਵਾਹਿਗੁਰੂ ਦਾ ਸਰੂਪ ਲਿਆ ਜਾਂਦਾ ਹੈ।

ਗੁਰੂ ਜੀ ਦੁਨੀਆਂ ਦਾ ਨਿਰਮਾਣ ਅਤੇ ਸ਼ਿੰਗਾਰ ਕਰਨ ਵਾਲੇ ਦਾ ਕਥਨ ਕਰਦੇ ਹੋਏ ਕਈ ਥਾਵਾਂ 'ਤੇ ਵਧੇਰੇ ਦਾਰਸ਼ਨਿਕ ਹੋ ਜਾਂਦੇ ਹਨ:

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥

(ਪੰਨਾ ੩੪੮)

ਅਗਿਆਨ ਦੇ ਅੰਧੇਰੇ ਨੂੰ ਗਿਆਨ ਦੀ ਸੂਰਜ-ਵਤ ਕਿਰਨ ਰਹੱਸਮਈ ਸੱਤਾ ਦੀ ਅਸੀਮਤਾ ਵਲ ਲੈ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਜਪੁਜੀ ਸਾਹਿਬ ਵਿਚ ਲਿਖਿਆ ਹੈ ''ਗਿਆਨ ਖੰਡ ਮਹਿ ਗਿਆਨ ਪ੍ਰਚੰਡ'' ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ:

ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ ਹਰਿ ਆਪਿ ਰਹਿਆ ਭਰਪੂਰੀ ਜੀਉ॥
ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ॥

(ਪੰਨਾ ੧੭੪)

ਆਪ ਨੇ ਵਿਸ਼ੇਸ਼ ਬਲ ਅਦਵੈਤ ਉੱਤੇ ਦਿੱਤਾ ਹੈ। ਹਰ ਰੂਪ ਵਿਚ ਪਰਮਾਤਮਾ ਆਪ ਪਸਰ ਰਿਹਾ ਹੈ। ਉਹ ਇਸ ਸੰਸਾਰ ਦਾ ਸਿਰਜਨ ਵਾਲਾ, ਮਾਲਕ ਅਤੇ ਸੰਘਾਰ ਕਰਨ ਵਾਲਾ ਹੈ। ਉਹ ਇਸ ਤੋਂ ਅਲੱਗ ਵੀ ਹੈ ਅਤੇ ਇਸ ਵਿਚ ਵਿਚਰ ਵੀ ਰਿਹਾ ਹੈ। ਉਹ ਇਸ ਸੰਸਾਰ ਦੀ ਖੇਡ ਨੂੰ ਬਣਾਉਂਦਾ, ਉਸਾਰਦਾ ਅਤੇ ਢਾਹੁੰਦਾ ਹੈ। ਇਹ ਉਸ ਦੀ ਆਪਣੀ ਖੇਡ ਹੈ। ਇਹ ਉਸ ਦਾ ਰਹੱਸ ਹੈ, ਜਿਸ ਨੇ ਇਸ ਰਹੱਸ ਨੂੰ ਬੁੱਝ ਲਿਆ ਉਹ ਬ੍ਰਹਮ ਗਿਆਨੀ ਹੋ ਗਿਆ। ਗੁਰੂ ਸਾਹਿਬ ਸੋਰਠਿ ਰਾਗ ਦੇ ਪਦਿਆਂ ਵਿਚ ਇਸ ਦਸ਼ਾ ਦਾ ਉਲੇਖ ਕਰਦੇ ਹਨ:

ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥.....
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥

(ਪੰਨਾ ੬੦੪-੦੫)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਅਦਵੈਤਵਾਦੀ ਭਾਵਨਾ ਉਪਲਬਧ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਵਿਆਖਿਆ ਵਿਸ਼ੇਸ਼ ਰੂਪ ਵਿਚ ਸ੍ਰੀਰਾਗੁ ਵਿਚ ਕੀਤੀ ਹੈ। ਇਹ ਲੜੀ ਸ੍ਰੀ

SikhBookClub.com

ਗੁਰੂ ਅਮਰਦਾਸ ਜੀ ਦੇ ਅਨੰਦ ਸਾਹਿਬ ਦੀ 36ਵੀਂ ਪਉੜੀ ਵਿਚ ਪਰੁੱਚੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਦਵੈਤ ਦਾ ਅਭਾਸਨ ਅਕਾਲ ਉਸਤਤਿ ਵਿਚ ਕਰਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਦਾ ਰਹੱਸਵਾਦ ਏਕਾਤਮਕ ਅਦਵੈਤਵਾਦ ਹੈ। ਇਸ ਵਿਚ ਆਤਮਾ ਅਤੇ ਪਰਮਾਤਮਾ ਨੂੰ ਇਕ ਤੱਤ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਮਾਇਆ ਦੇ ਹਨੇਰੇ ਵਿਚ ਰਹਿਣ ਵਾਲੇ ਵਿਅਕਤੀ ਨੂੰ ਇਹ ਦੋ ਲੱਗਦੇ ਹਨ। ਮਾਇਆ ਤਾਂ ਪਦਾਰਥਕ ਵਸਤੂਆਂ ਵਲ ਪ੍ਰੇਰਦੀ ਹੈ ਅਤੇ ਅਨੁਭਵ ਤੋਂ ਲਾਂਭੇ ਲੈ ਜਾਂਦੀ ਹੈ। ਕੇਵਲ ਰਹੱਸਵਾਦੀ ਹੀ ਅੰਤਰ ਆਤਮਾ ਦੇ ਪ੍ਰਕਾਸ਼ ਨਾਲ ਇਹ ਅਭੇਦ ਨੂੰ ਲਖ ਸਕਦੇ ਹਨ। ਮਾਇਆ ਦੇ ਸੰਘਣੇ ਪੜਦੇ ਕਾਰਨ ਜੀਵ ਪਰਮਾਤਮਾ ਤੋਂ ਦੂਰ ਰਹਿੰਦਾ ਹੈ। ਪੂਰਨ ਗੁਰੂ ਆਪਣੀ ਦਿੱਬ-ਜੋਤ ਦੁਆਰਾ ਅਗਿਆਨ ਦਾ ਹਨੇਰਾ ਕੱਟਦਾ ਹੈ। ਹਿਰਦੇ ਤੋਂ ਮਾਇਆ ਰੂਪ ਮੈਲ ਲਹਿ ਜਾਂਦੀ ਹੈ। ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਵਾਹਿਗੁਰੂ ਦਾ ਗਿਆਨ ਹੁੰਦਾ ਹੈ। ਉਸ ਦੀ ਪ੍ਰਾਪਤੀ ਤੋਂ ਬਾਅਦ ਜੀਵਾਤਮਾ ਪ੍ਰੇਮ ਮੁਗਧ ਹੋ ਜਾਂਦੀ ਹੈ। ਪਿਆਰ ਵਿਚ ਖੀਵਾ ਵਿਅਕਤੀ ਮਿਲਾਪ ਦੇ ਅਨੁਭਵ ਦਾ ਪ੍ਰਗਟਾਅ ਕਰਦਾ ਹੈ। ਗੁਰੂ ਜੀ ਮਿਲਾਪ ਦੀ ਇਸ ਦਸ਼ਾ ਦਾ ਵਰਣਨ ਕਰਦੇ ਹਨ:

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ॥

(ਪੰਨਾ ੪੫੦)

ਅਧਿਆਤਮਵਾਦੀ ਇਸ ਸੰਸਾਰ ਨੂੰ ਪੇਕਾ ਘਰ ਅਤੇ ਮਰਨ ਤੋਂ ਬਾਅਦ ਅਕਾਲ ਪੁਰਖ ਦੇ ਦਰ ਦੀ ਪ੍ਰਾਪਤੀ ਨੂੰ ਸਹੁਰਾ ਘਰ ਮੰਨਦੇ ਹਨ। ਆਤਮਾ ਇਸ ਸੰਸਾਰ ਵਿਚ ਪ੍ਰਭੂ ਮਿਲਣ ਲਈ ਤਿਆਰੀ ਕਰਦੀ ਹੈ। ਇਹ ਸੰਸਾਰ ਯਾਤਰਾ ਉਸ ਦੇ ਮਿਲਾਪ ਲਈ ਤਿਆਰੀ ਦਾ ਸਮਾਂ ਹੈ। ਨਾਮ ਸਿਮਰਨ ਨਾਲ ਮਨ ਦੀ ਭਰਾਂਦ ਲਾਹੀ ਜਾਂਦੀ ਹੈ ਤਾਂ ਜੋ ਮਨੁੱਖੀ ਹਿਰਦਾ ਕੁੰਦਨ ਵਤ ਸ਼ੁੱਧ ਹੋ ਜਾਵੇ। ਇਸ ਸ਼ੁੱਧੀ ਉੱਤੇ ਪ੍ਰਭੂ ਦਾ ਪ੍ਰਕਾਸ਼ ਰੂਪਮਾਨ ਹੁੰਦਾ ਹੈ। ਜੀਵਾਤਮਾ ਉਸ ਪ੍ਰਕਾਸ਼ ਦੀ ਪ੍ਰਾਪਤੀ ਲਈ ਬਿਹਬਲ ਹੋ ਉਠਦੀ ਹੈ। ਵਿਛੋੜੇ ਦਾ ਲਾਂਬੂ ਮਨ ਵਿਚ ਉਠਦਾ ਹੈ। ਬਿਰਹਾ ਦੀ ਦਸ਼ਾ ਵਿਚ ਜੀਵ ਆਤਮਾ ਤੜਪ ਰਹੀ ਹੈ ਅਤੇ ਮਿਲਾਪ ਲਈ ਅਰਜ਼ੋਈ ਕਰ ਰਹੀ ਹੈ।

ਅਨੁਭਵ ਕਰਤਾ ਨੂੰ ਇਹ ਅਨੁਭਵ ਹੁੰਦਾ ਹੈ ਕਿ ਉਸ ਦੀ ਆਪਣੀ ਸ਼ਕਤੀ ਕੁੱਲ ਗਈ ਹੈ। ਉਹ ਕਿਸੇ ਬਲਵਾਨ ਸ਼ਕਤੀ ਦੀ ਪਕੜ ਵਿਚ ਹੈ। ਉਸ ਦੀ ਸਿਮਰਤੀ ਸਾਡੇ ਜੀਵਨ ਦਾ ਸਥਾਈ ਅੰਗ ਬਣ ਜਾਂਦੀ ਹੈ ਪ੍ਰਕਿਰਤੀ ਵੀ ਵਿਛੋੜੇ ਵਿਚ ਤੜਪ ਰਹੀ ਹੈ। ਕਿਉਂਕਿ ਉਸ ਨੂੰ ਸੁੰਦਰਤਾ ਪ੍ਰਦਾਨ ਕਰਨ ਵਾਲਾ ਆਪ ਆ ਕੇ ਉਸ ਦੀ ਸੁੰਦਰਤਾ ਨਹੀਂ ਵੇਖਦਾ। ਆਤਮਾ ਤੇ ਪ੍ਰਕਿਰਤੀ ਮਿਲ ਕੇ ਪ੍ਰੀਤਮ ਦੀ ਭਾਲ ਕਰਦੀਆਂ ਹਨ। ਆਤਮਾ ਪ੍ਰਕਿਰਤੀ ਤੇ ਪਰਮਾਤਮਾ ਜਦੋਂ ਇਕੋ ਰੂਪ ਹੋ ਜਾਂਦੇ ਹਨ ਤਾਂ ਦੂਈ ਦੂਰ ਹੋ ਜਾਂਦੀ ਹੈ। ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ।

ਜਿਉ ਪਸਰੀ ਸੂਰਜ ਕਿਰਣਿ ਜੋਤਿ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ॥

(ਪੰਨਾ ੧੧੭੭)

ਸਮੁੱਚੇ ਜੀਵਨ ਨਾਲ ਨਿਤ ਨਵੀਨਤਾ ਦਾ ਰਿਸ਼ਤਾ ਮਨੁੱਖ ਦੇ ਸੰਵੇਦਨਸ਼ੀਲ ਹੋ ਕੇ ਉਸ ਨੂੰ ਭਾਵੁਕ

SikhBookClub.com

ਦਸ਼ਾ ਤਕ ਪਹੁੰਚਾਉਂਦਾ ਹੈ। ਇਸ ਦਸ਼ਾ ਵਿਚ ਸਾਡੀ ਹਉ ਆਪਣੇ ਆਪ ਨੂੰ ਸਮੇਟਦੀ ਹੈ ਅਤੇ ਅਸੀਂ ਆਪ ਨੂੰ ਪੂਰਨ ਦ੍ਰਿਸ਼ਟੀ ਵਿਚ ਵਿਆਪਦੇ ਪ੍ਰਤੀਤ ਕਰਦੇ ਹਾਂ।

ਗੁਰਮੁਖਿ ਢੂੰਢਿ ਢੁਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ॥
ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ॥
ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ॥
ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥

(ਪੰਨਾ ੪੪੯)

ਧਰਮ ਦੀ ਮੰਜ਼ਿਲ ਰਹੱਸਾਤਮਕ ਅਨੁਭੂਤੀ ਹੈ। ਧਰਮ ਦੇ ਪੈਰ ਮਨੁੱਖ ਦੀ ਪ੍ਰਕਿਰਤੀ ਵਿਚ ਹਨ ਪਰ ਇਸ ਦਾ ਝੁਕਾਓ ਮਨੁੱਖ ਦੀ ਸੰਸਕ੍ਰਿਤੀ ਵਲ। ਰਹੱਸਭਾਵਨਾ ਜਦੋਂ ਵੀ ਧਰਮ ਦਾ ਅੰਗ ਬਣੇਗੀ ਉਹ ਸਹਜ ਪ੍ਰੀਤੀ ਦੀ ਥਾਂ ਸਾਧਨ ਵਿਧੀ ਬਣ ਜਾਵੇਗੀ।

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਭੂ ਪ੍ਰੇਮ ਰੂਪ ਅਤੇ ਸੁੰਦਰ ਰੂਪ ਹੈ। ਇਸ ਲਈ ਇਸੇ ਪ੍ਰੇਮ ਅਤੇ ਸੁੰਦਰਤਾ ਦੀ ਸਾਧਨਾ ਉਤਪੰਨ ਹੋਈ ਹੈ:

ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ॥
ਕਰਿ ਕਿਰਪਾ ਲੋਚ ਪੂਰਿ ਹਮਾਰੀ॥

(ਪੰਨਾ ੧੬੪)

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥...
ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ॥

(ਪੰਨਾ ੫੨੭)

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥

(ਪੰਨਾ ੪੪੯)

ਵਿਛੋੜਾ ਮਿਲਾਪ ਦੀ ਭਾਵਨਾ ਨੂੰ ਉਭਾਰਦਾ ਹੈ। ਪ੍ਰਿਥਵੀ ਦੇ ਕਣ-ਕਣ ਵਿਚੋਂ ਪ੍ਰੀਤਮ ਦੇ ਦਰਸ਼ਨ ਹੁੰਦੇ ਹਨ। ਮਿਲਾਪ ਦੀ ਆਸ ਮਨ ਨੂੰ ਬਿਹਬਲ ਕਰਦੀ ਹੈ। ਪ੍ਰੇਮ ਹੁਲਾਰਾ ਲੈਣ ਲਈ ਕਲਵਲ ਹੋ ਉਠਦਾ ਹੈ। ਜੀਵਾਤਮਾ ਤਰਲਾ ਲੈਂਦੀ ਹੈ:

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ॥
ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ॥

(ਪੰਨਾ ੪੫੧)

ਬ੍ਰਿਹਾ ਦੀ ਅਜਿਹੀ ਅਵਸਥਾ ਵਿਚ ਆਤਮ-ਪ੍ਰਕਾਸ਼ ਹੁੰਦਾ ਹੈ। ਉਹ ਵਿਅਕਤੀ ਆਪਣੇ ਅੰਦਰੋਂ ਪਾਰਬ੍ਰਹਮ ਨੂੰ ਖੋਜਦਾ ਹੈ। ਉਸ ਦੀ ਆਤਮ ਕਣ-ਕਣ ਵਿਚ ਉਸ ਦਾ ਜਲਵਾ ਵੇਖਦੀ ਹੈ। ਵਿਛੋੜੇ ਦੀ ਚੀਸ ਘਟਦੀ ਅਨੁਭਵ ਹੁੰਦੀ ਹੈ। ਆਤਮਾ ਮਿਲਾਪ ਦਾ ਰਸ ਮਾਣਦੀ ਹੈ:

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

(ਪੰਨਾ ੩੪੮)

SikhBookClub.com

ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥੩॥.....
ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ॥੪॥

(ਪੰਨਾ ੪੫੨)

ਇਥੇ ਗੁਰੂ ਸਾਹਿਬ ਦੀ ਰਹੱਸਵਾਦੀ ਭਾਵੁਕਤਾ ਸਿਖਰ 'ਤੇ ਪੁੱਜ ਜਾਂਦੀ ਹੈ। ਬੁੱਧੀ ਮੰਡਲ ਦੂਰ ਦੀ ਗੱਲ ਰਹਿ ਜਾਂਦੀ ਹੈ। ਮਿਸਟਰ ਅੰਡਰ ਹਿਲ ਆਪਣੀ ਪੁਸਤਕ 'ਮਿਸਟੀਸਿਜ਼ਮ' (Mysticism) ਵਿਚ ਲਿਖਦਾ ਹੈ:

> ਰਹੱਸਵਾਦੀ ਦਾ ਦ੍ਰਿਸ਼ਟੀਕੋਨ ਪ੍ਰੇਮ ਕਰਨ ਯੋਗ, ਸਜੀਵ ਅਤੇ ਵਿਅਕਤਿਤਵ ਹੁੰਦਾ ਹੈ। ਰਹੱਸਵਾਦੀ ਸੁੰਦਰਤਾ ਦਾ ਉਪਾਸ਼ਕ ਹੈ। ਪ੍ਰੀਤਮ ਦੀ ਅਪਾਰ ਕਿਰਪਾ ਨੂੰ ਵੇਖ ਕੇ ਉਸ ਦਾ ਭਾਵ ਭਰਿਆ ਕੋਮਲ ਹਿਰਦਾ ਗਦ-ਗਦ ਹੋ ਉਠਦਾ ਹੈ। ਭਾਵਾਂ ਦੇ ਖੇੜੇ ਜਾਂ ਭਾਵਾਂ ਦੀ ਤੀਬਰਤਾ ਨਾਲ ਕਲਪਨਾ ਦੀ ਉਡਾਰੀ ਲਗਦੀ ਹੈ। ਪ੍ਰਗਟਾ ਵਿਚ ਸੁੰਦਰਤਾ ਉਪਜਦੀ ਹੈ।

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥੭॥

(ਪੰਨਾ ੭੫੯)

ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥

(ਪੰਨਾ ੧੬੪)

ਨਾਨਕ ਪ੍ਰੀਤਿ ਲਾਈ ਤਿਨਿ ਸਾਚੈ ਤਿਸੁ ਬਿਨੁ ਰਹਣੁ ਨ ਜਾਈ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ॥੨॥

(ਪੰਨਾ ੬੫੨)

ਗੁਰਮਤਿ ਵਿਚਾਰਧਾਰਾ ਅਨੁਸਾਰ ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ ਦੇ ਦਰ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦੀ ਮੇਹਰ ਨਾਲ ਹੀ ਪਹੁੰਚੇ ਹੋਏ ਗੁਰੂ ਦਾ ਮਿਲਾਪ ਹੁੰਦਾ ਹੈ। ਗੁਰੂ ਦੇ ਦਰਸਾਏ ਮਾਰਗ ਉੱਤੇ ਚਲ ਕੇ ਵਾਹਿਗੁਰੂ ਨਾਲ ਸਦੀਵੀ ਮਿਲਾਪ ਹੋ ਸਕਦਾ ਹੈ:

ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ
ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥

(ਪੰਨਾ ੧੭੪)

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥

(ਪੰਨਾ ੭੫੭)

ਬਿਰਹਾ ਦਾ ਰਹੱਸਵਾਦ ਵਿਚ ਇਕ ਵਿਸ਼ੇਸ਼ ਅਸਥਾਨ ਹੈ। ਬਿਰਹਾ ਦੀ ਅਗਨੀ ਵਿਚ ਤੜਫ਼ ਕੇ ਸਾਧਕ ਆਪਣੇ ਨਾਲੋਂ ਵਾਧੂ ਅੰਸ਼ ਭਸਮ ਕਰਕੇ ਕੁੰਦਨ ਵਤ ਨਿਖਰ ਆਉਂਦਾ ਹੈ। ਇਸੇ ਬਿਰਹਾ ਨੇ ਹੀ ਪਿਆਰ ਨੂੰ ਸਦਾ ਨਿਖਾਰਿਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਰਹੱਸਵਾਦ ਕੇਵਲ ਕਲਾਤਮਕ ਵਿਚਾਰ ਮਗਨਤਾ ਨਹੀਂ। ਇਹ

SikhBookClub.com

ਨਿਰ-ਆਕਾਰ ਵਾਹਿਗੁਰੂ ਦੇ ਮਿਲਾਪ ਦੀ ਤਾਂਘ ਹੈ। ਇਹ ਇਕ ਸੱਚਾਈ ਅੱਖੀਂ ਡਿੱਠਾ ਮਨ ਤੇ ਆਤਮਾ ਨਾਲ ਮਾਣਿਆ ਜਾ ਸਕਣ ਵਾਲਾ ਤਜਰਬਾ ਹੈ:

ਜਿਉ ਪਸਰੀ ਸੂਰਜ ਕਿਰਣਿ ਜੋਤਿ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ॥

(ਪੰਨਾ ੧੧੭੭)

ਉਹ ਆਪਣੇ ਰਹੱਸਵਾਦੀ ਅਨੁਭਵ ਬਾਰੇ ਇਕ ਯਥਾਰਥ ਪੇਸ਼ ਕਰਦੇ ਹਨ:

ਜੇਹਾ ਡਿਠਾ ਮੈ ਤੇਹੋ ਕਹਿਆ॥
ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥

(ਪੰਨਾ ੯੭)

ਉਹਨਾਂ ਦਾ ਰੱਬ ਅਲੇਪ, ਅਭੇਦ ਤੇ ਅਗਾਧ ਹੁੰਦਿਆਂ ਵੀ ਅਦਿੱਖ ਨਹੀਂ। ਉਹ ਹਰ ਥਾਂ ਪਸਰੀ ਸੂਰਜ ਕਿਰਨ ਵਾਂਗ ਸਾਰੀ ਸ੍ਰਿਸ਼ਟੀ, ਸਾਰੀ ਮਾਨਵ ਜਾਤੀ ਵਿਚ ਵਿਆਪਕ ਹੈ, ਪਰ ਆਤਮ ਸਾਧਕ ਤੇ ਸੰਜਮ ਨਾਲ ਉਹ ਪ੍ਰਾਪਤ ਹੋ ਜਾਂਦਾ ਹੈ। ਰਹੱਸਵਾਦ ਅਮੋਲਕ ਵਸਤੂ ਹੈ, ਜਿਸ ਨੂੰ ਪਾ ਕੇ ਮਨੁੱਖ ਅਮਰ ਹੋ ਜਾਂਦਾ ਹੈ। ਜਿਸ ਨੂੰ ਪਾ ਕੇ ਜੁਲਾਹੇ ਚਮਾਰ, ਸ੍ਰੇਸ਼ਟ ਮਨੁੱਖ ਬਣ ਗਏ।

ਗੁਰੂ ਰਾਮਦਾਸ ਜੀ ਨੇ ਰਹੱਸਵਾਦੀ ਅਨੁਭਵ ਦਾ ਪ੍ਰਗਟਾਅ ਕਰਦਿਆਂ ਕਿਸੇ ਗੂੜ੍ਹ ਫ਼ਲਸਫ਼ੇ ਦਾ ਉਲੇਖ ਨਹੀਂ ਕੀਤਾ, ਸਗੋਂ ਸਰਲ ਅਤੇ ਸਪੱਸ਼ਟ ਸ਼ਬਦਾਂ ਵਿਚ ਪ੍ਰਭੂ ਦਾ ਸਰੂਪ ਅਤੇ ਉਸ ਦੇ ਮਿਲਾਪ ਦਾ ਆਨੰਦ ਪ੍ਰਗਟਾਇਆ ਹੈ। ਉਹਨਾਂ ਦੀ ਬਾਣੀ ਵਿਚੋਂ ਪ੍ਰਭੂ ਮਿਲਾਪ ਦਾ ਨਿੱਘ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਪ੍ਰੇਮ ਮੁਗਧ ਹੋਇਆ ਸਰੋਤਾ-ਗਨ ਉਸੇ ਦਸ਼ਾ ਦਾ ਅਨੁਭਵ ਕਰਦਾ ਹੈ। ਉਹਨਾਂ ਦੀ ਬਾਣੀ ਵਿਅਕਤੀ ਨੂੰ ਸੰਸਾਰ ਯਾਤਰਾ ਦੀ ਸੰਪੂਰਨਤਾ ਵਲ ਪ੍ਰੇਰਦੀ ਹੈ।

(10/1986)

SikhBookClub.com

ਧੰਨੁ ਧੰਨੁ ਰਾਮਦਾਸ ਗੁਰੁ

ਭਾਈ ਬਲਵੰਡ ਜੀ ਅਤੇ ਭਾਈ ਸਤਾ ਜੀ ਨੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਦਾ ਵਰਣਨ ਕਰਦਿਆਂ ਹੋਇਆਂ ਆਪਣੇ ਦਿਲ ਦੀਆਂ ਡੂੰਘਿਆਈਆਂ ਵਿੱਚੋਂ ਗਾਵਿਆ ਹੈ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥
ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ *(ਪੰਨਾ ੯੬੮)*

ਅਜਿਹੇ ਸਤਿਗੁਰਾਂ ਦਾ ਪ੍ਰਕਾਸ਼ 24 ਸਤੰਬਰ, 1534 ਈ. ਨੂੰ ਭਾਈ ਹਰਿਦਾਸ ਜੀ ਦੇ ਘਰ ਬੀਬੀ ਦਯਾ ਕੌਰ ਜੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ। ਆਪ ਦਾ ਜਨਮ ਦਾ ਨਾਂ ਭਾਈ ਜੇਠਾ ਜੀ ਸੀ। ਘਰ ਦੇ ਧਾਰਮਿਕ ਵਾਤਾਵਰਣ ਅਤੇ ਮਾਤਾ-ਪਿਤਾ ਦੇ ਧਾਰਮਿਕ ਜੀਵਨ ਅਤੇ ਨੇਕ ਸੁਭਾਅ ਦਾ ਆਪ 'ਤੇ ਡੂੰਘਾ ਪ੍ਰਭਾਵ ਪਿਆ। ਜਿਸ ਕਾਰਨ ਆਪ ਨੇ ਵੱਖ-ਵੱਖ ਧਰਮਾਂ ਅਤੇ ਧਾਰਮਿਕ ਵਿਸ਼ਵਾਸਾਂ ਤੇ ਉਨ੍ਹਾਂ ਦੇ ਦਰਸ਼ਨ ਬਾਰੇ ਬਹੁਤ ਗਿਆਨ ਪ੍ਰਾਪਤ ਕੀਤਾ।

ਭਾਈ ਜੇਠਾ ਜੀ ਦੀ ਆਯੂ ਅਜੇ ਛੋਟੀ ਹੀ ਸੀ ਕਿ ਆਪ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਨਾਨੀ ਪਾਲਣ-ਪੋਸ਼ਣ ਕਰਨ ਲਈ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਜਦੋਂ ਆਪ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਆਏ ਤਾਂ ਆਪ ਦੇ ਜੀਵਨ ਤੇ ਗੁਰਸਿੱਖੀ, ਗੁਰਬਾਣੀ, ਭਗਤੀ ਅਤੇ ਸੇਵਾ ਦੀ ਅਜਿਹੀ ਪਾਣ ਚੜ੍ਹੀ ਕਿ ਆਪ ਨੇ ਸਮੁੱਚਾ ਜੀਵਨ ਇਨ੍ਹਾਂ ਨੂੰ ਹੀ ਸਮਰਪਿਤ ਕਰ ਦਿੱਤਾ। ਨਿਮਰਤਾ, ਲਗਨ ਅਤੇ ਅਪਾਰ ਸ਼ਰਧਾ ਦੇ ਨਾਲ ਆਪ ਨੇ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਸਮਝਿਆ ਤੇ ਉਨ੍ਹਾਂ ਅਨੁਸਾਰ ਹੀ ਆਪਣੇ ਜੀਵਨ ਨੂੰ ਢਾਲ ਲਿਆ। ਆਪ ਦੀ ਸੁਪਤਨੀ ਬੀਬੀ ਭਾਨੀ ਜੀ, ਜੋ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ, ਨੇ ਵੀ ਆਪਣੀ ਸੇਵਾ ਤੇ ਪਤੀ-ਭਗਤੀ ਨਾਲ ਆਪ ਨੂੰ ਬਹੁਤ ਪ੍ਰਭਾਵਿਤ ਕੀਤਾ।

ਆਪ ਦੀ ਸੇਵਾ ਤੇ ਸਮਰਪਿਤ ਜੀਵਨ ਤੋਂ ਪ੍ਰਭਾਵਿਤ ਹੋ ਕੇ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਜੋਤੀ-ਜੋਤਿ ਸਮਾਉਣ ਲੱਗਿਆਂ ਸਿੱਖ ਪੰਥ ਦੇ ਵਾਧੇ ਤੇ ਫੈਲਾਅ ਦੀ ਜ਼ਿੰਮੇਦਾਰੀ ਆਪ ਦੇ ਭਰ-

SikhBookClub.com

ਜੁਆਨ ਮੋਢਿਆਂ 'ਤੇ ਰੱਖਦਿਆਂ ਹੋਇਆਂ ਗੁਰਗੱਦੀ ਦੀ ਸੌਂਪਣਾ ਆਪ ਨੂੰ ਕਰ ਦਿੱਤੀ। ਇਸ ਕੰਮ ਨੂੰ ਆਪ ਨੇ ਪੂਰੀ ਜ਼ਿੰਮੇਦਾਰੀ ਨਾਲ ਸੰਭਾਲਿਆ ਅਤੇ ਸਿੱਖੀ ਦਾ ਫੈਲਾਅ ਲਗਨ, ਮਿਹਨਤ ਅਤੇ ਨਿਮਰਤਾ ਨਾਲ ਕੀਤਾ। ਆਪ ਨੇ ਅੰਮ੍ਰਿਤ ਸਰੋਵਰ ਦੀ ਸਥਾਪਨਾ ਦੇ ਨਾਲ ਹੀ ਸਿੱਖੀ ਦੇ ਤੀਰਥ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਵੀ ਕੀਤੀ।

ਸ੍ਰੀ ਅੰਮ੍ਰਿਤਸਰ, ਜੋ ਅਰੰਭ ਵਿਚ 'ਚੱਕ ਗੁਰੂ' ਜਾਂ 'ਰਾਮਦਾਸ ਪੁਰਾ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਨੂੰ ਹਰ ਪੱਖੋਂ ਵਿਕਸਤ ਕਰਨ ਦੇ ਉਨ੍ਹਾਂ ਨੇ ਉਪਰਾਲੇ ਕੀਤੇ। ਵੱਖ-ਵੱਖ 52 ਕਿੱਤਿਆਂ ਨਾਲ ਸੰਬੰਧਤ ਕਾਰੀਗਰਾਂ ਨੂੰ ਬੁਲਾ ਕੇ ਇਥੇ ਵਸਾਇਆ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ। ਜਿਉਂ-ਜਿਉਂ ਸਿੱਖਾਂ ਦੀ ਆਵਾਜਾਈ ਇਸ ਸ਼ਹਿਰ ਵੱਲ ਵਧੀ ਤਿਉਂ-ਤਿਉਂ ਦੂਰ-ਦੁਰਾਡਿਓਂ ਵਪਾਰੀਆਂ ਨੇ ਵੀ ਇਥੇ ਆ ਕੇ ਡੇਰੇ ਲਾਉਣੇ ਸ਼ੁਰੂ ਕਰ ਦਿੱਤੇ। ਸਿੱਖੀ ਦੇ ਕੇਂਦਰੀ ਤੀਰਥ ਵਜੋਂ ਸਥਾਪਤ ਇਹ ਸ਼ਹਿਰ ਹਰ ਵਰਗ, ਧਰਮ ਤੇ ਫਿਰਕੇ ਨਾਲ ਸੰਬੰਧਤ ਲੋਕਾਂ ਦਾ ਕੇਂਦਰ ਵੀ ਬਣ ਗਿਆ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਪਹਿਲੇ ਸਤਿਗੁਰਾਂ— ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਵਾਂਗ ਬਾਣੀ ਉਚਾਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਦੀ ਬਾਣੀ 30 ਰਾਗਾਂ ਵਿਚ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਵਰਤੇ ਗਏ ਰਾਗਾਂ ਨੂੰ ਹੀ ਆਪਣੀ ਰਚੀ ਬਾਣੀ ਲਈ ਅਪਨਾਇਆ। ਪਰ ਸ੍ਰੀ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਦੀ ਗਿਣਤੀ 30 ਤਕ ਪਹੁੰਚਾ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਕੁੱਲ 31 ਰਾਗਾਂ ਵਿਚ ਹੈ। 31ਵਾਂ ਰਾਗ ਜੈਜਾਵੰਤੀ ਹੈ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 4 ਪਦੇ ਹਨ। ਇਸ ਗੱਲ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਰਾਗ ਵਿੱਦਿਆ ਦੇ ਕਿਤਨੇ ਮਹਾਨ ਜਾਣੂ ਤੇ ਮਾਹਿਰ ਸਨ। ਆਪ ਦੀ ਬਾਣੀ ਵਿਚ 246 ਪਦੇ, 31 ਅਸਟਪਦੀਆਂ, 32 ਛੰਤ, 138 ਸਲੋਕ, 8 ਵਾਰਾਂ ਵਿਚ 183 ਪਉੜੀਆਂ, 1 ਪਹਿਰੇ, 1 ਵਣਜਾਰਾ, 2 ਕਰਹਲੇ ਅਤੇ 2 ਘੋੜੀਆਂ ਸ਼ਾਮਲ ਹਨ।

ਆਪ ਜੀ ਦੀ ਬਾਣੀ ਦਾ ਮੁਖ ਵਿਸ਼ਾ ਪਹਿਲੇ ਸਤਿਗੁਰੂ ਸਾਹਿਬਾਨ ਵਾਂਗ ਹੀ ਪ੍ਰਭੂ-ਭਗਤੀ, ਧਾਰਮਿਕ ਸਿਧਾਂਤਾਂ ਦੀ ਚਰਚਾ ਕਰਦਿਆਂ ਹੋਇਆਂ ਲੋਕਾਂ ਲਈ ਉਪਦੇਸ਼, ਪ੍ਰਭੂ-ਮਿਲਾਪ ਲਈ ਤੜਪ, ਪ੍ਰਭੂ ਤੇ ਗੁਰੂ ਦੀ ਉਸਤਤੀ ਹੈ, ਜਿਸ ਨੂੰ ਆਪ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਆਪ ਦੀ ਬਾਣੀ ਇਤਨੀ ਰਸ-ਮਈ ਹੈ ਕਿ ਉਸ ਦਾ ਇਕ-ਇਕ ਸ਼ਬਦ ਦਿਲ ਦੀਆਂ ਡੂੰਘਾਈਆਂ ਨੂੰ ਜਾ ਛੂੰਹਦਾ ਹੈ।

'ਹਰਿ ਕੀ ਵਡਿਆਈ' ਦਾ ਜਦ ਆਪ ਵਰਣਨ ਕਰਦੇ ਹਨ ਤਾਂ ਹਿਰਦਾ ਹਰਿ ਦੇ ਦਰਸ਼ਨਾਂ ਲਈ ਬੇਤਾਬ ਹੋ ਉੱਠਦਾ ਹੈ:

ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥
ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ॥ *(ਪੰਨਾ ੮੪)*

SikhBookClub.com

ਹੋਰ ਵੇਖੋ :

ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ॥ *(ਪੰਨਾ ੧੭੩)*

ਜਦੋਂ ਕੁਝ ਮਨਮਤੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਵਿਰੋਧਤਾ ਕੀਤੀ ਤੇ ਉਨ੍ਹਾਂ ਨੂੰ ਭਲਾ-ਬੁਰਾ ਕਿਹਾ ਤਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ:

ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥...
ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥
(ਪੰਨਾ ੩੦੨)

ਆਪ ਨੇ ਉਨ੍ਹਾਂ ਨੂੰ ਇਹ ਵੀ ਸਮਝਾਇਆ ਕਿ ਜੇਕਰ ਕੋਈ ਬੁਰਾ, ਨਿੰਦਕ ਤੇ ਪਾਪੀ ਵੀ ਸਤਿਗੁਰਾਂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਸਤਿਗੁਰੂ ਖੁੱਲ੍ਹੇ ਹਿਰਦੇ ਨਾਲ ਉਸ ਨੂੰ ਖਿਮਾਂ ਕਰ ਦਿੰਦੇ ਹਨ:

ਗੁਰ ਗੋਵਿੰਦੁ ਗੋਵਿੰਦੁ ਗੁਰੁ ਹੈ ਨਾਨਕ ਭੇਦੁ ਨ ਭਾਈ॥ *(ਪੰਨਾ ੪੪੨)*

ਉਹ ਦੱਸਦੇ ਹਨ:

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ॥
(ਪੰਨਾ ੩੦੭)

ਸ੍ਰੀ ਗੁਰੂ ਰਾਮਦਾਸ ਜੀ ਸਤਿਗੁਰੂ ਅਤੇ ਅਕਾਲ ਪੁਰਖ ਨੂੰ ਇੱਕੋ ਰੂਪ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ:

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥ *(ਪੰਨਾ ੪੪੪)*

ਆਪ ਦੀ ਬਾਣੀ ਵਿਚ, ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਖੁੱਲ੍ਹਾ-ਡੁੱਲ੍ਹਾ ਵਰਣਨ ਹੈ। ਆਪ ਦੱਸਦੇ ਹਨ ਕਿ ਪਰਮ-ਪਿਤਾ ਪਰਮਾਤਮਾ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਆਪ ਹੀ ਉਹ ਸਭ ਕੁਝ ਹੈ ਤੇ ਆਪ ਹੀ ਸਾਰੀ ਖੇਡ ਖੇਡ ਰਿਹਾ ਹੈ:

ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥
ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥ *(ਪੰਨਾ ੬੦੪)*

ਆਪ ਸਤਿਗੁਰੂ ਅੱਗੇ ਅਰਦਾਸ ਕਰਦੇ ਹੋਏ ਆਖਦੇ ਹਨ:

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥ *(ਪੰਨਾ ੪੯੨)*

ਇਨ੍ਹਾਂ ਸ਼ਬਦਾਂ ਵਿਚ ਕਿਤਨੀ ਨਿਮਰਤਾ ਤੇ ਸਾਦਗੀ ਹੈ। ਸਮਰੱਥ ਹੁੰਦਿਆਂ ਹੋਇਆਂ ਵੀ ਆਪ ਆਪਣੇ ਆਪ ਨੂੰ ਇਤਨਾ ਛੋਟਾ ਕਹਿੰਦੇ ਹਨ। ਆਪ ਹੋਰ ਅੱਗੇ ਆਖਦੇ ਹਨ:

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ॥

SikhBookClub.com

ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ॥

(ਪੰਨਾ ੧੦)

ਪ੍ਰਭੂ ਨੂੰ ਮਿਲਣ ਦੀ ਤਾਂਘ, ਬੇਚੈਨੀ ਤੇ ਬਿਹਬਲਤਾ ਆਪ ਜੀ ਦੀ ਬਾਣੀ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ:

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਸੈ ਨੀਰੁ ਵਹੇ ਵਹਿ ਚਲੈ ਜੀਉ॥

(ਪੰਨਾ ੯੪)

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਸਾਰਾ ਜੀਵਨ ਪ੍ਰਭੂ ਭਗਤੀ, ਸੇਵਾ ਅਤੇ ਨਿਮਰਤਾ ਨਾਲ ਭਰਪੂਰ ਹੈ। ਆਪ ਜੀ ਦੀ ਬਾਣੀ ਵਿੱਚੋਂ ਵੀ ਇਹੀ ਕੁਝ ਪ੍ਰਗਟ ਹੁੰਦਾ ਹੈ। ਨਿਮਰਤਾ ਭਰਪੂਰ ਤੇ ਨਿੰਦਕਾਂ, ਦੁਸ਼ਟਾਂ ਸਭ ਨੂੰ ਤਾਰਨਹਾਰੇ ਸਤਿਗੁਰਾਂ ਦੇ ਸੰਬੰਧ ਵਿਚ ਇਉਂ ਵਰਣਨ ਆਉਂਦਾ ਹੈ:

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੁੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥ *(ਪੰਨਾ ੩੦੭)*

ਭਾਵੇਂ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰਬਾਣੀ ਨੂੰ ਗੁਰਗੱਦੀ ਸੌਂਪੀ ਸੀ, ਪਰ ਉਸ ਦੇ ਗੁਰੂ ਰੂਪ ਹੋਣ ਬਾਰੇ ਪਹਿਲੇ ਗੁਰੂ ਸਾਹਿਬਾਨ ਨੇ ਹੀ ਸਮਝਾਉਣਾ ਅਰੰਭ ਕਰ ਦਿੱਤਾ ਸੀ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸੰਬੰਧ ਵਿਚ ਸੰਕੇਤ ਕੀਤਾ ਹੈ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ *(ਪੰਨਾ ੩੦੮)*

ਆਪ ਨੇ ਹੋਰ ਆਖਿਆ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ *(ਪੰਨਾ ੯੮੨)*

ਆਪ ਜੀ ਵਿਚ ਕਿਤਨੀ ਨਿਮਰਤਾ ਸੀ ਇਸ ਦਾ ਵਰਨਣ ਬੰਸਾਵਲੀਨਾਮਾ ਵਿਚ ਇਸ ਤਰ੍ਹਾਂ ਆਉਂਦਾ ਹੈ:

ਸਾਕ ਨਾ ਜਾਤ
ਹਿਰਦੇ ਰਖਿਆ ਸੇਵਕੀ ਭਾਉ
ਚੰਚਲਾਈ ਚਤੁਰਾਈ ਖੇਡਣ
ਹਸਣ ਕਾ ਚਾਉ
ਪ੍ਰੀਤਿ ਚਰਣਾਂ ਦੀ ਸੇਵਕ ਰਖੀ
ਬਿਨਾਂ ਸਤਿਗੁਰ ਹੋਰ ਨਾ ਦੇ ਦੇਖਣਾ ਅਖੀਂ।

(10/2010)

SikhBookClub.com

ਨਿਮਰਤਾ ਦੇ ਪੁੰਜ

ਸ੍ਰੀ ਗੁਰੂ ਰਾਮਦਾਸ ਜੀ

ਚੌਥੇ ਸ਼ਹਿਨਸ਼ਾਹ ਦੀ ਸਿਫਤ ਵਿਚ ਭੱਟ ਕੀਰਤ ਨੇ ਉਸਤਤਿ ਕਰਦਿਆਂ ਬੜਾ ਸੁੰਦਰ ਬਿਆਨ ਕੀਤਾ ਹੈ ਕਿ ਸੰਸਾਰ ਨੂੰ ਉੱਚ ਪਾਏ ਦੀ ਸੇਧ ਦੇਣ ਲਈ ਸੋਢੀਆਂ ਦੀ ਕੁਲ ਵਿਚ ਨਿਮ੍ਰਤਾ ਦੀ ਮੂਰਤ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਮਿਲੀ:

ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥
ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥

(ਪੰਨਾ ੧੪੦੬)

ਸ੍ਰੀ ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਮ ਭਾਈ ਜੇਠਾ ਸੀ। ਉਹਨਾਂ ਦੀ ਜ਼ਿੰਦਗੀ ਦਾ ਪਹਿਲਾ ਸਮਾਂ ਬਹੁਤ ਸੰਘਰਸ਼ ਵਾਲਾ ਸੀ। 7 ਸਾਲ ਦੀ ਉਮਰ ਵਿਚ ਹੀ ਉਹਨਾਂ ਦੇ ਸਿਰ ਤੋਂ ਮਾਤਾ ਪਿਤਾ ਦੀ ਮਿੱਠੀ ਛਾਇਆ ਉਠ ਗਈ। ਕੁਦਰਤ ਦੀ ਦੁਨੀਆਂ ਵਿਚ ਮਾਪਿਆਂ ਦਾ ਲਾਡ ਪਿਆਰ ਜਾਂਦਾ ਰਿਹਾ, ਕੇਵਲ ਇਕ ਪਰਮਾਤਮਾ ਦੀ ਪ੍ਰੀਤ ਰਹਿ ਗਈ। ਐਸੇ ਇਕੱਲ-ਪੁਣੇ ਵਿਚ ਉਹਨਾਂ ਦੇ ਨਾਨਕਿਆਂ ਨੇ ਪਿਆਰ ਗਲਵਕੜੀ ਪਾਈ। ਮਾਂ ਦੀ ਮਮਤਾ ਵਾਲਾ ਪਿਆਰ ਦਿੱਤਾ। ਭਾਈ ਜੇਠਾ ਜੀ ਨੇ ਨਾਮ ਵਿਚ ਗੜੁੰਦ ਹੋ ਕੇ ਘੁੰਗਣੀਆਂ ਵੇਚਣ ਦਾ ਕੰਮ ਆਰੰਭ ਕਰ ਦਿੱਤਾ। ਬਾਲ ਵਰੇਸ ਵਿਚ ਹੀ ਦਸਾਂ ਨਹੁੰਆਂ ਦੀ ਕਿਰਤ ਨੂੰ ਅਮਲੀ ਰੂਪ ਦਿੱਤਾ। ਨਾਮ ਵਿਚ ਭਿੱਜੀ ਰੂਹ ਦੀਆਂ ਘੁੰਗਣੀਆਂ ਹਰੇਕ ਆਦਮੀ ਛਕ ਕੇ ਅਨੰਦ ਪ੍ਰਤੀਤ ਕਰਦਾ। ਓਦੋਂ ਸ਼ਾਇਦ ਕਿਸੇ ਨੂੰ ਵੀ ਨਾ ਪਤਾ ਹੋਵੇ ਕਿ ਇਹ ਮਹਾਨ ਸ਼ਖ਼ਸੀਅਤ ਕਿਸੇ ਦਿਨ ਗੁਰੂ ਨਾਨਕ ਦੇਵ ਜੀ ਦੀ ਆਤਮਕ ਜੋਤ ਬਣੇਗੀ। ਸੰਸਾਰ ਦੇ ਲੋਕਾਂ ਦੀ ਆਤਮਕ ਭੁੱਖ ਵੀ ਦੂਰ ਕਰੇਗੀ। ਵਾਹ! ਕਿਤਨਾ ਸੁੰਦਰ ਫ਼ੁਰਮਾਨ ਹੈ:

ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ॥ *(ਪੰਨਾ ੧੬੭)*

ਸੰਸਾਰ ਦੇ ਪਦਾਰਥਾਂ ਨੂੰ ਫਿੱਕਾ ਦੱਸਦਿਆਂ ਗੁਰੂ ਜੀ ਨੇ ਆਖਿਆ, "ਮੈਂ ਇਹ ਸਾਰੇ ਪਦਾਰਥ ਦੇਖ ਲਏ ਹਨ ਪਰ ਨਾਮ ਤੇ ਨਿਮ੍ਰਤਾ ਤੋਂ ਬਿਨਾਂ ਇਹਨਾਂ ਪਦਾਰਥਾਂ ਵਿਚ ਮਿਠਾਸ ਨਹੀਂ ਆ ਸਕਦੀ।" ਗਉੜੀ ਰਾਗ ਵਿਚ ਫ਼ੁਰਮਾਨ ਹੈ:

ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ॥
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ॥

(ਪੰਨਾ ੧੬੯-੭੦)

SikhBookClub.com

ਨਿਮ੍ਰਤਾ ਦੀ ਮੂਰਤ ਨੇ ਮਾਨਵਤਾ ਦੀ ਅਸਲੀ ਮੰਜ਼ਲ ਨੂੰ ਸੱਚਾਈ ਦੱਸਿਆ ਹੈ। ਪਰ, ਕਈ ਵਾਰੀ ਮਨੁੱਖਤਾ ਅਸਲੀ ਮੰਜ਼ਲ ਤੋਂ ਉਖੜ ਕੇ ਜੀਵਨ ਦੇ ਸਹੀ ਰਸਤੇ ਤੋਂ ਪਰ੍ਹੇ ਹੋ ਜਾਂਦੀ ਹੈ। ਲੁਕਾਈ ਨਿਮ੍ਰਤਾ ਵਰਗਾ ਸਦੀਵੀ ਗੁਣ ਛੱਡ ਕੇ ਹਉਮੈ ਦੀ ਅੱਗ 'ਚ ਸੜਨ ਲੱਗ ਪਈ। ਸੱਚ 'ਤੇ ਕੇਂਦਰਤ ਹੋਣ ਦੀ ਬਜਾਏ ਖਲਕਤ ਆਪਸ ਵਿਚ ਉਲਝ ਗਈ। ਐਸੇ ਅੰਧਕਾਰ ਵਿਚ ਕੋਈ ਮਹਾਨ ਸ਼ਖ਼ਸੀਅਤ ਜਨਮ ਲੈ ਕੇ ਸੰਸਾਰ ਨੂੰ ਏਕਤਾ ਦਾ ਸੁਨੇਹਾ ਦੇ ਆਉਂਦੀ ਹੈ। ਗੁਰੂ ਰਾਮਦਾਸ ਜੀ ਦੇ ਜਨਮ ਤੋਂ ਪਹਿਲਾਂ ਉੱਤਰੀ ਭਾਰਤ ਵਿਚ ਅਜੀਬ ਕਿਸਮ ਦਾ ਅਤਿਆਚਾਰ ਹੋ ਰਿਹਾ ਸੀ। ਇਸ ਜ਼ੁਲਮ ਦੇ ਵਿਰੁੱਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ। ਬਾਕੀ ਗੁਰੂਆਂ ਨੇ ਇਸ ਸੋਚ 'ਤੇ ਪਹਿਰਾ ਦਿੱਤਾ। ਨਿਮ੍ਰਤਾ, ਸੇਵਾ, ਸਾਂਝੀਵਾਲਤਾ ਤੇ ਮਿੱਠਤ ਵਰਗੀਆਂ ਸਦੀਵੀ ਸੱਚਾਈਆਂ ਨੂੰ ਪ੍ਰਪੱਕ ਕੀਤਾ। ਗੁਰੂ ਅਮਰਦਾਸ ਜੀ ਨੇ ਇਹ ਜਾਣ ਲਿਆ ਸੀ ਕਿ ਗੁਰੂ ਰਾਮਦਾਸ ਜੀ ਅਜਿਹੀਆਂ ਹਕੀਕਤਾਂ ਵਿਚ ਪ੍ਰਪੱਕ ਹਨ। ਸਹਿਣਸ਼ੀਲਤਾ, ਖਿਮਾਂ ਦਾ ਆਦਰਸ਼ ਉਹਨਾਂ ਦੇ ਹਿਰਦੇ ਵਿਚ ਸਮਾਅ ਚੁੱਕਾ ਸੀ। ਨਾਮ ਸਿਮਰ ਕੇ ਅਤੇ ਸੇਵਾ ਕਰਕੇ ਗੁਰੂ ਰਾਮਦਾਸ ਜੀ ਗੁਰਗੱਦੀ ਦੇ ਹੱਕਦਾਰ ਬਣ ਗਏ। ਏਨਾ ਕੁਝ ਹੋਣ ਕੇ ਬਾਵਜੂਦ ਵੀ ਆਪ ਜੀ ਨੇ ਪਰਮਾਤਮਾ ਦਾ ਸ਼ੁਕਰ ਕਰਦਿਆਂ ਏਹੀ ਆਖਿਆ ਹੈ ਕਿ:

> ਮੈਂ ਤਾਂ ਇਕ ਨਿਮਾਣਾ ਸੇਵਾਦਾਰ ਹਾਂ। ਮੇਰੇ ਵਿਚ ਕੋਈ ਵੀ ਗੁਣ ਨਹੀਂ ਹੈ। ਇਹ ਤਾਂ ਗੁਰੂ ਦੀ ਹੀ ਕਿਰਪਾ ਹੈ ਮੈਨੂੰ ਰੁਲਦੇ-ਫਿਰਦੇ ਨੂੰ ਪਿਆਰ ਗਲਵਕੜੀ ਵਿਚ ਲਿਆ ਹੈ।

ਨਿਮਰਤਾ ਦੀ ਅਸਲੀ ਤਸਵੀਰ ਪੇਸ਼ ਕਰਦਿਆਂ ਚੌਥੇ ਪਾਤਸ਼ਾਹ ਜੀ ਨੇ ਫ਼ੁਰਮਾਇਆ ਹੈ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

(ਪੰਨਾ ੧੬੭)

ਗੂਜਰੀ ਰਾਗ ਵਿਚ ਨਿਮਰਤਾ ਦੀ ਪ੍ਰੋੜ੍ਹਤਾ ਕੀਤੀ ਹੈ:

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥

(ਪੰਨਾ ੪੯੨)

ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਕਿਹਾ ਹੈ ਉਹ ਕਰਕੇ ਦੱਸਿਆ ਹੈ, ਉਸ ਨੂੰ ਅਮਲੀ ਜਾਮਾ ਪਹਿਨਾਇਆ ਹੈ। ਇਤਿਹਾਸ ਗਵਾਹ ਹੈ ਕਿ ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਰਾਮਦਾਸ ਜੀ ਪਾਸ ਗਏ। ਬਾਬਾ ਜੀ ਨੇ ਤਰਕ ਕਰਦਿਆਂ ਆਖਿਆ, "ਇਹ ਦਾਹੜਾ ਕਿਸ ਲਈ ਇਤਨਾ ਵਧਾਇਆ ਹੋਇਆ ਹੈ?"

ਸ੍ਰੀ ਗੁਰੂ ਰਾਮਦਾਸ ਜੀ ਨੇ ਅੱਗੋਂ ਨਿਮਰਤਾ ਨਾਲ ਉੱਤਰ ਦਿੱਤਾ, "ਆਪ ਵਰਗੇ ਗੁਰਮੁਖਾਂ ਦੇ ਚਰਨ ਝਾੜਨ ਲਈ ਵਧਾਇਆ ਹੋਇਆ ਹੈ।"

ਚਰਨ ਗਹੇ ਕਰਿ ਪ੍ਰੇਮ ਸੋਂ ਪੋਛਹਿਂ ਬਾਰੰ ਬਾਰ॥
ਇਸ ਹੀ ਹੇਤੁ ਵਧਾਤਿ ਭੇ, ਸੁਨੀਏ ਗੁਰ ਸੁਤ ਦਾਰ॥੨੮॥

(ਰਾਸਿ ੨, ਅੰਸ ੧੪)

ਦੁਨੀਆਂ ਦੇ ਇਤਿਹਾਸ ਵਿਚ ਸ਼ਾਇਦ ਹੀ ਨਿਮਰਤਾ ਦੀ ਅਜਿਹੀ ਮਿਸਾਲ ਹੋਵੇ। ਬਾਬਾ ਸ੍ਰੀ ਚੰਦ ਜੀ ਨੇ ਨਿਮਰਤਾ ਦੀ ਦਾਦ ਦੇਂਦਿਆਂ ਆਖਿਆ, "ਆਪ ਧੰਨ ਹੋ! ਵਾਕਿਆ ਹੀ ਤੁਸੀਂ

SikhBookClub.com

ਗੁਰਗੱਦੀ ਦੇ ਹੱਕਦਾਰ ਹੋ। ਨਿਮਰਤਾ ਨਾਲ ਹੀ ਤੁਸਾਂ ਸਭ ਕੁਝ ਹਾਸਲ ਕੀਤਾ ਹੈ।" ਸੂਰਜ ਪ੍ਰਕਾਸ਼ ਵਿਚ ਜ਼ਿਕਰ ਹੈ:

ਤੁਮਰੀ ਮਹਿਮਾ ਅਧਿਕ ਹੈ, ਕਹੀਏ ਕਾਹਿ ਬਨਾਇ।
ਤੁਮਰੇ ਸਰ ਮੈਂ ਜੋ ਮਜਹਿ, ਪਾਪੀ ਭੀ ਗਤਿ ਪਾਇ॥੮੦॥ *(ਰਾਸਿ ੨, ਅੰਸ ੧੪)*

ਰਾਗ ਗੂਜਰੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਨਿਮਰਤਾ ਦੀ ਹੋਰ ਮਿਸਾਲ ਦੇਂਦਿਆਂ ਆਖਿਆ, "ਮੈਂ ਤਾਂ ਨਾਮ ਸਿਮਰਨ ਵਾਲੇ ਗੁਰਸਿੱਖਾਂ ਦੀ ਚਰਨਧੂੜ ਅਤੇ ਗੋਲਾ ਹਾਂ।"

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥੧॥
ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ॥
ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ॥
(ਪੰਨਾ ੪੯੩)

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚ ਨਿਮਰਤਾ ਦੀਆਂ ਉਦਾਹਰਣਾਂ ਬਹੁਤ ਮਿਲਦੀਆਂ ਹਨ। ਸਹਿਨਸ਼ੀਲਤਾ ਤੇ ਨਿਮਰਤਾ ਜਿਹੇ ਗੁਣਾਂ ਦੇ ਸਾਧਕ ਹੋਣ ਦੇ ਨਾਤੇ ਹੀ ਲੋਕ ਰਿਸ਼ਤਿਆਂ ਤੋਂ ਉੱਪਰ ਉਠ ਕੇ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨ ਕੇ ਸੇਵਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਗੁਰਿਆਈ ਦੀ ਪ੍ਰੀਖਿਆ ਲਈ, ਪਹਿਲੇ ਗੁਰੂਆਂ ਵਾਂਗ ਸੇਵਾ, ਸਿਮਰਨ ਤੇ ਨਿਮਰਤਾ ਨੂੰ ਪਹਿਲ ਦਿੱਤੀ।

ਗੁਰੂ ਜੀ ਨੇ ਦੇਖਿਆ ਪੁੱਤਰਾਂ ਵਿਚ ਸੇਵਾ ਤੇ ਨਿਮਰਤਾ ਦੀ ਘਾਟ ਹੈ। ਪਾਰਖੂ ਅੱਖ ਨੇ ਚੰਗੀ ਤਰ੍ਹਾਂ ਪਰਖਿਆ ਇਹਨਾਂ ਪੁੱਤਰਾਂ ਵਿਚ ਉਪਰੋਕਤ ਸਦੀਵੀ ਗੁਣਾਂ ਦੀ ਘਾਟ ਹੈ, ਪਰ ਸ੍ਰੀ ਗੁਰੂ ਰਾਮਦਾਸ ਜੀ ਇਹ ਸਾਰੇ ਗੁਣਾਂ ਨਾਲ ਭਰਪੂਰ ਸਨ। ਥੜੇ ਦੀ ਪ੍ਰੀਖਿਆ ਦਾ ਤਿੰਨ ਦਿਨ ਤਕ ਕੰਮ ਚਲਦਾ ਰਿਹਾ। ਭਾਈ ਰਾਮਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਜਵਾਈ ਨੇ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ:

ਮਤ ਚਲੇ ਜੇ ਬੁੱਢਾ ਹੋਇ

ਤੁਹਾਡੀ ਮਤ ਅਨੁਸਾਰ ਮੈਂ ਥੜਾ ਨਹੀਂ ਬਣਾ ਸਕਦਾ। ਤੁਸੀਂ ਬਿਰਧ ਹੋ, ਇਸ ਲਈ ਤੁਹਾਡੇ ਵਸ ਦਾ ਰੋਗ ਨਹੀਂ ਹੈ:

ਆਪ ਕਹਹੁ ਜਿਮਿ ਬਿਸਰੈ ਫੇਰ।
ਇਸ ਮਹਿੰ ਦੋਸ਼ ਅਹੈ ਕਜਾ ਮੋਰ॥੪੩॥

(ਸੂਰਜ ਪ੍ਰਕਾਸ਼, ਰਾਸਿ ੧, ਅੰਸੂ ੫੮)

ਤਸਵੀਰ ਦੇ ਦੂਸਰੇ ਪਾਸੇ ਨਿਮਰਤਾ ਦੀ ਸਾਕਾਰ ਮੂਰਤ ਗੁਰੂ ਰਾਮਦਾਸ ਜੀ ਨੇ ਇਹ ਕਿਹਾ ਕਿ:

ਹੇ ਪਾਤਸ਼ਾਹ! ਮੈਂ ਅਨਜਾਣ ਹਾਂ, ਅਲਪਗ ਜੀਵ ਹਾਂ, ਮੇਰੇ 'ਤੇ ਕਿਰਪਾ ਕਰੋ, ਮੈਨੂੰ ਬੁੱਧੀ ਬਖ਼ਸ਼ੋ ਕਿ ਮੈਂ ਆਪ ਜੀ ਦੀ ਮਤ ਅਨੁਸਾਰ ਥੜਾ ਬਣਾ ਸਕਾਂ। ਤੀਜੇ ਦਿਨ ਵੀ ਥੜਾ ਬਣਾਉਣ ਤੋਂ ਸੰਕੋਚ ਨਹੀਂ ਕੀਤਾ।

ਨਿਮਰਤਾ ਦਾ ਪ੍ਰਗਟਾ ਕਰਦਿਆਂ ਗਉੜੀ ਰਾਗ ਵਿਚ ਆਪ ਜੀ ਦਾ ਕਥਨ ਹੈ:

SikhBookClub.com

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ॥
ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ॥

(ਪੰਨਾ ੧੬੭)

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਉਸ ਸਮੇਂ ਦਾ ਚਿਤਰਨ ਹੋਰ ਵੀ ਸੁੰਦਰ ਚਿਤਰਿਆ ਹੈ:

ਨੀਕੀ ਰੀਤ ਭਾਖਿ ਸਮਝਾਵਉ।
ਮੈਂ ਮਤਿ ਮੰਦ ਅਭਾਗ ਬਿਚਾਰਾ।
ਜਾਨਹੋ ਸਕ ਨਹਿੰ ਕਹਜੋ ਤੁਮਾਰਾ। *(ਸੂਰਜ ਪ੍ਰਕਾਸ਼, ਰਾਸਿ ੧, ਅੰਸੁ ੫੮)*

ਨਿਮਰਤਾ, ਸੇਵਾ ਤੇ ਸਿਮਰਨ ਦੀ ਕਦਰ ਨੂੰ ਬਰਕਰਾਰ ਰੱਖਦਿਆਂ ਗੁਰੂ ਜੀ ਨੂੰ ਗੁਰਿਆਈ ਮਿਲੀ। ਆਪ ਜੀ ਨੇ ਵੀ ਏਸੇ ਸਿਧਾਂਤ ਨੂੰ ਲਾਗੂ ਕੀਤਾ, ਪਰ ਉਹਨਾਂ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਨੂੰ ਇਹ ਗੱਲ ਚੰਗੀ ਨਾ ਲੱਗੀ। ਗੁਰਗੱਦੀ ਲਈ ਝਗੜਾ ਖੜਾ ਕੀਤਾ। ਈਰਖਾ ਦਾ ਭਾਂਬੜ ਮਚਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਈਰਖਾ ਤੇ ਸਾੜੇ ਨੂੰ ਮੱਠਾ ਕਰਨ ਲੱਈ ਨਿਮਰਤਾ ਦਾ ਉਪਦੇਸ਼ ਦਿੱਤਾ। ਗੁਰੂ-ਪਿਤਾ ਨੇ ਪਿਆਰ ਨਾਲ ਆਖਿਆ:

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥

(ਪੰਨਾ ੧੨੦੦)

ਭੱਟ ਕਲਸਹਾਰ ਨੇ ਸ੍ਰੀ ਗੁਰੂ ਰਾਮਦਾਸ ਜੀ ਪਰਥਾਏ ਆਖਿਆ ਹੈ ਕਿ:

"ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਅਨੁਸਾਰ ਸੰਸਾਰ ਦੀ ਸੇਵਾ ਕਰਕੇ ਨਿਮਰਤਾ ਦਾ ਪੂਰਨਾ ਪਾ ਕੇ ਪਰਮ ਪਦ ਦੀ ਪ੍ਰਾਪਤੀ ਕੀਤੀ ਹੈ। ਹੁਣ ਜਿਹੜਾ ਵੀ ਪ੍ਰਾਣੀ, ਸ੍ਰੀ ਗੁਰੂ ਰਾਮਦਾਸ ਜੀ ਦਾ ਚਿਤਵਨ ਕਰੇਗਾ, ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲੇਗਾ ਉਹ ਪ੍ਰਾਣੀ ਉੱਦਮੀ ਹੋਏਗਾ। ਉਸ ਦੇ ਨੇੜੇ ਆਲਸ ਨਹੀਂ ਆਏਗਾ।"

ਸਤਿਗੁਰੁ ਸੇਵਿ ਪਰਮ ਪਦੁ ਪਾਯਉ॥
ਅਬਿਨਾਸੀ ਅਬਿਗਤੁ ਧਿਆਯਉ॥
ਤਿਸੁ ਭੇਟੇ ਦਾਰਿਦੁ ਨ ਚੰਪੈ॥
ਕਲੁ ਸਹਾਰੁ ਤਾਸੁ ਗੁਣ ਜੰਪੈ॥ *(ਪੰਨਾ ੧੩੯੬)*

ਆਓ! ਸ੍ਰੀ ਗੁਰੂ ਰਾਮਦਾਸ ਜੀ ਦਾ ਨਿਮਰਤਾ ਦਾ ਪਾਇਆ ਹੋਇਆ ਪੂਰਨਾ ਸਾਕਾਰ ਕਰੀਏ। ਨਿਮਰਤਾ ਨੂੰ ਗ੍ਰਹਿਣ ਕਰਕੇ ਸਮੁੱਚੇ ਸੰਸਾਰ ਨੂੰ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਸੁਨੇਹਾ ਦੇਈਏ:

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥

(ਪੰਨਾ ੧੪੦੬)

(10/1987)

SikhBookClub.com

ਪੀਉ ਦਾਦੇ ਜੇਵੇਹਾ ਪੜਦਾਦੇ ਪਰਵਾਨੁ ਪੜੋਤਾ

ਭਾਈ ਗੁਰਦਾਸ ਜੀ ਆਪਣੀ ਚੌਵੀਵੀਂ ਵਾਰ ਦੀ ਪੰਦਰ੍ਹਵੀਂ ਪਉੜੀ ਵਿਚ ਗੁਰ-ਬੰਸਾਵਲੀ ਦਾ ਵਰਣਨ ਉਪਰੋਕਤ ਤੁਕ ਵਿਚ ਬਖ਼ੂਬੀ ਕਰਦੇ ਹਨ। ਪੜਦਾਦੇ ਸ੍ਰੀ ਗੁਰੂ ਨਾਨਕ ਦੇਵ ਜੀ, ਦਾਦਾ ਸ੍ਰੀ ਗੁਰੂ ਅੰਗਦ ਦੇਵ ਜੀ, ਪਿਉ ਸ੍ਰੀ ਗੁਰੂ ਅਮਰਦਾਸ ਜੀ ਅਤੇ ਪੜਪੋਤੇ ਸ੍ਰੀ ਗੁਰੂ ਰਾਮਦਾਸ ਜੀ ਹਨ। ਸੰਸਾਰਕ ਪੱਧਰ 'ਤੇ ਗੁਰੂ ਸਾਹਿਬਾਨ ਵਿਚਕਾਰ ਪਿਉ, ਪੁੱਤਰ, ਦਾਦੇ ਅਤੇ ਪੜਦਾਦੇ ਵਾਲੇ ਰਿਸ਼ਤੇ ਨਹੀਂ ਹਨ। ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕੁੜਮ ਦੇ ਭਰਾ ਹਨ, ਸ੍ਰੀ ਗੁਰੂ ਰਾਮਦਾਸ ਜੀ ਗੁਰੂ ਅਮਰਦਾਸ ਜੀ ਦੇ ਜਵਾਈ। ਭਾਈ ਗੁਰਦਾਸ ਜੀ ਜਿਸ ਰਿਸ਼ਤੇ ਦੀ ਗੱਲ ਕਰਦੇ ਹਨ ਉਹ ਹੈ ਅਧਿਆਤਮਕ ਰਿਸ਼ਤਾ। ਗੁਰੂ ਅਤੇ ਸਿੱਖ ਦਾ ਰਿਸ਼ਤਾ ਸੰਸਾਰਕ ਪੱਧਰ 'ਤੇ ਭਾਵੇਂ ਕੋਈ ਵੀ ਹੋਵੇ ਪਰ ਮਹੱਤਤਾ ਅਧਿਆਤਮਕ ਰਿਸ਼ਤੇ ਦੀ ਹੀ ਹੈ।

ਇਸੇ ਰਿਸ਼ਤੇ ਨੂੰ ਹੋਰ ਸਪੱਸ਼ਟ ਕਰਦੇ ਹੋਏ ਭਾਈ ਗੁਰਦਾਸ ਜੀ ਚੌਵੀਵੀਂ ਵਾਰ ਦੀ ਚੌਦਵੀਂ ਪਉੜੀ ਵਿਚ ਲਿਖਦੇ ਹਨ:

ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।

ਭਾਵ ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਬਣੇ ਹਨ, ਜਿਵੇਂ ਜੋਤ ਤੋਂ ਜੋਤ ਜਗਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਰੂਪ ਪਲਟਿਆ। ਭਾਵੇਂ ਉਹਨਾਂ ਦੇ ਆਪਣੇ ਦੋ ਸਪੁੱਤਰ ਵੀ ਸਨ ਪਰ ਕਿਉਂਕਿ ਗੁਰਿਆਈ ਦਾ ਸਬੰਧ ਜੋਤ ਤੋਂ ਜੋਤ ਜਗਣ ਵਾਲੇ ਰਿਸ਼ਤੇ ਨਾਲ ਸੀ ਅਤੇ ਅਧਿਆਤਮਕ ਪੱਧਰ ਹੀ ਇਸ ਦੀ ਮੂਲ ਕਸਵੱਟੀ ਸੀ, ਇਸ ਲਈ ਗੁਰੂ ਜੀ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਛੱਡ ਕੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖ਼ਸ਼ੀ।

ਇਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਅਤੇ ਘਾਲਣਾ ਨੂੰ ਦੇਖਦੇ ਹੋਏ ਗੁਰਗੱਦੀ ਨਾਲ ਉਹਨਾਂ ਨੂੰ ਨਿਵਾਜਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਸੰਸਾਰਕ ਸਮਰਪਿਤ ਕਰ ਦਿੱਤਾ।

ਇਹੀ ਕਸਵੱਟੀ ਸੀ ਜਦੋਂ ਭਾਈ ਜੇਠਾ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੇ ਯੋਗ ਸਮਝਿਆ। ਸੰਸਾਰਕ ਪੱਧਰ 'ਤੇ ਜੇ ਰਿਸ਼ਤੇ ਦੀ ਗੱਲ ਕੀਤੀ ਜਾਵੇ ਤਾਂ ਜਵਾਈ ਆਮ ਤੌਰ 'ਤੇ ਸਹੁਰਿਆਂ ਅੱਗੇ ਤਿਲ ਭਰ ਵੀ ਨਹੀਂ ਝੁਕਦੇ। ਜਵਾਈ ਹੋਣ ਦਾ ਅਹਿਸਾਸ ਉਹਨਾਂ ਨੂੰ ਹੰਕਾਰ ਨਾਲ ਭਰ ਦਿੰਦਾ ਹੈ। ਪਰ ਭਾਈ ਜੇਠਾ ਜੀ ਨੇ ਆਪਣੇ ਆਪ ਨੂੰ ਜਵਾਈ ਸਮਝਿਆ ਹੀ ਨਹੀਂ। ਉਹਨਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਕ ਬਣ ਕੇ ਸੇਵਾ ਕੀਤੀ। ਇਕ ਸੱਚੇ ਗੁਰਸਿੱਖ ਵਾਂਗ ਉਹਨਾਂ ਨੇ ਆਪਣਾ ਆਪਾ ਗੁਰੂ ਦੀ ਸੇਵਾ ਵਿਚ ਲਾ ਦਿੱਤਾ।

SikhBookClub.com

ਗਯੰਦ ਭੱਟ ਲਿਖਦੇ ਹਨ:

ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ॥

(ਪੰਨਾ ੧੪੦੨)

ਹਿਰਦੇ ਵਿਚ ਪਰਤੀਤ ਆ ਗਈ ਤਾਂ ਉੱਚ ਪਦਵੀ ਪ੍ਰਾਪਤ ਹੋ ਗਈ। ਮਾਇਆ, ਮੋਹ, ਲੋਭ, ਲਾਲਚ, ਕਾਮ ਅਤੇ ਕਰੋਧ ਤਿਆਗ ਦਿੱਤੇ। ਅਜਿਹੀ ਸ਼ਖ਼ਸੀਅਤ ਬਣੀ ਭਾਈ ਜੇਠਾ ਜੀ ਦੀ। ਭਾਈ ਜੇਠਾ ਜੀ ਇਕ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਨ ਵਾਲੇ ਗਰੀਬ ਜਿਹੇ ਨੌਜੁਆਨ ਸਨ। ਘੁੰਗਣੀਆਂ ਵੇਚਣ ਦੇ ਨਾਲ ਨਾਲ ਗੁਰੂ ਦੀ ਸੰਗਤ ਵਿਚ ਨਿੱਤ ਆਉਣਾ ਤੇ ਸੇਵਾ ਕਰਨਾ ਉਹਨਾਂ ਦਾ ਕਰਮ ਸੀ। ਗੁਰੂ ਦੀ ਸੰਗਤ ਵਿਚ ਆ ਕੇ ਨਿਸ਼ਕਾਮ ਸੇਵਾ ਕਰਨ ਦਾ ਗੁਣ ਉਹਨਾਂ ਦੀ ਜ਼ਿੰਦਗੀ ਵਿਚ ਰਚ ਗਿਆ ਸੀ। ਗੁਰੂ ਦੀ ਸੰਗਤ ਦਾ ਅਸਰ ਪ੍ਰਤੱਖ ਸੀ। ਇਸੇ ਕਰਕੇ ਜਦੋਂ ਬੀਬੀ ਭਾਨੀ ਜੀ ਦੇ ਰਿਸ਼ਤੇ ਦੀ ਗੱਲ ਚੱਲੀ ਤਾਂ ਗੁਰੂ ਸਾਹਿਬ ਦਾ ਇਹ ਕਹਿਣਾ ਬੜਾ ਅਰਥ ਭਰਪੂਰ ਸੀ ਕਿ ਇਸ ਵਰਗਾ ਤਾਂ ਇਹੋ ਹੀ ਹੈ। ਇਹ ਉਚਾਰੀ ਹੋਈ ਗੱਲ ਕੋਈ ਸਾਧਾਰਨ ਫੈਸਲਾ ਨਹੀਂ ਸੀ ਅਤੇ ਨਾ ਹੀ ਭਾਈ ਜੇਠਾ ਜੀ ਉਸ ਵੇਲੇ ਕੋਈ ਸਾਧਾਰਨ ਨੌਜੁਆਨ ਸਨ।

ਗੁਰੂ ਅਮਰਦਾਸ ਜੀ ਦੇ ਸਾਹਮਣੇ ਭਾਈ ਜੇਠਾ ਜੀ ਦੀ ਨਿਮਰਤਾ, ਸੇਵਾ ਅਤੇ ਮਿਠਾਸ ਵਾਲੀ ਸ਼ਖ਼ਸੀਅਤ ਪ੍ਰਗਟ ਹੋ ਚੁੱਕੀ ਸੀ। ਪਾਰਸ ਦੀ ਛੋਹ ਨਾਲ ਕੱਚ ਕੰਚਨ ਬਣ ਗਿਆ ਸੀ। ਚੰਦਨ ਦੀ ਨੇੜਤਾ ਪਾ ਕੇ ਇਹ ਰੁੱਖ ਵੀ ਚੰਦਨ ਵਰਗਾ ਹੀ ਹੋ ਗਿਆ ਸੀ।

ਨਲ ਭੱਟ ਆਪਣੀ ਬਾਣੀ ਵਿਚ ਇਸ ਤਬਦੀਲੀ ਨੂੰ ਇਉਂ ਬਿਆਨ ਕਰਦੇ ਹਨ:

ਨਲ੍ ਕਵਿ ਪਾਰਸ ਪਰਸ ਕਚ ਕੰਚਨਾ ਹੁਇ
ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ॥
ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ
ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥

(ਪੰਨਾ ੧੩੯੯)

ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

(ਪੰਨਾ ੧੩੯੯)

ਸਮਰਥ ਗੁਰੂ ਨੇ ਸਿਰ 'ਤੇ ਹੱਥ ਰੱਖ ਦਿੱਤਾ। ਪਾਰਸ ਨੇ ਆਪਣੀ ਛੋਹ ਨਾਲ ਪਾਰਸ ਹੀ ਕਰ ਦਿੱਤਾ। ਕਾਮ ਕਰੋਧ ਵਰਗੇ ਦੈਂਤਾਂ ਦਾ ਨਾਸ਼ ਕਰ ਦਿੱਤਾ। ਹਰ ਤਰ੍ਹਾਂ ਨਾਲ ਜਦੋਂ ਭਾਈ ਜੇਠਾ ਜੀ ਨੂੰ ਯੋਗ ਸਮਝਿਆ ਤਾਂ ਪ੍ਰਸੰਨ ਹੋ ਗਏ। ਕਿਰਪਾ-ਦ੍ਰਿਸ਼ਟੀ ਹੋਈ ਤਾਂ ਆਪਣਾ ਤਖ਼ਤ ਉਹਨਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਕੇ ਸੌਂਪ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਹੀ ਆਪਣੇ ਪੁੱਤਰਾਂ ਨੂੰ ਇਸ ਦੇ ਯੋਗ ਨਹੀਂ ਸਮਝਿਆ। ਇਕ ਵਾਰ ਫਿਰ ਉਲਟੀ ਗੰਗਾ ਵਗੀ। ਗੁਰਸਿੱਖੀ ਪ੍ਰਧਾਨ ਰਹੀ। ਪਿਉ-ਪੁੱਤਰ ਦੇ ਸੰਸਾਰਕ ਰਿਸ਼ਤੇ ਦੀ ਅਹਿਮੀਅਤ ਅਧਿਆਤਮਕ ਰਿਸ਼ਤੇ ਵਿਚ ਰੁਕਾਵਟ ਨਹੀਂ ਬਣੀ। ਪੁੱਤਰ ਉਸ ਨੂੰ ਬਣਾਇਆ ਜੋ ਅਧਿਆਤਮਕ ਪੱਧਰ 'ਤੇ ਯੋਗ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੜਪੋਤੇ ਹੋਣ ਦਾ ਮਾਣ ਭਾਈ ਜੇਠਾ ਜੀ ਨੂੰ ਉਹਨਾਂ ਦੀ ਘਾਲਣਾ ਅਤੇ ਸੇਵਾ ਕਰਕੇ ਮਿਲਿਆ।

SikhBookClub.com

ਭੱਟ ਸਾਹਿਬਾਨ ਨੇ ਸਵੱਈਏ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਇਸ ਗੱਲ ਦਾ ਸਪੱਸ਼ਟ ਗਵਾਹੀ ਦਿੰਦੀਆਂ ਹਨ ਕਿ ਗੁਰਿਆਈ ਦੇਣ ਦੀ ਕਸਵੱਟੀ ਨਿਰੋਲ ਅਧਿਆਤਮਕ ਸੀ। ਸੰਸਾਰਕ ਰਿਸ਼ਤਿਆਂ ਨਾਲ ਇਸ ਗੱਲ ਦਾ ਕੋਈ ਵੀ ਸੰਬੰਧ ਨਹੀਂ ਸੀ। ਦੂਜੀ ਗੱਲ ਇਹ ਵੀ ਜ਼ਾਹਰ ਹੈ ਕਿ ਜੋਤ ਇਕੋ ਸੀ, ਬਸ ਕਾਇਆ ਪਲਟਦੀ ਸੀ। ਗੁਰੂ ਸਾਹਿਬਾਨ ਵਿਚਕਾਰ ਕਿਸੇ ਕਿਸਮ ਦੀ ਭਿੰਨਤਾ ਜਾਂ ਅੰਤਰ ਦੀ ਕੋਈ ਗੁੰਜਾਇਸ਼ ਨਹੀਂ ਸੀ।

ਤੀਜੀ ਗੱਲ ਇਹ ਵੀ ਸਪੱਸ਼ਟ ਹੈ ਕਿ ਕੋਈ ਵੀ ਗੁਰੂ-ਸ਼ਖ਼ਸੀਅਤ ਕੋਈ ਸਾਧਾਰਨ ਸ਼ਖ਼ਸੀਅਤ ਨਹੀਂ ਸੀ। ਗੁਰਿਆਈ ਦੀ ਬਖ਼ਸ਼ਿਸ਼ ਕਿਉਂਕਿ ਇਕ ਰੂਹਾਨੀ ਬਖ਼ਸ਼ਿਸ਼ ਸੀ, ਇਸ ਲਈ ਗੁਰੂ-ਸ਼ਖ਼ਸੀਅਤਾਂ ਵੀ ਰੂਹਾਨੀ ਸ਼ਖ਼ਸੀਅਤਾਂ ਸਨ।

ਉਪਰੋਕਤ ਤਿੰਨੇ ਗੱਲਾਂ ਭਾਈ ਜੇਠਾ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਬਣਨ ਦੀ ਪਵਿੱਤਰ ਕ੍ਰਿਆ ਵਿਚ ਜ਼ਾਹਰਾ ਤੌਰ 'ਤੇ ਮੌਜੂਦ ਹਨ।

(9/1993)

SikhBookClub.com

"ਰਾਮਦਾਸ ਸੋਢੀ ਤਿਲਕੁ ਦੀਆ....."

ਵਿਦਿਆ, ਕਲਾ, ਕਵਿਤਾ, ਸੰਗੀਤ ਤੇ ਸ਼ਿਲਪ ਦੇ ਪ੍ਰੇਮੀ ਅਤੇ ਨਿਮਰਤਾ, ਦਇਆ, ਪ੍ਰੇਮ, ਉਦਾਰਤਾ ਤੇ ਖਿਮਾ ਦੇ ਪ੍ਰਤੀਕ ਮਿੱਠ-ਬੋਲੜੇ ਗੁਰੂ ਰਾਮਦਾਸ ਜੀ ਦੇ ਸੰਬੰਧ ਵਿਚ ਭਾਈ ਗੁਰਦਾਸ ਜੀ ਨੇ ਲਿਖਿਆ:

ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।

(ਵਾਰ ੨੪/੧੫)

ਭਾਵ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਵਰਗਾ ਹੀ ਸਰੂਪ ਗੁਰੂ ਰਾਮਦਾਸ ਜੀ ਦਾ ਹੈ। ਭਾਈ ਸਾਹਿਬ ਆਪ ਜੀ ਨੂੰ 'ਦੀਨ ਦੁਨੀ ਦਾ ਥੰਮ' ਕਹਿ ਕੇ ਵਡਿਆਉਂਦੇ ਹਨ:

ਦੀਨ ਦੁਨੀ ਦਾ ਥੰਮੁ ਹੋਇ ਭਾਰੁ ਅਥਰਬਣ ਥੰਮਿ ਖਲੋਤਾ।

(ਵਾਰ ੨੪/੧੫)

ਅੱਗੇ ਚੱਲ ਕੇ ਭਾਈ ਗੁਰਦਾਸ ਜੀ ਲਿਖਦੇ ਹਨ:

ਘਰਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ।
ਆਸਾ ਵਿਚਿ ਨਿਰਾਸ ਹੁਇ ਜੋਗ ਜੋਗਤਿ ਜੋਗੀਸਰੁ ਜੋਗੀ।

(ਵਾਰ ੨੪/੧੬)

ਗੁਰੂ ਸਾਹਿਬ ਆਸਾ ਵਿਚ ਨਿਰਾਸ ਤੇ ਗ੍ਰਿਹਸਤ ਵਿਚ ਵਿਚਰਦੇ ਹੋਏ ਜੋਗੀ ਸਨ। ਭਾਈ ਨੰਦ ਲਾਲ ਜੀ ਨੇ ਆਪਣੀ ਪੁਸਤਕ 'ਤੌਸੀਫੋ ਸਨਾ' ਵਿਚ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਬੜਾ ਖ਼ੂਬਸੂਰਤ ਲਿਖਿਆ ਹੈ:

ਗੁਰੂ ਰਾਮਦਾਸ ਆਂ ਅਤਾਹਉਲ ਵਰਾ
ਜਹਾਂ ਬਾਨਿ ਅਕਲੀਮ ਸਿਦਕੋ ਸਫ਼ਾ।

ਭਾਵ—ਗੁਰੂ ਰਾਮਦਾਸ ਖਲਕਤ ਦਾ ਸਿਰਤਾਜ ਤੇ ਸਿਦਕ ਅਤੇ ਪਵਿੱਤਰਤਾ ਦਾ ਬਾਦਸ਼ਾਹ ਹੈ।

ਮਥਰਾ ਭੱਟ ਨੇ ਲਿਖਿਆ ਹੈ:

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

(ਪੰਨਾ ੧੩੮੯)

ਅੱਗੇ ਚਲ ਕੇ ਫੇਰ ਕਿਹਾ ਹੈ:

SikhBookClub.com

ਸੋਢੀ ਸ੍ਰਿਸ੍ਰਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥

(ਪੰਨਾ ੧੪੦੬)

ਇਕ ਹੋਰ ਥਾਂ 'ਤੇ ਕਿਹਾ ਹੈ:

ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥

(ਪੰਨਾ ੧੪੦੬)

ਆਪ ਜੀ ਬਾਰੇ ਭਾਈ ਮਨੀ ਸਿੰਘ ਜੀ ਨੇ 'ਭਗਤ ਰਤਨਾਵਲੀ' ਵਿਚ ਲਿਖਿਆ ਹੈ:

"ਸਤਿਗੁਰ ਜੋ ਹੈਨਿ ਸੁ ਸੱਚੇ ਪਾਤਿਸ਼ਾਹ ਹੈਨਿ, ਜਿਨ੍ਹਾਂ ਦੇ ਪਾਸ ਨਾਮ ਅਰ ਗਿਆਨ ਦਾ ਸੱਚਾ ਧਨ ਹੈ।"

ਐਸੇ ਸ੍ਰੀ ਗੁਰੂ ਰਾਮਾਦਾਸ ਜੀ ਦਾ ਪ੍ਰਕਾਸ਼ 24 ਸਤੰਬਰ 1534 ਨੂੰ ਚੂਨੀ ਮੰਡੀ ਲਾਹੌਰ ਵਿਚ ਸ੍ਰੀ ਹਰਿਦਾਸ ਜੀ ਦੇ ਘਰ ਮਾਤਾ ਦਯਾ ਕੌਰ ਜੀ ਦੀ ਕੁੱਖੋਂ ਹੋਇਆ। ਛੋਟੀ ਉਮਰ ਵਿਚ ਹੀ ਆਪ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਤੇ ਆਪ ਆਪਣੇ ਨਾਨਕੇ ਪਿੰਡ ਬਾਸਰਕੇ ਆ ਵਸੇ। ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼-ਅਸਥਾਨ ਹੈ। ਹੋ ਸਕਦਾ ਹੈ ਬਚਪਨ ਵਿਚ ਹੀ (ਗੁਰੂ) ਰਾਮਦਾਸ ਜਿਨ੍ਹਾਂ ਦਾ ਪਹਿਲਾ ਨਾਂ 'ਜੇਠਾ' ਸੀ, ਸ੍ਰੀ ਗੁਰੂ ਅਮਰਦਾਸ ਜੀ ਦੀ ਨਜ਼ਰੇ ਚੜ੍ਹ ਗਏ ਹੋਣ। ਯਤੀਮ ਜੇਠਾ ਨੂੰ ਵੇਖ ਕੇ ਸਾਕ ਸਬੰਧੀ ਤਾਂ ਸ਼ਾਇਦ ਉਨ੍ਹਾਂ ਉੱਤੇ ਤਰਸ ਕਰਦੇ ਹੋਣਗੇ ਜਾਂ ਉਨ੍ਹਾਂ ਨੂੰ ਆਪਣੇ ਉੱਤੇ ਭਾਰ ਸਮਝਦੇ ਹੋਣਗੇ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਇਸ ਨਿਆਸਰੇ ਬਾਲਕ ਦੇ ਸਿਰ ਉੱਤੇ ਚੌਰ ਝੁਲਣੇ ਹਨ। ਰਾਜਿਆਂ ਮਹਾਰਾਜਿਆਂ ਇਸ ਦੇ ਦਰ 'ਤੇ ਸਿਰ ਨਿਵਾਉਣੇ ਹਨ ਤੇ ਲੋਕਾਂ 'ਧੰਨ ਗੁਰੂ ਰਾਮਦਾਸ' ਆਖ ਕੇ ਆਪਣੇ ਅੰਦਰ ਦੀ ਤਪਸ ਮਿਟਾਉਣੀ ਹੈ। ਬਾਸਰਕੇ ਵਿਚ ਰਹਿੰਦਿਆਂ ਜਿਸ ਜੇਠਾ ਜੀ ਨੇ ਘੁੰਗਣੀਆਂ ਵੇਚੀਆਂ, ਅੱਜ ਉਸ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੇ ਲੰਗਰ ਵਿਚੋਂ ਲੱਖਾਂ ਪ੍ਰਾਣੀ ਰੋਜ਼ ਪ੍ਰਸ਼ਾਦਾ ਛੱਕਦੇ ਹਨ। ਇਹ ਉਹ 'ਗੁਰੂ ਕਾ ਲੰਗਰ' ਹੈ, ਜਿਥੇ ਰਾਜੇ ਤੇ ਰੰਕ ਵਿਚ ਕੋਈ ਅੰਤਰ ਨਹੀਂ, ਜਿਥੇ ਸਭ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ ਹਨ।

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਵਿਚ ਬਾਉਲੀ ਦੀ ਸੇਵਾ ਕਰਵਾ ਰਹੇ ਸਨ ਤਾਂ ਜੇਠਾ ਜੀ ਵੀ ਸੰਗਤ ਦੇ ਨਾਲ ਉਥੇ ਆ ਗਏ। ਉਥੇ ਉਹ ਕਾਫ਼ੀ ਸਮਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਦੀ ਨਿਗਰਾਨੀ ਵਿਚ ਸੇਵਾ ਕਰਦੇ ਰਹੇ। ਇਸ ਸਮੇਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਚੰਗੀ ਤਰ੍ਹਾਂ ਵੇਖਿਆ ਤੇ ਘੋਖਿਆ ਤੇ ਸਰਬ-ਗੁਣ ਸੰਪੂਰਨ ਵੇਖ ਕੇ ਆਪਣੀ ਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਜੇਠਾ ਜੀ ਨਾਲ ਕਰ ਦਿੱਤੀ। ਉਸ ਬੀਬੀ ਭਾਨੀ ਜੀ ਨਾਲ, ਜਿਸ ਨੂੰ ਗੁਰੂ-ਪੁੱਤਰੀ, ਗੁਰੂ-ਪਤਨੀ ਤੇ ਗੁਰੂ-ਮਾਤਾ ਅਤੇ ਗੁਰੂ-ਦਾਦੀ ਹੋਣ ਦਾ ਗੌਰਵ ਪ੍ਰਾਪਤ ਹੋਇਆ।

ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿਚ ਰਹਿ ਕੇ ਜੇਠਾ ਜੀ ਗੁਰਮਤਿ ਦੇ ਆਚਾਰੀਆ ਬਣ ਗਏ ਤੇ ਜਦੋਂ ਲੋੜ ਪਈ ਤਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਉਨ੍ਹਾਂ ਨੂੰ ਆਪਣਾ ਨੁਮਾਇੰਦਾ ਬਣਾ ਕੇ ਅਕਬਰ ਦੇ ਦਰਬਾਰ ਵਿਚ ਭੇਜਿਆ। ਉਥੇ ਉਨ੍ਹਾਂ ਨੇ ਆਪਣੀ ਉਜਲ ਬੁੱਧੀ ਤੇ ਦੀਦਾਰ ਦਾ ਵਿਸ਼ੇਸ਼ ਪ੍ਰਗਟਾਵਾ ਕੀਤਾ ਤੇ ਗੁਰਮਤਿ ਦੀ ਸੁਚੱਜੀ ਵਿਆਖਿਆ ਕਰਕੇ ਜਿਥੇ ਅਕਬਰ ਦੇ ਦਰਬਾਰੀਆਂ ਦੇ ਸ਼ੰਕੇ ਨਵਿਰਤ ਕੀਤੇ, ਉਥੇ ਨਿਮਾਣਿਆਂ ਦੇ ਮਾਣ ਸਤਿਗੁਰੂ ਦੀ ਪ੍ਰਸੰਸਾ ਵੀ ਪ੍ਰਾਪਤ ਕਰ ਲਈ। ਜਦ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਨੂੰ ਅਕਾਲ ਪੁਰਖ ਵੱਲੋਂ:

SikhBookClub.com

ਆਇਆ ਹਕਾਰਾ ਚਲਣਵਾਰਾ

(ਪੰਨਾ ੯੨੩)

ਆਖਰੀ ਸੱਦਾ ਆਇਆ ਤਾਂ ਪਾਤਸ਼ਾਹ ਨੇ ਉਸ ਹੁਕਮ ਨੂੰ ਭਾਣਾ ਮੰਨ ਕੇ ਪ੍ਰਵਾਨ ਕੀਤਾ:

ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥

(ਪੰਨਾ ੯੨੩)

ਅਤੇ ਆਪਣੇ ਸਿੱਖਾਂ, ਪੁੱਤਰਾਂ, ਭਰਾਵਾਂ ਤੇ ਹੋਰ ਸੰਬੰਧੀਆਂ ਨੂੰ ਗੋਇੰਦਵਾਲ ਸਾਹਿਬ ਵਿਚ ਇਕੱਤਰ ਕੀਤਾ ਤੇ ਫ਼ੁਰਮਾਇਆ ਕਿ ਮੇਰੇ ਸਿੱਖੋ, ਪੁੱਤਰੋ, ਭਰਾਵੋ, ਸਾਕ ਸੰਬੰਧੀਓ! ਮੇਰੇ ਅਕਾਲ ਪੁਰਖ ਨੂੰ ਇਹ ਭਾਉਂਦਾ ਹੈ ਕਿ ਮੈਂ ਹੁਣ ਉਸ ਦੇ ਚਰਨਾਂ ਵਿਚ ਜਾ ਸਮਾਵਾਂ:

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥

(ਪੰਨਾ ੯੨੩)

ਇਹ ਕਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਕਾਂ ਸੰਬੰਧੀਆਂ ਤੇ ਇਕੱਤਰ ਹੋਈ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ, ਜੋ ਕਿਹਾ ਉਸ ਦੀ ਗਵਾਹੀ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਜੋ ਉਸ ਸਮੇਂ ਉਥੇ ਮੌਜੂਦ ਸਨ, ਨੇ ਰਾਮਕਲੀ ਸਦੁ ਵਿਚ ਇਸ ਤਰ੍ਹਾਂ ਦਿੱਤੀ ਹੈ:

ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥

(ਪੰਨਾ ੯੨੩)

ਭਾਵ ਧੁਰੋਂ ਲਿਖਿਆ ਹੁਕਮ ਕਦੇ ਟਲ ਨਹੀਂ ਸਕਦਾ, ਸੋ ਸ੍ਰੀ ਗੁਰੂ (ਅਮਰਦਾਸ ਜੀ) ਅਕਾਲ ਪੁਰਖ ਦੇ ਕੋਲ ਜਾ ਰਹੇ ਹਨ:

ਇਸ ਤੋਂ ਪਹਿਲਾਂ ਕਿ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਆਪਣਾ ਸਰੀਰਕ ਚੋਲਾ ਛੱਡਦੇ, ਉਨ੍ਹਾਂ ਨੇ ਇਕੱਤਰ ਹੋਏ ਲੋਕਾਂ ਨੂੰ ਗੁਰੂ ਸਾਹਿਬ ਦੇ ਅਕਾਲ ਚਲਾਣਾ ਕਰਨ ਤੋਂ ਪਿਛੋਂ ਬੜੇ ਕਰੜੇ ਸ਼ਬਦਾਂ ਵਿਚ ਰੋਣ-ਪਿੱਟਣ ਤੋਂ ਵਰਜਿਆ। ਬਾਬਾ ਸੁੰਦਰ ਜੀ ਦਾ ਹੀ ਕਥਨ ਹੈ:

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

(ਪੰਨਾ ੯੨੩)

ਅਗਲੀ ਕਾਰਵਾਈ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਨੇ ਇਹ ਕੀਤੀ ਕਿ ਸਰੀਰਕ ਜਾਮੇ ਵਿਚ ਹੁੰਦਿਆਂ ਹੀ ਆਪ ਗੁਰਿਆਈ ਦੀ ਗੱਦੀ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਸੌਂਪ ਦਿੱਤੀ। ਫੇਰ ਆਪਣੇ ਸਾਰੇ ਸਿੱਖਾਂ, ਸਾਕਾਂ, ਪੁੱਤਰਾਂ ਤੇ ਭਰਾਵਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨੀਂ ਲਾ ਦਿੱਤਾ। ਬਾਬਾ ਸੁੰਦਰ ਜੀ ਦੀ ਅਕੱਟ ਗੁਆਹੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੨੩ 'ਤੇ ਇਸ ਤਰ੍ਹਾਂ ਦਰਜ ਹੈ:

ਸਤਿਗੁਰੁ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ, ਕਿ ਸਾਰੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗਣ ਤਾਂ ਗੁਰਸਿੱਖਾਂ ਨੇ ਹੁਕਮ ਮੰਨ ਲਿਆ ਤੇ ਸਭ ਤੋਂ ਪਹਿਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗ ਕੇ ਆਪਣੇ ਪਿਤਾ ਜੀ ਦੇ ਸਾਹਮਣੇ ਸੁਰਖਰੂ

SikhBookClub.com

ਹੋਏ। ਸ੍ਰੀ ਗੁਰੂ ਰਾਮਦਾਸ ਜੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਜੋਤ ਟਿਕਾ ਦਿੱਤੀ ਤੇ ਸਾਰੀ ਸੰਗਤ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗੀ। ਜੇ ਕੋਈ ਈਰਖਾ ਕਰਕੇ ਪਹਿਲੋਂ ਨਹੀਂ ਸੀ ਚਰਨੀਂ ਲੱਗਾ ਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਆਦੇਸ਼ 'ਤੇ ਆ ਲੱਗਾ। ਬਾਬਾ ਸੁੰਦਰ ਜੀ ਲਿਖਦੇ ਹਨ ਕਿ:

> "ਹੇ ਸੰਤੋ! ਸੁਣੋ, ਅਕਾਲ ਪੁਰਖ ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਹੋ ਹੀ ਭਾਇਆ। ਉਹਨਾਂ ਨੇ ਗੁਰੂ ਰਾਮਦਾਸ ਜੀ ਨੂੰ ਵਡਿਆਈ ਬਖ਼ਸ਼ੀ। ਧੁਰੋਂ ਅਕਾਲ ਪੁਰਖ ਦਾ ਇਹੋ ਹੀ ਹੁਕਮ ਲਿਖਿਆ ਆਇਆ ਸੀ, ਇਸ ਵਾਸਤੇ ਸਾਰਾ ਜਗਤ ਸ੍ਰੀ ਗੁਰੂ ਰਾਮਦਾਸ ਜੀ ਦੀ ਪੈਰੀਂ ਪਿਆ।"

'ਰਾਮਕਲੀ ਸਦ' ਦੀ ਅੰਤਲੀ ਪਉੜੀ ਸਾਡੀ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਹੈ:

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥੬॥੧॥

(ਪੰਨਾ ੯੨੪)

ਇਸ ਤਰ੍ਹਾਂ ਭਾਈ ਜੇਠਾ ਜੀ ਨੂੰ ਸ੍ਰੀ ਗੁਰੂ ਰਾਮਦਾਸ ਬਣਾ ਕੇ 'ਸਬਦ ਨੀਸਾਣ' (ਸ਼ਬਦ ਦੀ ਰਾਹਦਾਰੀ) ਦੇ ਕੇ ਪਹਿਲੀ ਸਤੰਬਰ 1574 ਨੂੰ ਗੋਇੰਦਵਾਲ ਸਾਹਿਬ ਵਿਚ ਗਰਗੱਦੀ ਸੌਂਪ ਦਿੱਤੀ ਗਈ।

ਬਾਬਾ ਸੁੰਦਰ ਜੀ ਨੇ ਹੀ ਲਿਖਿਆ ਹੈ:

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥

(ਪੰਨਾ ੯੨੩)

ਇਸ ਘਟਨਾ ਦੀ ਗੁਆਹੀ ਗੋਸਟਿ ਸ੍ਰੀ ਮਿਹਰਵਾਨ ਜੀ ਕੀ (ਕਿਰਤ ਹਰਿ ਜੀ) ਤੋਂ ਵੀ ਮਿਲਦੀ ਹੈ, ਜਿਥੇ ਲਿਖਿਆ ਹੈ:

> ਤਬ ਗੁਰੂ ਅੰਗਦ ਜੀ ਕੇ ਪੀਛੇ ਬਾਈ ਬਰਸ ਪੰਜ ਮਹੀਨੇ ਯਾਰਾਂ ਦਿਨ ਗੁਰੂ ਅਮਰਦਾਸ ਸੰਸਾਰ ਵਿਖੇ ਭਗਤਿ ਕਮਾਈ ਅਰ ਸ਼ਬਦ ਦੀ ਥਾਪਨਾ ਗੁਰੂ ਰਾਮਦਾਸ ਜੀ ਕਉ ਦੇ ਕਰਿ ਆਪ ਸੱਚੇ ਖੰਡ ਕੋ ਸਿਧਾਰੇ।
>
> *(ਸੰਖੇਪ ਸਿੱਖ ਇਤਿਹਾਸ, ਪੰਨਾ ੨੫, ਕ੍ਰਿਤ ਪ੍ਰੋ· ਪਿਆਰਾ ਸਿੰਘ ਪਦਮ)*

ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ। *(ਵਾਰ੧/੪੨)*

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਦਾ ਕਾਫ਼ੀ ਸਮਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਦਰਿਆ ਬਿਆਸ ਦੀ ਰਮਣੀਕ-ਇਕਾਂਤ ਵਿਚ ਗੁਜ਼ਾਰਿਆ ਸੀ। ਇਸ ਲਈ ਉਹਨਾਂ

SikhBookClub.com

ਦਾ ਹਿਰਦਾ ਬੜਾ ਕੋਮਲ, ਬੋਲ ਬੜੇ ਮਿੱਠੇ ਤੇ ਸ਼ਖ਼ਸੀਅਤ ਬੜੀ ਸੁਹਿਰਦ ਸੀ। ਆਪ ਕੋਮਲ ਹੁਨਰਾਂ ਦੇ ਦਿਲਦਾਦਾ ਸਨ। ਇਸ ਗੱਲ ਦੀ ਪ੍ਰਮਾਣੀਕ ਗੁਆਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਤੋਂ ਮਿਲ ਸਕਦੀ ਹੈ। ਆਪ ਨੇ ਪਹਿਲੇ ਤਿੰਨ ਗੁਰੂਆਂ ਤੇ ਭਗਤਾਂ ਦੀ ਬਾਣੀ ਵਿਚ ਵਰਤੇ ਗਏ ਰਾਗਾਂ ਤੋਂ ਛੁੱਟ, ਨਵੇਂ ਰਾਗਾਂ ਵਿਚ ਵੀ ਬਾਣੀ ਰਚੀ। ਆਪ ਨੂੰ ਰਾਗ ਸਬੰਧੀ ਉਚੇਰੀ ਸੂਝ ਸੀ। ਆਪ ਦੀ ਬਾਣੀ ਵਿਚ ਵੈਰਾਗ ਤੇ ਪ੍ਰੇਮ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਹਨ:

ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥
ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥
ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥
ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥੩॥

(ਪੰਨਾ ੪੫੨)

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥
ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ॥
ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥੩॥

(ਪੰਨਾ ੪੪੯)

ਆਪ ਪ੍ਰੀਤਮ ਪ੍ਰਭੂ ਦੀ ਬੇਅੰਤਤਾ ਤੇ ਜੀਵ ਦੀ ਤੁਛਤਾ ਦਾ ਅੰਤਰ ਦੱਸਦੇ ਹੋਏ ਕਹਿੰਦੇ ਹਨ:

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥

(ਪੰਨਾ ੧੦)

ਬਾਦਸ਼ਾਹਾਂ ਦੀ ਅਮੀਰੀ ਤੇ ਸ਼ਕਤੀ ਗੁਰੂ ਸਾਹਿਬ ਦੀ ਨਜ਼ਰ ਵਿਚ ਬਿਲਕੁਲ ਹੇਚ ਸੀ। ਉਹ ਕਹਿੰਦੇ ਹਨ ਕਿ ਅਮੀਰ ਉੱਚੀ ਜ਼ਾਤਿ ਵਾਲੇ, ਜ਼ਮੀਨਾਂ ਆਦਿ ਵਾਲੇ ਭੀ ਕਸੁੰਭੇ ਦੇ ਕੱਚੇ ਰੰਗ ਵਾਂਗ ਖ਼ਤਮ ਹੋ ਜਾਣਗੇ:

ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥

(ਪੰਨਾ ੮੬੧)

ਗੁਰੂ ਸਾਹਿਬ ਦੇ ਦ੍ਰਿਸ਼ਟੀਕੋਣ ਬਾਰੇ ਡਾਕਟਰ ਗੋਕਲ ਚੰਦ ਨਾਰੰਗ 'ਸਿੱਖ ਮਤ ਦਾ ਪ੍ਰੀਵਰਤਨ' ਪੁਸਤਕ ਵਿਚ ਲਿਖਦਾ ਹੈ:

> ਗੁਰੂ ਸਾਹਿਬ ਨੇ ਰਜਵਾੜਿਆਂ ਦੀ ਮਿੱਤ੍ਰਤਾ ਪ੍ਰਾਪਤ ਕਰਨ ਦਾ ਕਦੀ ਜਤਨ ਨਹੀਂ ਕੀਤਾ ਤੇ ਨਾ ਹੀ ਉਨ੍ਹਾਂ ਨੇ ਬਾਦਸ਼ਾਹਾਂ ਦੀ ਸਰਪ੍ਰਸਤੀ ਮੰਗੀ। ਉਨ੍ਹਾਂ ਦੇ ਸਰਬ ਸਾਂਝੇ ਅਸੂਲ ਉੱਚ-ਨੀਚ, ਗਰੀਬ-ਅਮੀਰ ਸਭ ਨੂੰ ਖਿੱਚ ਪਾਉਂਦੇ ਸਨ ਤੇ ਉਨ੍ਹਾਂ ਦੇ ਧਰਮ ਦੇ ਦਰਵਾਜ਼ੇ ਸਭ ਦੀਨ ਦੁਖੀਆਂ ਤੇ ਦਲਿਤ ਲੋਕਾਂ ਲਈ ਖੁਲ੍ਹੇ ਸਨ।
>
> ਉਨ੍ਹਾਂ ਨੇ ਦਿਖਾਵੇ ਦੀ ਭਜਨ-ਬੰਦਗੀ ਕਰਨ ਵਾਲਿਆਂ ਨੂੰ ਵੀ ਤਗੜੇ ਹੱਥੀਂ ਲਿਆ। ਫ਼ੁਰਮਾਨ ਹੈ:

SikhBookClub.com

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥

(ਪੰਨਾ ੭੩੪)

ਉਨ੍ਹਾਂ ਦੀ ਸਮੁੱਚੀ ਰਚਨਾ ਕੇਵਲ ਸਹਜ ਸਵਾਦ ਹੀ ਨਹੀਂ ਦੇਂਦੀ, ਸਗੋਂ ਜੀਵਨ ਦੇ ਡੂੰਘੇ ਮਰਮ ਸਮਝਾਉਂਦੀ ਹੈ। ਉਨ੍ਹਾਂ ਦੀ ਰਚਨਾ ਆਪ-ਮੁਹਾਰੇ ਵਗਦੇ ਸੀਤਲ ਚਸ਼ਮੇ ਦੀ ਤਰ੍ਹਾਂ ਹੈ, ਜਿਸ ਨੂੰ ਮਾਣਿਆਂ ਅੰਦਰ ਠੰਢ ਪੈਂਦੀ ਹੈ, ਅੰਮ੍ਰਿਤ ਝਰਦਾ ਹੈ, ਸ਼ਾਂਤੀ ਆਉਂਦੀ ਹੈ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਇਕ ਮਹਾਨ ਤੇ ਕਾਫ਼ੀ ਵੱਡਾ ਭਾਗ ਹੈ, ਜੋ ਪੱਧਰ, ਰੂਪ ਤੇ ਵੰਨਗੀ ਆਦਿ ਦੇ ਪੱਖੋਂ ਬੜੀ ਮਹਾਨ ਹੈ। ਵਿਛੋੜਾ, ਵੈਰਾਗ ਤੇ ਮਿਲਣ ਦੀ ਤਾਂਘ ਆਪ ਜੀ ਦੀ ਬਾਣੀ ਦੇ ਮੁੱਖ ਵਿਸ਼ੇ ਹਨ। 'ਮੈਂ ਨੀਰ ਵਹੇ ਵਹਿ ਚਲੇ ਜੀਉ', 'ਅੰਮ੍ਰਿਤ ਭਿੰਨੇ ਲੋਇਣਾ', 'ਮੇਰਾ ਮਨੁ ਤਨੁ ਵਿਧਾ', 'ਅਣੀਆਲੇ ਅਣੀਆ ਰਾਮ ਰਾਜੇ', 'ਗੁਰਮੁਖਿ ਰੰਗ ਚਲੂਲਿਆ', 'ਜਨ ਨਾਨਕੁ ਮੁਸਕਿ ਝਕੋਲਿਆ', 'ਗੁਰ ਅੰਮ੍ਰਿਤੁ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ, 'ਮੈਂ ਚਿਰੀ ਵਿਛੁੰਨੇ ਰਾਮ ਰਾਜੇ', 'ਹਰਿ ਸਜਣੁ ਲਧਾ ਰਾਮ ਰਾਜੇ' ਆਦਿ ਬੋਲਾਂ ਵਿਚ ਕੋਈ ਅਗੰਮੀ ਰਸ ਤੇ ਸੁਆਦ ਹੈ। ਆਪ ਨੇ ਅਪਾਰ ਕੋਮਲਤਾ, ਸੂਖਮਤਾ ਤੇ ਸੁਚੱਜਤਾ ਨਾਲ ਰਾਗ ਤੇ ਕਵਿਤਾ ਦਾ ਸੁਮੇਲ ਕੀਤਾ ਹੈ। ਆਪ ਜੀ ਦੀ ਸੁੱਚੀ ਬਾਣੀ ਆਪ ਦੇ ਜੀਵਨ ਵਾਂਗ ਹੀ ਰੱਬੀ-ਪ੍ਰੀਤ ਵਿਚ ਰੰਗੀ ਹੋਈ ਹੈ। ਕਿੰਨੀ ਸਿੱਕ ਤੇ ਕਿੰਨੀ ਬਿਹਬਲਤਾ ਹੈ ਗੁਰੂ ਮਿਲਾਪ ਲਈ, ਹੇਠਲੀਆਂ ਤੁਕਾਂ ਵਿਚ:

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ਰਹਾਉ॥

(ਪੰਨਾ ੭੫੭)

ਬਾਣੀ-ਰਚਨਾ ਤੋਂ ਛੁੱਟ ਆਪ ਨੇ ਇਕ ਮਹੱਤਵਪੂਰਨ ਕੰਮ ਅੰਮ੍ਰਿਤਸਰ ਦੀ ਉਸਾਰੀ ਦਾ ਕੀਤਾ। 1577 ਵਿਚ ਅੰਮ੍ਰਿਤਸਰ ਤੇ ਸੰਤੋਖਸਰ ਦੀ ਖੁਦਾਈ ਦਾ ਕੰਮ ਸ਼ੁਰੂ ਹੋ ਗਿਆ ਤੇ ਗੁਰੂ ਸਾਹਿਬ ਆਪ ਪੱਕੇ ਤੌਰ 'ਤੇ ਏਥੇ ਹੀ ਆ ਵੱਸੇ। ਹੌਲੀ ਹੌਲੀ ਏਥੇ ਇਕ ਛੋਟਾ ਜਿਹਾ ਸ਼ਹਿਰ ਆਬਾਦ ਹੋ ਗਿਆ, ਜਿਸ ਦਾ ਨਾਂ 'ਚੱਕ ਗੁਰੂ' ਜਾਂ 'ਰਾਮਦਾਸ ਪੁਰ' ਪੈ ਗਿਆ। ਗੁਰੂ ਸਾਹਿਬ ਨੇ ਇਸ ਸ਼ਹਿਰ ਨੂੰ ਹਰ ਪੱਖੋਂ ਸੰਪੂਰਨ ਬਣਾਉਣ ਲਈ ਏਥੇ ਕਈ ਇਕ ਕਿੱਤਿਆਂ ਦੇ ਕਾਰਗੀਰਾਂ ਨੂੰ ਵਸਾਇਆ, ਇਸ ਦਾ ਪ੍ਰਤੱਖ ਪ੍ਰਮਾਣ ਅੱਡ ਅੱਡ ਇਲਾਕਿਆਂ ਦੇ ਨਾਵਾਂ ਤੋਂ ਮਿਲਦਾ ਹੈ। ਜੋ ਥਾਂ ਸਭ ਤੋਂ ਪਹਿਲਾਂ ਆਬਾਦ ਹੋਈ, ਉਸ ਦਾ ਨਾਂ 'ਗੁਰੂ ਕਾ ਬਾਜ਼ਾਰ' ਪੈ ਗਿਆ। ਫੇਰ ਕਟੜਾ ਜ਼ਰਗਰਾਂ, ਬਾਜ਼ਾਰ ਮੋਚੀਆਂ, ਬਾਜ਼ਾਰ ਕਸੇਰਿਆਂ, ਗੁੜ ਮੰਡੀ, ਘਿਓ ਮੰਡੀ, ਦਾਲ ਮੰਡੀ, ਲੂਣ ਮੰਡੀ, ਚੌਲ ਮੰਡੀ, ਘਾਹ ਮੰਡੀ, ਲੱਕੜ ਮੰਡੀ, ਆਟਾ ਮੰਡੀ, ਸਵਾਂਕ ਮੰਡੀ ਆਦਿ ਇਲਾਕੇ ਕਿੱਤਿਆਂ ਤੇ ਕਸਬਾਂ ਦੇ ਕਰਨ ਵਾਲਿਆਂ ਦੇ ਨਾਵਾਂ 'ਤੇ ਰੱਖੇ ਗਏ।

ਆਰਥਕ ਉੱਨਤੀ ਲਈ ਗੁਰੂ ਸਾਹਿਬ ਦੇ ਕੀਤੇ ਯਤਨਾਂ ਸਦਕਾ ਇਹ ਸ਼ਹਿਰ ਛੇਤੀ ਹੀ ਵਪਾਰ ਦਾ ਕੇਂਦਰ ਬਣ ਗਿਆ। ਸਭ ਦਾ ਸਾਂਝਾ ਸ਼ਹਿਰ ਬਣਾਉਣ ਲਈ ਹਰ ਧਰਮ ਤੇ ਹਰ ਫਿਰਕੇ ਦੇ ਲੋਕਾਂ ਨੂੰ ਏਥੇ ਵਸਾਇਆ ਗਿਆ। ਅਖੌਤੀ ਨੀਵੀਂ ਜਾਤੀ ਦੇ ਲੋਕ ਹਰਿਮੰਦਰ ਸਾਹਿਬ ਦੇ ਅਤਿ ਨੇੜੇ ਵਸਾਏ ਗਏ। ਇਹ ਗੁਰੂ ਸਾਹਿਬ ਦੇ ਹਿਰਦੇ ਦੀ ਵਿਸ਼ਾਲਤਾ ਦਾ ਸਬੂਤ ਹੈ।

SikhBookClub.com

ਗੁਰੂ ਸਾਹਿਬ ਨੇ ਕਈ ਨਵੀਆਂ ਰੀਤਾਂ ਕਾਇਮ ਕੀਤੀਆਂ। ਅਨੰਦ ਕਾਰਜ ਦੀ ਮਰਯਾਦਾ ਲਈ ਰਾਗ ਸੂਹੀ ਵਿਚ ਚਾਰ ਲਾਵਾਂ ਰਚੀਆਂ। ਵਿਆਹ ਸਮੇਂ ਗਾਈਆਂ ਜਾਂਦੀਆਂ ਘੋੜੀਆਂ ਦੇ ਆਧਾਰ 'ਤੇ ਵਡਹੰਸ ਰਾਗ ਵਿਚ ਕੁਝ ਸ਼ਬਦ ਰਚੇ। ਉਹਨਾਂ ਨੇ ਭਵਨ ਉਸਾਰੀ ਦੇ ਨਾਲ ਨਾਲ ਧਰਮ ਪ੍ਰਚਾਰ ਦਾ ਕੰਮ ਵੀ ਜਾਰੀ ਰੱਖਿਆ।

ਡਾਕਟਰ ਹਰੀ ਰਾਮ ਗੁਪਤਾ ਅਨੁਸਾਰ: 'ਗੁਰੂ ਰਾਮਦਾਸ (ਜੀ) ਨੇ ਸਿੱਖਾਂ ਨੂੰ ਪਵਿੱਤਰ ਸਰੋਵਰ ਦੇ ਕੇ ਖਾਸ ਤੌਰ 'ਤੇ ਸੰਗਠਿਤ ਕੀਤਾ।'

ਆਪਣੇ ਜੀਵਨ-ਕਾਲ ਵਿਚ ਹੀ ਜਿਸ ਤਰ੍ਹਾਂ ਉਹਨਾਂ ਨੇ ਗੁਰੂ ਅਮਰਦਾਸ ਜੀ ਤੋਂ ਗੁਰਗੱਦੀ ਪ੍ਰਾਪਤ ਕੀਤੀ ਸੀ, ਆਪਣੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਸੌਂਪ ਦਿੱਤੀ।

(10/1987)

SikhBookClub.com

ਸ੍ਰੀ ਰਾਮਦਾਸ ਤਾਰਣ ਤਰਣੰ

ਸ੍ਰੀ ਗੁਰੂ ਰਾਮਦਾਸ ਜੀ ਦਾ ਹਿਰਦਾ ਬਚਪਨ ਤੋਂ ਹੀ ਕਿਰਤ, ਸੇਵਾ-ਸਿਮਰਨ, ਨਿਮਰਤਾ ਆਦਿ ਜਿਹੇ ਰੂਹਾਨੀ ਗੁਣਾਂ ਨਾਲ ਭਰਪੂਰ ਸੀ। ਪਹਿਲੇ ਤਿੰਨ ਗੁਰੂ ਸਾਹਿਬਾਨ ਵਾਂਗ ਉਨ੍ਹਾਂ ਨੇ ਗੁਰਮਤਿ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਅਪਣਾਇਆ ਅਤੇ ਪ੍ਰਚਾਰਿਆ। ਗਰੀਬੀ ਤੇ ਨਿਮਰਤਾ ਵਾਲੇ ਗੁਰੂ ਜੀ ਨੇ ਬਿਨਾਂ ਕਿਸੇ ਭਿੰਨ-ਭੇਦ, ਨਸਲ, ਜਾਤ-ਪਾਤ ਜਾਂ ਰੰਗ-ਰੂਪ ਦੇ ਮਨੁੱਖਤਾ ਦੀ ਸੇਵਾ ਕੀਤੀ ਅਤੇ ਜੀਵਨ-ਸੇਧ ਦਿੱਤੀ।

ਸਤਿਗੁਰੂ ਜੀ ਦਾ ਪ੍ਰਕਾਸ਼ ਮਾਤਾ ਦਇਆ ਕੌਰ ਜੀ ਦੀ ਸੁਭਾਗੀ ਕੁੱਖ ਤੋਂ ਕੱਤਕ ਵਦੀ 2, ਸੰਮਤ 1591 ਅਰਥਾਤ 24 ਸਤੰਬਰ, ਸੰਨ 1534 ਈਸਵੀ ਨੂੰ ਚੂਨੀ ਮੰਡੀ ਲਾਹੌਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਹਰਿਦਾਸ ਸੋਢੀ ਸੀ ਜੋ ਛੋਟੀ-ਮੋਟੀ ਦੁਕਾਨਕਾਰੀ ਕਰਦੇ ਸਨ। ਚਾਰ-ਪੰਜ ਸਾਲ ਦੀ ਉਮਰ ਵਿਚ ਹੀ ਆਪ ਜੀ ਦੇ ਮਾਤਾ ਜੀ ਰੱਬ ਨੂੰ ਪਿਆਰੇ ਹੋ ਗਏ। ਹਾਲੇ ਬਾਲ ਸ੍ਰੀ (ਗੁਰੂ) ਰਾਮਦਾਸ ਜੀ ਨੇ ਅੱਠਵੇਂ ਵਰ੍ਹੇ ਪੈਰ ਰੱਖਿਆ ਹੀ ਸੀ ਇਕ ਹੋਰ ਹੋਣੀ ਵਰਤ ਗਈ। ਪਿਤਾ ਪ੍ਰਲੋਕ ਸਿਧਾਰ ਗਏ। ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਤਾਂ ਛੋਟੀ ਭੈਣ ਰਾਮਦਾਸੀ, ਛੋਟਾ ਭਾਈ ਹਰਦਿਆਲ ਅਤੇ ਆਪ ਜੀ ਪਿੱਛੇ ਇਕੱਲੇ ਰਹਿ ਗਏ। ਪਿਤਾ ਜੀ ਦੇ ਅਕਾਲ ਚਲਾਣਾ ਕਰਨ ਨਾਲ ਉਪਜੀਵਕਾ ਦਾ ਕੋਈ ਸਾਧਨ ਨਾ ਰਿਹਾ। ਜੋ ਛੋਟਾ-ਮੋਟਾ ਕਾਰੋਬਾਰ ਸੀ ਉਹ ਵੀ ਬੰਦ ਹੋ ਗਿਆ। ਨਾਨੀ ਜੀ ਤਿੰਨਾਂ ਯਤੀਮ ਬੱਚਿਆਂ ਨੂੰ ਆ ਕੇ ਆਪਣੇ ਪਿੰਡ ਬਾਸਰਕੇ ਲੈ ਆਏ ਪਰ ਉਨ੍ਹਾਂ ਦੀ ਮਾਲੀ ਹਾਲਤ ਵੀ ਕੋਈ ਐਨੀ ਚੰਗੀ ਨਹੀਂ ਸੀ।

ਪਿਤਾ ਹਰਿਦਾਸ ਜੀ ਧਾਰਮਿਕ ਵਿਚਾਰਾਂ ਵਾਲੇ ਅਤੇ ਨੇਕ ਕਮਾਈ ਕਰਨ ਵਾਲੇ ਵਿਅਕਤੀ ਸਨ। ਸ੍ਰੀ (ਗੁਰੂ) ਰਾਮਦਾਸ ਜੀ 'ਤੇ ਇਨ੍ਹਾਂ ਸੰਸਕਾਰਾਂ ਦਾ ਪ੍ਰਭਾਵ ਪੈਣਾ ਜ਼ਰੂਰੀ ਸੀ। ਜੇਠਾ ਪੁੱਤਰ ਹੋਣ ਕਰਕੇ ਆਪ ਜੀ ਦਾ ਨਾਮ ਜੇਠਾ ਪੈ ਗਿਆ। ਸ੍ਰੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਪਿੰਡ ਦੇ ਰਹਿਣ ਵਾਲੇ ਸਨ। ਭਾਵੇਂ ਉਹ ਹਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿਚ ਨਹੀਂ ਆਏ ਸਨ ਪਰ ਧਰਮੀ ਤੇ ਨੇਕ-ਦਿਲ ਹੋਣ ਦੇ ਕਾਰਨ ਉਨ੍ਹਾਂ ਦੀ ਪਿੰਡ ਵਿਚ ਬੜੀ ਮਾਨਤਾ ਸੀ। ਨਿਸ਼ਚੇ ਹੀ ਸ੍ਰੀ (ਗੁਰੂ) ਅਮਰਦਾਸ ਜੀ ਦੀ ਇਸ ਹੋਣਹਾਰ ਬਾਲਕ 'ਤੇ ਆਪਣੀ ਪਾਰਖੂ ਅੱਖ ਜ਼ਰੂਰ ਪਈ ਹੋਵੇਗੀ। ਬਾਅਦ ਵਿਚ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨਗਰ ਦੀ ਨੀਂਹ ਰੱਖੀ ਤਾਂ ਇਸ ਪਰਿਵਾਰ ਨੂੰ ਵੀ ਗੋਇੰਦਵਾਲ ਆਉਣ ਲਈ ਪ੍ਰੇਰਿਆ। ਕਿਉਂਕਿ ਨਾਨਕਿਆਂ ਦੀ ਮਾਲੀ ਹਾਲਤ ਕੋਈ ਚੰਗੀ ਨਹੀਂ ਸੀ, ਇਸ ਲਈ ਜੇਠਾ ਜੀ ਨੇ ਜੀਵਨ-ਨਿਰਵਾਹ ਲਈ ਘੁੰਗਣੀਆਂ ਵੇਚਣ ਦਾ ਕਿੱਤਾ ਆਰੰਭ ਕਰ ਦਿੱਤਾ ਸੀ। ਆਪ ਜੀ ਬਾਸਰਕੇ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਤੋਂ ਇਲਾਵਾ ਮੇਲਿਆਂ ਆਦਿ 'ਤੇ ਵੀ ਘੁੰਗਣੀਆਂ ਵੇਚਣ ਜਾਇਆ ਕਰਦੇ ਸਨ। ਗੋਇੰਦਵਾਲ ਆ ਕੇ ਵੀ ਉਨ੍ਹਾਂ ਇਸੇ ਕਿੱਤੇ ਨੂੰ ਜਾਰੀ ਰੱਖਿਆ।

SikhBookClub.com

ਗੋਇੰਦਵਾਲ ਸਾਹਿਬ ਆ ਕੇ ਜੇਠਾ ਜੀ ਦੇ ਜੀਵਨ ਵਿਚ ਇਕ ਨਵਾਂ ਨਿਖਾਰ ਆਇਆ। ਘੁੰਗਣੀਆਂ ਵੇਚਣ ਦੇ ਨਾਲ-ਨਾਲ ਉਹ ਲੰਗਰ ਦੀ ਸੇਵਾ ਵੀ ਕਰਦੇ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਬਿਨਾਂ-ਨਾਗਾ ਆਉਂਦੇ। ਗੁਰੂ ਜੀ ਤੋਂ ਸਿੱਖਿਆ ਗ੍ਰਹਿਣ ਕਰ ਕੇ ਆਪ ਜੀ ਆਤਮ-ਗਿਆਨੀ ਹੋ ਗਏ। ਗੁਰੂ ਨਾਨਕ ਦੇਵ ਜੀ ਦੀ 'ਸੱਚਾ ਸੌਦਾ' ਵਾਲੀ ਸਾਖੀ ਤੋਂ ਪ੍ਰਭਾਵਿਤ ਹੋ ਕੇ ਕਈ ਵਾਰ ਉਹ ਘੁੰਗਣੀਆਂ ਨੂੰ ਲੋੜਵੰਦਾਂ ਅਤੇ ਗਰੀਬਾਂ ਵਿਚ ਵਰਤਾ ਆਉਂਦੇ। ਦਰਅਸਲ ਆਉਣ ਵਾਲੇ ਉਸ ਸਮੇਂ ਦੀ ਇਹ ਸ਼ੁਰੂਆਤ ਸੀ ਜਦੋਂ ਉਹਨਾਂ ਨੇ ਬਖ਼ਸ਼ਿਸ਼ਾਂ ਦੇ ਮਾਲਕ ਬਣ ਕੇ ਪਤਾ ਨਹੀਂ ਕਿੰਨਿਆਂ ਦੀਆਂ ਝੋਲੀਆਂ ਭਰਨੀਆਂ ਸਨ।

ਇੰਜ ਕਿਰਤ-ਕਮਾਈ ਤੇ ਸੇਵਾ-ਸਿਮਰਨ ਕਰਦੇ ਹੋਏ ਜੇਠਾ ਜੀ ਨੇ ਜਵਾਨੀ ਵਿਚ ਪੈਰ ਰੱਖਿਆ। ਸੋਹਣੇ ਅਤੇ ਸੁਨੱਖੇ ਤਾਂ ਉਹ ਪਹਿਲਾਂ ਹੀ ਸਨ। ਉਨ੍ਹਾਂ ਦੇ ਚਿਹਰੇ 'ਤੇ ਹੁਣ ਰੂਹਾਨੀ ਜਲਾਲ ਆਉਣਾ ਸ਼ੁਰੂ ਹੋ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦੀ ਜੇਠਾ ਜੀ 'ਤੇ ਨਜ਼ਰ ਸਵੱਲੀ ਹੋਣ ਲੱਗੀ। ਹਰ ਪੱਖੋਂ ਯੋਗ ਸਮਝ ਕੇ ਮਿਹਰਾਂ ਦੇ ਸਾਈਂ ਨੇ ਆਪਣੀ ਵੱਡੀ ਸਪੁੱਤਰੀ ਬੀਬੀ ਭਾਨੀ ਜੀ, ਜਿਸ ਨੇ ਗੁਰੂ-ਘਰ ਦੀ ਤਨ ਤੇ ਮਨ ਦੁਆਰਾ ਬੜੀ ਸੇਵਾ ਕੀਤੀ ਸੀ, ਉਸ ਦਾ ਪੱਲਾ ਵੀ ਜੇਠਾ ਜੀ ਨੂੰ ਫੜਾ ਦਿੱਤਾ। ਜੇਠਾ ਜੀ ਦੀ ਉਮਰ ਉਸ ਵੇਲੇ ਕੋਈ 19 ਸਾਲਾਂ ਦੀ ਸੀ। ਹੁਣ ਉਹ ਰਾਮਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਹੋ ਗਏ। ਸਿੱਖ ਇਤਿਹਾਸ ਵਿਚ ਇਹ ਘਟਨਾ ਬੜੀ ਮਹੱਤਵਪੂਰਨ ਹੈ ਅਤੇ ਸਿਖਿਆਦਾਇਕ ਵੀ।

ਸ੍ਰੀ (ਗੁਰੂ) ਰਾਮਦਾਸ ਜੀ ਗੁਰੂ-ਘਰ ਦੇ ਇਕ ਅਨਿੰਨ-ਸੇਵਕ ਬਣ ਚੁੱਕੇ ਸਨ। ਆਪ ਜੀ ਨੇ ਗੁਰੂ-ਘਰ ਦੀ ਸੇਵਾ ਵਿਚ ਕੋਈ ਕਸਰ ਨਹੀਂ ਛੱਡੀ। ਲੰਗਰ ਦੀ ਸੇਵਾ ਕਰਦੇ, ਆਏ-ਗਏ ਯਾਤਰੂਆਂ ਦੇ ਸੁਖ-ਆਰਾਮ ਵੱਲ ਵਿਸ਼ੇਸ਼ ਧਿਆਨ ਦਿੰਦੇ ਅਤੇ ਸਵੇਰ-ਸ਼ਾਮ, ਗੁਰੂ-ਦਰਬਾਰ ਵਿਚ ਹਾਜ਼ਰੀ ਭਰਦੇ। ਗੋਇੰਦਵਾਲ ਵਿਚ ਸਾਂਝੇ-ਖੂਹ ਤੋਂ ਕੁਝ ਬੰਦਿਆਂ ਦੀ ਸ਼ਰਾਰਤੀ ਜੁੰਡਲੀ ਨੇ, ਸਿੱਖਾਂ ਨੂੰ ਪਾਣੀ ਭਰਨ ਤੋਂ ਰੋਕਣਾ ਅਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਤਾਂ ਗੁਰੂ ਅਮਰਦਾਸ ਜੀ ਨੇ ਬਾਉਲੀ ਬਣਾਉਣ ਦਾ ਮਨ ਬਣਾਇਆ, ਜਿਸ ਦੀ ਖੁਦਾਈ ਸੰਨ 1559 ਈ. ਵਿਚ ਆਰੰਭ ਕੀਤੀ ਗਈ। ਸ੍ਰੀ (ਗੁਰੂ) ਰਾਮਦਾਸ ਜੀ ਨੇ ਤਨ ਤੇ ਮਨ ਨਾਲ ਇਸ ਦੀ ਖੁਦਾਈ ਵਿਚ ਹਿੱਸਾ ਲਿਆ। ਸਾਰਾ-ਸਾਰਾ ਦਿਨ ਮੋਢੇ 'ਤੇ ਕੱਸੀ ਰੱਖ ਕੇ ਮਿੱਟੀ ਦੀ ਟੋਕਰੀ ਢੋਂਹਦੇ। ਭਾਵੇਂ ਉਹ ਗੁਰੂ-ਘਰ ਦੇ ਜਵਾਈ ਬਣ ਚੁੱਕੇ ਸਨ ਪਰ ਸੇਵਾ ਵਿਚ ਉਨ੍ਹਾਂ ਨੇ ਕਿਸੇ ਪ੍ਰਕਾਰ ਦੀ ਕਮੀ ਨਹੀਂ ਆਉਣ ਦਿੱਤੀ। ਲਾਹੌਰ ਤੋਂ ਆਏ ਸ਼ਰੀਕਾਂ ਨੇ ਮਿਹਣੇ ਵੀ ਮਾਰੇ ਅਤੇ ਕਿਹਾ ਕਿ ਜੇਕਰ ਤੂੰ ਸੌਹਰੇ ਆ ਕੇ ਟੋਕਰੀ ਹੀ ਢੋਹਣੀ ਸੀ ਤਾਂ ਲਾਹੌਰ ਢੋਹ ਲੈਂਦਾ। ਗੁਰੂ ਜੀ ਪਾਸ ਵੀ ਗਿਲਾ ਕੀਤਾ ਪਰ (ਗੁਰੂ) ਰਾਮਦਾਸ ਜੀ ਨੇ ਗੁਰੂ ਜੀ ਅੱਗੇ ਹੱਥ ਜੋੜ ਕੇ ਅਰਜ਼ੋਈ ਕੀਤੀ, "ਸੱਚੇ ਪਾਤਸ਼ਾਹ, ਇਹ ਭੁੱਲੜ ਹਨ, ਇਨ੍ਹਾਂ ਨੂੰ ਬਖਸ਼ ਦਿਓ। ਇਸ ਸੇਵਾ ਵਿਚ ਜੋ ਅਗੰਮੀ ਸੁੱਖ ਤੇ ਅਨੰਦ ਪ੍ਰਾਪਤ ਹੁੰਦਾ ਹੈ, ਉਸ ਨੂੰ ਇਹ ਅਨੁਭਵ ਨਹੀਂ ਕਰ ਸਕਦੇ।"

ਜਿਸ ਸਿਦਕ ਤੇ ਲਗਨ ਨਾਲ ਗੁਰੂ-ਘਰ ਦੀ ਜੇਠਾ ਜੀ ਨੇ ਸੇਵਾ ਕੀਤੀ ਉਹ ਹੁਣ ਕਿਸੇ ਤੋਂ ਛੁਪੀ ਹੋਈ ਨਹੀਂ ਸੀ। ਸਾਰੀ ਸੰਗਤ ਵਿਚ ਉਨ੍ਹਾਂ ਦਾ ਸਤਿਕਾਰ ਹੋਣ ਲੱਗਾ। ਬਾਉਲੀ ਦੀ ਸੇਵਾ ਸਮਾਪਤ ਹੋਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਮਨ ਵਿਚ ਇਕ ਨਕਸ਼ਾ ਸਿੱਖੀ ਦਾ ਕੇਂਦਰ ਬਣਾਉਣ ਲਈ ਉਲੀਕਿਆ ਹੋਇਆ ਉਸ ਬਾਰੇ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਜਾਣੂ ਕਰਵਾ ਕੇ,

SikhBookClub.com

ਗੁਮਟਾਲਾ, ਤੁੰਗ, ਗਿਲਵਾਲੀ, ਸੁਲਤਾਨਵਿੰਡ ਪਿੰਡ ਵਿਚਕਾਰ ਨਵਾਂ ਨਗਰ ਵਸਾਉਣ ਦੀ ਆਗਿਆ ਕੀਤੀ। ਇਨ੍ਹਾਂ ਪਿੰਡਾਂ ਤੋਂ ਭੋਏਂ ਖਰੀਦ ਕੇ ਨਗਰ ਦੀ ਨੀਂਹ ਰੱਖੀ ਗਈ।

ਨਗਰ ਦਾ ਨਾਮ 'ਚੱਕ ਗੁਰੂ' ਰੱਖਿਆ ਗਿਆ। ਹੁਣ ਇਕ ਤਾਲ ਦਾ ਟੱਕ ਵੀ ਲਾਇਆ ਗਿਆ ਜਿਸ ਨੂੰ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ ਅਤੇ ਸੰਤੋਖਸਰ ਦੇ ਨਾਮ ਨਾਲ ਪ੍ਰਸਿੱਧ ਹੈ। ਦੂਰ-ਦੂਰ ਤੋਂ ਵੱਖ-ਵੱਖ ਕਿੱਤਾ ਕਰਨ ਵਾਲੇ ਧਰਮੀ ਅਤੇ ਕਿਰਤੀ ਲੋਕਾਂ ਨੂੰ ਇਸ ਨਗਰ ਵਿਚ ਆ ਕੇ ਵਸਣ ਲਈ ਪ੍ਰੇਰਿਆ ਜਿਸ ਨਾਲ ਸਭ ਜਾਤਾਂ ਅਤੇ ਵਰਣਾਂ ਦੇ ਲੋਕ ਸ਼ਾਮਿਲ ਸਨ। ਇੰਜ ਕੋਈ 52 ਪ੍ਰਕਾਰ ਦੇ ਕੰਮ-ਕਾਜ ਕਰਨ ਵਾਲੇ ਵਪਾਰੀ, ਦਸਤਕਾਰ ਆਦਿ ਲੋਕ ਆ ਵੱਸੇ।

'ਗੁਰੂ ਕਾ ਬਾਜ਼ਾਰ' ਵਿਖੇ ਰੌਣਕਾਂ ਹੋਣ ਲੱਗੀਆਂ। ਨਗਰ ਦਾ ਨਾਮ 'ਚੱਕ ਗੁਰੂ' ਤੋਂ 'ਚੱਕ ਰਾਮਦਾਸ' ਪੈ ਗਿਆ ਤੇ ਫਿਰ 'ਰਾਮਦਾਸਪੁਰਾ'। ਬਾਅਦ ਵਿਚ ਅੰਮ੍ਰਿਤ ਸਰੋਵਰ ਨਾਂ 'ਤੇ 'ਅੰਮ੍ਰਿਤਸਰ' ਪ੍ਰਸਿੱਧ ਹੋਇਆ। ਅਗਾਮੀ ਲੋੜ ਨੂੰ ਮੁੱਖ ਰੱਖਦੇ ਹੋਏ ਸੰਨ 1577 ਵਿਚ ਤੁੰਗ ਪਿੰਡ ਵਾਲਿਆਂ ਤੋਂ ਪੰਜ ਸੌ ਵਿਘਾ ਹੋਰ ਜ਼ਮੀਨ ਖ਼ਰੀਦ ਲਈ ਗਈ। ਇਤਿਹਾਸ ਵਿਚ ਆਇਆ ਹੈ ਕਿ ਅਕਬਰ ਬਾਦਸ਼ਾਹ ਜਦੋਂ ਗੁਰੂ-ਦਰਬਾਰ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਉਸ ਨੇ ਗੁਰੂ-ਘਰ ਨੂੰ ਪੰਜ ਸੌ ਵਿਘਾ ਜ਼ਮੀਨ ਨਜ਼ਰ ਕਰਨੀ ਚਾਹੀ ਪ੍ਰੰਤੂ ਗੁਰੂ ਜੀ ਨੇ ਇਹ ਕਹਿ ਕੇ ਬੇਨਤੀ ਸਵੀਕਾਰ ਨਹੀਂ ਕੀਤੀ ਕਿ ਗੁਰੂ-ਘਰ ਜਗੀਰਾਂ ਨਹੀਂ ਲੈਂਦਾ, ਸਿੱਖ-ਸੇਵਕਾਂ ਵੱਲੋਂ ਆਈ ਮਾਇਆ ਨਾਲ ਹੀ ਲੰਗਰ ਅਤੇ ਹੋਰ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਹੁਣ ਸਿੱਖ ਸੰਗਤ ਵਿਚ (ਗੁਰੂ) ਜੀ ਦੀ ਮਹਿਮਾ ਦਿਨੋ-ਦਿਨ ਵਧਦੀ ਗਈ। ਉਨ੍ਹਾਂ ਦੇ ਸਿਰ 'ਤੇ ਅਕਾਲ ਪੁਰਖ ਦੀ ਮਿਹਰ ਦਾ ਹੱਥ ਸੀ। ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਲਈ ਹਰ ਪ੍ਰੀਖਿਆ ਵਿਚ ਆਪ ਜੀ ਪਾਸ ਹੋਏ। ਆਪ ਜੀ ਦੀ ਘਾਲ-ਕਮਾਈ ਅਤੇ ਸੇਵਾ ਗੁਰੂ-ਘਰ 'ਤੇ ਕਬੂਲ ਹੋਈ। ਗੁਰੂ ਅਮਰਦਾਸ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖ-ਸੰਗਤ ਦੇ ਇਕ ਭਾਰੀ ਇਕੱਠ ਅਤੇ ਸਕੇ-ਸਬੰਧੀਆਂ ਦੀ ਹਾਜ਼ਰੀ ਵਿਚ 2 ਅੱਸੂ ਸੰਮਤ 1631 ਨੂੰ ਸ੍ਰੀ (ਗੁਰੂ) ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ। ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ। ਬਾਅਦ ਵਿਚ ਸਾਰੀ ਸੰਗਤ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ:

ਸਤਿਗੁਰ ਪੁਰਖ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥

(ਪੰਨਾ ੯੨੪)

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ
ਅਘਨ ਦੇਖਤ ਗਤੁ ਚਰਨ ਕਵਲ ਜਾਸ॥
ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ

SikhBookClub.com

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

(ਪੰਨਾ ੧੩੯੯)

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਹੁਣ ਪਰਿਵਾਰ ਸਮੇਤ ਅੰਮ੍ਰਿਤਸਰ ਆ ਟਿਕੇ। ਆਪ ਜੀ ਦੇ ਤਿੰਨ ਸਪੁੱਤਰ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ ਵੀ ਆਪ ਦੇ ਨਾਲ ਹੀ ਸਨ। ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਆ ਟਿਕਾਣਾ ਕਰਨ ਨਾਲ ਇਥੇ ਦੀਆਂ ਗਲੀਆਂ-ਬਾਜ਼ਾਰਾਂ ਦੀਆਂ ਰੌਣਕਾਂ ਵਧਣ ਲੱਗੀਆਂ। ਕਾਰੀਗਰ, ਵਪਾਰੀ ਤੇ ਹੋਰ ਕਈ ਪ੍ਰਕਾਰ ਦੇ ਹੁਨਰਾਂ ਵਿਚ ਮੁਹਾਰਤ ਰੱਖਣ ਵਾਲੇ ਲੋਕ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਆਉਣ ਲੱਗੇ। ਪੂਰਾ ਸ਼ਹਿਰ ਵੱਸ ਗਿਆ। ਗੁਰੂ ਜੀ ਦੇ ਦਰਸ਼ਨਾਂ ਨੂੰ ਸੰਗਤਾਂ ਵਹੀਰਾਂ ਘੱਤ ਕੇ ਆਉਣ ਲੱਗੀਆਂ। ਗੁਰੂ ਜੀ ਉਨ੍ਹਾਂ ਨੂੰ ਨਾਮ-ਬਾਣੀ ਨਾਲ ਜੁੜਨ ਲਈ ਉਪਦੇਸ਼ ਦਿੰਦੇ ਅਤੇ ਕਿਰਤ-ਕਮਾਈ ਲਈ ਪ੍ਰੇਰਦੇ। ਗੁਰੂ ਜੀ ਦੀ ਨਿੱਤ-ਕਿਰਿਆ ਬਾਰੇ 'ਤਵਾਰੀਖ ਗੁਰੂ ਖ਼ਾਲਸਾ' ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ:

> 'ਏਹ ਗੁਰੂ ਸਾਹਿਬ ਭੀ ਪਿਛਲੇ ਗੁਰੂਆਂ ਵਾਂਗ ਨਿਤ ਸਵਾ-ਪਹਿਰ ਦੇ ਤੜਕੇ ਇਸ਼ਨਾਨ ਕਰ ਤਾੜੀ ਲਾ ਕੇ ਆਤਮਾ ਪਰਮਾਤਮਾ ਦੇ ਸਰੂਪ ਵਿਚ ਮਨ ਨੂੰ ਜੋੜ ਬੈਠਦੇ। ਪੋਹ ਫਟੀ ਤੋਂ ਸਭਾ ਵਿਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਤ (ਸਾਦੂ ਬਾਦੂ ਦੇ ਪੁੱਤਰ ਤੇ ਰਜ਼ਾ ਦੇ ਪੋਤਰੇ) ਕਰਿਆ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦਿੰਦੇ। ਫੇਰ ਸਭ ਨੂੰ ਸਮ ਲੰਗਰ ਵਰਤਾ ਕੇ ਦੋ ਪਹਿਰ ਨੂੰ ਤੰਬੂਰਾ ਵਜਵਾ ਕੇ ਪਰਮੇਸ਼ਰ ਤੇ ਗੁਰਾਂ ਦੇ ਗੁਣਾਨੁਬਾਦ ਅਤੇ ਮਹਿਮਾ ਦੇ ਭਰੇ ਹੋਏ ਸ਼ਬਦ ਨਵੇਂ ਨਵੇਂ ਰਚ ਕੇ ਐਸੀ ਰਸੀਲੀ ਤੇ ਮਿੱਠੀ-ਮਿੱਠੀ ਸੁਰ ਨਾਲ ਗਾਉਂਦੇ ਜੋ ਸੁਣਨ ਵਾਲੇ ਤਨੋ-ਮਨੋ ਦਾਸ ਹੋ ਜਾਂਦੇ। ਇਨ੍ਹਾਂ ਦਾ ਵੈਰਾਗ ਤੇ ਪ੍ਰੇਮਾ ਭਗਤੀ ਤਾਂ ਇਨ੍ਹਾਂ ਦੇ ਸ਼ਬਦਾਂ ਤੋਂ ਹੀ (ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ) ਪ੍ਰਗਟ ਹੈ। ਉਦਾਰ ਐਸੇ ਹਨ ਕਿ ਜੋ ਕੁਛ ਪੂਜਾ-ਭੇਟ ਕੋਈ ਦੇ ਜਾਂਦਾ ਓਸੇ ਵੇਲੇ ਗਰੀਬਾਂ ਅਨਾਥਾਂ ਨੂੰ ਵੰਡ ਦਿੰਦੇ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਮਾਰਗ ਨੂੰ ਪ੍ਰਚਾਰਿਆ, ਜਿਸ ਅਨੁਸਾਰ ਕਿਰਤ-ਕਮਾਈ ਤੇ ਨਾਮ-ਸਿਮਰਨ ਕਰਦੇ ਹੋਏ ਪਰਉਪਕਾਰ, ਸੇਵਾ, ਨਿਮਰਤਾ, ਸਹਿਨਸ਼ੀਲਤਾ, ਪਰਸਪਰ ਪ੍ਰੇਮ-ਪਿਆਰ, ਸਾਂਝੀਵਾਲਤਾ ਆਦਿ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਗੁਰਸਿੱਖ ਦੀ ਨਿਤ-ਕ੍ਰਿਆ ਬਾਰੇ ਦਰਸਾਉਂਦੇ ਹੋਏ ਆਪ ਜੀ ਫ਼ੁਰਮਾਉਂਦੇ ਹਨ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਪੰਨਾ ੩੦੫)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਵਿਚ ਅਥਾਹ ਦੀ ਨਿਮਰਤਾ ਸੀ ਜੋ ਕੱਟੜ ਤੋਂ ਕੱਟੜ ਵਿਰੋਧੀ ਨੂੰ ਵੀ ਕੀਲ ਲੈਣ ਦੀ ਸਮਰੱਥਾ ਰੱਖਦੀ ਹੈ। ਨਿਮਰਤਾ ਗੁਰਮਤਿ ਦਾ ਇਕ ਅਨਿੱਖੜਵਾਂ ਅੰਗ ਹੈ। ਗੁਰੂ ਜੀ ਦੇ ਬਚਨਾਂ ਵਿਚ ਕਿੰਨੀ ਹਲੀਮੀ ਤੇ ਨਿਮਰਤਾ ਹੈ।

ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ॥੧॥
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ॥
ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ॥੨॥

(ਪੰਨਾ ੧੩੨੧)

ਪ੍ਰਭੂ ਦੇ ਸੇਵਕ-ਜਨ ਸਦਾ ਹੀ ਉਸ ਪ੍ਰਭੂ-ਪਿਤਾ ਦੀ ਰਜ਼ਾ ਵਿਚ ਰਹਿੰਦੇ ਹਨ। ਸੁੱਖ ਹੋਵੇ ਜਾਂ ਦੁੱਖ ਉਹ ਉਸ ਨੂੰ ਸਿਰ-ਮੱਥੇ ਮੰਨਦੇ ਹਨ। ਕੋਈ ਗ਼ਿਲਾ ਜਾਂ ਸ਼ਿਕਵਾ ਨਹੀਂ ਕਰਦੇ। ਪ੍ਰਭੂ ਦੇ ਦਰਸ਼ਨਾਂ ਦੇ ਭੌਰੇ ਤਾਂ ਆਪਣਾ ਸੀਸ ਤਕ ਉਸ ਦੀ ਭੇਟ ਕਰਨ ਤੋਂ ਗੁਰੇਜ਼ ਨਹੀਂ ਕਰਦੇ।

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥...
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੁਖ ਮਨਾਈ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥੬॥

(ਪੰਨਾ ੭੫੭)

ਗੁਰਮਤਿ ਦੇ ਇਸ ਗਾਡੀ ਰਾਹ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਚਾਰਿਆ ਤੇ ਆਪ ਹੰਢਾਇਆ।

ਵਿਆਹ-ਸ਼ਾਦੀ ਸਮੇਂ ਫੇਰਿਆਂ ਜਾਂ ਲਾਵਾਂ ਦੀ ਜੋ ਪ੍ਰਚਲਤ ਰਸਮ ਚਲੀ ਆ ਰਹੀ ਸੀ, ਗੁਰੂ ਜੀ ਨੇ ਇਸ ਅਨੰਦਮਈ ਕਾਰਜ ਸੰਬੰਧੀ ਰਾਗੁ ਸੂਹੀ ਵਿਚ ਚਾਰ ਸ਼ਬਦ ਉਚਾਰ ਕੇ ਨਵ-ਜੋੜੀ ਨੂੰ ਦ੍ਰਿੜ੍ਹ ਕਰਵਾਇਆ ਕਿ ਗ੍ਰਿਹਸਤ ਵਿਚ ਪਰਵੇਸ਼ ਕਰ ਕੇ ਕੇਵਲ ਦੁਨਿਆਵੀ ਕੰਮਾਂ-ਕਾਜਾਂ ਜਾਂ ਧੰਦਿਆਂ ਵਿਚ ਹੀ ਗ਼ਲਤਾਨ ਨਹੀਂ ਰਹਿਣਾ ਸਗੋਂ ਉਸ ਪ੍ਰਭੂ-ਪਤੀ ਨੂੰ ਵੀ ਸਦਾ ਮਨ ਵਿਚ ਵਸਾਈ ਰੱਖਣਾ ਹੈ। ਨਾਮ ਜਪਣ ਨਾਲ ਹਉਮੈ ਜੋ ਵੱਡਾ ਰੋਗ ਹੈ, ਦਾ ਨਾਸ਼ ਹੁੰਦਾ ਹੈ, ਹਰ ਪ੍ਰਕਾਰ ਦੇ ਸੰਸੇ ਅਤੇ ਡਰ ਦੂਰ ਹੋ ਜਾਂਦੇ ਹਨ। ਮਨ ਵਿਚ ਆਤਮਿਕ ਅਡੋਲਤਾ ਪੈਦਾ ਹੋ ਜਾਂਦੀ ਹੈ ਅਤੇ ਹਿਰਦਾ ਸਦਾ ਅਨੰਦ ਭਰਪੂਰ ਰਹਿੰਦਾ ਹੈ। ਇੰਜ ਜੀਵ-ਇਸਤਰੀ ਪ੍ਰਭੂ ਦਾ ਮਿਲਾਪ ਪ੍ਰਾਪਤ ਕਰ ਲੈਂਦੀ ਹੈ।

ਰਾਗ ਵਿਦਿਆ ਦੇ ਖੇਤਰ ਵਿਚ ਗੁਰੂ ਜੀ ਦਾ ਅਨੁਭਵ ਬੜਾ ਵਿਸ਼ਾਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਵਿਚ ਬਾਣੀ ਦਰਜ ਹੈ। ਆਪ ਜੀ ਨੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। (31ਵਾਂ ਰਾਗੁ ਜੈਜਾਵੰਤੀ ਉਹ ਰਾਗੁ ਹੈ ਜਿਸ ਵਿਚ ਰਚਨਾ ਕੇਵਲ ਨੌਵੇਂ ਸਤਿਗੁਰਾਂ ਨੇ ਹੀ ਕੀਤੀ ਹੈ।) ਇਨ੍ਹਾਂ 30 ਰਾਗਾਂ ਵਿਚ ਆਪ ਜੀ ਨੇ 246 ਸ਼ਬਦ, 33 ਅਸ਼ਟਪਦੀਆਂ ਅਤੇ 28 ਛੰਤਾਂ ਵਿਚ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਵਿਚੋਂ 8 ਵਾਰਾਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਹਨ। ਇਸ ਤੋਂ ਇਲਾਵਾ ਆਪ ਜੀ ਦੇ 135 ਸਲੋਕ ਵੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹਨ।

SikhBookClub.com

ਨਾਮ-ਰਸ ਵਿਚ ਰੱਤੇ ਹੋਏ ਕੋਮਲ ਅਤੇ ਸੂਖਮ ਹਿਰਦੇ ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ-ਮਿਲਾਪ ਲਈ ਤੜਪ, ਗੁਰੂ-ਪਿਆਰੇ ਤੋਂ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਦੀ ਸਿੱਕ, ਬਿਰਹਾ ਤੇ ਵੈਰਾਗ ਡੁੱਲ੍ਹ-ਡੁੱਲ੍ਹ ਪੈਂਦੇ ਹਨ। ਗੁਰੂ ਜੀ ਦੀਆਂ ਇਹ ਪੰਕਤੀਆਂ ਦਿਲ ਦੀਆਂ ਗਹਿਰਾਈਆਂ 'ਚੋਂ ਨਿਕਲੀ ਹੋਈ ਇਕ ਹੂਕ ਹੈ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਬਾਪੇ॥

(ਪੰਨਾ ੧੬੭)

ਇੰਜ ਜਾਪਦਾ ਹੈ ਜਿਵੇਂ ਬਚਪਨ ਤੋਂ ਲੈ ਕੇ ਗੁਰਿਆਈ ਮਿਲਣ ਤਕ ਆਪਣੀ ਸਾਰੀ ਵਿਥਿਆ ਗੁਰੂ ਜੀ ਨੇ ਇਨ੍ਹਾਂ ਦੋ ਪੰਕਤੀਆਂ ਵਿਚ ਬੰਦ ਕਰ ਦਿੱਤੀ ਹੋਵੇ। ਆਪ ਜੀ ਵਲੋਂ ਵਰਤੀ ਗਈ ਸ਼ਬਦਾਵਲੀ ਵੀ ਵਰਣਨਯੋਗ ਹੈ। ਜਿਵੇਂ:

'ਹਮ ਕੀਰੇ ਕਿਰਮ', 'ਹਮ ਗਰੀਬ ਮਸਕੀਨ', 'ਮੈ ਕਰਮ ਹੀਣ', 'ਮੈ ਮੂਰਖ ਅੰਧੁਲੇ ਨਾਮ ਟੇਕ ਹੈ', 'ਹਮ ਪਾਪੀ ਬਹੁ ਨਿਰਗੁਣੀ ਆਰੇ', 'ਹਮ ਬਹੁ ਪਾਪ ਕੀਏ ਅਪਰਾਧੀ', 'ਹਮ ਬਾਰਿਕ ਕਛੂ ਨ ਜਾਨਹੁ', 'ਹਮ ਬਾਰਿਕ ਮੁਗਧ ਇਆਨ', 'ਹਮ ਮੂਰਖ ਮੁਗਧ ਅਗਿਆਨ', 'ਹਮ ਮੂੜ ਮੁਗਧ ਅਸੁਧ' ਆਦਿ।

ਗਰੀਬੀ ਸੁਭਾਓ, ਸੇਵਾ ਤੇ ਸਿਮਰਨ ਦੇ ਸੋਮੇ, ਨਾਮ-ਰਸ ਵਿਚ ਭਿੱਜੇ, ਪਰਉਪਕਾਰ ਤੇ ਰਹਿਮਤਾਂ ਦੇ ਰਹਿਬਰ, ਸਾਰੀ ਲੋਕਾਈ ਦੀਆਂ ਪੀੜਾਂ ਵੰਡਾਉਣ ਵਾਲੇ ਸਤਿਗੁਰਾਂ ਦਾ ਹੁਣ ਸੱਚਖੰਡ ਵਾਪਸੀ ਲਈ ਸਮਾਂ ਆ ਗਿਆ। ਭਾਦੋਂ ਸੁਦੀ ਏਕਮ, 2 ਅੱਸੂ ਸੰਮਤ 1638 ਅਰਥਾਤ 1 ਸਤੰਬਰ 1581 ਨੂੰ ਛੋਟੇ ਸਾਹਿਬਜ਼ਾਦੇ ਸ੍ਰੀ ਅਰਜਨ ਦੇਵ ਜੀ ਨੂੰ ਗੁਰਿਆਈ ਦੇ ਕੇ ਗੁਰੂ ਜੀ ਸੱਚਖੰਡ ਪਯਾਨਾ ਕਰ ਗਏ।

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥

(ਪੰਨਾ ੧੪੦੧)

(10/1997)

SikhBookClub.com

ਦੀਦਾਰੇ—ਗੁਰੂ ਰਾਮਦਾਸ ਜੀ

ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਕਿਸੇ ਰਚਨਾ ਦੇ ਰਚਨਹਾਰੇ ਦਾ ਪ੍ਰਤੀਬਿੰਬ ਉਸ ਦੀ ਰਚਨਾ ਵਿਚੋਂ ਸਾਨੂੰ ਜ਼ਰੂਰ ਝਲਕਾਂ ਮਾਰਦਾ ਦਿੱਸਦਾ ਹੈ। ਜੋ ਕਿਸੇ ਕਰਤਾ ਦੇ ਸਰੂਪ ਦੇ ਦੀਦਾਰੇ ਕਰਨੇ ਹੋਣ, ਉਸ ਦੇ ਬੋਲਾਂ ਨੂੰ ਅਨੁਭਵ ਕਰਨਾ ਹੋਵੇ ਅਤੇ ਉਸ ਦੇ ਵਿਅਕਤਿਤ੍ਵ ਦੇ ਦਰਸ਼ਨ ਕਰਨੇ ਹੋਣ ਤਾਂ ਉਸ ਦੀ ਰਚਨਾ ਵਿਚੋਂ ਕੀਤੇ ਜਾ ਸਕਦੇ ਹਨ।

ਵਰਡਜ਼ਵਰਥ ਅਨੁਸਾਰ, ਕਵਿਤਾ ਹੈ ਹੀ ਕਵੀ ਦੇ ਨਿਜਤਵ ਦਾ ਪ੍ਰਕਾਸ਼। ਉਸ ਅਨੁਸਾਰ, ਉਹ ਕਵਿਤਾ, ਕਵਿਤਾ ਹੀ ਨਹੀਂ ਅਖਵਾ ਸਕਦੀ, ਜਿਸ ਵਿਚੋਂ ਕਵੀ ਦਾ ਨਿਜਤਵ ਦ੍ਰਿਸ਼ਟਮਾਨ ਨਹੀਂ ਹੁੰਦਾ। ਕਵਿਤਾ ਵਿਚ ਵਰਤੇ ਗਏ ਪ੍ਰਤੀਕ, ਅਲੰਕਾਰ ਅਤੇ ਉਸ ਦੇ ਸ਼ਬਦ ਚਮਤਕਾਰਾਂ ਵਿਚੋਂ ਕਵੀ-ਆਤਮਾ ਦੇ ਦੀਦਾਰੇ ਸਹਿਜੇ ਹੀ ਹੋ ਸਕਦੇ ਹਨ। ਇਸ ਲਈ ਮਹਾਨ ਦੈਵੀ ਕਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਦੀਦਾਰ ਵੀ ਅਸੀਂ ਉਹਨਾਂ ਦੀ ਬਾਣੀ ਦੇ ਝਰੋਖੇ ਵਿਚੋਂ ਕਰ ਸਕਦੇ ਹਾਂ।

ਗੁਰੂ ਸਾਹਿਬਾਨ ਬਾਰੇ ਸਾਨੂੰ ਸਾਖੀਆਂ ਵੀ ਮਿਲਦੀਆਂ ਹਨ, ਚਾਹੇ ਉਹ ਕਾਵਿ-ਰੂਪ ਵਿਚ ਹਨ, ਚਾਹੇ ਵਾਰਤਕ ਰੂਪ ਵਿਚ। ਉਹਨਾਂ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਵਾਕਫ਼ੀ ਮਿਲਦੀ ਹੈ। ਸਭ ਤੋਂ ਪਹਿਲੀ ਸਾਖੀ ਤਾਂ ਉਹਨਾਂ ਦੀ ਬਚਪਨ ਵਿਚ ਗੋਇੰਦਵਾਲ ਦੀਆਂ ਗਲੀਆਂ ਵਿਚ ਘੁੰਗਣੀਆਂ ਵੇਚਣ ਵਾਲੀ ਮਿਲਦੀ ਹੈ। ਬਚਪਨ ਵਿਚ ਹੀ ਮਾਂ-ਬਾਪ ਦਾ ਸਾਇਆ ਸਿਰ ਤੋਂ ਉਠ ਜਾਣ ਕਰਕੇ ਹੋਸ਼ ਸੰਭਾਲਦੇ ਹੀ ਕਿਰਤ-ਕਮਾਈ ਕਰਕੇ ਉਦਰ ਪੂਰਤੀ ਕਰਦੇ ਸਨ। ਆਪ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ। ਬਾਲਪਨ ਤੋਂ ਹੀ ਉਹਨਾਂ ਦੀ ਸ਼ਖ਼ਸੀਅਤ ਦਾ ਪ੍ਰਭਾਵ ਕੁਝ ਐਸਾ ਸੀ ਕਿ ਗੁਰੂ ਅਮਰਦਾਸ ਜੀ ਦੀ ਪਾਰਖੂ ਅੱਖ ਨੇ ਇਕ ਘੁੰਗਣੀਆਂ ਵੇਚਣ ਵਾਲੇ ਅਤੇ ਸਿਰ 'ਤੇ ਖਾਰੀ ਚੁੱਕਣ ਵਾਲੇ ਬੱਚੇ ਵਿਚ ਉਹ ਗੁਣ ਦੇਖ ਲਏ ਸਨ ਜਿਨ੍ਹਾਂ ਸਦਕਾ ਉਹ ਗੁਰੂ ਨਾਨਕ ਦੇਵ ਜੀ ਦੇ ਉਲੀਕੇ ਗਾਡੀ-ਰਾਹ 'ਤੇ ਚਲ ਕੇ ਭਟਕੇ ਜੀਵਾਂ ਨੂੰ ਆਤਮਿਕ ਮੰਡਲ ਵਲ ਟੋਰ ਸਕਦੇ ਸਨ।

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਅਜਿਹੀ ਆਤਮਾ ਦੇ ਦਰਸ਼ਨ ਹੁੰਦੇ ਹਨ, ਜਿਸ ਵਿਚ ਗੁਰੂ-ਮਿਲਾਪ ਅਤੇ ਵਾਹਿਗੁਰੂ ਦੀ ਪ੍ਰਾਪਤੀ ਲਈ ਤਰਲਾ, ਵੈਰਾਗ ਅਤੇ ਬਿਹਬਲਤਾ ਹੈ, ਪਰ ਭਟਕਣਾ ਨਹੀਂ। ਉਸ ਵਿਚੋਂ ਸ਼ਾਂਤੀ ਦੀ ਫੁਹਾਰ ਪੈਂਦੀ ਹੈ, ਜੋ ਤਨ, ਮਨ ਨੂੰ ਸੀਤਲਤਾ ਬਖ਼ਸ਼ਦੀ ਹੈ। ਭਾਈ ਜੇਠਾ ਜੀ ਆਪਣੇ ਆਪ ਨੂੰ ਅਨਾਥ ਬਾਲਕ ਦੀ ਤਰ੍ਹਾਂ ਆਪਣੀ ਪ੍ਰਤਿਪਾਲਣਾ ਲਈ ਉਸ ਪ੍ਰਭੂ ਨੂੰ ਸੌਂਪਦੇ ਹਨ ਜੋ ਜ਼ੱਰੇ ਜ਼ੱਰੇ ਵਿਚ ਰਮਿਆ ਹੋਇਆ ਸਭ ਦੀ ਸਾਰ ਲੈਂਦਾ ਹੈ:

ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ॥
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ॥

(ਪੰਨਾ ੮੧)

SikhBookClub.com

ਆਪਣੇ ਇਸ ਨਗਰ ਪਿਛੋਕੜ ਅਤੇ ਨਿਆਸਰੇਪਨ ਨੂੰ ਉਹਨਾਂ ਸਦਾ ਹੀ ਧਿਆਨ ਵਿਚ ਰੱਖਿਆ ਅਤੇ ਆਸਰਾ ਦੇਣ ਵਾਲੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਉਹ ਆਪ ਲਿਖਦੇ ਹਨ:

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

(ਪੰਨਾ ੧੬੭)

ਉਨ੍ਹਾਂ ਦੇ ਸੁਭਾਅ ਦੀ ਇਸ ਨਿਮ੍ਰਤਾ ਦੀ ਗਵਾਹੀ ਇਕ ਸਾਖੀ ਵੀ ਭਰਦੀ ਹੈ ਜਿਸ ਵਿਚ ਗੁਰਿਆਈ ਪ੍ਰਾਪਤ ਕਰਨ ਤੋਂ ਪਿਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨਾਲ ਹੋਈ ਮੁਲਾਕਾਤ ਦਾ ਵੇਰਵਾ ਮਿਲਦਾ ਹੈ। ਇਸ ਪ੍ਰਸੰਗ ਤੋਂ ਆਪ ਜੀ ਦੀ ਕਥਨੀ ਅਤੇ ਕਰਨੀ ਵਿਚ ਸਮਾਨਤਾ ਦਾ ਸਬੂਤ ਮਿਲਦਾ ਹੈ। ਇਸ ਕਥਾ ਦਾ ਵਰਣਨ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ:

ਗੁਰੁ ਨਾਨਕ ਜੀ ਕਾ ਲਖ ਪੂਤ।
ਤਿਆਗੀ ਸੰਤ ਰੂਪ ਅਵਧੂਤ।
ਘੋੜਾ ਇਕ ਪੰਜ ਸੌ ਰੁਪਯਾ।
ਭੇਟਾ ਦਈ ਹੋਈ ਖੁਸ਼ ਲੱਯਾ।
ਸ੍ਰੀ ਚੰਦ ਤਬ ਗਿਰਾ ਉਚਾਰੀ:
'ਕਾਹਿ ਬਢਾਈ ਦਾੜ੍ਹੀ ਭਾਰੀ?'
ਰਾਮਦਾਸ ਗੁਰੂ ਨਿੰਮਰ ਹੋਹੈ।
ਕਹਿਓ: 'ਆਪ ਸੇ ਸਾਧੂ ਜੋ ਹੈ।
ਉਨ ਕੇ ਚਰਨ ਪੋਛਨੇ ਕਾਰਨ।'
ਇਮ ਕਹਿ ਲਗੇ ਚਰਨ ਤਿਹ ਝਾਰਨ।
ਸਿਰੀ ਚੰਦ ਖੁਸ਼ਿ ਹੋਇ ਉਚਾਰਾ:
'ਇਸੀ ਤੌਰ ਘਰ ਲੁਟਿਓ ਹਮਾਰਾ।'

(ਤਵਾਰੀਖ਼ ਗੁਰੂ ਖ਼ਾਲਸਾ, ਭਾਸ਼ਾ ਵਿਭਾਗ, ਪੰਨਾ ੩੪੯)

ਸਿਰਫ਼ ਇਤਨਾ ਹੀ ਨਹੀਂ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਵੀ ਉਨ੍ਹਾਂ ਵਿਚ ਕਿਸੇ ਕਿਸਮ ਦੀ ਵਡਿਆਈ ਜਾਂ ਅਹੰ ਨਹੀਂ ਆਇਆ ਅਤੇ ਆਪਣੇ ਹੱਥੀਂ ਸਾਧਾਂ ਤੇ ਸੰਗਤਾਂ ਦੀ ਸੇਵਾ ਕਰਨ ਵਿਚ ਉਹ ਆਪਣਾ ਮਾਣ ਸਮਝਦੇ ਸਨ।

ਇਥੋਂ ਤਕ ਕਿ ਆਪਣੇ ਲਈ ਉਨ੍ਹਾਂ ਨੇ ਮੂਰਖ, ਅੰਧੁਲੇ, ਗਰੀਬ, ਅਣਜਾਣ ਆਦਿ ਸ਼ਬਦਾਂ ਦੀ ਵਰਤੋਂ ਕਰਨ ਵਿਚ ਵੀ ਕੋਈ ਹੱਤਕ ਨਹੀਂ ਸਮਝੀ:

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥
ਜੋਗੀ ਗੋਰਖੁ ਗੋਰਖੁ ਕਰਿਆ॥
ਮੈ ਮੂਰਖ ਹਰਿ ਹਰਿ ਜਪੁ ਪੜਿਆ॥੧॥.....
ਮੈ ਅੰਧੁਲੇ ਹਰਿ ਟੇਕ ਟਿਕਾਈ॥੪॥

(ਪੰਨਾ ੧੬੩-੬੪)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਬੜੇ ਨਿਆਂ ਪਸੰਦ ਸਨ ਜੋ ਇਕ ਰੱਬੀ-ਗੁਣ ਹੈ। ਕਿਉਂਕਿ ਪ੍ਰਭੂ ਆਪ ਸੱਚਾ ਇਨਸਾਫ਼ ਕਰਨ ਵਾਲਾ ਹੈ ਅਤੇ ਇਸ ਵਿਚ ਗੁਰੂ ਸਾਹਿਬ ਦਾ ਪੱਕਾ ਅਕੀਦਾ ਹੈ। ਪਹਿਲੀਆਂ ਤਿੰਨਾਂ ਪਾਤਸ਼ਾਹੀਆਂ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਆਪਣੇ ਤਿੰਨਾਂ ਪੁੱਤਰਾਂ ਵਿਚ ਵੀ ਗੁਰਗੱਦੀ ਦੀ ਪ੍ਰਾਪਤੀ ਲਈ ਮਨ ਮੁਟਾਵ ਰਹੇ ਪਰ ਸਾਰੇ ਹੀ ਗੁਰੂ ਸਾਹਿਬਾਨਾਂ ਨੇ ਉਚਿਤ ਨਿਆਂ ਦੇ ਆਧਾਰ 'ਤੇ ਗੁਰੂ ਪਦਵੀ ਇਸ ਦੇ ਸੱਚੇ ਹੱਕਦਾਰ ਨੂੰ ਹੀ ਦਿੱਤੀ ਅਤੇ ਨਿੰਦਾ ਬਖੀਲੀ ਕਰਨ ਵਾਲਿਆਂ ਨੂੰ ਮਾੜਾ ਹੀ ਕਿਹਾ:

ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥

(ਪੰਨਾ ੩੦੮)

ਅਤੇ

ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ॥
ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥

(ਪੰਨਾ ੮੯)

ਚੌਥੇ ਨਾਨਕ ਮਨੁੱਖਤਾ ਦੇ ਸੱਚੇ ਹਾਮੀ ਸਨ। ਲਿੰਗ ਭੇਦ, ਜਾਤੀ ਭੇਦ, ਵਰਗ ਆਦਿ ਦੇ ਬਿਲਕੁਲ ਵੀ ਰਵਾਦਾਰ ਨਹੀਂ ਸਨ। ਉਨ੍ਹਾਂ ਦੀ ਬਾਣੀ ਵਿਚੋਂ ਮਨੁੱਖਤਾ ਦੇ ਨਾਤੇ ਸਰਬ ਸਾਂਝੀਵਾਲਤਾ ਦਾ ਸੰਕਲਪ ਹੀ ਉਘੜਦਾ ਹੈ। ਜਿਵੇਂ:

ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥

(ਪੰਨਾ ੯੮੩)

ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ
ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥

(ਪੰਨਾ ੫੯੪)

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ॥

(ਪੰਨਾ ੧੧੭੮)

ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ॥

(ਪੰਨਾ ੧੩੧੬)

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ
ਸੋ ਆਪਿ ਤਰੈ ਕੁਲ ਸਗਲ ਤਰਾਧੋ॥

(ਪੰਨਾ ੧੨੯੭)

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਉਸਤਤ ਅਤੇ ਨਿੰਦਾ ਤੋਂ ਵੀ ਪਰ੍ਹੇ ਦੀ ਸ਼ਖ਼ਸੀਅਤ ਸਨ ਅਤੇ ਉਹ ਸਭ ਨੂੰ ਇਕੋ ਨਜ਼ਰ ਨਾਲ ਵੇਖਣ ਦਾ ਹੀ ਉਪਦੇਸ਼ ਦਿੰਦੇ ਹਨ। ਉਨ੍ਹਾਂ ਦੇ ਇਸ ਪੱਖ ਦੀ ਪੁਸ਼ਟੀ ਇਨ੍ਹਾਂ ਤੁਕਾਂ ਰਾਹੀਂ ਹੁੰਦੀ ਹੈ:

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ॥

(ਪੰਨਾ ੧੨੬੪)

SikhBookClub.com

ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥

(ਪੰਨਾ ੧੪੨੧)

ਕਾਮਲ ਗੁਰੂ ਦੇ ਚਰਨੀਂ ਲਗਣਾ ਅਤੇ ਉਸ ਦੇ ਰਾਹੀਂ ਹੀ ਪ੍ਰਭੂ ਦੀ ਪ੍ਰਾਪਤੀ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਇਕ ਮਹੱਤਵਪੂਰਨ ਵਿਸ਼ਾ ਰਿਹਾ ਹੈ। ਜਿਸ ਤੋਂ ਉਹਨਾਂ ਦੇ ਗੁਰੂ-ਪਿਆਰ ਅਤੇ ਜੀਵਨ ਵਿਚ ਉਸ ਦੀ ਮਹੱਤਤਾ ਦਾ ਅਹਿਸਾਸ ਹੁੰਦਾ ਹੈ। ਸਤਿਗੁਰੂ ਦੇ ਬਚਨਾਂ ਉੱਤੇ ਨਿਸ਼ਚਾ ਕਰਨਾ ਗੁਰੂ ਆਗਿਆ ਅਨੁਸਾਰ ਚਲਣਾ ਹੀ ਉਨ੍ਹਾਂ ਦੇ ਜੀਵਨ ਦਾ ਇਕ ਮਹਾਨ ਆਸ਼ਾ ਸੀ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥ *(ਪੰਨਾ ੩੦੯)*

ਚੰਗੀ ਸੰਗਤ ਹੀ ਮਨੁੱਖੀ ਆਤਮਾ ਨੂੰ ਗੁਣਾਂ ਨਾਲ ਭਰਪੂਰ ਕਰਦੀ ਹੈ ਅਤੇ ਕੁਸੰਗਤ ਔਗੁਣਾਂ ਵੱਲ ਲਿਜਾਂਦੀ ਹੈ। ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖ ਚਾਹੇ ਉਹ ਸਾਧ ਜਨ ਹੈ ਜਾਂ ਇਕ ਸਾਧਾਰਨ ਵਿਅਕਤੀ। ਸਮਾਜਕ ਪ੍ਰਾਣੀ ਹੋਣ ਕਰਕੇ ਉਸ ਨੂੰ ਸੰਗਤ ਦੀ ਲੋੜ ਹੁੰਦੀ ਹੈ। ਰੱਬੀ-ਭਗਤਾਂ ਦੀ ਸੰਗਤ ਵੀ ਉਨ੍ਹਾਂ ਵਾਂਗ ਸੰਤ ਜਨਾਂ ਦੀ ਹੀ ਹੁੰਦੀ ਹੈ, ਜੋ ਉਸ ਦੇ ਮਿਤ੍ਰ ਵੀ ਹਨ ਅਤੇ ਭਰਾ ਵੀ। ਉਨ੍ਹਾਂ ਦੀ ਸੰਗਤ ਵਿਚ ਰਹਿੰਦਿਆਂ ਹੀ ਨਾਮ ਦੀ ਪ੍ਰਾਪਤੀ ਹੋਣ ਕਰਕੇ ਪ੍ਰਭੂ-ਮਿਲਾਪ ਦਾ ਰਾਹ ਮਿਲਦਾ ਹੈ:

ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ॥

(ਪੰਨਾ ੯੪)

ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ॥

(ਪੰਨਾ ੨੩੪)

ਗੁਰੂ ਰਾਮਦਾਸ ਜੀ ਅਨੁਸਾਰ, ਨੇਕ ਕਮਾਈ ਕਰਨ ਵਾਲੇ ਅਤੇ ਰੱਬ 'ਤੇ ਭਰੋਸਾ ਰੱਖਣ ਵਾਲੇ ਸਾਰੇ ਡਰਾਂ ਤੋਂ ਮੁਕਤ ਹੁੰਦੇ ਹਨ। ਪਰੰਤੂ, ਲੁੱਟ-ਖਸੁੱਟ ਕਰਕੇ ਧਨ ਇਕੱਠਾ ਕਰਨ ਵਾਲੇ ਜਿਥੇ ਹੰਕਾਰੀ ਹੁੰਦੇ ਹਨ, ਉਥੇ ਉਹਨਾਂ ਨੂੰ ਅੰਦਰੋਂ ਅੰਦਰ ਡਰ ਵੀ ਰਹਿੰਦਾ ਹੈ ਕਿ ਕਿਤੇ ਉਹਨਾਂ ਦੇ ਪਾਖੰਡਾਂ ਦਾ ਭਾਂਡਾ ਨਾ ਫੁਟ ਜਾਏ:

ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ॥
ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥

(ਪੰਨਾ ੩੦੩)

ਚੌਥੇ ਪਾਤਸ਼ਾਹ ਦੇ ਜੀਵਨ ਦੀ ਨੇਕ ਕਮਾਈ ਅਤੇ ਮਨੁੱਖੀ ਜਾਮੇ ਦੀ ਸਫਲਤਾ ਉਹਨਾਂ ਦੇ ਸ਼ਬਦਾਂ ਰਾਹੀਂ ਉਜਾਗਰ ਹੁੰਦੀ ਹੋਈ ਹਰੇਕ ਨੂੰ ਇਸ ਪਾਸੇ ਵਲ ਪ੍ਰੇਰਦੀ ਹੈ ਤਾਂ ਜੋ ਮਨੁੱਖ ਇਸ ਜਾਮੇ ਵਿਚ ਧਰਮ ਕਮਾਵੇ ਤੇ ਨੇਕ ਕਮਾਈ ਕਰੇ। ਅਜਿਹਾ ਕਰਨ ਨਾਲ ਉਸ ਨੂੰ ਸਭ ਕੁਝ ਇਸ ਸਰੀਰ ਤੋਂ ਪ੍ਰਾਪਤ ਹੋ ਸਕਦਾ ਹੈ। ਪਰ, ਇਸ ਦੀ ਸੋਝੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ।

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥

(ਪੰਨਾ ੩੦੯)

SikhBookClub.com

ਅਤੇ ਜੇ ਉਹ ਇਸ ਰਾਜ਼ ਨੂੰ ਨਹੀਂ ਸਮਝ ਸਕਿਆ ਤਾਂ ਮਾਣਸ ਜਨਮ ਜੋ ਭਾਗਾਂ ਨਾਲ ਮਿਲਦਾ ਹੈ ਅਜਾਈਂ ਚਲਾ ਜਾਏਗਾ ਅਤੇ ਮਨੁੱਖ ਭਟਕਣਾ ਦੇ ਚੱਕਰ ਵਿਚ ਪਿਆ ਰਹੇਗਾ:

ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥

(ਪੰਨਾ ੪੫੦)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਪਿਆਰ-ਭਰੀ, ਮਧੁਰ ਤੇ ਵੈਰਾਗ਼ਮਈ ਸ਼ਬਦਾਵਲੀ ਸਪੱਸ਼ਟ ਦੱਸਦੀ ਹੈ ਕਿ ਉਹ ਕਿੰਨੇ ਪਿਆਰ ਹਿਰਦੇ ਵਾਲੇ ਵਿਅਕਤਤ੍ਵ ਦੇ ਮਾਲਕ ਸਨ। ਉਹਨਾਂ ਨੂੰ ਜੇ ਪਿਆਰ ਦੀ ਮੂਰਤੀ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। ਉਹਨਾਂ ਦੇ ਪਿਆਰ ਸੰਬੋਧਨ ਵਾਲੇ ਸ਼ਬਦਾ ਦਾ ਉਚਾਰਨ ਕਰਦਿਆਂ ਹੀ ਮਨ ਕਿਸੇ ਅਕਹਿ ਆਨੰਦ ਵਿਚ ਝੂਮ ਉਠਦਾ ਹੈ:

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ॥

(ਪੰਨਾ ੧੭੪)

ਕਿਤਨਾ ਤਰਲਾ ਹੈ ਪਿਆਰੇ ਦੇ ਮਿਲਾਪ ਲਈ ਕਿ ਸਭ ਕੁਝ ਅਰਪਨ ਨੂੰ ਤਿਆਰ ਹੋ ਜਾਂਦੇ ਹਨ:

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥

(ਪੰਨਾ ੭੫੭)

ਵੈਰਾਗ-ਮਈ ਮੂਰਤ ਦਾ ਚਿਤਰ ਵੇਖੋ:

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥

(ਪੰਨਾ ੪੪੯)

ਅਤੇ ਪਿਆਰ ਦੇ ਰਸ ਨੂੰ ਮਾਣਦੀ ਹੋਈ ਸੂਰਤ ਦੇ ਦੀਦਾਰੇ ਹੁੰਦੇ ਹਨ:

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥

(ਪੰਨਾ ੪੪੯)

(10/1985)

SikhBookClub.com

ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਕੌਮ ਦੇ ਚੌਥੇ ਪਾਤਸ਼ਾਹ ਹਨ। ਇਨ੍ਹਾਂ ਤੋਂ ਪਹਿਲਾਂ ਸਿੱਖਾਂ ਦੇ ਤਿੰਨ ਪਾਤਸ਼ਾਹ ਸਿੱਖ ਧਰਮ ਦੇ ਵਿਕਾਸ ਨੂੰ ਆਪਣੇ ਆਪਣੇ ਸਮਿਆਂ ਵਿਚ ਪੂਰਾ ਕਰ ਚੁੱਕੇ ਸਨ। ਸਿੱਖ ਧਰਮ, ਕਿਉਂਕਿ ਇਕ ਪ੍ਰਚਾਰਕ ਧਰਮ ਸੀ ਇਸ ਲਈ ਇਸ ਧਰਮ ਦੇ ਪ੍ਰਚਾਰ ਲਈ ਹਰ ਗੁਰੂ ਸਾਹਿਬ ਨੇ ਆਪਣੇ ਆਪਣੇ ਸਮਿਆਂ ਦੇ ਢੰਗ-ਤਰੀਕਿਆਂ ਜਾਂ ਲੋੜਾਂ ਅਨੁਸਾਰ ਇਸ ਨੂੰ ਪ੍ਰਚਾਰਿਆ ਅਤੇ ਫੈਲਾਇਆ। ਅਸਲ ਵਿਚ ਹਰ ਇਕ ਗੁਰੂ ਸਾਹਿਬ ਦਾ ਸਮਾਂ ਆਪਣੇ ਆਪ ਵਿਚ ਇਕ ਯੁੱਗ ਦੀ ਸਮਾਪਤੀ ਸੀ। ਸਿੱਖ ਧਰਮ ਦੇ ਵਿਕਾਸ ਨੇ ਦਸ ਗੁਰੂ ਸਾਹਿਬਾਨ ਦੀ ਰਹਿਨੁਮਾਈ ਹੇਠ ਆਪਣੀ ਮੰਜ਼ਿਲ ਤਹਿ ਕੀਤੀ। ਇਸ ਤਰ੍ਹਾਂ ਗੁਰੂ ਜੋਤਿ ਨੇ ਆਪਣੇ ਦਸ ਜਾਮਿਆਂ ਵਿਚ ਸਿੱਖ ਧਰਮ ਦੀਆਂ ਦਸ ਮੰਜ਼ਿਲਾਂ ਸੰਪੂਰਨ ਕੀਤੀਆਂ ਸਨ।

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸਿਰਫ਼ ਯੋਗਤਾ ਦੇ ਆਧਾਰ 'ਤੇ ਹੀ ਮਿਲੀ। ਇਸ ਕਰਕੇ ਬਾਬਾ ਸ੍ਰੀ ਚੰਦ ਜੀ ਦੀ ਮੌਜੂਦਗੀ ਵਿਚ ਅਤੇ ਲੋਕਾਂ ਦੇ ਖ਼ੂਨ ਵਿਚ ਪੂਰੀ ਤਰ੍ਹਾਂ ਰਚੇ ਹੋਏ ਹਿੰਦੂ ਵਿਰਾਸਤ ਦੇ ਪਿਤਾ-ਪੁਰਖੀ ਸਿੱਧਾਂਤ ਦੀ ਮੌਜੂਦਗੀ ਵਿਚ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਸਾਹਮਣੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਅਤੇ ਪ੍ਰਸਾਰਣ ਦੇ ਰਾਹ ਵਿਚ ਜ਼ਬਰਦਸਤ ਚੁਣੌਤੀਆਂ ਸਨ। ਲੇਕਿਨ ਗੁਰੂ ਸਾਹਿਬ ਨੇ ਇਨ੍ਹਾਂ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸਮੇਂ ਦੀਆਂ ਸਭ ਮੌਜੂਦਾ ਪਰੰਪਰਾਵਾਂ ਨੂੰ ਖ਼ਤਮ ਕਰਕੇ ਸਿੱਖ ਸਿਧਾਂਤ ਕਾਇਮ ਕੀਤੇ।

ਸ੍ਰੀ ਗੁਰੂ ਅਮਰਦਾਸ ਜੀ ਨੂੰ ਵੀ ਗੁਰਗੱਦੀ ਯੋਗਤਾ ਦੇ ਆਧਾਰ 'ਤੇ ਮਿਲੀ। ਇਸ ਲਈ ਇਹ ਚੁਣੌਤੀ ਨਵੀਂ ਨਹੀਂ ਸੀ। ਪਰ ਉਨ੍ਹਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਵਿਰੋਧੀ ਫਿਰਕਿਆਂ ਦੀ ਸਰਗਰਮ ਵਿਰੋਧਤਾ ਅਤੇ ਸਮੇਂ ਦੇ ਰਾਜ ਦੀ ਬਾਦਸ਼ਾਹਾਂ ਨਾਲ ਮੇਲ ਰੱਖਣ ਦੇ ਢੰਗ ਤਰੀਕਿਆਂ ਦੀ ਸੀ। ਜਿਥੇ ਗੁਰੂ ਜੀ ਨੇ ਆਪਣੀ ਪਰਬਤ ਜੈਸੀ ਅਡੋਲਤਾ ਅਤੇ ਸਹਿਨਸ਼ੀਲਤਾ ਨਾਲ ਆਪਣੇ ਵਿਰੋਧੀ ਫ਼ਿਰਕਿਆਂ ਨੂੰ ਪ੍ਰਭਾਵਹੀਣ ਕੀਤਾ, ਉਥੇ ਅਕਬਰ ਜੈਸੇ ਮਹਾਨ ਬਾਦਸ਼ਾਹ ਦੇ ਉਨ੍ਹਾਂ ਦੇ ਦਰਬਾਰ ਵਿਚ ਚਲ ਕੇ ਆਉਣ 'ਤੇ ਵੀ, ਗੁਰੂ ਜੀ ਨੇ ਪੀਰਾਂ ਦੀ ਪੀਰੀ ਨੂੰ ਨੀਵਾਂ ਨਹੀਂ ਹੋਣ ਦਿੱਤਾ। ਅਕਬਰ ਨੇ ਪਹਿਲਾਂ ਸਿੱਖ ਸੰਗਤਾਂ ਵਿਚ ਬੈਠ ਕੇ ਲੰਗਰ ਛਕਿਆ ਅਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਉਸ ਸਮੇਂ ਵਿਚ ਬਾਦਸ਼ਾਹ ਜੈਸੀ ਸਰਬਉਚ ਸ਼ਖ਼ਸੀਅਤ ਵੀ ਜੇਕਰ ਜਨ-ਸਾਧਾਰਨ ਵਿਚ ਬੈਠ ਕੇ ਲੰਗਰ ਛਕਦੀ ਹੈ ਤਾਂ ਇਸ ਦਾ ਕਾਰਨ ਵੀ ਉਸ ਦ੍ਰਿੜ੍ਹ ਪੀਰ ਦੀ ਦ੍ਰਿੜ੍ਹਤਾ ਭਰੀ ਨੀਤੀ ਦਾ ਹੀ ਸਿੱਟਾ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਬਾਈ ਭਾਗਾਂ ਜਾਂ ਮੰਜੀਆਂ ਵਿਚ ਵੰਡ ਕੇ ਇਕ ਨਵੇਂ ਸਿੱਖ ਸੰਗਠਨ ਦੀ ਨੀਂਹ ਰੱਖੀ ਅਤੇ ਇਸ ਤਰ੍ਹਾਂ ਉਭਰ ਰਿਹਾ ਸਿੱਖ ਸਮਾਜ ਇਕ ਜਥੇਬੰਦਕ ਸਮਾਜਕ ਇਕਾਈ ਬਣ ਗਿਆ।

SikhBookClub.com

ਇਸੇ ਦੇ ਨਾਲ ਨਾਲ ਹੀ ਸਿੱਖਾਂ ਦੇ ਵਿਚੋਂ ਉਨ੍ਹਾਂ ਬ੍ਰਾਹਮਣ ਵਾਦੀ ਵਿਚਾਰਾਂ ਨੂੰ ਪੂਰੀ ਸਖਤਾਈ ਨਾਲ ਖ਼ਤਮ ਕਰ ਦਿੱਤਾ ਗਿਆ ਜੋ ਜਨਮ ਅਤੇ ਮਰਨ ਸਮੇਂ ਮਨੁੱਖ ਦੀ ਮਾਨਸਿਕ ਸੋਚ ਨੂੰ ਅੰਨ੍ਹਾ ਬਣਾਈ ਰੱਖਦੇ ਸਨ। ਜਨਮ ਅਤੇ ਮਰਨ ਦੇ ਮੌਕਿਆਂ 'ਤੇ ਆਪਣੀ ਰਚੀ ਬਾਣੀ ਅਨੰਦ ਸਾਹਿਬ ਨੂੰ ਪੜ੍ਹਨ ਦੀ ਪ੍ਰਥਾ ਤੋਰੀ ਤਾਂ ਕਿ ਮਨੁੱਖ ਹਰ ਖ਼ੁਸ਼ੀ ਜਾਂ ਗ਼ਮੀ ਦੇ ਸਮੇਂ ਅਕਾਲ ਪੁਰਖ ਦੇ ਭਾਣੇ ਨੂੰ ਮੰਨਦਾ ਹੋਇਆ ਦੋਹਾਂ ਤੋਂ ਹੀ ਮੁਕਤ ਮਹਿਸੂਸ ਕਰੇ। ਔਰਤਾਂ ਨੂੰ ਬੁਰਕੇ ਵਿਚੋਂ ਕੱਢ ਕੇ ਅਤੇ ਆਪਣੇ ਪਤੀਆਂ ਦੀ ਮ੍ਰਿਤੂ ਉਪਰੰਤ ਉਸ ਦੀ ਦੇਹ ਨਾਲ ਸੜਨ ਦੀ ਰਵਾਇਤ ਨੂੰ ਖ਼ਤਮ ਕਰਕੇ ਗੁਰੂ ਜੀ ਨੇ ਇਸਤਰੀ ਜਗਤ ਨੂੰ ਸਮਾਜਕ ਬੰਧਨਾਂ ਵਿਚੋਂ ਮੁਕਤ ਕੀਤਾ ਅਤੇ ਇਸ ਨਾਲ ਬ੍ਰਾਹਮਣਵਾਦੀ ਅਤੇ ਇਸਲਾਮ ਦੀਆਂ ਸਮਾਜ ਵਿਰੋਧੀ ਰਵਾਇਤਾਂ ਨੂੰ ਖ਼ਤਮ ਕੀਤਾ। ਇਸ ਤਰ੍ਹਾਂ ਸਿੱਖ ਧਰਮ ਸ੍ਰੀ ਗੁਰੂ ਰਾਮਦਾਸ ਜੀ ਦੇ ਆਗਮਨ ਤਕ ਪੂਰੇ ਤਿੰਨ ਪੜਾਅ ਪੂਰੇ ਕਰ ਚੁੱਕਿਆ ਸੀ। ਇਨ੍ਹਾਂ ਤਿੰਨਾਂ ਪੜਾਵਾਂ ਵਿਚ ਸਿੱਖ ਸਮਾਜ ਹਿੰਦੂ ਅਤੇ ਬ੍ਰਹਮਣਵਾਦੀ ਸਮਾਜ ਨਾਲੋਂ ਆਪਣਾ ਵਖਰੇਵਾਂ ਧਾਰਨ ਕਰ ਚੁੱਕਿਆ ਸੀ। ਇਸ ਵਖਰੇਵੇਂ ਦੀ ਸੂਰਤ ਅਖ਼ਤਿਆਰ ਕਰ ਚੁੱਕੇ ਸਮਾਜ ਨੂੰ ਚੌਥੇ ਰੂਪ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੂੰ ਇਸ ਦੀ ਵਾਗ ਡੋਰ ਸੰਭਾਲੀ ਗਈ।

ਸ੍ਰੀ ਗੁਰੂ ਰਾਮਦਾਸ ਜੀ ਦਾ ਸਾਰਾ ਸਮਾਂ ਸ਼ਾਂਤਮਈ ਸੀ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਪੂਰੀ ਦ੍ਰਿੜ੍ਹਤਾ ਅਤੇ ਮਜ਼ਬੂਤੀ ਨਾਲ ਅੰਮ੍ਰਿਤ ਸਰੋਵਰ ਅਤੇ ਨਗਰ ਦੀ ਸਥਾਪਨਾ ਸਿੱਖ ਸਮਾਜ ਲਈ ਇਤਨੀ ਮਹੱਤਵਪੂਰਨ ਸਾਬਤ ਹੋਈ ਹੈ ਕਿ ਇਹ ਸਮੁੱਚੇ ਸਿੱਖ ਸਮਾਜ ਦੀ ਕੇਂਦਰੀ ਰਾਜਧਾਨੀ ਦਾ ਰੂਪ ਧਾਰਨ ਕਰ ਗਿਆ ਹੈ। ਇਸ ਤਰ੍ਹਾਂ ਅੰਮ੍ਰਿਤਸਰ ਦੀ ਸਥਾਪਨਾ ਸ੍ਰੀ ਗੁਰੂ ਰਾਮਦਾਸ ਜੀ ਦੀ ਸਿੱਖ ਸਮਾਜ ਨੂੰ ਇਕ ਬਹੁਤ ਵੱਡੀ ਦੇਣ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 1534 ਈ. ਵਿਚ ਲਹੌਰ ਸ਼ਹਿਰ ਦੀ ਚੂਨੀ ਮੰਡੀ ਵਿਖੇ ਪਿਤਾ ਹਰਿਦਾਸ ਜੀ ਦੇ ਘਰ ਹੋਇਆ ਸੀ। ਆਪ ਆਪਣੇ ਮਾਤਾ ਪਿਤਾ ਜੀ ਦੇ ਸਭ ਤੋਂ ਵੱਡੇ ਸਪੁੱਤਰ ਸਨ ਇਸੇ ਕਰਕੇ ਹੀ ਆਪ ਜੀ ਨੂੰ 'ਜੇਠਾ' ਕਹਿ ਕੇ ਬੁਲਾਇਆ ਜਾਂਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਮੁੱਢ ਤੋਂ ਹੀ ਧਾਰਮਿਕ ਰੁਚੀਆਂ ਵਾਲੇ ਸਨ, ਇਸੇ ਕਰਕੇ ਹੀ ਆਪ ਦਾ ਸਬੰਧ ਜੁਆਨੀ ਦੀ ਉਮਰ ਵਿਚ ਹੀ ਸ੍ਰੀ ਗੁਰੂ ਅਮਰਦਾਸ ਜੀ ਨਾਲ ਹੋ ਗਿਆ ਸੀ। ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦੀ ਧਾਰਮਿਕ ਰੁਚੀ, ਕੰਮ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਪ੍ਰਤੀ ਸੱਚੀ ਵਫ਼ਾਦਾਰੀ ਦਾ ਕਾਰਨ ਹੀ ਸੀ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨਾਲ ਆਪਣੀ ਪਿਆਰੀ ਸਪੁੱਤਰੀ ਬੀਬੀ ਭਾਨੀ ਜੀ ਦਾ ਸ਼ੁਭ ਵਿਆਹ ਕਰ ਦਿੱਤਾ। ਇਸ ਤਰ੍ਹਾਂ ਭਾਈ ਜੇਠਾ ਜੀ ਸਿੱਧੀ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨਾਲ ਜੁੜ ਗਏ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਅੰਤਲੇ ਸਮੇਂ ਆਪਣੇ ਸਪੁੱਤਰਾਂ ਦੇ ਮੁਕਾਬਲੇ ਭਾਈ ਜੇਠਾ ਜੀ ਵਿਚ ਸਿੱਖ ਧਰਮ-ਸਮਾਜ ਨੂੰ ਚਲਾਉਣ ਦੀ ਯੋਗਤਾ ਮਹਿਸੂਸ ਕੀਤੀ ਜਿਸ ਕਰਕੇ ਆਪਣੇ ਪਿਛੋਂ ਭਾਈ ਜੇਠਾ ਜੀ ਨੂੰ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਚੌਥੇ ਪਾਤਸ਼ਾਹ ਦੇ ਤੌਰ ਤੇ ਥਾਪ ਦਿੱਤਾ।

ਰਾਮਕਲੀ ਸੱਦ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਆਪਣੇ ਅੰਤਮ ਸਮੇਂ ਗੁਰਗੱਦੀ ਬਖਸ਼ਣ ਦਾ ਇਕ ਸਪੱਸ਼ਟ ਇਸ਼ਾਰਾ ਹੈ। ਜਿਸ ਰਾਹੀਂ ਇਹ ਸਾਬਤ ਹੁੰਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਾਹਮਣੇ ਹੀ ਆਪਣੇ ਪੁੱਤਰਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਅਗਵਾਈ ਵਿਚ ਪੇਸ਼ ਕੀਤਾ ਅਤੇ ਅੱਗੋਂ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਅਗਵਾਈ ਮੰਨਦੇ

SikhBookClub.com

ਰਹਿਣ ਲਈ ਹੁਕਮ ਦਿੱਤਾ। ਇਸੇ ਤਰ੍ਹਾਂ ਸਮੁੱਚੀ ਸਿੱਖ ਸੰਗਤ ਨੂੰ ਵੀ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ ਵਿਚ ਵਿਸ਼ਵਾਸ ਕਰਨ ਦਾ ਹੁਕਮ ਦਿੱਤਾ। ਇਸ ਸੱਦ ਦੇ ਬੋਲ ਇਸ ਤਰ੍ਹਾਂ ਹਨ:

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥

(ਪੰਨਾ ੯੭੪)

ਇਸ ਤਰ੍ਹਾਂ ਚੌਥੇ ਪਾਤਸ਼ਾਹ ਦੇ ਰੂਪ ਵਿਚ ਪ੍ਰਗਟ ਹੋ ਕੇ ਗੁਰੂ ਰਾਮਦਾਸ ਜੀ ਨੇ ਆਪਣਾ ਹੈੱਡ ਕੁਆਟਰ ਗੋਇੰਦਵਾਲ ਸਾਹਿਬ ਤੋਂ ਬਦਲ ਕੇ ਅੰਮ੍ਰਿਤਸਰ ਦੀ ਪਵਿੱਤਰ ਧਰਤ-ਸੁਹਾਵੀ ਉਪਰ ਲਿਆ ਸਥਾਪਤ ਕੀਤਾ। ਅੰਮ੍ਰਿਤਸਰ ਸਰੋਵਰ ਦੀ ਖੁਦਾਈ ਕਰਵਾ ਕੇ ਇਕ ਨਵੇਂ ਨਗਰ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਆਤਮਕ ਰੂਪ ਜਾਂ ਸਿੱਖ ਧਰਮ ਦੇ ਅਧਿਆਤਮਵਾਦ ਦੀ ਰੌਸ਼ਨੀ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਇਕ ਐਸੀ ਜੋਤ ਜਲਾ ਦਿੱਤੀ, ਜਿਸ ਨੇ ਪਿਛੋਂ ਸਮੁੱਚੀ ਦੁਨੀਆਂ ਨੂੰ ਰੌਸ਼ਨੀ ਦਿੱਤੀ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤ ਸਰਿ ਵਿਚਿ ਜੋਤਿ ਜਗਾਵੈ।

(ਵਾਰ ੧/੪੭)

ਇਤਨੇ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਸੀ ਕਿ ਸਿੱਖ ਸੰਗਤਾਂ ਵਲੋਂ ਖੁਲ੍ਹੇ ਰੂਪ ਵਿਚ ਉਗਰਾਹੀ ਜਾਂ ਕਾਰ-ਭੇਟਾ ਆਉਂਦੀ । ਇਸ ਦੀ ਪੂਰਤੀ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਨੂੰ ਹੋਰ ਜ਼ਿਆਦਾ ਚੰਗੀ ਤਰ੍ਹਾਂ ਜਥੇਬੰਦ ਕੀਤਾ ਅਤੇ ਇਸ ਤਰ੍ਹਾਂ ਮਸੰਦ ਪ੍ਰਥਾ ਦੀ ਸਥਾਪਨਾ ਹੋਈ। ਮਸੰਦ ਪ੍ਰਥਾ ਦੇ ਚਾਲੂ ਕਰਨ ਨਾਲ ਦੇਸ਼ ਭਰ ਵਿਚ ਬੈਠੀਆਂ ਸਿੱਖ ਸੰਗਤਾਂ ਅੰਮ੍ਰਿਤਸਰ ਦੀ ਉਸਾਰੀ ਨਾਲ ਜੁੜ ਗਈਆਂ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅੰਤਿਮ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ ਤਕ ਉਦਾਸੀ ਫਿਰਕਾ ਸਿੱਖ ਧਰਮ ਦੇ ਵਿਕਾਸ ਲਈ ਇਕ ਮੁੱਖ ਚੁਣੌਤੀ ਸੀ। ਕਿਉਂਕਿ ਬਾਬਾ ਸ੍ਰੀ ਚੰਦ ਜੀ ਦੀ ਸ਼ਖ਼ਸੀਅਤ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਬਹੁਤ ਤਕੜੀ ਸੀ। ਪਰ ਸ੍ਰੀ ਗੁਰੂ ਰਾਮਦਾਸ ਜੀ ਨਾਲ ਜਦੋਂ ਬਾਬਾ ਸ੍ਰੀ ਚੰਦ ਜੀ ਦੀ ਮੁਲਾਕਾਤ ਹੋਈ ਤਾਂ ਬਾਬਾ ਜੀ ਗੁਰੂ ਜੀ ਦੀ ਨਿਮਰਤਾ, ਦਿਆਲਤਾ ਅਤੇ ਅਧਿਆਤਮਿਕ ਸੋਚ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਅੱਗੇ ਤੋਂ ਸਿੱਖ ਗੁਰੂ ਸਾਹਿਬਾਨ ਦੀ ਵਿਰੋਧਤਾ ਛੱਡ ਕੇ ਸਗੋਂ ਉਨ੍ਹਾਂ ਦੇ ਪ੍ਰਚਾਰ ਵਿਚ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਗੁਰੂ ਜੀ ਦੀ ਦੂਰ-ਦ੍ਰਿਸ਼ਟੀ ਨਾਲ ਉਦਾਸੀਆਂ ਨੂੰ ਸਿੱਖ ਧਰਮ ਵਿਚ ਲੈ ਆਂਦਾ।

ਸਿੱਖ ਸਮਾਜ ਵਿਚ ਕਈ ਪਰੰਪਰਾਵਾਂ ਅਤੇ ਸੰਸਥਾਵਾਂ ਦੇ ਚਾਲੂ ਹੋ ਜਾਣ 'ਤੇ ਵੀ ਅਜੇ ਤਕ ਵਿਆਹ ਦੀ ਮਰਯਾਦਾ ਅਲੱਗ ਨਹੀਂ ਸੀ। ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਲਾਵਾਂ ਦੀ ਰਚਨਾ ਕੀਤੀ ਜਿਨ੍ਹਾਂ ਨੂੰ ਸਿੱਖਾਂ ਦੇ ਵਿਆਹ ਸਮੇਂ ਪੜ੍ਹਿਆ ਜਾਂਦਾ ਹੈ।

SikhBookClub.com

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਸਾਰਾ ਸਮਾਂ ਪੂਰਨ ਸ਼ਾਂਤਮਈ ਸੀ ਅਤੇ ਇਸ ਸਮੇਂ ਗੁਰੂ ਜੀ ਨੇ ਜਿਥੇ ਅੰਮ੍ਰਿਤਸਰ ਜੈਸੇ ਮਹਾਨ ਕਾਰਜ ਨੂੰ ਸੰਪੂਰਨ ਕੀਤਾ ਉਥੇ ਸਿੱਖ ਧਰਮ ਦੇ ਪ੍ਰਚਾਰ ਨੂੰ ਮਸੰਦ ਪ੍ਰਥਾ ਰਾਹੀਂ ਦੇਸ਼ ਦੇ ਕੋਨੇ ਕੋਨੇ ਤਕ ਪਹੁੰਚਾਇਆ। ਗੁਰੂ ਜੀ ਸੱਤ ਸਾਲ ਗੁਰਗੱਦੀ 'ਤੇ ਬਿਰਾਜਮਾਨ ਰਹਿ ਕੇ 1581 ਈ. ਵਿਚ ਆਪਣੇ ਛੋਟੇ ਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਗੁਰਗੱਦੀ ਦੇ ਕੇ ਜੋਤੀ ਜੋਤਿ ਸਮਾ ਗਏ।

(10/1986)

SikhBookClub.com

ਬੈਠਾ ਸੋਢੀ ਪਾਤਿਸਾਹੁ

ਇਤਿਹਾਸ ਮਿਥਿਹਾਸ ਵਿਚ ਅਜਿਹੇ ਵਿਅਕਤੀਆਂ ਦੇ ਜਨਮਾਂ ਦਾ ਜ਼ਿਕਰ ਆਉਂਦਾ ਹੈ ਜੋ ਨੇਕ ਤੇ ਸ਼ੁਭ ਸਿਤਾਰਿਆਂ ਦੇ ਸੰਜੋਗ ਅਧੀਨ ਹੋਇਆ ਤੇ ਜਿਸ ਕਰਕੇ ਉਹ ਪਿਛੋਂ ਮਹਾਨ ਪੁਰਸ਼, ਪੈਗ਼ੰਬਰ, ਮਹਾਰਾਜੇ, ਛਤ੍ਰ ਪਤੀ ਜਾਂ ਚਕ੍ਰਵਰਤੀ ਸ਼ਾਸਕ ਬਣੇ, ਜਾਂ ਫਿਰ ਬੜੇ ਭਾਰੀ ਵਿਜੈਤਾ, ਦਾਨੀ, ਸਖੀ, ਸੂਰਮੇ, ਜੋਧੇ ਆਦਿ ਸਾਬਤ ਹੋਏ। ਇਲਮ-ਨਜੂਮ ਜਾਂ ਜੋਤਿਸ਼ ਵਿਦਿਆ ਵਿਚ ਅਜਿਹੇ ਭਲੇ ਸੰਜੋਗ ਨੂੰ 'ਕਿਰਾਨ' ਕਹਿੰਦੇ ਹਨ, ਜਿਸ ਦਾ ਭਾਵ ਸੂਰਜ ਤੋਂ ਛੁਟ ਬਾਕੀ ਦੇ ਛੇ ਸਿਤਾਰਿਆਂ ਵਿਚੋਂ ਦੋ ਸਿਤਾਰਿਆਂ ਦਾ ਇਕੋ ਬੁਰਜ (ਘਰ) ਵਿਚ ਇਕੱਠਾ ਹੋਣਾ ਲਿਆ ਜਾਂਦਾ ਹੈ। ਅਜਿਹੇ ਮਹਾਨ ਸੰਜੋਗ ਨੂੰ 'ਕਿਰਾਨੇ-ਆਜ਼ਮ' ਜਾਂ 'ਕਿਰਾਨੇ-ਸਾਅਦੈਨ' ਕਹਿੰਦੇ ਹਨ। ਗੁਰਬਾਣੀ ਵਿਚ ਇਸ ਨੂੰ 'ਉਪਜਹਿ ਭਲੇ ਸੰਜੋਗਾ' ਜਾਂ 'ਚਿਰ ਜੀਵਨੇ ਸੰਜੋਗਿ' ਕਿਹਾ ਹੈ।

26 ਅੱਸੂ ਸੰਮਤ 1591 (ਅਕਤੂਬਰ 1534 ਈ.) ਨੂੰ ਅਜਿਹੇ ਇਕ ਭਾਗਸ਼ਾਲੀ ਬਾਲਕ ਜੇਠਾ ਦਾ ਪ੍ਰਕਾਸ਼ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਯਾ ਕੌਰ ਦੀ ਪਾਵਨ ਕੁੱਖ 'ਚੋਂ ਚੂਨੀ ਮੰਡੀ ਲਾਹੌਰ ਵਿਖੇ ਹੋਇਆ। ਜੋ ਪਿਛੋਂ ਰਾਮਦਾਸੁ ਸਤਿਗੁਰੂ, ਸੋਢੀ ਗੁਰੂ ਰਾਮਦਾਸ, ਸੋਢੀ ਪਾਤਿਸ਼ਾਹੁ, ਸਤਿਗੁਰ ਸੱਚਾ ਪਾਤਿਸਾਹੁ, ਤਖਤ ਬਖਤ ਪਰਗਟੁ ਪਾਹਾਰਾ, ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ, ਪਰਤਖਿ ਦੇਹ ਪਾਰਬ੍ਰਹਮ ਸੁਆਮੀ ਆਦਿ ਦੈਵੀ ਨਾਵਾਂ ਨਾਲ ਪ੍ਰਸਿੱਧ ਹੋਇਆ, ਜੋ ਤਖਤ ਬਖਤ ਦਾ ਮਾਲਕ ਬਣਿਆ ਤੇ ਜਿਸ ਦੇ ਪਵਿੱਤਰ ਸੀਸ ਪੁਰ ਆਕਾਸ਼ ਵਰਗਾ ਛਤ੍ਰ ਝੂਲਦਾ ਰਿਹਾ। ਅਜਿਹੇ ਅਦੁੱਤੀ ਭਲੇ-ਸੰਜੋਗੀ ਸਾਹਬ-ਕਿਰਾਨ ਮਹਾਨ ਸਤਿਗੁਰੂ ਦਾ ਪ੍ਰਕਾਸ਼ ਇਕ ਵਚਿਤ੍ਰ ਸੰਜੋਗ ਦਾ ਲਖਾਇਕ ਸੀ।

ਸੰਮਤ 1591 (1534 ਈ.) ਸਮੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਸਨ ਤੇ ਉਨ੍ਹਾਂ ਦੀ ਆਯੂ 65 ਸਾਲ ਤੋਂ ਉੱਪਰ ਸੀ, ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ) ਨੂੰ ਉਨ੍ਹਾਂ ਪਾਸ ਪੁੱਜਿਆਂ ਦੋ ਸਾਲ ਹੋ ਚੁੱਕੇ ਸਨ। ਸ੍ਰੀ ਅਮਰਦਾਸ (ਪਿਛੋਂ ਸ੍ਰੀ ਗੁਰੂ ਅਮਰਦਾਸ ਜੀ) ਉਸ ਵੇਲੇ ਸਾਢੇ ਪਚਵੰਜਾ ਸਾਲ ਦੇ ਸਨ। ਸਿੱਖ ਧਰਮ ਦੇ ਤਿੰਨ ਮੋਢੀ ਗੁਰੂ ਸਰੀਰਕ ਰੂਪ 'ਚ ਸਜੀਵਤ ਸਨ ਤੇ ਪਿਛੋਂ ਹੋਣ ਵਾਲੇ ਚੌਥੇ ਗੁਰੂ (ਰਾਮਦਾਸ ਜੀ) ਦਾ ਤੇਜੱਸਵੀ ਸੂਰਜ ਭਾਰਤ ਦੇ ਗਗਨ ਪੁਰ ਉਦੈ ਹੋ ਚੁੱਕਾ ਸੀ। ਕਿੱਡਾ ਮਹਾਨ ਸ਼ੁਭ ਤੇ ਨੇਕ ਸੰਜੋਗ ਸੀ।

ਅਜਿਹਾ ਸੁਭਾਗਾ ਅਦੁੱਤੀ ਮਹਾਨ ਸ਼ੁਭ-ਸੰਜੋਗ ਸੰਸਾਰ ਦੇ ਇਤਿਹਾਸ ਨੇ ਪਹਿਲੀ ਵਾਰ ਵੇਖਿਆ ਸੀ। ਭਾਈ ਗੁਰਦਾਸ ਜੀ (ਵਾਰ 24/15) ਅਨੁਸਾਰ:

ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ

ਸਤਿਗੁਰੂ ਨਾਨਕ ਦੇਵ ਜੀ ਦੀ ਕਰਾਮਾਤ ਸਾਕਾਰ ਹੋ ਗਈ, ਸ੍ਰੀ ਗੁਰੂ ਨਾਨਕ ਆਪ ਹੀ

SikhBookClub.com

ਕਾਇਆ ਪਲਟ ਕੇ ਦੋ ਜਹਾਨ ਦੇ ਸੱਚੇ ਸੁੱਚੇ ਤਖਤ 'ਤੇ ਬਿਰਾਜਮਾਨ ਹੋ ਰਹੇ ਸਨ:

ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥

(ਪੰਨਾ ੯੬੭)

ਤਾਂ ਹੀ ਰਾਮਕਲੀ ਵਾਰ ਵਿਚ 'ਧੰਨ ਧੰਨ ਰਾਮਦਾਸ ਗੁਰੂ' ਕਿਹਾ ਗਿਆ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥

(ਪੰਨਾ ੯੬੮)

ਸਾਰੇ ਸਿੱਖ ਜਗਤ ਦੇ ਕਲੇਜੇ ਠੰਢ ਪਈ-ਸਾਰੇ ਗੁਰਸਿੱਖਾਂ ਦਾ ਮਨ ਸਾਧਾਰਿਆ-ਚਵ੍ਹਾਂ ਪਾਸੇ ਸ਼ਾਂਤ ਵਰਤ ਗਈ-ਤਿੰਨਾਂ ਗੁਰੂ ਵਿਅਕਤੀਆਂ ਦਾ ਇਲਾਹੀ ਰੂਪ ਸਾਕਾਰ ਹੋਇਆ:

ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥

(ਪੰਨਾ ੯੬੮)

ਜੇਠਾ ਜੀ ਦੀ ਮਾਤਾ ਛੋਟੀ ਉਮਰੇ ਹੀ ਚਲਾਣਾ ਕਰ ਗਈ ਤੇ ਜਦ ਉਹ ਹਾਲੀ ਮਸਾਂ ਸਤ ਸਾਲ ਦੇ ਹੀ ਸਨ ਕਿ ਪਿਤਾ ਹਰਿਦਾਸ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਜੇਠਾ ਜੀ ਬਚਪਨ ਵਿਚ ਹੀ ਯਤੀਮ ਹੋ ਗਏ। ਜੇਠਾ ਜੀ ਦੇ ਨਾਨਕੇ ਬਾਸਰਕੇ ਸਨ ਜੋ ਗੁਰੂ ਅਮਰਦਾਸ ਜੀ ਦਾ ਜੱਦੀ ਪਿੰਡ ਸੀ। ਪਿਤਾ ਦੇ ਚਲਾਣੇ ਪੁਰ ਜੇਠਾ ਜੀ ਦੀ ਨਾਨੀ ਉਨ੍ਹਾਂ ਨੂੰ ਲਾਹੌਰ ਤੋਂ ਜਾਂਦੀ ਵਾਰ ਆਪਣੇ ਨਾਲ ਬਾਸਰਕੇ ਲੈ ਗਈ। ਅਜਬ ਸਥਿਤੀ ਸੀ-ਮਾਪੇ ਤਾਂ ਛੁਟੇ ਹੀ ਸਨ, ਹੁਣ ਨਿੱਜੀ ਨਗਰ ਵੀ ਛੁੱਟਣ ਲੱਗਾ, ਗਲੀ ਮੁਹੱਲੇ ਦੇ ਸੰਗੀ-ਸਾਥੀ ਸਭ ਛੁਟੇ। ਉਸ ਸਮੇਂ ਆਂਢ-ਗੁਆਂਢ ਇਸ ਭੋਲੇ ਬਾਲਕ ਨੂੰ ਨਿਆਸਰਾ, ਯਤੀਮ ਤੇ ਬੇਯਾਰੋ ਮਦਦਗਾਰ ਸਮਝ ਰਿਹਾ, ਪਰ ਕਿਸਮਤ ਜੇਠਾ ਦੇ ਸਿਰ ਪੁਰ ਖਲੋਤੀ ਮੁਸਕਰਾ ਰਹੀ ਸੀ, ਲੋਕਾਂ ਨੂੰ ਕੀ ਪਤਾ ਸੀ, ਕਿ ਜਿਸ ਬਾਲ ਨੂੰ ਉਹ ਨਿਆਸਰਾ ਤੇ ਯਤੀਮ ਸਮਝ ਰਹੇ ਸਨ, ਉਸ ਨੇ ਇਕ ਦਿਨ ਸਿੱਖ ਜਗਤ ਦਾ ਸੋਢੀ ਸੁਲਤਾਨ ਬਣਨਾ ਸੀ, ਜਿਸ ਦੇ ਸਿਰ ਉੱਪਰ ਉਨ੍ਹਾਂ ਗਲੀਆਂ ਵਿਚ ਛਾਬੜੀ ਧਰੀ ਘੁੰਗਣੀਆਂ ਵੇਚਦਿਆਂ ਵੇਖਿਆ ਸੀ, ਉਸ ਪੁਰ ਛਤਰ ਝੁਲਣਾ ਸੀ ਤੇ ਜਿਸ ਦੇ ਪੈਰਾਂ ਵਿਚ ਮੋਟੀ ਧੌੜੀ ਦੀ ਜੁੱਤੀ ਵੀ ਨਹੀਂ ਸੀ, ਉਸ ਪੁਰ ਲੱਖਾਂ ਸੀਸ ਝੁਕਣੇ ਸਨ ਤੇ ਕਰੋੜਾਂ ਅੱਖਾਂ ਨੇ ਵਿਛਣਾ ਸੀ ਤੇ ਜਿਸ ਨੂੰ ਅੱਜ ਅਲਾਣੀ ਮੰਜੀ ਵੀ ਨਸੀਬ ਨਹੀਂ ਸੀ, ਉਸ ਨੇ ਰਾਜ ਸਿੰਘਾਸਨ 'ਤੇ ਬਿਰਾਜਮਾਨ ਹੋਣਾ ਸੀ ਤੇ ਜਿਸ ਦੇ ਘਰ ਅੱਜ ਦੀਵਾ ਵੀ ਨਹੀਂ ਜਗਦਾ ਦਿੱਸਦਾ ਸੀ, ਉਸ ਨੇ ਸ੍ਰੀ ਅੰਮ੍ਰਿਤਸਰ ਵਿਖੇ ਪੂਰਨ ਤਾਲ ਖਟਾਣਾ ਅਤੇ ਉਸ ਵਿਚ ਅਮਰ ਜੋਤਿ ਜਗਾਉਣੀ ਹੈ। ਕੁਦਰਤ ਨੇ ਉਲਟੀ ਖੇਡ ਖੇਡਣੀ ਹੈ। ਗੰਗਾ ਵਿਚ ਸਮੁੰਦਰ ਨੇ ਆਪ ਆ ਕੇ ਸਮਾਉਣਾ ਸੀ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।
ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।

(ਭਾਈ ਗੁਰਦਾਸ ਜੀ, ਵਾਰ ੧:੪੭)

ਜਿਹੜਾ ਤ੍ਰੈਲੋਕੀ/ਤ੍ਰਿਲੋਕੀ ਦਾ ਛਤਰ ਗੁਰੂ ਨਾਨਕ ਦੇਵ ਜੀ ਨੇ ਅੰਗਦ ਗੁਰੂ ਜੀ ਦੇ ਸੀਸ ਪੁਰ

SikhBookClub.com

ਰੱਖਿਆ ਤੇ ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਦੇ ਸਿਰ ਟਿਕਾਇਆ, ਉਹੀ ਛਤ੍ਰ ਗੁਰੂ ਅਮਰਦਾਸ ਜੀ ਨੇ ਇਕ ਜੇਠਾ (ਰਾਮਦਾਸ) ਜੀ ਦੇ ਸਿਰ ਪੁਰ ਰੱਖਣਾ ਹੈ:

ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥

(ਪੰਨਾ ੧੪੦੮)

ਸੰਸਾਰ ਦੇ ਦੁੱਖਾਂ ਕਲੇਸ਼ਾਂ ਰੂਪ ਕਹਿਰ ਦੀ ਧੁਪ ਤੋਂ ਬਚਾਉਣ ਵਾਲਾ ਛਤ੍ਰ ਆਪ ਦੇ ਮੁਬਾਰਕ ਸੀਸ ਪੁਰ ਝੁਲਣਾ ਸੀ ਤੇ ਉਸ ਨੇ ਸਚੇ ਤਖਤ ਪੁਰ ਬਿਰਾਜਣਾ ਸੀ ਤੇ ਅਟਲ ਰਾਜ ਭੋਗਣਾ ਸੀ:

ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ॥
ਗੁਰ ਰਾਮਦਾਸ ਸਚੁ ਸਲ੍ਹ ਭਣਿ ਤੂ ਅਟਲੁ ਰਾਜਿ ਅਭਗੁ ਦਲਿ॥

(ਪੰਨਾ ੧੪੦੬)

ਬੇਦੀਆਂ ਦੀ ਕੁਲ ਵਿਚ ਨਾਨਕ ਰਾਇ ਪ੍ਰਗਟੇ, ਜਿਨ੍ਹਾਂ 'ਕਲ ਮੋ ਧਰਮ ਚਲਾਯੋ' ਅਤੇ 'ਸਭ ਸਾਧਨ ਕੇ ਰਹੁ ਬਤਾਯੋ'। ਇਸ ਬਰਦਾਨ ਦੇ ਫਲਣ ਦਾ ਸਮਾਂ ਆਇਆ ਤਾਂ ਰਾਮਦਾਸ ਗੁਰੂ ਕਹਾਵਣ ਲੱਗੇ:

ਜਬ ਬਰਦਾਨ ਸਮੈ ਵਹੁ ਆਵਾ॥
ਰਾਮਦਾਸ ਤਬ ਗੁਰੂ ਕਹਾਵਾ॥

ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਦਾ ਰੂਪ ਧਾਰਨ ਕੀਤਾ ਅਤੇ ਗੁਰੂ ਰਾਮਦਾਸ ਜੀ 'ਹਰਿ ਸੋ ਮਿਲ ਗਏ' ਤੇ 'ਗੁਰਤਾ ਦੇਤ ਅਰਜਨਹਿ ਭਏ'।

ਸੋਢੀ ਸੁਲਤਾਨ ਸਚੇ ਪਾਤਿਸ਼ਾਹ ਦਾ ਸੱਚੀ ਪਾਤਿਸ਼ਾਹੀ ਦੇ ਸੱਚੇ ਤਖਤ ਪੁਰ ਬਿਰਾਜਮਾਨ ਹੋਣਾ ਕੋਈ ਇਤਫ਼ਾਕੀਆ ਨਹੀਂ ਸੀ ਸਗੋਂ ਧਰਮ ਦੇ ਮੋਢੀ ਨਿਰੰਕਾਰ ਪਿਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚੀ ਸਮਝੀ ਜੁਗਤਿ ਤੇ ਵੇਈਂ ਪ੍ਰਵੇਸ਼ ਸਮੇਂ ਨਿਰੰਕਾਰ ਵਲੋਂ ਮਿਲੇ ਆਦੇਸ਼ ਦੀ ਪੂਰਤੀ ਦਾ ਫਲ ਸਰੂਪ ਸੀ। ਇਸ ਤੱਥ ਦੀ ਪੁਸ਼ਟੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੁੰਦੀ ਹੈ। 'ਰਾਮਕਲੀ ਕੀ ਵਾਰ' 'ਰਾਇ ਬਲਵੰਡ ਤਥਾ ਸਤੈ ਡੂਮ ਆਖੀ' ਦੇ ਇਹ ਸ਼ਬਦ ਵੇਖੋ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤ੍ਰੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥

(ਪੰਨਾ ੯੬੬)

ਤੇ ਇਸ ਮਨੋਰਥ ਦੀ ਪੂਰਤੀ ਲਈ:

ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥

(ਪੰਨਾ ੯੬੬)

ਅਨੁਸਾਰ ਇਸ ਨਿਹਚਲ ਰਾਜ ਦੀ ਲੜੀ ਤੇ ਨਿਰੰਤਰ ਵਿਧੀ ਗੁਰੂ ਨਾਨਕ ਦੇਵ ਜੀ ਨੇ ਆਪ ਆਪਣੀ ਜੋਤਿ ਲਹਿਣਾ ਜੀ ਦੀ ਜੋਤਿ ਵਿਚ ਰੱਖ ਕੇ ਚਲਾਈ ਸੀ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

SikhBookClub.com

ਝੁਲੈ ਸੁ ਛਤ੍ਰ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥

(ਪੰਨਾ ੯੬੬)

ਇਸੇ ਦੈਵੀ ਸਿਲਸਿਲੇ ਤੇ ਅਧਿਆਤਮਕ ਰਾਜ ਨੂੰ ਗੁਰੂ ਰਾਮਦਾਸ ਜੀ ਤੋਂ ਪਿਛੋਂ ਵੀ ਉੱਚੀ ਜੁਗਤਿ ਭੁਗਤਿ ਚਲਾਉਂਦੀ ਰਹੀ। ਤੇ ਇਹ ਕਰਾਮਾਤ ਨਿਤ ਦੂਣੀ ਸਵਾਈ ਹੁੰਦੀ ਰਹਿਣੀ ਹੈ, ਇਹ 'ਸਚੇ ਕਾ ਸਚਾ ਢੋਆ' ਹੈ', ਜਿਸ ਚਹੁ ਜੁਗਾਂ ਵਿਚ ਕਾਇਮ ਰਹਿਣਾ ਹੈ:

ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥

(ਪੰਨਾ ੯੬੮)

ਇਸ ਪੂਰਨ ਚੰਦਰਮਾ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਗੁਰੂ ਨਾਨਕ ਹੀ-ਇਹ 'ਰਾਜ ਜੋਗ ਤਖਤ' ਗੁਰੂ ਰਾਮਦਾਸ ਜੀ ਨੂੰ ਬਖ਼ਸ਼ਣ ਵਾਲਾ ਵੀ ਗੁਰੂ ਨਾਨਕ ਹੀ ਸੀ, ਇਸ ਚੰਦ੍ਰਮਾ ਪਰਿਪੂਰਨ ਨੇ ਸਦਾ ਲਈ ਸਰਬ ਜਗਤ ਨੂੰ ਉਜਾਗਰ ਤੇ ਅਨੰਦਤ ਕਰਨਾ ਸੀ:

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ
ਤਾਰਨਿ ਮਨੁਖ੍ਹ ਜਨ ਕੀਅਉ ਪ੍ਰਗਾਸ॥...
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥

(ਪੰਨਾ ੧੩੯੬)

ਇਸ ਚਕ੍ਰਵਰਤੀ ਰਾਜ ਦਾ ਖੇਮਾ ਗੁਰੂ ਨਾਨਕ ਨੇ ਹੀ ਤਾਣਿਆ ਤੇ ਨਾਮ ਦਾ ਅਨਭਉ ਨੇਜਾ ਟੇਕ ਵਜੋਂ ਹੱਥ ਫੜਾਇਆ, ਇਸ ਰਾਜ ਨੂੰ ਚਲਾਉਣਹਾਰੇ ਦਸ ਗੁਰੂ ਸਾਹਿਬਾਨ ਸਨ:

ਸਤਿਗੁਰਿ ਖੇਮਾ ਤਾਣਿਆ ਜੁਗ ਜੁਥ ਸਮਾਣੇ॥
ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ॥
ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥
ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ॥

(ਪੰਨਾ ੧੩੯੮)

ਇਸੇ ਸਰਬੱਤ ਧਰਤ ਦੇ ਸੱਚੇ ਢੋਏ ਵਲ ਭਾਈ ਗੁਰਦਾਸ ਜੀ ਨੇ ਇਸ਼ਾਰਾ ਕੀਤਾ ਹੈ। ਇਸ ਸੱਚ ਦੇ ਰਾਜ ਨੂੰ ਸਥਾਪਤ ਕਰਨ ਵਾਲਾ ਤੇਜਸਵੀ ਸੂਰਜ ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟ ਹੋਇਆ:

ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ। *(ਵਾਰ ੧/੨੭)*

ਗੁਰੂ ਅੰਗਦ ਦੇਵ ਜੀ ਪਿਛੋਂ ਇਸੇ ਸੱਚੇ ਤਖ਼ਤ ਪੁਰ ਗੁਰ ਅਮਰਦਾਸ ਜੀ ਸਥਾਪਤ ਹੋਏ, ਗੁਰੂ ਨਾਨਕ ਦੇਵ ਜੀ ਵਾਲੀ ਮੁਹਰ ਹਰ ਗੁਰੂ ਦੇ ਹੱਥ ਵਿਚ ਸੀ ਤੇ ਉਸੇ ਦੀ ਦੋਹੀ ਫਿਰਦੀ ਸੀ ਇਹ ਸੱਚੇ ਰਾਜ ਦਾ ਸੱਚਾ ਤਿਲਕ ਅਮਿਟ ਸੀ:

ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।...
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।

(ਵਾਰ ੧/੪੬)

SikhBookClub.com

ਫੇਰ ਇਹੀ ਦਾਤ ਸੋਢੀ ਪਾਤਿਸ਼ਾਹ ਘਰ ਆਈ, ਰਾਮਦਾਸ ਹੁਣ ਸੱਚੇ ਸਤਿਗੁਰੂ ਵੀ ਸਨ ਤੇ ਸੱਚਾ ਪਾਤਸ਼ਾਹ ਵੀ, ਗੁਰਵਾਕ ਹੈ:

ਘਰ ਹੀ ਕੀ ਵਥੁ ਘਰੇ ਰਹਾਵੈ। *(ਵਾਰ ੧/੪੭)*

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ। *(ਵਾਰ ੧/੪੭)*

ਭਾਈ ਨੰਦ ਲਾਲ ਗੋਯਾ (ਜੋਤ ਬਿਗਾਸ ਫ਼ਾਰਸੀ) ਵੀ ਇਸ ਕਥਨ ਦੀ ਪ੍ਰੋੜ੍ਹਤਾ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ:

ਰੱਬ ਨੇ ਹੀ ਆਪ ਉਸ ਦਾ ਤਖਤ ਉਚੇਰਾ ਕੀਤਾ,
ਤੇ ਉਸ ਨੂੰ ਹਰ ਖ਼ੁਸ਼ੀ ਤੇ ਖ਼ੁਸ਼ਬਖਤੀ ਨਾਲ ਸਜਾਇਆ,
ਸਾਰੇ ਵਿਸ਼ੇਸ਼ਗਾਂ ਨੂੰ ਉਸ ਦੇ ਪੈਰੀਂ ਪਾਇਆ
ਤੇ ਉਸ ਦਾ ਵਿਜੈ-ਮਈ ਝੰਡਾ ਬੁਲੰਦ ਕੀਤਾ।

ਗੁਰੂ ਨਾਨਕ ਦੀ ਪਹਿਲੀ ਪਾਤਿਸ਼ਾਹੀ ਨੂੰ ਆਪਣੀ ਨੂਰਾਨੀ ਕਿਰਨਾਂ ਨਾਲ ਰੌਸ਼ਨ ਕੀਤਾ। ਰਾਮਦਾਸ ਗੁਰੂ ਵੀ ਉਸੇ ਨੂਰ ਦਾ ਚੜ੍ਹਦਾ ਪਾਸਾ ਹੈ। ਉਹ ਸਿਦਕ ਸਫ਼ਾਈ ਦੀ ਸਲਤਨਤ ਦਾ ਨਿਗਾਹਬਾਨ ਹੈ। ਉਹ ਪਾਤਸ਼ਾਹ ਵੀ ਹੈ ਤੇ ਫਕੀਰ ਵੀ; ਉਹ ਵਡੇ ਵਡੇ ਸਰਦਾਰਾਂ ਦੇ ਤਾਜਾਂ ਦਾ ਬਹੁ-ਮੁਲਾ ਤਾਜ ਹੈ। ਸਾਰੇ ਛੋਟੇ-ਵੱਡੇ ਬਾਦਸ਼ਾਹ ਤੇ ਫਕੀਰ ਸਭ ਸੱਚੇ ਦਿਲੋਂ ਉਸ ਅੱਗੇ ਸਿਜਦਾ ਕਰਦੇ ਹਨ:

(ਗੰਜਿ ਨਾਮਾ)

ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਸ਼ਬਦਾਂ 'ਸਚਾ ਅਮਰ ਸਚੀ ਪਾਤਿਸਾਹੀ' ਦੇ ਪ੍ਰੇਰਣਾ ਸ੍ਰੋਤ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ। ਉਨ੍ਹਾਂ ਦੇ ਚਲਾਏ 'ਨਿਹਚਲ ਰਾਜ' ਨੂੰ ਚੌਥੇ ਗੁਰੂ ਸੋਢੀ ਸੁਲਤਾਨ ਨੇ ਅਮਲੀ ਰੂਪ ਵਿਚ ਦ੍ਰਿਸ਼ਟਮਾਨ ਕੀਤਾ।

ਇਸ ਤਰ੍ਹਾਂ ਸਪੱਸ਼ਟ ਤੇ ਸਿੱਧ ਹੋਇਆ ਕਿ ਸ੍ਰੀ ਗੁਰੂ ਰਾਮਦਾਸ ਜੀ ਤੋਂ ਉਹ ਮਿਸ਼ਨ ਤੇ ਮਨੋਰਥ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਨਾਲ ਆਰੰਭ ਕੀਤਾ ਸੀ, ਦਿਨ-ਬ-ਦਿਨ ਪ੍ਰਫੁੱਲਤ ਤੇ ਵਿਗਸਤ ਹੋਣ ਲੱਗਾ ਤੇ ਜੇ ਰਾਜ-ਸਤਾਨੀ ਦੀ ਸ਼ਬਦਾਵਲੀ ਗੁਰੂ ਨਾਨਕ ਜੀ ਨੇ ਸੰਸਾਰੀ ਬਾਦਸ਼ਾਹਾਂ ਦੇ ਪ੍ਰਥਾਇ ਵਰਤ ਕੇ ਸੱਚੀ ਪਾਤਿਸ਼ਾਹੀ 'ਤੇ ਲਾਗੂ ਕਰਨੀ ਸੀ, ਉਹ ਵਾਸਤਵਿਕ ਰੂਪ ਧਾਰਨ ਕਰਨ ਲੱਗੀ।

ਸ੍ਰੀ ਗੁਰੂ ਰਾਮਦਾਸ ਗੁਰੂ ਪਹਿਲੀ ਵਾਰ ਸੋਢੀ ਸੁਲਤਾਨ ਨਾਮ ਨਾਲ ਸੁਪ੍ਰਸਿੱਧ ਹੋਣ ਲੱਗੇ। 'ਸੁਲਤਾਨ' ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ, ਸੁਤੰਤਰ ਬਾਦਸ਼ਾਹ, ਸ਼ਹਿਨਸ਼ਾਹ, ਮੁਤਲਿਕ ਸ਼ਕਤੀ ਦਾ ਸੁਆਮੀ, ਪੂਰਨ ਅਧਿਕਾਰ ਤੇ ਸ਼ਾਸਨ ਦਾ ਮਾਲਕ, ਜਿਸ ਦਾ ਸ਼ਬਦ ਹੀ ਕਾਨੂੰਨ ਸੀ ਤੇ ਜਿਸ ਦੇ ਫ਼ੁਰਮਾਨ ਜਾਂ ਹੁਕਮ ਨੂੰ ਦੁਨੀਆਂ ਦੀ ਕੋਈ ਸ਼ਕਤੀ ਮੋੜ ਨਹੀਂ ਸਕਦੀ ਸੀ।

ਗੁਰੂ ਨਾਨਕ ਨੇ ਉਸ ਦੋ ਜਹਾਨ ਦੇ ਮਾਲਕ, ਪਾਤਿਸ਼ਾਹਾਂ ਦੇ ਪਾਤਿਸ਼ਾਹ ਤੇ ਸੱਚੇ ਬਾਦਸ਼ਾਹ ਨਿਰੰਕਾਰ ਨੂੰ 'ਸੁਲਤਾਨ' ਨਾਮ ਨਾਲ ਸੰਬੋਧਨ ਕੀਤਾ ਹੈ:

ਤੂ ਸੁਲਤਾਨ ਕਹਾ ਹਉ ਮੀਆ

SikhBookClub.com

ਉਹ ਪਰਿਪੂਰਨ ਪਰਮਾਤਮਾ ਹੀ ਅਸਲ ਤੇ ਸੱਚਾ ਸੁਲਤਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੱਚ ਦਾ ਰਾਜ' ਤੇ 'ਸੱਚ ਦਾ ਅਮਰ' ਚਲਾਇਆ। ਸਿੱਖ ਧਰਮ ਦੇ ਨਿਤਾਪ੍ਰਤਿ ਨੇਮ ਤੇ ਕਰਮ ਦੀ ਸਾਰੀ ਸ਼ਬਦਾਵਲੀ ਹੀ ਸੁਲਤਾਨਾਂ ਵਾਲੀ ਪ੍ਰਚਲਿਤ ਕਰ ਦਿੱਤੀ, ਜੋ ਦਸਮ ਪਾਤਸ਼ਾਹ ਦੇ ਖ਼ਾਲਸਾ ਸਾਜਣ ਉਪਰੰਤ ਹਰ ਸਿੰਘ ਦੀ ਬੋਲੀ ਬਣ ਗਈ। ਝੂਠੇ ਸੁਲਤਾਨਾਂ ਦੀ ਥਾਂ ਸੱਚੇ ਸੋਢੀ ਸੁਲਤਾਨ ਅਤੇ ਸੰਸਾਰੀ ਪਾਤਸ਼ਾਹਾਂ ਦੇ ਟਾਕਰੇ 'ਤੇ ਗੁਰੂ ਅਰਜਨ ਅਤੇ ਗੁਰੂ ਹਰਿਗੋਬਿੰਦ ਸੱਚੇ ਪਾਤਸ਼ਾਹ ਨਾਮ ਨਾਲ ਗੁਰਸਿੱਖਾਂ ਦੇ ਹਿਰਦਿਆਂ 'ਤੇ ਸੱਚਾ ਰਾਜ ਕਰਨ ਲੱਗੇ। ਸੁਲਤਾਨ ਜਾਂ ਬਾਦਸ਼ਾਹ ਦੇ ਦਰਬਾਰ ਦੀ ਥਾਂ 'ਗੁਰੂ ਦੇ ਦਰਬਾਰ' ਜਾਂ 'ਦਰਬਾਰ ਸਾਹਿਬ' ਨੇ ਲੈ ਲਈ। ਬਾਦਸ਼ਾਹ ਦੇ ਦੀਵਾਨ ਜਾਂ ਦੀਬਾਨ ਤਾਂ ਕੋਈ ਕੋਈ ਹੁੰਦਾ, ਇਥੇ ਸਮੂਹ ਸੰਗਤ ਹੀ 'ਗੁਰੂ ਦਾ ਦੀਵਾਨ' ਰੂਪ ਧਾਰ ਕੇ ਗੁਰੂ ਦੇ ਦਰਬਾਰ ਸੱਜਣ ਲੱਗੀ ਤੇ 'ਦੀਵਾਨ' ਸੰਗਤਿ ਦੇ ਸਮੂਹ ਤੇ ਇਕੱਠ ਨੂੰ ਕਿਹਾ ਜਾਣ ਲੱਗਾ। ਗੁਰੂ ਨਾਨਕ ਦੇਵ ਜੀ ਤੋਂ ਤੀਜੀ ਪਾਤਿਸ਼ਾਹੀ ਤਕ ਜੋ 'ਮੰਜੀ ਸਾਹਿਬ' ਨੂੰ ਸਤਿਕਾਰ ਤੇ ਮਾਨ ਪ੍ਰਾਪਤ ਸੀ, ਉਹ ਹੁਣ 'ਤਖ਼ਤ' ਨੂੰ ਪ੍ਰਦਾਨ ਕਰ ਦਿੱਤੀ ਗਈ। ਸੱਚਾ ਗੁਰੂ ਸੱਚੇ ਤਖ਼ਤ ਪੁਰ ਬਿਰਾਜਮਾਨ ਹੋਣ ਲੱਗਾ ਤੇ ਸੇਵਾਦਾਰ (ਚਵਰ ਬਰਦਾਰ) ਸੀਸ ਪੁਰ ਚਵਰ ਝੁਲਾਣ ਲੱਗਾ। ਇਹ ਰੀਤ ਅੱਜ ਤਕ ਕਾਇਮ ਹੈ। ਬਾਦਸ਼ਾਹਾਂ ਦੇ ਸਿਰਾਂ ਪਰ ਜਰੀ ਚਾਂਦੀ ਦੇ ਚੰਦੋਏ ਜਾਂ ਸ਼ਾਮਿਆਨੇ ਤਾਣੇ ਜਾਂਦੇ, ਸੱਚੇ ਗੁਰੂ ਦੇ ਸਰੀਰ ਪੁਰ ਹੀਰੇ ਜਵਾਹਰਾਤ ਜੜੇ ਚੰਦੋਏ ਉਗਵਣਹਿ ਤੇ ਆਥਵਣਹੁ ਖੀਵਣ ਤੇ ਚਮਕਣ ਲੱਗੇ।

ਬਾਦਸ਼ਾਹਾਂ, ਸੁਲਤਾਨਾਂ ਦੇ ਨੀਸਾਨ, ਪਰਵਾਨੇ, ਅਹਿਕਾਮ, ਫੁਰਮਾਨ-ਆਲਮ (ਝੰਡੇ ਨੀਸ਼ਾਨ ਸਾਹਿਬ) ਫਰੇਰੇ, ਕੁਤਬੇ ਤੇ ਖ਼ੁਤਬੇ ਹੁੰਦੇ ਸ਼ਾਹੀ ਮੋਹਰ ਹੁੰਦੀ ਸ਼ਾਹੀ ਸਿੱਕਾ ਹੁੰਦਾ, ਸ਼ਾਹੀ ਮਹਲ ਹੁੰਦੇ, ਸ਼ਾਹੀ ਖ਼ਜ਼ਾਨੇ, ਲੰਗਰ ਤੇ ਭੰਡਾਰੇ ਹੁੰਦੇ, ਚੋਬਦਾਰ ਹੁੰਦੇ, ਨਗਾਰਚੀ ਹੁੰਦੇ, ਨਿਸ਼ਾਨਚੀ ਹੁੰਦੇ, ਅਸਤਬਲ ਤੇ ਖੇਲ ਹੁੰਦੇ, ਹਾਥੀ ਘੋੜੇ ਹੁੰਦੇ, ਸ਼ਾਹੀ ਸਈਸ ਤੇ ਹਾਥੀਬਾਨ ਹੁੰਦੇ—ਚਾਂਦੀ ਦੀਆਂ ਚੋਬਾਂ ਹੁੰਦੀਆਂ, ਨੌਬਤਾਂ ਵਜਾਉਣ ਲਈ ਘੜਿਆਲ ਤੇ ਨਗਾਰੇ ਹੁੰਦੇ, ਲਾਓ ਲਸ਼ਕਰ ਹੁੰਦੇ, ਸ਼ਾਹੀ ਪਹਿਰਾਵੇ ਤੇ ਸਿਰੋਪਾ ਹੁੰਦੇ, ਖ਼ਿਲਅਤਾਂ ਤੇ ਜਗੀਰਾਂ ਹੁੰਦੀਆਂ, ਨਾਇਬ (ਨੇਬ) ਮੁਸੱਦੀ, ਮਹਿਤੇ, ਸਿਕਦਾਰ ਦੀਵਾਨ, ਵਜ਼ੀਰ, ਮਸ਼ੀਰ, ਮੁਨਸ਼ੀ, ਜਮਾਦਾਰ, ਫ਼ੌਜਦਾਰ, ਬਖ਼ਸ਼ੀ, ਖ਼ਜ਼ਾਨਚੀ, ਖੈਮੇ, ਖੇਲ, ਸ਼ਾਮਿਆਨੇ, ਸ਼ਮਸ਼ੀਰਾਂ ਨੇਜ਼ੇ ਹੁੰਦੇ।

ਇਹ ਸਾਰੀਆਂ ਪਦਵੀਆਂ, ਉਪਾਧੀਆਂ, ਸਾਰੇ ਅਸਥਾਨ ਤੇ ਮਕਾਮ, ਸਾਰੇ ਅਹੁਦੇ ਤੇ ਅਖ਼ਤਿਆਰ, ਗੁਰੂ ਕੇ ਸੱਚੇ ਦਰਬਾਰ ਵਿਚ ਹੋਂਦ ਵਿਚ ਆ ਗਏ। ਸਾਰੀ ਦੀ ਸਾਰੀ ਸ਼ਾਹੀ ਸ਼ਬਦਾਵਲੀ ਸੱਚੇ ਪਾਤਸ਼ਾਹ ਤੇ ਸੋਢੀ ਸੁਲਤਾਨ ਘਰ ਸਹਿਜ ਸੁਭਾ ਹੀ ਆ ਗਈ। ਹਰ ਗੁਰਸਿੱਖ ਲਈ ਉਸ ਦਾ ਸਤਿਗੁਰੂ 'ਸੱਚਾ ਪਾਤਸ਼ਾਹ' ਤੇ 'ਸੋਢੀ ਸੁਲਤਾਨ' ਦਾ ਦਰਜਾ ਰੱਖਦਾ ਸੀ, ਉਹ ਬਾਦਸ਼ਾਹ ਦੇ ਸ਼ਾਹੀ ਦਰਬਾਰ ਵਿਚ ਨਹੀਂ, ਗੁਰੂ ਕੇ ਦਰਬਾਰ ਜਾਂ ਦਰਬਾਰ ਸਾਹਿਬ ਜਾਣ ਲੱਗਾ, ਜਿਥੇ ਚਾਂਦੀ ਦੀਆਂ ਚੋਬਾਂ ਫੜੀ ਗੁਰੂ ਦਰ ਪੁਰ ਚੋਬਦਾਰ ਖਲੋਤੇ ਹੁੰਦੇ। ਸੱਚੇ ਪਾਤਸ਼ਾਹ ਤੇ ਸੋਢੀ ਸੁਲਤਾਨ ਦੇ ਪਾਵਨ ਸੀਸ ਪੁਰ ਛਤ੍ਰ ਝੁਲਦੇ ਹੁੰਦੇ।

ਇਥੇ ਗੁਰੂ ਮਹਿਲ ਦੇ ਵੇਹੜੇ ਵਿਚ ਗੁਰੂ-ਦਰਬਾਰ ਦੀ ਦਰਸ਼ਨੀ ਡਿਉੜੀ ਅੱਗੇ ਗੱਡੇ ਹੋਏ ਉੱਚੇ ਲੰਮੇ ਸੁਨਹਿਰੀ ਨਿਸ਼ਾਨ ਸਾਹਿਬ, ਸੱਤਾਂ ਅਸਮਾਨਾਂ ਨੂੰ ਛੋਂਹਦੇ ਦਿੱਸਦੇ। ਸੱਚੇ ਦਰਬਾਰ ਤੇ ਸੱਚੇ ਪਾਤਸ਼ਾਹ ਤਥਾ ਸੋਢੀ ਸੁਲਤਾਨ ਦੇ ਚੁਪਾਸੀ ਜਲੌ ਤੇ ਜਲਾਲ ਸਾਹਮਣੇ ਜਬਰੀਲ ਫਰਿਸ਼ਤਾ ਵੀ ਅੱਖ ਨਾ ਉਘਾੜ ਸਕਦਾ-ਸਾਰੀ ਪ੍ਰਕ੍ਰਿਤੀ ਦੀ ਅੱਖ ਚੁੰਧਿਆ ਜਾਂਦੀ, ਗੁਰਸਿੱਖ ਆਪਣਾ ਤਨ, ਮਨ, ਧਨ

SikhBookClub.com

ਨਜ਼ਰ ਨਿਆਜ਼ ਦੇ ਰੂਪ ਵਿਚ ਭੇਟਾ ਕਰਨ ਲੱਗੇ ਝੂਠੇ ਦਰਬਾਰਾਂ ਤੇ ਸੁਲਤਾਨਾਂ ਅੱਗੇ ਤਾਂ ਕੇਵਲ ਅਧਿਕਾਰੀ, ਮੁਸਾਹਿਬ ਤੇ ਨਾਇਕ ਹੀ ਨਜ਼ਰਾਂ ਪੇਸ਼ ਕਰਦੇ ਤੇ ਸਰੋਪਾ ਬਖ਼ਸ਼ੀਸ਼ਾਂ ਵਾਂਗ ਕਬੂਲ ਕਰਦੇ, ਇਥੇ ਸੱਚੇ ਸੁਲਤਾਨ ਤੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਲੋਕਾਈ ਇਕ ਤਾਂਬੇ ਦਾ ਪੈਸਾ ਰੱਖ ਕੇ ਦੋ ਜਹਾਨਾਂ ਦੀਆਂ ਰਿਧੀਆਂ-ਸਿਧੀਆਂ ਦੇ ਸਰੋਪੇ ਪ੍ਰਾਪਤ ਕਰਦੇ, ਇੰਨਾ ਹੀ ਨਹੀਂ ਇਸੇ ਸੋਢੀ ਸੁਲਤਾਨ ਦੇ ਉਤਰਾਧਿਕਾਰੀ ਦੇ ਦਰਬਾਰ ਵਿਚ ਲੋਕਾਈ ਨੇ ਸੀਸ ਭੇਟ ਕੀਤੇ ਅਤੇ ਸ਼ਹਾਦਤਾਂ ਦੇ ਸਰੋਪੇ ਹਾਸਲ ਕੀਤੇ। ਇਹ ਸੀ ਰਾਮਦਾਸ ਸਤਿਗੁਰੂ ਸੋਢੀ ਪਾਤਸ਼ਾਹ ਸੱਚੇ ਤਖ਼ਤ ਪੁਰ ਬੈਠਾ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੁ ਕਹਾਵੈ।

(ਵਾਰ ੧/੪੭)

ਇਸ ਸੱਚੇ ਪਾਤਿਸਾਹ ਸੋਢੀ ਸੁਲਤਾਨ ਦੇ ਸੱਚੇ ਦਰਬਾਰ ਦਾ ਚਿਤਰ ਭਾਈ ਗੁਰਦਾਸ ਜੀ ਨੇ ਇਨ੍ਹਾਂ ਸੂਖਮ ਰੰਗਾਂ ਵਿਚ ਚਿਤ੍ਰਿਆ ਹੈ:

ਸਚੁ ਸਬਦੁ ਟਕਸਾਲ ਸਚੁ ਅਸਟ ਧਾਤੁ ਇਕ ਪਾਰਸ ਮੇਲਾ।
ਸਚਾ ਅਬਿਚਲ ਰਾਜੁ ਹੈ ਸਚੁ ਮਹਲੁ ਨਵਰਾਣ ਨਵੇਲਾ।
ਸਚਾ ਹੁਕਮੁ ਵਰਤਦਾ ਸਚਾ ਅਮਰੁ ਸਚੋ ਰਸ ਕੇਲਾ।

(ਵਾਰ ੧੮/੨੦)

ਫਿਰ ਅਬਚਲ ਰਾਜ ਦਾ ਪ੍ਰਤੀਕ ਹੈ:

ਸਚੁ ਨੀਸਾਣੁ ਦੀਬਾਣੁ ਸਚੁ ਸਚੁ ਭਾਣੁ ਸਚੁ ਮਾਣੁ ਮਹਤਾ।
ਅਬਚਲੁ ਰਾਜੁ ਹੋਆ ਸਣਖਤਾ॥ *(ਵਾਰ ੨੪/੧੯)*

ਇਸ ਸੱਚੇ ਸੋਢੀ ਪਾਤਸ਼ਾਹ ਦੇ ਸੱਚੇ ਤਖ਼ਤ ਪੁਰ ਬੈਠਣ ਨਾਲ ਸਰਬ ਸੰਗਤਿ ਇਕ ਅਕਾਲੀ ਲਸ਼ਕਰ ਦਾ ਰੂਪ ਧਾਰਨ ਕਰ ਗਈ। ਸੱਚਾ ਪਾਤਿਸ਼ਾਹ ਆਪਣੀ ਉਮਤ ਦੇ ਹਲਤ ਪਲਤ ਦਾ ਰਾਖਾ ਹੋਇਆ ਤੇ ਇਹੋ ਸਤਿਸੰਗਤਿ ਆਪ ਸੱਚੀ ਸਰਕਾਰ ਬਣ ਗਈ।

ਗੁਰੂ ਰਾਮਦਾਸ ਜੀ ਸਮੇਂ ਸਿੱਖੀ ਸੇਵਕੀ ਦੂਰ-ਦੁਰਾਡੇ ਤਕ ਫੈਲੀ। ਗੁਰੂ ਅਮਰਦਾਸ ਜੀ ਵਲੋਂ ਨਿਯੁਕਤ ਕੀਤੀਆਂ ਮੰਜੀਆਂ ਸਿੱਖ ਧਰਮ ਦਾ ਖੁੱਲ੍ਹਾ ਤੇ ਵਿਸ਼ਾਲ ਪ੍ਰਚਾਰ ਕਰਨ ਲੱਗੀਆਂ। ਸਮੇਂ ਦੇ ਇਤਿਹਾਸਕਾਰਾਂ ਨੇ (ਜਿਵੇਂ ਖਾਫ਼ੀ ਖਾਂ ਨੇ ਲੁਬੁੱਲ-ਲਬਾਬ ਵਿਚ) ਹਰ ਸਿੱਖ ਨੂੰ 'ਰਾਮਦਾਸ' ਨਾਮ ਨਾਲ ਅੰਕਿਤ ਕੀਤਾ ਹੈ ਅਤੇ ਜੋ ਪ੍ਰਚਾਰਕਾਂ ਤਥਾ ਮਸੰਦਾਂ ਦੁਆਰਾ ਸਿੱਖ ਸਜਦੇ ਉਹਨਾਂ ਨੂੰ ਸਹਿਲੰਗ ਜਾਂ ਸਹਿਲਿੰਗ ਕਿਹਾ ਜਾਣ ਲੱਗਾ। ਇਸ ਦੇ ਨਾਲ ਜਿਹੜੇ ਸਿੱਖ ਸਿੱਧੇ ਗੁਰੂ ਸਾਹਿਬ ਦੇ ਕਰ ਕਮਲਾਂ ਦੁਆਰਾ ਗੁਰਮਤਿ ਧਾਰਨ ਕਰਦੇ, ਉਨ੍ਹਾਂ ਨੂੰ ਖ਼ਾਲਸਾ ਸ਼ਬਦ ਨਾਲ ਸੰਬੋਧਨ ਕੀਤਾ ਜਾਣ ਲੱਗਾ।

'ਖ਼ਾਲਸਾ' ਦੀ ਧਾਤੂ ਮੂਲ ਰੂਪ ਵਿਚ, ਅਰਬੀ ਹੁੰਦੀ ਹੋਈ ਵੀ, ਅਰਥ ਤੁਰਕੀ ਰੱਖਦੀ ਤੇ ਇਸ ਦੀ ਸ਼ਕਲ ਫ਼ਾਰਸੀ ਵਾਲੀ ਹੈ। ਲੁਗ਼ਾਤ ਅਨੁਸਾਰ 'ਖ਼ਾਲਸਾ' ਉਸ ਮਿਲਖ ਜਾਂ ਰਿਆਇਆ (ਪਰਜਾ) ਨੂੰ ਕਹਿੰਦੇ ਹਨ, ਜੋ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ ਤੇ ਕਿਸੇ ਨਵਾਬ ਜਾਂ ਨਾਇਬ ਤਥਾ ਸੂਬੇ ਦੇ ਮਾਤਹਿਤ ਨਾ ਹੋਵੇ।

ਇਸ ਤਰ੍ਹਾਂ ਸਿੱਖ ਸੰਗਤਾਂ ਨੂੰ 'ਖ਼ਾਲਸਾ' ਰੂਪ ਪ੍ਰਦਾਨ ਕਰਨ ਦਾ ਕਾਰਜ ਵੀ ਸੋਢੀ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੋਂ ਹੀ ਆਰੰਭ ਹੋਇਆ।

SikhBookClub.com

ਜੋ 1699 ਈ. ਵਿਚ ਆਪਣੇ ਵਰਤਮਾਨ ਬਾਣੇ ਵਿਚ ਵਿਦਮਾਨ ਹੋਈ। ਇਸੇ ਖ਼ਾਲਸਾ ਨੇ 'ਸੱਚੀ ਪਾਤਸ਼ਾਹੀ ਸਥਾਪਤ' ਕਰਨ ਦਾ ਸੁਫ਼ਨਾ ਸਾਕਾਰ ਕਰ ਵਿਖਾਇਆ, ਜਿਹੜੀ ਸੱਚੇ ਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਸੰਗਤਾਂ ਨੂੰ ਬਖ਼ਸ਼ੀ ਸੀ:

'ਸਿੰਘਨ ਪਾਤਿਸ਼ਾਹੀ ਸਾਹਿ ਸੱਚੈ ਦਈ' (ਭੰਗੂ) ਗੁਰੂ ਨਾਨਕ ਸਾਹਿਬ ਹੀ ਪਾਤਸ਼ਾਹਾਂ ਦੇ ਪਾਤਿਸ਼ਾਹ ਤੇ ਸ਼ਾਹ-ਸ਼ਾਹਾਨ ਦਾ ਸ਼ਹਿਨਸ਼ਾਹ ਸਨ।

ਜਿਸ ਨੇ ਵੀ ਇਸ ਸੱਚੇ ਸ਼ਹਿਨਸ਼ਾਹ ਨਾਨਕ ਗੁਰੂ ਦੇ ਚਰਣ ਪਰਸੇ, ਉਸ ਵਿਚ ਲੋੜ੍ਹੇ ਦੀ ਸ਼ਕਤੀ ਆ ਗਈ। ਉਹ ਚਿੜੀਉਂ ਬਾਜ ਅਤੇ ਛੇਲਿਉਂ ਸ਼ੇਰ ਬਣ ਗਿਆ।

ਜਿਨ ਸ਼ਾਹ ਨਾਨਕ ਚਰਨ ਪ੍ਰਸਾਏ ਤਿਨ ਮੈ ਸ਼ਕਤਿ ਇਤੀ ਭਈ ਆਏ।
ਚਿੜੀਅਨ ਤੇ ਉਨ ਬਾਜ ਕੁਹਾਏ, ਛੇਲਨ ਕੋਲੋਂ ਸ਼ੇਰ ਤੁੜਾਏ॥

(ਪੰਥ ਪ੍ਰਕਾਸ਼)

ਪਰ ਇਹ ਹਵਿਸ਼ ਤੇ ਪਾਤਿਸ਼ਾਹੀ-ਸਥਾਪਨ ਸੰਸਾਰੀ ਬ੍ਰਾਦਸ਼ਾਹਾਂ ਨੂੰ ਕਦ ਭਾਉਂਦਾ ਸੀ। ਉਨ੍ਹਾਂ ਲਈ ਤਾਂ ਸੱਚੀ ਪਾਤਿਸ਼ਾਹੀ ਮਾਨੋ ਇਕ ਮੁਤਵਾਜੀ ਹਕੂਮਤ ਖੜੀ ਹੋ ਗਈ ਸੀ। ਮੁਗ਼ਲ ਬਾਦਸ਼ਾਹ ਨੇ ਦੋ ਗੱਲਾਂ ਕਦੀ ਪਸੰਦ ਨਹੀਂ ਕੀਤੀਆਂ ਤੇ ਉਨ੍ਹਾਂ ਦੋਹਾਂ ਬਿੱਦਤਾਂ ਨੂੰ ਹਰ ਸੰਭਵ ਢੰਗ ਨਾਲ ਦੂਰ ਕਰਨ ਦੇ ਜਤਨ ਕੀਤੇ।

ਸੋਢੀ ਸੁਲਤਾਨ ਆਪ ਵੀ ਤਾਂ 'ਸਚੀ ਪਾਤਿਸ਼ਾਹੀ' ਤੇ 'ਸਚੇ ਅਮਰ' ਦੇ ਸੰਕਲਪ ਦਾ ਇਕ ਰੂਪ ਹੋ ਚੁੱਕਾ ਸੀ। ਸੱਚਾ ਸਤਿਗੁਰੂ ਤੇ ਸੱਚਾ ਪਾਤਸ਼ਾਹ ਉਸ ਪਰਮ ਤੇ ਅਕਾਲ ਸ਼ਕਤੀ ਦੇ ਸੱਚੇ ਹੁਕਮ ਵਿਚ ਰੱਤਾ ਹੁੰਦਾ ਹੈ। ਉਹ ਸੱਚ ਵਿਚ ਸਮੋ ਚੁੱਕਾ ਹੁੰਦਾ ਹੈ, ਸੱਚ ਦੀ ਦਿਸਦੀ ਤੇ ਅਣਦਿਸਦੀ ਪਾਤਸ਼ਾਹੀ ਉਸੇ ਸੱਚ ਦੇ ਅਸਰ ਵਿਚ ਲੀਣ ਹੀ ਹੁੰਦੀ ਹੈ, ਉਹ ਅਭੇਦ ਹੋ ਜਾਂਦੀ ਹੈ। ਏਹੀ ਸੱਚ ਦੀ ਪਾਤਿਸ਼ਾਹੀ ਤੇ ਸੱਚ ਦੇ ਸਤਿਗੁਰੂ ਪਾਤਸ਼ਾਹ ਇਕ ਰੂਪ ਹੋ ਜਾਂਦੇ ਹਨ।

'ਰਾਮਦਾਸ ਸਰੋਵਰ' ਇਸੇ ਸੋਢੀ ਸੁਲਤਾਨ ਸੱਚੇ ਪਾਤਿਸ਼ਾਹ ਦੇ ਪਵਿੱਤਰ ਨਾਮ ਨੂੰ ਪਾਪ ਨਿਵਾਰਨ ਦਾ ਲਖਾਇਕ ਕਿਹਾ ਹੈ। ਇਹ ਸੰਕੇਤ ਵੀ ਪੰਚਮ ਪਾਤਿਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਹਨ:

ਰਾਮਦਾਸਿ ਸਰੋਵਰ ਨਾਤੇ॥ ਸਭ ਲਾਥੇ ਪਾਪ ਕਮਾਤੇ॥

(ਪੰਨਾ ੬੨੪)

ਅਤੇ

ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥

(ਪੰਨਾ ੬੨੫)

ਇਸ ਰਾਮਦਾਸ ਗੁਰੂ ਦਾ ਬਾਸੁ ਜੁ ਏਹੀ ਸਹਜ-ਸਰੋਵਰ ਹੋਇਆ:

ਗੁਰ ਰਾਮਦਾਸ ਕਲ੍ਹੁਚਰੈ ਤੁਅ ਸਹਜ ਸਰੋਵਰਿ ਬਾਸੁ॥

(ਪੰਨਾ ੧੩੯੮)

ਸਵੱਯੇ ਮਹਲੇ ਚਉਥੇ ਕੇ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396-1406) ਵਿਚ 'ਸੋਢੀ ਸੁਲਤਾਨ' ਤਥਾ 'ਸੱਚਾ ਪਾਤਸ਼ਾਹ' ਸਬੰਧੀ ਸੰਕੇਤ ਸ੍ਰੀ ਗੁਰੂ ਰਾਮਦਾਸ ਜੀ ਨੂੰ ਰਾਜ ਜੋਗੁ ਤਖ਼ਤ ਦਾ

SikhBookClub.com

ਮਾਲਕ, ਮਨੁੱਖ ਤਾਰਨ 'ਸਮਰਥ ਗੁਰੂ', 'ਪਰਤਖਿ ਦੇਹ ਪਾਰਬ੍ਰਹਮ' ਤਾਰਨ ਤਰਣੰ 'ਸ੍ਰਿਸ਼ਟ ਸਕਲ ਤਾਰਣ', ਸਮਾਸ ਨਾਵਾਂ ਨਾਲ ਉਚਾਰਿਆ ਗਿਆ ਹੈ। ਇਹ ਸਭ ਸੰਕੇਤ ਸੱਚੇ ਪਾਤਿਸ਼ਾਹ ਨੂੰ ਸੱਚੇ ਤਖ਼ਤ ਪੁਰ ਥਿਰ ਸਥਾਪਤ ਦਰਸਾਉਂਦੇ ਹਨ। ਸੋਢੀ ਗੁਰੂ ਰਾਮਦਾਸ ਜੀ ਨੂੰ ਹੀ ਇਹ 'ਬਡਾਈ' ਮਿਲੀ ਹੈ:

ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥

(ਪੰਨਾ ੧੪੦੬)

ਗੁਰੂ ਰਾਮਦਾਸ ਜੀ ਨੂੰ 'ਜੀਅ ਨਾਮ ਦੀ ਬਡਾਈ' ਦਿੱਤੀ ਗਈ ਹੈ:

ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ
ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ *(ਪੰਨਾ ੧੪੦੪)*

ਉਸ ਵਿਧਮਾਨ ਗੁਰੂ ਨੇ ਸੱਚੇ ਸੁਲਤਾਨ ਪਾਤਿਸ਼ਾਹ ਦਾ ਸੱਚਾ ਤਖ਼ਤ ਸਦਾ ਥਿਰ ਰੱਖਿਆ ਹੈ। ਉਹ ਥਾਪਿਆ ਗਿਆ ਹੈ ਸਦਾ ਸਥਿਰ, ਉਸ ਸੱਚੇ ਅਕਾਲ ਵਲੋਂ:

ਬਿਦ੍ਯਮਾਨ ਗੁਰਿ ਆਪਿ ਥ੍ਪ੍ਯਉ ਥਿਰੁ, ਸਾਚਉ ਤਖਤੁ ਗੁਰੂ ਰਾਮਦਾਸੈ॥

(ਪੰਨਾ ੧੪੦੪)

ਜਿਸ ਸ਼ਬਦ ਨੂੰ ਗੁਰੂ ਨਾਨਕ ਨੇ ਗਾਇਆ ਸੀ ਤੇ ਜਿਸ ਦੇ ਅੱਖਰਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਦਾ ਲਈ ਸੁਰੱਖਿਅਤ ਕੀਤਾ ਅਤੇ ਜਿਸ ਦੇ ਨਾਮ ਨੂੰ ਗੁਰੂ ਅਮਰਦਾਸ ਜੀ ਨੇ ਖੁਲ੍ਹਾ ਵਰਤਾਇਆ ਉਸ ਸੱਚ ਦੇ ਸ਼ਬਦ ਨੂੰ ਨੀਸਾਣ ਭਾਵ ਨਗਾਰਾ ਬਣਾ ਵਜਾ ਕੇ ਸਾਰੇ ਸੰਸਾਰ ਵਿਚ ਸੱਚ ਦੀ ਪਾਤਿਸ਼ਾਹੀ ਦੀ ਸਥਾਪਨਾ ਦੀ ਸੂਚਨਾ ਦੇ ਦਿੱਤੀ-ਗੁਰੂ ਰਾਮਦਾਸ ਨੇ, ਸੋਢੀ ਸੁਲਤਾਨ ਨੇ, ਸੱਚੇ ਪਾਤਿਸ਼ਾਹ ਨੇ:

ਗੁਰ ਰਾਮਦਾਸ ਕਲ੍ਯੁਚਰੈ ਤੇ ਸਬਦ ਨੀਸਾਨੁ ਬਜਾਇਅਉ॥ *(ਪੰਨਾ ੧੩੯੭)*

ਇਹ ਸੀ ਸੋਢੀ ਸੁਲਤਾਨ ਸੱਚਾ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਰਾਮਦਾਸ ਤਖ਼ਤ ਛੜ ਦਾ ਮਾਲਕ, ਇਕੋ ਸੱਚ ਦੀ ਟਕਸਾਲ ਵਿਚ ਸ਼ਬਦ ਰੂਪੀ ਸਿੱਕੇ ਮਾਰਨ ਵਾਲਾ, ਜਿਸ ਦੇ ਖੁਤਬੇ ਪੜ੍ਹੇ ਜਾਣ ਲੱਗੇ ਤੇ ਜੋ ਸੱਚੇ ਦਰਗਾਹੀ ਤਖ਼ਤ 'ਤੇ ਬਿਰਾਜਮਾਨ ਹੋਇਆ ਤੇ ਜਿਸ ਨੇ ਧਰਤ ਪੁਰ ਅਮਰਾਪੁਰੀ ਸਥਾਪਤ ਕੀਤੀ ਤੇ ਸੱਚੀ ਸਿਖ ਸਲਤਨਤ ਦੀ ਰਾਜਧਾਨੀ ਸੋਨ-ਸੁਨਹਿਰੀ ਹਰਿਮੰਦਰ (ਦਰਬਾਰ ਸਾਹਿਬ) ਦੇ ਰੂਪ ਵਿਚ ਅੰਮ੍ਰਿਤ ਸਰੋਵਰ ਦੇ ਐਨ ਮੱਧ ਵਿਚ ਹੋਂਦ ਵਿਚ ਲਿਆ ਕੇ ਦੇਸ ਤੇ ਧਰਮ ਦੇ ਇਤਿਹਾਸ 'ਚ ਇਤਿਹਾਸਕ ਕਾਰਜ ਕੀਤਾ।

ਅਸੀਂ ਕੀਰਤਿ ਭਾਟ ਦੀ ਅਰਦਾਸ ਵਿਚ ਇਸ ਬਿਨੇ ਸਹਿਤ ਸ਼ਾਮਲ ਹੁੰਦੇ ਹੋਏ ਸੱਚੇ ਸੋਢੀ ਪਾਤਿਸ਼ਾਹ ਅੱਗੇ ਨਿਮਾਣੇ ਸੀਸ ਝੁਕਾਂਦੇ ਹਾਂ ਤੇ ਸੌ ਸੌ ਵਾਰ ਬਲਿਹਾਰੇ ਜਾਂਦੇ ਹਾਂ:

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥

(ਪੰਨਾ ੧੪੦੬)

(10/1982)

SikhBookClub.com

ਦੀਨ ਦੁਨੀ ਦਾ ਥੰਮ

ਸਤਿਗੁਰੂ ਦੇ ਰਾਹ ਦੇ ਢੰਢਾਊ, ਰੱਬੀ ਭੱਟਾਂ ਕਲ੍ਹ ਸਹਾਰ, ਨਲ, ਗਯੰਦ, ਮਥਰਾ, ਬਲ, ਕੀਰਤ ਤੇ ਸਲ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਕਰਦੇ ਹੋਏ 60 ਸਵੱਈਏ ਉਚਾਰੇ ਹਨ। ਸ੍ਰੀ ਗੁਰੂ ਅਰਜਨ ਜੀ ਨੇ ਰਹਿਮਤ ਕਰ, ਸਵੱਈਏ ਮਹਲੇ ਚੌਥੇ ਕੇ ਦੇ ਸਿਰਨਾਵੇਂ ਹੇਠਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਹਨ। ਜਿਥੇ ਸਵੱਈਆਂ ਨੂੰ ਪੜ੍ਹ ਕੇ ਡੋਲਦੀ ਸ਼ਰਧਾ ਥੰਮ ਜਾਂਦੀ ਹੈ ਉਥੇ ਗੁਰੂ ਵਿਅਕਤੀ ਦਾ ਸਹੀ ਸਰੂਪ ਵੀ ਅੱਖਾਂ ਸਾਹਮਣੇ ਉਜਾਗਰ ਹੋ ਖਲੋਂਦਾ ਹੈ। ਉਂਝ ਕੋਈ ਸ਼ੱਕ ਨਹੀਂ ਕਿ 'ਜੋਤਿ ਉਹਾ ਹੈ ਜੁਗਤਿ ਸਾਇ' ਹੈ ਸਿਰਫ਼ ਸਰੀਰਕ ਜਾਮੇ ਬਦਲੇ ਹਨ ਪਰ ਇਨ੍ਹਾਂ ਸਵੱਈਆਂ ਵਿਚ ਹਰ ਗੁਰੂ ਵਿਅਕਤੀ ਦੀ ਵੱਖ-ਵੱਖ ਆਭਾ ਭਾਅ ਮਾਰਦੀ ਦਿੱਸ ਪੈਂਦੀ। ਭੱਟਾਂ ਨੇ ਚੌਥੇ ਪਾਤਸ਼ਾਹ ਨੂੰ ਉੱਤਮ ਪੁਰਸ਼ (ਸੁਜਨ ਜਨ), ਇਕੋ ਨਜ਼ਰ ਦੇਖਣ ਤੇ ਰੱਖਣ ਵਾਲੇ (ਸਮਤ ਭਾਵ), ਹਰੀ ਗੁਣਾਂ ਦੇ ਗਾਹਕ (ਗੋਵਿੰਦ ਗੁਣ ਗਾਹਕ), ਜਿਸ ਦਾ ਪਾਰ ਨ ਪਾਇਆ ਜਾ ਸਕੇ, ਜੋ ਇਨ੍ਹਾਂ ਅੱਖਾਂ ਨਾਲ ਮਾਪਿਆ ਨਾ ਜਾ ਸਕੇ, ਜੋ ਗਿਆਨ ਇੰਦਰੇ ਦੀ ਪਹੁੰਚ ਤੋਂ ਪਰਾਂ ਤੇ ਸੰਸਾਰ ਤੋਂ ਉੱਚਾ (ਅਦ੍ਰਿਸ਼ਟ, ਅਗੋਚਰ ਤੇ ਅਵਿਗਤ) ਕਹਿ ਸਤਿਕਾਰਿਆ ਹੈ।

ਸ੍ਰੀ ਗੁਰੂ ਰਾਮਦਾਸ ਦੇ ਨੇੜੇ ਮਾੜੀ ਸੰਗਤ ਨਹੀਂ ਆ ਸਕਦੀ ਕਿਉਂ ਜੋ ਉਹ ਸਦਾ ਹਰੀ ਵਿਚ ਹੀ ਵਿਚਰਦੇ ਰਹਿੰਦੇ ਹਨ। ਪ੍ਰਭੂ ਵਿਚ ਲੀਨ ਹੋਣ ਕਾਰਨ ਉਹ ਚੇਤੰਨ ਤੇ ਸਦਾ ਸਦਾ ਜਾਗਤ (ਜਾਗਾ ਮਨ) ਹਨ। ਹਰੀ ਦੇ ਸਾਰੇ ਗੁਣ ਖ਼ਾਸ ਕਰ ਨਿੱਡਰਤਾ, ਨਿਰਭੈਤਾ, ਨਿਰਵੈਰਤਾ, ਉਨ੍ਹਾਂ ਵਿਚ ਪ੍ਰਤੱਖ ਦਿੱਸਦੇ ਹਨ। ਉਹ ਸਮੁੰਦਰਾਂ ਵਾਂਙ ਗਹਿਰੇ ਤੇ ਸ਼ਾਂਤ ਹਨ। ਸੇਵਾ, ਸਿਮਰਨ, ਲਗਨ, ਲਿਵ ਉਹ ਕਦੇ ਤਿਆਗਦੇ ਨਹੀਂ (ਸੇਵਾ ਕਰਤ ਨ ਛੋਡਿਓ ਪਾਸ)। ਉਹ ਐਸੇ ਹੀਰੇ ਹਨ ਜੋ ਗੁਣਾਂ ਨਾਲ ਚਮਕਦੇ ਹਨ ਤੇ ਉਹਨਾਂ ਦੀ ਆਬ ਮੋਤੀਆਂ ਵਾਲੀ ਹੈ। ਗ਼ਰਜ਼ਾਂ ਤੋਂ ਉੱਚੇ ਤੇ ਲੋਕ ਭਲਾਈ ਲਈ ਸਦਾ ਤਤਪਰ ਹਨ। ਕਲਿਜੁਗ ਦੇ ਬਿਖਮ ਸਾਗਰ ਨੂੰ ਤਾਰਨ ਲਈ ਉਨ੍ਹਾਂ ਦਾ ਜੀਵਨ ਬੇੜੇ ਤੁਲ ਸਹਾਇਤਾ ਕਰਦਾ ਹੈ (ਗੁਰੂ ਗਹਿਰ ਗੰਭੀਰ, ਤਾਰਣ ਤਰਣੁ ਸਮਥ ਕਲਿਜੁਗਿ) ਸ੍ਰੀ ਗੁਰੂ ਰਾਮਦਾਸ ਜੀ ਸਦਾ ਹੀ ਅਨੰਦ ਵਿਚ ਖਿੜੇ ਰਹਿੰਦੇ ਹਨ। ਉਹ ਸੁਖਾਂ ਦੇ ਦਾਤੇ ਹਨ: ਸ੍ਰਿਸ਼ਟੀ ਦਾ ਭਾਰ ਉਠਾ ਕੇ ਸ੍ਰਿਸ਼ਟੀ ਦੇ ਲੋਕਾਂ ਨੂੰ ਹੌਲਾ ਫੁੱਲ ਜੀਵਨ ਬਤੀਤ ਕਰਨ ਦੀ ਜਾਚ ਸਿਖਾ ਰਹੇ ਹਨ। ਉਹਨਾਂ ਪਾਸ ਬੈਠਿਆਂ ਹੀ ਮਾਇਆ, ਮਮਤਾ, ਮੋਹ, ਮੌਤ ਦਾ ਸਹਮ ਦੂਰ ਹੋ ਜਾਂਦਾ ਹੈ (ਰਵਿ ਕੇ ਸੁਤ ਕੋ ਤਿਨ ਤ੍ਰਾਸ ਕਹਾ, ਜੋ ਚਰਨ ਗੁਰੂ ਚਿਤ ਲਾਵਤ ਹੈ); ਉਨ੍ਹਾਂ ਪਾਸ ਬੈਠਿਆਂ ਠੰਢਕ ਮਿਲਦੀ ਹੈ (ਜੀਅ ਕੀ ਤਪਤ ਮਿਟਾਵੈ), ਅਗਿਆਨ ਦਾ ਅਨ੍ਹੇਰਾ ਦੂਰ ਹੋ ਜਾਂਦਾ ਹੈ (ਨਯਨ ਕੇ ਤਿਮਰ ਮਿਟੈ ਖਿਨ), ਮੁਖ ਗਿਆਨੀ ਤੇ ਚਤੁਰ ਹੋ ਜਾਂਦਾ ਹੈ। ਉਨ੍ਹਾਂ ਦਾ ਜੀਵਨ ਇਕ ਖ਼ੁਸ਼ਬੂ ਖਿਲਾਰਨ ਤੇ ਖ਼ੁਸ਼ੀ ਵੰਡਣ ਵਾਲਾ ਜੀਵਨ ਹੈ। (ਤੁਮ ਮਲੀਆਗਰ ਪ੍ਰਗਟ ਸੁਬਾਸ) ਪਰ ਸਭ ਤੋਂ ਉੱਤਮ ਗੁਣ ਜੋ ਭੱਟਾਂ ਨੇ ਦਰਸਾਇਆ ਹੈ ਉਹ ਹੈ

SikhBookClub.com

ਰਾਜ ਵਿਚ ਜੋਗ ਮਾਨਣ ਵਾਲਾ ਗੁਣ। ਇਹ ਉਪਮਾ ਅਲੰਕਾਰ ਭਾਵੇਂ ਭੱਟਾਂ ਨੇ ਹਰ ਗੁਰ-ਵਿਅਕਤੀ ਬਾਰੇ ਵਰਤਿਆ ਹੈ। ਪਰ ਬਾਰ ਬਾਰ ਸ੍ਰੀ ਗੁਰੂ ਰਾਮਦਾਸ ਜੀ ਲਈ ਦੁਹਰਾਇਆ ਹੈ। 'ਰਾਜ ਮਹਿ ਜੋਗ ਕਮਾਇਓ' 'ਤੂੰ ਤਾ ਜਨਕ ਰਾਜਾ ਅਉਤਾਰ' ਇਸ ਸਬੰਧੀ ਵਰਤੇ ਜਾਣ ਵਾਲੇ ਪ੍ਰਤੀਕ ਹਨ। ਇਸੇ ਤਰ੍ਹਾਂ ਭਾਈ ਸੱਤਾ ਤੇ ਬਲਵੰਡ ਜੀ ਨੇ ਵੀ ਗੁਰੂ ਦੀ ਸ਼ਖ਼ਸੀਅਤ ਦਾ ਚਮਤਕਾਰ ਦਰਸਾਂਦੇ ਹੋਏ ਇਕ ਪਉੜੀ ਆਖੀ ਹੈ ਜਿਸ ਵਿਚ ਵੱਡੀ ਉਪਮਾ ਇਹ ਆਖੀ ਹੈ ਕਿ ਗੁਰੂ ਜੀ ਦੇ ਦਰਸ਼ਨ ਕਰ, ਡੋਲਦਾ ਮਨ ਟਿਕ ਜਾਂਦਾ ਹੈ 'ਗੁਰ ਡਿਠਾ ਤਾ ਮਨ ਸਾਧਾਰਿਆ'। ਭਾਈ ਨੰਦ ਲਾਲ ਜੀ ਨੇ ਆਪ ਜੀ ਦੇ ਸ਼ਰਨ, ਸੁਚੱਜੇ, ਸੁੱਚੇ, ਨਿਰਵੈਰ, ਨਿਰਮਾਨ, ਨਿਰਭਉ, ਸਿਦਕ, ਅਕਲ ਤੇ ਉਚਤਾ ਵਾਲੇ ਸੁਭਾ ਦਾ ਜ਼ਿਕਰ ਕਰਦੇ ਹੋਏ ਮਾਇਆ ਵਿਚ ਉਦਾਸ ਦਸਿਆ ਹੈ:

ਗੁਰੂ ਰਾਮਦਾਸ ਮਤਾਅ ਉਲਵਰਾ।
ਜਹਾਂਬਾਨਿ ਅਕਲੀਮ ਸਿਦਕੋ ਸਫ਼ਾ।
ਹਮ ਅਜ਼ ਸਲਤਨਤ ਹਮਜ਼ਿ ਫ਼ਕਰਸ਼ ਨਿਸ਼ਾਂ।
ਗਿਰਾ ਮਾਯਾ ਤਰ ਅਫ਼ਸਰੋ ਅਫ਼ਸਰਾਂ।

ਪਰ ਇਕ ਸਿਫ਼ਤ ਐਸੀ ਹੈ ਜੋ ਸ੍ਰੀ ਗੁਰੂ ਰਾਮਦਾਸ ਜੀ ਦੀ ਜ਼ਿੰਦਗੀ ਵਿਚੋਂ ਉਜਾਗਰ ਕਰਦੇ ਹੋਏ ਭਾਈ ਗੁਰਦਾਸ ਜੀ ਨੇ ਲਿਖੀ ਹੈ, ਉਹ ਹੈ: ਦੀਨ ਦੁਨੀ ਦਾ ਥੰਮ ਭਾਈ ਜੀ ਲਿਖਦੇ ਹਨ:

ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮ੍ਹਿ ਖਲੋਤਾ।
ਭਉਜਲ ਭਉ ਨ ਵਿਆਪਈ,
ਗੁਰ ਬੋਹਿਥ ਚੜਿ ਖਾਇ ਨ ਗੋਤਾ।

(ਵਾਰ ੨੪/੧੫)

ਸ੍ਰੀ ਗੁਰੂ ਰਾਮਦਾਸ ਜੀ ਸੰਸਾਰ ਦੇ ਲੋਕਾਂ ਦਾ ਲੋਕ, ਪ੍ਰਲੋਕ ਸਵਾਰਨ ਵਾਲੇ ਸਹਾਰੇ ਹਨ; ਉਹ ਇਕ ਐਸੇ ਜਹਾਜ਼ ਹਨ ਜਿਸ ਉੱਤੇ ਚੜ੍ਹੇ ਮਨੁੱਖ ਨੂੰ ਸੰਸਾਰ ਸਮੁੰਦਰ ਦੀਆਂ ਛੱਲਾਂ ਦਾ ਭੈ ਕੁਝ ਨਹੀਂ ਆਖਦਾ ਅਤੇ ਉਹ ਵਿਅਕਤੀ ਤੂਫ਼ਾਨਾਂ ਵਿਚ ਡਿੱਗਣ ਡੋਲਣ ਤੋਂ ਬਚ ਕੇ ਪਾਰ ਲੰਘ ਜਾਂਦਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ 'ਦੀਨ-ਦੁਨੀ' ਨੂੰ ਇਕੱਠੇ ਕਰ ਸੰਸਾਰੀ ਨਜ਼ਰਾਂ ਵਿਚ ਕਰਾਮਾਤ ਹੀ ਕੀਤੀ ਹੈ। ਉਂਝ ਸਾਡੇ ਘਰ ਰਵਾਇਤ ਵੀ ਹੈ ਕਿ ਲਕਸ਼ਮੀ ਸ੍ਰੀ ਗੁਰੂ ਨਾਨਕ ਦੇ ਸਮੇਂ ਗੁਰੂ ਘਰ ਤੋਂ ਦੂਰ ਵਿਹੜੇ ਵਿਚ ਝਾੜੂ ਦਿਆ ਕਰਦੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਵੇਲੇ ਲਕਸ਼ਮੀ ਨੂੰ ਕੁਝ ਖੁੱਲ੍ਹ ਮਿਲੀ ਤੇ ਉਹ ਬਰਾਂਡੇ ਵਿਚ ਆ ਗਈ। ਸ੍ਰੀ ਗੁਰੂ ਅਮਰਦਾਸ ਜੀ ਦੇ ਦਲ੍ਹੀਜ਼ ਉੱਤੇ ਖੜੇ ਰਹਿਣ ਦੀ ਆਗਿਆ ਦੇ ਦਿੱਤੀ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਲਕਸ਼ਮੀ ਨੂੰ ਦਲ੍ਹੀਜ਼ ਟੱਪ ਦਰਬਾਰ ਵਿਚ ਬੈਠਣ ਦੀ ਥਾਂ ਮਿਲ ਗਈ। ਇਹ ਚਿੰਨਾਤਮਕ ਸਾਖੀ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਜੋ ਗੁਰੂ ਨਾਨਕ ਜੀ ਨੇ 'ਰਾਜ-ਜੋਗ', ਮਾਇਆ ਵਿਚ ਉਦਾਸ ਰਹਿਣ ਦਾ ਮਾਰਗ ਚਲਾਇਆ ਸੀ ਉਸ ਨੂੰ ਗੁਰੂ ਰਾਮਦਾਸ ਜੀ ਨੇ ਸੰਪੂਰਨਤਾ ਦੀ ਹੱਦ ਤੱਕ ਪਹੁੰਚਾਇਆ। ਇਹ ਸ੍ਰੀ ਗੁਰੂ ਰਾਮਦਾਸ ਦੀ ਹੀ ਵਡਿਆਈ ਹੈ ਕਿ ਸ੍ਰੀ ਗੁਰੂ ਨਾਨਕ ਜੀ ਨੇ ਟੋਰੇ ਕਾਰਜਾਂ ਨੂੰ ਬਹੁਤ ਹੱਦ ਤਕ ਮੁਕੰਮਲ ਕਰ ਦਿਖਾਇਆ। ਕਈ ਮਸਲਿਆਂ ਨੂੰ ਉਨ੍ਹਾਂ ਨੇ ਨਜਿਠਿਆ। ਇਕ ਹੋਰ ਥਾਵੇਂ, ਹੋਰ ਪ੍ਰਕਰਣ ਤੇ ਪਰਥਾਇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਹੀ ਜ਼ਿਕਰ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਇਕ ਵਿਚਾਰਧਾਰਾ ਉਨ੍ਹਾਂ ਨੇ ਕਿਵੇਂ ਨਜਿੱਠੀ। ਉਹ ਫ਼ੁਰਮਾਉਂਦੇ ਹਨ—ਸ੍ਰੀ ਗੁਰੂ ਨਾਨਕ ਦੇਵ

SikhBookClub.com

ਜੀ ਨੇ ਜਿਨ੍ਹਾਂ ਮਨੁੱਖਾਂ ਨੂੰ ਮਨਮੁਖ ਕਰਾਰ ਦੇ ਕੇ ਫ਼ਿਟਕਾਰਿਆ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਝੂਠਾ ਮਿਥਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਵਿਚਾਰਿਆ ਕਿ ਇਨ੍ਹਾਂ ਕੰਗਾਲ ਬ੍ਰਿਤੀ ਵਾਲਿਆਂ ਦੇ ਕੀ ਵਸ ਜੋ ਚੌਥੇ ਥਾਂ ਬੈਠੇ (ਸ੍ਰੀ ਗੁਰੂ ਰਾਮਦਾਸ ਜੀ ਨੇ ਖ਼ੁਦ, ਨਿਮਰਤਾ ਦੀ ਹੱਦ ਦੱਸ ਕੇ) ਅਹੰਕਾਰੀਆਂ ਤੇ ਨਿੰਦਕਾਂ ਨੂੰ ਵੀ ਮਜਬੂਰ ਕਰ ਦਿੱਤਾ ਕਿ ਉਹ ਸਿੱਖੀ ਦੀ ਮੁਖਾਲਫ਼ਤ ਛੱਡਣ ਤੇ ਸਿੱਖੀ ਨਾਲ ਜੁੜਨ। ਸਭ ਨੂੰ ਛਾਤੀ ਨਾਲ ਲਗਾਇਆ:

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥

(ਪੰਨਾ ੩੦੭)

ਇਹ ਇਕ ਇਤਿਹਾਸਕ ਸੱਚਾਈ ਹੈ ਕਿ ਉਹ ਸ਼੍ਰੇਣੀ ਜੋ ਗੁਰੂ ਘਰ ਤੋਂ ਰੁਸੇਵੇਂ, ਈਰਖਾ, ਗੁਮਾਨ, ਕ੍ਰੋਧ ਕਰ ਕੇ ਦੂਰ ਹੋ ਗਈ ਸੀ, ਸ੍ਰੀ ਗੁਰੂ ਰਾਮਦਾਸ ਜੀ ਨੇ ਨਿਮਰਤਾ ਦੀ ਹੱਦ ਦੱਸ ਕੇ ਕੁੜਤਣ ਦੂਰ ਕੀਤੀ ਤੇ ਉਨ੍ਹਾਂ ਨੂੰ ਸਿੱਖੀ ਦੇ ਪ੍ਰਚਾਰ ਲਈ ਲਗਾਇਆ।

ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਮਾਇਆ ਦਾ ਜਿਸ ਨੂੰ ਭਗਤੀ ਨਾਲ ਅਜੋੜ ਕਹਿ ਕੇ ਦੁਰਕਾਰਿਆ ਜਾਂਦਾ ਸੀ ਭਗਤੀ ਨਾਲ ਜੋੜ ਕੇ ਪੇਸ਼ ਕੀਤਾ। ਜਿਸ ਗ੍ਰਿਹਸਤ ਨੂੰ ਗ੍ਰਸਿਆ, ਪਕੜਿਆ, ਫਸਿਆ, ਨਰਕ ਨਿਆਈਂ ਕਿਹਾ ਜਾਂਦਾ ਸੀ ਸੱਚੇ ਪਾਤਸ਼ਾਹ ਨੇ ਖਿੜਿਆ ਹੋਇਆ 'ਪਰਵਿਰਤੀ ਕਰਮ ਦ੍ਰਿੜ੍ਹਾਇਆ'। ਇਹ ਗੁਰੂ ਮਾਲਕ ਦਾ ਹੀ ਸੁਭਾਅ ਹੈ ਕਿ ਵਸਤੂ ਨੂੰ ਮੁੱਢਲੀ ਅਵੱਸਥਾ ਤੋਂ ਚੁੱਕ ਕੇ ਸਿਖਰ ਤਕ ਪਹੁੰਚਾਣਾ। ਜਿਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਦੋਵਾਂ ਨੂੰ ਇਕ ਸਤਹ ਉੱਤੇ ਲਿਆਉਣ ਲਈ ਉਪਰਾਲਾ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਕਿਰਪਾਨ ਵਿਚ ਦੋ ਧਾਰਾ ਬਣਾ ਕੇ 'ਖੰਡਾ' ਰੂਪ ਬਣਾ ਦਿੱਤਾ। ਇਹ ਅਸੰਭਵ ਨੂੰ ਸੰਭਵ ਬਣਾਉਣਾ ਹੀ ਸੀ। ਇਹ ਠੀਕ ਹੈ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਟਿਕਦੀਆਂ। ਪਰ ਇਕ ਤਲਵਾਰ ਦੀਆਂ ਦੋ ਧਾਰਾਂ ਬਣਾ ਕੇ ਖੰਡਾ ਬਣਾਇਆ ਜਾ ਸਕਦਾ ਹੈ। ਫਿਰ ਇਕ ਹੀ ਮਿਆਨ ਦੀ ਲੋੜ ਰਹਿ ਜਾਂਦੀ ਹੈ। ਗੁਰੂ ਸਾਹਿਬ ਦੇ ਇਹ ਹੀ ਨਿਰਾਲੇ ਕੌਤਕ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਰਾਜ-ਯੋਗ, ਦੀਨ-ਦੁਨੀ ਨੂੰ ਇਕ ਕਰਕੇ ਅਨੋਖਾ ਕਰਮ ਕੀਤਾ ਹੈ।

ਇਸੇ ਖ਼ਿਆਲ ਨੂੰ ਭਗਤ ਨਾਮਦੇਵ ਜੀ ਨੇ ਆਪ ਰਾਗ ਰਾਮਕਲੀ ਵਿਚ ਵਿਸਥਾਰ ਸਹਿਤ ਸਮਝਾਇਆ ਹੈ। ਹਾਣੀਆਂ ਨਾਲ ਗੱਲਾਂ ਬਾਤਾਂ ਕਰਦੇ, ਇਕ ਮੁੰਡੇ ਦਾ ਕਾਗਜ਼ ਦੀ ਗੁੱਡੀ ਉਡਾਣਾ, ਰਲ ਕੇ ਗੱਲਾਂ ਕਰਦੀਆਂ ਕੁੜੀਆਂ ਦਾ ਖੂਹ ਤੋਂ ਪਾਣੀ ਭਰ ਕੇ ਲਿਆਉਣਾ, ਗਾਈਆਂ ਦਾ ਵਛਿਆਂ ਤੋਂ ਜੁਦਾ ਹੋ ਕੇ ਬਾਹਰ ਘਾਹ ਚੁਗਣ ਜਾਣਾ, ਮਾਂ ਦਾ ਆਪਣੇ ਨਿੱਕੇ ਬੱਚੇ ਨੂੰ ਪੰਘੂੜੇ 'ਤੇ ਸੁਆ ਕੇ ਘਰ ਦੇ ਕੰਮਕਾਜ ਵਿਚ ਲੱਗਣਾ, ਇਹ ਸਾਰੇ ਕੰਮ ਕਾਰ ਹੁੰਦਿਆਂ ਹੋਇਆਂ ਭੀ ਮੁੰਡੇ ਦਾ ਧਿਆਨ ਗੁੱਡੀ ਵਿਚ, ਕੁੜੀਆਂ ਦਾ ਚਿਤ ਆਪਣੇ ਘੜਿਆਂ ਵਿਚ, ਗਾਂ ਦੀ ਸੁਰਤਿ ਆਪਣੇ ਵੱਛੇ ਵਿਚ ਤੇ ਮਾਂ ਦੀ ਬਿਰਤੀ ਬੱਚੇ ਵਿਚ ਹੁੰਦੀ ਹੈ।

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥ *(ਪੰਨਾ ੯੭੨)*

SikhBookClub.com

ਇਸੇ ਤਰ੍ਹਾਂ ਜੇ ਇਹ ਨਿਮਾਣਾ ਬਾਲਕ, ਜੀਵ, ਸੁਰਤ ਦੀ ਡੋਰੀ ਨਾਲ ਆਤਮਾ ਨੂੰ ਉੱਚੇ ਗਗਨਾਂ ਵਿਚ ਲੈ ਜਾਏ ਤੇ ਫਿਰ ਕਿਰਤ ਕਾਰ ਦੇ ਰੁਝੇਵਿਆਂ ਵਿਚ ਰੁਝਿਆ ਵੀ ਰਹੇ, ਪਰ ਸੁਰਤ ਨੂੰ ਹੱਥੋਂ ਨਾ ਛੱਡੇ ਤਾਂ ਕਦੇ ਵੀ ਉਸ ਦੀ ਆਤਮਾ ਨੀਵੇਂ ਪੱਧਰ ਉੱਤੇ ਨਹੀਂ ਆਵੇਗੀ। ਪਤੰਗ ਵਾਂਗੂੰ ਉੱਚੀ ਉੱਡਦੀ ਹੀ ਰਹੇਗੀ। ਕਿਰਤਕਾਰ ਦਾ ਆਤਮਕ ਮੰਡਲਾਂ ਨਾਲ ਕੋਈ ਅਜੋੜ ਨਹੀਂ ਹੈ। ਗੱਲ ਅਸਲ ਇਹ ਹੈ ਕਿ ਕੋਈ ਵਿਰਲਾ ਹੀ ਸੀ ਜੋ ਇਸ ਰਹੱਸਮਈ ਵਿਸਮਾਦ ਨੂੰ ਸਮਝਦਾ ਸੀ। ਇਹ ਸ੍ਰੀ ਗੁਰੂ ਰਾਮਦਾਸ ਜੀ ਦੇ ਹੀ ਹਿੱਸੇ ਆਇਆ ਹੈ ਕਿ ਉਹ 'ਵਿਚੇ ਮਾਇਆ' ਦੇ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਉਣ। ਗ੍ਰਿਹਸਤੀ ਜੀਵਨ ਦੀ ਰੂਪ-ਰੇਖਾ ਵੀ ਉਨ੍ਹਾਂ ਹੀ ਨਿਖਾਰੀ ਹੈ। ਦੀਨ-ਦੁਨੀ ਦੇ ਪਰਸਪਰ ਮੇਲ ਨੂੰ ਵੀ ਗੁਰੂ ਜੀ ਨੇ ਹੀ ਪ੍ਰਗਟਾਇਆ ਤੇ ਦਰਸਾਇਆ ਹੈ। ਦੁਨੀਆਂ ਵਿਚ ਰਹਿਣ ਦੀ ਜਾਚ ਹੀ ਇਹ ਹੈ ਕਿ ਦੁਨੀਆਂ ਵਿਚ ਨਾ ਖੁਭਿਆ ਜਾਏ। ਹਿਰਦੇ ਗਿਆਨ ਰਖ, ਮੁਖ ਭਗਤੀ ਆਖਣਾ ਤੇ ਵਰਤਣ ਵੈਰਾਗ ਕਰ ਤੁਰੀ ਜਾਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ 'ਹਿਰਦੇ ਸਚ ਇਹ ਕਰਣੀ ਸਾਰ' ਵਾਲੀ ਰਹਿਤ ਦਰਸਾਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਦਾ ਨਿਤਾਣਾ ਪਣ ਦੱਸਦੇ ਹੋਏ ਫ਼ੁਰਮਾਇਆ ਹੈ ਕਿ ਇਹ ਮਨੁੱਖ ਦੁਨੀਆਂ ਦੇ ਸੋਚ ਵਿਚ ਖ਼ੁਦਾ ਦਾ ਨਾਮ ਵਿਸਾਰ ਦੇਂਦਾ ਹੈ ਅਤੇ ਉਸ ਰੌਲੇ ਵਿਚ ਆਪਣਾ ਜੀਵਨ ਰੋਲਣ ਲੱਗ ਪੈਂਦਾ ਹੈ। ਕੋਈ ਫਿਰ ਵਿਰਲਾ ਹੀ ਬਚਦਾ ਹੈ ਜਿਸ ਉੱਤੇ ਪ੍ਰਭੂ ਨੇ ਕਿਰਪਾ ਕੀਤੀ ਹੁੰਦੀ ਹੈ:

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ॥ *(ਪੰਨਾ ੧੩੮੩)*

ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ ਚਾਹੀਦਾ ਕਿ 'ਸਰਪਨੀ ਤੇ ਉਪਰਿ ਨਹੀ ਬਲੀਆ।' ਕੋਈ ਅਖੌਤੀ ਜ਼ੋਰ ਵਾਲਾ ਵੀ ਮਾਇਆ ਦੀ ਮਾਰ ਤੋਂ ਨਹੀਂ ਬਚਿਆ। ਫਿਰ ਧਰਤੀ ਦੀ ਖਿੱਚ ਤਾਂ ਉਂਝ ਹੀ ਆਖਰਾਂ ਦੀ ਹੈ। ਧਰਤੀ ਦੇ ਰੰਗ ਮੰਚ ਉੱਤੇ ਜਦ ਮਾਇਆ ਅਨੇਕ ਰੂਪ ਧਾਰ ਆਉਂਦੀ ਹੈ ਤਾਂ ਦਰਸ਼ਨਾਂ ਦੀ ਗੱਲ ਛੱਡੋ, ਨਿਰਦੇਸ਼ਕ ਵੀ ਭਰਮ ਜਾਂਦੇ ਹਨ। ਕ੍ਰਿਸ਼ਨ, ਮਹਾਂਦੇਵ, ਬ੍ਰਹਮਾਂ, ਆਦਿ ਜੋਧਿਆਂ ਦਾ ਬਚਣਾ ਵੀ ਔਖਾ ਹੋ ਜਾਂਦਾ ਹੈ। ਸੋ ਸਭ ਤੋਂ ਪਹਿਲਾਂ ਦੁਨੀ (ਮਾਇਆ) ਦਾ ਦਾਬਾ ਉਤਾਰਨਾ ਜ਼ਰੂਰੀ ਸੀ ਉਹ ਸ੍ਰੀ ਗੁਰੂ ਰਾਮਦਾਸ ਜੀ ਨੇ ਉਤਾਰਿਆ। ਗੁਰੂ ਜੀ ਨੇ ਮਾਇਆ ਨੂੰ ਕਸੁੰਭ, ਨਿਚਾਣ, ਦਿਨ ਥੋੜੜੇ, ਛਾਇਆ, ਮਿਥਿਆ ਆਖ ਕੇ ਥੋੜਵਿਤਾ ਦਰਸਾਇਆ। ਜਿਸ ਦਾ ਸਦੀਵੀ ਰੂਪ ਹੀ ਕੋਈ ਨਹੀਂ, ਉਸ ਨਾਲ ਰਿਸ਼ਤਾ ਜੋੜਨਾ ਹੀ ਮੂਰਖ-ਪੁਣਾ ਹੈ। ਪਰ ਇਕ ਗ਼ਲਤ ਖ਼ਿਆਲ ਆਮ ਮਨੁੱਖਾਂ ਵਿਚ ਪ੍ਰਚਲਿਤ ਸੀ ਕਿ ਦੁਨੀ ਦੇ ਮਾਲਕ ਉਮਰਾਵ, ਸਿਕਦਾਰ, ਚੌਧਰੀ, ਰਾਜੇ, ਨਵਾਬ ਸੌਖੇ ਹਨ, ਸੁਖੀ ਹਨ ਤਾਂ ਤੇ ਸੁਖ ਦਾ ਸਾਧਨ ਮਾਇਆ ਦਾ ਰਸਤਾ ਹੀ ਚੰਗਾ ਹੈ। ਗੁਰੂ ਰਾਮਦਾਸ ਜੀ ਨੇ ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਇਆ। ਇਹ ਸਭ:

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥ *(ਪੰਨਾ ੮੬੧)*

ਅਤੇ

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥
ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥

SikhBookClub.com

ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ॥
ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥ *(ਪੰਨਾ ੬੪੫)*

ਦੁਨੀ ਦਾ ਦਾਬਾ ਉਤਾਰਨਾ ਹੀ ਦੁਨੀਆਂ ਵਿਚ ਰਹਿਣਾ ਹੈ। ਠੀਕ ਜਾਚ ਹੀ ਇਹ ਹੈ ਕਿ ਮਾਇਆ ਨੂੰ ਠੀਕ ਵਰਤਣ ਦਾ ਢੰਗ ਆ ਜਾਏ। ਜੋ ਪ੍ਰਾਣੀ ਕਿਰਤ ਕਾਰ ਕਰ 'ਭਲਕੇ ਉਠਿ ਹਰਿ ਨਾਮ ਧਿਆਵੈ' ਦੀ ਗੁਰ ਮਰਯਾਦਾ ਅਨੁਸਾਰ ਜੀਵਨ ਗੁਜ਼ਾਰਦਾ ਹੈ ਉਹ 'ਵਿਚੇ ਮਾਇਆ ਪਾਇਆ' ਦੇ ਸਿਧਾਂਤ ਨੂੰ ਸਮਝ ਲੈਂਦਾ ਹੈ। ਉਸ ਪ੍ਰਾਣੀ ਨੂੰ ਮਾਇਆ ਭਰਮਾਂਦੀ ਨਹੀਂ ਸਗੋਂ ਉਹ ਮਾਇਆ ਨੂੰ ਵੀ ਨਾਮ ਪਉੜੀ ਚੜ੍ਹਨ ਦਾ ਵਸੀਲਾ ਹੀ ਬਣਾ ਲੈਂਦਾ ਹੈ। ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਹੀ ਗੁਰਮੁਖ ਆਖਿਆ ਹੈ ਜੋ ਮਾਇਆ ਨੂੰ ਠੀਕ ਵਰਤਦੇ ਹਨ। ਉਨਾਂ ਮਹਾਂ ਪੁਰਸ਼ਾਂ ਦੀ ਮਾਇਆ ਇਕੱਠੀ ਕਰਨੀ ਵੀ ਜਾਇਜ਼ ਹੈ। ਕਿਉਂਕਿ ਉਹ ਮਾਇਆ ਨਿਜ ਲਈ ਨਹੀਂ, ਹਰਿ ਅਰਥ ਲਈ ਹੀ ਖਰਚਦੇ, ਵਰਤਦੇ ਹਨ ਤੇ ਵੰਡ ਕੇ, ਦੇ ਕੇ ਖੁਸ਼ ਹੁੰਦੇ ਹਨ ਤੇ ਸੁਖ ਮਹਿਸੂਸ ਕਰਦੇ ਹਨ:

ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ॥

(ਪੰਨਾ ੧੨੪੬)

ਇਹ ਹੈ ਰਾਜ ਜੋਗ ਦਾ ਸਹਜ (Balanced) ਸਿਧਾਂਤ ਜਿਸ ਨੂੰ ਸਿੱਖ ਘਰ ਨੇ ਉਜਾਗਰ ਕੀਤਾ। ਹਿੰਦੂ ਮਿਥਿਹਾਸ ਵਿਚ ਤਾਂ ਇਕੋ ਜਨਕ ਹੋਇਆ ਜਿਸ ਨੇ ਇਸ ਰਹਸ ਨੂੰ ਸਮਝਿਆ ਪਰ ਸਿੱਖ ਘਰ ਵਿਚ ਹਰ ਸਿੱਖ ਹੀ ਜਨਕ ਹੈ। ਸਿਖ 'ਰਾਜ-ਯੋਗ' ਮਾਣਨ ਦਾ ਪੂਰਾ ਢੰਗ ਜਾਣਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਮੁੱਕਦੀ ਗੱਲ ਹੀ ਇਹ ਲਿਖੀ ਹੈ ਕਿ ਜੋ ਮਨੁੱਖ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ, ਉਹਨਾਂ ਦਾ ਮਾਇਆ ਵਰਤਨਾ, ਖਾਣਾ ਪਹਿਨਣਾ ਸਭ ਕੁਝ ਪਵਿੱਤਰ ਹੈ, ਉਨ੍ਹਾਂ ਦੇ ਘਰ ਮੰਦਰ, ਮਹਿਲ, ਮਾੜੀਆਂ, ਸਰਾਵਾਂ ਸਭ ਪਵਿੱਤਰ ਹਨ ਜਿਨ੍ਹਾਂ ਦੇ ਦਰਵਾਜ਼ੇ ਹਰ ਗੁਰਮੁਖ, ਸੇਵਕ, ਸਿੱਖ, ਅਭਿਆਗਤ ਲਈ ਖੁਲ੍ਹੇ ਰਹਿੰਦੇ ਹਨ:

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥

(ਪੰਨਾ ੬੪੮)

ਉਨ੍ਹਾਂ ਦੇ ਘੋੜੇ, ਜ਼ੀਨ, ਜ਼ੀਨਾਂ ਦੇ ਥਲੇ ਪਸੀਨਾ ਜਜ਼ਬ ਕਰਨ ਵਾਲੇ ਤਾਹਰੂ ਸਭ ਪਵਿੱਤਰ ਹਨ, ਜਿਨ੍ਹਾਂ ਉੱਤੇ ਗੁਰਮੁਖ, ਸਿਖ, ਸਾਧ, ਸੰਤ ਚੜ੍ਹਦੇ ਹਨ, ਉਨ੍ਹਾਂ ਪੁਰਸ਼ਾਂ ਦੇ ਕੰਮ ਕਾਜ, ਕਿਰਤ ਕਾਰ ਸਭ ਪਵਿੱਤਰ ਹੈ, ਜੋ ਹਰ ਸਮੇਂ ਹਰੀ ਦਾ ਨਾਮ ਉਚਾਰਦੇ ਹਨ:

ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥ *(ਪੰਨਾ ੬੪੮)*

ਦੂਜੇ ਅਰਥਾਂ ਵਿਚ ਮਾਇਆ ਵਰਤਣ ਦਾ ਹਕ ਸਿਰਫ਼ ਗੁਰਮੁਖ ਨੂੰ ਹੈ, ਹਰੀ ਵਿਚ ਜੁੜਨ ਵਾਲੇ ਨੂੰ ਹੈ। ਐਸਾ ਮਨੁੱਖ ਹੀ ਦੀਨ ਨੂੰ ਸਮਝਦਾ ਹੈ, ਧਰਮ ਜਾਣਦਾ ਹੈ ਤੇ ਧਰਮ ਦਾ ਪਹਿਰਾ ਦੇਂਦਾ ਹੈ।

SikhBookClub.com

ਉਸ ਲਈ ਧਰਮ ਰਟਨ, ਮੰਤਰ ਜਾਂ ਖੁਸ਼ਕ ਫ਼ਲਸਫ਼ਾ ਨਹੀਂ ਰਹਿੰਦਾ, ਸਗੋਂ ਇਕ ਜੀਵਨ-ਜਾਚ ਬਣ ਜਾਂਦਾ ਹੈ। ਸਿੱਖ ਗ੍ਰਿਹਸਤੀ ਹੈ ਤੇ ਗ੍ਰਿਹਸਤੀ ਨੂੰ ਕਦੀ ਆਰਥਕ ਸੰਕਟਾਂ ਦਾ ਤੇ ਕਦੀ ਵਾਰੀ ਰਾਜਨੀਤਕ ਹਠਾਂ ਦਾ ਤੇ ਕਦੀ ਵਾਰ ਸਮਾਜਕ ਦੁਸ਼ਵਾਰੀਆਂ ਦੇ ਟਾਕਰੇ ਲਈ ਖੜਾ ਹੋਣਾ ਪੈਂਦਾ ਹੈ, ਉਸ ਸਮੇਂ ਧਰਮ ਗ੍ਰਿਹਸਤੀ ਦਾ ਸਹਾਰਾ ਬਣ ਸਹਾਇਕ ਹੁੰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਟਾਕਰੇ ਦੀ ਹੀ ਜਾਚ ਸਿਖਲਾਈ ਹੈ। ਗਉੜੀ ਕੀ ਵਾਰ, ਸੋਰਠ ਕੀ ਵਾਰ, ਬਿਲਾਵਲ ਕੀ ਵਾਰ ਇਸ ਪਾਸੇ ਦੇ ਸੁੰਦਰ ਨਮੂਨੇ ਹਨ। ਗ੍ਰਿਹਸਤੀ ਲਈ ਇਹ ਤੁਕਾਂ ਥੰਮੀ ਦਾ ਹੀ ਕੰਮ ਦੇਂਦੀਆਂ ਹਨ:

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨਾ ਪਰਾਇਆ ਭਲਾ ਨ ਸੁਖਾਈ॥
ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ॥

(ਪੰਨਾ ੮੫੦)

ਦੀਨੀ ਅਖਵਾਵਣਾ, ਧਰਮੀ ਕਹਿਲਾਵਣਾ, ਹਰੀ ਵਿਚ ਜੁੜਨਾ ਉਸੇ ਨੂੰ ਫਬਦਾ ਹੈ ਜੋ ਇਨਸਾਫ਼ ਨੂੰ ਹੱਥੋਂ ਨਹੀਂ ਛੱਡਦਾ, ਜੋ ਚੁਗਲ ਦਾ ਕਹਿਆ ਨਹੀਂ ਸੁਣਦਾ, ਜੋ ਦੁਖੀ ਦਾ ਦੁਖ ਸੁਤੇ ਸਿਧ ਉਸ ਦੇ ਆਖੇ ਬਗ਼ੈਰ ਜਾ ਕੇ ਵਡਾਂਦਾ ਹੈ, ਓਹ ਹੀ ਹਰਿ ਦੀ ਵਡਿਆਈ ਜਾਨਣ ਯੋਗ ਹੋਇਆ ਹੈ:

ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ॥
ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥
ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ॥ *(ਪੰਨਾ ੮੪)*

ਬਸ, ਮਾਇਆ ਵਿਚ ਰਹਿ ਕੇ ਉਸ ਨੂੰ ਵਿਸਾਰਨਾ ਨਹੀਂ ਤੇ ਉਸ ਨੂੰ ਜਪਦਿਆਂ ਸੰਸਾਰ ਤਿਆਗਣਾ ਨਹੀਂ। ਇਹ ਪਾਵਨ ਸਿਧਾਂਤ ਸ੍ਰੀ ਗੁਰੂ ਰਾਮਦਾਸ ਜੀ ਨੇ ਥਾਂ ਥਾਂ ਸਮਝਾਇਆ ਤੇ ਦੀਨ-ਦੁਨੀ ਦਾ ਥੰਮ ਬਣ ਆਪਣੇ ਜੀਵਨ ਰਾਹੀਂ ਦੋਹਾਂ ਨੂੰ ਇਕ ਥਾਂ ਕਰ ਦਰਸਾਇਆ।

ਸ੍ਰੀ ਗੁਰੂ ਰਾਮਦਾਸ ਜੀ ਨੇ ਚਕ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਵਸਾ ਕੇ ਇਸੇ ਖ਼ਿਆਲ ਨੂੰ ਮੂਰਤੀ ਮਾਨ ਕੀਤਾ। 52 ਕਿਤਿਆਂ ਵਾਲਿਆਂ ਨੂੰ ਵਸਾਉਣਾ ਉਸੇ ਕਰਾਮਾਤ ਦਾ ਹਿੱਸਾ ਸੀ। ਇਕ ਸਮਾਜ ਉਸਾਰ ਰਹੇ ਸਨ। ਦਰਬਾਰ ਸਾਹਿਬ ਦੇ ਲਾਗੇ ਗਲੀ ਮੋਚੀਆਂ ਬਣਾ ਕੇ ਸਦੀਆਂ ਤੋਂ ਵਿਛੜਿਆਂ ਨੂੰ ਗਲ ਲਗਾਇਆ ਤੇ ਪ੍ਰਗਟਾਇਆ ਕਿ:

ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ॥
ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ॥

(ਪੰਨਾ ੯੬)

ਚਾਰ ਦਰਵਾਜ਼ੇ ਸਿਖ ਘਰ ਵਿਚ ਹਰ ਵਰਨ ਦੇ ਸਨਮਾਨ ਦਾ ਹੀ ਚਿੰਨ੍ਹ ਹਨ। ਸਿਖ ਨਾ ਪੱਛਮ ਤੇ ਨਾ ਪੂਰਬ, ਸਗੋਂ ਹਰ ਦਸ਼ਾ ਵਿਚ ਉਸ ਨੂੰ ਵਿਆਪਕ ਜਾਣ ਤੁਰਦਾ ਹੈ। ਜਲ ਵਿਚ ਉਭਰਿਆ ਦਰਬਾਰ ਸਾਹਿਬ ਵੀ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਜੀਵਨ ਕੰਵਲ ਵਾਂਗੂੰ ਗੁਜ਼ਾਰਦਾ ਹੈ ਤੇ ਸੰਸਾਰ ਸਮੁੰਦਰ ਨੂੰ ਮੁਰਗਾਬੀ ਵਾਂਗੂੰ ਤਰਦਾ ਹੈ। ਉਹ ਸਰੀਰ ਰੂਪੀ ਬੇੜੀ (ਤੁਲਹਾ) ਨੂੰ ਸੰਸਾਰ ਸਮੁੰਦਰ ਵਿਚ ਇਸ ਇਹਤਿਆਤ ਨਾਲ ਚਲਾਂਦਾ ਹੈ ਕਿ ਬੇੜੀ ਵਿਚ ਪਾਣੀ ਨਾ ਪਵੇ। 'ਤਨ ਕਰ ਤੁਲਹਾ ਲੰਘਹਿ ਜੇਤਿ' ਉਸ ਨੇ ਦ੍ਰਿੜ੍ਹ ਕਰ ਲਿਆ ਹੋਇਆ ਹੈ। ਜਦ ਜੋਗੀਆਂ ਦੇ ਇਕ ਜਥੇ ਨੇ ਆ

SikhBookClub.com

ਕੇ ਜੋਗ ਮਤ ਦੀ ਮਹੱਤਤਾ ਦਰਸਾਈ ਤੇ ਸਿੱਖਾਂ ਨੂੰ ਵੀ ਜੋਗ ਮਤ ਧਾਰਨ ਲਈ ਕਿਹਾ ਤੇ ਇਹ ਵੀ ਦਾਅਵਾ ਕੀਤਾ ਕਿ ਮਨ ਨਿਰਮਲ ਸਿਰਫ਼ ਜੋਗੀ ਹੋਣ ਨਾਲ ਹੀ ਹੁੰਦਾ ਹੈ ਤਾਂ ਸਤਿਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ—'ਜੋਗੀ ਬਿਰਤੀਆਂ ਨੂੰ ਜੋੜਦਾ ਹੈ। ਇਕ ਸਾਧਨ ਕਰਦਾ ਹੈ। ਇਹ ਸਾਧਨ ਆਪਣੇ ਆਸਰੇ ਸਾਧਨ ਮਾਤਰ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਪਾਰਬ੍ਰਹਮ ਦਾ ਆਸਰਾ ਲੈਂਦਾ ਹੈ। ਉਸ ਨੂੰ ਯਾਦ ਕਰਦਾ ਹੈ। ਯਾਦ ਨਾਲ ਪ੍ਰੇਮ ਬਣ ਜਾਂਦਾ ਹੈ ਕਿਉਂ ਜੋ ਯਾਦ ਭਾਵਨਾ ਨਾਲ ਕਰੀਦੀ ਹੈ। ਮਨ ਨਿਰਮਲ ਕਰਨ ਲਈ ਸੇਵਾ ਹਥਿਆਰ ਹੈ। ਸਰਬਤ ਦਾ ਭਲਾ ਮਨ ਵਿਚ ਨਿਰਮਾਣਤਾ ਪੈਦਾ ਕਰਦਾ ਹੈ। ਕੀਰਤਨ ਸਿੱਖਾਂ ਦਾ ਮਨ ਬੁਰਾਈਆਂ ਵਲ ਨਹੀਂ ਲੱਗਣ ਦੇਂਦਾ। ਸੇਵਾ ਮੋਟੀ ਮੈਲ ਨੂੰ ਦੂਰ ਕਰਦੀ ਹੈ ਤੇ ਕੀਰਤਨ, ਵਾਹਿਗੁਰੂ ਦੇ ਗੁਣ-ਗਾਣ ਨਾਲ ਸੂਖਮ ਮੈਲ ਹਰਦੀ ਹੈ। ਗ੍ਰਿਹਸਤੀ ਜੋਗੀ ਨਾਲੋਂ ਕਈ ਗੱਲਾਂ ਵਿਚ ਉੱਚਾ ਹੈ ਅਤੇ ਨਿੱਤ ਉੱਚਾ ਹੋਈ ਜਾਂਦਾ ਹੈ। ਗ੍ਰਿਹਸਤੀ ਕੋਲ ਨਾਮ ਦੀ ਕਮਾਈ ਟਿਕੀ ਰਹਿੰਦੀ ਹੈ ਤੇ ਉਦਾਸੀ ਦੀ ਵੰਡੀਦੀ ਰਹਿੰਦੀ ਹੈ। ਗ੍ਰਿਹਸਤੀ ਜਦ ਲੋੜਵੰਦ ਜਾਣ ਜੋਗੀ ਫ਼ਕੀਰ ਨੂੰ ਦਾਨ ਦੇਂਦਾ ਹੈ, ਫ਼ਕੀਰ ਅਸੀਸ ਦੇਂਦਾ ਹੈ। ਫ਼ਕੀਰ ਆਪਣਾ ਭੰਡਾਰ ਖਾਲੀ ਕਰੇਗਾ, ਕਿਰਤ ਕਾਰ ਕਰਕੇ ਗ੍ਰਿਹਸਤੀ ਜੋ ਭਗਤੀ ਕਰਦਾ ਹੈ, ਉਹ ਵੀ ਉਸ ਕੋਲ ਤੇ ਜੋ ਦਾਨ ਦਿੱਤਾ ਉਸ ਦਾ ਫਲ ਵੀ ਗ੍ਰਿਹਸਤੀ ਕੋਲ। ਗ੍ਰਿਹਸਤੀ ਸਭ ਤੋਂ ਉੱਤਮ ਧਰਮੀ ਹੈ। ਲੋਕਾਂ ਦੇ ਦੁਖ-ਸੁਖ ਵੰਡਾਉਣਾ ਹੀ ਅਸਲ ਜੋਗ ਹੈ।' ਸਾਡਾ ਇਤਿਹਾਸ ਕਹਿੰਦਾ ਹੈ ਕਿ ਜੋਗੀਆਂ ਨੇ ਇਸ ਆਸ਼ੇ ਅੱਗੇ ਸਿਰ ਨਿਵਾਇਆ ਸੀ। ਹਿੰਦੁਸਤਾਨ ਦੀ ਵੱਡੀ ਭੁੱਲ ਹੀ ਇਹ ਰਹੀ ਹੈ ਕਿ ਉਹ ਸਾਧਨ ਨੂੰ ਮਨੋਰਥ ਬਣਾ ਲੈਂਦਾ ਰਿਹਾ ਹੈ। ਇਸੇ ਕਾਰਨ ਧਰਮ ਤੋਂ ਖੁੰਝਿਆ ਤੇ ਕੁਰਾਹੇ ਪਿਆ ਰਿਹਾ। ਪਾਠ, ਜਪ, ਤਪ, ਤੀਰਥ, ਇਸ਼ਨਾਨ, ਗਿਆਨ, ਕਰਮ, ਮਨੁੱਖਾਂ ਦੀ ਬਿਰਤੀਆਂ ਨੂੰ ਧਰਮ ਕਮਾਉਣ, ਪ੍ਰਭੂ ਨਾਲ ਜੋੜਨ ਤੇ ਸੇਵਾ ਤੇ ਕੁਰਬਾਨੀ ਲਈ ਤਿਆਰ ਕਰਨ ਦੇ ਵਸੀਲੇ ਹਨ। ਮਨੋਰਥ ਤਾਂ ਕੇਵਲ ਹਰਿ ਜਿਹਾ ਹੋ ਨੇਕੀ ਦੀ ਸੰਭਾਲ ਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਜਾਚ ਸਿਖਾਈ ਅਤੇ ਸਿੱਖ ਨੇ ਜਤਨ ਕਰ ਨਿਭਾਈ। ਮਾਇਆ ਪ੍ਰਤੀ ਜੋ ਸ੍ਰੀ ਗੁਰੂ ਰਾਮਦਾਸ ਜੀ ਦਾ ਵਤੀਰਾ ਹੈ, ਉਸ ਸਬੰਧੀ ਗਿਆਨੀ ਗਿਆਨ ਸਿੰਘ ਨੇ ਇਕ ਇਤਿਹਾਸਕ ਘਟਨਾ ਲਿਖੀ ਹੈ।

ਜਦ ਅਕਬਰ ਬਾਦਸ਼ਾਹ ਕਾਬਲ ਦੀ ਤਰਫ਼ੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਿਮਾ ਸੁਣ ਕੇ ਦਰਸ਼ਨ ਨੂੰ ਆਇਆ ਤਾਂ ਉਸ ਨੇ ਇਕ ਸੌ ਇਕ ਅਸ਼ਰਫੀ ਭੇਂਟ ਕੀਤੀ। ਪ੍ਰਿਥੀ ਚੰਦ ਚੁੱਕਣ ਲੱਗਾ ਸੀ ਪਰ ਗੁਰੂ ਜੀ ਦੇ ਇਸ਼ਾਰੇ ਨਾਲ ਸ੍ਰੀ ਅਰਜਨ ਦੇਵ ਜੀ ਨੇ ਇਹ ਸ਼ੀਘਰ ਉਠਾ ਕੇ ਗਰੀਬਾਂ ਮੁਹਤਾਜਾਂ ਨੂੰ ਵੰਡ ਦਿੱਤੀਆਂ। ਫਿਰ ਜਦ ਅਕਬਰ ਨੇ ਜਾਗੀਰ ਪਕਿਆਂ ਕਰਨ ਲਈ ਕਿਹਾ ਤਾਂ ਗੁਰੂ ਜੀ ਨੇ ਫ਼ੁਰਮਾਇਆ—'ਸਾਡੇ ਚਾਰ ਚਕ ਹਨ। ਅਸੀਂ ਗੁਰੂ ਦੇ ਘਰ ਨੂੰ ਕਿਸੇ ਦਾ ਜਾਗੀਰਦਾਰ ਕਰਨਾ ਨਹੀਂ ਚਾਹੁੰਦੇ। ਕਿਉਂ ਜੋ ਜਿਸ ਤਰ੍ਹਾਂ ਪਾਵਸ ਰੁਤ ਮਛਰ ਆਦਕ ਜੀਵਾਂ ਨੂੰ ਪੈਦਾ ਕਰਦੀ ਹੈ, ਤੈਸੇ ਜਾਗੀਰ ਵੀ ਕਾਮ, ਕ੍ਰੋਧ, ਝੂਠ, ਨਿੰਦਾ, ਬਖੀਲੀ, ਦੀਨਤਾ, ਆਦਿਕ ਵਿਕਾਰਾਂ ਨੂੰ ਪੈਦਾ ਕਰਨ ਵਾਲੀ ਹੈ ਤੇ ਝਗੜੇ ਤੇ ਕਜ਼ੀਆਂ ਦੀ ਅੰਮਾਂ ਹੈ।' ਇਕ ਹੋਰ ਇਤਿਹਾਸਕ ਗਵਾਹੀ ਭਾਈ ਮਨੀ ਸਿੰਘ ਜੀ ਨੇ ਭਰੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਹੋਏ ਕੁਝ ਪ੍ਰਸਿੱਧ ਸਿੱਖਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਗਿਆਰਵੀਂ ਵਾਰ ਵਿਚ ਕੀਤਾ ਹੈ। ਉਨ੍ਹਾਂ ਸਿੱਖਾਂ ਦੀਆਂ ਸਾਖੀਆਂ ਭਾਈ ਮਨੀ ਸਿੰਘ ਜੀ ਨੇ 'ਭਗਤ-ਮਾਲ' ਵਿਚ ਲਿਖੀਆਂ ਹਨ। ਇਹ ਇਕ ਰਹੱਸਮਈ ਸਾਖੀ ਹੈ ਕਿ ਜਿਤਨੇ ਸਿਖ ਸ੍ਰੀ ਗੁਰੂ ਰਾਮਦਾਸ ਜੀ ਕੋਲ ਉਪਦੇਸ਼ ਹਿੱਤ ਆਏ, ਉਨ੍ਹਾਂ ਗ੍ਰਿਹਸਤ ਕਟਨ, ਗ੍ਰਿਹਸਤ

SikhBookClub.com

ਜੀਵਨ ਸਵਰਗ ਬਨਾਉਣ, ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣ, ਧੰਦਿਆਂ ਵਿਚ ਵਾਹਿਗੁਰੂ ਨੂੰ ਪਾਉਣ ਤੇ ਗੁਰੂ ਨਾ ਵਿਸਾਰਨ ਦੀ ਹੀ ਗੱਲ ਪੁੱਛੀ। ਭਾਈ ਪਾਰੋ ਜੀ, ਭਾਈ ਮਾਣਕ ਚੰਦ ਤੇ ਭਾਈ ਵਿਸ਼ਨ ਦਾਸ ਜੀ ਹਜ਼ੂਰ ਕੋਲ ਆਏ ਤੇ ਕਿਹਾ, 'ਸਾਨੂੰ ਐਸਾ ਉਪਦੇਸ਼ ਕਰੋ ਜਿਸ ਕਰਕੇ ਸਾਡਾ ਜਨਮ ਮਰਨ ਕਟਿਆ ਜਾਏ ਤੇ ਸਣੇ ਕੁਟੰਬ ਪਰਿਵਾਰ ਦੇ ਅਸਾਡਾ ਉਧਾਰ ਹੋਵੇ।' ਤਾਂ ਗੁਰੂ ਜੀ ਨੇ ਫ਼ੁਰਮਾਇਆ, 'ਤੁਸਾਂ ਆਪ ਭੀ ਗੁਰੂ ਕੇ ਸਿੱਖਾਂ ਦੀ ਟਹਿਲ ਸੇਵਾ ਕਰਨੀ, ਪੁੱਤਰਾਂ ਧੀਆਂ ਪਾਸੋਂ ਭੀ ਸੇਵਾ ਟਹਿਲ ਕਰਵਾਣੀ, ਇਸ ਤਰ੍ਹਾਂ ਜਾਨਣਾ ਕਿ ਜਿਵੇਂ ਅਸੀਂ ਵਾਹਿਗੁਰੂ ਦੇ ਟਹਿਲੀਏ ਹਾਂ ਤੇ ਪੁੱਤਰ ਵੀ ਵਾਹਿਗੁਰੂ ਦੇ ਟਹਿਲੀਏ ਹਨ।' ਓਹਨਾਂ ਰੱਜ ਕੇ ਸੇਵਾ ਕੀਤੀ ਤੇ ਕਲਿਆਨ ਹੋਇਆ।

ਭਾਈ ਪਦਾਰਥ ਜੀ, ਭਾਈ ਤਾਰੂ ਜੀ, ਭਾਈ ਭਾਰੂ ਜੀ, ਸੰਗਤ ਵਿਚ ਆਏ। ਕੀਰਤਨ ਸੁਣ ਸ਼ਬਦ ਦੀ ਚੋਟ ਲੱਗੀ ਤੇ ਮਨ ਦ੍ਰਵ ਗਏ ਤੇ ਉਪਰੰਤ ਤਿਨ੍ਹਾਂ ਨੇ ਅਰਦਾਸ ਕੀਤੀ—'ਜੀ ਗਰੀਬ ਨਿਵਾਜ! ਅਸੀਂ ਗ੍ਰਿਹਸਤ ਕੁਟੰਬਾਂ ਵਿਚ ਲਪੇਟੇ ਹੋਏ ਹਾਂ। ਕਿਤੇ ਵੇਲੇ ਸ਼ਬਦ ਬਾਣੀ ਪੜ੍ਹ ਸੁਣ ਨਹੀਂ ਸਕਦੇ। ਅਸਾਡਾ ਕਿਸ ਕਰਕੇ ਉਧਾਰ ਹੋਵੇਗਾ।' ਗੁਰੂ ਜੀ ਨੇ ਫ਼ੁਰਮਾਇਆ—'ਜੋ ਕਿਛ ਕਿਰਤ ਵਿਚੋਂ ਲਾਭ ਹੋਵੇ ਸੋ ਉੱਦਮ ਕਰਕੇ ਗੁਰੂ ਕੇ ਨਮਿਤ ਦਸਵੰਧ ਦੇਵਣਾ ਤੇ ਸਿੱਖਾਂ ਆਇਆਂ ਦੀ ਸੇਵਾ ਕਰਨੀ। ਪਾਣੀ, ਪੱਖਾ ਦੀ ਟਹਿਲ ਗੁਰੂ ਦੇ ਦੁਆਰੇ ਸਾਧ ਸੰਗਤ ਵਿਚ ਸੇਵਾ ਕਰਨੀ, ਕਥਾ ਕੀਰਤਨ ਸੁਣਨ ਨਾਲ ਕਲਿਆਨ ਹੋਵੇਗਾ।'

ਇਹ ਸਰੀਰ ਤਾਂ ਇਥੇ ਰਵੇਗਾ ਤੁਸੀਂ ਸਰੀਰ ਨੂੰ ਬਸਤ੍ਰ ਜਾਨਣਾ ਤੇ ਆਪਣੇ ਆਪ ਨੂੰ ਬਸਤਰ ਪਹਿਣਨ ਵਾਲਾ ਜਾਨਣਾ। ਸਦਾ ਕਥਾ ਕੀਰਤਨ ਨੇਮ ਨਾਲ ਸੁਨਣਾ। ਸਰੂਪ ਦੀ ਪਛਾਣ ਆ ਜਾਏਗੀ ਤੇ ਉਧਾਰ ਹੋਵੇਗਾ।' ਇਸੇ ਤਰ੍ਹਾਂ ਭਾਈ ਧਰਮ ਦਾਸ ਖੋਟੜਾ, ਭਾਈ ਦੀਪਾ ਜੀ, ਭਾਈ ਜੇਠ ਜੀ, ਭਾਈ ਤੀਰਥਾ ਜੀ, ਭਾਈ ਸੈਧਾਰੁ ਤੇ ਬੂਲਾ ਜੀ ਨੂੰ ਉਪਦੇਸ਼ ਦਿੰਦੇ ਹੋਏ ਫ਼ੁਰਮਾਇਆ, 'ਤੁਸਾਂ ਆਪਣੇ ਮਨ ਕਾ ਅਹੰਕਾਰ ਤਿਆਗਣਾ। ਜੋ ਸਿੱਖ ਤੁਹਾਡੇ ਪਾਸ ਆਵੇ ਆਪੋ ਆਪਣੇ ਘਰਾਂ ਥੀਂ, ਓਹਨਾਂ ਦੀ ਸੇਵਾ ਕਰਨੀ ਤੇ ਜੇ ਬਹੁਤੀ ਕਾਮਨਾ ਹੋਵੇ ਸੋ ਸਭਨਾਂ ਰਲ ਕੇ ਅਰਦਾਸ ਕਰਕੇ ਉਸ ਦਾ ਕਾਰਜ ਕਰ ਦੇਣਾ ਅਤੇ ਜਿਥੇ ਸਾਧ ਸੰਗਤ ਕਥਾ ਕੀਰਤਨ ਹੋਵੇ, ਤਿਥੇ ਦੋਵੇਂ ਵੇਲੇ ਚਲ ਕੇ ਜਾਵਣਾ ਤੇ ਧਰਮਸਾਲ ਆਪਣੇ ਪਿੰਡ ਵਿਚ ਹੀ ਬਨਾਵਣੀ।' ਭਾਈ ਮਣੀਆ, ਭਾਈ ਜਾਪਾ ਜੀ, ਭਾਈ ਨਈਆ ਖੁਲਰ, ਭਾਈ ਤੁਲਸਾ ਵਹੁਰਾ ਨੇ ਬੇਨਤੀ ਕੀਤੀ—'ਜੀ! ਸਾਨੂੰ ਐਸਾ ਉਪਦੇਸ਼ ਕਰੋ ਜੋ ਵਿਚੇ ਗ੍ਰਿਹਸਤ ਦੇ ਅਸਾਨੂੰ ਉਦਾਸੀ ਹੋਵੇ।' ਤਾਂ ਸਾਹਿਬਾਂ ਨੇ ਬਚਨ ਕੀਤਾ—'ਜੈਸੇ ਆਪਣੇ ਘਰਾਂ ਦੇ ਕੰਮ ਨਾਲ ਪਿਆਰ ਕਰਦੇ ਹੋ, ਤੈਸੇ ਗੁਰੂ ਕੀ ਬਾਣੀ ਨਾਲ ਪਿਆਰ ਕਰੋ।'

ਜਿਸ ਵੇਲੇ ਗੁਰੂ ਕੇ ਸਬਦ ਬਾਣੀ ਨੂੰ ਪੜ੍ਹਨ ਸੁਨਣ ਬੈਠੋ ਤਾਂ ਸ਼ਬਦ ਤੇ ਅਰਥ ਖੋਜਣ ਵਲ ਧਿਆਨ ਰੱਖਣਾ। ਬਾਣੀ ਦਾ ਉਚਾਰਨ ਕਰਨਾ ਹੀ ਮੇਰੇ ਸਰੀਰ ਦਾ ਗਿਆਨ ਧਾਰਨਾ ਹੈ। ਹੋਰ ਸਮਾਂ ਜਿਹੜਾ ਹੈ ਹੱਥਾਂ ਪੈਰਾਂ ਨਾਲ ਕੰਮ ਕਰਨਾ ਤੇ ਵਾਹਿਗੁਰੂ ਦਾ ਨਾਮ ਜਪਦਿਆਂ ਰਹਿਣਾ। ਕਲਿਜੁਗ ਵਿਚ ਵਾਹਿਗੁਰੂ ਨਾਮ ਜਹਾਜ਼ ਹੈ।

ਇਸ ਤਰ੍ਹਾਂ ਦੀਨ ਦੁਨੀ ਦੇ ਥੰਮ ਨੇ ਦੁਨੀ ਸਿਉ ਦੀਨ ਨਾ ਗਵਾਵਣ ਦੀ ਜਾਚ ਸਿਖਲਾਈ ਤੇ ਸਿੱਖਾਂ ਨੂੰ ਸਦਾ ਸੁਚੇਤ ਕਰਕੇ ਗਾਫਲ ਨਾ ਰਹਿਣ ਦਿੱਤਾ।

(11/1964)

SikhBookClub.com

ਸ੍ਰੀ ਗੁਰੂ ਰਾਮਦਾਸ ਜੀ: ਜੀਵਨ ਤੇ ਬਾਣੀ

(1)

ਸ੍ਰੀ ਗੁਰੂ ਰਾਮਦਾਸ ਜੀ ਗੁਰੂ ਨਾਨਕ-ਪਰੰਪਰਾ ਤੇ ਸਿੱਖ ਧਰਮ ਦੀ ਚੌਥੀ ਗੁਰੂ ਸ਼ਖ਼ਸੀਅਤ ਹਨ। ਸਿੱਖ ਜਗਤ ਵਿਚ ਉਹਨਾਂ ਨੂੰ ਕਦੀ ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਬਾਨੀ ਕਹਿ ਕੇ, ਕਦੀ ਸੋਢੀ ਸੁਲਤਾਨ ਕਹਿ ਕੇ, ਕਦੀ ਸੱਚੇ ਪਾਤਸ਼ਾਹ ਕਹਿ ਕੇ ਤੇ ਕਦੀ ਧੰਨ ਧੰਨ ਗੁਰੂ ਰਾਮਦਾਸ ਕਹਿ ਕੇ, ਸਿਮਰਤੀ ਦਾ ਅੰਗ ਬਣਾਇਆ ਜਾਂਦਾ ਹੈ। ਉਹਨਾਂ ਦਾ ਪ੍ਰਕਾਸ਼ ਪਿਤਾ ਸੋਢੀ ਹਰਿਦਾਸ ਜੀ ਦੇ ਗ੍ਰਿਹ ਵਿਖੇ ਸਤੰਬਰ 1534 ਨੂੰ ਲਾਹੌਰ ਦੀ ਚੂਨੀ ਮੰਡੀ ਵਿਖੇ ਹੋਇਆ ਸੀ। ਆਪ ਦਾ ਇਕ ਛੋਟਾ ਭਰਾ 'ਹਰਿਦਿਆਲ' ਤੇ ਇਕ ਭੈਣ 'ਰਮਦਾਸੀ' ਵੀ ਸੀ। ਪਿਤਾ ਸੋਢੀ ਹਰਿਦਾਸ ਜੀ ਦਾ ਪਰਿਵਾਰ ਇਕ ਸਾਧਾਰਨ ਤੇ ਕਿਰਤੀ ਪਰਿਵਾਰ ਸੀ। ਪਰਿਵਾਰ ਵਿਚ ਨਾ ਆਰਥਕ ਪੱਖੋਂ ਕੋਈ ਅਮੀਰੀ ਸੀ ਤੇ ਨਾ ਹੀ ਸਮਾਜਕ ਪੱਖੋਂ ਬਹੁਤੀ ਮਾਨਤਾ ਸੀ। ਸੋਢੀ ਹਰਿਦਾਸ ਜੀ ਦੀ ਵੰਸ-ਪ੍ਰੰਪਰਾ ਵਿਚ ਸਿੱਖੀ-ਸ਼ਰਧਾ, ਸੇਵਾ-ਭਾਵਨਾ, ਕਿਰਤ ਤੇ ਕੀਰਤੀ, ਨਿਮ੍ਰਤਾ ਤੇ ਮਿੱਠਤ ਤੇ ਪ੍ਰਭੂ-ਭਗਤੀ ਦੇ ਰੰਗ-ਰਸ ਦਾ ਅਥਾਹ ਪਾਸਾਰ ਸੀ। ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਨੂੰ ਘਰ-ਪਰਿਵਾਰ ਵਿਚ ਪਹਿਲਾ ਬੱਚਾ ਹੋਣ ਕਰ ਕੇ 'ਭਾਈ ਜੇਠਾ' ਨਾਮ ਨਾਲ ਹੀ ਬੁਲਾਇਆ ਜਾਂਦਾ ਸੀ, ਹਾਲਾਂ 7 ਸਾਲ ਦੇ ਹੀ ਸਨ ਕਿ ਪਹਿਲਾਂ ਮਾਤਾ ਜੀ ਤੇ ਫੇਰ ਪਿਤਾ ਸੋਢੀ ਹਰਿਦਾਸ ਜੀ, ਵਾਰੋ-ਵਾਰ ਪ੍ਰਭੂ ਹੁਕਮ ਵਿਚ ਚਲਾਣਾ ਕਰ ਗਏ। ਸ੍ਰੀ ਗੁਰੂ ਰਾਮਦਾਸ ਜੀ ਦੀ ਸਮਾਜਕ ਤੇ ਆਰਥਿਕ ਸਥਿਤੀ ਇਸ ਉਮਰ ਵਿਚ ਇਕ ਯਤੀਮ ਤੇ ਲਾਵਾਰਸ ਵਰਗੀ ਹੀ ਸੀ। ਛੋਟੇ ਭਰਾ ਹਰਿਦਿਆਲ ਦੇ ਭੈਣ ਰਾਮਦਾਸੀ ਦੀ ਪਾਲਣਾ-ਪੋਸਣਾ ਦੀ ਜ਼ਿੰਮੇਵਾਰੀ ਦਾ ਬੋਝ ਵੀ ਉਹਨਾਂ ਦੇ ਸਿਰ ਹੀ ਸੀ। ਸ੍ਰੀ ਗੁਰੂ ਰਾਮਦਾਸ ਜੀ ਜਦੋਂ ਆਪਣੀ ਬਾਣੀ ਵਿਚ:

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ

(ਪੰਨਾ ੧੬੭)

ਦਾ ਸੰਕੇਤ ਕਰਦੇ ਹਨ ਤਾਂ ਇਸ ਵਿਚ ਜੀਵਨ ਦੀ ਉਸ ਯਤੀਮ ਤੇ ਲਾਵਾਰਸ ਸਥਿਤੀ ਦਾ ਸੱਚ ਹੀ ਉਜਾਗਰ ਹੋਇਆ ਹੈ। ਪਰ ਕਮਾਲ ਦੀ ਸ਼ਖ਼ਸੀਅਤ ਸੀ, ਭਾਈ ਜੇਠਾ ਜੀ ਦੀ, ਜਿਨ੍ਹਾਂ ਨੇ ਨਾ ਹੀ ਸਮਾਜਕ ਪੁੱਛ ਦੀ ਪਰਵਾਹ ਕੀਤੀ ਅਤੇ ਨਾ ਹੀ ਕਿਸੇ ਜ਼ਹਿਰ-ਕਹਿਰ ਦੀ। ਉਮਰ 7 ਸਾਲ ਦੀ ਹੈ, ਪਰ ਘੁੰਗਣੀਆਂ ਦੀ ਕਿਰਤ ਕਰਕੇ ਪਰਿਵਾਰ ਦੀ ਪਾਲਣਾ ਵੀ ਕਰ ਰਹੇ ਹਨ ਤੇ ਸੱਚੇ ਸੌਦੇ ਵਾਂਗ ਸੇਵਾ-ਅਰਥ ਵੀ ਘੁੰਗਣੀਆਂ ਦੇ ਰਹੇ ਹਨ। ਜਦੋਂ ਨਾਨਕੇ ਪਰਿਵਾਰ ਨੂੰ ਭਾਈ ਜੇਠਾ ਜੀ ਦੇ ਕਾਰ-ਵਿਹਾਰ ਦਾ ਪਤਾ ਲੱਗਾ, ਤਾਂ ਉਹਨਾਂ ਨੇ ਪਾਲਣਾ-ਪੋਸਣਾ ਵਾਸਤੇ ਭਾਈ ਜੇਠਾ ਜੀ, ਹਰਿਦਿਆਲ

SikhBookClub.com

ਤੇ ਰਾਮਦਾਸੀ ਨੂੰ ਪਿੰਡ ਬਾਸਰਕੇ ਲੈ ਆਂਦਾ। ਪਿੰਡ ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਜਨਮ-ਭੂਮੀ ਸੀ। ਉਹ ਹਾਲਾਂ ਗੁਰੂ ਸਿੰਘਾਸਨ ਉੱਤੇ ਬਿਰਾਜਮਾਨ ਨਹੀਂ ਸੀ ਹੋਏ, ਪਰ ਸਾਰੇ ਪਿੰਡ ਵਿਚ 'ਪਰਬਤੁ ਮੇਰਾਣੂ' ਸ਼ਖ਼ਸੀਅਤ ਦੀ ਗੁਣ-ਸਾਂਝ, ਨਿਮ੍ਰਤਾ ਤੇ ਨਿੱਘ ਦਾ ਪ੍ਰਭਾਵ ਸੀ। ਇਥੇ ਬਾਸਰਕੇ ਪਿੰਡ ਵਿਚ ਹੀ ਸਿੱਖ-ਸਿੱਖ ਦੇ ਤੌਰ 'ਤੇ, ਤੇ ਸੇਵਾ-ਭਾਵਨਾ ਦੇ ਰੂਪ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਤੇ ਭਾਈ ਜੇਠਾ ਜੀ ਦੀ ਪਹਿਲੀ ਮੁਲਾਕਾਤ ਹੋਈ। ਅੰਤਰ ਆਤਮਕ ਤੌਰ 'ਤੇ ਇਹ ਮੁਲਾਕਾਤ ਐਸੀ ਸੀ ਕਿ ਭਾਈ ਜੇਠਾ ਜੀ ਸਦਾ ਲਈ ਸ੍ਰੀ (ਗੁਰੂ) ਅਮਰਦਾਸ ਜੀ ਲਈ ਸਮਰਪਿਤ ਹੋ ਗਏ।

(2)

ਸ੍ਰੀ (ਗੁਰੂ) ਅਮਰਦਾਸ ਜੀ ਦਾ ਸੇਵਾ-ਸਮਰਪਿਤ ਸਿਧਾਂਤ ਜਗਤ ਪ੍ਰਸਿੱਧ ਹੈ। ਤਨ, ਮਨ ਤੇ ਧਨ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਉਂਪ ਕੇ ਜਿਵੇਂ ਉਨ੍ਹਾਂ ਨੇ 12 ਸਾਲ 'ਗੁਰੂ-ਹੁਕਮ' ਮੰਨਿਆ, ਉਸ ਦਾ ਫਲ ਹੀ ਸੀ, ਕਿ ਸ੍ਰੀ (ਗੁਰੂ) ਅਮਰਦਾਸ ਜੀ ਬਾਸਰਕੇ ਪਿੰਡ ਛੱਡ ਕੇ, ਪੂਰੇ ਪਰਿਵਾਰ ਸਮੇਤ, ਗੋਇੰਦਵਾਲ' ਦੀ ਸਿਰਜਨਾ ਲਈ ਗੋਇੰਦਵਾਲ ਆ ਵਸੇ। ਭਾਈ ਜੇਠਾ ਜੀ ਵੀ ਗੁਰੂ-ਮੋਹ, ਸੰਗਤੀ-ਸਾਂਝ ਤੇ ਸੇਵਾ-ਭਾਵਨਾ ਸਦਕਾ ਬਾਸਰਕੇ ਛੱਡ ਗੋਇੰਦਵਾਲ ਆ ਗਏ। ਗੋਇੰਦਵਾਲ ਆ ਕੇ ਵੀ ਭਾਈ ਜੇਠਾ ਜੀ ਨੇ ਘੁੰਗਣੀਆਂ ਵੇਚਣ ਦੀ ਕਿਰਤ ਵੀ ਜਾਰੀ ਰੱਖੀ ਤੇ ਗੁਰੂ-ਦਰਬਾਰ ਦੀ ਸਿਰਜਨਾ ਤੇ ਸੇਵਾ-ਸੰਭਾਲ ਦੀ ਹਾਜ਼ਰੀ ਵੀ ਨਿਰੰਤਰ ਜਾਰੀ ਰੱਖੀ। 29 ਮਾਰਚ, 1552 ਈ. ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ 'ਗੁਰੂ-ਜੋਤਿ' ਸ੍ਰੀ (ਗੁਰੂ) ਅਮਰਦਾਸ ਜੀ ਦੇ ਹਿਰਦੇ ਵਿਚ ਟਿਕਾ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਤੀਜੇ ਗੁਰੂ ਦੇ ਰੂਪ ਵਿਚ ਛੱਤਰ ਸਿੰਘਾਸਣ ਉੱਤੇ ਬਿਠਾ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਤੇ ਭਾਈ ਜੇਠਾ ਜੀ ਵਿਚਕਾਰ ਦਵੈਤ-ਦੁਬਿਧਾ ਤਾਂ ਪਹਿਲਾਂ ਹੀ ਮੁੱਕ ਗਈ ਸੀ, ਦੋਵੇਂ ਭਾਉ-ਭਗਤੀ ਵਿਚ ਸਿੱਖੀ-ਸੇਵਾ ਤੇ ਗੋਇੰਦਵਾਲ ਸਿਰਜਨਾ ਲਈ ਸਮਰਪਿਤ ਸਨ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਵੱਡੀ ਸਪੁੱਤਰੀ ਬੀਬੀ ਭਾਨੀ ਜੀ ਵਾਸਤੇ ਭਾਈ ਜੇਠਾ ਜੀ ਨੂੰ 'ਵਰ-ਵਰਦਾਨ' ਦੇ ਰੂਪ ਵਿਚ ਸਵੀਕਾਰ ਕਰ ਲਿਆ, ਤਾਂ ਭਾਈ ਜੇਠਾ ਜੀ ਗੁਰੂ ਦਰਬਾਰ ਲਈ ਅੰਦਰੋਂ ਬਾਹਰੋਂ ਭੇਟ ਹੋ ਗਏ। 'ਹੁਕਮ-ਮੰਨੇ' ਦੀ ਬਿਰਤੀ ਅਨੁਸਾਰ ਭਾਈ ਜੇਠਾ ਜੀ ਨੇ ਲਗਾਤਾਰ 22 ਸਾਲ ਗੁਰੂ-ਦਰਬਾਰ ਦੀ ਸੇਵਾ-ਸੰਭਾਲ ਤੇ ਗੋਇੰਦਵਾਲ ਦੀ ਸਿਰਜਨਾ ਲਈ ਆਪਾ ਵਾਰੀ ਰੱਖਿਆ। ਸਤੰਬਰ 1574 ਈ. ਨੂੰ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ-ਪੁੱਤਰਾਂ ਨੂੰ ਘੋਖ ਕੇ, ਆਪਣੀ ਗੁਰੂ-ਜੋਤਿ ਦਾ ਅਧਿਕਾਰੀ ਭਾਈ ਜੇਠਾ ਜੀ ਨੂੰ ਬਣਾ ਕੇ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ—ਪਹਿਲਾਂ ਸਾਰੀ ਸਿੱਖ ਸੰਗਤ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪੈਰੀਂ ਪਵਾ ਕੇ, ਫਿਰ ਆਪ ਮੱਥਾ ਟੇਕ ਕੇ 'ਗੁਰੂ' ਸਵੀਕਾਰ ਕੀਤਾ ਤਾਂ ਸਮਕਾਲੀ ਭਾਈ ਗੁਰਦਾਸ ਜੀ, ਭੱਟਾਂ ਤੇ ਰਬਾਬੀਆਂ ਨੇ ਬੜੇ ਖ਼ੂਬਸੂਰਤ ਅਨੁਭਵ ਪ੍ਰਗਟਾਏ। ਭਾਈ ਗੁਰਦਾਸ ਜੀ ਨੇ ਆਖਿਆ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।

(ਵਾਰ ੧:੪੭)

ਭੱਟ ਨਲ ਨੇ ਆਖਿਆ:

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥

(ਪੰਨਾ ੧੩੮੯)

SikhBookClub.com

ਰਾਮਕਲੀ ਦੀ ਵਾਰ ਵਿਚ ਭਾਈ ਬਲਵੰਡ ਸੱਤਾ ਜੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ:

ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥

(ਪੰਨਾ ੯੬੮)

ਗੁਰੂਆਂ ਦੀ ਜੋਤਿ ਤੇ ਜੁਗਤਿ ਇਕ ਹੈ, ਪਰ ਕੇਵਲ 'ਕਾਇਆ' ਪਲਟੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੂੰ ਆਪਣਾ ਹਾਰਦਿਕ ਅਭਿਨੰਦਨ ਭੇਟ ਕਰਦਿਆਂ ਭਾਈ ਬਲਵੰਡ ਸੱਤਾ ਜੀ ਨੇ ਜਿਥੇ "ਧੰਨੁ ਧੰਨੁ ਰਾਮਦਾਸ ਗੁਰੂ" ਆਖਿਆ, ਉਥੇ ਇਹ ਕਹਿ ਕੇ "ਜਿਨਿ ਸਿਰਿਆ ਤਿਨੇ ਸਵਾਰਿਆ" ਹੋਰ ਸਪੱਸ਼ਟ ਕਰ ਦਿੱਤਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨ ਸਿਰਜਨਾ ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਕੀਤੀ ਹੈ ਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਵੀ ਗੁਰੂ-ਰੂਪ ਵਿਚ ਆਪ ਸੰਵਾਰਿਆ ਹੈ। ਨਿਸਚੇ ਹੀ ਆਪਣੇ ਆਪ ਨੂੰ ਦਾਸ, ਮੂਰਖ, ਅਪਰਾਧੀ, ਪਾਪੀ, ਕੀਰੇ, ਅੰਧਲੇ, ਸੇਵਕ ਤੇ ਢਾਡੀ ਤੇ ਨਿਮ੍ਰੰਤਾ-ਮੰਡਲ ਵਿਚ ਜੀਉਣ ਵਾਲੇ ਭਾਈ ਜੇਠਾ ਜੀ ਦਾ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ 'ਰਾਜ ਜੋਗ ਤਖ਼ਤ' ਉੱਤੇ ਬੈਠ ਜਾਣਾ ਇਹ ਇਕ ਇਤਿਹਾਸਕ ਕਰਾਮਾਤਿ ਹੈ।

(3)

ਸ੍ਰੀ ਗੁਰੂ ਰਾਮਦਾਸ ਜੀ ਨੇ 1581 ਈ. ਤਕ 7 ਸਾਲ ਤਕ ਗੁਰੂ ਸਿੰਘਾਸਣ ਉੱਤੇ ਬੈਠ ਕੇ ਜਿਥੇ ਸਿੱਖ ਲਹਿਰ ਦੀ ਵਾਗ-ਡੋਰ ਸੰਭਾਲੀ, ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਕੀਤੀ, ਮਸੰਦ ਤੇ ਦਸਵੰਧ ਦੀਆਂ ਪ੍ਰੰਪਰਾਵਾਂ ਟੋਰੀਆਂ, ਉਥੇ ਉਹਨਾਂ ਨੇ 7 ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਮਾਨਵ ਸ਼ਾਂਤੀ ਦੇ ਉਧਾਰ, ਧਾਰਮਿਕ ਸਿਧਾਂਤਾਂ ਤੇ ਸਿੱਖੀ ਦੀ ਸਾਰਥਿਕਤਾ ਉਜਾਗਰ ਕਰਨ ਲਈ ਗੁਣਾਂ ਤੇ ਆਕਾਰ ਵਿਚ ਵੀ, ਰੂਪ ਤੇ ਰਸ ਪੱਖੋਂ ਵੀ 'ਬਾਣੀ' ਦਾ ਮਹਾਨ ਭੰਡਾਰ ਪ੍ਰਦਾਨ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਨਾਨਕ-ਪਰੰਪਰਾ ਅਨੁਸਾਰ ਰਾਗਾਂ ਵਿਚ ਹੀ ਪ੍ਰਕਾਸ਼ਮਾਨ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ 31 ਰਾਗਾਂ ਵਿਚ ਦਰਜ ਹੈ, ਪਰ ਸ੍ਰੀ ਗੁਰੂ ਰਾਮਦਾਸ ਜੀ ਦੀ ਸੰਗੀਤਕ ਸੂਝ ਦੀ ਮਾਨਤਾ ਤੇ ਵਿਲੱਖਣਤਾ ਇਹ ਹੈ ਕਿ ਕੇਵਲ ਉਨ੍ਹਾਂ ਦੀ ਹੀ 'ਗੁਰੂ-ਪ੍ਰਤਿਭਾ' ਹੈ, ਜਿਸ ਨੇ 'ਜੈਜਾਵੰਤੀ' ਰਾਗ ਨੂੰ ਛੱਡ ਕੇ ਬਾਕੀ ਦੇ ਸਾਰੇ 30 ਰਾਗਾਂ ਵਿਚ ਬਾਣੀ ਰਚੀ ਹੈ। ਸ੍ਰੀ ਗੁਰੂ ਰਾਮਦਾਸ ਜੀ ਪਹਿਲੀ ਗੁਰੂ-ਪ੍ਰਤਿਭਾ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 19 ਰਾਗਾਂ ਦੀ ਵਰਤੋਂ ਵੀ ਕੀਤੀ ਹੈ ਤੇ 11 ਹੋਰ ਨਵੇਂ ਰਾਗਾਂ ਵਿਚ ਬਾਣੀ ਰਚ ਕੇ ਸੰਗੀਤਕ ਤੇ ਬਾਣੀ-ਖੇਤਰ ਵਿਚ ਇਕ ਅਦੁੱਤੀ ਯੋਗਦਾਨ ਵੀ ਪਾਇਆ ਹੈ। ਕਾਵਿ ਤੇ ਰਾਗਾਂ ਦੇ ਪਵਿੱਤਰ ਸੰਬੰਧਾਂ ਨੂੰ ਜਿਸ ਕੋਮਲਤਾ, ਰਸਿਕਤਾ ਤੇ ਸੂਝ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਜੋੜਿਆ ਹੈ, ਉਸ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੀ 'ਬਾਣੀ' ਅਧਿਆਤਮਿਕ ਸਾਹਿਤ ਦੀ ਇਕ ਵੱਡੀ ਪ੍ਰਾਪਤੀ ਹੈ।

(4)

ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਦਾ ਬਹੁਤਾ ਹਿੱਸਾ ਲੋਕ-ਰੂਪਾਂ ਰਾਹੀਂ ਮੂਰਤੀਮਾਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੰਨੇ ਵੀ ਕਾਵਿ-ਰੂਪ ਵਰਤੇ ਗਏ ਹਨ, ਸ੍ਰੀ ਗੁਰੂ ਰਾਮਦਾਸ ਜੀ ਨੇ ਲਗਭਗ ਉਨ੍ਹਾਂ ਸਾਰੇ ਕਾਵਿ ਰੂਪਾਂ ਵਿਚ ਬਾਣੀ ਰਚੀ ਹੈ। ਆਪ ਜੀ ਨੇ 246 ਪਦੇ ਰਚੇ, ਜਿਨ੍ਹਾਂ ਵਿਚ

SikhBookClub.com

ਦੁਪਦੇ, ਚੌਪਦੇ ਤੇ ਪੰਜ ਪਦੇ ਵਿਸ਼ੇਸ਼ ਹਨ। ਆਪ ਨੇ 31 ਅਸ਼ਟਪਦੀਆਂ ਲਿਖੀਆਂ। ਲੋਕ-ਕਾਵਿ ਰੂਪਾਂ ਵਿਚ ਆਪ ਨੇ ਪਹਿਰੇ, ਵਣਜਾਰਾ, ਕਰਹਲੇ ਤੇ ਘੋੜੀਆਂ ਦੇ ਕਾਵਿ ਰੂਪ ਅਪਨਾਏ ਹਨ। ਛੰਤ ਵੀ ਇਕ ਲੋਕ ਕਾਵਿ ਰੂਪ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ 32 ਛੰਤ ਲਿਖੇ। ਸਲੋਕ ਵੀ ਬੜਾ ਪੁਰਾਣਾ ਭਾਰਤੀ ਕਾਵਿ ਰੂਪ ਹੈ, ਇਸ ਵਿਚ ਵੀ ਆਪ ਜੀ ਨੇ 138 ਸਲੋਕ ਰਚੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਪ੍ਰਸਿੱਧ ਕਾਵਿ ਰੂਪ 'ਵਾਰ' ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ 8 ਵਾਰਾਂ ਵੀ ਲਿਖੀਆਂ ਹਨ, ਜਿਨ੍ਹਾਂ ਵਿਚ 183 ਪਉੜੀਆਂ ਹਨ।

(5)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਵਿਆਪਕ ਵਿਸ਼ਾ ਭਾਵੇਂ 'ਪ੍ਰਭੂ' ਲਈ ਵੈਰਾਗ ਤੇ ਤੜਪ ਹੀ ਹੈ, ਪਰ ਪ੍ਰਭੂ-ਮਿਲਾਪ ਵਿਚ ਸਹਾਇਕ ਧਾਰਮਿਕ, ਸਮਾਜਕ ਤੇ ਸਦਾਚਾਰਕ ਸਾਧਨਾਂ ਦੇ ਸੰਕਲਪਾਂ, ਸਰੂਪਾਂ ਤੇ ਆਦਰਸ਼ਾਂ ਨੂੰ ਨਿਖੇੜਣ ਉੱਤੇ ਉਨ੍ਹਾਂ ਨੇ ਬੜਾ ਬਲ ਦਿੱਤਾ ਹੈ। ਗੁਰੂ-ਧਿਆਨ, ਨਾਮ-ਸਿਮਰਨ, ਸਾਧ-ਸੰਗਿ, ਸੰਤ-ਸੇਵਾ, ਕੀਰਤੀ ਤੇ ਕੀਰਤਨ, ਪਾਠ-ਵਿਚਾਰ, ਪੁੰਨ-ਦਾਨ, ਅੰਮ੍ਰਿਤ ਵੇਲੇ ਦਾ ਜਾਗਣਾ, ਸੋਚ-ਇਸ਼ਨਾਨ, ਸਦਾਚਾਰਕ ਕਰਮ ਤੇ ਵਤੀਰਾ, ਇਹ ਸਭ ਪ੍ਰਭੂ-ਮਿਲਾਪ ਵਿਚ ਸਹਾਇਕ ਸਾਧਨ ਹਨ। 'ਪ੍ਰਭੂ' ਲਈ ਵੈਰਾਗ ਤੇ ਤੜਪ ਦਾ ਇਕ ਰੰਗ ਦੇਖੋ, ਕਿੰਨਾ ਖ਼ੂਬਸੂਰਤ ਹੈ:

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵੰਨਾ॥ (ਪੰਨਾ ੪੪੯)

ਪ੍ਰਭੂ ਅਭਿਨੰਦਨ ਦੀ ਇਕ ਮਿਸਾਲ ਦੇਖੋ, ਗੁਰੂ ਪਾਤਿਸ਼ਾਹ ਆਖਦੇ ਹਨ:

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ॥...
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ॥

(ਪੰਨਾ ੩੦੨)

ਸਤਿਗੁਰੂ-ਵਡਿਆਈ ਦਾ ਇਕ ਪਰਿਣਾਮ ਦੇਖੋ। ਵਿਸ਼ਵਾਸ ਦੇਖੋ, ਕਿੰਨਾ ਦ੍ਰਿੜ੍ਹ ਹੈ:

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥

(ਪੰਨਾ ੩੦੮)

ਸਤਿ ਸੰਗਤ ਨੂੰ ਦ੍ਰਿੜ੍ਹਤਾ ਦਾ ਸਰੋਤ ਆਖਦੇ ਹਨ:

ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ॥

(ਪੰਨਾ ੯੮੧)

ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ, ਭਰਮ ਪਾਖੰਡ ਤੇ ਪਾਪ, ਗੁਰ-ਨਿੰਦਾ, ਸਾਧ-ਵਿਰੋਧ ਰਿਧੀਆਂ ਦੀ ਉਪਾਸ਼ਨਾ ਤੇ ਜੀਵਨ ਵਿਚ ਆਪ ਹੁਦਰਾਪਣ ਨੂੰ ਨਿਰਾਰਥਕ ਦੱਸਣ ਵਿਚ ਵੀ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਸੇ ਤਰ੍ਹਾਂ ਦਾ ਲਿਹਾਜ਼ ਨਹੀਂ ਕੀਤਾ, ਬੜੀਆਂ ਖਰੀਆਂ ਸੁਣਾਈਆਂ ਹਨ:

੧. *ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥*

(ਪੰਨਾ ੩੦੨)

SikhBookClub.com

੨· *ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥*

(ਪੰਨਾ ੮੪)

੩· *ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥*

(ਪੰਨਾ ੮੯)

੪· *ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ॥*

(ਪੰਨਾ ੬੫੩)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਜਾਤੀ ਤਜ਼ਰਬਾ, ਭਾਵਾਂ ਦੀ ਤੀਬਰਤਾ, ਸੁਹਜ-ਵਾਦੀ ਸ਼ਕਤੀ ਤੇ ਅਲੰਕਾਰਾਂ ਦਾ ਭਰਪੂਰ ਪਸਾਰ ਹੈ। ਜਿਵੇਂ ਰੁਲਦੇ-ਫਿਰਦੇ ਜੀਵਨ ਨੂੰ ਉਨ੍ਹਾਂ ਨੇ ਗੁਰ ਸਿੰਘਾਸਣ ਦੀ ਪ੍ਰਾਪਤੀ ਤੱਕ ਅਧਿਆਤਮਕ ਸਿਰਜਿਆ, ਇਸੇ ਤਰ੍ਹਾਂ ਉਨ੍ਹਾਂ ਸਮੁੱਚੀ ਬਾਣੀ ਵੀ ਮਨੁੱਖ ਨੂੰ 'ਹਰਿ ਦਾ ਪਿਆਰਾ' ਸਿਰਜਨ ਵਿਚ ਪ੍ਰਵਿਰਤੀ ਤੋਂ ਲੈ ਕੇ ਪ੍ਰਭੂ-ਪ੍ਰਾਪਤੀ ਤੱਕ ਦਾ ਮਾਰਗ ਦਰਸਾਉਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਬੜਾ ਦ੍ਰਿੜ੍ਹ ਤੇ ਸਪੱਸ਼ਟ ਨਿਰਣਾ ਹੈ:

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ
ਹੋਰ ਕੇਤੀ ਝਖਿ ਝਖਿ ਆਵੈ ਜਾਵੈ॥

(ਪੰਨਾ ੫੫੫)

ਅਰਥਾਤ, 'ਹਰਿ ਦਾ ਪਿਆਰਾ' ਬਣ ਕੇ ਹੀ ਮਾਣਸ ਜਾਤਿ ਨਾਲ ਪਿਆਰ ਕੀਤਾ ਜਾ ਸਕਦਾ ਹੈ ਤੇ ਮਾਣਸ ਜਾਤਿ ਨਾਲ ਪਿਆਰ ਕਰ ਕੇ ਸਮੁੱਚੀ ਮਨੁੱਖਤਾ ਕੋਲੋਂ ਪਿਆਰ ਲਿਆ ਜਾ ਸਕਦਾ ਹੈ।

(10/1986)

SikhBookClub.com

ਸਿਰੀ ਰਾਗ ਕੀ ਵਾਰ ਮਹਲਾ ਚੌਥਾ: ਇਕ ਅਧਿਐਨ

ਇਸ ਵਾਰ ਦੇ ਰਚੈਤਾ ਸ੍ਰੀ ਗੁਰੂ ਰਾਮਦਾਸ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਵਾਰ ਪੰਨਾ ਨੰ: 83 ਤੋਂ 91 ਤਕ ਸੁਸ਼ੋਭਿਤ ਹੈ। ਇਸ ਵਾਰ ਦੀਆਂ 21 ਪਉੜੀਆਂ ਅਤੇ 43 ਸਲੋਕ ਹਨ। ਜਿਨ੍ਹਾਂ ਵਿਚੋਂ 7 ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ਦੋ ਸ੍ਰੀ ਗੁਰੂ ਅੰਗਦ ਦੇਵ ਜੀ ਦੇ, 33 ਸ੍ਰੀ ਗੁਰੂ ਅਮਰਦਾਸ ਜੀ ਦੇ ਅਤੇ ਇਕ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ।

ਵਾਰ ਸਬੰਧੀ:

ਵਾਰ ਪੰਜਾਬੀ ਸਾਹਿਤ ਦਾ ਇਕ ਪ੍ਰਸਿੱਧ ਕਾਵਿ ਰੂਪ ਹੈ। ਵਾਰ ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ ਵਾਰ ਕਰਨਾ, ਹਮਲਾ ਕਰਨਾ, ਵਾਰੇ ਜਾਣਾ ਅਤੇ ਜੱਸ ਕਰਨਾ ਆਦਿ। ਵਾਰ ਅੰਦਰ ਇਕ ਖਾਸ ਯੋਗਤਾ ਇਹ ਹੁੰਦੀ ਹੈ ਕਿ ਇਹ ਮਨ ਨੂੰ ਇਕ ਖਾਸ ਦਸ਼ਾ ਵਿਚ ਪਹੁੰਚਾਉਣ ਦੇ ਸਮਰੱਥ ਹੁੰਦੀ ਹੈ। ਉਸ ਵੇਲੇ ਮਨ ਦਾ ਵੇਗ ਪਹਿਲੇ ਵੇਗ ਨਾਲੋਂ ਵੱਖਰਾ ਪ੍ਰਤੀਤ ਹੁੰਦਾ ਹੈ। ਜਿਵੇਂ ਯੋਧਿਆਂ ਦੀ ਲੜਾਈ ਸਮੇਂ ਮਾਰੀਆਂ ਤੇਗਾਂ ਨੂੰ ਸੁਣ ਕੇ ਸਰੋਤਿਆਂ ਦਾ ਖ਼ੂਨ ਵੀ ਉਬਾਲੇ ਮਾਰਨ ਲੱਗ ਪੈਂਦਾ ਹੈ। ਉਨ੍ਹਾਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ ਅਤੇ ਅੱਖਾਂ ਅੰਗਾਰਿਆਂ ਵਾਂਗ ਚਮਕਣ ਲੱਗ ਪੈਂਦੀਆਂ ਹਨ। ਇਹ ਵਾਰ ਦੀ ਕੀ ਕਰਾਮਾਤ ਹੈ? ਵਾਰਾਂ ਮੁੱਖ ਰੂਪ ਵਿਚ ਦੋ ਹੀ ਕਿਸਮ ਦੀਆਂ ਮੰਨੀਆਂ ਜਾਂਦੀਆਂ ਹਨ—ਇਕ ਬੀਰ-ਰਸੀ ਵਾਰਾਂ ਅਤੇ ਦੂਜੀਆਂ ਅਧਿਆਤਮਕ ਵਾਰਾਂ। ਬੀਰ-ਰਸੀ ਵਾਰਾਂ ਵਿਚ ਨਾਇਕ ਦੀ ਪ੍ਰਸੰਸਾ ਹੀ ਵਾਰ ਦਾ ਮੁੱਖ ਮਨੋਰਥ ਹੁੰਦਾ ਹੈ ਪਰ ਅਧਿਆਤਮਿਕ ਵਾਰਾਂ ਵਿਚ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਜਾਂ ਉਸਤਤਿ ਕਰਨੀ ਹੀ ਇਸ ਦਾ ਪ੍ਰਯੋਜਨ ਹੁੰਦਾ ਹੈ। ਇਥੇ ਕਿਸੇ ਸੰਸਾਰ ਦੇ ਮਾਣਯਾਫਤਾ ਮਨੁੱਖ ਦੀ ਥਾਂ ਸ੍ਰਿਸ਼ਟੀ ਦੇ ਰਚਣਹਾਰ ਅਕਾਲ ਪੁਰਖ ਦਾ ਜੱਸ ਕਰਨਾ ਹੁੰਦਾ ਹੈ। ਮਨੁੱਖ ਨੂੰ ਔਗੁਣ ਤਿਆਗ ਕੇ ਗੁਣਾਂ ਦੇ ਵਪਾਰੀ ਬਣਨ ਦੀ ਸਿਖਿਆ ਦੇਣੀ ਹੀ ਅਧਿਆਤਮਕ ਵਾਰਾਂ ਦਾ ਲਕਸ਼ ਹੁੰਦਾ ਹੈ।

ਰਾਗ ਸਬੰਧੀ

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸ੍ਰੀ ਰਾਗ ਪੂਰਵੀ ਥਾਟ ਦਾ ਔੜਣ ਸੰਪੂਰਣ ਰਾਗ ਹੈ। ਅਰਥਾਤ ਆਰੋਹੀ ਵਿਚ ਪੰਜ ਅਤੇ ਅਵਰੋਹੀ ਵਿਚ ਸੱਤ ਸੁਰ ਲੱਗਦੇ ਹਨ। ਆਰੋਹੀ ਵਿਚ ਗੰਧਾਰ (ਗ) ਅਤੇ ਧੈਵਤ (ਧ) ਵਰਜਿਤ ਹਨ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹੈ। ਰਿਸ਼ਭ ਅਤੇ ਧੈਵਤ ਕੋਮਲ ਹਨ, ਮੱਧਮ ਤੀਵਰ ਹੈ, ਬਾਕੀ ਸੁਧ ਸੁਰ ਲਗਦੇ ਹਨ। ਅਰੋਹੀ ਅਤੇ ਅਵਰੋਹੀ ਨੂੰ ਇਸ ਪ੍ਰਕਾਰ ਵੀ ਬਿਆਨਿਆ ਜਾਂਦਾ ਹੈ।

SikhBookClub.com

ਆਰੋਹੀ : ਸ਼ ਰ ਮ ਪ ਨੰ ਸ ।
ਅਵਰੋਹੀ : ਸ਼ ਨ ਧ ਮ ਗ ਰੇ ਸ਼ ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਪਹਿਲਾ ਰਾਗ ਹੈ ਜਿਸ ਤੋਂ ਰਾਗਾਂ ਦੀ ਬਾਣੀ ਦੀ ਅਰੰਭਤਾ ਹੁੰਦੀ ਹੈ। ਇਸ ਨੂੰ ਲੌਢੇ ਵੇਲੇ ਗਾਵਿਆ ਜਾਂਦਾ ਹੈ। ਪ੍ਰਿੰਸੀਪਲ ਸ. ਸ. ਅਮੋਲ ਜੀ ਮੰਨਦੇ ਹਨ ਕਿ ਇਸ ਰਾਗ ਦੇ ਗਾਉਣ ਲਈ ਅਸਲੀ ਥਾਂ ਜੰਗਲ (ਕੁਦਰਤਿ ਦੀ ਨੇੜਤਾ) ਹਨ ਅਤੇ ਇਹ ਸਾਧੂ ਲੋਕਾਂ ਦਾ ਰਾਗ ਹੈ। ਇਸ ਦੇ ਗਾਉਣ ਨਾਲ ਖ਼ੁਸ਼ੀ ਦਾ ਪ੍ਰਭਾਵ ਪੈਂਦਾ ਹੈ।

ਗੁਰੂ ਸਾਹਿਬ ਵਾਰ ਦੇ ਆਰੰਭ ਵਿਚ ਹੀ ਫ਼ੁਰਮਾਨ ਕਰਦੇ ਹਨ ਕਿ ਸ੍ਰੀ ਰਾਗ ਹੋਰਨਾਂ ਰਾਗਾਂ ਨਾਲੋਂ ਸ੍ਰੇਸ਼ਠ ਤਦ ਹੀ ਅਖਵਾ ਸਕਦਾ ਹੈ, ਜੇਕਰ ਇਸ ਵਿਚਲੀ ਬਾਣੀ ਨੂੰ ਗਾ ਸੁਣ ਕੇ ਮਨੁੱਖ ਸੱਚ ਵਿਚ ਪਿਆਰ ਧਰੇ।

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥

(ਪੰਨਾ ੮੩)

ਉਸ ਅਕਾਲ ਪੁਰਖ ਨੇ ਇਹ ਸਾਰੀ ਕਾਇਨਾਤ ਬਣਾਈ, ਸੂਰਜ ਚੰਦ ਬਣਾਏ, ਬਿਨਾਂ ਥੰਮਾਂ ਤੋਂ ਅਸਮਾਨ ਟਿਕਾਇਆ। ਮਨੁੱਖ ਬਣਾਏ, ਪੰਛੀ ਅਤੇ ਹੋਰ ਸ੍ਰਿਸ਼ਟੀ ਬਣਾਈ। ਇਥੇ ਹਰੇਕ ਪ੍ਰਕਾਰ ਦੀ ਸਿਰਜਨਾ ਕਰਕੇ ਉਹ ਇਕਲਵੰਝੇ ਜਾ ਕੇ ਇਸ ਤੋਂ ਬੇਲਾਗ ਨਹੀਂ ਹੋਇਆ, ਸਗੋਂ ਇਥੇ ਵਿਦਮਾਨ ਹੈ। ਸਾਰਿਆਂ ਪ੍ਰਾਣੀਆਂ ਨੂੰ ਯੋਗ ਕੰਮ ਵਿਹਾਰ 'ਤੇ ਲਗਾ ਕੇ ਖੁਦ ਉਨ੍ਹਾਂ ਵਿਚ ਰਮਿਆ ਹੋਇਆ ਹੈ। ਇਥੇ ਜੋ ਕੁਝ ਵੀ ਵਾਪਰ ਰਿਹਾ ਹੈ, ਇਹ ਸਾਰਾ ਕੁਝ ਉਸ ਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ, ਇਸ ਦਾ ਪ੍ਰਗਟਾਅ ਗੁਰੂ ਸਾਹਿਬ ਆਪ ਕਰਦੇ ਹਨ:

ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ॥
ਤੂੰ ਆਪੇ ਵੇਖਿ ਵਿਗਸਦਾ ਆਪਣੀ ਵਡਿਆਈ॥
ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ॥
ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ॥

(ਪੰਨਾ ੮੩)

ਮਨੁੱਖ ਜਿਉਂ ਹੀ ਇਸ ਸੰਸਾਰ ਵਿਚ ਪ੍ਰਵੇਸ਼ ਕਰਦਾ ਹੈ। ਉਸ ਦੀਆਂ ਸਾਂਝਾਂ ਬਣਨੀਆਂ ਆਰੰਭ ਹੋ ਜਾਂਦੀਆਂ ਹਨ। ਉਹ ਰਿਸ਼ਤੇਦਾਰੀ ਦੀ ਵਲਗਣ ਵਿਚ ਯਾਰਾਂ, ਮਿੱਤਰਾਂ, ਦੋਸਤਾਂ ਨਾਲ ਹੱਸਦਾ ਖੇਡਦਾ ਹੈ। ਗੁਰੂ ਸਾਹਿਬ ਇਸ ਵਾਰ ਰਾਹੀਂ ਅਜਿਹੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਹੇ ਮਨੁੱਖ! ਇਨ੍ਹਾਂ ਸੰਗੀਆਂ ਜਿਨ੍ਹਾਂ ਨਾਲ ਤੇਰਾ ਬਹੁਤਾ ਮੋਹ ਹੈ। ਇਹ ਸਾਰੇ ਤਾਂ ਤੇਰੇ ਸਦੀਵੀ ਸਾਥੀ ਨਹੀਂ ਹਨ। ਇਨ੍ਹਾਂ ਦਾ ਤਾਂ ਉਤਨਾ ਚਿਰ ਹੀ ਤੇਰੇ ਨਾਲ ਸਾਥ ਹੈ ਜਿੰਨਾ ਚਿਰ ਤੇਰੇ ਵਿਚ ਦਮ ਹੈ। ਭਾਵ ਆਤਮਾ ਹੈ। ਜਿਉਂ ਹੀ ਇਸ ਸਰੀਰ ਵਿਚੋਂ ਪ੍ਰਾਣ ਪੰਖੇਰੂ ਹੋ ਗਏ ਤਾਂ ਕੋਈ ਵੀ ਤੇਰਾ ਉਸ ਵੇਲੇ ਸਾਥੀ ਨਹੀਂ ਬਣਨਾ। ਉਸ ਸਮੇਂ ਤਾਂ ਕੇਵਲ ਉਸ ਅਕਾਲ ਪੁਰਖ ਦੀ ਕੀਤੀ ਹੋਈ ਉਸਤਤਿ ਹੀ ਰੰਗ ਲਿਆਉਂਦੀ ਹੈ। ਜਿਹੜੇ ਮਨੁੱਖ ਇਸ ਮਨੁੱਖਾ ਜੀਵਨ ਵਿਚ ਉਸ ਅਕਾਲ ਪੁਰਖ ਦੀ ਅਰਾਧਨਾ ਕਰਦੇ ਹਨ, ਗੁਰੂ ਜੀ ਅਨੁਸਾਰ ਉਹ ਗੁਰਮੁਖ ਹਨ। ਉਨ੍ਹਾਂ ਉਪਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੀ ਗਲਬਾ ਪਾਉਣੋਂ ਅਸਮਰਥ ਰਹਿੰਦੇ ਹਨ। ਉਹਨਾਂ ਦਾ ਜੀਵਨ ਸ਼ਾਂਤ ਸੁਭਾਅ ਹੋ ਜਾਂਦਾ ਹੈ। ਉਹ ਤਾਂ ਦਰਅਸਲ ਜੀਵਨ ਮੁਕਤ ਹੋ ਜਾਂਦੇ ਹਨ। ਉਹਨਾਂ ਦਾ ਤਾਂ ਇਹ ਲੋਕ ਵੀ ਸੁਖੀ

SikhBookClub.com

ਹੁੰਦਾ ਹੈ ਅਤੇ ਪਰਮਾਤਮਾ ਦੀ ਅਰਾਧਨਾ ਕਰਕੇ ਪ੍ਰਲੋਕ ਉਹ ਸੰਵਾਰ ਲੈਂਦੇ ਹਨ। ਇਸ ਦੀ ਪੁਸ਼ਟੀ ਆਪ ਦੇ ਵਿਚਾਰਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ:

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ॥
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ॥
ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ॥

(ਪੰਨਾ ੮੬)

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥
ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ॥

(ਪੰਨਾ ੮੬)

ਜਿਥੇ ਗੁਰੂ ਜੀ ਨੇ ਅਕਾਲ ਪੁਰਖ ਨਾਲ ਅਭੇਦ ਹੋਇਆਂ ਦੀ ਤਸਵੀਰ ਮੂਰਤੀਮਾਨ ਕੀਤੀ ਹੈ ਓਥੇ ਨਾਮ ਤੋਂ ਸੱਖਣੇ ਵਿਅਕਤੀਆਂ ਬਾਰੇ ਵੀ ਬਿਆਨ ਕੀਤਾ। ਅਜਿਹੇ ਵਿਅਕਤੀ ਨੂੰ ਆਪ ਮਨਮੁਖ ਕਹਿੰਦੇ ਹਨ, ਕਿਉਂਕਿ ਉਹ ਗੁਰੂ ਦੀ ਮੱਤ ਮਗਰ ਨਹੀਂ, ਸਵੈ-ਇੱਛਾ ਅਨੁਸਾਰ ਕਾਰਜ ਕਰਦੇ ਹਨ, ਜਿਸ ਦੇ ਫਲਸਰੂਪ ਉਹ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਚ ਗ੍ਰਸੇ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਸਥਿਰਤਾ ਨਹੀਂ ਰਹਿੰਦੀ ਸਗੋਂ ਭਟਕਣਾ ਦਾ ਵਾਸਾ ਹੁੰਦਾ ਹੈ। ਇਸੇ ਕਾਰਨ ਉਹ ਚੌਰਾਸੀ ਦੇ ਗੇੜ ਵਿਚ ਪਏ ਰਹਿੰਦੇ ਹਨ। ਉਹਨਾਂ ਦੀ ਕਿਤੇ ਵੀ ਢੋਈ ਨਹੀਂ ਹੁੰਦੀ, ਕਿਉਂਕਿ ਉਹਨਾਂ ਨੇ ਇਕ ਪਰਮਾਤਮਾ ਅਕਾਲ ਪੁਰਖ ਨੂੰ ਤਿਆਗ ਕੇ ਹੋਰਨਾਂ ਵਿਚ ਆਪਣਾ ਵਿਸ਼ਵਾਸ ਪ੍ਰਪੱਕ ਕੀਤਾ ਹੁੰਦਾ ਹੈ। ਮੌਤ ਦਾ ਡਰ ਉਨ੍ਹਾਂ ਨੂੰ ਹਮੇਸ਼ਾ ਸਤਾਉਂਦਾ ਰਹਿੰਦਾ ਹੈ। ਉਹ ਹਮੇਸ਼ਾ ਸਵਾਰਥੀ ਬਣੇ ਰਹਿੰਦੇ ਹਨ, ਜਿੰਨੇ ਵੀ ਉਹ ਕਾਰਜ ਕਰਦੇ ਹਨ, ਹਰੇਕ ਵਿਚੋਂ ਉਸ ਦੇ ਸਵੈ ਦਾ ਪ੍ਰਗਟਾਵਾ ਝਲਕਦਾ ਹੈ। ਉਹ ਸਵਾਰਥੀ ਹੁੰਦੇ ਹਨ। ਕਦੇ ਵੀ ਕਿਸੇ ਦੀ ਭਲਾਈ ਬਾਰੇ ਉਹ ਨਹੀਂ ਸੋਚਦੇ। ਅਜਿਹੀਆਂ ਵਸਤਾਂ (ਜੋ ਸਮੇਂ, ਸਥਾਨ ਦੀ ਹੱਦ ਜਾਂ ਕੈਦ ਵਿਚ ਹਨ, ਜਿਨ੍ਹਾਂ ਨੂੰ ਬਿਨਸਨਹਾਰ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ) ਨਾਲ ਉਨ੍ਹਾਂ ਦਾ ਗੂੜ੍ਹਾ ਪ੍ਰੇਮ ਪੈਦਾ ਹੋ ਜਾਂਦਾ ਹੈ। ਜਦੋਂ ਇਸ ਅਸਲੀਅਤ ਬਾਰੇ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਤਾਂ ਅੰਞਾਈ ਹੀ ਅਜਿਹੀਆਂ ਨਾਸ਼ਮਾਨ ਵਸਤਾਂ ਮਗਰ ਘੁੰਮਦਾ ਰਿਹਾ, ਅਜਿਹੀ ਸਥਿਤੀ ਵਿਚ ਉਸ ਨੂੰ ਸਿਵਾਏ ਦੁਖ ਦੇ ਹੋਰ ਕੁਝ ਵੀ ਪ੍ਰਾਪਤ ਨਹੀਂ ਹੁੰਦਾ:

ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ॥

(ਪੰਨਾ ੮੭)

ਅਜਿਹੇ ਵਿਅਕਤੀਆਂ ਬਾਰੇ ਹੀ ਗੁਰੂ ਸਾਹਿਬਾਨ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਦਾ ਜੀਵਨ ਬਿਰਥਾ ਲੰਘ ਜਾਂਦਾ ਹੈ। ਕਿਉਂਕਿ ਇਸ ਮਾਇਆ ਰੂਪ ਘੁੰਮਣ-ਘੇਰੀ ਵਿਚ ਉਹ ਖੱਚਤ ਹੋ ਕੇ ਗਲਤਾਨ ਹੋ ਜਾਂਦੇ ਹਨ, ਹਰੀ ਦਾ ਸਿਮਰਨ ਉਹ ਕਰਦੇ ਨਹੀਂ।

੧) *ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ॥*

SikhBookClub.com

੨) *ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥*
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥

(ਪੰਨਾ ੮੮)

ਭਾਵੇਂ ਇਹ ਦ੍ਰਿਸ਼ਟਮਾਨ ਸੰਸਾਰ ਨਾਸਵਾਨ ਹੈ। ਪਰ ਗੁਰੂ ਸਾਹਿਬ ਆਪਣੀ ਬਾਣੀ ਵਿਚ ਕਿਤੇ ਵੀ ਇਸ ਨੂੰ ਛੱਡਣ ਬਾਰੇ ਨਹੀਂ ਕਹਿੰਦੇ। ਸਗੋਂ ਮਨੁੱਖ ਨੂੰ ਦ੍ਰਿਸ਼ਟਾਤਾਂ ਰਾਹੀਂ ਸਮਝਾਉਂਦੇ ਹਨ ਕਿ ਘਰ ਬਾਰ ਤਿਆਗ ਕੇ ਭੇਖੀ ਬਣ ਕੇ ਸਦੀਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਸਗੋਂ ਇਸ ਸੰਸਾਰ ਵਿਚ ਰਹਿ ਕੇ, ਕਾਰ-ਵਿਹਾਰ ਕਰਦਿਆਂ ਹੋਇਆਂ ਇਸ ਵਿਚ ਖੱਚਤ ਨਹੀਂ ਹੋਣਾ ਹੀ ਸਿੱਖੀ ਦਾ ਅਸੂਲ ਹੈ। ਜਿਵੇਂ ਇਕ ਵਧੀਆ ਤੈਰਾਕ ਤਾਂ ਉਹੀ ਅਖਵਾ ਸਕਦਾ ਹੈ ਜਿਹੜਾ ਨਦੀ ਵਿਚ ਜਾਵੇ, ਪਾਣੀ ਨਾਲ ਯੁੱਧ ਕਰਦਿਆਂ ਹੋਇਆਂ ਨਦੀ ਪਾਰ ਕਰੇ, ਤਾਂ ਹੀ ਉਹ ਵਧੀਆ ਤੈਰਾਕ ਅਖਵਾਉਣ ਦਾ ਹੱਕਦਾਰ ਹੈ। ਜਿਹੜਾ ਨਦੀ ਵਿਚ ਵੜੇ ਹੀ ਨਾ, ਉਹ ਵਧੀਆ ਤੈਰਾਕ ਕਿਵੇਂ ਬਣ ਸਕਦਾ ਹੈ? ਜਿਵੇਂ ਕੰਵਲ ਦਾ ਫੁੱਲ ਚਿੱਕੜ ਵਿਚੋਂ ਹੀ ਆਪਣੀ ਖੁਰਾਕ ਲੈਂਦਾ ਹੈ, ਪਰ ਉਸ ਵਿਚ ਖਚਿਤ ਨਹੀਂ ਹੁੰਦਾ, ਉਸ ਦਾ ਅਸਰ ਨਹੀਂ ਕਬੂਲਤਾ, ਮੁਰਗ਼ਾਈ ਦੇ ਖੰਭ ਵੀ ਇਸੇ ਪ੍ਰਕਾਰ ਪਾਣੀ ਦੇ ਅਸਰ ਨੂੰ ਨਹੀਂ ਕਬੂਲਦੇ। ਇਕ ਪਤੰਗ ਉਡਾਉਂਦੇ ਬੱਚੇ ਦੀ ਉਦਾਹਰਣ ਇਸ ਖੇਤਰ ਵਿਚ ਸਹਾਇਕ ਹੈ। ਇਥੇ 'ਹੱਥ ਕਾਰ ਵਲ ਦਿਲ ਯਾਰ ਵਲ' ਦਾ ਸਿਧਾਂਤ ਕੰਮ ਕਰ ਰਿਹਾ ਹੈ। ਕਿਉਂਕਿ ਭਾਵੇਂ ਇਸ ਬੱਚੇ ਦਾ ਦੁਨਿਆਵੀ ਹੱਥ ਪਤੰਗ ਦੇ ਉਡਾਉਣ ਵਿਚ ਮਸਰੂਫ਼ ਹੈ, ਉਹ ਆਪਣੇ ਯਾਰਾਂ, ਮਿੱਤਰਾਂ ਦੋਸਤਾਂ ਨਾਲ ਗੱਲਾਂ ਵੀ ਕਰਦਾ ਹੈ, ਪਰ ਉਸ ਦਾ ਧਿਆਨ ਆਪਣੀ ਪਤੰਗ ਵਲ ਹੀ ਰਹਿੰਦਾ ਹੈ। ਇਸ ਪ੍ਰਕਾਰ ਇਨ੍ਹਾਂ ਉਦਾਹਰਣਾਂ ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਦੱਸਦੇ ਹਨ ਕਿ ਮਨੁੱਖ ਦਾ ਧਿਆਨ ਵੀ ਉਸ ਅਕਾਲ ਪੁਰਖ ਵੱਲ ਰਹੇ ਭਾਵੇਂ ਉਸ ਦੇ ਹੱਥ ਦੁਨਿਆਵੀ ਕਾਰ ਵਲ ਲੱਗੇ ਹੋਣ:

ਮਨਹਠਿ ਕਿਨੈ ਨ ਪਾਇਓ ਪੂਛਹੁ ਵੇਦਾ ਜਾਇ॥
ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ॥

(ਪੰਨਾ ੮੬)

ਉਸ ਅਕਾਲ ਪੁਰਖ ਦੀ ਸੇਵਾ ਉਸ ਦੀ ਉਸਤਤਿ ਕਰਨ ਵਿਚ, ਉਸ ਦਾ ਨਾਮ ਮਨ ਵਿਚ ਵਸਾਉਣ ਨਾਲ ਹੈ। ਬਹੁਤੀ ਵਿਦਿਆ ਅਤੇ ਜ਼ਿਆਦਾ ਗਿਆਨ ਪ੍ਰਾਪਤ ਕਰਨਾ, ਉਸ ਦੀ ਪ੍ਰਾਪਤੀ ਨਹੀਂ ਹੈ। ਇਸ ਪ੍ਰਕਾਰ ਚੁੰਝ ਗਿਆਨੀ ਦਾ ਦਰਜਾ ਜ਼ਰੂਰ ਹਾਸਲ ਕਰ ਲਈਦਾ ਹੈ ਪਰ ਉਸ ਦੇ ਸੇਵਕ ਦੀ ਉਪਾਧੀ ਨਸੀਬ ਨਹੀਂ ਹੁੰਦੀ। ਉਸ ਪਰਮਾਤਮਾ ਦੀ ਬੰਦਗੀ ਕਿਸੇ ਬਾਹਰੀ ਭੇਖ ਧਾਰਨ ਕਰਨ ਨਾਲ ਨਹੀਂ ਹੁੰਦੀ, ਸਗੋਂ ਉਸ ਨੂੰ ਮਨ ਵਿਚ ਵਸਾਉਣ ਨਾਲ ਅਤੇ ਇਕ ਮਨ ਇਕ ਚਿਤ ਹੋ ਕੇ ਕੀਰਤੀ ਕਰਨ ਨਾਲ ਹੁੰਦੀ ਹੈ। ਇਸ ਦੀ ਸ਼ਾਹਦੀ ਗੁਰੂ ਸਾਹਿਬ ਖ਼ੁਦ ਭਰਦੇ ਹਨ:

ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ ॥

(ਪੰਨਾ ੮੭)

ਇਥੇ ਗੁਰੂ ਸਾਹਿਬ ਇਕ ਗੱਲ ਬੜੀ ਸਪੱਸ਼ਟ ਬਿਆਨ ਕਰਦੇ ਹਨ ਕਿ ਜਿਸ ਮਨ ਵਿਚ ਪਾਪ ਵਿਦਮਾਨ ਹਨ, ਉਥੇ ਵਾਹਿਗੁਰੂ ਨਹੀਂ ਟਿਕ ਸਕਦਾ, ਪਰ ਅਜਿਹੇ ਪਾਪੀਆਂ ਉਪਰ ਵੀ ਜਦੋਂ ਉਸ ਦੀ ਮੇਹਰ ਹੋ ਜਾਂਦੀ ਹੈ ਤਾਂ ਉਹ ਵੀ ਗੁਰਮੁਖ ਰੂਪੀ ਹੰਸ ਬਣ ਜਾਂਦੇ ਹਨ:

SikhBookClub.com

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥

(ਪੰਨਾ ੯੧)

ਅਜਿਹੇ ਗੁਰਮੁਖ ਜਨ ਹਰੇਕ ਕਾਰ-ਵਿਹਾਰ ਨੂੰ ਉਸ ਪਰਮਾਤਮਾ ਦੇ ਹੁਕਮ ਵਿਚ ਹੋਇਆ ਤਸਲੀਮ ਕਰ ਲੈਂਦੇ ਹਨ। ਕਿਉਂਕਿ ਉਨ੍ਹਾਂ ਅਨੁਸਾਰ ਉਹ ਖ਼ੁਦ ਹੀ ਸਾਰੇ ਪਸਾਰੇ ਵਿਚ ਰਮਿਆ ਹੋਇਆ ਹੈ। ਇਹ ਸਾਰਾ ਉਸ ਦਾ ਹੁਕਮ ਹੀ ਹੈ ਜੋ ਕੰਮ ਕਰ ਰਿਹਾ ਹੈ। ਵਿਅਕਤੀ ਦੇ ਵੱਸ ਵਿਚ ਕੁਝ ਨਹੀਂ, ਇਸ ਲਈ ਗੁਰਮੁਖ ਜਨ ਕੁਦਰਤ ਦੀ ਕਾਇਨਾਤ ਵਿਚ ਉਸ ਪ੍ਰਭੂ-ਪਿਤਾ ਨੂੰ ਵੇਖ ਵੇਖ ਕੇ ਪ੍ਰਸੰਨ ਹੁੰਦੇ ਹਨ। ਉਸ ਦੇ ਹੁਕਮ ਅਨੁਸਾਰ ਜੀਵਨ ਜੀਊਂਦੇ ਹਨ ਅਤੇ ਉਸ ਤੋਂ ਬਿਨਾਂ ਜੀਵੇ ਜੀਵਨ ਨੂੰ ਮੌਤ ਸਮਝਦੇ ਹਨ। ਗੁਰੂ ਅੰਗਦ ਦੇਵ ਜੀ ਦਾ ਫ਼ੁਰਮਾਨ ਹੈ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

(ਪੰਨਾ ੮੩)

ਉਹ ਹਮੇਸ਼ਾ ਪ੍ਰਭੂ ਪਰਮਾਤਮਾ ਦੀ ਉਸਤਤਿ ਕਰਨ ਵਾਲਿਆਂ ਦਾ ਹੀ ਸੰਗ ਭਾਲਦੇ ਹਨ, ਕਿਉਂਕਿ ਉਸ ਪਰਮਾਤਮਾ ਦੇ ਮਨ ਵਿਚ ਵੱਸਣ ਨਾਲ ਸੰਸਾਰਕ ਬੁੱਧ ਪ੍ਰਵਿਰਤ ਹੋ ਜਾਂਦੀ ਹੈ। ਨੌਂ ਨਿਧੀਆਂ, ਅਠਾਰਹ ਸਿਧੀਆਂ ਉਸ ਦੇ ਪਿਛੇ ਲੱਗੀਆਂ ਫਿਰਦੀਆਂ ਹਨ। ਉਹ ਸੰਸਾਰਕ ਖਾਹਸ਼ਾਂ ਤੋਂ ਉੱਚਾ ਉਠ ਜਾਂਦੇ ਹਨ। ਪਰ ਇਹ ਤਾਂ ਹੀ ਸੰਭਵ ਹੈ ਜਦੋਂ ਉਸ ਦੀ ਬਖ਼ਸ਼ਿਸ਼ ਨਸੀਬ ਹੋਵੇ:

ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ॥
ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ॥
ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ॥
ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ ਜਿਨ ਮਸਤਕਿ ਲਿਖਿਆ ਧੁਰਿ ਪਾਇ॥

(ਪੰਨਾ ੯੧)

ਉਨ੍ਹਾਂ ਦੇ ਮਨ ਵਿਚ ਪ੍ਰਭੂ ਉਸਤਤਿ ਕਰਨ ਨਾਲ ਕਿਸੇ ਪ੍ਰਕਾਰ ਦਾ ਹੰਕਾਰ ਆਦਿ ਨਹੀਂ ਹੁੰਦਾ। ਉਹ ਤਾਂ ਇਨ੍ਹਾਂ ਪਰਵਿਰਤੀਆਂ ਵਿਚੋਂ ਉੱਚਾ ਉਠ ਜਾਂਦੇ ਹਨ। ਉਹ ਤਾਂ ਆਪਣੇ ਆਪ ਨੂੰ ਪ੍ਰਭੂ ਦਾ ਦਾਸ ਹੀ ਕਹਿ ਕੇ ਅਨੰਦ ਲੈਂਦੇ ਹਨ। ਇੰਜ ਕਰਨ ਵਿਚ ਹੀ ਉਹ ਆਪਣਾ ਮਾਣ ਸਮਝਦੇ ਹਨ। ਅਜਿਹੇ ਵਿਅਕਤੀ ਹੀ ਇਸ ਸੰਸਾਰ ਵਿਚ ਆਪਣਾ ਜੀਵਨ ਸਫਲ ਕਰ ਜਾਂਦੇ ਹਨ ਅਤੇ ਉਨ੍ਹਾਂ ਦੇ ਮੁੱਖ ਉਸ ਦੇ ਦਰਬਾਰ ਵਿਚ ਵੀ ਉਜਲੇ ਹੁੰਦੇ ਹਨ। ਇਸ ਦੀ ਸ਼ਾਅਦੀ ਗੁਰੂ ਸਾਹਿਬ ਖ਼ੁਦ ਭਰਦੇ ਹਨ, ਜਿਵੇਂ ਆਪ ਦਾ ਫ਼ੁਰਮਾਨ ਹੈ:

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥
ਹਰਿ ਅੰਦਰਿ ਸੁਣੀ ਪੁਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥
ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥

(ਪੰਨਾ ੯੧)

SikhBookClub.com

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਬਹੁਤ ਹੀ ਸਾਦਾ ਸ਼ਬਦਾਵਲੀ ਵਰਤ ਕੇ ਇਸ ਸੰਸਾਰਕ ਮਨੁੱਖ ਨੂੰ ਝੰਜੋੜਿਆ ਹੈ। ਮਨੁੱਖ ਨੂੰ ਉਸ ਦੇ ਆਪੇ ਦੀ ਪਛਾਣ ਕਰਾਉਣ ਲਈ ਮਨਮੁਖਾਂ ਦੇ ਔਗੁਣ ਦੱਸ ਕੇ ਗੁਰਮੁਖਾਂ ਦੀ ਵਡਿਆਈ ਕੀਤੀ ਹੈ। ਬੋਲੀ ਇਤਨੀ ਮੁਹਾਵਰੇਦਾਰ ਹੋਣ ਦੇ ਬਾਵਜੂਦ ਵੀ ਬਦੋ-ਬਦੀ ਜਨ-ਸਾਧਾਰਨ ਦੇ ਮੂੰਹ ਚੜ੍ਹ ਜਾਂਦੀ ਹੈ। ਇਸ ਪ੍ਰਕਾਰ ਇਹ ਵਾਰ ਗੁਰਮਤਿ ਰਾਹੀਂ ਉਸ ਪਰਮਾਤਮਾ ਵਿਚ ਅਭੇਦ ਹੋਣ ਵਿਚ ਸਹਾਇਕ ਹੋ ਨਿਬੜਦੀ ਹੈ। ਇਹੋ ਹੀ ਇਸ ਵਾਰ ਦਾ ਮਨੋਰਥ ਹੈ। ਇਸ ਬਿਆਨਕਾਰੀ ਵਿਚ ਗੁਰੂ ਸਾਹਿਬ ਦੀ ਇਕ ਕਮਾਲ ਦਰਜੇ ਦੀ ਕਿਰਤ ਝਲਕਦੀ ਹੈ, ਜੋ ਮਨਮੁਖ ਨੂੰ ਗੁਰਮੁਖ ਬਣਨ ਵਿਚ ਸਹਾਇਕ ਹੁੰਦੀ ਹੈ।

(10/1982)

SikhBookClub.com

ਗਉੜੀ ਕੀ ਵਾਰ: ਇਕ ਅਧਿਐਨ

ਵਾਰ ਪੰਜਾਬੀ ਦਾ ਇਕ ਲੋਕਪ੍ਰਿਅ ਕਾਵਿ ਰੂਪ ਹੈ ਜੋ ਬੀਰ ਰਸ ਉਤਪੰਨ ਕਰਨ ਲਈ ਅਤਿਅੰਤ ਢੁਕਵਾਂ ਤੇ ਅਨੁਕੂਲ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਲ ਤਕ ਅਜਿਹੀਆਂ ਕਈ ਬੀਰ ਰਸੀ ਵਾਰਾਂ ਜਨ-ਸਾਧਾਰਨ ਵਿਚ ਪ੍ਰਚਲਿਤ ਸਨ, ਜਿਨ੍ਹਾਂ ਵਿਚ ਤਤਕਾਲੀਨ ਪੰਜਾਬੀ ਜੋਧਿਆਂ, ਸੂਰਬੀਰਾਂ, ਰਾਜਿਆਂ ਅਤੇ ਲੋਕ ਨਾਇਕਾਂ ਦੀ ਉਸਤਤਿ ਕੀਤੀ ਗਈ ਸੀ ਤੇ ਜਿਨ੍ਹਾਂ ਨੂੰ ਢਾਡੀ ਲੋਕ ਗਾ ਕੇ ਲੋਕਾਂ ਵਿਚ ਸੁਣਾਇਆ ਕਰਦੇ ਸਨ। ਇਹ ਵਾਰਾਂ ਜਨਤਾ ਵਿਚ ਇਤਨੀਆਂ ਹਰਮਨ ਪਿਆਰੀਆਂ ਸਨ ਕਿ ਗੁਰੂ ਸਾਹਿਬਾਨ ਨੇ ਇਸ ਕਾਵਿ ਰੂਪ ਨੂੰ ਅਧਿਆਤਮਿਕ ਵਿਸ਼ਿਆਂ ਲਈ ਵਰਤਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ 22 ਵਾਰਾਂ ਹਨ। ਤਿੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ, ਚਾਰ ਸ੍ਰੀ ਗੁਰੂ ਅਮਰਦਾਸ ਜੀ ਦੀਆਂ, ਅੱਠ ਸ੍ਰੀ ਗੁਰੂ ਰਾਮਦਾਸ ਜੀ ਦੀਆਂ, ਛੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਅਤੇ ਇਕ ਸੱਤੇ ਅਤੇ ਬਲਵੰਡ ਦੀ।

ਇਨ੍ਹਾਂ ਵਿਚੋਂ 9 ਵਾਰਾਂ ਨੂੰ ਲੋਕ ਪ੍ਰਸਿੱਧ ਬੀਰ ਰਸੀ ਵਾਰਾਂ ਦੀਆਂ ਧੁਨੀਆਂ ਉੱਤੇ ਗਾਉਣ ਦਾ ਉਪਦੇਸ਼ ਹੈ। ਗਉੜੀ ਕੀ ਵਾਰ ਮਹਲਾ ੪ ਨੂੰ ਰਾਇ ਕਮਾਲ ਦੀ ਮੌਜ ਦੀ ਵਾਰ ਦੀ ਧੁਨੀ ਉੱਪਰ ਗਾਉਣ ਦਾ ਆਦੇਸ਼ ਹੈ।

ਗਉੜੀ ਦੀ ਵਾਰ ਮਹਲਾ ੪ ਦੀ ਇਕ ਸ੍ਰੇਸ਼ਟ ਅਤੇ ਪ੍ਰੌੜ ਰਚਨਾ ਹੈ ਜਿਸ ਦੀਆਂ 33 ਪਉੜੀਆਂ ਹਨ। 27 ਤੋਂ 31 ਤਕ ਦੀਆਂ ਪਉੜੀਆਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀਆਂ ਹਨ।

ਗਉੜੀ ਦੀ ਵਾਰ ਨੂੰ ਸਾਹਿਤਕ, ਸਿਧਾਂਤਿਕ ਅਤੇ ਸਮਾਜਿਕ ਪੱਖ ਤੋਂ ਵਿਚਾਰਿਆ ਜਾ ਸਕਦਾ ਹੈ।

ਗਉੜੀ ਦੀ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਮੇਂ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਜੀਵਨ ਨੂੰ ਬੜੀ ਬਰੀਕੀ ਨਾਲ ਚਿਤਰਿਆ ਹੈ। ਇਹ ਵਾਰ ਗੁਰੂ ਸਾਹਿਬ ਦੇ ਸਮੇਂ ਦੇ ਸਮਾਜ ਦਾ ਵਾਸਤਵਿਕ ਦਰਪਣ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਸਮਾਜ ਦੀਆਂ ਊਣਤਾਈਆਂ ਦਾ ਚਿਤ੍ਰਣ ਕੀਤਾ ਹੈ। ਇਸ ਵਾਰ ਵਿਚ ਗੁਰੂ ਸਾਹਿਬ ਨੇ ਸਮਾਜਿਕ ਜੀਵਨ ਦੀ ਮਹੱਤਤਾ ਅਤੇ ਗੁਰਸਿੱਖ ਦੀ ਰਹਿਣੀ ਬਹਿਣੀ ਦੀ ਵੀ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ ਜਿਨ੍ਹਾਂ ਲੋਕਾਂ ਨੂੰ ਨਿਰਾ ਖਾਣ-ਪੀਣ, ਪੈਨ੍ਹਣ ਦਾ ਚਸਕਾ ਹੈ, ਉਹ ਕੋਹੜ ਦੇ ਮਾਰੇ ਹੋਏ ਸਾਹਮਣੇ ਤਾਂ ਮਿੱਠੀਆਂ ਗੱਲਾਂ ਕਰਦੇ ਹਨ ਪਰ ਪਿੱਛੋਂ ਰੱਜ ਕੇ ਨਿੰਦਾ ਕਰਦੇ ਹਨ, ਅਜਿਹੇ ਬੰਦੇ ਰੱਬ ਤੋਂ ਦੂਰ ਵਿਛੜੇ ਪਏ ਹਨ।

ਪ੍ਰਭੂ ਦੀ ਬੰਦਗੀ ਕਰਨ ਵਾਲੇ ਗੁਰਮੁਖ ਜਨ ਤਾਂ ਸਾਰੇ ਜਗਤ ਵਿਚ ਸੋਭਾ ਪਾਉਂਦੇ ਹਨ ਪਰ ਜੋ ਮੂਰਖ ਉਨ੍ਹਾਂ ਨਾਲ ਵੈਰ ਬਣਾ ਲੈਂਦੇ ਹਨ, ਉਹ ਕਦੇ ਸੁਖੀ ਨਹੀਂ ਹੁੰਦੇ, ਅਜਿਹੇ ਬੰਦੇ ਮੁੱਢੋਂ ਵੱਢੇ ਹੋਏ

SikhBookClub.com

ਰੁੱਖ ਸਮਾਨ ਹਨ, ਜਿਨ੍ਹਾਂ ਦੇ ਟਾਹਣ ਆਪੇ ਸੁੱਕ ਜਾਂਦੇ ਹਨ। ਇਨ੍ਹਾਂ ਗੁਰ ਨਿੰਦਕਾਂ ਦੇ ਅੰਦਰ ਭੀ ਕੋਈ ਗੁਣ ਮੌਲ ਨਹੀਂ ਸਕਦਾ।

12ਵੀਂ ਪਉੜੀ ਦੇ ਪਹਿਲੇ ਸਲੋਕ ਦੇ ਅੰਤ ਵਿਚ ਬਿਆਨ ਹੈ—"ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੇ ਮਾਰਿ ਪਚਾਇਆ॥" ਇਹ ਪੰਕਤੀ ਉਸ ਵਕਤ ਦੇ ਗੁਰ-ਗੱਦੀ ਦੇ ਵਿਰੋਧੀਆਂ ਵੱਲ ਸੰਕੇਤ ਕਰਦੀ ਹੈ। ਜ਼ਰਾ ਧਿਆਨ ਨਾਲ ਦੇਖੀਏ ਤਾਂ ਇਹ ਗੱਲਾਂ ਬੜੀਆਂ ਕਰੜੀਆਂ ਹੋਣ ਕਰਕੇ ਬੜੀ ਸੰਜੀਦਗੀ ਨਾਲ ਕਹੀਆਂ ਗਈਆਂ ਹਨ।

ਇਸ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਰੁੱਧ ਜੋ ਵਿਰੋਧੀ ਖੜ੍ਹੇ ਹੋਣ ਦਾ ਯਤਨ ਕਰ ਰਹੇ ਸਨ ਉਨ੍ਹਾਂ ਨੂੰ ਸਮਝਾ ਰਹੇ ਹਨ ਕਿ ਸਤਿਗੁਰ ਕੇਵਲ ਇਕ ਹੈ, ਉਸ ਨੂੰ ਪ੍ਰਤੱਖ ਗੁਰੂ ਮੰਨੋ, ਉਸ ਦੀ ਬਾਣੀ ਨੂੰ ਪ੍ਰਮਾਣੀਕ ਕਰਕੇ ਪੜ੍ਹੋ ਤੇ ਕਿਸੇ ਨਵੀਂ ਗੱਦੀ ਲਾਉਣ ਵਾਲੇ ਦੇ ਦੁਆਲੇ ਇਕੱਠੇ ਨਾ ਹੋਵੋ।

ਜੇ ਅਸੀਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਪ੍ਰਾਪਤੀਆਂ 'ਤੇ ਝਾਤੀ ਮਾਰਦੇ ਹਾਂ ਤਾਂ ਉਸ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਚਲਾਏ ਕਾਰਜ ਨੂੰ ਬਹੁਤ ਲਗਨ ਨਾਲ ਅੱਗੇ ਵਧਾਇਆ। ਉਨ੍ਹਾਂ ਨੇ ਲੰਗਰ ਦੀ ਪ੍ਰਥਾ ਵੱਡੀ ਪੱਧਰ 'ਤੇ ਚਲਾਈ। ਗੁਰੂ ਸਾਹਿਬ ਦੇ ਬਹੁਤ ਸ਼ਰਧਾਲੂ ਬਣ ਗਏ ਅਤੇ ਆਪ ਉਨ੍ਹਾਂ ਸਾਰਿਆਂ ਨਾਲ ਸੰਪਰਕ ਰੱਖਣਾ ਉਨ੍ਹਾਂ ਲਈ ਬਹੁਤ ਔਖਾ ਹੋ ਗਿਆ। ਇਸ ਲਈ ਉਨ੍ਹਾਂ 22 ਮੰਜੀਆਂ ਦੀ ਸਥਾਪਨਾ ਕੀਤੀ ਅਤੇ ਉਨ੍ਹਾਂ ਲਈ ਮਸੰਦ ਨਿਯੁਕਤ ਕੀਤੇ ਜੋ ਸਿੱਖ ਸਿਧਾਂਤਾਂ, ਵਿਸ਼ਵਾਸਾਂ ਨਾਲ ਪੂਰੀ ਤਰ੍ਹਾਂ ਜਾਣੂੰ ਸਨ ਅਤੇ ਗੁਰੂ-ਘਰ ਲਈ ਪ੍ਰਾਪਤ ਮਾਇਆ ਇਕੱਤਰ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਭਗਤਾਂ ਦੀ ਬਾਣੀ ਇਕੱਤਰ ਕਰਕੇ ਲੋਕਾਂ ਸਾਹਮਣੇ ਲਿਆਂਦੀ ਜੋ ਬਹੁਤ ਲੋਕਪ੍ਰਿਅ ਹੋਈ। ਗੋਇੰਦਵਾਲ ਸਾਹਿਬ ਸਿੱਖਾਂ ਦਾ ਤੀਰਥ ਬਣ ਗਿਆ। ਇਨ੍ਹਾਂ ਯੋਗਦਾਨਾਂ ਨੇ ਬ੍ਰਾਹਮਣ, ਪਰੋਹਿਤਾਂ ਅਤੇ ਮੁਲਾਣਿਆਂ ਦੀ ਮਹੱਤਤਾ ਨੂੰ ਘਟਾ ਦਿੱਤਾ। ਬ੍ਰਾਹਮਣਾਂ ਨੂੰ ਆਪਣੀ ਮਾਇਆ ਖੁੱਸਦੀ ਨਜ਼ਰ ਆਉਣ ਲੱਗੀ। ਉਨ੍ਹਾਂ ਪਹਿਲਾਂ ਆਪ ਅਤੇ ਫਿਰ ਬਾਦਸ਼ਾਹ ਰਾਹੀਂ ਗੁਰੂ ਜੀ ਨੂੰ ਸਬਕ ਸਿਖਾਉਣ ਦਾ ਯਤਨ ਕੀਤਾ:

ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥

(ਪੰਨਾ ੩੦੨)

ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥

(ਪੰਨਾ ੩੦੨)

ਜੋ ਮੁੱਢ ਤੋਂ ਪੂਰੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਿਟਕਾਰੇ ਹੋਏ ਹਨ ਉਨ੍ਹਾਂ ਨੂੰ ਹੀ ਹੁਣ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫਿਟਕਾਰਿਆ ਹੈ। ਉਨ੍ਹਾਂ ਨੂੰ ਗੁਰੂ-ਘਰ ਨਾਲ ਮਿਲਾਉਣ ਲਈ ਕਿਤਨਾ ਹੀ ਪਏ ਚਾਹੀਏ, ਵਾਹਿਗੁਰੂ ਉਨ੍ਹਾਂ ਨੂੰ ਮਿਲਣ ਨਹੀਂ ਦਿੰਦਾ। ਸੰਗਤ ਵਿਚ ਵੀ ਉਨ੍ਹਾਂ ਨੂੰ ਪਨਾਹ ਨਹੀਂ ਮਿਲਦੀ ਕਿਉਂਕਿ ਸੰਗਤ ਵਿਚ ਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕਰ ਦਿੱਤੇ ਹਨ ਕਿ ਜੋ ਕੋਈ ਸਿੱਖ ਹੁਣ ਉਨ੍ਹਾਂ ਨੂੰ ਜਾ ਕੇ ਮਿਲੇਗਾ ਤਾਂ ਉਸ ਨੂੰ ਜ਼ਾਲਮ ਜਮ ਮਾਰੇਗਾ। ਸੋ ਜਿਨ੍ਹਾਂ ਨੂੰ ਬਾਬੇ ਨਾਨਕ ਨੇ ਬੇਮੁਖ ਕਰਾਰ ਦਿੱਤਾ, ਉਹ ਬੇਮੁਖ ਹੀ ਰਹੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਬੁਰਾ ਕਰਾਰ ਦਿੱਤਾ। ਪਰ ਤੀਜੀ ਪਾਤਸ਼ਾਹੀ ਨੂੰ ਉਨ੍ਹਾਂ 'ਤੇ ਤਰਸ ਆ ਗਿਆ ਅਤੇ ਉਨ੍ਹਾਂ ਨੇ ਸਾਰੇ ਨਿੰਦਕ ਮਾੜੇ ਆਦਮੀ ਤਾਰ ਦਿੱਤੇ:

SikhBookClub.com

ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ
ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥

(ਪੰਨਾ ੩੧੭)

ਇਥੇ ਗੁਰੂ ਜੀ ਅੱਡ-ਅੱਡ ਗੱਦੀਆਂ ਲਾ ਕੇ ਸਿੱਖੀ ਸੇਵਕੀ ਬਣਾਉਣ ਵਾਲਿਆਂ ਕੋਲੋਂ ਆਪਣੇ ਸਿੱਖਾਂ ਨੂੰ ਬਚਾਉਣਾ ਚਾਹੁੰਦੇ ਹਨ। ਉਹ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਦੀ ਆਗਿਆ ਤੋਂ ਬਿਨਾਂ ਜੇ ਕੋਈ ਸਿੱਖਾਂ ਪਾਸੋਂ ਆਪਣਾ ਹੁਕਮ ਮਨਾਉਣਾ ਚਾਹੇ ਤਾਂ ਕੋਈ ਗੁਰੂ ਦਾ ਸਿੱਖ ਉਸ ਦੇ ਨੇੜੇ ਨਹੀਂ ਆਵੇਗਾ, ਹਾਂ ਜਿਹੜਾ ਆਗਿਆਕਾਰੀ ਹੋ ਕੇ ਸਤਿਗੁਰੂ ਦੀ ਦਿਲ ਲਾ ਕੇ ਸੇਵਾ ਕਰੇਗਾ, ਉਸ ਦੇ ਅੱਗੇ ਸਿੱਖ ਸਿਰ ਸੁੱਟ ਕੇ ਕੰਮ ਕਰੀ ਜਾਣਗੇ ਕਿਉਂਕਿ ਉਸ ਤੋਂ ਵੱਖਰਾ ਕੇਂਦਰ ਬਣਨ ਦਾ ਖ਼ਤਰਾ ਨਹੀਂ। ਗੁਰਸਿੱਖ ਦੀ ਰਹਿਣੀ ਬਾਰੇ ਵੀ ਇਸ ਵਾਰ ਵਿਚ ਵਿਸਤ੍ਰਿਤ ਚਰਚਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

(ਪੰਨਾ ੩੦੫)

ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ॥

(ਪੰਨਾ ੧੨੦੬)

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥

(ਪੰਨਾ ੩੧੫)

ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਦੇ ਸੰਪੂਰਣ ਹੋਣ 'ਤੇ ਭਾਰੀ ਸਮਾਗਮ ਕੀਤਾ, ਜਿਸ ਵਿਚ ਤਪੇ ਨੂੰ ਸੱਦਿਆ। ਉਸ ਨੇ ਨਾਂਹ ਕਰ ਦਿੱਤੀ। ਪਿੱਛੋਂ ਜਦ ਪਤਾ ਲੱਗਾ ਕਿ ਮਾਇਆ ਦੇ ਗੱਫੇ ਵੀ ਮਿਲਦੇ ਹਨ ਤਾਂ ਝਟ ਪੁੱਤਰ ਨੂੰ ਭੇਜ ਦਿੱਤਾ।

ਇਨਸਾਨ ਨੂੰ ਜੀਵਨ ਵਿਚ ਕਈ ਦੁੱਖ-ਕਲੇਸ਼ਾਂ ਨਾਲ ਵਾਹ ਪੈਂਦਾ ਹੈ, ਕਈ ਚਿੰਤਾ ਝੋਰੇ ਵਾਪਰਦੇ ਹਨ, ਮੌਤ ਆਦਿ ਦਾ ਸਹਿਮ ਪਿਆ ਰਹਿੰਦਾ ਹੈ ਪਰ ਜੋ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਸਿਫ਼ਤਿ ਸਲਾਹ ਦੀ ਸੋਹਣੀ ਕਾਰ ਕਰਨ ਲੱਗ ਪੈਂਦਾ ਹੈ, ਉਸ ਨੂੰ ਇਹ ਯਕੀਨ ਬਣ ਜਾਂਦਾ ਹੈ ਕਿ ਪ੍ਰਭੂ ਸਿਰ 'ਤੇ ਰਾਖਾ ਹੈ ਤੇ ਸਭ ਕੁਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ, ਦੂਜੇ ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਜਗਤ ਦਾ ਪ੍ਰਬੰਧ ਚਲਾਣ ਵਿਚ ਪਰਮਾਤਮਾ ਕੋਈ ਉਕਾਈ ਨਹੀਂ ਖਾ ਰਿਹਾ। ਜੀਵਾਂ ਦੇ ਭਲੇ ਲਈ ਕਰਦਾ ਹੈ ਤੇ ਤੀਜੇ ਯਾਦ ਦੀ ਬਰਕਤਿ ਨਾਲ ਪ੍ਰਭੂ ਮਨ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ, ਸਿੱਟਾ ਇਹ ਨਿਕਲਦਾ ਹੈ ਕਿ ਕੋਈ ਦੁੱਖ ਕੋਈ ਚਿੰਤਾ ਕੋਈ ਸਹਿਮ ਪੋਹ ਨਹੀਂ ਸਕਦਾ। ਸਾਰੇ ਔਗੁਣ ਭੀ ਸੁਤੇ ਹੀ ਨਾਸ ਹੋ ਜਾਂਦੇ ਹਨ।

(8-12) ਜੋ ਮਨੁੱਖ ਗੁਰੂ ਦੀ ਸ਼ਰਨ ਪੈਣ ਦੀ ਥਾਂ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ, ਗੁਰੂ ਦੀ ਰੀਸ ਕਰਦੇ ਹਨ, ਮੂੰਹ ਦੇ ਮਿੱਠੇ ਤੇ ਮਨ ਦੇ ਖੋਟੇ ਗੁਰ ਨਿੰਦਕ ਭੀ ਹਨ, ਉਨ੍ਹਾਂ ਦਾ ਪਾਜ ਖੁੱਲ੍ਹ ਜਾਂਦਾ ਹੈ ਤੇ ਉਨ੍ਹਾਂ ਨੂੰ ਫਿਟਕਾਰਾਂ ਹੀ ਪੈਂਦੀਆਂ ਹਨ, ਉਹ ਗਰਜ਼ਮੰਦ ਕੋਹੜੀ ਅਹੰਕਾਰ ਅਤੇ ਈਰਖਾ ਦੀ ਅੱਗ ਵਿਚ ਜਲਦੇ ਹਨ। ਕੋਈ ਗੁਣ ਉਨ੍ਹਾਂ ਦੇ ਅੰਦਰ ਮੋਲ ਨਹੀਂ ਸਕਦਾ।

(13-17) ਪਰਾਏ ਦੇਸ ਵਿਚ ਸਫ਼ਰ 'ਤੇ ਜਾਣ ਲੱਗਿਆਂ ਮਨੁੱਖ ਦੇ ਪਾਸ ਰਾਹਦਾਰੀ ਦਾ ਹੋਣਾ ਜ਼ਰੂਰੀ ਹੈ। ਨਹੀਂ ਤਾਂ ਕਦਮ-ਕਦਮ 'ਤੇ ਰੋਕ ਪਵੇਗੀ। ਜ਼ਿੰਦਗੀ ਦੇ ਸਫ਼ਰ ਵਿਚ ਵੀ ਜਿਸ ਮਨੁੱਖ

SikhBookClub.com

ਵਪਾਰੀ ਦੇ ਪਾਸ ਗੁਰ ਸ਼ਬਦ ਦੀ ਰਾਹਦਾਰੀ ਹੈ। ਕਾਮਾਦਿਕ ਉਸ ਦੇ ਰਾਹ ਵਿਚ ਕੋਈ ਰੋਕ ਨਹੀਂ ਪਾ ਸਕਦੇ ਪਰ ਇਹ ਨਾਮ ਵਪਾਰ ਸਰੀਰ ਕਿਲ੍ਹੇ ਦੇ ਅੰਦਰ ਹੀ ਕਰਨਾ ਹੈ, ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ, ਸਰੀਰ ਹੀ ਧਰਮ ਕਮਾਉਣ ਦੀ ਥਾਂ ਹੈ। ਇਸ ਵਿਚ ਗੁੱਝੇ ਲਾਲ ਲੁਕੇ ਪਏ ਹਨ। ਗੁਰੂ ਦੀ ਸ਼ਰਨ ਪਿਆਂ ਇਕ ਤਾਂ ਇਹ ਲਾਲ ਵਿਹਾਝਣ ਦੀ ਜਾਚ ਆ ਜਾਂਦੀ ਹੈ ਦੂਜੇ ਇਨ੍ਹਾਂ ਲੁੱਟਣ ਵਾਲੇ ਕਾਮਾਦਿਕ ਡਾਕੂਆਂ ਦਾ ਮੁਕਾਬਲਾ ਕਰਨ ਲਈ ਹੌਸਲਾ ਬਣ ਆਉਂਦਾ ਹੈ।

(18-25) ਜਿਉਂ ਜਿਉਂ ਸਿਮਰਨ ਦੇ ਅਨੰਦ ਦਾ ਮਨ 'ਤੇ ਡੂੰਘਾ ਅਸਰ ਪੈਂਦਾ ਹੈ, 'ਤੂੰ ਤੂੰ ਕਰਦਿਆਂ ਮਨੁੱਖ ਦੀ ਮੈਂ ਮੈਂ ਤੂੰ ਵਿਚ ਮੁੱਕ ਜਾਂਦੀ ਹੈ। ਸਿਮਰਨ ਵੱਲ ਇਤਨੀ ਵਧੀਕ ਖਿੱਚ ਬਣ ਜਾਂਦੀ ਹੈ ਕਿ ਦੁਨਿਆਵੀ ਰਸ ਇੰਦਰੀਆਂ ਨੂੰ ਖਿੱਚ ਹੀ ਨਹੀਂ ਪਾ ਸਕਦੇ, ਪਰਮਾਤਮਾ ਨਾਲ ਕੁਝ ਅਜਿਹਾ ਪਿਆਰ ਪੈਂਦਾ ਜਾਂਦਾ ਹੈ ਕਿ ਸੁੱਤਿਆਂ ਜਾਗਦਿਆਂ ਉਸੇ ਦੀ ਯਾਦ ਪਿਆਰੀ ਲੱਗਦੀ ਹੈ। ਫਿਰ ਤਾਂ ਅੰਦਰ ਵੱਸਦਾ ਹੀ ਉਹੀ ਦਿੱਸਦਾ ਹੈ ਤੇ ਬਾਹਰ ਕੁਦਰਤ ਵਿਚ ਵੀ ਉਸੇ ਦਾ ਜਲਵਾ ਨਜ਼ਰ ਆਉਂਦਾ ਹੈ। ਤਦੋਂ ਜਿਵੇਂ ਚਿੱਤਰਕਾਰ ਨੂੰ ਉਸ ਦੀ ਆਪਣੀ ਬਣਾਈ ਤਸਵੀਰ ਮੋਹ ਨਹੀਂ ਸਕਦੀ ਜਿਵੇਂ ਪ੍ਰਭੂ ਨਾਲ ਇਕਮਿਕ ਹੋਏ ਬੰਦੇ ਨੂੰ ਮਾਇਆ ਦੇ ਸੋਹਣੇ ਚੋਜ ਮੋਹ ਨਹੀਂ ਸਕਦੇ ਪਰ ਇਹ ਸਾਰੀ ਬਰਕਤਿ ਗੁਰੂ ਦੀ ਸ਼ਰਨ ਪਿਆਂ ਹੀ ਮਿਲਦੀ ਹੈ।

(26-33) ਜਿਸ ਮੰਦਭਾਗੀ ਨੂੰ ਮਾਇਆ ਦਾ ਚਸਕਾ ਪੈ ਜਾਏ, ਉਹ ਗੁਰੂ ਦੀ ਸ਼ਰਨ ਵਿਚ ਆਉਣ ਦੀ ਥਾਂ ਪਰ ਧਨ, ਪਰ ਤਨ ਤੇ ਪਰਾਈ ਨਿੰਦਾ ਆਦਿਕ ਪਾਪਾਂ ਵਿਚ ਪੈ ਕੇ ਮਾਨੋ ਦੋਜ਼ਕ ਦੀ ਅੱਗ ਵਿਚ ਸੜਦਾ ਹੈ, ਇਥੋਂ ਤਕ ਕੁਰਾਹੇ ਪੈ ਜਾਂਦਾ ਹੈ ਕਿ ਭਲਿਆਂ ਤੇ ਨਿਰਵੈਰ ਪੁਰਖਾਂ ਨਾਲ ਭੀ ਈਰਖਾ ਕਰਦਾ ਹੈ, ਮੁੱਢੋਂ ਕੱਟੇ ਹੋਏ ਰੁੱਖ ਵਾਂਗ ਉਸ ਦੇ ਅੰਦਰ ਕੋਈ ਗੁਣ ਮੌਲ ਨਹੀਂ ਸਕਦਾ।

ਪਰ ਜੀਵ ਦੀ ਕੋਈ ਆਪਣੀ ਸਿਆਣਪ ਚਤੁਰਾਈ ਕੰਮ ਨਹੀਂ ਦਿੰਦੀ। ਪ੍ਰਭੂ ਜਿਸ ਉੱਤੇ ਮਿਹਰ ਕਰਦਾ ਹੈ, ਉਸ ਨੂੰ ਸਤਿਗੁਰੂ ਦੀ ਚਰਨੀਂ ਪਾ ਕੇ ਵਿਕਾਰਾਂ ਤੋਂ ਬਚਾ ਲੈਂਦਾ ਹੈ।

ਮੁੱਖ ਭਾਵ

ਸੰਸਾਰ ਸਮੁੰਦਰ ਵਿਚ ਅਨੇਕਾਂ ਦੁੱਖ ਤੇ ਵਿਕਾਰ ਹਨ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦਾ ਨਾਮ ਸਿਮਰਦਾ ਹੈ ਉਹ ਇਨ੍ਹਾਂ ਵਿਚੋਂ ਸਹੀ ਸਲਾਮਤ ਪਾਰ ਲੰਘ ਜਾਂਦਾ ਹੈ। ਪਰ ਜੋ ਮਨੁੱਖ ਆਪਣੇ ਵਡੱਪਣ ਵਿਚ ਰਹਿੰਦਾ ਹੈ ਉਹ ਸਤਿਸੰਗ ਵਿਚ ਆਉਣ ਦੀ ਥਾਂ ਗੁਰਮੁਖਾਂ ਦੀ ਨਿੰਦਾ ਕਰਦਾ ਹੈ ਅਤੇ ਉਸ ਅੰਦਰ ਭਲੇ ਗੁਣ ਮੌਲ ਹੀ ਨਹੀਂ ਸਕਦੇ।

(9/2004)

SikhBookClub.com

ਅਲਾਹਣੀਆ

ਮ੍ਰਿਤਕ ਪ੍ਰਾਣੀ ਦੇ ਗੁਣ ਕਰਮ ਦੱਸ ਕੇ ਇਸਤਰੀਆਂ ਦੁਆਰਾ ਜਿਹੜੇ ਕੀਰਨੇ ਜਾਂ ਵੈਣ ਪਾਏ ਜਾਂਦੇ ਹਨ, ਉਨ੍ਹਾਂ ਨੂੰ ਅਲਾਹਣੀਆਂ ਕਿਹਾ ਜਾਂਦਾ ਹੈ। ਜਿਵੇਂ 'ਛੰਤ' ਖ਼ੁਸ਼ੀ ਜਾਂ ਸੁਹਾਗ ਦਾ ਗੀਤ ਹੈ, ਇਵੇਂ 'ਅਲਾਹਣੀ' ਸੋਗ ਜਾਂ ਵਿਛੋੜੇ ਦੇ ਭਾਵਾਂ ਨਾਲ ਸੰਬੰਧਿਤ ਹੈ। ਅਲਾਹਣੀਆਂ ਅਲਾਹਣੀ ਦਾ ਹੀ ਬਹੁ-ਵਚਨ ਹੈ। ਅਲਾਹਣੀ ਪਦ ਦਾ ਮੂਲ ਸੰਸਕ੍ਰਿਤ ਪਦ 'ਅਲਾਪਨ' ਹੈ, ਜਿਸ ਦੇ ਅਰਥ ਹਨ, ਕਥਨ ਕਰਨਾ, ਸੁਰਾਂ ਦਾ ਗਾਇਨ ਵਿਚ ਵਿਸਥਾਰ ਕਰਨਾ, ਜੋ ਅਕਸਰ ਰਾਗ ਭੇਦ ਕਰਕੇ ਹੁੰਦਾ ਹੈ। ਅਲਾਹਣੀ ਦਾ ਵਰਤਾਉ ਸ਼ੋਕ ਮਈ ਗੀਤਾਂ ਨਾਲ ਸੰਬੰਧਤ ਹੋ ਗਿਆ ਹੈ, ਜੋ ਕਿਸੇ ਪ੍ਰਾਣੀ ਦੀ ਮੌਤ 'ਤੇ ਸਾਕਾਂ-ਸੰਬੰਧੀਆਂ ਦੀਆਂ ਇਸਤਰੀਆਂ ਉਚਾਰਦੀਆਂ, ਦੋ ਹੱਥ ਮਾਰ ਕੇ ਰੋਂਦੀਆਂ, ਪਿੱਟਦੀਆਂ ਤੇ ਸ਼ੋਕ ਮਈ ਧਾਰਨਾ ਵਿਚ ਗਾਉਂਦੀਆਂ ਹਨ। ਨੈਣ ਜਾਂ ਮਿਰਾਸਣ ਮਰੇ ਹੋਏ ਪ੍ਰਾਣੀ ਦੇ ਗੁਣ ਕਥਨ ਕਰਦੀ ਤੇ ਸ਼ੋਕ ਦੇ ਭਾਵ ਸੁਰਤਾਲ ਵਿਚ ਉਚਾਰਦੀ ਹੈ, ਦੁਆਲੇ ਹੋਰ ਇਸਤਰੀਆਂ ਬਰਾਬਰ ਦੀਆਂ ਕਤਾਰਾਂ ਵਿਚ ਖੜੀਆਂ ਪਿੱਟਦੀਆਂ ਹਨ ਅਤੇ ਨੈਣ ਜਾਂ ਮਿਰਾਸਣ ਦੇ ਹਰ ਉਚਾਰ ਮਗਰੋਂ ਸੁਰਤਾਲ ਵਿਚ ਟੱਪੇ ਲੰਮੀ ਹੇਕ ਨਾਲ ਬੋਲਦੀਆਂ ਹਨ ਅਤੇ ਹੱਥਾਂ ਨੂੰ ਪੱਟਾਂ, ਛਾਤੀ ਤੇ ਮੱਥੇ 'ਤੇ ਮਾਰਦੀਆਂ ਹਨ। ਇਸ ਨੂੰ 'ਸਿਆਪਾ' ਵੀ ਕਹਿੰਦੇ ਹਨ। ਇਨ੍ਹਾਂ ਅਲਾਹਣੀਆਂ ਵਿਚ ਗ਼ਮ ਦੇ ਭਾਵ, ਨਾਸ਼ਕਰੀ ਦੇ ਖ਼ਿਆਲ ਅਤੇ ਵਾਪਰੇ ਦੁੱਖ ਪਰ ਹੋਰ ਦੁਖੀ ਹੋਣ ਦੀ ਤਾਸੀਰ ਹੁੰਦੀ ਹੈ।

ਮ੍ਰਿਤਕ ਸੰਸਕਾਰ ਨਾਲ ਕਈ ਰਸਮਾਂ ਜੁੜੀਆਂ ਹੋਈਆਂ ਸਨ, ਉਨ੍ਹਾਂ ਵਿਚ ਰੋਣ-ਪਿੱਟਣ, ਵੈਣ ਪਾਉਣ ਅਤੇ ਅਲਾਹਣੀਆਂ ਦੀ ਰਸਮ ਆਮ ਦੇਖਣ ਵਿਚ ਆਉਂਦੀ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:

ਰੋਵਣੁ ਪਿਟਣੁ ਮੁਇਆ ਨੋ ਵੈਣੁ, ਅਲਾਹਣਿ ਧੁਮ ਧੁਮਾਈ।
ਸਾਧਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧਸੰਗਤਿ ਲਿਵ ਲਾਈ।

(ਵਾਰ ੫:੧੪)

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਮਕਾਲੀ ਪੰਜਾਬ ਵਿਚ ਅਲਾਹਣੀਆਂ ਦੀ ਝਾਕੀ ਬਹੁਤ ਕਰੁਣਾਮਈ ਸੀ ਅਤੇ ਵਿਛੜੇ ਪ੍ਰਾਣੀ ਦੇ ਵਿਛੋੜੇ ਵਿਚ ਪਿੱਟ ਪਿੱਟ ਕੇ ਲੋਕ ਹਾਲੋਂ ਬੇਹਾਲ ਹੋ ਜਾਂਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਰਚਨਾ ਵਿਚ ਰੱਬੀ ਹੁਕਮ ਅੱਗੇ ਸਿਰ ਝੁਕਾਉਣ ਤੇ ਨਾਮ ਸਿਮਰਨ ਦਾ ਉਪਦੇਸ਼ ਕਰਦਿਆਂ ਭੁੱਲੇ ਭਟਕੇ ਇਨਸਾਨਾਂ ਨੂੰ ਉਨ੍ਹਾਂ ਦੀ ਆਪਣੀ ਸੁਰ ਜਾਂ ਧਾਰਨਾ ਵਿਚ ਹੀ ਸੰਬੋਧਨ ਕੀਤਾ ਤੇ 'ਅਲਾਹਣੀਆਂ' ਕਾਵਿ-ਰੂਪ ਦੀ ਰਚਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਲਾਹਣੀਆਂ ਦੀ ਭਾਵਨਾ ਦੇ ਕੁੱਲ ਨੌ ਸ਼ਬਦ ਹਨ। ਪੰਜ ਸ਼ਬਦ

SikhBookClub.com

ਗੁਰੂ ਨਾਨਕ ਰਚਿਤ 'ਵਡਹੰਸ ਮਹਲਾ ੧, ਅਲਾਹਣੀਆਂ' ਸਿਰਲੇਖ ਹੇਠ ਅੰਕਿਤ ਹਨ ਅਤੇ 4 ਸ਼ਬਦ ਵਡਹੰਸ ਮਹਲਾ ੩, ਸਿਰਲੇਖ ਹੇਠ ਦਰਜ ਹਨ। ਸ੍ਰੀ ਗੁਰੂ ਅਮਰਦਾਸ ਜੀ ਰਚਿਤ ਅਲਾਹਣੀਆਂ ਤੇ ਬੇਸ਼ਕ ਇਸ ਭਾਵ ਦਾ ਸਿਰਲੇਖ ਨਹੀਂ ਦਿੱਤਾ ਗਿਆ, ਪਰ ਵਡਹੰਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਬੰਧਿਤ ਬਾਣੀ ਤੋਂ ਪਿਛੋਂ ਚਾਰ ਚਾਰ ਪਦਿਆਂ ਦੀਆਂ ਚਾਰ ਅਲਾਹਣੀਆਂ ਸ੍ਰੀ ਗੁਰੂ ਅਮਰਦਾਸ ਰਚਿਤ ਹੀ ਹਨ।

ਇਸ ਰਚਨਾ ਦੇ ਕੁੱਲ 4 ਸ਼ਬਦ ਹਨ, ਹਰ ਸ਼ਬਦ ਦੇ ਚਾਰ ਚਾਰ ਪਦੇ ਹਨ ਅਤੇ ਹਰ ਪਦੇ ਵਿਚ ਛੇ-ਛੇ ਤੁਕਾਂ ਹਨ। ਇਸ ਦੀਆਂ ਕੁੱਲ 96 ਤੁਕਾਂ ਹਨ ਅਤੇ ਇਸ ਵਿਚ ਵਰਤੇ ਛੰਦ ਦਾ ਵਿਧਾਨ ਕੁੰਡਲੀਏ ਨਾਲ ਮੇਲ ਖਾਂਦਾ ਹੈ। ਉਦਾਹਰਣ ਇਉਂ ਹੈ:

ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ॥
ਸਾ ਧਨ ਰੰਡ ਨ ਕਬਹੁ ਬੈਸਈ ਨਾ ਕਦੇ ਹੋਵੈ ਸੋਗੁ॥
ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ ਸਾ ਧਨ ਮਹਲਿ ਸਮਾਣੀ॥
ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ॥
ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ॥
ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ॥੧॥

(ਪੰਨਾ ੫੮੨)

'ਪੱਟੀ ਆਸਾ', 'ਰਾਮਕਲੀ ਆਨੰਦ' ਅਤੇ 'ਬਿਲਾਵਲ ਵਾਰ ਸਤ' ਕਾਵਿ-ਰੂਪਾਂ ਵਾਂਗ 'ਵਡਹੰਸ ਅਲਾਹਣੀਆਂ' ਵੀ ਇਕ ਕਾਵਿ-ਰੂਪ ਹੈ। ਇਨ੍ਹਾਂ ਅਲਾਹਣੀਆਂ ਵਿਚ ਗੁਰੂ ਜੀ ਨੇ ਮਨੁੱਖ ਨੂੰ ਫ਼ਜ਼ੂਲ ਰਸਮਾਂ ਦੀ ਜਿਲ੍ਹਣ ਵਿਚੋਂ ਕੱਢ ਕੇ ਸੱਚੀ ਮੌਤ ਮਰਨ ਦਾ ਉਪਦੇਸ਼ ਦਿੱਤਾ ਹੈ:

ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ॥
ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ॥

(ਪੰਨਾ ੫੮੪)

ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ॥

(ਪੰਨਾ ੫੮੩)

ਗੁਰੂ ਜੀ ਨੇ ਇਸ ਰਚਨਾ ਵਿਚ ਪਤੀ ਪਰਮਾਤਮਾ ਦੀ ਉਸਤਤ ਪ੍ਰਭੂ ਤੋਂ ਵਿਛੜੇ ਹੋਏ ਜਗਿਆਸੂਆਂ (ਜੀਵ-ਇਸਤਰੀਆਂ), ਮਾਇਆ, ਨਾਮ, ਸਰੀਰ ਅਤੇ ਮੌਤ ਆਦਿ ਨਾਲ ਸੰਬੰਧਿਤ ਵਾਤਾਵਰਣ ਦਾ ਵਰਣਨ ਕੀਤਾ ਹੈ।

ਪਰਮਾਤਮਾ

ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ ਕਿਉਂਕਿ ਉਹ ਸਭ ਕਾਰਜ ਕਰਨ ਦੇ ਸਮਰੱਥ ਹੈ। ਉਸ ਦੀ ਸਿਫ਼ਤਿ-ਸਾਲਾਹ ਕਰਨ ਵਾਲੀ ਗੁਰਮੁਖ ਇਸਤਰੀ ਨੂੰ ਕਦੇ ਸੋਗ ਨਹੀਂ ਹੁੰਦਾ:

ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ॥
ਸਾ ਧਨ ਰੰਡ ਨ ਕਬਹੁ ਬੈਸਈ ਨਾ ਕਦੇ ਹੋਵੈ ਸੋਗੁ॥

(ਪੰਨਾ ੫੮੨)

SikhBookClub.com

ਪ੍ਰਭੂ ਦੀ ਪਛਾਣ ਸ਼ਬਦ ਰਾਹੀਂ ਹੁੰਦੀ ਹੈ:

ਸਚੜਾ ਸਾਹਿਬੁ ਸਬਦਿ ਪਛਾਣੀਐ *(ਪੰਨਾ ੫੮੨)*

ਪ੍ਰਭੂ ਨੂੰ ਪਛਾਣਨ ਵਾਲੇ ਗੁਰਮੁਖ ਹਨ: "ਗੁਰਮੁਖਿ ਜਾਤਾ ਸਬਦਿ ਪਛਾਤਾ"

ਪ੍ਰਭੂ ਨ ਮਰਦਾ ਹੈ, ਨਾ ਵਿਛੁੜਦਾ ਹੈ: "ਨਾ ਪਿਰੁ ਮਰੈ ਨ ਜਾਏ॥ "

ਪ੍ਰਭੂ ਜਗਤ ਦਾ ਜੀਵਨ ਹੈ: "ਪਿਰੁ ਜਗਜੀਵਨੁ"

ਜੋ ਜੀਵ ਇਹ ਭੇਦ ਜਾਣ ਲੈਂਦੇ ਹਨ, ਉਹ ਕਦੇ ਰੋਂਦੇ ਨਹੀਂ, ਰੋਂਦੇ ਓਹੀ ਹਨ, ਜੋ ਕੰਤ (ਪ੍ਰਭੂ) ਨੂੰ ਵਿਸਾਰਦੇ ਹਨ:

ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ॥

(ਪੰਨਾ ੫੮੩)

ਭਾਵੇਂ ਸਾਰਾ ਸੰਸਾਰ ਪਰਮਾਤਮਾ ਨੇ ਉਤਪੰਨ ਕੀਤਾ ਹੈ ਪਰ ਇਹ ਸੰਸਾਰ ਆਉਣ ਜਾਣ ਵਿਚ ਹੈ—

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ॥

(ਪੰਨਾ ੫੮੩)

ਪਰ ਪ੍ਰਭੂ 'ਮਰੈ ਨ ਜਾਏ' ਹੈ। ਪ੍ਰਭੂ ਸਭ ਤੋਂ ਉੱਚਾ ਹੈ:

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ

(ਪੰਨਾ ੫੮੪)

ਪ੍ਰਭੂ ਨਾਲ ਮਿਲਾਪ ਗੁਰੂ ਦੀ ਕਿਰਪਾ ਦੁਆਰਾ ਹੁੰਦਾ ਹੈ:

ਗੁਰ ਪਰਸਾਦੀ ਸਾਚਾ ਪਿਰੁ ਮਿਲੈ

(ਪੰਨਾ ੫੮੩)

ਸਤਿਗੁਰ ਤੇ ਪਿਰੁ ਦਿਸੈ॥

(ਪੰਨਾ ੫੮੪)

ਪ੍ਰਭੂ (ਪਿਰ, ਮਿਲਾਪ ਤੇ ਇੱਛੁਕ ਅਤੇ ਪ੍ਰਭੂ ਨੂੰ ਵਿਸਾਰ ਚੁਕੇ ਜਗਿਆਸੂਆਂ ਦਾ ਵਰਣਨ ਵੀ ਇਸ ਰਚਨਾ ਵਿਚ ਹੋਇਆ ਹੈ। ਪਹਿਲੀ ਪ੍ਰਕਾਰ ਦੇ ਜਗਿਆਸੂਆਂ (ਜੀਵ ਇਸਤਰੀਆਂ) ਨੂੰ 'ਗੁਣਵੰਤੀਆ' ਅਤੇ ਦੂਜੀ ਪ੍ਰਕਾਰ ਦੀਆਂ ਨੂੰ 'ਅਵਗਣਵੰਤੀਆਂ' ਦੇ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ।

ਗੁਣਵੰਤੀ

ਪਤੀ (ਪਰਮੇਸ਼ਰ) ਦੇ ਗੁਣ ਗਾਉਣ ਵਾਲੀਆਂ (ਗੁਣਵੰਤੀਆਂ) ਅਤੇ ਉਸ ਨੂੰ ਯਾਦ ਰੱਖਣ ਵਾਲੀਆਂ ਨੂੰ ਪ੍ਰਭੂ ਤੋਂ ਕਦੇ ਵਿਯੋਗ ਨਹੀਂ ਹੁੰਦਾ:

ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ॥

(ਪੰਨਾ ੫੮੨)

SikhBookClub.com

ਅਤੇ ਉਹ ਆਪਣੇ ਮਨ ਵਿਚੋਂ ਆਪਾ ਭਾਵ ਗਵਾ ਕੇ ਪ੍ਰਭੂ ਪ੍ਰੇਮ (ਰੰਗ) ਵਿਚ ਰਤੀਆਂ ਰਹਿੰਦੀਆਂ ਹਨ:

ਸਾ ਧਨ ਪ੍ਰਿਅ ਕੈ ਰੰਗਿ ਰਤੀ ਵਿਚਹੁ ਆਪੁ ਗਵਾਏ॥

(ਪੰਨਾ ੫੮੨)

ਇਉਂ ਜੀਵਨ ਦਾਨ ਦੇਣ ਵਾਲੇ ਦਾਤੇ ਦਾ ਮਿਲਾਪ ਹੁੰਦਾ ਹੈ:

ਮਿਲਿਆ ਜਗਜੀਵਨੁ ਦਾਤਾ ॥

(ਪੰਨਾ ੫੮੨)

ਪ੍ਰਸ਼ਨ ਉਪਜਦਾ ਹੈ ਕਿ ਪ੍ਰਭੂ ਨਾਲ ਮਿਲਾਪ ਦਾ ਕੀ ਲਾਭ ਹੈ?

ਉੱਤਰ ਹੈ ਕਿ ਪ੍ਰਭੂ ਮਿਲਾਪ ਵਾਲਾ ਜੀਵ ਨਾ ਇਸ ਸੰਸਾਰ ਤੋਂ ਮਰਦਾ ਹੈ, ਨਾ ਮਿਲਿਆ ਹੋਇਆ ਕਦੇ ਵਿਛੜਦਾ ਹੈ, ਉਹ ਅੰਤਰ ਆਤਮੇ ਮਿਲਿਆ ਹੁੰਦਾ ਹੈ। ਗੁਰਬਾਣੀ ਵਿਚ ਸਾਧਕ ਨੂੰ 'ਭੇਟੈ ਸਿਉ ਜਾਵਹੁ' ਤੇ ਹਰਿ ਦਾ 'ਸਦਾ ਨਾਲ' ਰਹਿਣ ਦਾ ਉਪਦੇਸ਼ ਹੈ:

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ *(ਪੰਨਾ ੯੧੭)*

ਗੁਣਵੰਤੀ ਸੰਤ ਹੈ:

ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ॥

(ਪੰਨਾ ੫੮੨)

ਪ੍ਰਸ਼ਨ ਹੈ ਕਿ ਇਨ੍ਹਾਂ 'ਸੰਤ-ਰੂਪੀ' ਜਗਿਆਸੂਆਂ ਨੇ ਪ੍ਰਭੂ ਨੂੰ ਕਿਵੇਂ ਪਛਾਣਿਆ?

ਉੱਤਰ ਹੈ ਕਿ, "ਆਪੁ ਛੋਡਿ ਸੇਵਾ ਕਰੀ"

ਗੁਣਵੰਤੀਆਂ 'ਕੰਤ ਮਹੇਲੀਹੋ' ਹਨ, ਉਨ੍ਹਾਂ ਨੂੰ ਪਤੀ (ਪਰਮੇਸ਼ਰ) ਦੀ ਸੇਵਾ ਜਾਚ ਸ਼ਬਦ ਵਿਚਾਰ ਦੱਸੀ ਹੈ:

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥

(ਪੰਨਾ ੫੮੩)

ਗੁਣਵੰਤੀ ਪਤੀ ਪਿਰ ਨੂੰ ਯਾਦ ਕਰਕੇ ਉਸ ਦੇ ਗੁਣਾਂ ਨੂੰ ਰੋਂਦੀ ਹੈ, ਉਸ ਦਾ ਪਤੀ ਨਾ ਕਦੇ ਮਰਦਾ ਹੈ, ਨਾ ਵਿਛੁੜਦਾ ਹੈ, ਉਹ ਸਦਾ ਸੋਹਾਗਣਿ ਹੋ ਜਾਂਦੀ ਹੈ, ਉਸ ਨੂੰ ਕੋਈ ਸੋਗ ਨਹੀਂ ਹੁੰਦਾ:

ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥

(ਪੰਨਾ ੫੮੩)

ਗੁਣਵੰਤੀ ਦਾ ਰੋਣਾ ਸਫਲ ਹੈ, ਉਸ ਦਾ ਰੋਣਾ ਪਰਮਾਤਮਾ ਨਾਲ ਪ੍ਰੇਮ ਪਾ ਕੇ ਉਸ ਦੇ ਵਿਯੋਗ ਵਿਚ ਰੋਣਾ ਹੈ। ਇਹ ਪਿਆਰ ਤੇ ਵੈਰਾਗ ਵਾਲਾ ਰੋਣਾ ਹੈ। ਉਹ ਕੰਤ ਸਮਾਲਿ ਕੇ ਰੋਂਦੀ ਹੈ ਪਰ ਅਵਗੁਣਵੰਤੀ ਕੰਤ ਵਿਸਾਰਿ ਕੇ ਰੋਂਦੀ ਹੈ, ਉਹ 'ਪਿਰ ਨਾ ਜਾਣਈ' ਹੈ। ਗੁਣਵੰਤੀ 'ਪਿਰੁ ਸਦਾ ਨਾਲੇ' ਸਮਝਦੀ ਹੈ। ਉਹ ਸੱਚੇ ਪ੍ਰਭੂ ਦੀ ਯਾਦ ਤੇ ਪਿਆਰ ਵਿਚ ਰੋਂਦੀ ਹੈ।' ਉਸ ਨੇ ਜੰਮਣ ਮਰਨ ਵਾਲੇ ਸੰਸਾਰਕ ਪਤੀ ਦੀ ਥਾਂ ਪਰਮਾਤਮਾ ਨੂੰ ਸੱਚਾ ਪਤੀ ਮੰਨਿਆ ਹੈ।

ਗੁਣਵੰਤੀ ਗੁਰਮੁਖ ਹੈ, ਜਿਨ੍ਹਾਂ ਸ਼ਬਦ ਦੁਆਰਾ ਪ੍ਰਭੂ ਦੀ ਪਛਾਣ ਕੀਤੀ ਹੈ:

ਗੁਰਮੁਖਿ ਜਾਤਾ ਸਬਦਿ ਪਛਾਤਾ *(ਪੰਨਾ ੫੮੩)*

SikhBookClub.com

ਗੁਰਮੁਖ ਆਪਾ ਭਾਵ ਗਵਾ ਕੇ ਸੱਚੇ ਪ੍ਰਭੂ ਦੇ ਦਰ 'ਤੇ ਸਚਿਆਰ ਹੋ ਗਿਆ ਹੈ—"ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ॥" ਅਜਿਹੇ ਪੁਰਖਾਂ ਦੀ ਸੰਗਤ ਨਾਲ ਮੋਹ ਮਾਇਆ ਤੇ ਵਿਕਾਰਾਂ ਦੀ ਮੈਲ ਦੂਰ ਹੁੰਦੀ ਹੈ:

ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ॥

(ਪੰਨਾ ੫੮੫)

ਅਵਗੁਣਵੰਤੀ

ਪ੍ਰਭੂ ਨੂੰ ਵਿਸਾਰਨ ਵਾਲੀ ਇਸਤਰੀ ਅਵਗੁਣਵੰਤੀ ਹੈ, ਕੂੜਿਆਰ ਹੈ:

ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥

(ਪੰਨਾ ੫੮੩)

ਕੂੜਿ ਮੁਠੀ ਕੂੜਿਆਰੇ॥ *(ਪੰਨਾ ੫੮੩)*

ਅਵਗੁਣਵੰਤੀ ਦਾ ਰੋਣਾ ਗੁਣਵੰਤੀ ਦੇ ਰੋਣ ਵਾਂਗ ਪਸ਼ਚਾਤਾਪੀ ਰੋਣਾ ਨਹੀਂ, ਸਗੋਂ ਕਰਮਾਂ ਦਾ ਫਲ ਭੋਗਦਿਆਂ ਦੁਖੀ ਹੋਣ ਤੇ ਰੋਣ ਵਾਲਾ ਰੋਣਾ ਹੈ। ਇਸ ਰੋਣ ਦਾ ਕਾਰਨ 'ਕੰਤ ਵਿਸਾਰਿ' ਹੈ। ਦੂਜੇ ਭਾਇ ਤੇ ਮੋਹ ਮਾਇਆ ਹੈ—"ਦੁਖੁ ਲਾਗਾ ਭਾਇ ਦੂਜੈ", "ਮਾਇਆ ਮੋਹ ਦੁਖੁ ਪਾਏ"। ਦੂਜੇ ਭਾਇ ਵਿਚ ਪ੍ਰਭੂ ਨੂੰ ਭੁੱਲੀ ਹੋਈ ਹੈ:

ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥

(ਪੰਨਾ ੫੮੩)

ਅਵਗੁਣਵੰਤੀ ਨੂੰ ਔਗੁਣਿਆਰੀ 'ਰੰਡ ਪਿਰਹਿ ਵਿਛੁੰਨੀ', 'ਮਨਮੁਖ' ਤੇ 'ਅੰਧੀ' ਦੇ ਵਿਸ਼ਲੇਸ਼ਣ ਦਿੱਤੇ ਹਨ।

ਇਹ ਸਾਰੀਆਂ ਰੋਂਦੀਆਂ ਹਨ ਪ੍ਰਭੂ-ਪਤੀ ਨੂੰ ਵਿਸਾਰ ਕੇ ਪ੍ਰਭੂ ਤਾਂ ਸਦਾ ਨਿਕਟ ਹੈ, ਪਰ ਅੰਧੀ ਤੇ ਮਨਮੁਖ ਰੂਪੀ ਔਗੁਣਵੰਤੀ ਨੇ ਅਗਿਆਨਤਾ ਵਿਚ ਪ੍ਰਭੂ ਨੂੰ ਦੂਰ ਸਮਝਿਆ ਹੈ: "ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ॥"

"ਮਨਮੁਖਿ ਜਾਤਾ ਦੂਰੇ"। ਇਹ ਪ੍ਰਭੂ ਤੋਂ ਬਿਨਾਂ ਰੋਂਦੀਆਂ ਹਨ। ਇਨ੍ਹਾਂ ਦਾ ਰੋਣਾ ਗੁਣਵੰਤੀ ਦੇ ਮੁਕਾਬਲੇ ਨਿਰਾਰਥਕ ਹੈ। ਇਨ੍ਹਾਂ ਨੇ ਸੰਸਾਰੀ ਪਦਾਰਥਾਂ ਨੂੰ ਸਭ ਕੁਝ ਸਮਝਿਆ ਹੈ। ਲਬ ਲੋਭ ਵਿਚ ਚਿਤ ਲਾਇਆ ਹੈ।

ਲਬਿ ਲੋਭਿ ਚਿਤੁ ਲਾਏ॥ *(ਪੰਨਾ ੫੮੩)*

ਉਨ੍ਹਾਂ ਨੇ ਪ੍ਰਭੂ ਨੂੰ ਸਿਦਕ ਦੇ ਨੈਣਾਂ ਨਾਲ ਨਹੀਂ ਵੇਖਿਆ ਅਤੇ ਆਪਣਾ ਜਨਮ ਬਿਰਥਾ ਗਵਾ ਲਿਆ ਅਤੇ ਸਰੀਰ ਮਰ ਕੇ ਮਿੱਟੀ ਨਾਲ ਸੁਆਹ ਹੋ ਕੇ ਰੁਲ ਗਿਆ, ਜਿਸ ਨਾਲ ਵਿਕਾਰ ਕਮਾਏ ਸਨ:

ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ॥

(ਪੰਨਾ ੫੮੩)

ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਰਚਨਾ ਵਿਚ ਦੋ ਤਰ੍ਹਾਂ ਦੀਆਂ ਪਿਰਹਿ ਵਿਛੁੰਨੀਆਂ (ਪਤੀ

SikhBookClub.com

ਤੋਂ ਵਿਛੁੜੀਆਂ) ਦਾ ਵਰਣਨ ਕੀਤਾ ਹੈ ਅਤੇ ਉਹ ਦੋਵੇਂ ਹੀ ਰੋਂਦੀਆਂ ਦੱਸੀਆਂ ਹਨ। ਪਹਿਲੀ ਪ੍ਰਕਾਰ ਦੀ ਪਿਰਹਿ ਵਿਛੁੰਨੀ ਨੇ ਪ੍ਰਭੂ ਵਿਸਾਰਿਆ ਹੈ:

"ਰੋਵੈ ਕੰਤ ਵਿਸਾਰਿ" ਅਤੇ ਦੂਜੀ ਨੇ ਪ੍ਰਭੂ ਨੂੰ ਯਾਦ ਰੱਖਿਆ ਹੈ—"ਰੋਵੈ ਕੰਤ ਸੰਮਾਲਿ", "ਕੰਤ ਸਮਾਲ੍ਹਿ"। ਪਹਿਲੀ ਨੇ ਪ੍ਰਭੂ ਨੂੰ ਅੰਗ-ਸੰਗ ਹੁੰਦਿਆਂ ਭੀ ਜਾਣਿਆ ਨਹੀਂ, "ਪਿਰੁ ਨ ਜਾਣਈ","ਖਸਮੁ ਨ ਜਾਤਾ ਹਦੂਰੇ"। ਪਰ ਦੂਜੀ, ਉਸ ਨੂੰ ਸਦਾ ਨਾਲੇ ਤੇ ਹਰ ਥਾਂ ਹਾਜ਼ਰਾ ਹਜ਼ੂਰ ਵੇਖਦੀ ਹੈ:

ਪਿਰੁ ਸਚੜਾ ਹੈ ਸਦਾ ਨਾਲੇ॥ *(ਪੰਨਾ ੫੮੪)*

ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ *(ਪੰਨਾ ੫੬੮)*

ਪਹਿਲੀ ਭੁੱਲ ਹੋਈ ਤੇ ਅਗਿਆਨਤਾ ਵਿਚ ਹੈ—"ਭੂਲੀ ਫਿਰੈ ਧਨ ਇਆਣੀਆ" ਅਤੇ ਦੂਜੀ ਨੂੰ ਗਿਆਨ ਹੈ, ਚਾਨਣ ਹੈ "ਗਿਆਨਿ ਰਤਨਿ ਘਟਿ ਚਾਨਣੁ ਹੋਆ"। ਇਕ ਨੂੰ ਜਮਕਾਲ ਦਾ ਕੋਈ ਖ਼ਿਆਲ ਨਹੀਂ। "ਜਮਕਾਲ ਨ ਸੂਝੈ" ਪਰ ਦੂਜੀ ਨੇ ਮਰਨੇ ਨੂੰ ਸਹੀ ਤੇ ਸੱਚਾ ਸਮਝਿਆ ਹੈ—"ਜਿਨੀ ਚਲਣੁ ਸਹੀ ਜਾਣਿਆ" ਪਹਿਲੀ ਮਾਇਆ ਮੋਹਿ ਤੇ ਦੂਜੇ ਭਾਇ ਵਿਚ ਲੱਗ ਕੇ ਦੁੱਖ ਪਾ ਰਹੀ ਹੈ "ਮਾਇਆ ਮੋਹਿ ਦੁਖੁ ਪਾਏ"। ਦੁਖੁ ਲਾਗਾ ਭਾਇ ਦੂਜੈ "ਗੁਰਮੁਖਿ ਏਕੋ ਜਾਤਾ", "ਗੁਰਮੁਖਿ ਜਾਤਾ, ਸਬਦਿ ਪਛਾਤਾ" ਪਹਿਲੀ ਨੇ ਪਿਰ (ਪਰਮਾਤਮਾ) ਤੋਂ ਵਿਛੜ ਕੇ ਜਨਮ ਬਿਰਥਾ ਗੁਆ ਲਿਆ ਹੈ। "ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ" ਪਰ ਦੂਜੀ ਨੇ ਸੱਚ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ ਤੇ ਉਹ ਜਨਮ-ਮਰਨ ਦੇ ਚੱਕਰ ਤੋਂ ਪਾਰ ਹੋ ਗਈ ਹੈ। 'ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣੇ ਜਾਣੁ ਨ ਹੋਇਆ। ਪਹਿਲੀ ਪ੍ਰਕਾਰ ਦੀਆਂ ਪਿਰਹਿ ਵਿਛੁੰਨੀਆਂ ਭੀ ਪ੍ਰਭੂ ਨਾਲ ਮਿਲ ਸਕਦੀਆਂ ਹਨ ਜੇ ਉਹ ਸੱਚੇ ਸਤਿਗੁਰੂ ਦੇ ਚਰਨੀਂ ਲੱਗਣ। "ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ ॥" ਕਿਉਂਕਿ ਸਤਿਗੁਰ ਏਨਾ ਦਿਆਲ ਹੈ ਕਿ ਉਹ ਪਿਛਲੇ ਔਗੁਣਾਂ ਨੂੰ ਸ਼ਬਦ ਦੁਆਰਾ ਜਾਣਦਾ ਹੈ। "ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ॥"

ਪਹਿਲੀ ਪਿਰਹਿ ਵਿਛੁੰਨੀ ਦਾ ਰੋਣਾ ਦੁੱਖ ਵਾਲਾ ਰੋਣਾ ਹੈ ਅਤੇ ਦੂਜੀ ਦਾ ਰੋਣਾ ਪਸਚਾਤਾਪੀ, ਵੈਰਾਗ ਅਤੇ ਪ੍ਰੇਮ ਨਾਲ ਭਿਜਿਆ ਹੈ। ਇਹ ਪ੍ਰਭੂ ਨੂੰ ਆਪਣੇ ਅੰਗ-ਸੰਗ ਸਮਝ ਕੇ ਇਸ ਲਈ ਰੋਂਦੀ ਹੈ ਕਿ ਇਸ ਨੂੰ ਇਹ ਡਰ ਹੈ ਕਿ ਕਿਤੇ ਮੇਰਾ ਪ੍ਰਭੂ ਵਿਛੁੜ ਨਾ ਜਾਵੇ। ਇਸ ਲਈ ਇਸ ਦਾ ਰੋਣਾ ਸਫਲ ਹੈ। ਇਹ ਪਿਆਰ ਦਾ ਰੋਣਾ ਹੈ। ਇਹ ਰੋਣਾ ਵੈਰਾਗ ਪੈਦਾ ਕਰਦਾ ਹੈ ਅਤੇ ਸੱਚੇ ਨਾਲ ਪ੍ਰੇਮ ਪਾ ਕੇ ਸਦਗਤੀ ਵਲ ਲੈ ਜਾਂਦਾ ਹੈ। ਜਗਤ ਕਿਉਂਕਿ ਆਵਣ ਜਾਣ ਵਿਚ ਹੈ, ਬਿਨਸਨਹਾਰ ਹੈ, ਪਰ ਪਰਮਾਤਮਾ 'ਮਰੈ ਨਾ ਜਾਏ' ਹੈ, ਉਹ ਨਾ ਵਿਛੁੜਦਾ ਹੈ ਅਤੇ ਨਾ ਮਰਦਾ ਹੈ। ਫਿਰ ਉਸ ਸਦਾ ਰਹਿਣ ਵਾਲੇ ਪ੍ਰਭੂ ਨਾਲ ਕਿਉਂ ਨਾ ਪ੍ਰੇਮ ਕੀਤਾ ਜਾਏ। ਇਸ ਤਰ੍ਹਾਂ ਇਹ 'ਪਿਰਹਿ ਵਿਛੁੰਨੀਆ' ਮਰਨਾ ਸੱਚ ਤੇ ਸਹੀ ਸਮਝ ਕੇ ਨਾ ਮਰਨ ਵਾਲੇ ਸੱਚ ਦੀ ਭਾਲ ਵਿਚ ਪੈ ਕੇ ਗੁਰੂ ਨੂੰ ਲੱਭ ਕੇ ਉਸ ਨੂੰ ਸੇਵਦੀਆਂ ਤੇ ਉਸ ਦੇ ਦੱਸੇ ਨਾਮ ਨੂੰ ਸਿਮਰਦੀਆਂ ਹਨ। ਇਹ ਪਰਮਾਤਮਾ ਨਾਲ ਪ੍ਰੇਮ ਪਾ ਕੇ ਉਸ ਦੇ ਵਿਛੋੜੇ ਵਿਚ ਰੋਂਦੀਆਂ ਹਨ। ਇਹ ਗੁਣਵੰਤੀਆਂ ਹਨ। ਪਰ ਪਹਿਲੀ 'ਪਿਰਹਿ ਵਿਛੁੰਨੀ' ਦੂਜੇ ਭਾਇ ਵਿਚ ਲੱਗ ਪ੍ਰਭੂ ਨੂੰ ਵਿਸਾਰ ਕੇ ਰੋਂਦੀ ਹੈ, ਉਹ ਪਹਿਲਾਂ ਹੀ ਪਿਰ (ਪ੍ਰਭੂ) ਤੋਂ ਦੂਰ ਹੈ। ਉਸ ਨੂੰ ਇਹ ਗਿਆਨ ਹੀ ਨਹੀਂ ਕਿ 'ਪਿਰੁ ਨਾਲੇ' ਹੈ। ਇਹ ਅਵਗੁਣਵੰਤੀ ਹੈ।

SikhBookClub.com

ਮਾਇਆ (ਕੱਚਾ ਚੋਲਾ)

ਮਨੁੱਖੀ ਜੀਵ ਨੇ ਮਾਇਆ ਮੋਹ ਦਾ ਕੱਚਾ ਚੋਲਾ ਪਹਿਨਿਆ ਹੈ, ਜੋ ਨਾਮ ਸਿਮਰਨ ਤੋਂ ਪੈਰ ਪਿਛਾਂਹ ਖਿੱਚਦਾ ਹੈ:

ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ॥

(ਪੰਨਾ ਪ੮੪)

ਪ੍ਰਭੂ (ਪਿਰ) ਪ੍ਰੇਮ ਵਿਚ ਰੰਗਿਆ ਚੋਲਾ ਸੱਚਾ ਚੋਲਾ ਹੈ, ਜਿਸ ਦੇ ਪਹਿਨਣ (ਮਨ ਵਿਚ ਵਸਾਉਣ) ਨਾਲ ਮਾਇਆ ਦੀ ਤ੍ਰਿਸ਼ਨਾ (ਤਿਖਾ) ਦੂਰ ਹੁੰਦੀ ਹੈ ਅਤੇ ਪ੍ਰਭੂ ਨਾਲ ਮੇਲ ਹੁੰਦਾ ਹੈ:

ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ॥

(ਪੰਨਾ ਪ੮੪)

ਗੁਰੂ ਸਾਹਿਬ ਨੇ ਬਿਰਤੀ ਜਾਂ ਸੁਰਤਿ ਨੂੰ ਸਰੀਰ ਵਾਂਗ ਲਿਆ ਹੈ ਅਤੇ ਬਿਰਤੀ ਦੀ ਲਗਨ ਚੋਲੇ ਵਾਂਗ। ਜੇ ਇਹ ਲਗਨ ਮੋਹ ਦੀ ਹੈ ਤਾਂ ਏਨੀ ਭਾਰੀ ਹੈ ਕਿ ਇਸ ਦੇ ਭਾਰ ਨਾਲ ਬਿਰਤੀ ਦੇ ਪੈਰ ਵਾਹਿਗੁਰੂ ਸਿਮਰਨ ਵਲੋਂ ਥਿੜਕਦੇ ਹਨ, ਖਿਸਕਦੇ ਹਨ। ਮਾਇਆ ਦੀ ਲਗਨ ਤਿਖਾ (ਤ੍ਰਿਸ਼ਨਾ) ਹੈ। ਇਹ ਤ੍ਰਿਸ਼ਨਾ ਬਿਰਤੀ ਨੂੰ ਸਾਂਈ ਵਲੋਂ ਉਖੇੜ ਕੇ ਗੈਰ ਸਾਂਈ ਵੱਲ ਲੈ ਜਾਂਦੀ ਹੈ। ਇਹ ਦੂਜਾ ਭਾਉ ਹੈ, ਮਾਇਆ ਮੋਹ ਹੈ, ਜਿਸ ਕਰਕੇ ਦੁੱਖ ਮਿਲਦਾ ਹੈ:

ਦੁਖੁ ਲਾਗਾ ਭਾਇ ਦੂਜੈ॥ *(ਪੰਨਾ ਪ੮੩)*

ਮਾਇਆ ਮੋਹਿ ਦੁਖੁ ਪਾਏ *(ਪੰਨਾ ਪ੮੩)*

ਮਾਇਆ ਕੱਚਾ ਚੋਲਾ ਇਸ ਕਰਕੇ ਹੈ ਕਿ ਮਾਇਆ ਥਿਰ ਨਹੀਂ ਰਹਿੰਦੀ। ਸਾਰਾ ਸੰਸਾਰ ਹੀ ਇਸ ਨੇ ਆਪਣੇ ਮੋਹ ਵਿਚ ਭੁਲਾ ਰੱਖਿਆ ਹੈ। 'ਮਾਇਆ ਮੋਹੁ ਖੁਆਇਅਨੁ' ਜਦ ਸਰੀਰ ਹੀ ਨਹੀਂ ਰਹਿੰਦਾ ਤਾਂ ਸਰੀਰ ਦੇ ਨਾਲ ਹੀ ਮਾਇਆ ਦੀ ਲਗਨ ਵੀ ਖ਼ਤਮ ਹੋ ਜਾਂਦੀ ਹੈ।

ਨਾਮ (ਸੱਚਾ ਚੋਲਾ)

ਨਾਮ ਦੇ ਪਿਆਰ ਨਾਲ ਹਿਰਦੇ ਵਿਚ ਗਿਆਨ ਰੂਪੀ ਰਤਨ ਦੁਆਰਾ ਚਾਨਣ ਹੁੰਦਾ ਹੈ, "ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੇ॥" ਨਾਮ ਨਿਰੰਜਨ ਅਗੰਮ ਤੇ ਅਗੋਚਰ ਹੈ "ਨਾਮੁ ਨਿਰੰਜਨੁ ਅਗਮੁ ਅਗੋਚਰੁ"। ਨਾਮ ਬਿਨਾਂ ਸੁੱਖ ਨਹੀਂ ਮਿਲਦਾ "ਬਿਨੁ ਨਾਵੈ ਸੁਖੁ ਨ ਹੋਈ॥" ਨਾਮ ਵਿਚ ਸਮਾਉਣ ਨਾਲ ਸਾਧਕ ਦੇ ਮਨ ਵਿਚੋਂ ਮਾਇਆ ਦਾ ਭਰਮ ਦੂਰ ਹੁੰਦਾ ਹੈ:

ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ॥

(ਪੰਨਾ ਪ੮੫)

ਜੋ ਨਾਮ ਵਿਚ ਚਿਤ ਲਾਉਂਦੇ ਹਨ, ਪੂਜਨ ਯੋਗ ਹਨ। 'ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ਤਿਨਿ ਕੈ ਹਉ ਲਾਗਉ ਪਾਇ'। ਨਾਮ (ਸ਼ਬਦ) ਦੁਆਰਾ ਪ੍ਰਭੂ ਦੀ ਪਛਾਣ ਹੁੰਦੀ ਹੈ "ਸਚੜਾ ਸਾਹਿਬੁ ਸਬਦਿ ਪਛਾਣੀਐ"। ਨਾਮ ਵਿਚ ਲਗਣ ਅਤੇ ਗੁਰੂ ਨੂੰ ਸਭ ਕੁਝ ਸੌਂਪਣ ਨਾਲ ਤ੍ਰਿਸ਼ਨਾ ਦੂਰ ਹੁੰਦੀ ਹੈ।

SikhBookClub.com

ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥

(ਪੰਨਾ ੫੮੪)

ਅਜਿਹੇ ਨਾਮ ਨੂੰ ਹਿਰਦੇ ਵਿਚ ਵਸਾਉਣ ਨਾਲ ਜਨਮ-ਮਰਨ ਮਿਟਦਾ ਹੈ। "ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ॥" ਪਿਰ (ਪ੍ਰਭੂ) ਦੇ ਪ੍ਰੇਮ ਵਿਚ ਰੰਗਿਆ ਚੋਲਾ ਸੱਚਾ ਹੁੰਦਾ ਹੈ, ਜਿਸ ਨਾਲ ਮਾਇਆ ਦੀ ਤਰੇਹ ਦੂਰ ਹੁੰਦੀ ਹੈ। ਦੁੱਖ ਮਿਟਦਾ ਹੈ "ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ॥", "ਗਇਆ ਦੁਸਮਨੁ ਦੂਖੁ ਸਬਾਇਆ॥"

ਸਰੀਰ

ਮਨੁੱਖੀ ਸਰੀਰ ਸਦੀਵੀ ਵਸਤੂ ਨਹੀਂ, ਇਹ ਕਾਲ (ਮੌਤ) ਦੇ ਅਸਰ ਹੇਠ ਬਣਦਾ ਤੇ ਟੁੱਟਦਾ ਹੈ "ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ॥" ਸਰੀਰ ਮਿੱਟੀ ਦੇ ਬਰਤਨ ਸਮਾਨ ਹੈ "ਜਾ ਭਜੈ ਤਾ ਠੀਕਰੁ ਹੋਵੈ" ਦੂਜੇ ਪਾਸੇ ਇਹ ਸਰੀਰ (ਕਾਂਇਆ) ਵਿਚ ਕੀਮਤੀ ਸ਼ੁਧ ਤੇ ਸੁੰਦਰ ਬਣਨ ਦੀ ਸੰਭਾਵਨਾ ਵੀ ਛੁਪੀ ਹੋਈ ਹੈ। ਜਦ ਤਕ ਜੀਵ ਗੁਰੂ ਦੀ ਸ਼ਰਨ ਦੁਆਰਾ ਨਾਮ ਦਾ ਸਿਮਰਨ ਨਹੀਂ ਕਰਦਾ, ਓਨਾ ਚਿਰ ਇਹ ਸਰੀਰ ਜਜਰੀ ਹੈ, ਇਕ ਪ੍ਰਭੂ ਵਿਸ਼ਵਾਸੀ ਬਣਨ ਦੀ ਥਾਂ ਮਾਇਆ, ਭਰਮ ਤੇ ਹਉਮੈ ਜਿਹੇ ਵਿਕਾਰਾਂ ਦਾ ਧਾਰਨੀ ਹੋਣ ਕਰਕੇ ਇਹ ਜਜਰੀ ਹੈ। ਪਰ ਜੇ ਸਤਿਗੁਰੂ ਕਿਰਪਾ ਕਰੇ ਸਾਧਕ ਨੂੰ ਆਪਣੇ ਨਾਲ ਮਿਲਾ ਕੇ ਨਾਮ ਦਾ ਦਾਨ ਦੇਵੇ, ਤਾਂ ਇਹ ਸੁਖ ਤੇ ਅਨੰਦ ਦਾ ਭਾਗੀ ਹੁੰਦਾ ਹੈ ਅਤੇ ਇਹ ਸੋਨੇ ਵਰਗਾ ਸ਼ੁਧ ਤੇ ਕੀਮਤੀ ਬਣ ਜਾਂਦਾ ਹੈ:

ਕਾਂਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ॥

(ਪੰਨਾ ੫੮੫)

ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ॥

(ਪੰਨਾ ੫੮੫)

ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ॥

(ਪੰਨਾ ੫੮੫)

ਸਰੀਰ ਸਾਧਨ ਹੇਠ ਵਿਕਾਰ ਕਮਾਉਣ ਦਾ ਵੀ ਅਤੇ ਸਤਿਗੁਰੂ ਦੀ ਮਿਹਰ ਨਾਲ ਹਰੀ ਦੇ ਗੁਣ ਗਾਉਣ ਦਾ ਵੀ। ਹਰੀ ਦੇ ਗੁਣ ਗਾਉਣ ਵਾਲਾ ਸਰੀਰ ਸਫਲ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ। ਉਸ ਵਿਚ ਇਕ ਆਭਾ ਪੈਦਾ ਹੋ ਜਾਂਦੀ ਹੈ ਅਤੇ ਸੰਸਾਰ ਵਿਚ ਉਹ ਪਰਉਪਕਾਰੀ ਹੋਣ ਕਰਕੇ ਕੀਮਤੀ ਬਣ ਜਾਂਦਾ ਹੈ।

ਭਾਗ ਦੂਜਾ

ਨਾਮ

ਨਾਮ ਵਿਚ ਰੱਤੇ ਹੋਇਆਂ ਨੂੰ ਵਾਹਿਗੁਰੂ ਸਾਰੇ ਦੁੱਖਾਂ ਤੋਂ ਬਚਾ ਲੈਂਦਾ ਹੈ। 'ਨਾਮਿ ਰਤੇ ਗੁਰਿ ਪੂਰੈ ਰਾਖੇ।' ਜੋ ਨਾਮ ਉਚਾਰਦੇ ਹਨ ਤੇ ਪ੍ਰਭੂ ਦੇ ਗੁਣ ਨੂੰ ਸੰਭਾਲਦੇ ਹਨ, ਉਨ੍ਹਾਂ ਦਾ ਰੋਣਾ ਸਫਲ ਹੈ। "ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ॥" ਤਾਂ ਹੀ ਗੁਰੂ ਜੀ ਨੇ ਬਿਰਹੋ

SikhBookClub.com

ਵਾਲਾ ਗੀਤ ਗਾਉਣ ਦੀ ਥਾਂ ਬ੍ਰਹਮ ਦਾ ਵਿਚਾਰ (ਨਾਮ ਸਿਮਰਨ) ਕਰਨ ਦੀ ਪ੍ਰੇਰਨਾ ਕੀਤੀ ਹੈ। "ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥"

ਪਰਮਾਤਮਾ

ਪਰਮਾਤਮਾ ਸੱਚਾ ਸਿਰਜਣਹਾਰ ਹੈ, ਜਿਸ ਨੇ ਸੰਸਾਰ ਧੰਦੇ ਵਿਚ ਲਾ ਕੇ ਰੱਖਿਆ ਹੈ—"ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥" ਉਹ ਸਮਰਥ ਤੇ ਸਰਬ ਸ਼ਕਤੀਮਾਨ ਹੈ, ਜੋ ਉਸ ਨੂੰ ਭਾਉਂਦਾ ਹੈ, ਉਹੀ ਹੁੰਦਾ ਹੈ:

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥

(ਪੰਨਾ ੫੭੯)

ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ *(ਪੰਨਾ ੫੭੯)*

ਸਰੀਰ ਦੀਆਂ ਭੋਗ ਰੁਚੀਆਂ ਨੇ ਮਨੁੱਖ ਨੂੰ ਪ੍ਰਭੂ ਤੋਂ ਵਿਛੋੜ ਰੱਖਿਆ ਹੈ। ਮਨੁੱਖ ਨੂੰ ਪ੍ਰਭੂ (ਮਾਲਕ) ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਉਸ ਦੇ ਵਿਛੋੜੇ ਨੂੰ ਰੋਣਾ ਚਾਹੀਦਾ ਹੈ:

ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ॥

(ਪੰਨਾ ੫੭੯)

ਰੋਣਾ

ਜੋ ਮਨੁੱਖ ਪਿਆਰ ਵਿਚ ਰੋਇਆ ਹੈ, ਉਸ ਦਾ ਰੋਣਾ ਸਫਲ ਹੈ। ਪਦਾਰਥਾਂ ਦੀ ਖਾਤਰ ਰੋਣਾ ਵਿਅਰਥ, ਨਿਰਾਰਥਕ ਹੈ:

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥

(ਪੰਨਾ ੫੭੯)

ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥

(ਪੰਨਾ ੫੭੯)

ਪਿਆਰ ਵਾਲੇ ਰੋਣ ਵਿਚ ਸੱਟ ਵਿਛੋੜੇ ਦੀ ਵੱਜਦੀ ਹੈ। ਮਨੁੱਖ ਵੈਰਾਗ ਵਿਚ ਉਸ ਨੂੰ ਲੱਭਦਾ ਹੈ ਜਿਸ ਦਾ ਨਾ ਵਿਛੋੜਾ ਹੋਵੇ ਅਤੇ ਨਾ ਸੋਗ ਹੋਵੇ। ਪਿਆਰ ਦਾ ਰੋਣਾ ਵੈਰਾਗ ਪੈਦਾ ਕਰਦਾ ਹੈ। ਜੋ ਨਾਮ ਉਚਾਰਦੇ ਹਨ ਤੇ ਪ੍ਰਭੂ ਦੇ ਗੁਣ ਗਾਉਂਦੇ ਹਨ, ਉਹ ਸਫਲ ਰੋਣੇ ਹਨ, ਪਰ ਸੰਸਾਰ ਦੇ ਮਾਇਕ ਧੰਦਿਆਂ ਵਿਚ ਰੋਣ ਵਾਲਿਆਂ ਦਾ ਰੋਣਾ ਧੰਦਾ ਹੈ। ਇਹ ਰੋਣਾ ਮਨ ਦੀ ਮੈਲ ਨਹੀਂ ਧੋਂਦਾ—"ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ॥", "ਧੰਧਾ ਰੋਵੈ ਮੈਲੁ ਨ ਧੋਵੈ" ਮਰ ਗਿਆਂ ਨਾਲ ਕੋਈ ਮਰਦਾ ਨਹੀਂ ਵੇਖਿਆ, ਫਿਰ ਰੋਣ ਦਾ ਕੀ ਲਾਭ। "ਕੋ ਮਰੈ ਨ ਮੁਇਆ ਨਾਲੇ॥" ਪ੍ਰਭੂ ਦੇ ਭੈ ਵਿਚ ਉਸ ਦੇ ਗੁਣਾਂ ਨੂੰ ਸੰਭਾਲ ਕੇ ਰੋਵੋ—"ਭੈ ਰੋਵੈ ਗੁਣ ਸਾਰਿ ਸਮਾਲੇ" ਜੋ ਸੱਚ ਨੂੰ ਸੰਭਾਲ ਕੇ ਰੋਂਦਾ ਹੈ, ਉਹੋ ਸਿਆਣਾ ਹੈ:

ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ॥

(ਪੰਨਾ ੫੮੨)

SikhBookClub.com

ਮੌਤ

ਮਰਨਾ ਮਾੜਾ ਨਹੀਂ, ਪਰ ਜੇ ਕੋਈ ਅਜਿਹੀ ਮੌਤ ਮਰਨਾ ਜਾਣਦਾ ਹੋਵੇ। ਸਮਰਥ ਪ੍ਰਭੂ ਦੀ ਸੇਵਾ ਕਰਨ ਤੇ ਨਾਮ ਸਿਮਰਨਾ ਸੱਚੀ ਮੌਤ ਮਰਨਾ ਹੈ। ਇਉਂ ਪ੍ਰਲੋਕ ਦਾ ਰਸਤਾ ਸੌਖਾ ਹੋ ਜਾਂਦਾ ਹੈ:

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥
ਸੋਵਿਹੁ ਸਾਹਿਬੁ ਸੰਮ੍ਰੁਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥ *(ਪੰਨਾ ੫੭੯)*

ਕਿਉਂਕਿ

ਜਹ ਮਹਾ ਭਇਆਨ ਤਪਤਿ ਬਹੁ ਘਾਮ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥ *(ਪੰਨਾ ੨੬੪)*

ਉਪਰੋਕਤ ਦੋਹਾਂ ਬਾਣੀਆਂ ਦੇ ਵਿਵੇਚਨ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਦੋਹਾਂ ਵਿਚ ਹੀ ਨਾਮ ਪਰਮਾਤਮਾ, ਸਰੀਰ ਅਤੇ ਰੋਣਾ (ਮੌਤ) ਦੇ ਸਿਧਾਂਤ ਸਾਂਝੇ ਆਏ ਹਨ।

ਭਾਗ ਤੀਜਾ

ਵਡਹੰਸ ਮਹਲਾ ੩ ਅਲਾਹਣੀਆਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਦੋ ਤਰ੍ਹਾਂ ਦੀਆਂ ਰੋਣ ਵਾਲੀਆਂ ਜੀਵ-ਆਤਮਾ ਰੂਪੀ ਇਸਤਰੀਆਂ ਦਾ ਵਰਣਨ ਕੀਤਾ ਹੈ। ਮਨੁੱਖ ਨੂੰ ਇਸਤਰੀ ਤੇ ਪ੍ਰਭੂ ਨੂੰ 'ਪਿਰ' ਦਾ ਨਾਮ ਦੇ ਕੇ ਪ੍ਰਸੰਗ ਸ਼ੁਰੂ ਕੀਤਾ ਹੈ। ਇਕ ਨਾਲ ਮਿਲ ਕੇ ਪ੍ਰਭੂ (ਕੰਤ) ਨੂੰ ਯਾਦ ਕਰਕੇ ਤੇ ਸੰਮਾਲਿ ਕੇ ਰੋਂਦੀਆਂ ਹਨ—"ਰੋਵੈ ਕੰਤ ਸਮਾਲਿ" ਇਹ ਰੋਣਾ ਸਫਲ ਹੈ। ਇਹ ਪਿਆਰ ਤੇ ਵੈਰਾਗ ਵਾਲਾ ਰੋਣਾ ਹੈ। ਦੂਜੀਆਂ ਮਾਇਆ ਤੇ ਸੰਸਾਰਕ ਪਦਾਰਥਾਂ ਲਈ ਰੋਂਦੀਆਂ ਹਨ। ਇਨ੍ਹਾਂ 'ਮਾਇਆ ਮੋਹ ਖੁਆਇਨ ਤੇ ਲਬ ਲੋਭ' ਵਿਚ ਲਗਣ ਵਾਲੀਆਂ ਦਾ ਰੋਣਾ ਅਸਫਲ ਹੈ, ਨਿਰਾਰਥਕ ਹੈ। ਇਹ ਦੁਨੀਆਂ ਦੀ ਖ਼ਾਤਰ ਰੋਂਦੀਆਂ ਹਨ, ਪਦਾਰਥਾਂ ਅਤੇ ਧੰਦਿਆਂ ਲਈ ਕੰਤ ਵਿਸਾਰ ਕੇ 'ਨ ਜਾਣੈ ਪਿਰੁ ਨਾਲੇ' ਰੋਂਦੀਆਂ ਹਨ। ਦੂਜੀਆਂ ਦਾ ਰੋਣਾ ਸਕਾਰਥ ਹੈ। ਇਹ ਉਸ ਪ੍ਰਭੂ ਦੇ ਪਿਆਰ ਤੇ ਵੈਰਾਗ ਵਿਚ 'ਮੈਂ ਪਿਰੁ ਸਚੜਾ ਹੈ ਸਦਾ ਨਾਲੇ' ਸਮਝ ਕੇ ਰੋਂਦੀਆਂ ਹਨ। ਦੁਨੀਆਂ ਦੇ ਧੰਦਿਆਂ ਲਈ ਰੋਣ ਨਾਲ ਮਨ ਦੀ ਮੈਲ ਨਹੀਂ ਧੋਤੀ ਜਾਂਦੀ।

ਗੁਰੂ ਜੀ ਨੇ ਇਸ ਰਚਨਾ ਵਿਚ ਮ੍ਰਿਤਕ ਪ੍ਰਾਣੀ ਦੇ ਸੋਗ ਵਿਚ ਰੋਣ ਦੀ ਥਾਂ ਪਰਮੇਸ਼ਰ ਦੇ ਸੋਗ-ਵਿਜੋਗ ਵਿਚ ਰੋਣ ਅਤੇ ਪਰਮੇਸ਼ਰ ਦੇ ਗੁਣਾਂ ਦੀ ਅਰਾਧਨਾ ਕਰਨ ਦੀ ਸਿਖਿਆ ਦਿੱਤੀ ਹੈ:

ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ॥

(ਪੰਨਾ ੫੮੨)

ਅਤੇ ਜੀਵ-ਆਤਮਾ ਰੂਪੀ ਪਤਨੀ ਨੂੰ ਸਦਾ ਨਾਲ ਰਹਿਣ ਵਾਲੇ ਪਿਰ (ਪਰਮਾਤਮਾ) ਨਾਲ ਮਿਲੇ ਰਹਿਣ ਤੇ ਸਚ ਵਿਚ ਰਤੀ ਰਹਿਣ ਦਾ ਵਲ ਦੱਸਿਆ ਹੈ।

ਰਚਨਾ ਦੇ ਆਰੰਭ ਵਿਚ ਹੀ ਸਮਰਥ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਦੀ ਪ੍ਰੇਰਣਾ ਕੀਤੀ ਹੈ—'ਪ੍ਰਭੂ ਸਚੜਾ ਹਰਿ ਸਾਲਾਹੀਐ', 'ਪ੍ਰਭੂ ਨਾ ਮਰੇ ਨਾ ਜਾਏ' ਹੈ। ਇਸ ਲਈ ਜੀਵ ਆਤਮਾ-ਰੂਪੀ ਇਸਤਰੀ ਨੂੰ ਉਸ ਤੋਂ ਵਿਜੋਗ ਤੇ ਦੁੱਖ ਨਹੀਂ ਹੁੰਦਾ। ਦੁੱਖ ਹੁੰਦਾ ਹੈ ਸੰਸਾਰੀ ਪਦਾਰਥਾਂ ਨਾਲ ਮੋਹ ਪਾਉਣ ਨਾਲ। ਕਿਉਂਕਿ ਸੰਸਾਰ ਆਵਣ-ਜਾਣ ਵਿਚ ਹੈ, ਸਥਿਰ ਨਹੀਂ ਹੈ। ਇਸ ਲਈ

SikhBookClub.com

ਆਵਣ ਜਾਣ ਵਾਲੇ ਸੰਸਾਰ ਨਾਲ ਮੋਹ ਕਰਨ ਨਾਲ ਵਿਛੋੜਾ ਤੇ ਦੁੱਖ ਪੈਦਾ ਹੁੰਦਾ ਹੈ। ਇਹ ਵਿਛੋੜਾ, ਮਨੁੱਖ ਦੇ ਸੋਗ ਤੋਂ ਰੋਣ ਦਾ ਕਾਰਨ ਹੈ। ਸੰਸਾਰ ਖੇਲ ਹੈ। ਜੇ ਸੰਸਾਰ ਖੇਲ ਹੈ ਤਾਂ ਮਰਨਾ ਵੀ ਖੇਲ ਮਾਤਰ ਹੈ। ਇਸ ਖੇਲ (ਸੰਸਾਰ) ਦਾ ਰਚਨਹਾਰ ਪਰਮਾਤਮਾ ਆਪ ਹੈ—'ਸਭ ਜਗੁ ਆਪ ਉਪਾਇਓਨੁ'। ਜੇ ਸੰਸਾਰ ਖੇਲ ਹੈ ਤਾਂ ਕਿਸੇ ਦੇ ਮਰਨ 'ਤੇ ਰੋਣਾ ਵੀ ਬਿਰਥਾ ਹੈ। ਇਸ ਲਈ ਖੇਲ ਜਾਂ ਸੰਸਾਰ ਰਚਨ ਵਾਲੇ ਨਾਲ ਪਿਆਰ ਕਰੋ। 'ਪਿਰ ਅੰਤਿ ਸਮ੍ਹਾਲਹਿ' ਨਾਲ ਜੀਵ ਆਤਮਾ-ਰੂਪੀ ਇਸਤਰੀ ਕਦੇ ਵਿਧਵਾ ਨਹੀਂ ਹੁੰਦੀ:

ਸਾ ਧਨ ਰੰਡ ਨ ਕਬਹੁ ਬੈਸਈ (ਪੰਨਾ ੫੮੨)

ਜੋ ਸੱਚੇ ਪ੍ਰਭੂ ਨੂੰ ਛੱਡ ਦੂਜੇ ਭਾਉ, ਮਾਇਆ, ਮੋਹ, ਭਰਮ, ਲਬ, ਲੋਭ ਤੇ ਹਉਮੈ ਵਿਚ ਲਗਦੇ ਹਨ, ਉਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ, ਪਰ ਜੋ ਨਾਮ ਸਿਮਰਨ ਵਿਚ ਲਗਦੇ ਹਨ, ਉਨ੍ਹਾਂ ਦੇ 'ਪਿਰ ਅੰਤਰਿ ਸਮਾਲੇ' ਤੇ 'ਸਦਾ ਨਾਲੇ' ਹੁੰਦਾ ਹੈ। ਸਰੀਰ, ਨਾਮ ਸਿਮਰਨ ਵਿਚ ਰੁਕਾਵਟ ਹੈ, ਕਿਉਂਕਿ ਮਾਇਆ, ਤ੍ਰਿਸ਼ਨਾ, ਭਰਮ ਅਤੇ ਹਉਮੈ ਜਿਹੇ ਵਿਕਾਰਾਂ ਦਾ ਧਾਰਨੀ ਹੋਣ ਕਰਕੇ ਇਹ ਸਰੀਰ ਜਰਜਰਾ ਹੈ। 'ਇਕੋ ਪ੍ਰਭੂ' ਨੂੰ ਜਾਣਨ ਤੇ ਨਾਮ ਸਿਮਰਨ ਤੇ 'ਪਿਰ ਰੰਗਿ ਰਾਤਾ' ਹੋਣ ਨਾਲ ਇਹੋ ਸਰੀਰ ਸੁੰਦਰ, ਸ਼ੁਧ ਤੇ ਕੀਮਤੀ ਬਣ ਜਾਂਦਾ ਹੈ। ਜਿਨ੍ਹਾਂ ਚਲਣ ਸਹੀ ਦਾ ਗਿਆਨ ਰੱਖਣ ਵਾਲੀਆਂ ਜੀਵ-ਆਤਮਾ ਰੂਪੀ ਗੁਣਵੰਤੀਆਂ ਨਾਮ ਵਿਚ ਲੱਗਦੀਆਂ ਹਨ। ਮੌਤ ਨੂੰ ਯਾਦ ਕਰਨ ਨਾਲ, ਜੋ ਅਟੱਲ ਹੈ, ਰੁਚੀ ਨਾਮ ਵਲ ਵਧੇਗੀ ਤੇ ਪ੍ਰਭੂ ਉਨ੍ਹਾਂ ਨੂੰ ਆਪੇ ਮਿਲਾ ਲਵੇਗਾ 'ਆਪੇ ਲਏ ਮਿਲਾਏ'।

ਕਾਲ (ਮੌਤ) ਹੋਣ ਦਾ ਕਾਰਨ ਹੈ। ਰੋਣਾ ਮਾੜਾ ਨਹੀਂ, ਪਰ ਜੇ ਮਰਨ ਦੀ ਜਾਚ ਹੋਵੇ ਅਰਥਾਤ ਸਾਧਕ ਅਜਿਹਾ ਜੀਵਨ ਬਿਤਾਏ ਕਿ ਮਰ ਕੇ ਸੁਖੀ ਹੋਵੇ। ਮਰਨ ਦੀ ਜਾਚ ਹੈ "ਸਚੜਾ ਹਰਿ ਸਾਲਾਹੀਐ", "ਪਿਰ ਕੇ ਅੰਕਿ ਸਮਾਏ", "ਆਪਿ ਛੋਡਿ ਸੇਵਾ ਕਰੀ ਪਿਰੁ ਸਚੜੈ ਮਿਲੈ ਸਹਜਿ ਸੁਭਾਏ", "ਸਚੇ ਹੀ ਸਚਿ ਰਾਤਾ"। "ਅੰਤਰਿ ਸਦਾ ਸਮ੍ਹਾਲਿ", ਭਾਵ ਜੇ ਸਾਈਂ ਨਾਲ ਮਿਲੋਗੇ ਤੇ ਮਿਲੇ ਹੋਏ ਹੀ ਇਥੋਂ ਜਾਓਗੇ। ਭਾਵ ਇਹ ਕਿ ਨਾਮ ਜਪਦੇ ਵਾਹਿਗੁਰੂ ਨੂੰ ਮਿਲੇ ਰਹਿਣ ਵਾਲਾ ਜੀਵਨ ਬਤੀਤ ਕਰੋ ਤਾਂ ਮਰਨ ਸਮੇਂ ਵੀ 'ਅੰਤਰਿ ਸਚੈ ਹੀ ਸਚਿ ਰਾਤੀ' ਤੋਂ 'ਅੰਤਰਿ ਸਮਾਲੇ ਹੋਏ' ਜਾਓ। ਫਿਰ ਆਵਣ ਜਾਣ ਨਹੀਂ ਹੁੰਦਾ, ਤ੍ਰਿਸ਼ਨਾ, ਭਰਮ ਤੇ ਮਾਇਆ ਦਾ ਦੁੱਖ ਨਿਵਾਰਿਆ ਜਾਂਦਾ ਹੈ। ਸਦਾ ਅਨੰਦ ਤੇ ਸੁੱਖ ਮਿਲਦਾ ਹੈ।

ਸਾਰੰਸ਼ ਇਹ ਹੈ ਕਿ ਉਹ ਅਲਾਹਣੀਆਂ ਲਗੇ ਘਾਉ ਨੂੰ ਵਧਾਉਂਦੀਆਂ ਹਨ ਤੇ ਗੁਰੂ ਅਮਰਦਾਸ ਜੀ ਦੀਆਂ ਅਲਾਹਣੀਆਂ ਮਲ੍ਹਮ ਦਾ ਕੰਮ ਕਰਦੀਆਂ ਹਨ। ਸਾਧਕ ਨੂੰ ਢਾਰਸ ਦਿੰਦੀਆਂ ਹਨ, ਕਿਉਂਕਿ ਇਸ ਵਿਚ:

ਪ੍ਰਭੁ ਸਚੜਾ ਹਰਿ ਸਾਲਾਹੀਐ (ਪੰਨਾ ੫੮੨)

ਸੋ ਪਿਰੁ ਸਾਚਾ ਸਦ ਹੀ ਸਾਚਾ (ਪੰਨਾ ੫੮੩)

'ਸੋ ਸਚਾ ਸਚੁ ਸਾਲਾਹੀਐ' ਦਾ ਉਪਦੇਸ਼ ਹੈ। ਬਾਣੀ ਵਿਚ ਰੋਣ ਦੀ ਨਿਖੇਧੀ ਕੀਤੀ ਹੈ ਤੇ ਨਾਮ ਜਪਣ ਦੀ ਪ੍ਰੇਰਨਾ ਕੀਤੀ ਹੈ।

(8/1981)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ: ਕਰਹਲੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 234-35 ਉਪਰ ਰਾਗ ਗਉੜੀ ਪੂਰਬੀ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਦੋ ਸ਼ਬਦ ਦਰਜ ਹਨ, ਜਿਨ੍ਹਾਂ ਦਾ ਸਿਰਲੇਖ 'ਕਰਹਲੇ' ਦਿੱਤਾ ਹੋਇਆ ਹੈ। ਇਹ ਸਾਰੀ ਬਾਣੀ ਦੋ ਪਦਿਆਂ ਵਿਚ ਰਚੀ ਗਈ ਹੈ। ਹਰ ਇਕ ਸ਼ਬਦ ਵਿਚ ਇਕ ਇਕ ਪੰਕਤੀ 'ਰਹਾਉ' ਦੀ ਹੈ ਅਤੇ ਬਾਕੀ 20 ਤੁਕਾਂ ਹੋਰ ਹਨ। ਇਸ ਤਰ੍ਹਾਂ ਇਹ ਬਹੁਤ ਹੀ ਸੰਖੇਪ ਜਿਹੀ ਰਚਨਾ ਹੈ ਜਿਸ ਵਿਚ ਕੇਵਲ 42 ਸਤਰਾਂ ਹਨ। ਇਤਨੀ ਸੰਖੇਪ ਰਚਨਾ ਵਿਚ ਗੁਰਦੇਵ ਜੀ ਨੇ ਮਾਨੋ ਕੁੱਜੇ ਵਿਚ ਸਾਗਰ ਬੰਦ ਕੀਤਾ ਹੋਇਆ ਹੈ। ਵਿਸ਼ੇ-ਵਸਤੂ ਅਤੇ ਰਾਗਾਤਮਕਤਾ ਦੇ ਪੱਖੋਂ ਇਹ ਰਚਨਾ ਲਾਸਾਨੀ ਹੈ।

ਬਾਣੀ ਦਾ ਸਿਰਲੇਖ

"ਰਾਗ ਗਉੜੀ ਪੂਰਬੀ ਮਹਲਾ ੪ 'ਕਰਹਲੇ' ਇਸ ਬਾਣੀ ਦੀ ਸਿਰਲੇਖ ਹੈ।" "ਡਿੰਗਲ ਭਾਸ਼ਾ ਵਿਚ ਕਰਹਲੇ ਸ਼ਬਦ ਦਾ ਅਰਥ ਹੈ ਊਠ ਜੋ ਸਦਾ ਮਾਰੂਥਲਾਂ ਵਿਚ ਵਿਚਰਦਾ ਹੈ।" (ਧਰਮ ਪਾਲ ਮੈਨੀ (ਡਾ·) ਸ੍ਰੀ ਗੁਰੂ ਗ੍ਰੰਥ ਸਾਹਿਬ ਪਰਿਚਯ, ਪੰਨਾ 106) ਕਰਹਲੇ ਸ਼ਬਦ ਦੇ ਅਰਥ ਕਰਦਿਆਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟਿਪਣੀਕਾਰਾਂ 'ਕਰਹਲੇ' ਸ਼ਬਦ ਨੂੰ 'ਸਿੰਧੀ' ਦੇ ਸ਼ਬਦ 'ਕਰਹੋ' ਤੋਂ ਬਣਿਆ ਦੱਸਿਆ ਹੈ ਜਿਸ ਦਾ ਅਰਥ ਊਠ ਹੈ। ਉਦਾਹਰਣ ਵਜੋਂ ਗੁਰਬਾਣੀ ਦੀ ਪੰਕਤੀ:

ਜੈਸੇ ਕਰਹਲੁ ਬੋਲਿ ਰੀਝਾਈ॥

(ਪੰਨਾ ੭੬੯)

ਦਿੱਤੀ ਗਈ ਹੈ। ਊਠਾਂ ਉੱਤੇ ਮਾਲ ਲੱਦ ਕੇ ਵਪਾਰੀ ਦੂਰ ਦੂਰ ਦੇਸ਼ਾਂ ਵਿਚ ਫਿਰਦੇ ਹਨ, ਨਾਲ ਨਾਲ ਇਕ ਖਾਸ ਸੁਰ ਵਾਲਾ ਗੀਤ ਗਾਈ ਜਾਂਦੇ ਹਨ।" (ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 234)

ਉਪਰ ਲਿਖੀ ਟੂਕ ਤੋਂ ਸਪੱਸ਼ਟ ਹੈ ਕਿ ਊਠਾਂ ਵਾਲੇ ਵਪਾਰੀ ਲੋਕ ਜਦੋਂ ਕਾਫ਼ਲਿਆਂ ਦੀ ਸ਼ਕਲ ਵਿਚ ਵਪਾਰ ਲਈ ਦੂਸਰੇ ਦੇਸ਼ਾਂ ਵਿਚ ਜਾਂਦੇ ਸਨ ਤਾਂ ਉਹ ਇਕ ਖ਼ਾਸ ਸੁਰ ਵਾਲਾ ਗੀਤ ਵੀ ਗਾਉਂਦੇ ਰਹਿੰਦੇ ਸਨ। ਇਸ ਨਾਲ ਕਾਫ਼ਲੇ ਦੇ ਸਭ ਲੋਕ ਸਫ਼ਰ ਵੀ ਮਕਾਉਂਦੇ ਸਨ ਅਤੇ ਆਪਣਾ ਮਨੋਰੰਜਨ ਵੀ ਕਰਦੇ ਹੋਣਗੇ। ਸਮਾਂ ਪਾ ਕੇ ਉਨ੍ਹਾਂ ਦੀ ਇਹ 'ਖਾਸ ਸੁਰ' ਆਮ ਲੋਕਾਂ ਵਿਚ ਇਕ ਵਿਸ਼ੇਸ਼ 'ਧੁਨੀ' ਦੇ ਰੂਪ ਵਿਚ ਪ੍ਰਚਲਤ ਹੋ ਗਈ ਹੋਏਗੀ। ਇਸ ਖ਼ਾਸ ਸੁਰ ਵਾਲੇ ਗੀਤ ਦੇ ਸੰਬੰਧ ਵਿਚ ਪ੍ਰਿ· ਸੰਤ ਸਿੰਘ ਸੇਖੋਂ ਵੀ ਅਜਿਹੇ ਹੀ ਵਿਚਾਰ ਰੱਖਦੇ ਹਨ। 'ਕਰਹਲੇ' ਸ਼ਬਦ ਦੇ ਅਰਥ 'ਊਠਾਂ

SikhBookClub.com

ਵਾਲੇ' ਅਤੇ ਕਾਫਲੇ ਦੇ ਅੱਗੇ ਗਾਏ ਜਾਣ ਵਾਲੇ ਗੀਤ ਦੇ ਹੋ ਸਕਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਮਨ ਨੂੰ 'ਕਰਹਲਾ' (ਊਠ) ਕਹਿ ਕੇ ਸੰਬੋਧਨ ਕੀਤਾ ਹੈ। (ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼੍ਰੋਮਣੀ, ਪੰਨਾ 197)

ਮਨ ਦਾ ਸੁਭਾਉ ਚੰਚਲ ਹੈ। ਇਸ ਚੰਚਲ ਮਨ ਨੂੰ ਰਾਹ ਜਾਂਦੇ ਇਧਰ ਉਧਰ ਮੂੰਹ ਮਾਰਨ ਵਾਲੇ ਊਠ ਵਾਂਗ ਦੱਸਿਆ ਹੈ। ਕੁਝ ਵਿਦਵਾਨ ਇਸ ਨੂੰ ਰਾਜਸਥਾਨ ਦਾ ਪ੍ਰਿਯ ਰਾਗ ਮੰਨਦੇ ਹਨ। (ਧਰਮ ਪਾਲ ਮੈਨੀ (ਡਾ·), ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਪੰਨਾ 108) ਇਸ ਬਾਣੀ ਵਿਚ ਮਨ ਦੀਆਂ ਬੇਅੰਤ ਇੱਛਾਵਾਂ ਨੂੰ ਮੂਰਤੀਮਾਨ ਕੀਤਾ ਗਿਆ ਹੈ, ਜੋ ਊਠ ਦੀ ਲੰਬੀ ਗਰਦਨ ਦੀ ਤਰ੍ਹਾਂ ਹਨ। ਇਹ ਇਛਾਵਾਂ ਹੀ ਮਨੁੱਖ ਨੂੰ ਇਧਰ ਉਧਰ ਭਟਕਾਉਂਦੀਆਂ ਹਨ ਅਤੇ ਆਪਣੇ ਅਸਲ ਮੂਲ ਨਾਲ ਨਹੀਂ ਮਿਲਣ ਦਿੰਦੀਆਂ। ਸੋ ਗੁਰੂ ਜੀ ਨੇ ਮਨੁੱਖੀ-ਮਨ ਦੀਆਂ ਬਿਰਤੀਆਂ ਨੂੰ ਊਠ ਦੀਆਂ ਇਧਰ ਉਧਰ ਮੂੰਹ ਮਾਰਦੇ ਰਹਿਣ ਵਾਲੀਆਂ ਬਿਰਤੀਆਂ ਨਾਲ ਤੁਲਨਾ ਦਿੰਦਿਆਂ ਇਸ ਬਾਣੀ ਦਾ ਸਿਰਲੇਖ 'ਕਰਹਲੇ' ਰੱਖਿਆ ਹੈ ਜੋ ਅਤਿ ਢੁਕਵਾਂ ਅਤੇ ਅਰਥ ਭਰਪੂਰ ਹੈ।

ਵਿਸ਼ਲੇਸ਼ਣ

ਇਸ ਸਾਰੀ ਬਾਣੀ ਵਿਚ 'ਕਰਹਲਾ' ਦਾ ਇਕ ਬਚਨੀ ਰੂਪ 18 ਵਾਰੀ ਵਰਤਿਆ ਗਿਆ ਹੈ। ਜਿਸ ਵਿਚ 'ਮਨ' ਸ਼ਬਦ ਪਹਿਲਾਂ ਅਤੇ 'ਕਰਹਲਾ' ਸ਼ਬਦ ਬਾਅਦ ਵਿਚ ਵਰਤਿਆ ਗਿਆ ਹੈ। ਪਰ ਗੁਰਦੇਵ ਨੇ 'ਕਰਹਲਾ' ਸ਼ਬਦ ਦੇ ਬਹੁ-ਵਚਨੀ ਰੂਪ ਦੀ ਵਰਤੋਂ ਵੀ ਚਾਰ ਵਾਰ ਕੀਤੀ ਹੈ। ਇਥੇ ਵੀ 'ਮਨ' ਸ਼ਬਦ 'ਕਰਹਲੇ' ਸ਼ਬਦ ਤੋਂ ਪਹਿਲਾਂ ਤਿੰਨ ਵਾਰੀ ਆਇਆ ਹੈ। ਕੇਵਲ ਇਕ ਵਾਰੀ 'ਕਰਹਲੇ' ਸ਼ਬਦ ਨੂੰ 'ਮਨ' ਸ਼ਬਦ ਤੋਂ ਪਹਿਲਾਂ ਵਰਤਿਆ ਗਿਆ ਹੈ:

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥

(ਪੰਨਾ ੨੩੪)

ਹੋਰ ਵੇਰਵਾ ਇਸ ਪ੍ਰਕਾਰ ਹੈ:

੧. *ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ॥*

(ਪੰਨਾ ੨੩੫)

੨. *ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥*

(ਪੰਨਾ ੨੩੫)

੩. *ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ॥*

(ਪੰਨਾ ੨੩੫)

ਇਹ ਸਾਰੀ ਬਾਣੀ ਮਨ ਨੂੰ ਸੰਬੋਧਤ ਕਰਕੇ ਰਚੀ ਗਈ ਹੈ। ਮਨੁੱਖੀ-ਆਤਮਾ ਅਤੇ ਪਰਮਾਤਮਾ ਦੇ ਪਏ ਵਿਛੋੜੇ ਦਾ ਵਰਣਨ ਕੀਤਾ ਗਿਆ ਹੈ। ਮਨ ਮਨੁੱਖ ਦੀ ਉਹ ਸ਼ਕਤੀ ਹੈ ਜਿਸ ਦੁਆਰਾ ਉਸ ਨੂੰ ਵੇਦਨਾ, ਸੰਕਲਪ, ਇੱਛਾ, ਦਵੈਸ਼, ਬੋਧ ਅਤੇ ਵਿਚਾਰ ਆਦਿ ਦਾ ਅਨੁਭਵ ਹੁੰਦਾ ਹੈ। ਮਨ ਆਤਮਾ ਅਤੇ ਇੰਦ੍ਰੀਆਂ ਦੇ ਵਿਚਕਾਰ ਇਕ ਚੇਤਨ ਸਤਯ ਦਾ ਰੂਪ ਹੈ। ਮਨ ਗਿਆਨ ਇੰਦ੍ਰੀਆਂ ਦੁਆਰਾ ਦਿਸਦੇ ਜਗਤ ਦੇ ਗਿਆਨ ਨੂੰ ਆਪਣੇ ਵਿਚ ਲੈਂਦਾ ਹੈ। ਭੋਗਾਂ ਵਲ ਖਿੱਚ ਪਾਂਦਾ

SikhBookClub.com

ਹੈ। ਇਹੀ ਪਦਾਰਥਾਂ ਦਾ ਮੋਹ ਇਸ ਦੇ ਪਰਮਾਤਮਾ ਤੋਂ ਵਿਛੋੜੇ ਦਾ ਕਾਰਨ ਹੈ। ਵਿਛੜ ਕੇ ਫਿਰ ਇਸ ਨੂੰ ਭਟਕਣਾ ਪੈਂਦਾ ਹੈ। ਗੁਰਦੇਵ ਇਸ ਦੀ ਅਜਿਹੀ ਭਟਕਣਾ ਨੂੰ ਪ੍ਰਦੇਸੀਆਂ ਦੇ ਭਟਕਣ ਵਾਂਗ ਦਰਸਾਉਂਦੇ ਹਨ।

ਉਹ ਦੂਰ ਦੁਰਾਡੇ ਦੇਸ਼ਾਂ ਵਿਚ ਆਪਣੀ ਰੋਜ਼ੀ ਦੀ ਖਾਤਰ ਵਪਾਰ ਕਰਦੇ ਹਨ। ਵੱਖ ਵੱਖ ਤਰ੍ਹਾਂ ਦੇ ਲੋਕਾਂ ਨਾਲ ਉਨ੍ਹਾਂ ਦਾ ਵਾਹ ਪੈਂਦਾ ਹੈ। ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਸਭ ਕੁਝ ਨੂੰ ਝਲਦਿਆਂ, ਆਪਣੇ ਅਭਿਆਸ ਅਤੇ ਰਾਹਾਂ ਦੀ ਸੇਧ ਦੇ ਗਿਆਨ ਸਦਕਾ ਉਹ ਆਪਣੇ ਵਤਨ ਵਾਪਸ ਪਰਤ ਆਉਂਦੇ ਹਨ। ਗੁਰੂ ਜੀ 'ਮਨ' ਨੂੰ 'ਪਰਦੇਸੀਆ' ਆਖ ਕੇ ਉਸ ਨੂੰ ਆਪਣੇ ਨਿਜ ਦਾ ਅਹਿਸਾਸ ਕਰਵਾਉਂਦੇ ਹਨ ਕਿ ਤੂੰ ਇਸ ਵਿਛੋੜੇ ਨੂੰ ਦੂਰ ਕਰ ਕੇ ਕਿਵੇਂ ਆਪਣੇ ਮਾਤਾ ਰੂਪੀ ਹਰੀ ਨੂੰ ਮਿਲੇਂਗਾ ਜਿਸ ਪਾਸੋਂ ਤੂੰ ਬਚਪਨ ਦੀ ਅਵਸਥਾ ਵਿਚ ਹੀ ਵਿਛੜ ਗਿਆ ਹੈਂ?

ਮਨ ਦੀ ਇਸ ਭਟਕਣਾ ਦਾ ਕਾਰਨ ਉਸ ਦੀ ਆਪਣੀ ਚੰਚਲਤਾ ਹੈ। ਸ੍ਰੀ ਗੁਰੂ ਅਮਰਦਾਸ ਜੀ 'ਰਾਮਕਲੀ ਅਨੰਦ' ਵਿਚ ਮਨ ਦੀ ਇਸ ਚੰਚਲ ਬਿਰਤੀ ਦਾ ਮਾਨਵ ਨੂੰ ਅਹਿਸਾਸ ਕਰਵਾਉਂਦੇ ਹਨ ਅਤੇ ਸਪੱਸ਼ਟ ਕਰਦੇ ਹਨ ਕਿ ਚੰਚਲ ਬਿਰਤੀ ਨਾਲ ਕੀਤੀਆਂ ਚਤੁਰਾਈਆਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ:

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥

(ਪੰਨਾ ੯੧੮)

ਇਸ ਬਾਣੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਬਿਲਕੁਲ ਉਪਰੋਕਤ ਵਿਚਾਰ ਵਾਲਾ ਦ੍ਰਿਸ਼ਟੀਕੋਣ ਅਪਣਾਉਂਦੇ ਹਨ। ਮਨ ਨੂੰ ਸਮਝਾਉਣ ਅਤੇ ਇਸ ਖੋਟ ਨੂੰ ਦੂਰ ਕਰਨ ਲਈ ਉਪਦੇਸ਼ ਦਿੰਦੇ ਹਨ:

ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ॥

(ਪੰਨਾ ੨੩੫)

ਸੁਭਾਵਕ ਹੀ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਚਤੁਰਾਈ ਵਿਖਾਉਣ ਦੀ ਭਾਵਨਾ ਮਨ ਵਿਚ ਕਿਵੇਂ ਪੈਦਾ ਹੋਈ? ਇਸ ਦਾ ਮੂਲ ਕਾਰਨ ਮਨੋਵਿਗਿਆਨੀ ਗੁਰਦੇਵ 'ਹਉਮੈ' ਨੂੰ ਦੱਸਦੇ ਹਨ। ਸਭ ਤੋਂ ਪਹਿਲਾਂ ਮਨ ਉੱਤੇ ਹਉਮੈ ਹਾਵੀ ਹੋ ਜਾਂਦੀ ਹੈ ਅਤੇ ਇਸ ਦੀ ਨਿਰਮਲਤਾ ਨੂੰ ਗੰਧਲਾ ਕਰ ਦਿੰਦੀ ਹੈ। ਹੰਕਾਰ ਵਿਚ ਗੁਮਰਾਹ ਹੋਇਆ ਮਨੁੱਖ ਆਪਣੇ ਹੀ ਮਨ ਦੇ ਸਹੇੜੇ ਹੋਏ ਦੁੱਖਾਂ ਕਾਰਨ ਖੱਜਲ ਖੁਆਰ ਹੁੰਦਾ ਹੈ। ਉਹ ਆਪਣੇ ਹੀ ਹਿਰਦੇ ਵਿਚ ਵੱਸਦੀ ਦੈਵੀ ਜੋਤਿ ਨੂੰ ਪ੍ਰਤੱਖ ਵੇਖਣ ਤੋਂ ਅਸਮਰਥ ਹੋ ਜਾਂਦਾ ਹੈ ਅਤੇ ਵਿਛੋੜੇ ਦੀਆਂ ਚੋਟਾਂ ਨੂੰ ਸਹਿਣ ਕਰਦਾ ਹੋਇਆ ਸਦਾ ਦੁਖੀ ਰਹਿੰਦਾ ਹੈ:

ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ॥

(ਪੰਨਾ ੨੩੪)

ਮਾਇਆ ਦੇ ਪ੍ਰਭਾਵ ਨੂੰ ਗ੍ਰਹਿਣ ਕਰਕੇ ਇਹ ਆਪਣੇ ਉਪਦੇਸ਼ ਤੋਂ ਭਟਕ ਜਾਂਦਾ ਹੈ। ਮੰਜ਼ਲ ਦੀ ਪ੍ਰਾਪਤੀ ਦੀ ਬਜਾਏ ਕੁਰਾਹੇ ਪੈ ਜਾਂਦਾ ਹੈ। ਸ਼ੰਕਿਆਂ ਅਤੇ ਸੰਸਾਰੀ ਪਦਾਰਥਾਂ ਵਿਚ ਬੱਝਾ, ਲੋਭੀ

SikhBookClub.com

ਅਤੇ ਪਾਖੰਡੀ ਬਣ ਜਾਂਦਾ ਹੈ। ਮੋਹ ਮਾਇਆ ਦੇ ਜਾਲ ਵਿਚ ਇਸ ਤਰ੍ਹਾਂ ਉਲਝ ਜਾਂਦਾ ਹੈ ਜਿਵੇਂ ਜਾਲ ਵਿਚ ਮੱਛੀ ਫਸ ਜਾਂਦੀ ਹੈ। ਗੁਰੂ ਜੀ ਮਨੁੱਖੀ-ਮਨ ਨੂੰ ਉਪਦੇਸ਼ ਕਰਦੇ ਹਨ ਕਿ ਲੋਭ, ਪਖੰਡ, ਦੀਆਂ ਬਿਰਤੀਆਂ ਨੂੰ ਛੱਡਣਾ ਜ਼ਰੂਰੀ ਹੈ, ਨਹੀਂ ਤਾਂ ਸੱਚੀ ਦਰਗਾਹ ਵਿਚ ਜਮਾਂ ਦੀ ਸਜ਼ਾ ਅਵੱਸ਼ ਭੁਗਤਣੀ ਪਵੇਗੀ:

ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ॥
ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ॥

(ਪੰਨਾ ੨੩੪)

ਇਹ ਸਾਰਾ ਪਸਾਰਾ ਜੋ ਦ੍ਰਿਸ਼ਟਮਾਨ ਹੈ ਮੋਹ ਮਾਇਆ ਦਾ ਹੀ ਪਸਾਰਾ ਹੈ। ਇਹ ਸਭ ਵਸਤੂਆਂ ਨਾਸ਼ਵਾਨ ਹਨ। ਕੋਈ ਵੀ ਮਾਨਵ ਦੇ ਨਾਲ ਧੁਰ ਤਕ ਜਾਣ ਵਾਲੀ ਨਹੀਂ। ਇਸ ਲਈ ਇਨ੍ਹਾਂ ਦਾ ਮੋਹ ਤਿਆਗਣਾ ਚਾਹੀਦਾ ਹੈ ਅਤੇ ਨਾਲ ਜਾਣ ਵਾਲੀ ਵਸਤੂ ਦੀ ਰਾਸ ਇਕੱਤਰ ਕਰਨੀ ਚਾਹੀਦੀ ਹੈ:

ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥

(ਪੰਨਾ ੨੩੪)

'ਹਉਮੈ' ਦੇ ਦੀਰਘ ਰੋਗ ਨਾਲ ਮਾਨਵ ਪੀੜਤ ਹੈ। ਮਾਨਵ ਦੀ ਕਿਸੇ ਪ੍ਰਕਾਰ ਵੀ ਇਸ ਦੇ ਬੰਧਨਾਂ ਤੋਂ ਖਲਾਸੀ ਹੁੰਦੀ ਨਾ ਵੇਖ ਕੇ ਗੁਰਦੇਵ ਜੀ ਨੂੰ ਮਨੁੱਖ ਨਾਲ ਅਥਾਹ ਹਮਦਰਦੀ ਹੈ। ਉਹ ਦੁੱਖਾਂ ਵਿਚ ਗ੍ਰਸਤ ਮਨੁੱਖ ਨੂੰ ਸਖ਼ਤ ਸ਼ਬਦਾਂ ਨਾਲ ਤਾੜਨਾ ਕਰਕੇ ਹੋਰ ਦੁਖੀ ਕਰਨਾ ਨਹੀਂ ਚਾਹੁੰਦੇ। ਉਹ ਬਹੁਤ ਹੀ ਪਿਆਰ ਨਾਲ, ਅਤਿ ਮਿੱਠੇ ਵਿਸ਼ੇਸ਼ਣਾਂ ਦਾ ਪ੍ਰਯੋਗ ਕਰ ਕੇ ਉਸ ਨੂੰ ਬਾਰ-ਬਾਰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਮਨ ਨੂੰ "ਅਤਿ ਨਿਰਮਲਾ, ਪ੍ਰੀਤਮਾ, ਮੀਤੁ, ਪਿਆਰਿਆ, ਸਾਜਨਾ, ਵੀਚਾਰਿਆ (ਵੀਚਾਰਵਾਨ), ਵਡਭਾਗੀਆਂ ਅਤੇ ਮੇਰੇ ਪ੍ਰਾਨ" ਆਦਿ ਕਹਿ ਕੇ ਸੰਬੋਧਨ ਕਰਦੇ ਹਨ।

ਇਹ ਸ਼ਬਦ ਇਤਨੇ ਮਿੱਠੇ ਅਤੇ ਉਤਸ਼ਾਹ-ਭਰਪੂਰ ਹਨ ਕਿ ਨੀਰਸ ਅਤੇ ਕਮਜ਼ੋਰ ਮਨ ਵਿਚ ਵੀ ਉਤਸ਼ਾਹ ਦੀ ਕਿਰਨ ਪੈਦਾ ਕਰ ਸਕਦੇ ਹਨ, ਆਲਸ ਵਿਚ ਗਲਤਾਨ ਮਨੁੱਖ ਨੂੰ ਉੱਦਮ ਪ੍ਰਦਾਨ ਕਰ ਸਕਦੇ ਹਨ।

ਪਿਆਰ ਨਾਲ ਪਲੋਸਣ ਅਤੇ ਨਾਸਵਾਨ ਮਾਇਕ ਪਦਾਰਥਾਂ ਦੀ ਸੂਝ ਪ੍ਰਦਾਨ ਕਰਨ ਉਪਰੰਤ ਚੌਥੇ ਪਾਤਸ਼ਾਹ ਹਾਜ਼ਰ ਮਨੁੱਖ ਨੂੰ ਉਸ ਸਦੀਵੀ ਵਸਤੂ ਦਾ ਗਿਆਨ ਪ੍ਰਦਾਨ ਕਰਦੇ ਹਨ, ਜਿਸ ਨੂੰ ਪ੍ਰਾਪਤ ਕਰਕੇ ਮੋਹ ਮਾਇਆ ਅਤੇ ਪਦਾਰਥਾਂ ਦੇ ਪ੍ਰਭਾਵ ਤੋਂ ਬਚ ਸਕੀਦਾ ਹੈ। ਉਹ ਸਦੀਵੀ ਵਸਤੂ ਪ੍ਰਭੂ ਦਾ ਨਾਮ ਹੈ। ਨਾਮ ਨੂੰ ਜਪਣ, ਧਿਆਉਣ ਦਾ ਉਪਦੇਸ਼ ਕੀਤਾ ਹੈ। ਮਨ ਨੂੰ ਵੀਚਾਰਵਾਨ ਕਹਿ ਕੇ ਉਸ ਵਿਚਲੀਆਂ ਉਹਨਾਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਗਿਆ ਹੈ ਜੋ ਕੁਝ ਵੀ ਕਰ ਸਕਣ ਦੇ ਸਮਰਥ ਹੁੰਦੀਆਂ ਹਨ। ਇਹ ਨਾਮ ਹੀ ਮਨੁੱਖ ਨੂੰ ਹਰ ਪ੍ਰਕਾਰ ਦੇ ਲੇਖਿਆਂ ਵਿਚੋਂ ਛੁਟਕਾਰਾ ਦਿਵਾ ਸਕਦਾ ਹੈ:

ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ॥
ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥

(ਪੰਨਾ ੨੩੪)

SikhBookClub.com

ਨਾਮ ਦੀ ਪ੍ਰਾਪਤੀ ਸੱਚੇ ਗੁਰੂ ਤੋਂ ਹੁੰਦੀ ਹੈ। ਕੇਵਲ ਸੱਚਾ ਸਤਿਗੁਰੂ ਹੀ ਨਾਮ ਰੂਪੀ ਵਸਤੂ ਦੇਣ ਦੇ ਸਮਰੱਥ ਹੈ। ਨਾਮ ਦੀ ਕਮਾਈ ਸੰਗਤ-ਰੂਪੀ ਟਕਸਾਲ ਵਿਚ ਹੁੰਦੀ ਹੈ। ਸੰਗਤ ਹੀ ਇਕ ਅਜਿਹੀ ਥਾਂ ਹੈ ਜਿਥੇ ਖੋਟੇ ਦੀ ਪਛਾਣ ਹੁੰਦੀ ਹੈ ਅਤੇ ਗੁਰਮੁਖ ਦੀ ਘਾੜਤ ਘੜੀ ਜਾਂਦੀ ਹੈ। ਉਥੇ ਖਰੇ ਸਤਿਕਾਰ ਦੇ ਪਾਤਰ ਬਣਦੇ ਹਨ ਤੇ ਖੋਟੇ ਪਛਾੜ ਦਿੱਤੇ ਜਾਂਦੇ ਹਨ। ਇਸ ਲਈ ਕਲਿਆਣਕਾਰੀ ਗੁਰਦੇਵ ਸੱਚੇ ਸਤਿਗੁਰੂ ਦੀ ਸ਼ਰਨ ਵਿਚ ਜਾਣ ਦਾ ਉਪਦੇਸ਼ ਕਰਦੇ ਹਨ। ਹੇਠਲੀ ਪੰਕਤੀ ਜਿਥੇ ਇਤਿਹਾਸਕ ਤੱਥ, ਸ੍ਰੀ ਗੁਰੂ ਅਮਰਦਾਸ ਜੀ ਦੇ ਟਿਕਾਣੇ ਵਲ ਇਸ਼ਾਰਾ ਕਰਦੀ ਹੈ, ਉਥੇ ਉਹਨਾਂ ਦੀ ਸੰਗਤ ਕਰਨ ਨਾਲ ਹਰ ਪ੍ਰਕਾਰ ਦੀ ਮੈਲ ਲੱਥ ਜਾਣ ਦਾ ਦਾਅਵਾ ਵੀ ਕਰਦੇ ਹਨ। ਇਥੋਂ ਉਹਨਾਂ ਦੀ ਆਪਣੇ ਗੁਰੂ ਪ੍ਰਤੀ ਨਿਸ਼ਠਾ ਅਤੇ ਦ੍ਰਿੜ੍ਹਤਾ ਦੀ ਝਲਕ ਮਿਲਦੀ ਹੈ:

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥

(ਪੰਨਾ ੨੩੪)

ਗੁਰੂ ਸਾਹਿਬ ਬਾਰ-ਬਾਰ ਦੁਹਰਾਉਂਦੇ ਹਨ ਕਿ ਸਤਿਸੰਗ ਦੁਆਰਾ ਹੀ ਸੱਚੇ ਗੁਰੂ ਦੀ ਸਰਨ ਵਿਚ ਅਪੜਿਆ ਜਾ ਸਕਦਾ ਹੈ। ਇਸ ਸੰਗੀਤ-ਮਈ ਬਾਣੀ ਵਿਚ ਉਹ ਇਸ ਗੱਲ ਦੀ ਪ੍ਰੌੜ੍ਹਤਾ ਇਸ ਪ੍ਰਕਾਰ ਕਰਦੇ ਹਨ:

ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ॥
ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ॥

(ਪੰਨਾ ੨੩੪)

ਕੇਵਲ ਗੁਰੂ ਹੀ ਮਨੁੱਖ ਦਾ ਮਿਲਾਪ ਹਰੀ ਨਾਲ ਕਰਵਾ ਸਕਦਾ ਹੈ। ਜਦੋਂ ਗੁਰੂ ਦੀ ਪ੍ਰਾਪਤੀ ਮਾਨਵ ਨੂੰ ਹੋ ਜਾਂਦੀ ਹੈ ਤਾਂ ਉਹ ਗੁਰਸਿੱਖਾਂ ਵਾਲੀ ਕਰਨੀ ਕਮਾਉਂਦਾ ਹੈ, ਉਪਦੇਸ਼ਾਂ ਦਾ ਧਾਰਨੀ ਬਣ, ਗੁਰੂ ਦੀ ਮਰਿਆਦਾ ਵਿਚ ਬੱਝਦਾ ਹੈ, ਹੁਕਮ ਅਨੁਸਾਰੀ ਬਣਦਾ ਹੈ। ਹਰੀ ਦੇ ਮਿਲਾਪ ਲਈ ਗੁਰੂ ਚਰਨਾਂ ਵਿਚ ਅਰਜ਼ੋਈ ਕਰਦਾ ਹੈ ਤਾਂ ਉਸ ਦੀ ਮੁਰਾਦ ਪੂਰੀ ਹੁੰਦੀ ਹੈ:

ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ॥

(ਪੰਨਾ ੨੩੪)

ਬੰਧਨਾਂ ਤੋਂ ਮੁਕਤੀ ਦਾ ਸਾਧਨ ਗੁਰੂ ਜੀ ਨੇ ਹਰੀ ਨਾਮ ਨੂੰ ਪ੍ਰਾਪਤ ਕਰਨਾ ਦੱਸਿਆ ਹੈ। ਉਸ ਨੂੰ ਚੰਚਲ ਮਨ ਪਿੱਛੇ ਲੱਗ ਕੇ ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ। ਉਹ ਤਾਂ ਜੋਤਿ ਸਰੂਪ ਮਨੁੱਖੀ ਹਿਰਦੇ ਵਿਚ ਬੈਠਾ ਹੋਇਆ ਹੈ, ਕੇਵਲ ਉਸ ਦੀ ਭਾਲ ਕਰਨੀ ਬਾਕੀ ਹੈ, ਆਪਣੇ ਮਨ ਨੂੰ ਖੋਜਣ ਦੀ ਲੋੜ ਹੈ। ਬਣਾਂ ਵਿਚ ਫਿਰਨ, ਕੰਦ-ਮੂਲ ਖਾਣ, ਜਾਂ ਨੰਗੇ ਰਹਿਣ ਨਾਲ ਕਠਨ ਤਪੱਸਿਆ ਨਾਲ ਉਸ ਦੀ ਪ੍ਰਾਪਤੀ ਹੋਣੀ ਅਸੰਭਵ ਹੈ। ਉਸ ਦੇ ਠਹਿਰਨ ਦਾ ਮੁਕਾਮ ਤਾਂ ਮਨੁੱਖੀ ਹਿਰਦਾ ਹੈ, ਇਸ ਲਈ ਮਾਨਵ ਨੂੰ ਇਸ ਵਿਚੋਂ ਹੀ ਇਸ ਦੀ ਭਾਲ ਕਰਨੀ ਚਾਹੀਦੀ ਹੈ। ਇਸ ਕਾਰਜ ਵਿਚ 'ਗੁਰੂ' ਹੀ ਉਸ ਦੀ ਸਹਾਇਤਾ ਕਰ ਸਕਦਾ ਹੈ ਅਤੇ ਜੀਵ ਦਾ ਮਿਲਾਪ, ਪ੍ਰਭੂ ਨਾਲ ਕਰਵਾ ਸਕਦਾ ਹੈ:

ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ॥
ਉਪਾਇ ਕਿਤੈ ਨ ਲਭਈ ਗੁਰ ਹਿਰਦੈ ਹਰਿ ਦੇਖਾਇ॥

(ਪੰਨਾ ੨੩੪)

SikhBookClub.com

ਜਦੋਂ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਦਾ ਨਾਮ ਹੀ ਹਰ ਤਰ੍ਹਾਂ ਦੇ ਸੁਖਾਂ ਦਾ ਖਜ਼ਾਨਾ ਹੈ। ਇਸ ਦੀ ਪ੍ਰਾਪਤੀ ਨਾਲ ਸਹਿਜੇ ਹੀ ਸਭ ਸੁਖ ਆਪਣੇ ਆਪ ਹੀ ਮਿਲ ਜਾਣਗੇ। ਉਹ ਬਾਹਰਮੁਖਤਾ ਨੂੰ ਤਿਆਗ ਦਿੰਦਾ ਹੈ ਅਤੇ ਅੰਤਰ-ਮੁਖੀ ਹੋ ਜਾਂਦਾ ਹੈ। ਆਪਣੇ ਨਿਜ ਦੀ ਖੋਜ ਕਰਦਾ ਹੈ। ਇਸ ਦੀ ਇਸ ਘਾਲਣਾ ਨੂੰ ਪਰਮੇਸ਼ਰ ਪਰਵਾਨ ਕਰਕੇ ਉਸ ਨੂੰ ਦਾਤਾਂ ਨਾਲ ਨਿਵਾਜ ਦਿੰਦਾ ਹੈ। ਇਹ ਦਿਆਲੂ ਪ੍ਰਭੂ ਦਾ ਗੁਣ ਹੈ। ਉਹ ਕਿਸੇ ਦੀ ਕੀਤੀ ਕਮਾਈ ਅੱਖੋਂ ਉਹਲੇ ਨਹੀਂ ਕਰਦਾ:

ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥

(ਪੰਨਾ ੨੩੫)

ਗੁਰੂ ਦਾ ਗਿਆਨ ਮਨੁੱਖ ਵਿਚੋਂ ਭਰਮ ਅਤੇ ਸ਼ੰਕਿਆਂ ਦਾ ਨਾਸ ਕਰ ਦਿੰਦਾ ਹੈ। ਜਦੋਂ ਤਕ ਮਾਨਵ ਦਵੈਸ਼ਭਾਵ ਵਿਚ ਫਿਰਦਾ ਹੈ, ਇਕ ਪਰਮੇਸ਼ਰ ਉਪਰ ਆਪਣਾ ਦ੍ਰਿੜ੍ਹ ਵਿਸ਼ਵਾਸ ਕਾਇਮ ਨਹੀਂ ਕਰਦਾ ਉਦੋਂ ਤਕ ਉਸ ਵਿਚ ਸਥਿਰਤਾ ਨਹੀਂ ਆ ਸਕਦੀ। ਡਾਵਾਂਡੋਲ ਅਵਸਥਾ ਭ੍ਰਮ ਵਾਲੀ ਹੈ। ਸੋ ਗੁਰੂ ਜੀ ਪ੍ਰਾਣੀ ਮਾਤਰ ਨੂੰ ਉਪਦੇਸ਼ ਕਰਦੇ ਹਨ ਕਿ ਬਾਹਰਲੇ ਮਾਇਆ ਦੇ ਰੰਗਾਂ ਵਿਚ ਮਸਤ ਹੋਣ ਦੀ ਥਾਂ ਹਰੀ ਦੇ ਮਜੀਠ ਰੰਗ ਵਿਚ ਆਪਣਾ ਮਨ ਰੰਗਣਾ ਚਾਹੀਦਾ ਹੈ। ਇਕ ਵਾਰੀ ਚੜ੍ਹਿਆ ਇਹ ਰੰਗ ਫਿਰ ਉਤਰਦਾ ਨਹੀਂ। ਸਗੋਂ ਸ਼ਬਦ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਇਸ ਵਿਚ ਹੋਰ ਪਕਿਆਈ ਆਉਂਦੀ ਹੈ ਅਤੇ ਮਨੁੱਖੀ ਅਵਸਥਾ ਹੋਰ ਉਚੇਰੀ ਹੁੰਦੀ ਜਾਂਦੀ ਹੈ। ਦੁਨਿਆਵੀ ਮਸਤੀਆਂ ਵਿਚ ਗਲਤਾਨ ਪ੍ਰਾਣੀ ਨੂੰ ਉਪਦੇਸ਼ ਹੈ:

ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥
ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ॥

(ਪੰਨਾ ੨੩੫)

ਇਸ ਬਾਣੀ ਦੀਆਂ ਅੰਤਲੀਆਂ ਪੰਕਤੀਆਂ ਵਿਚ ਮਨੁੱਖੀ-ਸਰੀਰ ਦੀ ਹੋਂਦ ਨੂੰ ਪੰਖੀ ਨਾਲ ਤੁਲਨਾ ਦਿੱਤੀ ਹੈ ਅਤੇ ਹਰੀ-ਪਰਮੇਸ਼ਰ ਨੂੰ ਵੱਡੇ ਬ੍ਰਿਛ ਵਰਗਾ ਦੱਸਿਆ ਹੈ। ਪੰਛੀ ਦੀ ਫੇਰੀ ਥੋੜ੍ਹ ਚਿਰੀ ਹੁੰਦੀ ਹੈ। ਸਮੇਂ ਦੀ ਡੋਰੀ ਉਸ ਨੂੰ ਬੰਨ੍ਹੀ ਰੱਖਦੀ ਹੈ। ਜਦੋਂ ਉਸ ਦੀ ਨਿਸ਼ਚਿਤ ਕੀਤੀ ਉਮਰ ਮੁਕ ਜਾਂਦੀ ਹੈ ਤਾਂ ਉਹ ਬਿਨਾਂ ਕਿਸੇ ਪ੍ਰਾਪਤੀ ਦੇ ਹੀ ਇਥੋਂ ਕੂਚ ਕਰ ਜਾਂਦਾ ਹੈ। ਦੂਜੇ ਪਾਸੇ ਪ੍ਰਭੂ 'ਪੁਰਖੁ ਅਕਾਲਿ' ਹੈ। ਸਮੇਂ ਦੀਆਂ ਹੱਦਾਂ ਤੋਂ ਉਪਰ ਸਦੀਵ ਕਾਲ ਰਹਿਣ ਵਾਲੀ ਹਸਤੀ ਹੈ। ਜਿਹੜੇ ਮਾਨਵ ਗੁਰੂ ਦੀ ਸਿਖਿਆ ਨੂੰ ਧਾਰਨ ਕਰਕੇ, ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ ਉਹ ਗੁਰਮੁਖ ਹੋ ਨਿਬੜਦੇ ਹਨ। ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਕੇ ਸਦੀਵਤਾ ਨੂੰ ਹਾਸਲ ਕਰ ਲੈਂਦੇ ਹਨ:

ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ॥
ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥

(ਪੰਨਾ ੨੩੫)

ਗੁਰੂ ਪਾਤਸ਼ਾਹ ਦੀ ਇਹ ਰਚਨਾ ਅਕਾਰ ਦੇ ਪੱਖੋਂ ਭਾਵੇਂ ਬਹੁਤ ਸੰਖੇਪ ਹੈ ਪਰ ਇਸ ਵਿਚ ਗੁਰਮਤਿ ਦੇ ਬੁਨਿਆਦੀ ਸਿਧਾਂਤ 'ਨਾਮ ਸਿਮਰਨ' ਨੂੰ ਬਹੁਤ ਬਰੀਕੀ ਨਾਲ ਪੇਸ਼ ਕੀਤਾ ਹੈ; ਨਾਮ

SikhBookClub.com

ਸਿਮਰਨ ਕਿਉਂਕਿ 'ਮਨ' ਰਾਹੀਂ ਹੁੰਦਾ ਹੈ ਇਸ ਲਈ ਮਨ ਨੂੰ ਸਮਝਾਉਣ ਉੱਤੇ ਉਨ੍ਹਾਂ ਪੂਰਨ ਬਲ ਦਿੱਤਾ ਹੈ। ਮਨ ਦੇ ਸੁਭਾਅ ਨੂੰ ਚਿਤਰਦਿਆਂ ਇਸ ਦੀ ਭ੍ਰਮ ਭਰਪੂਰ ਅਸਥਿਰ ਅਵਸਥਾ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੀ ਇਹ ਮਾਇਆਵੀ ਦਸ਼ਾ 'ਭਟਕਣਾ' ਨੂੰ ਕੇਵਲ ਗੁਰੂ ਦਾ ਉਪਦੇਸ਼ ਹੀ ਦੂਰ ਕਰ ਸਕਦਾ ਹੈ। ਮਾਇਆ ਅਤੇ ਮੋਹ ਦੇ ਪ੍ਰਭਾਵ ਨੂੰ ਗੁਰੂ ਦਾ ਗਿਆਨ ਹੀ ਖ਼ਤਮ ਕਰ ਸਕਦਾ ਹੈ।

'ਮਨ' ਨੂੰ 'ਕਰਹਲਾ' ਕਹਿ ਕੇ ਕੇਵਲ ਇਕ ਸ਼ਬਦ 'ਕਰਹਲੇ' ਰਾਹੀਂ ਹੀ ਮਨ ਦੀਆਂ ਅਨੇਕ ਪ੍ਰਕਾਰ ਦੀਆਂ ਲੋਭੀ ਬਿਰਤੀਆਂ ਨੂੰ ਮੂਰਤੀਮਾਨ ਕਰ ਦਿੱਤਾ ਗਿਆ ਹੈ। ਨਿਰਸੰਦੇਹ ਮਨੁੱਖੀ-ਸੁਭਾਅ ਊਠ ਦੇ ਲਾਲਚੀ ਸੁਭਾਅ ਵਰਗਾ ਹੀ ਤਾਂ ਹੈ। ਗੁਰਦੇਵ ਜੀ ਨੇ ਮਨੁੱਖੀ-ਮਨ ਨੂੰ ਪ੍ਰਭੂ ਮਿਲਾਪ ਵਾਸਤੇ ਤਿਆਰ ਕਰਨ ਲਈ ਅਕਾਲ ਪੁਰਖ ਦੇ ਨਾਮ ਰੂਪੀ ਮਣਕਿਆਂ ਨੂੰ 'ਕਰਹਲੇ' ਰੂਪ ਡੋਰੀ ਵਿਚ ਪਰੋ ਕੇ ਇਕ ਅਨੂਠੀ ਉਦਾਹਰਣ ਇਸ ਬਾਣੀ ਵਿਚ ਪੇਸ਼ ਕੀਤੀ ਹੈ। ਜੇਕਰ ਗੁਰੂ ਜੀ ਦੀ ਇਸ ਦੈਵੀ ਰਚਨਾ ਨੂੰ ਅਸੀਂ 'ਮਨ ਪ੍ਰਬੋਧਣ' ਦੀ ਵਿਸ਼ੇਸ਼ ਬਾਣੀ ਕਹਿ ਲਈਏ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇਸ ਤੱਥ ਨੂੰ ਸਿੱਧ ਕਰਨ ਲਈ ਹਰ ਪ੍ਰਕਾਰ ਦੇ ਢੁਕਵੇਂ ਪ੍ਰਮਾਣ ਇਸ ਬਾਣੀ ਵਿਚ ਉਪਲਬਧ ਹਨ।

(10/1986)

SikhBookClub.com

ਹਰਿ ਪਹਿਲੜੀ ਲਾਵ

ਦਸ ਗੁਰੂ ਸਾਹਿਬਾਨ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਹੀ ਇਕੋ ਇਕੱਲੀ ਮਿਸਾਲ ਹੈ, ਜਿਨ੍ਹਾਂ ਦਾ ਵਿਆਹ ਗੁਰੂ ਘਰ ਵਿਚ ਹੋਇਆ। ਇਉਂ ਉਹ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਤੇ ਸ੍ਰੀ ਗੁਰੂ ਅਮਰਦਾਸ ਜੀ ਵਾਂਗ ਨਿਰੇ ਗੁਰੂ ਘਰ ਦੇ ਸ਼ਰਧਾਲੂ ਤੇ ਸਰਵੋਤਮ ਸਿੱਖ ਤੇ ਗੁਰੂ ਸਾਹਿਬ ਹੀ ਨਾ ਬਣੇ ਸਗੋਂ ਨਾਲ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਵਿਆਹੇ ਭੀ ਗਏ। ਭਾਈ ਜੇਠਾ ਜੀ ਅਤੇ ਬੀਬੀ ਭਾਨੀ ਜੀ ਇਕ ਅਦੁੱਤੀ ਦੰਪਤੀ ਬਣੇ। ਬੀਬੀ ਭਾਨੀ ਆਪਣੇ ਬ੍ਰਿਧ ਪਿਤਾ ਦੀ ਸੇਵਾ ਕਰਨ ਵਾਲੀ ਇਕ ਲਾਸਾਨੀ ਦੇਵੀ ਸੀ ਅਤੇ ਉਧਰ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਉਲੀ ਦੀ ਕਾਰ ਸੇਵਾ ਦੇ ਸਮੇਂ ਜਵਾਈ-ਭਾਈ ਹੁੰਦਿਆਂ, ਸਹੁਰੇ ਘਰ ਰਹਿੰਦਿਆਂ ਜੋ ਨਿਮ੍ਰਤਾ ਤੇ ਸੇਵਾ ਦਾ ਦ੍ਰਿਸ਼ਟਾਂਤ ਆਪਣੇ ਜੀਵਨ ਰਾਹੀਂ ਪੇਸ਼ ਕੀਤਾ, ਉਸ ਦੀ ਗਵਾਹੀ ਇਤਿਹਾਸ ਵਿਚ ਹੈ, ਲਿਖਿਆ ਹੈ ਕਿ:

> "ਆਪ ਦੇ ਸੰਬੰਧੀਆਂ ਨੇ ਲਾਹੌਰੋਂ ਗੋਇੰਦਵਾਲ ਆ ਕੇ ਜਦ ਵੇਖਿਆ ਕਿ ਆਪ ਜਵਾਈ ਹੁੰਦਿਆਂ ਭੀ ਹੋਰ ਸੰਗਤਾਂ ਵਾਂਗ ਸੇਵਾ ਕਰਦੇ ਹਨ ਤਾਂ ਉਨ੍ਹਾਂ ਬੜਾ ਨਿਹੋਰਾ ਦਿੱਤਾ ਕਿ...ਤੂੰ ਖੱਤਰੀ ਹੋ ਕੇ ਗੋਇੰਦਵਾਲ ਵਿਚ ਹੱਥੀਂ ਕਾਰ ਕਰ ਰਿਹਾ ਹੈਂ।"

ਇਸ ਨਿਹੋਰੇ ਨੇ ਵੀ ਇਸ ਦੰਪਤੀ ਉਤੇ ਕੋਈ ਮੰਦਾ ਪ੍ਰਭਾਵ ਨਾ ਪਾਇਆ।

ਇਹ ਕੁਝ ਕਹਿਣ ਦਾ ਮਨੋਰਥ ਕੇਵਲ ਇਹ ਤੱਥ ਪਾਠਕਾਂ ਸਾਹਮਣੇ ਲਿਆਉਣਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ, ਜਿਨ੍ਹਾਂ ਨੇ ਬੜਾ ਸਫਲ ਤੇ ਆਦਰਸ਼ ਗ੍ਰਿਹਸਤੀ ਜੀਵਨ ਜੀਵਿਆ, ਨੇ ਆਪਣੀ ਬਾਣੀ ਵਿਚ ਸੂਹੀ ਰਾਗ ਦੇ ਇਕ ਛੰਤ ਵਿਚ ਚਾਰ 'ਲਾਵਾਂ' ਦਾ ਵਰਣਨ ਨਿਖੇੜ ਕੇ ਇਕ ਇਕ ਪਉੜੀ ਵਿਚ ਦੋ-ਦੋ ਵਾਰ ਕਰ ਕੇ 8 ਵਾਰ 'ਲਾਵ' ਸ਼ਬਦ ਵਰਤਿਆ ਹੈ। ਇਥੇ ਹੀ ਬਸ ਨਹੀਂ, ਹਰ ਪਉੜੀ ਵਿਚ ਕ੍ਰਮਵਾਰ ਪਹਿਲੀ, ਦੂਜੀ, ਤੀਜੀ, ਚੌਥੀ, ਲਾਵ ਦਾ ਅੰਕ ਦੋ ਦੋ ਵਾਰੀ ਅੰਕਿਤ ਕੀਤਾ ਹੈ। ਇਉਂ ਇਸ ਇਕੋ ਛੰਤ ('ਛੰਤ' ਦੇ ਅਨੇਕ ਲਛਣਾਂ ਵਿਚੋਂ ਇਕ ਇਹ ਭੀ ਹੈ ਕਿ ਇਹ ਵਿਆਹ ਦੇ ਸਮੇਂ ਗਾਏ ਜਾਣ ਵਾਲਾ ਇਕ ਕਾਵਿ-ਰੂਪ ਹੈ।) (4 ਪਉੜੀਆਂ) ਵਿਚ ਗੁਰਮਤਿ ਅਨੁਸਾਰ ਆਦਰਸ਼ ਵਿਆਹੁਤਾ ਜੀਵਨ ਦੀ ਸਿਖਰ ਤਕ ਚਾਰ ਪੜ੍ਹਾਵਾਂ ਜਾਂ ਸਟੇਜਾਂ ਤਕ ਦੀ ਮਨੁੱਖੀ ਚਰਿੱਤਰ ਦੀ ਉਸਾਰੀ ਕੀਤੀ ਹੈ।

ਇਸ ਆਦਰਸ਼ਕ ਸਿਖਰ ਅਤੇ ਉਥੇ ਪੁੱਜਣ ਲਈ ਇਹ ਗ੍ਰਿਹਸਤ ਮਾਰਗ ਵਿਚ ਪੜਾਵਾਂ ਦੇ ਮਹੱਤਵ ਦੀ ਚਰਚਾ ਤੋਂ ਪਹਿਲਾਂ ਗ੍ਰਿਹਸਤ ਮਾਰਗ ਦੇ ਵਿਆਹ ਸੰਬੰਧੀ ਗੁਰਮਤਿ ਤੇ ਗੁਰਬਾਣੀ ਦਾ ਦ੍ਰਿਸ਼ਟੀਕੋਣ ਵਿਚਾਰ ਲੈਣ ਨਾਲ ਹੀ ਅੱਜ ਦੇ ਸਮੇਂ ਵਿਚ ਇਸ ਦੇ ਮਹੱਤਵ ਦਾ ਅਨੁਮਾਨ ਲੱਗ ਸਕਦਾ ਹੈ।

SikhBookClub.com

'ਗ੍ਰਿਹਸਤੀ ਜੀਵਨ' ਕੇਵਲ ਸਿੱਖ ਧਰਮ ਵਿਚ ਹੀ ਧਾਰਮਿਕ ਪਰਵਾਨਤਾ ਨਹੀਂ ਰੱਖਦਾ। ਸਾਨੂੰ ਪਤਾ ਹੈ ਕਿ ਹਿੰਦੂ ਮਦ ਵਿਚ ਤਾਂ ਇਹ ਵੇਰਵੇ ਭੀ ਸਪੱਸ਼ਟ ਤੇ ਲਿਖਤੀ ਰੂਪ ਵਿਚ ਮਿਲਦੇ ਹਨ ਕਿ ਕਿਸ ਜਾਤ, ਗੋਤ ਦਾ ਵਿਆਹ ਕਿਸ ਜਾਤ, ਗੋਤ ਜਾਂ ਵਰਣ ਨਾਲ ਹੋ ਸਕਦਾ ਹੈ, ਕਿਸ ਨਾਲ ਨਹੀਂ। 'ਸਾਹਾ' ਸੋਧਣ ਦੀ ਰੀਤ ਦੱਸਦੀ ਹੈ, ਕਿ ਵਿਆਹ ਦਾ ਸਮਾਂ ਭੀ ਪੰਡਤ ਨਿਯਤ ਕਰਦਾ ਹੈ। ਫੇਰ ਕਈ ਪ੍ਰਕਾਰ ਦੇ ਵਿਆਹਾਂ ਦੇ ਵਰਣਨ ਪੁਰਾਤਨ ਗ੍ਰੰਥਾਂ ਵਿਚ ਮਿਲਦੇ ਹਨ:

1. ਬ੍ਰਾਹਮ—ਵਰ ਨੂੰ ਘਰ ਸਦ ਕੇ ਦਾਜ਼ ਦੇ ਕੇ ਕੰਨਿਆ ਦੇਣੀ।
2. ਦੈਵ—ਯੱਗ ਕਰਾਉਣ ਵਾਲੇ ਬ੍ਰਾਹਮਣ ਨੂੰ ਲੜਕੀ ਦਾਨ ਕਰਨੀ।
3. ਆਸ਼ੁ—ਵਰ ਤੋਂ ਦੋ ਬੈਰ ਲੈ ਕੇ ਲੜਕੀ ਦੇਣੀ।
4. ਪ੍ਰਜਾਪਤਯ—ਜਦ ਮੁੰਡਾ ਕੁੜੀ ਆਪਣੀ ਮਰਜ਼ੀ ਨਾਲ ਹੀ ਫੈਸਲਾ ਕਰ ਲੈਣ (ਬਿਨਾਂ ਕਿਸੇ ਹੋਰ ਰੀਤ, ਰਸਮ, ਉਗਾਹੀ ਦੇ)।
5. ਆਸੁਰ—ਧਨ ਲੈ ਕੇ ਲੜਕੀ ਵਿਆਹੁਣੀ।
6. ਗੰਧਰਵ—ਪਿਆਰ ਹੋ ਜਾਣ ਉਪਰੰਤ ਜੇ ਦੋਵੇਂ ਜੀਅ ਆਪ ਹੀ ਪਰਮਾਤਮਾ ਨੂੰ ਹਾਜ਼ਰ ਸਮਝ ਕੇ ਗ੍ਰਿਹਸਤੀ ਬਣਨ ਦਾ ਪ੍ਰਣ ਕਰਨ।
7. ਰਾਕਸ਼—ਲੜਾਈ ਵਿਚ ਕੰਨਿਆ ਖੋਹ ਕੇ ਲੈ ਜਾਣੀ।
8. ਪੈਸਾਚ—ਜ਼ੁਲਮ ਨਾਲ ਬਦੋ ਬਦੀ ਲੜਕੀ ਖੋਹਣੀ।
9. ਸੁਯੰਬਰ—ਕੋਈ ਸ਼ਰਤ ਜਾਂ ਪ੍ਰੀਖਿਆ ਵਿਚ ਪਾਸ ਹੋਣ ਉੱਤੇ ਲੜਕੀ ਦੇਣੀ।

ਇੰਝ ਹੀ ਲਗਭਗ ਸਭ ਧਰਮਾਂ ਵਿਚ ਬਲਕਿ ਸੰਤਾਂ-ਸਾਧੂਆਂ, ਫ਼ਕੀਰਾਂ ਵਿਚ ਭੀ ਵਿਆਹ ਜਾਂ ਗ੍ਰਿਹਸਤੀਆਂ ਜਾਂ ਗ੍ਰਿਹਸਤ ਵਿਚ ਰਹਿ ਕੇ ਤਿਆਗੀ ਹੋਏ ਮਹਾਨੁਭਾਵੀਆਂ ਦੀ ਕਾਫ਼ੀ ਗਿਣਤੀ ਹੈ। ਜੋਗੀ ਤੇ ਜੋਗਿਆਣੀ ਤਾਂ ਸਾਡੀ ਕਵਿਤਾ ਤੇ ਗੀਤਾ ਦਾ ਭਾਗ ਹਨ, ਸੰਕਰਾਚਾਰਯ (ਸੰਨਿਆਸੀ) ਦੇ ਆਪਣੇ ਸਥਾਪਤ ਚਾਰ ਮੱਠਾਂ ਵਿਚੋਂ ਇਕ ਦੇ ਮੁਖੀ ਜਗਤ ਪ੍ਰਸਿੱਧ 'ਭਾਰਤੀ' ਦੰਪਤੀ ਸਨ। ਸ਼ੇਖ ਫ਼ਰੀਦ ਮਹਾਨ ਸੂਫ਼ੀ ਸਨ ਤੇ ਉਹਨਾਂ ਦਾ ਜੀਵਨ ਭੀ ਗ੍ਰਿਹਸਤੀ ਸੀ। ਭਗਤ ਕਬੀਰ ਤੇ ਲੋਈ ਦੀਆਂ ਅਨੇਕ ਕਥਾਵਾਂ ਹਨ। ਮਹਾਤਮਾ ਬੁਧ ਭੀ ਵਿਆਹੁਤ ਸਨ। ਭਗਵਾਨ ਕ੍ਰਿਸ਼ਨ, ਰਾਮ ਤੇ ਸ਼ਿਵ ਜੀ ਭੀ ਗ੍ਰਿਹਸਤੀ ਸਨ ਅਤੇ ਮੁਹੰਮਦ ਸਾਹਿਬ ਭੀ।

ਧਰਮਾਂ ਦੇ ਪੂਜਯ ਬਾਨੀਆਂ ਸੰਬੰਧੀ ਭੀ ਇਹ ਭੁਲੇਖਾ ਬੜੀ ਦੂਰ ਤੱਕ ਪੁੱਜਾ ਹੋਇਆ ਹੈ। ਅਸੀਂ ਦੇਖਦੇ ਹਾਂ ਕਿ ਸਿੱਖ ਇਤਿਹਾਸ ਵਿਚ ਭੀ ਕਿਤੇ ਕਿਤੇ ਗੁਰੂ ਸਾਹਿਬ ਦਾ ਵਿਰੋਧ ਕਈ ਲੋਕਾਂ ਵਲੋਂ ਇਸ ਵਿਚਾਰ ਅਧੀਨ ਕੀਤਾ ਜਾਂਦਾ ਰਿਹਾ ਕਿ ਇਹ ਗ੍ਰਿਹਸਤੀ ਹੋ ਕੇ ਪੂਜਾ ਕਰਵਾਉਂਦੇ ਹਨ।

ਸੋਹਣੀ ਮਹੀਂਵਾਲ ਦੀ ਕਹਾਣੀ ਵਾਲੇ ਗੁਜਰਾਤ (ਹੁਣ ਪਾਕਿਸਤਾਨ) ਵਿਚ ਸ਼ਾਹ ਦੌਲਾ ਪੀਰ (ਜਾਂ ਕਈਆਂ ਅਨੁਸਾਰ ਉਥੇ ਦੇ ਹੀ ਇਕ ਹੋਰ ਫ਼ਕੀਰ) ਦੇ ਏਹੋ ਜੇਹੇ ਸ਼ੱਕੇ ਦਾ ਇਕ ਬੜਾ ਗੰਭੀਰ, ਸੰਖੇਪ, ਦਾਰਸ਼ਨਿਕ ਤੇ ਨੈਤਿਕ ਉਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਤੀ ਸੀ:

"ਇਸੜੀ ਈਮਾਨ, ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ।"

ਗ੍ਰਿਹਸਤ ਤੋਂ ਭੱਜਣ ਵਾਲਿਆਂ ਲਈ ਗੁਰਬਾਣੀ ਵਿਚ ਇਹ ਪ੍ਰਮਾਣ ਹਨ:

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥

SikhBookClub.com

ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥

(ਪੰਨਾ ੮੫੫)

ਜੋਗੁ ਨ ਪਾਇਆ ਜੁਗਤਿ ਗਵਾਈ॥

(ਪੰਨਾ ੯੫੧)

ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥

(ਪੰਨਾ ੯੫੧)

ਕਈ ਲੋਕ (ਵਿਸ਼ੇਸ਼ ਕਰਕੇ ਸਾਧੂ ਹੋ ਚੁੱਕੇ) ਇਸਤਰੀ ਦੀ ਨਿੰਦਿਆ ਉੱਤੇ ਹੀ ਲੱਕ ਬੰਨ੍ਹ ਲੈਂਦੇ ਸਨ ਤੇ ਇਸ ਨੂੰ 'ਬਾਘਨ', 'ਕਾਮਨੀ' ਤੇ 'ਤਾੜਨ ਕੇ ਅਧਿਕਾਰੀਆਂ' ਵਿਚੋਂ ਇਕ ਜਾਂ 'ਵਿਸ ਗੰਦਲਾਂ' ਤੱਕ ਕਹਿਣ ਤੱਕ ਚਲੇ ਜਾਂਦੇ ਸਨ। ਉਹ ਭੁੱਲ ਜਾਂਦੇ ਹੋਣਗੇ ਕਿ ਅੰਤ ਉਨ੍ਹਾਂ ਨੂੰ ਭੀ ਇਕ ਇਸਤਰੀ ਨੇ ਹੀ ਜਨਮ ਦਿੱਤਾ ਤੇ ਪਾਲਿਆ ਪੋਸਿਆ ਸੀ। ਗੁਰਵਾਕ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਪੰਨਾ ੪੭੩)

ਇਉਂ ਕਹੀਏ ਕਿ ਰਾਜੇ ਹੀ ਨਹੀਂ ਅਵਤਾਰ ਤੇ ਪੀਰ ਪੈਗ਼ੰਬਰ ਵੀ ਮਾਤਾ ਦੇ ਉਦਰ ਵਿਚ ਰਹੇ ਹਨ।

ਨਵੀਨ ਤੇ ਆਧੁਨਿਕ ਅਖਵਾਉਣ ਲਈ ਜਾਂ ਸਮਾਜਕ ਮਰਯਾਦਾ ਤੇ ਸਦਾਚਾਰਕ ਨਿਯਮਾਂ ਤੋਂ ਸੁਤੰਤਰਤਾ ਚਾਹੁੰਦੇ ਪੰਜਾਬੀ ਦੇ ਕੁਝ ਇਕ ਯੁਵਕਾਂ ਨੇ ਵਿਆਹ ਦੀ ਸੰਸਥਾ ਦੇ ਹੀ ਵਿਰੁੱਧ ਆਵਾਜ਼ ਆਪਣੀਆਂ ਕਾਵਿ-ਕਿਰਤਾਂ ਵਿਚ ਉਠਾਈ ਸੀ।

(ਅ) ਸਮਾਜ ਤੇ ਦੇਸ਼

ਮਨੁੱਖ ਇਕ ਸਮਾਜਕ ਜੀਵ ਹੈ। ਇਸ ਦੀ ਸਾਰੀ ਰਾਜਸੀ, ਆਰਥਿਕ, ਸਭਿਅਕ, ਸਦਾਚਾਰਕ ਤੇ ਧਾਰਮਿਕ ਉੱਨਤੀ, ਮਰਯਾਦਾ ਤੇ ਵਿਉਂਤਬੰਦੀ ਸਮਾਜ ਦੀ ਗੱਡੀ ਦਾ ਰਾਹ ਸਾਫ਼ ਸੁਥਰਾ, ਪੱਧਰਾ ਤੇ ਸੁਖਦਾਈ ਬਣਾਈ ਰੱਖਣ ਲਈ ਹੈ।

ਉੱਨਤ ਸਮਾਜ ਦੀ ਸਾਰੀ ਬਣਤਰ ਗ੍ਰਿਹਸਤ ਧਰਮ ਦੇ ਠੀਕ ਨਿਭਣ ਉੱਤੇ ਹੈ ਸਾਰੇ ਕਸ਼ਟ ਤੇ ਅਵੂਨਤੀ ਘਰ-ਗ੍ਰਿਹਸਤੀ ਦੀ ਚਾਲ ਜਾਂ ਵਰਤਣ ਗ਼ਲਤ ਹੋ ਜਾਣ ਤੋਂ ਉਤਪਤ ਹੁੰਦੀ ਹੈ। ਠੀਕ ਕਿਹਾ ਗਿਆ ਹੈ ਕਿ ਦੇਸ਼ ਪਿਆਰ ਦਾ ਮੂਲ ਭੀ ਘਰ ਪਿਆਰ ਹੈ। ਦੇਸ਼ ਉਹੀ ਪਿਆਰਾ ਹੈ ਜਿਥੇ ਮੇਰਾ ਘਰ ਤੇ ਘਰ ਦੀ ਜੀਅ ਹੋਣ। ਉਸ ਦੇਸ਼ ਦੀ ਇੱਜ਼ਤ ਤੇ ਆਜ਼ਾਦੀ ਲਈ ਹੀ ਕੋਈ ਲੜ ਤੇ ਕੁਰਬਾਨੀ ਕਰ ਸਕਦਾ ਹੈ, ਜਿਸ ਦੇਸ਼ ਦੀ ਸੁਤੰਤਰਤਾ ਨਾਲ ਮੇਰੀ ਧੀ, ਭੈਣ, ਮਾਂ, ਪਤਨੀ ਦੀ ਇੱਜ਼ਤ ਤੇ ਖੁਸ਼ੀ ਬੱਝੀ ਹੋਈ ਹੈ।

ਜਿਥੇ ਮੇਰਾ ਘਰ ਹੈ ਉਹੋ ਪਿੰਡ, 'ਮੇਰਾ' ਬਣਦਾ ਹੈ। ਮੇਰਾ ਜ਼ਿਲ੍ਹਾ ਓਹੋ ਹੈ, ਜਿਸ ਜ਼ਿਲ੍ਹੇ ਵਿਚ ਮੇਰਾ ਪਿੰਡ ਹੈ। ਫੇਰ ਉਹ ਪ੍ਰਾਂਤ 'ਮੇਰਾ' ਬਣਦਾ ਹੈ ਜਿਸ ਵਿਚ ਮੇਰਾ ਘਰ ਤੇ ਨਗਰ ਹੈ। ਸਾਰੇ ਦੇਸ਼ ਨਾਲ ਮੇਰੀ ਸਾਂਝ ਇਸ ਪ੍ਰਾਂਤਕ ਅਪਣੱਤ, ਪ੍ਰਾਂਤਕ ਭਾਸ਼ਾ ਤੇ ਪ੍ਰਾਂਤਕ ਧਰਮ ਦੀ ਹੈ ਕਿਉਂਕਿ ਉਹ ਮੇਰੇ ਘਰ ਦੀ ਭਾਸ਼ਾ ਹੈ, ਘਰ ਦਾ ਧਰਮ ਹੈ।

SikhBookClub.com

ਆਧੁਨਿਕਤਾ ਲਈ ਅਸੀਂ ਬਹੁਤ ਕਰਕੇ ਅਣਭੋਲ ਹੀ ਯੂਰਪੀ ਦੇਸ਼ਾਂ ਤੇ ਈਸਾਈ ਮਤ ਦੀ ਰੀਸ ਕਰਨ ਦਾ ਯਤਨ ਕਰਦੇ ਹਾਂ। ਇਹ ਲੇਖਕ ਆਪਣੇ ਵਿਦਵਾਨ ਅਤੇ ਧਾਰਮਕ ਪਾਠਕਾਂ ਨੂੰ ਦੱਸਣਾ ਚਾਹੇਗਾ ਕਿ ਵਿਆਹ ਦੀ ਸੰਸਥਾਈ ਮਹਾਨਤਾ, ਮਹੱਤਵ ਤੇ ਆਵੱਸ਼ਕਤਾ ਨੂੰ ਉਸ ਸਮਾਜ ਵਿਚ ਭੀ ਸਮਝ ਲਿਆ ਗਿਆ ਹੈ। ਕੁਝ ਤੁਕਾਂ ਅੱਗੇ ਲਿਖੀਆਂ ਹਨ। ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਜਦ ਭਾਈ ਗੁਰਦਾਸ "ਸਗਲ ਧਰਮ ਮਹਿ ਗ੍ਰਿਹਸਤ ਪਰਧਾਨ" ਦੀ ਘੋਸ਼ਣਾ ਕਰਦੇ ਹਨ ਤਾਂ ਆਪ ਨਿਰੀ ਭਾਰਤੀ ਸਭਿਅਤਾ ਨਹੀਂ, ਸਗੋਂ ਅੰਤਰਰਾਸ਼ਟਰੀ ਦੇ ਸਰਵ ਸੰਸਾਰ ਸਭਿਅਤਾ, ਸਭਿਆਚਾਰ ਤੇ ਸਦਾਚਾਰ ਦੀ ਸਰਵ-ਵਿਆਪਕਤਾ ਸਮਝਦੇ ਹੋਏ, ਇਸ ਨੂੰ ਸਰਵ ਸਾਂਝੀ ਮਨੁੱਖਤਾ ਦੀ ਸੁਵਿਧਾ, ਸੁਖੈਨਤਾ ਤੇ ਦੈਵੀ ਦਾਤ ਮੰਨਦੇ ਹਨ। ਗੁਰਮਤਿ ਦਾ ਵਿਸ਼ਵਾਸ ਹੈ—ਏਹ ਸਬੰਧ ਸਭ ਹਰੀ ਦੇ ਕੀਤੇ ਹੋਏ ਹਨ ਅਤੇ

ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥

(ਪੰਨਾ ੧੧)

ਜਾਂ ਇਹ ਭੀ 'ਧੁਰਹੁ ਪਇਆ ਸੰਜੋਗ' ਹੈ।

1· ਇੰਗਲੈਂਡ ਵਿਚ 18ਵੀਂ ਸਦੀ ਵਿਚ ਹੋਈ ਪ੍ਰਸਿੱਧ ਭਾਸ਼ਨਕਾਰ ਤੇ ਰਾਜਸੀ ਨੇਤਾ ਐਡਮੰਡ ਬਰਕ ਅਨੁਸਾਰ:

"ਈਸਾਈ ਧਰਮ ਨੇ ਗ੍ਰਿਹਸਤੀ ਜੀਵਨ ਨੂੰ ਜੋੜਿਆਂ (ਦੋ ਜੀਆਂ) ਦੀ ਸੀਮਾ ਵਿਚ ਰੱਖ ਕੇ ਅਤੇ ਇਸ ਸੰਬੰਧ ਨੂੰ ਅਟੁੱਟ ਨਿਯਤ ਕਰ ਕੇ ਸੰਸਾਰ ਦੇ ਅਮਨ, ਪ੍ਰਸੰਨਤਾ, ਟਿਕਾਉ ਤੇ ਸਭਿਅਤਾ ਲਈ ਕਿਸੇ ਭੀ ਹੋਰ ਸੰਸਥਾ ਨਾਲੋਂ ਵਧ ਦੇਣ ਦਿੱਤੀ ਹੈ।"

2· ਫੈਡਰਿਕ ਵਿਲੀਅਮ ਰਾਬਰਟਸ (1816-53), ਜੋ ਆਪਣੇ ਧਾਰਮਿਕ ਵਿਚਾਰਾਂ ਲਈ ਪ੍ਰਸਿੱਧ ਹੈ, ਦਾ ਕਥਨ ਹੈ ਕਿ ਵਿਆਹ ਨਿਰਾ ਦੋ ਸਰੀਰਾਂ ਦਾ ਮੇਲ ਹੀ ਨਹੀਂ, ਸਗੋਂ ਦੋ ਆਤਮਾਵਾਂ ਦੀ ਏਕਤਾ ਹੈ।

3· ਜਿਨ੍ਹਾਂ ਨੂੰ ਪਰਮਾਤਮਾ ਨੇ ਵਿਆਹ ਵਿਚ ਮੇਲ ਦਿੱਤਾ ਹੈ, ਕੋਈ ਨਾ ਉਨ੍ਹਾਂ ਨੂੰ ਵਿਛੋੜੇ—ਇਹੀ ਰੱਬੀ ਪ੍ਰਬੰਧ ਹੈ (ਅੰਗਰੇਜ਼ੀ ਅਖੌਤ ਜੋ ਵੀਹ ਵਿਸਵੇ ਜਾਰਜ ਬਰਨਾਰਡ ਸ਼ਾਅ ਦੇ ਆਧਾਰ 'ਤੇ ਹੈ।)

ਇਸ ਸਾਰੀ ਪਿਛੋਕੜ ਤੋਂ ਸਪੱਸ਼ਟ ਹੈ ਕਿ ਵਿਆਹ ਦੀ ਸੰਸਥਾ ਨੂੰ ਸਭਿਅਤਾ ਦੇ ਆਰੰਭ ਕਾਲ ਤੋਂ ਹੀ ਸਰਵ-ਸੰਸਾਰ ਉੱਤੇ ਧਾਰਮਿਕ ਪਵਿੱਤਰ ਤੇ ਸਦਾਚਾਰਕ ਪ੍ਰਵਾਨ ਕੀਤਾ ਗਿਆ ਹੈ, ਜਿਸ ਨਾਲ ਹਰ ਦੰਪਤੀ ਲਈ ਜੀਵਨ ਆਦਰਸ਼ ਦੀ ਪੂਰਤੀ ਤੱਕ ਪੁੱਜਣ ਲਈ ਕੁਝ ਨਿਯਮ ਤੇ ਜ਼ੁੰਮੇਵਾਰੀਆਂ ਭੀ ਲਾਗੂ ਕੀਤੀਆਂ ਗਈਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਾਵਾਂ

ਅਸਚਰਜ ਹੈ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਵਿਚ ਸ਼ਬਦ 'ਲਾਵ' ਦੀ ਵਰਤੋਂ ਭੀ ਸੂਹੀ ਛੰਤ ਮਹਲਾ ੪ (ਜੋ ਪੰਨਾ ੭੭੩-੭੪ ਉੱਤੇ ਹੈ) ਤੋਂ ਬਿਨਾਂ ਹੋਰ ਕਿਤੇ ਨਹੀਂ। ਉਨ੍ਹਾਂ ਦੀ ਪ੍ਰਸੰਸਾ ਕਰਨੀ ਬਣਦੀ ਹੈ ਜਿਨ੍ਹਾਂ ਵਿਆਹ ਸੰਸਕਾਰ ਦੇ ਸਮੇਂ ਲਾਵਾਂ ਫੇਰਿਆਂ ਵਾਸਤੇ ਇਹ ਸ਼ਬਦ

SikhBookClub.com

ਚੁਣਿਆ, ਜਿਸ ਇਕੋ ਸ਼ਬਦ ਦੀ ਹਰ ਪਉੜੀ ਦੇ ਆਰੰਭ ਤੇ ਅੰਤ ਦੀ ਪਉੜੀ ਵਿਚ ਲਫ਼ਜ਼ ਲਾਵ ਆਉਂਦਾ ਹੈ—ਜਿਵੇਂ ਪਹਿਲੀ ਪਉੜੀ ਦੀ ਪਹਿਲੀ ਪੰਗਤੀ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥

(ਪੰਨਾ ੭੭੩)

ਅਤੇ ਇਸ ਪਉੜੀ ਦਾ ਅੰਤ ਹੈ:

ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥

(ਪੰਨਾ ੭੭੪)

ਪੰਨਾ ੭੭੨ ਤੋਂ ਨਵੇ ਸਿਰਲੇਖ (ਸੂਹੀ ਮ: ੪, ਛੰਤ ਘਰੁ ੧, ੭੭੩) ੧ੴ ਸਤਿਗੁਰ ਪ੍ਰਸਾਦਿ ਨਾਲ ਆਰੰਭ ਹੁੰਦਾ ਹੈ ਇਹ ਦੋ ਹੀ ਛੰਤ ਇਸ ਵਿਸ਼ੇ 'ਤੇ ਹਨ ਕਿਉਂਕਿ ਅਗਲੇ ਦੋ (ਅੰਕ ੭੪) ਮਹਲਾ ੪ ਦੇ ਛੰਤਾਂ ਲਈ ਵੱਖਰਾ ਸਿਰਲੇਖ ਹਨ। ਇਸ ਪਹਿਲੇ ਛੰਤ ਵਿਚ ਆਈ ਕੇਵਲ ਇਕੋ ਤੁਕ ਵਲ ਪਾਠਕਾਂ ਦਾ ਧਿਆਨ ਦਿਵਾ ਕੇ ਅੱਗੇ ਚਲਣਾ ਠੀਕ ਰਹੇਗਾ:

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁਟਮਾਈ ਆਇਆ ਬਲਿ ਰਾਮ ਜੀਉ॥

(ਪੰਨਾ ੭੭੩)

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਗੁਰਮਤਿ, ਵਾਹਿਗੁਰੂ ਨਾਲ ਪ੍ਰੇਮ ਕਰ ਕੇ ਗੁਰਮੁਖ ਬਣਨ ਦਾ ਗਾਡੀ ਰਾਹ ਹੈ ਅਤੇ ਗੁਰਬਾਣੀ ਦੇ ਉਪਦੇਸ਼ ਦਾ ਕੇਂਦਰ ਮਨੁੱਖ ਨੂੰ ਦੇਵਤਾ ਅਤੇ ਉਸ ਤੋਂ ਭੀ ਉਪਰ "ਹਰਿ, ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ" ਦੇ ਪਦਵੀ ਤਕ ਪੁਚਾਉਣ ਦਾ ਹੈ। ਇਸ 'ਸੱਚ' ਨਾਲ ਸਹਿਮਤ ਹੁੰਦਿਆਂ ਭੀ ਵਿਚਾਰਨਯੋਗ ਇਹ ਹੈ ਕਿ ਇਹ ਜੀਵਨ-ਪਦਾਰਥ ਜਾਂ ਆਦਰਸ਼ ਨਿਰਾ ਸੁਣਨ ਜਾਂ ਪੜ੍ਹਨ ਨਾਲ ਪ੍ਰਾਪਤ ਨਹੀਂ ਹੋਣਾ। ਅਸੀਂ ਸਭ ਜਾਣਦੇ ਹਾਂ ਕਿ ਇਸ ਆਦਰਸ਼ ਪ੍ਰਾਪਤੀ ਲਈ ਸਾਨੂੰ ''ਵਿਚੇ ਗ੍ਰਿਹ ਸਦਾ ਰਹੈ ਉਦਾਸੀ'' ਜਾਂ 'ਜਿਉ ਕਮਲੁ ਰਹੈ ਵਿਖਿ ਪਾਣੀ ਹੇ'' ਦੀ ਜੀਵਨ ਜੁਗਤਿ ਅਨੁਸਾਰ ਜੀਉਣਾ ਜਾਂ ਰਹਤ (ਰਹਿਣੀ) ਵਿਚ ਜੀਊਣਾ ਪਵੇਗਾ ਅਤੇ ਰਹੱਸਵਾਦੀ, ਅਧਿਆਤਮਕ ਉਪਦੇਸ਼ਾਂ ਨੂੰ ਦੁਨਿਆਵੀ ਪੱਧਰ ਉੱਤੇ ਦੁਨਿਆਵੀ ਜੀਵਨ ਦੀਆਂ ਮਿਸਾਲਾਂ ਤੇ ਉਪਮਾਨਾਂ ਨਾਲ ਸਮਝਣਾ ਤੇ ਫੇਰ ਉਨ੍ਹਾਂ ਦੀ ਜੀਵਨ ਵਿਚ ਵਰਤੋਂ ਕਰਨੀ ਪਵੇਗੀ।

ਇਸ ਲਈ ਹੀ ਗੁਰਸਿੱਖੀ ਵਿਚ ਹਰ ਕਾਰਜ ਦੇ ਆਰੰਭ ਸਮੇਂ ਗੁਰਬਾਣੀ ਦੇ ਪਾਠ, ਕੀਰਤਨ ਤੇ ਵਾਕ ਅਤੇ ਅਰਦਾਸ ਦਾ ਨਿਯਮ ਹੈ। ਇਸ ਤਰ੍ਹਾਂ ਗੁਰਮਤਿ ਅਨੁਸਾਰ ਵਿਆਹ (ਅਨੰਦ ਕਾਰਜ) ਦਾ ਸਿੱਧਾ ਭਾਵ ਹੈ ਕਿ ਅਸੀਂ ਉਸ ਸਮੇਂ ਲਾਵਾਂ ਦੋ ਵਾਰ ਪੜ੍ਹ ਸੁਣ ਕੇ ਰਾਗੀਆਂ ਤੋਂ ਕੀਰਤਨ ਸੁਣ ਕੇ ਜਾਂ ਪ੍ਰਚਾਰਕ ਤੋਂ ਨਿਯਮ ਤੇ ਸਿਖਿਆ ਸੁਣ ਕੇ ਆਪਣਾ ਗ੍ਰਿਹਸਤੀ ਜੀਵਨ ਗੁਰਮਤਿ ਅਨੁਸਾਰ ਬੀਤਾਉਣ ਦਾ ਰਾਹ ਪੁੱਛਣਾ ਹੁੰਦਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਦੋ ਛੰਤਾਂ ਵਿਚ ਸਾਡੀ ਅਗਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਹੈ। ਗ੍ਰਿਹਸਤ ਮਾਰਗ ਵਿਚ ਰਹਿੰਦਿਆਂ:

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥

(ਪੰਨਾ ੧੩੯)

ਦੇ ਲੱਡੂ ਸਾਡੇ ਦੋਹਾਂ ਹੱਥਾਂ ਵਿਚ ਦੇ ਦਿੱਤੇ ਹਨ।

SikhBookClub.com

ਗ੍ਰਿਹਸਤੀ ਜੀਵਨ ਦੇ ਸੁਖ ਤੇ ਸਫਲਤਾ ਦੀ ਨੀਂਹ, ਜੜ੍ਹ ਜਾਂ ਬੀਜ ਪਹਿਲੀ ਪੰਗਤੀ ਵਿਚ ਹੈ, ਇਹ ਤਿੰਨੇ ਗੁਣ ਸੱਚ, ਸੰਤੋਖੁ ਤੇ ਪ੍ਰੇਮ ਅਤੇ ਤਿੰਨਾਂ ਦਾ ਸੰਗਮ ਹੀ ਸਾਰੇ ਗ੍ਰਿਹਸਤੀ ਜੀਵਨ ਦੀ ਛਾਂ, ਛਲ ਤੇ ਧਰਤੀ ਹੈ। ਜੋ ਦੋਵੇਂ (ਧੋਤੇ, ਪਤੇਤੇ) ਸਾਕ ਕਰਨ (ਕੁੜਮਾਈ, ਮੰਗਣੀ ਆਦਿ) ਵੇਲੇ ਸੱਚੋ ਸੱਚ ਦੱਸਣ ਤੇ ਕਹਿਣ ਤਾਂ ਅੱਗੇ ਸਾਰੀ ਉਮਰ ਲਈ ਨਿਰਾ ਭਰੋਸਾ ਤੇ ਸਤਿਕਾਰ ਹੀ ਨਹੀਂ, ਸੱਚੇ ਤੇ ਖਰੇ ਬੰਦੇ ਹੋਣਾ ਜਾਂ 'ਸੱਚ ਆਚਾਰ' ਦੇ ਸਵਾਮੀ ਹੋਣ ਨਾਲ ਇਥੇ ਉਥੇ ਦੋਹਾਂ ਜਹਾਨੀਂ, ਦੋਹਾਂ ਪਰਵਾਰੀਂ ਤੇ ਦੋਹੀਂ ਨਗਰੀਂ ਸਭ ਦੀ ਰਹਿ ਆਵੇ ਤੇ ਸਾਰੀ ਕੁਲ ਧੋਖੇ, ਫਰੇਬ ਜਾਂ ਚਲਾਕੀ ਦੇ ਧੱਬਿਆਂ ਤੇ ਦਾਗਾਂ ਤੋਂ ਸੁਰਖਰੁਈ ਰਹੇ।

ਇਹੋ ਗੱਲ ਸੰਤੋਖ ਦੀ ਹੈ। ਮੇਰੀ ਕਲਪਨਾ ਸ਼ਕਤੀ ਪਿੰਗਲੀ ਹੈ ਜੋ ਨਹੀਂ ਸਮਝ ਸਕਦੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਿਸ ਦੂਰੀ ਤਕ ਤੇ ਭਵਿੱਖ ਦੀ ਕਿਸ ਹੱਦ ਤਕ ਅਨੁਭਵ ਕਰ ਗਏ ਹਨ, ਜਦ ਫ਼ੁਰਮਾਉਂਦੇ ਹਨ:

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

(ਪੰਨਾ ੩)

ਅਰਥਾਤ 'ਸੰਤੋਖ' ਸੰਸਾਰ ਦਾ ਪ੍ਰਬੰਧ (ਸੂਤ=ਡਸਿਪਲਿਨ) ਕਾਇਮ ਰੱਖਣ ਲਈ ਮੁੰਤਜ਼ਿਮ, ਸੂਤ੍ਰਧਾਰ ਜਾਂ ਪ੍ਰਬੰਧਕ ਥਾਪਿਆ ਹੈ। ਦਾਜ ਮੰਗਣ ਵਾਲਿਆਂ ਤੇ ਦਿਖਾਵਾ ਕਰਨ ਵਾਲਿਆਂ ਤੋਂ ਲੈ ਕੇ ਹੜਤਾਲਾਂ, ਧਰਨਿਆਂ ਤੇ ਚੋਰੀ, ਡਾਕੇ, ਲੁੱਟ ਤਕ ਸਭ ਦੋਹੀਂ ਪਾਸੀ 'ਸੰਤੋਖ' ਨਾਂ ਦੇ ਪ੍ਰਬੰਧ ਦੀ ਗ਼ੈਰ ਹਾਜ਼ਰੀ ਦਾ ਪ੍ਰਤੱਖ ਪ੍ਰਮਾਣ ਹੈ। ਇੰਜ ਹੀ ਦੰਪਤੀ ਦੀਆਂ ਇਕ ਦੂਜੇ ਤੋਂ ਮੰਗਾਂ (ਵਸਤਾਂ, ਸੁਖ, ਸੇਵਾ ਆਦਿ) ਅਣ-ਸੰਤੋਖੀ ਪੁਣਾ ਜਾਂ ਮਾਨਸਿਕ ਅਸੰਤੁਸ਼ਟੀ ਹੀ ਤਾਂ ਸਾਰੀ ਅਣਬਣ, ਸਭ ਲੜਾਈਆਂ, ਝਗੜਿਆਂ ਤੇ ਤਲਾਕਾਂ ਦਾ ਮੂਲ ਤੇ ਮੁਕੱਦਮਿਆਂ ਦੀ ਜੜ੍ਹ ਹੈ।

ਸੱਚ ਤੇ ਸੰਤੋਖ ਦਾ ਧਰਤੀ ਤੇ ਪਾਣੀ ਬਿਨਾਂ ਪਿਆਰ ਦਾ ਪੌਦਾ ਪੈਦਾ ਹੋਣਾ ਹੀ ਅਸੰਭਵ ਹੈ। ਹੋ ਭੀ ਜਾਏ ਤਾਂ ਪਲ ਨਹੀਂ ਸਕਦਾ। ਉਸ ਦੇ ਹੇਠ ਬੈਠਿਆਂ ਸ਼ਾਂਤੀ ਤੇ ਠੰਢ ਨਹੀਂ ਅਸ਼ਾਂਤੀ ਤੇ ਤਪਸ਼ ਹੁੰਦੀ ਹੈ ਅਤੇ ਫਲ ਰੋਗ, ਕ੍ਰਿਝਣਾ ਤੇ ਜਗਤ ਤਮਾਸ਼ਾ ਨਿਕਲਦਾ ਹੈ ਅਤੇ ਭਗਤ ਕਬੀਰ ਜੀ ਨੇ ਸ਼ਾਇਦ ਇਹੋ ਸੋਚ ਕੇ ਕਿਹਾ ਸੀ:

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥

(ਪੰਨਾ ੧੩੭੭)

ਅਜੇਹੀਆਂ ਲੀਹਾਂ ਉੱਤੇ ਚਲਦੇ ਗ੍ਰਿਹਸਤੀ ਲਈ ਕਿਹਾ ਗਿਆ ਹੈ:

ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥

(ਪੰਨਾ ੯੫੨)

ਗੁਰ ਵਾਕ ਹੈ:

੧· ਬਿਨਾ ਸੰਤੋਖ ਨਹੀ ਕੋਊ ਰਾਜੈ ॥ *(ਪੰਨਾ ੨੭੯)*

੨· ਲੋਭੀ ਕਾ ਵੇਸਾਹੁ ਨ ਕੀਜੈ *(ਪੰਨਾ ੧੪੧੭)*

੩· ਜਿਚਰੁ ਪੈਨਣਿ ਖਾਵਣੇ ਤਿਚਰੁ ਰਖਨਿ ਗੰਢੁ॥ *(ਪੰਨਾ ੯੫੯)*

ਇਸ ਗ੍ਰਿਹਸਤ ਦੀ ਗੱਡੀ ਦੇ ਦੋਹਾਂ ਸਮਾਨ ਪਹੀਆਂ ਨੇ ਰਲ ਕੇ ਸਾਮਾਨ ਚਾਲ ਚਲ ਕੇ ਜੀਵਨ-

SikhBookClub.com

ਪੰਧ ਕਟਦਿਆਂ ਆਪਣੀ ਮੰਜ਼ਲ ਉੱਤੇ ਪੁੱਜਣਾ ਹੈ। ਇਹ 'ਪਹਲ-ਗਾਮ' (ਪਹਿਲਾ ਗਾਉਂ ਪਿੰਡ) ਹੈ, ਜਿਥੋਂ ਉਚਾਈ ਆਰੰਭ ਹੁੰਦੀ ਹੈ। ਇਹ ਗ੍ਰਿਹਸਤ ਆਸ਼੍ਰਮ ਦੇ ਦਾਖਲੇ ਲਈ ਯੋਗਤਾ ਹੈ। ਅੱਗੋਂ ਉਸ ਰਾਹ ਦੇ ਚਾਰ ਪੜਾਅ, ਇਹ ਚਾਰ ਪਉੜੀਆਂ ਜਾਂ ਖੰਡ ਉਂਜ ਹੀ ਹਨ, ਜਿਵੇਂ ਜਪੁ ਜੀ ਵਿਚ ਧਰਮ, ਗਿਆਨ, ਸਰਮ ਤੇ ਕਰਮ ਖੰਡ ਤੋਂ ਪਿਛੋਂ ਸੱਚਖੰਡ ਹੈ।

(4) ਪ੍ਰਵਿਰਤੀ ਮਾਰਗ-ਲਾਵਾਂ

ਇਹ ਤਾਂ ਸਪੱਸ਼ਟ ਹੈ, ਕਿ ਗ੍ਰਿਹਸਤ, ਤਿਆਗ, ਉਦਾਸੀ ਜਾਂ ਬਨਵਾਸ ਤੇ ਸੰਨਿਆਸ ਨਹੀਂ, ਸਗੋਂ ਪਰਵਿਰਤੀ (ਦਾਖਲ ਹੋਣਾ, ਅੰਦਰ ਆਉਣਾ ਜਾਂ ਮੈਦਾਨ ਵਿਚ ਕੁੱਦਣ ਤੇ ਜ਼ੁੰਮੇਵਾਰੀਆਂ ਸਿਰ 'ਤੇ ਲੈਣ) ਦਾ ਮਾਰਗ ਹੈ। ਚੌਥੇ ਪਾਤਸ਼ਾਹ ਨੇ ਚੇਤੰਨ ਕੀਤਾ ਹੈ ਕਿ ਭਾਈ! ਇਸ ਪਰਵਿਰਤੀ ਵਿਚ ਕਰਨ ਯੋਗ ਕੰਮਾਂ ਨੂੰ ਦਿਲ ਵਿਚ ਦ੍ਰਿੜ੍ਹ (ਪੱਕਾ) ਕਰੋ:

ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

(ਪੰਨਾ ੭੭੩)

ਇਸ ਪਰਵਿਰਤੀ ਦੇ ਕਰਮ ਵਿਚ ਗ੍ਰਿਹਸਤ ਮਾਰਗ ਨੂੰ ਪਵਿੱਤਰ ਤੇ ਸਦਾਚਾਰਕ ਸਿਧਾਂਤਾਂ ਦਾ ਘਰ ਤੇ 'ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ' ਲਈ ਅਤਿ ਸੰਖੇਪਤਾ ਨਾਲ ਸਮਝਾ ਦਿੱਤਾ ਹੈ, ਕਿ ਸਾਰੇ ਧਰਮਾਂ ਦਾ ਸਰਬ-ਸਾਂਝਾ ਸਿਧਾਂਤ ਹੈ:

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥

(ਪੰਨਾ ੭੭੩)

ਫੇਰ ਪੱਕੀ ਕੀਤੀ ਹੈ:

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥

(ਪੰਨਾ ੭੭੩)

ਜਿਹਾ ਕਿ ਇਸੇ ਪਉੜੀ ਦੀ ਅੰਤਲੀ ਤੁਕ ਤੋਂ ਸਪੱਸ਼ਟ ਹੈ ਇਹ ਉਸ ਮਾਰਗ ਦਾ ਆਰੰਭ ਹੈ:

ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥

(ਪੰਨਾ ੭੭੪)

ਇਹ ਸਭ 'ਧਰਮ ਖੰਡ' ਸੀ ਜਿਸ ਵਿਚ ਧਰਤੀ (ਦੁਨਿਆਵੀ) ਤੇ ਆਕਾਸ਼ (ਦੈਵੀ) ਦੇ ਦੋਵੇਂ ਮਾਰਗ 'ਕੱਠੇ ਚਲਣੇ ਹਨ।

ਦੂਜੀ ਲਾਵ

ਸਤਿਗੁਰੂ ਨਾਲ ਮੇਲ ਹੋਣ ਜਾਂ ਸਤਿਗੁਰੂ ਦੀ ਦੱਸੀ ਮਤਿ, ਉਪਦੇਸ਼ (ਅਰਥਾਤ ਬਾਣੀ) ਦੇ ਆਸਰੇ ਆਪਣੇ ਜੀਵਨ ਨੂੰ ਢਾਲਣਾ ਹੈ। ਇਹ ਸਿੱਧ ਹੈ ਕਿ ਜਿਵੇਂ ਨੌਕਰ ਤੋਂ ਭਾਵ ਉਸ ਦੇ ਕਿਸੇ ਮਾਲਕ ਤੋਂ ਹੈ ਤਿਵੇਂ ਹੀ 'ਸਿੱਖ ਉਹੋ ਹੈ ਜਿਸ ਦਾ ਗੁਰੂ ਹੈ, ਜੋ ਗੁਰੂ ਦੇ ਆਖੇ ਲੱਗਦਾ ਹੈ ਤੇ ਗੁਰੂ ਦਾ

SikhBookClub.com

ਸਤਿਕਾਰ ਕਰਦਾ ਹੈ।' ਗੁਰੂ ਦੀ ਸੰਗਤ ਦਾ ਪ੍ਰਭਾਵ ਇਹ ਸਮਝਾਇਆ ਹੈ ਕਿ:

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

(ਪੰਨਾ ੭੭੪)

ਗੁਰੂ ਬਾਣੀ ਹੀ ਇਸ ਵਿਚਾਰ ਨੂੰ ਹੋਰ ਸਪੱਸ਼ਟ ਕਰਦੀ ਹੈ ਕਿ:

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥

(ਪੰਨਾ ੮੪)

ਜਾਂ

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥

(ਪੰਨਾ ੧੮੬)

ਪਹਿਲੇ ਛੰਤ ਵਿਚ ਇਸ ਵਿਚਾਰ ਨੂੰ ਸਪੱਸ਼ਟ ਕੀਤਾ ਹੈ ਕਿ ਗੁਰੂ ਦੇ ਦੱਸੇ ਮਾਰਗ ਉੱਤੇ ਚਲਣ ਦਾ ਕੀ ਫਲ ਹੋਵੇਗਾ?

ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ॥

(ਪੰਨਾ ੭੭੩)

ਤੀਜੀ ਲਾਵ

ਚਾਅ ਤੇ ਵੈਰਾਗ ਨੂੰ (ਦੁਨਿਆਵੀ ਖੁਸ਼ੀਆਂ ਤੇ ਤੀਖਣ ਰੱਬੀ-ਪ੍ਰੇਮ ਵੈਰਾਗ) ਇਕੱਲੇ ਕਰ ਕੇ ਚਲਾਉਣ ਵਿਚ ਹੈ।

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ।।

(ਵਾਰ ੯:੧੨)

ਦਾ ਧਰਮ ਹੈ। ਨਾਲ ਹੀ ਭਲਿਆਂ ਦੀ ਸੰਗਤ, ਜਿਨ੍ਹਾਂ ਮਿਲਿਆਂ ਹਰੀ ਦਾ ਨਾਮ ਚਿਤ ਆਵੇ, ਦੀ ਵਡਿਆਈ ਦੱਸੀ ਹੈ। ਭਲਿਆਂ ਨੂੰ ਹੀ ਭਲੇ ਮਿਲਣਗੇ। ਜੀਵਨ ਤੇ ਮੌਤ, ਰੋਗ ਤੇ ਅਰੋਗਤਾ, ਦੁੱਖ ਤੇ ਸੁੱਖ, ਗਰੀਬੀ ਤੇ ਅਮੀਰੀ, ਆਦਿ ਵਿਚ ਇਕ ਰਸ ਰਹਿਣਾ ਤੇ ਦੋਵੇਂ ਉਸੇ ਦੀਆਂ ਦਾਤਾਂ ਮੰਨਣੀਆਂ ਭੀ ਚਾਉ ਭਇਆ ਬੈਰਾਗੀਆਂ ਹੈ।

ਚੌਥੀ ਲਾਵ

ਚੌਥੀ ਲਾਵ ਵਿਚ ਮਨੁੱਖ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਸਹਿਜ ਅਵਸਥਾ ਤੱਕ ਪੁੱਜਦਾ ਦੱਸਿਆ। ਅਰਥਾਤ ਉਸ ਦੀ ਅਵਸਥਾ 'ਬ੍ਰਹਮ ਗਿਆਨੀ ਸਦਾ ਨਿਰਲੇਪ' ਵਾਲੀ ਜਾਂ "ਅੰਜਨ ਮਾਹਿ ਨਿਰੰਜਨਿ ਰਹੀਐ" ਵਾਲੀ ਹੋ ਜਾਂਦੀ ਹੈ।

SikhBookClub.com

ਇਸ ਪਉੜੀ ਦੀਆਂ ਅੰਤਲੀਆਂ ਤੁਕਾਂ ਵਿਚ "ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ" ਰਾਹੀਂ ਸੰਕੇਤ ਹੈ ਕਿ ਮਨੁੱਖੀ-ਜੀਵਨ ਤੇ ਸੰਸਾਰਕ-ਜੀਵਨ ਹਰਿ ਕੰਤ ਨਾਲ ਇਕ-ਮਿਕ ਹੋਣ ਲਈ ਮਿਲਿਆ ਹੈ। ਗ੍ਰਿਹਸਤ-ਜੀਵਨ ਇਕ ਮਾਡਲ, ਨਮੂਨਾ ਜਾਂ ਪ੍ਰਯੋਗ ਹੈ ਕਿਉਂਕਿ ਭਗਤ ਰਵਿਦਾਸ ਦੇ ਉਸ ਬੇ-ਗੱਮ ਪੁਰੇ ਦੇ ਵਸਨੀਕ ਬਣਨ ਲਈ ਜਿਥੇ 'ਦੁੱਖ', 'ਅੰਦੋਹ' ਦੀ ਥਾਂ ਨਹੀਂ, ਜਿਥੇ 'ਤਸ਼ਵੀਸ਼ (ਚਿੰਤਾ ਫ਼ਿਕਰ) ਨਹੀਂ, ਟੈਕਸ ਜੁਰਮਾਨਾ ਨਹੀਂ, ਗ਼ਲਤੀ ਹੁੰਦੀ ਹੀ ਨਹੀਂ, ਇਸ ਲਈ ਡਰ ਤੇ ਅਵੁਨਤੀ ਦਾ ਥਾਂ ਨਹੀਂ, ਪੰਧ ਘਰ ਗ੍ਰਿਹਸਤੀ ਰਾਹੀਂ ਕੱਟਣਾ ਹੈ, ਇਸ ਲਈ ਚੌਥੀ ਲਾਵ ਵਿਚ 'ਮੰਜ਼ਿਲਿ ਮਕਸੂਦ' ਤੱਕ ਪੁਚਾ ਦਿੱਤਾ ਹੈ, ਜਿਸ ਨੂੰ ਏਥੇ ਸਹਿਜ ਆਖਿਆ ਗਿਆ ਹੈ:

ਜਨੁ ਨਾਨਕੁ ਬੋਲੈ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥

(ਪੰਨਾ ੭੭੪)

ਇਉਂ ਇਹ 'ਲਾਵਾਂ' ਤੇ ਗੁਰਬਾਣੀ ਵਿਆਹੁਤਾ ਜੀਵਨ ਰਾਹੀਂ ਤੇ ਇਸ ਦੇ ਦ੍ਰਿਸ਼ਟਾਂਤ ਰਾਹੀਂ ਪਰਮਾਤਮਾ ਦੇ ਮੇਲ ਦਾ ਰਾਹ ਨਿਸਚਿਤ ਕਰਦੀ ਹੈ ਤੇ ਗ੍ਰਿਹਸਤ ਮਾਰਗ ਨੂੰ ਧਾਰਮਿਕ ਜੀਵਨ ਦੀ ਰੁਕਾਵਟ ਨਹੀਂ, ਸਗੋਂ ਸਹਾਇਕ ਸਿੱਧ ਕਰਦੀ ਹੈ, ਜੇ ਸਤਿਗੁਰੂ ਜੀ ਦੇ ਲਾਵਾਂ ਵਿਚ ਦੱਸੇ ਢੰਗ ਨਾਲ ਗ੍ਰਿਹਸਤ ਨਿਭਾਇਆ ਜਾਵੇ ।

(10/1986)

SikhBookClub.com

ਵਾਰ ਸਤ

ਬਿਲਾਵਲ 'ਵਾਰ ਸਤ' ਗੁਰੂ ਅਮਰਦਾਸ ਜੀ ਦੀ ਇਕ ਛੋਟੇ ਆਕਾਰ ਦੀ ਬਾਣੀ ਹੈ। ਜਿਸ ਵਿਚ ਸਾਧਕ ਲਈ ਸੱਤ ਦਿਨਾਂ ਦੇ ਨਾਵਾਂ ਤੋਂ ਉੱਤਮ ਉਪਦੇਸ਼ ਦਰਸਾਏ ਗਏ ਹਨ, 'ਵਾਰ ਸਤ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਬਾਰਾਂ ਮਾਹ', 'ਰੁੱਤੀ' 'ਥਿੱਤੀ' 'ਦਿਨ ਰੈਣਿ' 'ਪਹਰੇ' ਅਤੇ 'ਵਣਜਾਰਾ' ਨਾਂ ਦੇ ਕਾਵਿ-ਰੂਪਾਂ ਵਾਂਗ ਕਾਵਿ-ਰੂਪ ਹੈ। ਜਿਵੇਂ ਇਨ੍ਹਾਂ ਕਾਵਿ-ਰੂਪਾਂ ਵਿਚ ਕ੍ਰਮਵਾਰ ਬਾਰਾਂ ਮਹੀਨਿਆਂ ਸਾਲ ਦੀਆਂ ਛੇ ਰੁੱਤਾਂ (ਖਟ ਰਿਤੁ) ਮਹੀਨੇ ਦੀਆਂ ਪੰਦਰਾਂ ਥਿੱਤਾਂ, ਦਿਨ ਰਾਤ ਅਤੇ ਦਿਨ ਦੇ 4 ਪਹਿਰਾਂ ਨੂੰ ਆਧਾਰ ਬਣਾ ਕੇ ਬਾਣੀ ਰਚੀ ਹੈ, ਤਿਵੇਂ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ 'ਵਾਰ ਸਤ' ਵਿਚ ਹਫ਼ਤੇ ਦੇ ਸੱਤ ਵਾਰਾਂ ਨੂੰ ਆਧਾਰ ਬਣਾਇਆ ਹੈ। ਇਸ ਕਾਵਿ ਰੂਪ ਨੂੰ 'ਸਤ ਵਾਰ' ਵੀ ਕਿਹਾ ਜਾਂਦਾ ਹੈ ਭਾਵੇਂ ਬਿਲਾਵਲੁ ਰਾਗ ਵਿਚ ਇਸ ਰਚਨਾ ਦਾ ਸਿਰਲੇਖ 'ਵਾਰ ਸਤ' ਕਰਕੇ ਹੀ ਅੰਕਿਤ ਹੈ। ਲਿਖਿਤ ਅਤੇ ਮੌਖਿਕ ਦੋਹਾਂ ਕਾਵਿ ਪ੍ਰਣਾਲੀਆਂ ਵਿਚ 'ਸਤਵਾਰੇ' (ਵਾਰ ਸਤ) ਦੀ ਪਰੰਪਰਾ ਕਾਫ਼ੀ ਪੁਰਾਣੀ ਹੈ। ਵਿਕਾਸ ਕ੍ਰਮ ਵਿਚ ਇਹ ਬਾਰਾਂਮਾਹ ਦਾ ਪੁਰਬ ਵਰਤੀ ਪ੍ਰਤੀਤ ਹੁੰਦਾ ਹੈ।

ਬਾਰਾਂਮਾਹਾ ਕਾਵਿ ਰੂਪ ਵਿਚ ਬਿਰਹਨ ਦੀ ਮਾਨਸਿਕ ਪੀੜ ਦਾ ਦਰਦ ਰੰਗਵਰਣ ਬਾਰਾਂ ਮਹੀਨਿਆਂ ਵਿਚ ਪ੍ਰਕਿਰਤੀ ਦਾ ਭਿੰਨ ਭਿੰਨ ਚਿਤਾਰਾਂ ਵਿਚ ਕੀਤਾ ਜਾਂਦਾ ਹੈ। ਬਿਰਹਨ ਲਈ ਮਾਹੀ ਉਡੀਕ ਬੇਸਬਰੀ ਪੈਦਾ ਕਰਦੀ ਹੈ ਤਾਂ ਉਡੀਕਵਾਨ ਆਤਮਾ ਗਿਣ ਗਿਣ ਕੇ ਦਿਨ ਕੋਈ ਉੱਤੇ ਉਤਰ ਆਉਂਦੀ ਹੈ। ਇਹੀ ਭਾਵਨਾ ਬਿਲਾਵਲ 'ਵਾਰ ਸਤ' ਦੇ ਪਿੱਛੇ ਕੰਮ ਕਰਦੀ ਪ੍ਰਤੀਤ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਵਾਰ ਸਤ' (ਸਤਵਾਰਾ) ਸਿਰਲੇਖ ਹੇਠ ਦੋ ਬਾਣੀਆਂ ਦਰਜ ਹਨ। 1. ਗੁਰੂ ਅਮਰਦਾਸ ਰਚਿਤ 'ਵਾਰ ਸਤ' (ਬਿਲਾਵਲ) 2. ਗਉੜੀ ਵਾਰ ਕਬੀਰ ਜੀਉ। ਦੋਹਾਂ ਬਾਣੀਆਂ ਵਿਚ ਹੀ ਵਾਰਾਂ (ਦਿਨਾਂ) ਦੇ ਨਾਵਾਂ ਨੂੰ ਵੱਖ ਵੱਖ ਸ਼ਬਦ ਬੰਦਾਂ ਦਾ ਆਧਾਰ ਬਣਾ ਕੇ ਮਨੁੱਖ ਨੂੰ ਵਹਿਮਾਂ ਭਰਮਾਂ ਤੋਂ ਉਪਰ ਉਠ ਕੇ ਚੰਗਾ ਜੀਵਨ ਬਤੀਤ ਕਰਨ ਦੀ ਸਿਖਿਆ ਦਿੱਤੀ ਹੈ।

ਰਾਗ ਬਿਲਾਵਲ ਵਿਚ ਵਾਰ ਸਤ ਦੇ 10 ਬੰਦ ਹਨ, ਹਰ ਬੰਦ ਦੀਆਂ ਛੇ ਤੁਕਾਂ ਹਨ ਸਣੇ ਰਹਾਉ ਦੀਆਂ ਤੁਕਾਂ ਦੇ ਇਸ ਬਾਣੀ ਦੀਆਂ ਕੁਲ 62 ਸਤਰਾਂ ਹਨ। ਇਹ ਇਕ ਛੋਟੇ ਆਕਾਰ ਦੀ ਰਚਨਾ ਹੈ। ਪਰ ਇਸ ਦੇ ਹਰ ਬੰਦ ਵਿਚ ਇਕ ਨਰੋਏ ਅਤੇ ਵਿਉਂਤਬੱਧ ਵਿਚਾਰ ਦਾ ਵਰਣਨ ਹੋਇਆ ਹੈ। ਇਸ ਰਚਨਾ ਦੇ ਵਿਸ਼ੇ ਦਾ ਕੇਂਦਰੀ ਨੁਕਤਾ ਨਾਮ ਹੈ। ਰਚਨਾ ਦੇ ਆਰੰਭ ਵਿਚ ਹੀ ਰਹਾਉ ਦੀ ਤੁਕ ਵਿਚ ਨਾਮ ਦੀ ਮਹੱਤਤਾ ਬਿਆਨ ਕੀਤੀ ਗਈ ਹੈ:

ਹਿਰਦੈ ਜਪਨੀ ਜਪਉ ਗੁਣਤਾਸਾ॥
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ

SikhBookClub.com

ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥੧॥ਰਹਾਉ॥

(ਪੰਨਾ ੮੪੧)

ਨਾਮ

ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਮਨੁੱਖ ਨੂੰ ਸਦਾ ਆਤਮਿਕ ਅਨੰਦ ਮਿਲਦਾ ਹੈ—"ਨਾਮ ਰਤੇ ਸਦਾ ਸੁਖੁ ਹੋਈ"। ਨਾਮ ਜਪਣ ਵਾਲੇ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ—"ਨਾਮ ਰਤੇ ਮਨ ਨਿਰਮਲੁ ਹੋਇ"। ਨਾਮ ਨਾਲ ਹੀ ਮਨੁੱਖ ਸੱਚ ਵਿਚ ਸਮਾਉਂਦਾ ਹੈ—"ਸੋਮਵਾਰਿ ਸਚਿ ਰਹਿਆ ਸਮਾਇ"। ਅਜਿਹਾ ਨਾਮ ਮਨੁੱਖ ਨੂੰ ਆਪਣੇ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ—"ਨਾਨਕ ਨਾਮੁ ਰਖਹੁ ਉਰ ਧਾਰਿ"। ਨਾਮ ਹੀ ਪ੍ਰਭੂ ਦੀ ਹਸਤੀ ਦਾ ਵਿਸ਼ਵਾਸ ਹੈ, ਨਾਮ ਏਕਸ ਦਾ ਭਾਉ ਹੈ—"ਏਕਸ ਤੇ ਦੂਜਾ ਨਾਹੀ ਕੋਇ"। ਨਾਮ ਦੇ ਮੁਕਾਬਲੇ ਮਾਇਆ ਮੋਹ ਦੂਜਾ ਭਾਉ ਹੈ।

ਮਾਇਆ ਮੋਹ ਵਿਚ ਲੱਗਣਾ—ਨਾਮ ਨਾਲੋਂ ਪਦਾਰਥ ਨੂੰ ਮਹਾਨ ਮੰਨਣਾ ਹੈ। ਉਂਜ ਮਾਇਆ ਦਾ ਮੋਹ ਪਰਮਾਤਮਾ ਨੇ ਆਪ ਹੀ ਪੈਦਾ ਕੀਤਾ ਹੈ—"ਮੰਗਲ ਮਾਇਆ ਮੋਹੁ ਉਪਜਾਇਆ"। ਮਾਇਆ ਮਨੁੱਖੀ ਮਨ ਵਿਚ ਰੱਬੀ ਪਿਆਰ ਦੀ ਥਾਂ ਹੋਰ ਵਸਤਾਂ ਲਈ ਪਿਆਰ ਪੈਦਾ ਕਰਦੀ ਹੈ। ਇਹ ਦੁਨਿਆਵੀ ਮੋਹ ਹੈ, ਧੰਦੇ ਵਾਲਾ ਮੋਹ ਹੈ—"ਆਪੇ ਸਿਰਿ ਸਿਰਿ ਧੰਧੈ ਲਾਇਆ।" ਮਾਇਆ ਭਰਮ ਹੈ, ਦੂਜਾ ਭਾਉ ਹੈ—"ਬਿਨੁ ਬੂਝੇ ਸਭ ਭਾਉ ਹੈ ਦੂਜਾ॥" "ਪ੍ਰੇਤ ਭੂਤ ਸਭਿ ਦੂਜੇ ਲਾਏ", "ਵੀਰਵਾਰਿ ਵੀਰ ਭਰਮਿ ਭੁਲਾਏ", "ਇਹਿ ਥਿਤੀ ਵਾਰ ਦੂਜਾ ਦੋਇ"। 'ਵਾਰ ਸਤ' ਵਿਚ ਮਾਇਆ ਬਿਨਾਂ ਬ੍ਰਹਮ ਬਾਰੇ ਵਿਚਾਰ ਦਰਸਾਏ ਹਨ।

ਬ੍ਰਹਮ

ਜਗਤ ਅਤੇ ਗੁਰਮੁਖ ਦੇ ਸੰਕਲਪ ਬਾਰੇ ਵੀ ਚਰਚਾ ਹੋਈ ਹੈ—ਬ੍ਰਹਮ ਅਗੰਮ ਹੈ, ਉਹ ਸਾਰੇ ਸੰਸਾਰ ਨੂੰ ਤਾਣੇ ਪੇਟੇ ਵਾਂਗ ਆਪਣੀ ਰਜ਼ਾ ਵਿਚ ਪਰੋ ਰਿਹਾ ਹੈ:

ਆਪੇ ਵਰਤੈ ਦੂਜਾ ਅਵਰੁ ਨ ਕੋਈ॥

(ਪੰਨਾ ੯੪੬)

ਬ੍ਰਹਮ ਜਗਤ ਵਿਚ ਹਰ ਥਾਂ ਵਿਆਪਕ ਹੈ:

ਸੋਮਵਾਰਿ ਸਚਿ ਰਹਿਆ ਸਮਾਇ॥

(ਪੰਨਾ ੮੪੧)

ਉਹ ਸਰਗੁਣ ਵੀ ਹੈ ਅਤੇ ਨਾਲ ਹੀ ਬੇਅੰਤ ਵੀ ਹੈ:

ਤਿਸ ਕੀ ਕੀਮਤਿ ਕਹੀ ਨ ਜਾਇ॥...
ਅਗਮ ਅਗੋਚਰੁ ਲਖਿਆ ਨ ਜਾਇ॥

(ਪੰਨਾ ੮੪੧)

ਪਰਮਾਤਮਾ ਸਭ ਜੀਵ-ਜੰਤਾਂ ਦੀ ਟੇਕ ਹੈ:

ਸਭਨਾ ਕਰਤੇ ਤੇਰੀ ਟੇਕਾ॥

(ਪੰਨਾ ੮੪੧)

SikhBookClub.com

ਅਤੇ ਉਹ ਸਦਾ ਸਥਿਰ ਹੈ:

ਨਿਹਚਲੁ ਸਾਚੁ ਰਹਿਆ ਕਲ ਧਾਰਿ॥

(ਪੰਨਾ ੮੪੨)

ਜਗਤ

ਪਰਮਾਤਮਾ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਉਹ ਸਾਰੇ ਜਗਤ ਨੂੰ ਆਪ ਪੈਦਾ ਕਰਕੇ ਉਸ ਦੀ ਕਦਰ ਭੀ ਆਪ ਹੀ ਜਾਣਦਾ ਹੈ—"ਆਪਿ ਉਪਾਏ ਕਰਿ ਵੇਖੈ ਵੇਕਾ" "ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ"। ਪਰਮਾਤਮਾ ਦਾ ਸਿਮਰਨ ਛੱਡ ਜੋਤਿਸ਼ ਸ਼ਾਸਤਰ ਦੇ ਵਿਚਾਰਨ ਨਾਲ ਜਗਤ ਮਮਤਾ ਤੇ ਹਉਮੈ ਵਿਚ ਭਟਕਦਾ ਹੈ:

ਛਨਿਛਰਵਾਰਿ ਸਉਣ ਸਾਸਤ ਬੀਚਾਰੁ॥ ਹਉਮੈ ਮੇਰਾ ਭਰਮੈ ਸੰਸਾਰੁ॥

(ਪੰਨਾ ੮੪੧)

ਇਹ ਸੰਸਾਰ ਆਵਾ ਗਉਣ ਹੈ:

ਦਿਨਸੁ ਰੈਣਿ ਤਿਵੈ ਸੰਸਾਰੁ॥
ਆਵਾ ਗਉਣੁ ਕੀਆ ਕਰਤਾਰਿ॥

(ਪੰਨਾ ੮੪੨)

ਗੁਰਮੁਖ

ਕੋਈ ਵਿਰਲਾ ਮਨੁੱਖ ਹੀ ਇਹ ਜਾਣਦਾ ਹੈ ਕਿ ਨਾਮ ਵਿਚ ਰੰਗੇ ਹੋਏ ਮਨੁੱਖ ਨੂੰ ਆਤਮਕ ਸੁਖ ਮਿਲਦਾ ਹੈ:

ਨਾਮਿ ਰਤੇ ਸਦਾ ਸੁਖੁ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥

(ਪੰਨਾ ੮੪੧)

ਗੁਰਮੁਖ ਪ੍ਰਭੂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ। ਹਰਿ ਨਾਮ ਸਿਮਰਨ ਅਤੇ ਇੰਦਰੀਆਂ ਨੂੰ ਵਿਕਾਰਾਂ ਤੋਂ ਬਚਾਈ ਰੱਖਣਾ, ਉਸ ਦਾ ਨਿਤ ਦਾ ਕੰਮ ਹੋ ਜਾਂਦਾ ਹੈ:

ਗੁਰਮੁਖਿ ਹੋਵੈ ਸੁ ਕਰੈ ਬੀਚਾਰੁ॥ ਸਚੁ ਸੰਜਮੁ ਕਰਣੀ ਹੈ ਕਾਰ॥

(ਪੰਨਾ ੮੪੧)

ਜੋ ਸਤਿਗੁਰ ਨੂੰ ਸੇਵਦੇ ਹਨ, ਉਹ ਵਡਭਾਗੇ ਹਨ, ਉਹ ਹਉਮੈ ਮਾਰ ਕੇ ਆਪਣੀ ਲਿਵ ਪਰਮਾਤਮਾ ਵਿਚ ਲਾ ਲੈਂਦੇ ਹਨ। ਗੁਰਮੁਖ ਨੂੰ ਇਹ ਸੋਝੀ ਹੈ ਕਿ ਪ੍ਰਭੂ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਹੈ:

ਸਤਿਗੁਰੁ ਸੇਵਹਿ ਸੇ ਵਡਭਾਗੀ॥
ਹਉਮੈ ਮਾਰਿ ਸਚਿ ਲਿਵ ਲਾਗੀ॥
ਤੇਰੈ ਰੰਗਿ ਰਾਤੇ ਸਹਜਿ ਸੁਭਾਇ॥
ਤੂ ਸੁਖਦਾਤਾ ਲੈਹਿ ਮਿਲਾਇ॥

SikhBookClub.com

ਏਕਸ ਤੇ ਦੂਜਾ ਨਾਹੀ ਕੋਇ॥
ਗੁਰਮੁਖਿ ਬੂਝੈ ਸੋਝੀ ਹੋਇ॥

(ਪੰਨਾ ੮੪੧-੪੨)

ਬਿਲਾਵਲ 'ਵਾਰ ਸਤ' ਵਾਂਗ 'ਗਉੜੀ ਵਾਰ ਕਬੀਰ ਜੀਉ ਕੇ' (ਪੰਨਾ 344) ਬਾਣੀ ਦਾ ਕੇਂਦਰੀ ਨੁਕਤਾ ਵੀ ਨਾਮ ਹੈ ਅਤੇ ਇਸ ਦੀਆਂ ਰਹਾਉ ਦੀਆਂ ਤੁਕਾਂ ਵਿਚ ਬਾਰ ਬਾਰ ਹਰੀ ਦੇ ਗੁਣ ਗਾਉਣ ਦੀ ਪ੍ਰੇਰਣਾ ਕੀਤੀ ਗਈ ਹੈ। ਨਾਮ ਦੀ ਪ੍ਰਾਪਤੀ ਗੁਰੂ ਦੁਆਰਾ ਹੁੰਦੀ ਹੈ:

ਬਾਰ ਬਾਰ ਹਰਿ ਕੇ ਗੁਨ ਗਾਵਉ॥
ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ॥੧॥ਰਹਾਉ॥

(ਪੰਨਾ ੩੪੪)

ਅਤੇ ਅੰਤਲੀਆਂ ਤੁਕਾਂ ਵਿਚ ਭੀ ਨਾਮ ਦਾ ਮਹੱਤਵ ਦਰਸਾਇਆ ਗਿਆ ਹੈ। ਪਰਮਾਤਮਾ ਦੀ ਸਰੂਪ ਪ੍ਰਾਪਤੀ ਨੂੰ ਪ੍ਰੇਮ ਦਾ ਫਲ ਮੰਨਿਆ ਹੈ ਅਤੇ ਪ੍ਰੇਮ ਲਾਉਣ ਦਾ ਢੰਗ ਉਸ ਪ੍ਰਭੂ ਦਾ ਸਿਮਰਨ ਹੈ:

ਰਮਤ ਰਾਮ ਸਿਉ ਲਾਗੋ ਰੰਗੁ॥
ਕਹਿ ਕਬੀਰ ਤਬ ਨਿਰਮਲ ਅੰਗ॥

(ਪੰਨਾ ੩੪੪)

ਜੇ ਹਰੀ ਸਿਮਰਨ ਵਾਲੀ ਬਿਰਤੀ ਦਿਨ ਰਾਤ ਨਿਰੰਤਰ ਚਲ ਪਵੇ ਤਾਂ ਕਿਸੇ ਯੋਗ ਆਦਿ ਦਾ ਜਤਨ ਕੀਤੇ ਬਿਨਾਂ ਹੀ ਸਹਿਜ ਵਿਚ ਅਨਹਦ ਬੇਣ (ਬੰਸਰੀ) ਵੱਜ ਪੈਂਦੀ ਹੈ:

ਅਹਿਨਿਸਿ ਅਖੰਡ ਸੁਰਹੀ ਜਾਇ॥
ਤਉ ਅਨਹਦ ਬੇਣੁ ਸਹਜ ਮਹਿ ਬਾਇ॥

(ਪੰਨਾ ੩੪੪)

'ਗਉੜੀ ਵਾਰ ਕਬੀਰ' ਵਿਚ ਬਿਲਾਵਲ 'ਵਾਰ ਸਤ' ਵਾਂਗ ਮਾਇਆ (ਦੂਜਾ ਭਾਉ) ਦੇਵੀ ਦੇਵਤੇ ਤੇ ਪਰਮਾਤਮਾ ਬਾਰੇ ਵੀ ਵਿਚਾਰ ਵਿਅਕਤ ਹੋਏ ਹਨ:

ਬ੍ਰਹਮਾ, ਬਿਸ਼ਨ ਅਤੇ ਮਹੇਸ਼ ਦੀ ਉਪਾਸ਼ਨਾ ਛੱਡ ਕੇ ਉਨ੍ਹਾਂ ਦੇ ਰਚਨਹਾਰ (ਪਰਮਾਤਮਾ) ਵਿਚ ਟਿਕੇ ਰਹਿਣਾ ਤਿੰਨ ਦੇਵਤਿਆਂ ਨੂੰ ਬਿਖਿਆ ਸੰਗ ਰੋੜ੍ਹ ਦੇਣਾ ਹੈ:

ਬ੍ਰਿਹਸਪਤਿ ਬਿਖਿਆ ਦੇਇ ਬਹਾਇ॥
ਤੀਨਿ ਦੇਵ ਏਕ ਸੰਗਿ ਲਾਇ॥

(ਪੰਨਾ ੩੪੪)

ਕਿਉਂਕਿ ਕੰਵਲ ਫੁੱਲ ਖਿੜਦਾ ਤਾਂ ਵਾਯੂ ਮੰਡਲ ਵਿਚ ਹੈ ਪਰ ਉਸ ਦੀ ਨਾਲ ਜਲ ਵਿਚ ਹੁੰਦੀ ਹੈ ਅਤੇ ਪੈਰ ਚਿੱਕੜ ਵਿਚ ਹੁੰਦੇ ਹਨ। ਜਿਵੇਂ ਹੀ ਜਦ ਹਿਰਦਾ-ਕਮਲ ਖਿੜਦਾ ਹੈ ਤਾਂ ਆਤਮ-ਮੰਡਲ ਵਿਚ ਹੁੰਦਾ ਹੈ ਪਰ ਉਸ ਦੀ ਨਾਲ ਬੁੱਧੀ ਵਿਚ ਹੁੰਦੀ ਹੈ ਅਤੇ ਪੈਰ ਸਰੀਰ ਵਿਚ। ਸਰੀਰ ਮਾਇਕ ਹੈ, ਇਸ ਵਿਚ ਵਿਸ਼ਿਆਂ ਦੀ ਜੜ੍ਹ ਹੁੰਦੀ ਹੈ। ਮਾਇਆ ਦਾ ਸਰੂਪ ਤ੍ਰੈ ਗੁਣੀ ਹੈ। ਉਪਦੇਸ਼ ਹੈ ਕਿ ਸਰੀਰ ਮਾਇਕ ਹੈ, ਸਰੀਰ ਦੇ ਹੁੰਦਿਆਂ ਮਾਇਆ ਮੂਲੋਂ ਤਾਂ ਕੱਟੀ ਨਹੀਂ ਜਾ ਸਕਦੀ। ਇਸ

SikhBookClub.com

ਲਈ ਇਸ ਵਿਚ ਜੋ ਵਿਸ਼ੇ-ਵਾਸ਼ਨਾ ਹੈ, ਉਸ ਨੂੰ ਅਖੰਡ ਚਲ ਰਹੇ ਨਾਮ ਦੀ ਪ੍ਰਵਾਹ ਰੂਪ ਨਦੀ ਵਿਚ ਰੋੜ੍ਹਨਾ ਹੈ ਅਤੇ ਤ੍ਰੈ ਗੁਣਾਂ ਦੇ ਪ੍ਰਭਾਵ ਵਿਚ ਜੋ ਸੁਰਤ ਲੱਗ ਰਹੀ ਹੈ, ਉਸ ਨੂੰ ਉਸ ਦੇ ਪ੍ਰਭਾਵ ਵਿਚੋਂ ਕੱਢ ਕੇ ਤ੍ਰਿਗੁਣਾਤੀਤ ਕਰਨਾ ਹੈ। ਇਹ ਹੈ ਤਿੰਨ ਗੁਣਾਂ ਨੂੰ ਰੁੜ੍ਹੀ ਜਾਂਦੀ ਬਿਖਿਆ ਦੇ ਸਾਥ ਰਲਾਉਣਾ:

ਬ੍ਰਿਹਸਪਤਿ ਬਿਖਿਆ ਦੇਇ ਬਹਾਇ॥
ਤੀਨਿ ਦੇਵ ਏਕ ਸੰਗਿ ਲਾਇ॥
ਤੀਨਿ ਨਦੀ ਤਹ ਤ੍ਰਿਕੁਟੀ ਮਾਹਿ॥
ਅਹਿਨਿਸਿ ਕਸਮਲ ਧੋਵਹਿ ਨਾਹਿ॥੫॥

(ਪੰਨਾ ੩੪੪)

ਇੰਦਰੀਆਂ ਨੂੰ ਭਲੀ ਪ੍ਰਕਾਰ ਕਾਬੂ ਕਰਨਾ ਦ੍ਵੈਤ ਭਾਵ ਤੋਂ ਬਚਣਾ ਹੈ। ਇੰਦਰੀਆਂ ਨੂੰ ਵਿਸ਼ਿਆਂ ਨਾਲ ਸੰਘਰਸ਼ ਕਰਨ ਤੋਂ ਰੋਕਣ ਅਤੇ ਮਨ ਦੀਆਂ ਵਾਸ਼ਨਾਵਾਂ ਨੂੰ ਪਵਿੱਤਰ ਕਰਨ ਨਾਲ ਨਾਮ ਅਤੇ ਗਿਆਨ ਦੀ ਸਫਲਤਾ ਹੁੰਦੀ ਹੈ:

ਸੁਰਖੀ ਪਾਂਚਉ ਰਾਖੈ ਸਬੈ॥
ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ॥੬॥

(ਪੰਨਾ ੩੪੪)

ਜਦ ਤਕ ਹਿਰਦੇ ਵਿਚ ਪ੍ਰਭੂ ਬਿਨਾਂ ਕਿਸੇ ਹੋਰ ਦੀ ਸ਼ਰਨ ਦਾ ਖ਼ਿਆਲ ਹੈ, ਜਦ ਤਕ ਪਰਮਾਤਮਾ ਦੇਵ ਦੀ ਸਰੂਪ ਪ੍ਰਾਪਤੀ ਦਾ ਲਾਭ ਨਹੀਂ ਹੁੰਦਾ। ਪਰ ਜਦ ਉਸ ਵਾਹਿਗੁਰੂ ਨਾਲ ਪ੍ਰੇਮ ਹੋ ਗਿਆ, ਤਦ ਉਹ ਨਿਰਮਲ ਅੰਗ ਸੁਖ ਸਰੂਪ ਹੋ ਜਾਂਦਾ ਹੈ:

ਜਬ ਲਗੁ ਘਟ ਮਹਿ ਦੂਜੀ ਆਨ॥
ਤਉ ਲਉ ਮਹਲਿ ਨ ਲਾਭੈ ਜਾਨ॥
ਰਮਤ ਰਾਮ ਸਿਉ ਲਾਗੋ ਰੰਗੁ॥
ਕਹਿ ਕਬੀਰ ਤਬ ਨਿਰਮਲ ਅੰਗ॥੮॥

(ਪੰਨਾ ੩੪੪)

ਉਪਰੋਕਤ ਬਿਲਾਵਲ ਵਾਰ ਸਤ ਅਤੇ ਗਉੜੀ ਵਾਰ ਕਬੀਰ ਜੀਉ ਦੇ ਵਿਵੇਚਨ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਦੋਹਾਂ ਬਾਣੀਆਂ ਵਿਚ ਹੀ, ਨਾਮ, ਮਾਇਆ (ਦੂਜਾ ਭਾਉ), ਦੇਵੀ ਦੇਵਤੇ ਅਤੇ ਪਰਮਾਤਮਾ ਦੇ ਸੰਕਲਪ ਸਾਂਝੇ ਆਏ ਹਨ। ਦੋਹਾਂ ਵਿਚ ਹੀ ਮਨੁੱਖ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਕੀਤੀ ਗਈ ਹੈ ਅਤੇ ਦੇਵੀ ਦੇਵਤਿਆਂ ਤੇ ਦੂਜੇ ਭਾਉ ਵਿਚ ਵਿਸ਼ਵਾਸ ਦੀ ਥਾਂ ਏਕਸ ਪ੍ਰਭੂ 'ਤੇ ਵਿਸ਼ਵਾਸ ਰੱਖਣ ਦਾ ਉਪਦੇਸ਼ ਹੈ।

ਬਿਲਾਵਲ 'ਵਾਰ ਸਤ' ਵਿਚ ਗੁਰੂ ਅਮਰਦਾਸ ਜੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਪਰਮਾਤਮਾ ਬਿਨਾਂ ਕਿਸੇ ਦੂਜੀ ਸ਼ਕਤੀ ਨੂੰ ਮੰਨਣਾ ਦੂਜਾ ਭਾਉ ਹੈ। ਰਚਨਾ ਦੇ ਆਰੰਭ ਤੇ ਅੰਤ ਵਿਚ ਇਕ ਪ੍ਰਭੂ ਵਿਚ ਵਿਸ਼ਵਾਸ ਰੱਖਣ 'ਤੇ ਜ਼ੋਰ ਹੈ।

ਆਪੇ ਵਰਤੈ ਅਵਰੁ ਨ ਕੋਈ॥...
ਏਕਸ ਤੇ ਦੂਜਾ ਨਾਹੀ ਕੋਇ॥ *(ਪੰਨਾ ੮੪੧)*

SikhBookClub.com

ਮਾਇਆ, ਮੋਹ, ਮਮਤਾ, ਧੰਦਾ, ਹਉਮੈ, ਭਰਮ, ਪ੍ਰੇਤ, ਭੂਤ, ਵਰਤ, ਨੇਮ, ਪੂਜਾ, ਸਉਣ, ਸ਼ਾਸਤ੍ਰ ਦਾ ਵੀਚਾਰ ਮਨਮੁਖਤਾ, ਪੰਦਰਾਂ ਥਿਤਾਂ, ਸਤ ਵਾਰ, ਮਹੀਨੇ, ਰੁੱਤਾਂ, ਦਿਨ ਅਤੇ ਰਾਤ 'ਦੂਜੇ ਭਾਉ' ਦੇ ਹੀ ਵੱਖ-ਵੱਖ ਰੂਪ ਹਨ। ਇਨ੍ਹਾਂ ਥਿੱਤਾਂ, ਵਾਰਾਂ ਅਤੇ ਸਉਣ ਸ਼ਾਸਤ੍ਰ ਦਾ ਭਰਮ ਕਰਨਾ ਸਮੇਂ (ਕਾਲ) ਦਾ ਭਰਮ ਕਰਨਾ ਹੈ, ਸਮੇਂ ਵਿਚ ਵਿਸ਼ਵਾਸ ਕਰਨਾ ਹੈ। ਭਾਰਤੀ ਜੀਵਨ ਵਿਚ ਸਮੇਂ (ਥਿਤ ਵਾਰ, ਮਹੀਨੇ ਅਤੇ ਰਾਸਾਂ) ਨੂੰ ਬੜੀ ਅਹਿਮੀਅਤ ਦਿੱਤੀ ਗਈ ਹੈ। ਭਾਰਤ ਵਿਚ ਪੁੰਨਿਆ, ਮੱਸਿਆ ਤੇ ਚੌਦਸ ਦੀ ਵਿਸ਼ੇਸ਼ ਮਹੱਤਤਾ ਹੈ। ਸਮੇਂ (ਥਿਤ ਵਾਰ) ਨੂੰ ਲੋਕ-ਜੀਵਨ ਚੰਗਾ ਜਾਂ ਮਾੜਾ ਮੰਨਣ ਦਾ ਰਿਵਾਜ ਕਾਫ਼ੀ ਪੁਰਾਣਾ ਹੈ। ਮਨੁੱਖੀ ਜੀਵਨ ਵਿਚ ਪੰਡਤਾਂ, ਜੋਤਸ਼ੀਆਂ ਨੂੰ ਛੱਡ ਕੇ ਆਮ ਵਰਤਾਰੇ ਵਿਚ ਵੀ ਦਿਨਾਂ ਦੀ ਵਰਤੋਂ ਬਾਰੇ ਸ਼ੁਭ ਅਸ਼ੁਭ ਦੇ ਵਹਿਮਾਂ ਦਾ ਦਖਲ ਹੋ ਗਿਆ ਸੀ। ਇਹ ਵਹਿਮ ਭੂਤ ਕਾਲ ਵਿਚ ਵੀ ਸਨ ਤੇ ਵਰਤਮਾਨ ਸਮੇਂ ਵੀ ਹਨ। ਮੰਗਲ ਤੇ ਵੀਰਵਾਰ ਨੂੰ ਚੀਹੜਾ ਦਿਨ ਆਖਦੇ ਹਨ। ਐਤਵਾਰ ਤੇ ਬੁਧਵਾਰ ਨੂੰ ਸ਼ੁਭ ਗਿਣਦੇ ਹਨ। ਨਵਾਂ ਕਪੜਾ ਪਹਿਨਣਾ ਬੁੱਧ ਤੇ ਛਨਿਛਰ ਨੂੰ ਚੰਗਾ ਮੰਨਦੇ ਹਨ। ਨਵਾਂ ਗਹਿਣਾ ਐਤਵਾਰ ਪਹਿਨਦੇ ਹਨ। ਐਤਵਾਰ ਨੂੰ ਧੀਆਂ ਨੂੰ ਘਰੋਂ ਨਹੀਂ ਟੋਰਦੇ। ਮੰਗਲਵਾਰ ਜਨਾਨੀਆਂ ਸਿਰ ਨਹੀਂ ਨਹਾਉਂਦੀਆਂ ਜਾਂ ਕਿਸੇ ਵਿਸ਼ੇਸ਼ ਕਾਰਜ ਦਾ ਆਰੰਭ ਬੁਧਵਾਰ ਨੂੰ ਕੀਤੇ ਜਾਣ ਦਾ ਰਿਵਾਜ ਹੈ। ਇਸ ਪ੍ਰਕਾਰ ਸਮੇਂ ਦੇ ਭਾਗ (ਖਾਸ ਦਿਨ) ਕਿਸੇ ਖਾਸ ਕਾਰਜ ਲਈ ਸ਼ੁਭ ਹਨ ਅਤੇ ਕਿਸੇ ਖਾਸ ਕਾਰਜ ਲਈ ਅਸ਼ੁਭ। ਇਨ੍ਹਾਂ ਦਿਨਾਂ, ਥਿਤਾਂ ਅਤੇ ਮਹੀਨਿਆਂ ਆਦਿ ਦਾ ਸਬੰਧ ਸੂਰਜ ਅਤੇ ਚੰਦ੍ਰਮਾਂ ਨਾਲ ਹੈ। ਸੂਰਜ ਅਤੇ ਚੰਦ ਦੋਹਾਂ ਦੇ ਅਨੁਸਾਰ ਹੀ ਸਾਲ ਦੇ ਮਹੀਨਿਆਂ ਅਤੇ ਦਿਨਾਂ ਦੀ ਗਿਣਤੀ ਹੁੰਦੀ ਹੈ। ਸੂਰਜ ਬਾਰਾਂ ਰਾਸਾਂ ਵਿਚੋਂ ਲੰਘਦਾ ਹੈ। ਜਦੋਂ ਨਵੀਂ ਰਾਸ ਵਿਚ ਪੁੱਜਦਾ ਹੈ, ਨਵਾਂ ਮਹੀਨਾ ਚੜ੍ਹਦਾ ਹੈ। ਚੰਦ ਦੇ ਵਧਣ ਘਟਣ ਦੇ ਹਿਸਾਬ ਅਨੁਸਾਰ ਦਿਨਾਂ ਨੂੰ ਥਿੱਤ ਕਿਹਾ ਜਾਂਦਾ ਹੈ। ਸੰਸਕ੍ਰਿਤ ਲਫ਼ਜ਼ ਤਿਥਿ ਹੈ। ਚੰਦ ਦੇ ਹਿਸਾਬ ਹਰੇਕ ਮਹੀਨੇ ਦੇ ਦੋ ਹਿੱਸੇ, ਦੋ ਪੱਖ ਹੁੰਦੇ ਹਨ, ਹਨੇਰਾ ਪੱਖ ਅਤੇ ਚਾਨਣਾ ਪੱਖ। ਮੱਸਿਆ (ਜਿਸ ਰਾਤ ਮੁਕੰਮਲ ਹਨੇਰਾ ਹੁੰਦਾ ਹੈ ਅਤੇ ਚੰਦ ਬਿਲਕੁਲ ਨਹੀਂ ਦਿੱਸਦਾ, ਤੋਂ ਅਗਾਂਹ ਚਾਨਣਾ ਪੱਖ ਸ਼ੁਰੂ ਹੁੰਦਾ ਹੈ, ਕਿਉਂਕਿ ਚੰਦ੍ਰਮਾ ਹਰ ਰੋਜ਼ ਵਧਦਾ ਜਾਂਦਾ ਹੈ, ਪੂਰਨਮਾਸੀ ਤੱਕ ਚਾਨਣਾ ਪੱਖ ਹੁੰਦਾ ਹੈ। ਪੂਰਨਮਾਸ਼ੀ ਦੀ ਰਾਤ ਨੂੰ ਚੰਦ੍ਰਮਾਂ ਮੁਕੰਮਲ ਹੁੰਦਾ ਹੈ। ਪਿਛੋਂ ਚੰਦ ਘੱਟਣ ਲੱਗ ਪੈਂਦਾ ਹੈ, ਇਸ ਨੂੰ ਹਨੇਰਾ ਪੱਖ ਕਹਿੰਦੇ ਹਨ। ਮੱਸਿਆ ਤੋਂ ਅੱਗੇ ਥਿੱਤਾਂ ਆਉਂਦੀਆਂ ਹਨ। ਹਨੇਰੇ ਪੱਖ ਦੀਆਂ ਥਿੱਤਾਂ ਨੂੰ 'ਵਦੀ' ਅਤੇ ਚਾਨਣੇ ਪੱਖ ਦੀਆਂ ਥਿੱਤਾਂ ਨੂੰ 'ਸੁਦੀ' ਕਹਿੰਦੇ ਹਨ। ਹਿੰਦੂ ਧਰਮ ਮਰਯਾਦਾ ਦੇ ਮੰਨਣ ਵਾਲੇ ਲੋਕ ਇਨ੍ਹਾਂ ਥਿੱਤਾਂ 'ਤੇ ਵਰਤ ਰੱਖਦੇ ਹਨ ਅਤੇ ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡਾਂ ਅਨੁਸਾਰ ਹੋਰ ਕਈ ਕਿਸਮ ਦੇ ਕਰਮ ਧਰਮ ਕਰਦੇ ਹਨ। ਜਿਵੇਂ ਇਕਾਦਸ਼ੀ ਆਦਿਕ ਥਿੱਤਾਂ ਤੇ ਵਰਤ ਰੱਖੇ ਜਾਂਦੇ ਹਨ, ਤਿਵੇਂ ਇਨ੍ਹਾਂ ਸੱਤਾਂ ਦਿਨਾਂ ਦੇ ਨਾਲ ਭੀ ਕਈ ਕਰਮਾਂ ਧਰਮਾਂ ਦਾ ਸਬੰਧ ਥਾਪਿਆ ਗਿਆ ਹੈ। ਇਹ ਵਾਰ ਦੇਵੀ ਦੇਵਤਿਆਂ ਜਾਂ ਤਾਰਿਆਂ ਦੇ ਨਾਵਾਂ ਨਾਲ ਸੰਬੰਧ ਰੱਖਦੇ ਹਨ। ਮੰਗਲਵਾਰ ਦੇਵੀ ਦਾ ਵਾਰ ਸਮਝਿਆ ਜਾਂਦਾ ਹੈ। ਸ਼ਨਿੱਚਰਵਾਰ ਛਨਿੱਛਰ ਦੇਵਤੇ ਦਾ ਦਿਨ ਹੈ। ਗੁਰੂ ਅਮਰਦਾਸ ਜੀ ਆਪਣੀ ਰਚਨਾ ਬਿਲਾਵਲ 'ਸਤ ਵਾਰ' ਵਿਚ ਇਹ ਉਪਦੇਸ਼ ਕਰਦੇ ਹਨ ਕਿ ਥਿਤ ਵਾਰ ਦਾ ਸੇਵਨ ਕਰਨਾ ਸਿਆਣਪ ਨਹੀਂ, ਸਗੋਂ ਇਨ੍ਹਾਂ ਥਿਤਾਂ, ਵਾਰਾਂ, ਰੁੱਤਾਂ ਅਤੇ ਮਹੀਨਿਆਂ ਦੇ ਵਹਿਮ ਭਰਮ ਛੱਡ ਕੇ ਇਕ ਪ੍ਰਭੂ ਵਿਚ ਵਿਸ਼ਵਾਸ ਰੱਖਣਾ ਤੇ ਉਸ ਵਾਹਿਗੁਰੂ ਦੀ ਭਗਤੀ ਕਰਨੀ ਚਾਹੀਦੀ ਹੈ:

ਪੰਦ੍ਰਹ ਥਿਤੀ ਤੈ ਸਤ ਵਾਰ॥

SikhBookClub.com

ਮਾਹਾ ਰੁਤੀ ਆਵਹਿ ਵਾਰ ਵਾਰ॥
ਦਿਨਸੁ ਰੈਣਿ ਤਿਵੈ ਸੰਸਾਰੁ॥
ਆਵਾ ਗਉਣੁ ਕੀਆ ਕਰਤਾਰਿ॥
ਨਿਹਚਲੁ ਸਾਚੁ ਰਹਿਆ ਕਲ ਧਾਰਿ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥ *(ਪੰਨਾ ੮੪੨)*

'ਵਾਰ ਸਤ' ਬਾਣੀ ਦਾ ਕੇਂਦਰੀ ਵਿਚਾਰ ਨਾਮ ਸਿਮਰਨ ਹੈ। ਨਾਮ ਸਿਮਰਨ ਹੀ ਜੀਵਨ ਨੂੰ ਸੁਖੀ ਬਣਾਉਂਦਾ ਹੈ। ਮਨ ਨੂੰ ਨਿਰਮਲ ਕਰਨ ਵਾਲੇ ਨਾਮ ਨੂੰ ਛੱਡ ਚੰਦ-ਸੂਰਜ ਆਦਿ ਵਿਚ ਵਿਸ਼ਵਾਸ ਰੱਖਣਾ ਵਹਿਮ ਭਰਮ ਵਾਲਾ ਜੀਵਨ ਬਿਤਾਉਣਾ ਹੈ। ਕਿਉਂਕਿ ਚੰਦ ਸੂਰਜ ਤਾਂ ਆਪ ਪ੍ਰਭੂ ਦੇ ਹੁਕਮ ਵਿਚ ਚਲਦੇ ਹਨ। ਨਾਮ ਸਿਮਰਨ ਦਾ ਭਾਵ:

ਏਕਸ ਤੇ ਦੂਜਾ ਨਾਹੀ ਕੋਇ॥ *(ਪੰਨਾ ੮੪੨)*

ਹੈ, ਨਾਮ ਸਿਮਰਨਾ ਇਕ ਪ੍ਰਭੂ ਦਾ ਵਿਸ਼ਵਾਸੀ ਬਣਨਾ ਹੈ, ਪਰ ਸਉਣ ਸ਼ਾਸਤਰ, ਵਰਤ, ਨੇਮ ਅਤੇ ਮਾਇਆ ਮੋਹ ਦੂਜਾ ਭਾਉ ਹਨ। ਇਨ੍ਹਾਂ ਥਿੱਤਾਂ, ਵਾਰਾਂ, ਰੁੱਤਾਂ, ਵਰਤ ਨੇਮ ਅਤੇ ਸ਼ਾਸਤਰਾਂ ਦੀ ਚੰਦ-ਸੂਰਜ ਦੇ ਰੂਪ ਵਿਚ ਪੂਜਾ ਕਰਨੀ ਮਨਮੱਤ ਹੈ। ਬਾਣੀ ਵਿਚ ਇਨ੍ਹਾਂ ਦੀ ਨਿਖੇਧੀ ਕੀਤੀ ਗਈ ਹੈ:

ਸਤਿਗੁਰ ਬਾਝਹੁ ਅੰਧੁ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਵਾਰ॥

(ਪੰਨਾ ੮੪੩)

ਵੀਰਵਾਰਿ ਵੀਰ ਭਰਮਿ ਭੁਲਾਏ॥
ਪ੍ਰੇਤ ਭੂਤ ਸਭਿ ਦੂਜੈ ਲਾਏ॥

(ਪੰਨਾ ੮੪੧)

ਵਰਤੁ ਨੇਮੁ ਨਿਤਾਪ੍ਰਤਿ ਪੂਜਾ॥
ਬਿਨੁ ਬੂਝੇ ਸਭੁ ਭਾਉ ਹੈ ਦੂਜਾ॥

(ਪੰਨਾ ੮੪੧)

ਥਿਤੀ ਵਾਰ ਸਭਿ ਆਵਹਿ ਜਾਹਿ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ॥

(ਪੰਨਾ ੮੪੨)

ਇਸ ਤਰ੍ਹਾਂ ਸਮੁੱਚੇ ਤੌਰ 'ਤੇ ਗੁਰੂ ਅਮਰਦਾਸ ਜੀ ਨੇ ਲੋਕ-ਕਾਵਿ ਰੂਪ ਮਾਧਿਅਮ ਰਾਹੀਂ ਆਪਣੇ ਅਧਿਆਤਮਿਕ ਵਿਚਾਰਾਂ ਨੂੰ ਪ੍ਰਗਟਾ ਕੇ ਲੋਕਾਂ ਦੇ ਮਨਾਂ ਵਿਚੋਂ ਵਾਰਾਂ ਸੰਬੰਧੀ ਵਹਿਮਾਂ ਨੂੰ ਸਫਲਤਾ ਨਾਲ ਕੱਢਣ ਦਾ ਯਤਨ ਕੀਤਾ ਹੈ।

(5/1981)

SikhBookClub.com

ਲਾਵਾਂ: ਦੈਵੀ ਮਿਲਾਪ ਦਾ ਸਫ਼ਰ

ਸਿੱਖ ਧਰਮ ਵਿਚ ਗ੍ਰਹਿਸਤ ਮਾਰਗ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਇਸੇ ਕਰਕੇ ਹੀ ਗ੍ਰਹਿਸਤ ਜੀਵਨ ਵਿਚ ਪ੍ਰਵੇਸ਼ ਕਰਨ ਲਈ ਸਿੱਖ ਧਰਮ ਵਿਚ ਇਕ ਵੱਖਰੀ ਅਤੇ ਵਿਸ਼ੇਸ਼ ਮਰਯਾਦਾ ਹੈ। ਗ੍ਰਹਿਸਤ ਮਾਰਗ ਵਿਚ ਪ੍ਰਵੇਸ਼ ਕਰਨ ਲਈ ਜਾਂ ਅਨੰਦ ਸੰਸਕਾਰ ਦੀ ਮਰਯਾਦਾ ਲਈ ਨਿਰਧਾਰਤ ਬਾਣੀ 'ਲਾਵਾਂ' ਹੈ, ਜੋ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਅਤੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੰਨਾ ੭੭੩-੭੪ ਉੱਪਰ ਅੰਕਿਤ ਹੈ। ਕਾਵਿ-ਰੂਪ ਦੇ ਪੱਖੋਂ ਇਹ ਇਕ ਛੰਤ ਹੈ। ਇਸ ਛੰਤ ਨੂੰ ਭਾਵੇਂ ਕੋਈ ਉਪ-ਸਿਰਲੇਖ ਨਹੀਂ ਦਿੱਤਾ ਹੋਇਆ 'ਲਾਵ' ਸ਼ਬਦ ਵਾਰ-ਵਾਰ ਵਰਤਣ ਕਰਕੇ ਹੀ ਇਸ ਦਾ ਨਾਮ 'ਲਾਵਾਂ' ਪ੍ਰਚੱਲਿਤ ਹੋ ਗਿਆ। ਛੰਤ ਪੰਜਾਬ ਦੇ ਲੋਕ-ਕਾਵਿ ਦਾ ਉਹ ਰੂਪ ਹੈ, ਜੋ ਵਿਆਹ ਦੇ ਸਮੇਂ ਗਾਇਆ ਜਾਂ ਸੁਣਾਇਆ ਜਾਂਦਾ ਹੈ। ਛੰਤਾਂ ਦਾ ਵਿਸ਼ਾ ਵਿਆਹ ਦੀ ਸਫਲਤਾ ਤੇ ਖੁਸ਼ੀ ਹੈ। ਸੂਹੀ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਰਾਗ ਹੈ, ਜਿਸਦਾ ਸੰਬੰਧ ਉਚੇਚੇ ਤੌਰ 'ਤੇ ਗ੍ਰਹਿਸਤ ਜੀਵਨ ਨਾਲ ਹੈ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਦਾ ਸੂਹੀ ਰਾਗ ਵਿਚ ਉਚਾਰਣ ਕੀਤਾ ਹੋਇਆ ਸ਼ਬਦ ਹੈ, ਜਿਸ ਵਿਚ ਗੁਰੂ ਸਾਹਿਬ ਇਸਤਰੀ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਜੇ ਤੂੰ ਪ੍ਰਭੂ ਪਤੀ ਨਾਲ ਮਿਲਣਾ ਚਾਹੁੰਦੀ ਹੈਂ ਤਾਂ ਆਪਣਾ ਮਨ ਗੁਰੂ ਦੇ ਚਰਨਾਂ ਨਾਲ ਜੋੜ। ਗੁਰੂ ਜੀ ਫੁਰਮਾਨ ਕਰਦੇ ਹਨ:

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਇ ਰਾਮ॥
ਸਦਾ ਹੋਵਹਿ ਸੁਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ॥ *(ਪੰਨਾ ੭੭੧)*

ਇਸੇ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ॥

(ਪੰਨਾ ੭੭੪)

ਸਿੱਖ ਜੀਵਨ-ਜਾਚ ਵਿਚ ਚਾਰ ਪ੍ਰਮੁੱਖ ਸੰਸਕਾਰ ਹਨ—ਜਨਮ ਤੇ ਨਾਮ ਸੰਸਕਾਰ, ਅਨੰਦ ਸੰਸਕਾਰ, ਅੰਮ੍ਰਿਤ ਸੰਸਕਾਰ ਤੇ ਮਿਰਤਕ ਸੰਸਕਾਰ। ਇਸ ਪਾਵਨ ਬਾਣੀ ਲਾਵਾਂ ਦਾ ਸੰਬੰਧ ਅਨੰਦ ਸੰਸਕਾਰ ਨਾਲ ਹੈ। ਗੁਰਬਾਣੀ ਅੰਦਰ ਸਫਲ ਗ੍ਰਹਿਸਤੀ-ਜੀਵਨ ਬਤੀਤ ਕਰਨ ਸੰਬੰਧੀ ਬਹੁਤ ਉਪਦੇਸ਼ ਕੀਤੇ ਹੋਏ ਹਨ:

ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ॥

(ਪੰਨਾ ੪੩੯)

SikhBookClub.com

ਸਿੱਖ ਗੁਰੂ ਸਾਹਿਬਾਨ ਨੇ ਪਰੰਪਰਾਗਤ ਵਿਆਹ ਦੀਆਂ ਰਸਮਾਂ ਦੀ ਥਾਂ ਅਨੰਦ ਵਿਆਹ ਦੀ ਮਰਯਾਦਾ ਨੂੰ ਪ੍ਰਚਲਿਤ ਕੀਤਾ। ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਦੰਪਤੀ (ਵਿਆਹੁਤਾ) ਜੀਵਨ ਬਤੀਤ ਕਰਨ ਲਈ ਜੀਵਨ-ਜਾਚ ਦਰਸਾਈ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਗ੍ਰਹਿਸਤ ਧਰਮ ਦਾ ਆਦਰਸ਼ ਇਸ ਪ੍ਰਕਾਰ ਵੀ ਉਲੀਕਿਆ ਹੈ:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

(ਪੰਨਾ ੭੮੮)

ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਵਿਆਹ ਦਾ ਆਦਰਸ਼ ਸਿਰਫ ਸਰੀਰਿਕ ਤੌਰ 'ਤੇ ਮਿਲਾਪ ਨਹੀਂ ਸਗੋਂ ਅਧਿਆਤਮਿਕ ਤੌਰ 'ਤੇ ਇਕ ਜੋਤ ਹੋਣਾ ਹੈ। ਇਹ ਸਾਂਝੀ-ਜੋਤ ਗੁਣਾਂ ਦੀ ਜੋਤ ਹੈ। ਸਿੱਖ ਨੇ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਦਿਆਂ, ਆਪਸ ਵਿਚ ਆਤਮਿਕ ਸਾਂਝ ਪੈਦਾ ਕਰਨੀ ਹੈ, ਜਿਸ ਨਾਲ ਪਤੀ-ਪਤਨੀ ਇਕ ਜੋਤ ਹੋ ਜਾਂਦੇ ਹਨ। ਇਕ-ਜੋਤ ਹੋਣਾ ਹੀ ਗੁਰਮਤਿ ਅਨੁਸਾਰ ਵਿਆਹ ਦਾ ਆਦਰਸ਼ ਹੈ:

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥

(ਪੰਨਾ ੩੫੯)

ਗ੍ਰਹਿਸਤ ਵਿਚ ਕਿਰਤ ਕਰਨ, ਨਾਮ ਜਪਣ, ਸਹਿਣਸ਼ੀਲਤਾ, ਧੀਰਜ, ਨਿਮਰਤਾ, ਦ੍ਰਿੜ੍ਹਤਾ, ਦਲੇਰੀ, ਵੰਡ-ਛਕਣ ਆਦਿ ਗੁਣ ਪ੍ਰਾਪਤ ਹੁੰਦੇ ਹਨ। ਗ੍ਰਹਿਸਤ ਵਿਚ ਦੁਨਿਆਵੀ ਫ਼ਰਜ਼ਾਂ ਨੂੰ ਨਿਭਾਉਂਦਿਆਂ ਆਪਣੇ ਆਪੇ ਦੀ ਪਛਾਣ ਹੋ ਜਾਂਦੀ ਹੈ ਅਤੇ ਫਿਰ ਇਸ ਨਾਲ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਏਸੇ ਕਰਕੇ ਸਿੱਖ ਧਰਮ ਵਿਚ ਵਿਆਹ ਦੀ ਮਰਯਾਦਾ ਨੂੰ ਅਨੰਦ ਸੰਸਕਾਰ ਕਿਹਾ ਗਿਆ ਹੈ। ਗ੍ਰਹਿਸਤ ਜੀਵਨ ਦੀ ਸਫਲਤਾ ਦਾ ਅਨੁਮਾਨ ਜੀਵਨ ਵਿੱਚੋਂ ਪ੍ਰਾਪਤ ਹੋਏ 'ਅਨੰਦ' ਵਿੱਚੋਂ ਹੀ ਲਗਾਇਆ ਜਾਣਾ ਚਾਹੀਦਾ ਹੈ। ਜੇ ਵਿਆਹੁਤਾ ਜੀਵਨ ਦੁਖੀ ਹੈ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਉਹਨਾਂ ਵਿਚ ਜ਼ਰੂਰ ਕੋਈ ਆਤਮਿਕ ਕਮੀ ਹੈ। ਗ੍ਰਹਿਸਤ ਜੀਵਨ ਦਾ ਪ੍ਰਮੁੱਖ ਲਕਸ਼ ਅਨੰਦ ਪ੍ਰਾਪਤੀ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਬਾਣੀ ਵਿਚ ਅਨੰਦ ਪ੍ਰਾਪਤੀ ਦੇ ਅਨੇਕਾਂ ਸਾਧਨ ਦਰਸਾਏ ਹਨ। ਅਨੰਦ ਉਸ ਜੀਵਨ ਵਿਚ ਹੈ ਜਿੱਥੇ ਪੂਰਨ ਗਿਆਨ ਹੈ ਭਾਵ ਜਿਸ ਨੇ ਗਿਆਨ ਦੇ ਸੋਮੇ, ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ। ਅਜਿਹੇ ਮਨੁੱਖ ਦੇ ਜੀਵਨ ਵਿਚ ਸੁਭਾਵਿਕ ਹੀ ਸਹਿਜ ਅਵਸਥਾ ਆ ਜਾਂਦੀ ਹੈ:

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥

(ਪੰਨਾ ੯੨੨)

ਸ੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਸੂਹੀ ਰਾਗ ਵਿਚਲੇ ਦੂਸਰੇ ਛੰਤ ਨੂੰ 'ਲਾਵਾਂ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਗ੍ਰਹਿਸਤ ਜੀਵਨ ਨੂੰ ਮਹੱਤਤਾ ਦਿੱਤੀ ਅਤੇ ਇਸਦੀ ਪ੍ਰੌੜ੍ਹਤਾ ਲਈ ਗੁਰਬਾਣੀ ਵਿੱਚੋਂ ਕਈ ਫੁਰਮਾਣ ਮਿਲਦੇ ਹਨ। ਜਿਵੇਂ:

SikhBookClub.com

ਰਾਜ ਮਹਿ ਰਾਜੁ ਜੋਗ ਮਹਿ ਜੋਗੀ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥

(ਪੰਨਾ ੨੮੪)

ਇਸ ਰਾਗ ਵਿਚ ਹੀ ਕੁਚੱਜੀ, ਸੁਚੱਜੀ, ਗੁਣਵੰਤੀ ਬਾਰੇ ਦੱਸਿਆ ਗਿਆ ਹੈ। ਸੂਹੀ ਰਾਗ ਵਿਚ ਸੁਹਾਗਣ ਦੇ ਗੁਣ ਵੀ ਦਰਸਾਏ ਗਏ ਹਨ ਕਿ ਗੁਰੂ ਸ਼ਬਦ ਵਿਚ ਰੱਤੀ ਹੋਈ ਹਉਮੈ ਦਾ ਤਿਆਗ ਕਰਨ ਵਾਲੀ ਜੀਵ ਇਸਤਰੀ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿੰਦੀ ਹੋਈ ਗੁਣਾਂ ਦਾ ਸ਼ਿੰਗਾਰ ਕਰਦੀ ਹੈ:

ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥
ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥

(ਪੰਨਾ ੯੫੧)

ਸੂਹੀ ਰਾਗ ਵਿਚ ਹੀ ਦੁਹਾਗਣ ਦੇ ਲੱਛਣ ਦਰਸਾਏ ਗਏ ਹਨ:

ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥
ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥

(ਪੰਨਾ ੭੮੫)

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸੂਹੀ ਰਾਗ ਵਿੱਚ ਦਰਜ ਬਾਣੀ ਅੰਦਰ ਵਰਤੇ ਅਲੰਕਾਰਾਂ, ਚਿੰਨ੍ਹਾਂ, ਪ੍ਰਤੀਕਾਂ ਤੇ ਸ਼ਬਦਾਵਲੀ ਤੋਂ ਸੁਤੇ-ਸਿਧ ਪ੍ਰਗਟ ਹੁੰਦਾ ਹੈ ਕਿ ਇਸ ਰਾਗ ਦਾ ਵਿਆਹ, ਸ਼ਾਦੀ ਨਾਲ ਸੰਬੰਧ ਹੈ। ਸਿੱਖ ਧਰਮ ਵਿੱਚ ਗ੍ਰਿਹਸਤ ਮਾਰਗ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਗ੍ਰਿਹਸਤ ਜੀਵਨ ਵਿੱਚ ਪ੍ਰਵੇਸ਼ ਕਰਨ ਲਈ ਸਿੱਖ ਧਰਮ ਵਿਚ ਇੱਕ ਵੱਖਰੀ ਮਰਯਾਦਾ ਹੈ। ਜਿਸ ਨੂੰ 'ਅਨੰਦ ਕਾਰਜ ਜਾਂ ਅਨੰਦ ਸੰਸਕਾਰ' ਕਿਹਾ ਜਾਂਦਾ ਹੈ। ਅਨੰਦ ਸੰਸਕਾਰ ਦੀ ਸੰਪੂਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰ ਸੰਗਤ ਦੀ ਹਾਜ਼ਰੀ 'ਚ 'ਲਾਵਾਂ' ਬਾਣੀ ਨਾਲ ਹੁੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਇਸ ਰਚਨਾ ਨੂੰ ਅਨੰਦ-ਕਾਰਜ ਦੀ ਰਸਮ ਲਈ ਪੜ੍ਹਿਆ ਅਤੇ ਗਾਇਆ ਜਾਂਦਾ ਹੈ। ਇਨ੍ਹਾਂ ਚਾਰ 'ਲਾਵਾਂ' ਵਿੱਚ ਦੰਪਤੀ ਨੂੰ ਗ੍ਰਿਹਸਤ ਦੀ ਸਹੀ ਸੂਝ ਦੇ ਉਪਦੇਸ਼ ਦਿੱਤੇ ਹਨ। ਗੁਰਮਤਿ ਅਨੁਸਾਰ ਵਿਆਹ ਕੋਈ ਵਿਖਾਵਾ ਨਹੀਂ, ਸਗੋਂ ਅਧਿਆਤਮਿਕ ਪੱਖ ਤੋਂ ਪ੍ਰਮਾਤਮਾ ਨਾਲ ਮੇਲ ਦਾ ਸੱਚਾ ਮਾਰਗ ਹੈ। ਠੀਕ ਅਰਥਾਂ ਵਿਚ ਚਾਰ ਲਾਵਾਂ ਉਹ ਚਾਰ ਪੌੜੀਆਂ ਹਨ ਜੋ ਵਿਆਹ ਰੂਪੀ ਵਿਹੜੇ ਵਿਚੋਂ ਚੜ੍ਹ ਕੇ ਆਤਮਕ ਮਾਰਗ ਦੀ ਸਿਖ਼ਰ ਤੱਕ ਪਹੁੰਚਦੀਆਂ ਹਨ। ਲਾਵਾਂ ਅਧਿਆਤਮਕ ਮਾਰਗ ਦੀ ਸਿਖ਼ਰ ਨੂੰ ਰੂਪਮਾਨ ਕਰਦੀਆਂ ਹਨ ਤੇ ਗ੍ਰਿਹਸਤ ਮਾਰਗ ਦੇ ਧਾਰਨੀ ਬਣ ਪ੍ਰਮਾਤਮਾ ਦੀ ਪ੍ਰਾਪਤੀ ਲਈ ਅਹਿਮ ਭੂਮਿਕਾ ਅਦਾ ਕਰਦੀਆਂ ਹਨ।

ਇਸ ਬਾਣੀ ਨੂੰ ਇਕ ਰਸਮੀ ਰਚਨਾ ਨਾ ਸਮਝਿਆ ਜਾਵੇ। ਅਸੀਂ ਇਸ ਵਿੱਚ ਵਿਦਮਾਨ ਅਰਥਾਂ, ਡੂੰਘੇ ਭੇਦਾਂ, ਭਾਵਾਂ ਵੱਲ ਝਾਤ ਨਹੀਂ ਮਾਰਦੇ। 'ਲਾਵਾਂ' ਅਸਲੀ ਰੂਪ ਵਿੱਚ ਆਤਮਾ ਦੇ ਪ੍ਰਮਾਤਮਾ ਨਾਲ ਵਿਜੋਗ ਤੋਂ ਸੰਜੋਗ ਦੀ ਅਵੱਸਥਾ ਹਨ। ਇਹ ਪ੍ਰਭੂ ਪ੍ਰਾਪਤੀ ਦਾ ਮਾਰਗ ਹਨ ਜਿਸਦੇ ਚਾਰ ਪੜਾਅ ਹਨ। 'ਲਾਵ' ਦਾ ਅਰਥ 'ਲਾਉਣਾ' ਹੈ, ਭਾਵ ਆਪਣੇ ਮਨ ਨੂੰ ਦੁਨਿਆਵੀ ਰਸਾਂ-ਕਸਾਂ ਤੋਂ ਮੋੜ ਕੇ ਪ੍ਰਭੂ ਨਾਲ ਲਾਉਣਾ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਦਾ ਮਨੋਰਥ ਪ੍ਰਭੂ ਨਾਲ ਮਿਲਣਾ ਦੱਸਿਆ ਹੈ:

SikhBookClub.com

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

(ਪੰਨਾ ੩੭੮)

ਡਾ. ਭਾਈ ਵੀਰ ਸਿੰਘ ਨੇ 'ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਪੰਨਾ ੮੨੮ ਉੱਪਰ 'ਲਾਵ' ਸ਼ਬਦ ਦਾ ਅਰਥ ਕੱਟਣਾ, ਤੋੜਨਾ ਕੀਤੇ ਹਨ। 'ਲਾਵ' ਦਾ ਬਹੁ-ਵਚਨ ਹੈ 'ਲਾਵਾਂ' ਜਿਸਦੇ ਅਰਥ ਹਨ: ਲਗਾਉ, ਮਿਲਾਪ, ਸੰਯੋਗ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨਕੋਸ਼' ਦੇ ਪੰਨਾ ੧੦੬੫ ਉੱਪਰ 'ਲਾਵਾਂ' ਦੇ ਅਰਥ ਤੋੜਨ ਦੀ ਕ੍ਰਿਯਾ, ਵਿਆਹ ਸਮੇਂ ਦੀ ਪਰਿਕ੍ਰਮਾ (ਫੇਰਾ) ਜਿਸ ਦੁਆਰਾ ਪਿਤਾ ਦੇ ਘਰ ਨਾਲੋਂ ਸਬੰਧ ਤੋੜ ਕੇ ਪਤੀ ਨਾਲ ਜੋੜਿਆ ਜਾਂਦਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਜੀਵ-ਰੂਪ ਇਸਤਰੀ ਦਾ ਪਤੀ ਰੂਪ ਪ੍ਰਭੂ ਨਾਲ ਦੈਵੀ ਵਿਆਹ ਦਾ ਸੰਕਲਪ ਚਿਤਵਿਆ ਹੈ। ਇਹ ਇਕ ਰੂਪਾਤਮਕ ਸਿਰਜਨਾ ਹੈ। ਇਸ ਵਿਚ ਇਕ ਪਾਸੇ ਇਸਤਰੀ ਅਤੇ ਮਰਦ ਦੇ ਵਿਵਹਾਰਿਕ ਜੀਵਨ ਦਾ ਆਦਰਸ਼ ਦਰਸਾਇਆ ਗਿਆ ਹੈ ਤੇ ਦੂਜੇ ਪਾਸੇ ਆਤਮਾ ਅਤੇ ਪ੍ਰਮਾਤਮਾ ਦੇ ਅਧਿਆਤਮਿਕ ਸਬੰਧ ਉਪਰ ਝਾਤ ਪਾਈ ਗਈ ਹੈ। ਇਸ ਤਰ੍ਹਾਂ ਦੋਵਾਂ ਪੱਖਾਂ ਨੂੰ ਸਪੱਸ਼ਟ ਕਰਕੇ ਦੰਪਤੀ ਜੀਵਨ ਨੂੰ ਅਧਿਆਤਮਿਕ ਪ੍ਰੇਮ-ਸਬੰਧ ਦੇ ਪੈਟਰਨ ਉਪਰ ਢਾਲਣ ਦੀ ਪ੍ਰੇਰਨਾ ਦਿੱਤੀ ਗਈ ਹੈ।

ਸਿੱਖ ਧਰਮ ਵਿੱਚ ਮਨੁੱਖ ਨੂੰ ਵਿਵਹਾਰਕ ਜੀਵਨ ਜਿਉਣ ਲਈ ਪ੍ਰਪੱਕ ਕੀਤਾ ਗਿਆ ਹੈ। ਸਭ ਧਰਮਾਂ ਨਾਲੋਂ ਸ੍ਰੇਸ਼ਟਾ ਗ੍ਰਹਿਸਤ ਧਰਮ ਨੂੰ ਦਿੱਤੀ ਗਈ ਹੈ। ਭਾਰਤ ਵਿੱਚ ਕੁੱਝ ਮਤਾਂ ਦੀ ਇਹ ਵਿਚਾਰਧਾਰਾ ਸੀ ਕਿ ਪਰਿਵਾਰਕ ਜੀਵਨ ਮਹਿਜ ਇਕ ਜੰਜਾਲ ਹੈ। ਇਸ ਵਿੱਚ ਰਹਿੰਦਿਆਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਤੇ ਪ੍ਰਭੂ-ਪ੍ਰਮਾਤਮਾ ਦੀ ਭਗਤੀ ਗ੍ਰਹਿਸਤ ਵਿੱਚ ਵਿਚਰਦਿਆਂ ਨਹੀਂ ਹੋ ਸਕਦੀ। ਭਗਤੀ ਜਾਂ ਮੁਕਤੀ ਲਈ ਜੋਗੀ, ਨਾਥ, ਰਿਸ਼ੀ-ਮੁਨੀ ਪਹਾੜਾਂ ਜਾਂ ਗੁਫਾਵਾਂ ਵਿੱਚ ਆਸਣ ਲਗਾ ਕਿ ਬੈਠ ਜਾਂਦੇ ਸਨ। ਭਾਰਤੀ ਧਰਮਾਂ ਵਿੱਚ ਗ੍ਰਹਿਸਤ ਧਰਮ ਨੂੰ ਪ੍ਰਧਾਨਤਾ ਨਹੀਂ ਦਿੱਤੀ ਗਈ ਪ੍ਰੰਤੂ ਸਿੱਖ ਧਰਮ ਵਿਚ ਗ੍ਰਹਿਸਤ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਗ੍ਰਹਿਸਤ ਇਕ ਪਵਿੱਤਰ ਸ਼ਬਦ ਹੈ। ਜਿਸ ਤਰ੍ਹਾਂ ਸਾਰੇ ਦਰਿਆਵਾਂ ਨਦੀਆਂ ਵਿੱਚੋਂ ਸਰਵੋਤਮ ਸਮੁੰਦਰ ਹੈ, ਬਿਰਛਾਂ ਵਿੱਚੋਂ ਚੰਦਨ, ਸਰਬ ਧਾਤਾਂ ਵਿੱਚੋਂ ਸੋਨਾ, ਰਾਗਾਂ ਵਿੱਚੋਂ ਸਿਰੀ ਰਾਗ ਤੇ ਸਾਰੇ ਕੀਮਤੀ ਪੱਥਰਾਂ ਵਿੱਚੋਂ ਅਮੁੱਲ ਪੱਥਰ ਪਾਰਸ ਹੈ, ਤਿਵੇਂ ਹੀ ਸੰਸਾਰ ਵਿਚਲੇ ਸਾਰੇ ਧਰਮਾਂ ਵਿੱਚੋਂ ਸਰਬ ਸ੍ਰੇਸ਼ਠ ਧਰਮ ਗ੍ਰਹਿਸਤ ਹੈ। ਗ੍ਰਹਿਸਤ ਨੂੰ ਸਰਵੋਤਮ ਧਰਮ ਮੰਨਦਿਆਂ ਸਿੱਖ ਗੁਰੂ ਸਾਹਿਬਾਨ ਨੇ ਆਪ ਵੀ ਗ੍ਰਹਿਸਤੀ ਜੀਵਨ ਬਿਤਾਇਆ ਅਤੇ ਆਪਣੇ ਅਨੁਯਾਈਆਂ ਨੂੰ ਵੀ ਗ੍ਰਹਿਸਤੀ ਹੋਣ ਦੇ ਲਈ ਕਿਹਾ ਹੈ:

ਗਿਆਨਨ ਮੈ ਗਿਆਨੁ ਅਰ ਧਿਆਨਨ ਮੈ ਧਿਆਨ ਗੁਰ
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥

(ਕਬਿੱਤ ਭਾਈ ਗੁਰਦਾਸ ਜੀ ੩੭੬)

18ਵੀਂ ਸਦੀ ਵਿਚ ਲਿਖੀ ਗਈ ਰਚਨਾ 'ਪ੍ਰੇਮ ਸੁਮਾਰਗ' ਵਿਚ ਲਿਖਿਆ ਹੈ:

ਪ੍ਰਥਮੈ ਕੰਨਿਆ ਜਬ ਵਰ-ਜੋਗ ਪ੍ਰਾਪਤਿ ਹੋਇ, ਤਬ ਮਾਤਾ-ਪਿਤਾ ਕਉ ਚਾਹੀਐ, ਜੁ ਸੰਜੋਗ ਕਰਨੇ ਕਾ ਉਦਮ ਕਰਨ। ਅਰ ਸੰਜੋਗ ਤਬ ਕੈਸੇ ਕੁਲ ਬਿਖੈ ਕਰੇ? ਜਿਥੇ ਸਿਖੀ

SikhBookClub.com

ਅਕਾਲ ਪੁਰਖ ਦੀ ਹੋਇ, ਖਾਲਸਾ ਗਰੀਬ ਕ੍ਰਿਤੀ ਹੋਵੈ। ਤਹਾਂ ਸੰਜੋਗ ਬਿਨ੍ਹਾਂ ਪੁਛੇ ਕਰੈ। ਉਸ ਕੀ ਸ੍ਰੀ ਅਕਾਲ ਪੁਰਖ ਨਾਲ ਬਨਿ ਆਵੈ। ਮਾਇਆ ਧਨ ਦੇਖੈ ਨਾਹੀ। ਗੁਰੂ ਨਿਰੰਕਾਰ ਦੀ ਆਸ ਭਰੋਸੇ ਉਪਰਿ ਦੇਵੈ ; ਸੰਜੋਗ ਕਰੇ। ਗੁਰੂ ਭਾਵੇ ਤਾਂ ਬੇਟੀ ਬਹੁਤ ਸੁਖੀ ਹੋਇ ਅਤੇ ਮਾਤਾ-ਪਿਤਾ ਕਉ ਖੁਸ਼ੀ ਦੇਵੈ....॥

ਸ੍ਰੀ ਗੁਰੂ ਨਾਨਕ ਸਾਹਿਬ ਨੇ 'ਜਪੁਜੀ' ਦੀਆਂ ਆਖਰੀ ਪਉੜੀਆਂ ਵਿੱਚ ਅਧਿਆਤਮਿਕ ਵਿਕਾਸ ਦੇ ਪੜਾਵਾਂ ਦਾ ਜ਼ਿਕਰ ਕੀਤਾ ਸੀ। ਸਿੱਖ ਵਿਦਵਾਨ ਇਨ੍ਹਾਂ ਪੜਾਵਾਂ ਦਾ ਜ਼ਿਕਰ ਪੰਜ ਖੰਡਾਂ ਵਜੋਂ ਕਰਦੇ ਆਏ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ 'ਜਪੁਜੀ' ਦੇ ਪੰਜ ਖੰਡਾਂ ਦਾ ਵਰਨਣ ਪੰਜ ਪਉੜੀਆਂ ਵਿੱਚ ਨਹੀਂ ਸਗੋਂ ਚਾਰ ਪਉੜੀਆਂ ਵਿੱਚ ਹੀ ਹੋਇਆ ਹੈ। 'ਜਪੁਜੀ' ਦੇ ਇਨ੍ਹਾਂ ਅਧਿਆਤਮਕ ਪੜਾਵਾਂ ਦਾ ਸੰਬੰਧ ਚਾਰ ਲਾਵਾਂ ਨਾਲ ਜੋੜਿਆ ਜਾਂਦਾ ਹੈ। ਚਾਰ ਲਾਵਾਂ ਦੀ 'ਜਪੁਜੀ' ਦੀਆਂ ਚਾਰ ਪਉੜੀਆਂ (੩੪, ੩੫, ੩੬, ੩੭ਵੀਂ) ਨਾਲ ਗਿਣਤੀ ਦੇ ਪੱਖੋਂ ਸਮਾਨਤਾ ਹੈ। 'ਕਰਮ ਖੰਡ' ਤੇ 'ਸੱਚ ਖੰਡ' ਦਾ ਵੇਰਵਾ ੩੭ਵੀਂ ਪਉੜੀ ਵਿੱਚ ਇਕੱਠਾ ਹੀ ਦਿੱਤਾ ਹੈ। ਇਸ ਦਾ ਭਾਵ ਇਹ ਨਿਕਲਦਾ ਹੈ ਕਿ 'ਸੱਚ ਖੰਡ' ਪੜਾਅ ਨਹੀਂ ਹੈ, ਬਲਕਿ ਮੰਜ਼ਿਲ ਹੈ। 'ਜਪੁਜੀ' ਵਿੱਚ ਵਰਣਿਤ ਪਹਿਲਾ ਖੰਡ 'ਧਰਮ ਖੰਡ' ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਪਹਿਲੀ ਲਾਵ ਵਿੱਚ ਧਰਮ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦਿਆ ਫੁਰਮਾਇਆ ਹੈ:

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥

(ਪੰਨਾ ੭੭੩)

ਪਹਿਲੀ ਲਾਵ ਵਿਚ ਦੰਪਤੀ ਨੂੰ ਪਰਿਵਾਰਕ ਤੇ ਭਾਈਚਾਰਕ ਫਰਜ਼ਾਂ ਨੂੰ ਨਿਭਾਉਣ ਦੀ ਸੋਝੀ ਕਰਾਈ ਗਈ ਹੈ। ਇਸਤਰੀ ਤੇ ਪੁਰਸ਼ ਗ੍ਰਹਿਸਤੀ ਜੀਵਨ ਰਾਹੀਂ ਆਤਮਾ ਨੂੰ ਪ੍ਰਭੂ ਨਾਲ ਮਿਲਾਪ ਇਕਰੂਪਤਾ ਪ੍ਰਾਪਤ ਕਰਨੀ ਚਾਹੀਦੀ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

(ਪੰਨਾ ੭੭੩)

ਅਕਾਲ ਪੁਰਖ ਨੇ ਪਰਵਿਰਤੀ ਕਰਮ ਦ੍ਰਿੜ੍ਹ ਕੀਤਾ ਹੈ ਤੇ ਇਸ ਉੱਪਰ ਚੱਲਣ ਨਾਲ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ। ਜਿਵੇਂ ਪਰਮਾਰਥ ਵਿਚ ਪਹਿਲਾਂ ਨਿਰਵਿਰਤੀ ਛੱਡ ਕੇ ਪਰਵਿਰਤੀ ਸਿਖਾਈ ਜਾਂਦੀ ਹੈ। ਉਸ ਤਰ੍ਹਾਂ ਦੰਪਤੀ ਦਾ ਵਿਆਹ ਗ੍ਰਿਹਸਥੀ ਵਿਚ ਪ੍ਰਵੇਸ਼ ਦੀ ਪਹਿਲੀ ਪਉੜੀ ਹੈ। ਇਸ ਪਹਿਲੀ ਪਉੜੀ ਵਿਚ ਸਿੱਖਿਆ ਦਿੱਤੀ ਗਈ ਹੈ ਕਿ ਗੁਰਬਾਣੀ ਨੂੰ ਦ੍ਰਿੜ੍ਹ ਕਰਨ ਨਾਲ ਬ੍ਰਹਮ ਅਤੇ ਧਰਮ ਨੂੰ ਜਾਣਿਆ ਜਾ ਸਕਦਾ ਹੈ। ਪਰਵਿਰਤੀ ਕਰਮ ਤੋਂ ਭਾਵ ਸੰਸਾਰਕ ਰਹੁਰੀਤਾਂ ਜਾਂ ਮਰਯਾਦਾ ਨੂੰ ਜਾਰੀ ਰੱਖਣ ਵਾਲੇ ਪੱਖ ਦਾ ਨਾਮ ਹੈ। ਪਰਵਿਰਤੀ ਕਰਮ ਦੁਆਰਾ ਮਨ ਵਿੱਚੋਂ ਤਰ੍ਹਾਂ-ਤਰ੍ਹਾਂ ਦੀਆਂ ਉਮੰਗਾਂ ਜਾਂ ਇੱਛਾਵਾਂ ਪਨਪਦੀਆਂ ਹਨ, ਜਿਵੇਂ ਕਿਸੇ ਸ਼ਾਂਤ ਸਮੁੰਦਰ ਵਿੱਚੋਂ ਲਹਿਰਾਂ ਉੱਠਦੀਆਂ ਹਨ। ਅਜਿਹੀਆਂ ਬਿਰਤੀਆਂ ਦੀ ਹੋਂਦ ਦੇ ਕਾਰਨ ਹੀ ਸਮਾਜਿਕ ਕਾਰਵਾਈਆਂ ਚੱਲਦੀਆਂ ਹਨ, ਭਾਵ ਸੰਸਾਰ ਦੇ ਕਾਰਵਿਹਾਰ ਚੱਲਦੇ ਹਨ। ਪਰਵਿਰਤੀ ਕਰਮ ਦੇ ਉਲਟ ਨਿਰਵਿਰਤੀ ਕਰਮ ਹੈ, ਜਿਸਦਾ ਭਾਵ ਹੈ ਸੰਸਾਰ ਤੋਂ ਉਪਰਾਮ ਹੋ ਕੇ ਸੰਨਿਆਸ ਧਾਰਨ ਕਰਨਾ।

'ਜਪੁਜੀ ਸਾਹਿਬ' ਦੇ ਪਹਿਲੇ ਖੰਡ ਵਿੱਚ "ਕਰਮੀ ਕਰਮੀ ਹੋਇ ਵੀਚਾਰ" ਨੂੰ ਲਾਵਾਂ ਦੀ

SikhBookClub.com

ਪਹਿਲੀ ਪਉੜੀ ਵਿੱਚ 'ਪਰਵਿਰਤੀ ਕਰਮ' ਕਹਿ ਕੇ ਸਮਝਾਇਆ ਗਿਆ ਹੈ ਕਿ ਕਰਮਸ਼ੀਲ ਰਹਿਣਾ ਹੀ ਅਸਲ ਵਿੱਚ ਧਰਮੀ ਹੋਣ ਦਾ ਲੱਛਣ ਹੈ। 'ਜਪੁਜੀ' ਦੇ 'ਪੰਚ ਪਰਵਾਣ' ਜਿਹੜੇ ਸੱਚੇ ਦਰਬਾਰ ਵਿੱਚ ਸ਼ੋਭਾ ਪਾਉਂਦੇ ਹਨ। 'ਲਾਵਾਂ' ਵਿੱਚ ਉਹੀ 'ਜਨ' 'ਸਭ ਕਿਲਵਿਖ ਪਾਪ ਗਵਾ ਕੇ' ਸੱਚੇ ਗੁਰੂ ਦੀ ਰਹਿਮਤ ਸਦਕਾ 'ਸਹਜ ਅਨੰਦ' ਨੂੰ ਮਾਣਦੇ ਹਨ। ਏਥੇ ਫਰਕ ਇਹ ਹੈ ਕਿ 'ਜਪੁਜੀ' ਦੀ 'ਧਰਮ ਖੰਡ' ਵਾਲੀ ਪਉੜੀ ਅਨੇਕਾਂ ਜੀਵਾਂ ਦਾ ਵਰਨਣ ਕਰਦੀ ਹੈ ਜਦ ਕਿ 'ਲਾਵਾਂ' ਵਿੱਚ ਮਨੁੱਖ ਨੂੰ ਹੀ ਕੇਂਦਰ ਬਣਾਇਆ ਗਿਆ ਹੈ।

ਕੁਝ ਵੀਚਾਰਵਾਨਾਂ ਨੇ ਸੂਫ਼ੀਆਂ ਦੇ ਚਾਰ ਪੜਾਅ (ਸਰੀਅਤ, ਤਰੀਕਤ, ਮਾਰਫ਼ਤ, ਹਕੀਕਤ) ਦੀ ਤੁਲਨਾ ਲਾਵਾਂ ਨਾਲ ਕੀਤੀ ਹੈ। ਅਜਿਹੀ ਤੁਲਨਾ ਕਰਦਿਆਂ ਉਹ ਸੂਫ਼ੀ ਮਤ ਅਤੇ ਗੁਰਮਤਿ ਵਿਚਲੇ ਕੁਝ ਬੁਨਿਆਦੀ ਅੰਤਰਾਂ ਨੂੰ ਸਮਝਣ ਤੋਂ ਅਸਮਰਥ ਦਿੱਸਦੇ ਹਨ। ਗੁਰਮਤਿ ਅਤੇ ਸੂਫ਼ੀ ਸਾਧਨਾ ਵਿੱਚ ਸਭ ਤੋਂ ਵੱਡਾ ਅੰਤਰ ਇਹ ਹੈ ਕਿ ਸੂਫ਼ੀ ਸਾਧਨਾ ਵਿਚ ਸਮਾਜਿਕਤਾ ਪੂਰੀ ਤਰ੍ਹਾਂ ਮਨਫ਼ੀ ਹੈ। ਸੂਫ਼ੀ ਦਾ ਆਦਰਸ਼ ਪ੍ਰਮਾਤਮਾ ਨਾਲ ਇਸ ਤਰ੍ਹਾਂ ਅਭੇਦਤਾ ਹੈ, ਜਿਸ ਵਿੱਚ ਉਸਦੀ ਆਪਣੀ ਸ਼ਖ਼ਸੀਅਤ ਫਨਾਂ ਹੋ ਜਾਂਦੀ ਹੈ ਜਦੋਂ ਕਿ ਗੁਰਮਤਿ ਸਾਧਨਾ ਵਿੱਚ ਵਿਅਕਤੀ ਦੀ ਨਿੱਜੀ ਸ਼ਖ਼ਸੀਅਤ ਵਿੱਚ ਵਿਕਾਸ ਹੁੰਦਾ ਹੈ। ਇਸ ਤਰ੍ਹਾਂ 'ਲਾਵਾਂ' ਦੀ ਤੁਲਨਾ ਸੂਫ਼ੀਆਂ ਦੀਆਂ ਚਾਰ ਅਵੱਸਥਾਵਾਂ ਨਾਲ ਕਰਨੀ ਤਰਕ ਸੰਗਤ ਨਹੀਂ ਲਗਦਾ। ਜਦੋਂ ਕਿ ਇਨ੍ਹਾਂ 'ਲਾਵਾਂ' ਦੀ ਤੁਲਨਾ 'ਜਪੁਜੀ' ਦੇ ਖੰਡਾਂ ਨਾਲ ਕਰਨੀ ਵਧੇਰੇ ਲਾਭਕਾਰੀ ਅਤੇ ਤਰਕ ਸੰਗਤ ਹੈ।

ਲਾਵਾਂ ਦੇ ਅਸਲ ਅਰਥਾਂ ਦੇ ਆਧਾਰ ਤੇ ਸਮੁੱਚੀ ਸ੍ਰਿਸ਼ਟੀ ਵਿੱਚ ਵਿਚਰਨ ਵਾਲੀਆਂ ਸਾਰੀਆਂ ਜੀਵ-ਆਤਮਾਵਾਂ ਇਸਤਰੀ ਰੂਪ ਹਨ। ਗੁਰੂ ਸਾਹਿਬਾਨ ਦੀ ਬਹੁਤ ਸਾਰੀ ਬਾਣੀ ਅਜਿਹੀ ਮਿਲਦੀ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ-ਆਪ ਨੂੰ ਪਤਨੀ ਰੂਪ ਮੰਨ ਕੇ ਪਤੀ ਰੂਪ ਪ੍ਰਮਾਤਮਾ ਨੂੰ ਮਿਲਣ ਲਈ ਅਰਜ਼ੋਈਆਂ ਕੀਤੀਆਂ ਹਨ। ਪਤੀ (ਅਕਾਲ ਪੁਰਖ) ਦੇ ਵਿਛੋੜੇ ਵਿੱਚ ਬਿਰਹੋ ਦੀਆਂ ਚੋਟਾਂ ਨੂੰ ਮਹਿਸੂਸ ਕੀਤਾ ਹੈ ਅਤੇ ਇਸ ਦੀ ਪੀੜਾ ਨੂੰ ਅਕਹਿ ਦੱਸਿਆ ਹੈ। ਆਪਣੇ ਆਪ ਨੂੰ ਉਸ ਪ੍ਰਭੂ ਦੀ ਸੁਹਾਗਣ ਬਣਨ ਵਿੱਚ ਮਾਣ ਮਹਿਸੂਸ ਕੀਤਾ ਹੈ:

ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥
ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥

(ਪੰਨਾ ੭੫੧)

ਅਸਲ ਵਿੱਚ ਦੁਨਿਆਵੀ ਤੌਰ 'ਤੇ ਵਿਆਹੇ ਜਾਣ 'ਤੇ ਵੀ ਅਸੀਂ ਆਤਮਿਕ ਰੂਪ 'ਚ ਕੁਆਰੇ ਹਾਂ। ਕਿਉਂਕਿ ਜਦ ਤਕ ਅਸੀਂ ਚਾਰੇ ਲਾਵਾਂ ਦੇ ਅਰਥਾਂ ਅਨੁਸਾਰ ਆਪਣਾ ਆਪ ਢਾਲ ਨਹੀਂ ਲੈਂਦੇ, ਉਦੋਂ ਤੱਕ ਅਸੀਂ ਪੂਰਨ ਤੌਰ 'ਤੇ ਭਾਵਆਤਮਿਕ ਪੱਖੋਂ ਵਿਆਹੇ ਨਹੀਂ ਜਾਂਦੇ ਕਿਉਂਕਿ ਜੀਵਾਤਮਾ ਨੇ ਜਦੋਂ ਪਰਮ-ਆਤਮਾ ਨਾਲ ਮਿਲ ਕੇ "ਏਕ ਜੋਤਿ ਦੋਇ ਮੂਰਤੀ" ਹੋ ਜਾਣਾ ਹੈ, ਉਹੋ ਹੀ ਅਸਲ ਮੇਲ ਹੁੰਦਾ ਹੈ। ਚਾਰ ਲਾਵਾਂ ਜੀਵਨ ਮੰਜ਼ਿਲ ਨੂੰ ਪਾਉਣ ਦੇ ਚਾਰ ਪੜਾਅ ਹਨ। ਜੀਵ-ਆਤਮਾ ਨੂੰ ਪਰਮ-ਆਤਮਾ ਨਾਲ ਜੋੜਨ ਅਤੇ ਅਭੇਦ ਕਰਾਉਣ ਲਈ ਮਜ਼ਬੂਤ ਕੜੀ ਹਨ। ਇਸ ਕੜੀ ਦਾ ਇਕ ਸਿਰਾ ਗ੍ਰਹਿਸਤ ਨਾਲ ਜੁੜਿਆ ਹੈ ਅਤੇ ਦੂਜਾ ਉਸ ਮੰਜ਼ਿਲ ਨਾਲ ਜਿਸ ਉਤੇ ਅੱਪੜਨ ਦੀ ਇੱਛਾ ਹੁੰਦੀ ਹੈ। ਇਹ ਬਿਰਹਾ ਤੋਂ ਵਸਲ ਦਾ ਸਫ਼ਰ ਹੈ। ਜਿਨ੍ਹਾਂ ਜੀਵ-ਆਤਮਾਵਾਂ ਦਾ ਪ੍ਰਭੂ-ਪ੍ਰੀਤਮ ਨਾਲ ਮਿਲਾਪ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੁਹਾਗਣ ਕਿਹਾ ਹੈ। ਅਜਿਹੀਆਂ ਸੁਹਾਗਣਾਂ

SikhBookClub.com

ਆਪਣੇ ਸੁਹਾਗ (ਅਕਾਲ ਪੁਰਖ) ਦੀ ਰਜ਼ਾ ਵਿੱਚ ਵਿਚਰਦੀਆਂ ਹਨ। ਇਹ ਆਤਮਿਕ ਗਿਆਨ ਦੀਆਂ ਗਿਆਤਾ ਹੋ ਕੇ ਸੋਭਾਵੰਤੀ ਨਾਰ ਅਖਵਾਉਂਦੀਆਂ ਹਨ:

ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ॥
ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ॥

(ਪੰਨਾ ੪੨੬)

ਇਹੀ ਸੁਹਾਗਣਾਂ ਧਰਮ ਦੇ ਰਾਹੀਂ ਪ੍ਰਵੇਸ਼ ਕਰਕੇ ਪ੍ਰਭੂ ਪ੍ਰਾਪਤੀ ਦੇ ਸੁੱਖ ਨੂੰ ਪਾ ਕੇ 'ਆਤਮਿਕ ਸਹਿਜ' ਤੱਕ ਪੁੱਜਦੀਆਂ ਹਨ। ਪਹਿਲੀ ਲਾਵ ਉਹ ਅਧਿਆਤਮਿਕ ਪੜਾਅ ਹੈ ਜਿਸ ਵਿੱਚ ਮਨੁੱਖ ਬਾਣੀ ਦਾ ਅਭਿਆਸ ਕਰਦਾ ਹੈ, ਨਾਮ ਵਾਲਾ ਬਣਦਾ ਹੈ ਤੇ ਧਰਮ ਦੇ ਸਹੀ ਅਰਥਾਂ ਨੂੰ ਸਮਝਦਾ ਹੈ। 'ਪਰਵਿਰਤੀ ਕਰਮਾਂ' (ਭਾਵ ਦੁਨਿਆਵੀ ਰਹੁ ਰੀਤਾਂ ਨੂੰ ਜਾਰੀ ਰੱਖਣਾ) ਵਿਚੋਂ ਵਿਚਰਦਿਆਂ ਪਰਵਿਰਤ ਮਾਰਗ ਵਿੱਚ ਦ੍ਰਿੜ੍ਹ ਰਹਿੰਦਿਆਂ, ਨਿਰਵਿਰਤ ਅਵੱਸਥਾ ਵਿੱਚ ਪਹੁੰਚਣਾ ਹੈ। ਗੁਰਮੁੱਖ ਕੋਲ ਪਰਵਿਰਤੀ ਵਿੱਚ ਨਿਰਵਿਰਤੀ ਨੂੰ ਪਛਾਨਣ ਵਾਲੀਆਂ ਅੱਖਾਂ ਹੋਣੀਆਂ ਚਾਹੀਦੀਆਂ ਹਨ। ਗੁਰੂ ਫੁਰਮਾਣ ਹੈ:

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥

(ਪੰਨਾ ੯੪੧)

ਨਿਰਵਿਰਤ ਨੂੰ ਪਛਾਨਣ ਦੀ ਸੋਝੀ ਤਦ ਹੀ ਹੋਵੇਗੀ, ਜੇਕਰ ਗੁਰਬਾਣੀ ਦਾ ਅਭਿਆਸ ਕੀਤਾ ਜਾਵੇਗਾ। ਗੁਰਬਾਣੀ ਦਾ ਅਭਿਆਸ ਕਰਨ ਨਾਲ 'ਧਰਮ' ਦੀ ਪ੍ਰਾਪਤੀ ਹੁੰਦੀ ਹੈ। ਨਾਮ ਦ੍ਰਿੜ੍ਹਾਉਣ ਵਾਲਾ ਜੀਵ ਧਰਮ ਦੁਆਰਾ ਬ੍ਰਹਮਾਂ ਦੇ ਸਰੂਪ ਨੂੰ ਪਛਾਣਦਾ ਹੈ। ਇਸ ਪੜਾਅ ਵਿਚ 'ਪੂਰੇ ਸਤਿਗੁਰੂ' ਨੂੰ ਆਰਾਧਨ ਦਾ ਉਪਦੇਸ਼ ਕੀਤਾ ਹੈ:

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥

(ਪੰਨਾ ੭੭੩)

ਸਤਿਗੁਰੂ ਦੀ ਅਰਾਧਨਾ ਸਭ ਪਾਪਾਂ ਦਾ ਨਾਸ਼ ਕਰ ਦਿੰਦੀ ਹੈ ਅਤੇ ਮਨ ਵਿੱਚ ਪ੍ਰਭੂ ਦੇ ਨਾਮ ਦੀ ਮਿਠਾਸ ਨੂੰ ਵਸਾ ਕੇ ਅਨੰਦਿਤ ਹੋ ਜਾਂਦਾ ਹੈ। ਦੂਜੇ ਪੜਾਅ ਵਿੱਚ ਮਨ ਅੰਦਰੋਂ 'ਡਰ' ਅਤੇ 'ਹਉਮੈ' ਦਾ ਖਾਤਮਾ ਹੋ ਜਾਂਦਾ ਹੈ। 'ਹਉਮੈ ਮੈਲੁ ਗਵਾਇਆ' ਇਸੇ ਤੱਥ ਨੂੰ ਸਪੱਸ਼ਟ ਕਰਦਾ ਹੈ। ਦਰਅਸਲ ਇਹ 'ਹਉਮੈ' ਉਹ ਬਿਰਤੀ ਹੈ ਜੋ ਜੀਵ ਨੂੰ ਬ੍ਰਹਿਮੰਡ ਦੇ ਨਾਲ ਇਕਸੁਰ ਹੋਣ ਤੋਂ ਰੋਕਦੀ ਹੈ। ਇਸ ਕਾਰਨ ਮਨੁੱਖੀ ਮਨ ਅਣਕਿਆਸੇ ਸੰਘਰਸ਼ ਦਾ ਸ਼ਿਕਾਰ ਹੋ ਕੇ ਕਈ ਚਿੰਤਾਵਾਂ ਅਤੇ ਫ਼ਿਕਰਾਂ ਨਾਲ ਘਿਰ ਜਾਂਦਾ ਹੈ। ਪਰ ਜਿਉਂ ਹੀ ਇਸ ਨੂੰ ਬ੍ਰਹਿਮੰਡੀ ਚੇਤਨਾ ਦਾ ਅਹਿਸਾਸ ਹੁੰਦਾ ਹੈ ਤਾਂ ਫਿਰ ਸਾਰੇ ਪਾਸੇ ਅਕਾਲ ਪੁਰਖ ਦਾ ਪਸਾਰਾ ਹੀ ਵਿਖਾਈ ਦਿੰਦਾ ਹੈ, ਇਸ ਤੋਂ ਛੁੱਟ ਹੋਰ ਕੁਝ ਵਿਖਾਈ ਨਹੀਂ ਦਿੰਦਾ:

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥

(ਪੰਨਾ ੭੭੪)

'ਨਿਰਮਲ ਭਉ' ਦੀ ਪ੍ਰਾਪਤੀ ਨਾਲ ਮਨ ਦੀ ਇਕਾਗਰਤਾ ਬੱਝਦੀ ਹੈ। ਜਿਸ ਸਦਕਾ ਜੀਵਾਤਮਾ ਕੁਦਰਤ ਨਾਲ ਇੱਕ ਮਿੱਕ ਹੋ 'ਅਨਹਦ ਸ਼ਬਦ' ਅਤੇ 'ਮੰਗਲਾਂ' ਦੇ ਗੀਤ ਸੁਣ ਕੇ ਸੁੱਖ

SikhBookClub.com

ਮਾਣਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਅਧਿਆਤਮਿਕ ਵਿਕਾਸ ਦੀ ਤੀਸਰੀ ਅਵੱਸਥਾ ਵਿੱਚ ਬਿਆਨ ਕਰਦੇ ਹਨ ਕਿ ਦੂਜੀ ਅਵੱਸਥਾ ਵਿੱਚ ਪ੍ਰਾਪਤ 'ਨਿਰਮਲ ਭਉ' ਨਾਲ ਮਨੁੱਖ ਦਾ ਸੰਤ ਜਨਾਂ ਨਾਲ ਮੇਲ ਹੁੰਦਾ ਹੈ। ਉਹ ਸੰਤਾਂ ਨਾਲ ਮਿਲ ਕੇ ਅਕੱਥ ਹਰੀ ਦੀ ਕਥਾ ਨੂੰ ਬਿਆਨ ਕਰਦਾ "ਵੈਰਾਗਮਈ" ਅਵੱਸਥਾ ਵਿੱਚ ਪਹੁੰਚਦਾ ਹੈ। ਵੈਰਾਗ ਤੋਂ ਭਾਵ ਹੈ ਉਪਰਾਮਤਾ। ਪਹਿਲੀਆਂ ਦੋ ਲਾਵਾਂ ਵਿੱਚਲੀ ਅਵੱਸਥਾ ਅਧੀਨ ਨਾਮ ਦੀ ਦ੍ਰਿੜ੍ਹਤਾ ਨੂੰ ਪਰਪੱਕ ਕਰਨ ਦੇ ਨਾਲ ਨਾਲ 'ਅਨਹਦ ਸ਼ਬਦ' ਸੁਣਨ ਵਾਲੀ ਅਵੱਸਥਾ ਤੱਕ ਪਹੁੰਚਦਾ ਹੈ, ਫਿਰ ਤੀਸਰੀ ਲਾਂਵ ਵਿੱਚ ਪ੍ਰਵੇਸ਼ ਕਰਨ ਨਾਲ ਮਨ ਵਿੱਚ ਪ੍ਰਭੂ ਨੂੰ ਪਾਉਣ ਦੀ ਤੜਪ ਉੱਠ ਪੈਂਦੀ ਹੈ। ਇਹੀ ਤੜਪ ਉਸਨੂੰ ਬੈਰਾਗੀ ਬਣਾ ਦਿੰਦੀ ਹੈ। ਉਹ ਅਨੰਦ ਮੰਡਲ ਵਿਚੋਂ ਗੁਜ਼ਰਦਾ ਹੈ। ਪ੍ਰਭੂ ਦੇ ਨਾਮ ਵਿੱਚ ਰਤਾ ਬੈਰਾਗੀ ਹੋਇਆ,ਦੁਨੀਆ ਤੋਂ ਬੇਖਬਰ ਹੋ ਜਾਂਦਾ ਹੈ:

ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥

(ਪੰਨਾ ੫੦੪)

ਤੀਜੀ ਲਾਵ ਉਹ ਅਧਿਆਤਮਿਕ ਪਉੜੀ ਹੈ, ਜਿਸ ਵਿਚ ਨਾਮ ਅਭਿਆਸੀ ਦੇ ਮਨ ਵਿਚ ਪ੍ਰਭੂ ਨੂੰ ਪਾਉਣ ਲਈ ਇਕ ਤੜਪ ਪੈਦਾ ਹੁੰਦੀ ਹੈ ਤੇ ਇਹ ਤੜਪ ਹੀ ਉਸ ਨੂੰ ਬੈਰਾਗੀ ਬਣਾ ਦਿੰਦੀ ਹੈ। ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖੀ ਮਨ ਨਾਮ ਅਭਿਆਸੀ ਬਣ ਕੇ ਸਤਿਸੰਗਤ ਕਰਦੇ ਹਨ। ਅਕਾਲ ਪੁਰਖ ਨੇ ਸੰਤ ਜਨਾਂ ਨਾਲ ਮੇਲ ਕਰਵਾ ਕੇ ਮਨੁੱਖ ਨੂੰ ਵਡਭਾਗੀ ਬਣਾ ਦਿੱਤਾ। ਗੁਰਬਾਣੀ ਅਨੁਸਾਰ ਵੱਡਿਆਂ ਭਾਗਾਂ ਵਾਲੇ ਉਹ ਹਨ ਜੋ ਗੁਰਮੁਖ ਪਿਆਰਿਆਂ ਦੀ ਸੰਗਤ ਕਰਦੇ ਹਨ ਤੇ ਇਸ ਸੰਗਤ ਦਾ ਸਦਕਾ ਹੀ ਹਿਰਦੇ ਵਿਚ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਉਪਜਦੀ ਹੈ। ਇਹ ਤੀਜੀ ਲਾਵ ਹੀ ਹੈ, ਜਿਸ ਵਿਚ ਮਨ ਬੈਰਾਗਮਈ ਅਵਸਥਾ ਵਿਚ ਪਹੁੰਚ ਕੇ ਵੱਡਿਆਂ ਭਾਗਾਂ ਵਾਲਾ ਬਣਦਾ ਹੈ। 'ਚਾਉ' ਨਾਲ ਭਰਿਆ ਮਨ ਬੈਰਾਗੀ ਹੋ ਕੇ ਪ੍ਰਭੂ ਨੂੰ ਦਿਨ-ਰਾਤ ਚਿਤਵਦਾ ਹੈ। ਉਸਨੂੰ ਹਿਰਦੇ ਵਿਚੋਂ ਹਰੀ ਦੇ ਨਾਮ ਦੀਆਂ ਧੁਨਾਂ ਹੀ ਸੁਣਾਈ ਦਿੰਦੀਆਂ ਹਨ। ਅਕਾਲ ਪੁਰਖ ਨੇ ਬਖ਼ਸ਼ਿਸ਼ ਕਰਕੇ ਵਡਭਾਗੀ ਹੋਣ ਦਾ ਮਾਣ ਬਖ਼ਸਿਆ ਹੈ:

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥

(ਪੰਨਾ ੭੭੪)

ਚੌਥਾ ਪੜਾਅ 'ਸਹਿਜ' ਦੀ ਅਵੱਸਥਾ ਹੈ। ਸਹਿਜ ਉਹ ਅਵੱਸਥਾ ਹੈ ਜਿਸ ਵਿੱਚ ਪ੍ਰਭੂ ਪ੍ਰਾਪਤੀ ਦਾ ਸੁੱਖ ਮਿਲ ਜਾਂਦਾ ਹੈ ਤੇ ਜੀਵ ਆਤਮਕ ਸਹਿਜ ਵਿੱਚ ਖੇਡਦਾ ਹੈ। ਪਰਮੇਸ਼ਰ ਨਾਲ ਇੱਕ ਮਿੱਕ ਹੋ ਜਾਂਦਾ ਹੈ। ਜੀਵ ਨੂੰ ਉਸ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਉਸ ਨੇ 'ਮਨ ਚਿੰਦਿਆ' ਸੀ। ਇਸ ਅਵੱਸਥਾ ਵਿੱਚ ਸਭ ਇੱਛਾਵਾਂ ਦੀ ਪੂਰਤੀ ਹੋ ਜਾਂਦੀ ਹੈ। ਜੀਵ ਰੂਪੀ ਇਸਤਰੀ ਇਉਂ ਮਹਿਸੂਸ ਕਰਦੀ ਹੈ:

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥

SikhBookClub.com

ਜਨੁ ਨਾਨਕੁ ਬੋਲੈ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥

(ਪੰਨਾ ੭੭੪)

ਭਾਵ ਕਿ ਇਸ ਅਵੱਸਥਾ ਨੂੰ ਪਹੁੰਚੀ ਜੀਵਾਤਮਾ ਦਾ ਵਾਹਿਗੁਰੂ ਨਾਲ ਰੂਹਾਨੀ ਵਿਆਹ ਹੋ ਜਾਂਦਾ ਹੈ। 'ਮੈ ਛੋਡਿਅੜਾ ਮੇਰਾ ਤੇਰਾ' ਦੀ ਅਵੱਸਥਾ ਵਿੱਚ ਪਹੁੰਚ ਕੇ 'ਏਕ ਜੋਤਿ' ਹੋ ਨਿਬੜਦੇ ਹਨ। ਸਹੀ ਸ਼ਬਦਾਂ ਵਿੱਚ ਇਹ ਚਾਰ ਲਾਵਾਂ ਹੀ ਅਸਲ ਵਿੱਚ ਉਹ ਚਾਰ ਅਵੱਸਥਾਵਾਂ ਹਨ ਜਿਨ੍ਹਾਂ 'ਤੇ ਅਮਲ ਕਰਨ ਸਦਕਾ, ਉਸ ਪਰਮ-ਆਤਮਾ ਨਾਲ ਅਭੇਦ ਹੋਇਆ ਜਾ ਸਕਦਾ ਹੈ। ਇਨ੍ਹਾਂ ਅਵੱਸਥਾਵਾਂ ਨੂੰ ਪਾਰ ਕਰਨ ਵਾਲੇ ਵਿਰਲੇ ਹੀ ਜੀਵ ਹੁੰਦੇ ਹਨ। ਗੁਰੂ ਜੀ ਨੇ ਇਸ ਬਾਣੀ ਦੁਆਰਾ ਜੀਵ ਨੂੰ ਆਪਣਾ ਅਧਿਆਤਮਿਕ ਜੀਵਨ ਸੰਵਾਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। ਇਸ ਬਾਣੀ ਦੇ ਚਾਰ ਬੰਦ ਅਧਿਆਤਮਿਕ ਜੀਵਨ ਦੇ ਚਾਰ ਪ੍ਰਮੁੱਖ ਪੜਾਅ ਹਨ ਜਿਨ੍ਹਾਂ ਰਾਹੀਂ ਸਿੱਖ ਸੰਸਾਰਿਕ ਜੀਵਨ ਨੂੰ ਨਿਭਾਉਂਦਿਆਂ ਹੋਇਆਂ ਪ੍ਰਭੂ ਦੇ ਦਰ 'ਤੇ ਪਹੁੰਚਦਾ ਹੈ। ਚਾਰ ਲਾਵਾਂ ਨਾਲ ਵਿਆਹ ਰਚਾਉਣਾ ਹੈ ਤਾਂ ਜ਼ਰੂਰੀ ਇਹ ਵੀ ਹੈ ਕਿ ਅਸੀਂ ਇਨ੍ਹਾਂ ਦੇ ਵਿੱਚ ਛੁਪੇ ਅਧਿਆਤਮਿਕ ਭਾਵਾਂ ਨੂੰ ਸਮਝੀਏ, ਅਮਲ ਕਰੀਏ ਅਤੇ ਇਸ ਵਿਚਲੀ ਰੂਹਾਨੀਅਤ ਨੂੰ ਸਮਝੀਏ।

SikhBookClub.com

ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀ ਬਾਣੀ ਵਿਚ ਆਦਰਸ਼ ਸੇਵਕ

ਸਿੱਖ ਧਰਮ ਵਿਚ ਆਦਰਸ਼ਕ ਸਿੱਖ ਦਾ ਮਨੋਰਥ ਇਕ ਨਿਸ਼ਕਾਮ ਸੇਵਕ ਬਣਨਾ ਹੈ। ਅਜਿਹਾ ਸੇਵਕ ਬਣਨਾ ਹੀ ਉਸ ਦੇ ਜੀਵਨ ਦਾ ਨਿਸ਼ਾਨਾ ਹੈ। ਗੁਰਮਤਿ ਦੇ ਮਹੱਲ ਅੰਦਰ ਸੇਵਾ ਅਤੇ ਸਿਮਰਨ ਦੋ ਵੱਡੇ ਥੰਮ੍ਹ ਹਨ। ਇਨ੍ਹਾਂ ਦੋਨਾਂ ਮੂਲ ਸਿਧਾਂਤਾਂ ਤੋਂ ਬਿਨਾਂ ਗੁਰਮਤਿ ਦੀ ਵਿਆਖਿਆ ਅਧੂਰੀ ਹੈ। ਸਿੱਖੀ ਦੇ ਇਤਿਹਾਸ ਅੰਦਰ ਸੇਵਕ ਦਾ ਇਕ ਖ਼ਾਸ ਸਥਾਨ ਵਰਣਨ ਕੀਤਾ ਗਿਆ ਹੈ। ਗੁਰਮਤਿ ਵਿਚ ਸੇਵਕ ਨੂੰ ਉੱਚੀ ਪਦਵੀ ਪ੍ਰਾਪਤ ਹੈ। ਗੁਰੂ ਸਾਹਿਬ ਨੇ ਸਿੱਖੀ ਮਿਸ਼ਨ ਨੂੰ ਅੱਗੇ ਤੋਰਨ ਲਈ ਜਦੋਂ ਆਪਣੇ ਉਤਰਾਧਿਕਾਰੀ ਦੀ ਚੋਣ ਕੀਤੀ ਉਸ ਵਕਤ ਵੀ ਸੇਵਕ ਸਿੱਖ ਦੀ ਨਿਸ਼ਕਾਮ ਸੇਵਾ ਨੂੰ ਹੀ ਮੁੱਖ ਰੱਖਿਆ। ਸੇਵਕ ਦਾ ਇਹ ਇਮਤਿਹਾਨ ਸਭ ਤੋਂ ਵੱਡਾ ਇਮਤਿਹਾਨ ਹੁੰਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਮਨੁੱਖੀ ਸ਼ਖ਼ਸੀਅਤ ਦੀ ਬਹੁਪੱਖੀ ਉਸਾਰੀ ਅਤੇ ਨਵੀਂ ਘਾੜਤ, ਇਕ ਪਰਿਵਰਤਨ ਸੀ। ਮਨੁੱਖ ਨੂੰ ਆਪੇ ਦੀ ਸੋਝੀ ਕਰਵਾਉਣਾ ਅਤੇ ਥੁੜ੍ਹਾਂ ਸਹਿੰਦੇ ਮਨੁੱਖੀ ਜੀਵਨ ਲਈ ਜ਼ਰੂਰੀ ਸਹੂਲਤਾਂ ਲਈ ਇਕ ਉਪਰਾਲਾ ਸੀ। ਸੇਵਕ ਦੀ ਸ਼ਖ਼ਸੀਅਤ ਨੂੰ ਹਰ ਪੱਖ ਤੋਂ ਪੂਰਨਤਾ ਦੇਣੀ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਉਦੇਸ਼ ਸੀ। ਇਸ ਮਨੁੱਖੀ ਸ਼ਖ਼ਸੀਅਤ ਦੇ ਨਵ-ਉਸਾਰੀ ਦੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਸਿਰਫ਼ ਬਿਆਨਿਆ ਹੀ ਨਹੀਂ ਸਗੋਂ ਜੀਵਿਆ ਭੀ ਜੋ ਸਾਡੇ ਲਈ ਇਕ ਆਦਰਸ਼ਕ ਮਿਸਾਲ ਹੈ, ਚਾਨਣ-ਮੁਨਾਰਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬਾਨ ਨੇ ਪਹਿਲਾਂ ਸੇਵਕ ਦੇ ਰੂਪ ਵਿਚ ਸੇਵਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਦੀ ਆਪਣੀ ਪਾਵਨ ਬਾਣੀ ਅੰਦਰ ਇਕ ਆਦਰਸ਼ਕ ਸੇਵਕ ਦੀ ਸ਼ਖ਼ਸੀਅਤ ਦਾ ਖ਼ੂਬਸੂਰਤ ਝਲਕਾਰਾ ਹੈ। ਗੁਰੂ ਜੀ ਨੇ ਸੇਵਕ ਦੇ ਸਮਾਨਅਰਥੀ ਸ਼ਬਦਾਂ ਦੀ ਵਰਤੋਂ ਭੀ ਕੀਤੀ ਹੈ, ਜਿਵੇਂ:

1· ਲਾਲੇ ਗੋਲੇ:

ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ॥

(ਪੰਨਾ ੧੭੧)

2· ਗੋਲੀ: *ਅਪੁਨੇ ਹਰਿ ਪ੍ਰਭ ਕੀ ਹਉ ਗੋਲੀ ॥* *(ਪੰਨਾ ੧੬੮)*

3· ਜਨ: *ਜਨ ਕੀ ਪੈਜ ਸਵਾਰੇ॥* *(ਪੰਨਾ ੯੮੨)*

4· ਇਵੇਂ ਹੀ ਸ਼ਬਦ ਗ਼ੁਲਾਮ, ਦਾਸ ਅਤੇ ਚੋਰੀ ਦੀ ਵਰਤੋਂ ਭੀ ਮਿਲਦੀ ਹੈ। ਕਿਤੇ-ਕਿਤੇ ਸ਼ਬਦ ਵੇਗਾਰਿ ਅਤੇ ਵੇਗਾਰੀਆ ਦਾ ਜ਼ਿਕਰ ਕੀਤਾ ਮਿਲਦਾ ਹੈ।

SikhBookClub.com

ਇਹ ਸਾਰੇ ਸ਼ਬਦ ਨਿਮਰਤਾ ਦੇ ਸੂਚਕ ਹਨ। ਨਿਮਰ ਭਾਵ ਵਿਚ ਰਹਿ ਕੇ ਸੇਵਾ ਹੋ ਸਕਦੀ ਹੈ। ਅਜਿਹਾ ਸੇਵਕ ਧਰਮ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

ਸੇਵਕ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਪੂਰੀ ਆਸਥਾ ਅਤੇ ਸ਼ਰਧਾ ਨਾਲ ਸੇਵਾ ਕਰਨ ਲਈ ਆਪਾ-ਸਮਰਪਣ ਕਰਨ ਦੀ ਭਾਵਨਾ ਮਨ ਵਿਚ ਹੋਵੇ। ਸੇਵਕ ਆਪਣਾ ਤਨ, ਮਨ ਅਤੇ ਧਨ ਸਭ ਗੁਰੂ ਨੂੰ ਸੌਂਪ ਕੇ ਸੇਵਾ ਕਰੇ। ਇਸ ਤਰ੍ਹਾਂ ਪੂਰਨ ਰੂਪ ਵਿਚ ਸਵੈ ਅਰਪਣ ਕਰਨ ਨਾਲ ਹੀ ਸੇਵਕ ਦੀ ਸੇਵਾ ਪੁੱਗ ਸਕਦੀ ਹੈ। ਗੁਰੂ ਦੇ ਹੁਕਮ ਅੰਦਰ ਚੱਲਣ ਨਾਲ ਹੀ ਹਉਮੈ ਦਾ ਅਭਾਵ ਹੁੰਦਾ ਹੈ। ਅਜਿਹੀ ਸੇਵਾ ਕਾਮਨਾ ਰਹਿਤ ਹੀ ਉਸ ਦੇ ਆਦਰਸ਼ ਦੀ ਪੂਰਤੀ ਵਿਚ ਸਹਾਈ ਹੋ ਸਕਦੀ ਹੈ। ਸੇਵਕ ਅਜਿਹਾ ਕਰਨ 'ਤੇ ਕੁਝ ਦਿੰਦਾ ਨਹੀਂ, ਕੋਈ ਅਹਿਸਾਸ ਨਹੀਂ ਕਰਦਾ, ਸਿਰਫ਼ ਪ੍ਰਭੂ ਵਲੋਂ ਦਿੱਤੀ ਹੋਈ ਅਮਾਨਤ ਹੀ ਵਾਪਸ ਕਰਦਾ ਹੈ ਜੈਸਾ ਕਿ ਭਗਤ ਕਬੀਰ ਜੀ ਨੇ ਇਸ ਸਿਧਾਂਤ ਨੂੰ ਸਪੱਸ਼ਟ ਕਥਨ ਕੀਤਾ ਹੈ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥

(ਪੰਨਾ ੧੩੭੫)

ਸ਼ਰਧਾ ਅਤੇ ਆਸਥਾ ਨਾਲ ਕੀਤੀ ਸੇਵਾ ਕਰਨ 'ਤੇ ਹੀ ਪ੍ਰਭੂ ਆਪਣੇ ਸੇਵਕਾਂ ਨੂੰ ਪਿਆਰ ਕਰਦਾ ਹੈ। ਨਾਮ ਦਾ ਸਹਾਰਾ ਦਿੰਦਾ ਹੈ ਅਤੇ ਅੰਗ-ਸੰਗ ਸਹਾਈ ਹੋ ਕੇ ਡੋਲਣ ਤੋਂ ਬਚਾਉਂਦਾ ਹੈ। ਨਿਸ਼ਕਾਮ ਸੇਵਕ ਨੂੰ ਸਭ ਥਾਂ ਇਕੋ ਪ੍ਰਭੂ ਜੋਤ ਰੂਪ ਵਿਚ ਨਜ਼ਰ ਆਉਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਕਥਨ ਕਰਦੇ ਹਨ:

ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ॥
ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ॥੧॥
ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ॥
ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ॥

(ਪੰਨਾ ੯੮੨)

ਸੇਵਕ ਨੂੰ ਆਪਣੇ ਦਿਆਲ ਅਤੇ ਮਿਹਰਬਾਨ ਪ੍ਰਭੂ ਉੱਤੇ ਗੁਰੂ ਉੱਤੇ ਪੂਰਨ ਭਰੋਸਾ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਸੇਵਕਾਂ 'ਤੇ ਸਦਾ ਮਿਹਰ ਕਰਦਾ ਆਇਆ ਹੈ ਅਤੇ ਕਰਦਾ ਰਹੇਗਾ। ਇਹ ਸਿਰਫ਼ ਇਸ ਜੁਗ ਦੀ ਹੀ ਗੱਲ ਨਹੀਂ ਸਗੋਂ ਹਰ ਜੁਗ ਅੰਦਰ ਭਗਤ ਜੋ ਵਾਹਿਗੁਰੂ ਤੋਂ ਵਰੋਸਾਏ ਹੋਏ ਸਨ ਪ੍ਰਭੂ ਨੇ ਮਿਹਰ ਕੀਤੀ, ਪੈਜ ਰੱਖੀ, ਨਿਕਟੀ ਹੋਇ ਕੇ ਦਿਖਾਇਆ, ਕਾਰਜ-ਕਿਰਤ ਵਿਚ ਸੇਵਕ ਦੇ ਅੰਗ-ਸੰਗ ਹੋ ਨਿੱਬੜਿਆ। ਹਰ ਖੇਤਰ ਵਿਚ ਸਹੂਲਤਾਂ ਲਈ ਸੇਧ ਦਿੱਤੀ ਅਤੇ ਨਾਲ ਹੀ ਦੁਸ਼ਟਾਂ ਦੀ ਖੈ ਕੀਤੀ, ਹੰਕਾਰੀਆਂ ਅਤੇ ਨਿੰਦਕਾਂ ਵੱਲ ਪਿੱਠ ਕਰ ਛੱਡੀ ਅਤੇ ਆਪਣੇ ਭਗਤਾਂ ਨੂੰ ਮਾਣ ਤੇ ਪ੍ਰਤਿਸ਼ਠਤਾ ਦੀ ਬਖ਼ਸ਼ਿਸ਼ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ 'ਮਾਰੂ ਰਾਗ' ਵਿਚ ਇਸ ਖ਼ਿਆਲ ਨੂੰ ਬੜੇ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਵਰਣਨ ਕਰਦੇ ਹਨ:

ਜਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ॥
ਸੇਵਕ ਪੈਜ ਰਖੈ ਮੇਰਾ ਗੋਵਿਦੁ ਸਰਣਿ ਪਰੇ ਉਧਰੇ॥

SikhBookClub.com

ਜਨ ਨਾਨਕ ਹਰਿ ਕਿਰਪਾ ਧਾਰੀ ਉਰ ਧਰਿਓ ਨਾਮੁ ਹਰੇ॥

(ਪੰਨਾ ੯੬੫)

ਸੇਵਕ ਦੀ ਗੁਰੂ ਉੱਤੇ ਸ਼ਰਧਾ ਅਤੇ ਅਤੁੱਟ ਵਿਸ਼ਵਾਸ ਹੀ ਉਸ ਨੂੰ ਇਸ ਸੰਸਾਰ-ਸਮੁੰਦਰ ਤੋਂ ਪਾਰ ਉਤਾਰਨ ਲਈ ਸਹਾਈ ਹੁੰਦੀ ਹੈ। ਪ੍ਰਭੂ, ਗੁਰੂ ਅਤੇ ਗੁਰੂ ਦੀ ਸ਼ਬਦ-ਬਾਣੀ ਵਿਚ ਇਕਸੁਰਤਾ ਹੈ। ਗੁਰੂ, ਪ੍ਰਭੂ ਦਾ ਭੇਜਿਆ ਹੋਇਆ ਪ੍ਰਤੀਨਿਧ ਹੁੰਦਾ ਹੈ। ਸੇਵਕ ਅਤੇ ਗੁਰੂ ਦਾ ਰਿਸ਼ਤਾ ਇਕ ਰਹੱਸਮਈ ਰਿਸ਼ਤਾ ਹੈ। ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਸਿਰਫ਼ ਅਨੁਭਵ ਕੀਤਾ ਜਾ ਸਕਦਾ ਹੈ। ਇਹ ਦੁਨਿਆਵੀ ਰਿਸ਼ਤਾ ਨਹੀਂ। ਗੁਰੂ ਦੀ ਰਚਨਾ, ਬੋਲ ਇਕ ਰੱਬੀ ਪੈਗ਼ਾਮ ਹੈ, ਇਲਾਹੀ ਗੀਤ ਹਨ, ਦਿਲ, ਦਿਮਾਗ਼ ਅਤੇ ਆਤਮਾ ਤਿੰਨਾਂ ਨੂੰ ਅਪੀਲ ਕਰਨ ਵਾਲੇ ਹਨ। ਗੁਰੂ ਦੀ ਬਾਣੀ ਇਕ ਪਰਮਾਰਥ ਦਾ ਰਸਤਾ ਹੈ, ਸੇਵਕ ਲਈ ਕਲਿਆਣਕਾਰੀ ਹੈ, ਹਲਤ-ਪਲਤ ਲਈ ਸਹਾਈ ਹੈ। ਆਤਮਿਕ ਜੀਵਨ ਦੇਣ ਵਾਲਾ ਨਾਮ ਜਨ ਹਨ। ਜਿਹੜਾ ਸੇਵਕ ਇਸ ਨੂੰ ਹਿਰਦੇ ਵਿਚ ਸਾਂਭ ਕੇ ਰੱਖਦਾ ਹੈ ਗੁਰੂ ਯਕੀਨੀ ਤੌਰ 'ਤੇ ਸੇਵਕ ਨੂੰ ਸੰਸਾਰ ਤੋਂ ਪਾਰ ਲੰਘਾ ਦੇਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਪਰਥਾਇ ਹੇਠ ਲਿਖੇ ਸ਼ਬਦ ਕਿੰਨੀ ਸ਼ਰਧਾ ਅਤੇ ਵਿਸ਼ਵਾਸ ਨਾਲ ਕਹੇ ਹਨ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਪੰਨਾ ੯੮੨)

ਗੁਰੂ ਰਾਮਦਾਸ ਪਾਤਸ਼ਾਹ ਨੇ ਇਕ ਆਦਰਸ਼ ਸੇਵਕ ਦੀ ਹੈਸੀਅਤ ਵਿਚ ਦ੍ਰਿੜ੍ਹ ਕਰਾਇਆ ਹੈ ਕਿ ਸੇਵਕ ਦੀ ਸੇਵਾ ਉਹੀ ਸਫਲ ਹੈ ਜੋ ਗੁਰਮੁਖ ਬਣ ਕੇ ਕੀਤੀ ਜਾਂਦੀ ਹੈ। ਗੁਰਮੁਖ ਤੋਂ ਸੇਵਾ ਦਾ ਭਾਵ ਨਿਸ਼ਕਾਮ ਸੇਵਾ ਹੈ। ਸੇਵਾ ਕੋਈ ਬੰਧਨ ਨਹੀਂ, ਠੋਸੀ ਹੋਈ ਮਜਬੂਰੀ ਅਧੀਨ ਕਾਰਜ ਨਹੀਂ ਸਗੋਂ ਕਾਮਨਾ ਰਹਿਤ, ਚਾਈਂ-ਚਾਈਂ ਅਪਣਾਇਆ ਪਰਉਪਕਾਰੀ ਕਾਰਜ ਹੈ। ਸੇਵਾ ਉਹੀ ਸਫਲ ਹੈ ਜਿਸ 'ਤੇ ਗੁਰੂ ਦਾ ਮਨ ਸੰਤੁਸ਼ਟ ਹੁੰਦਾ ਹੈ। ਅਜਿਹੀ ਸੇਵਾ ਪਾਪ-ਨਾਸ਼ਕ ਹੈ। ਪ੍ਰਭੂ ਅਤੇ ਜੀਵ ਵਿਚਕਾਰ ਪਈ ਹਉਮੈ ਦੀ ਵਿੱਥ ਨੂੰ ਦੂਰ ਕਰ ਸਕਦੀ ਹੈ। ਅਜਿਹੀ ਸੇਵਾ ਦੀ ਘਾਲ ਥਾਇ ਪੈਂਦੀ ਹੈ ਭਾਵ ਮਨਜ਼ੂਰ ਹੁੰਦੀ ਹੈ। ਤਦ ਹੀ ਸੇਵਕ ਦਾ ਆਉਣਾ ਸੰਸਾਰ 'ਤੇ ਸਫਲ ਹੈ, ਭਾਵ ਉਸ ਦਾ ਜੀਵਨ ਸਫਲ ਹੈ। ਮਨਮੁੱਖ ਹੋ ਕੇ ਸੇਵਾ ਨਹੀਂ ਹੋ ਸਕਦੀ। ਨਿਸ਼ਕਾਮ ਸੇਵਾ ਨਾਲ ਹੀ ਸੇਵਕ ਦੀ ਤ੍ਰਿਸ਼ਨਾ ਭੁੱਖ ਲਹਿ ਸਕਦੀ ਹੈ। ਦੁਨਿਆਵੀ ਸੁਆਦਾਂ ਵੱਲ ਮਨ ਨਹੀਂ ਭਟਕਦਾ, ਸਿਰਫ਼ ਪ੍ਰਭੂ-ਸੇਵਾ ਦਾ ਚਾਅ ਹੀ ਮਾਨਸਿਕ ਤ੍ਰਿਪਤੀ ਪ੍ਰਦਾਨ ਕਰਦਾ ਹੈ ਅਤੇ ਆਤਮਿਕ ਪੱਧਰ 'ਤੇ ਸਿਮਰਨ ਦਾ ਚਾਉ ਪੈਦਾ ਹੁੰਦਾ ਹੈ। ਗੁਰੂ ਜੀ ਨੇ ਇਸ ਵਿਸ਼ਵਾਸ ਨੂੰ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ:

ਐਸਾ ਹਰਿ ਸੇਵੀਐ ਨਿਤ ਧਿਆਈਐ ਜੋ ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ॥
ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ॥
ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ ਲਹਾਸਾ॥੧॥
ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ॥
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ਹਰਿ ਅਪਨੀ ਪੈਜ ਰਖੈ ਜਨ ਦਾਸਾ॥

(ਪੰਨਾ ੮੬੦)

ਮਨੋਵਿਗਿਆਨਕ ਪੱਖ ਤੋਂ ਸੇਵਕ ਦੇ ਮਨ ਵਿਚ ਸੇਵਾ ਦੀ ਅਮਿੱਟ ਛਾਪ ਉਲੀਕਣ ਲਈ ਗੁਰੂ

SikhBookClub.com

ਜੀ ਨੇ ਵੱਖੋ-ਵੱਖ ਸ਼ਬਦਾਂ ਰਾਹੀਂ ਇਸ ਨੂੰ ਅਸਰਦਾਇਕ ਬਣਾਉਣ ਲਈ ਭਰਪੂਰ ਵਿਆਖਿਆ ਕੀਤੀ ਹੈ। ਅਸੀਂ ਪਹਿਲਾਂ ਇਸ ਦਾ ਵਰਣਨ ਕਰ ਚੁੱਕੇ ਹਾਂ ਕਿ ਸੱਚਾ ਸੇਵਕ ਆਪਣਾ ਤਨ, ਮਨ ਅਤੇ ਧਨ ਸਭ ਗੁਰੂ ਤਾਈਂ ਅਰਪਣ ਕਰ ਦੇਂਦਾ ਹੈ। ਸੇਵਕ ਜਦੋਂ ਇਕ ਅਜਿਹੀ ਭਾਵਨਾਤਮਕ ਅਵਸਥਾ 'ਤੇ ਪਹੁੰਚ ਜਾਂਦਾ ਹੈ ਤਾਂ ਆਪਣੇ ਪ੍ਰਾਣ ਤਕ ਵੀ ਗੁਰੂ ਪ੍ਰਤੀ ਸੇਵਾ ਲਈ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਕਿਤਨਾ ਅਨੰਦ ਹੈ ਇਸ ਆਪਾ ਤਿਆਗਣ ਵਿਚ, ਜਿੱਥੇ ਜਾ ਕੇ ਮੈਂ ਮੇਰੀ ਖ਼ਤਮ ਹੋ ਜਾਂਦੀ ਹੈ, ਸਿਰਫ਼ ਤੂੰ ਹੀ ਤੂੰ ਹੀ ਰਹਿ ਜਾਂਦਾ ਹੈ। ਇਹ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਯੋਗਦਾਨੀਆਂ ਦੀ ਇਕ ਮੌਲਿਕ ਦੇਣ ਹੈ।

ਗੁਰੂ ਪਾਤਸ਼ਾਹ ਲਿਖਦੇ ਹਨ ਕਿ ਹੇ ਪ੍ਰਭੂ! ਮੇਰੇ ਪ੍ਰਾਣ ਭੀ ਤੇਰੇ ਵੱਸ ਵਿਚ ਹੀ ਹਨ। ਮੇਰੀ ਜਿੰਦ ਅਤੇ ਮੇਰਾ ਸਰੀਰ ਸਭ ਤੇਰੇ ਦਿੱਤੇ ਹੋਏ ਹਨ। ਸਾਰਾ ਸੰਸਾਰ ਪ੍ਰਭੂ ਦੇ ਵੱਸ ਵਿਚ ਹੈ। ਅਜਿਹੇ ਸੇਵਕ ਨੂੰ ਇਹ ਗਿਆਨ ਹੈ ਕਿ ਇਹ ਸਰੀਰ, ਸਰੀਰ ਦੇ ਕਰਮ-ਇੰਦਰੇ, ਗਿਆਨ-ਇੰਦਰੇ ਸਭ ਪ੍ਰਭੂ ਦੀ ਦੇਣ ਹਨ ਅਤੇ ਇਨ੍ਹਾਂ ਦੀ ਯੋਗ ਵਰਤੋਂ ਹੀ ਜੀਵਨ-ਨਿਸ਼ਾਨੇ ਦੀ ਪੂਰਤੀ ਵੱਲ ਪੁੱਟੇ ਕਦਮ ਹਨ। ਜੇਕਰ ਇਨ੍ਹਾਂ ਦੀ ਗ਼ਲਤ ਵਰਤੋਂ ਕਰਦੇ ਹਾਂ ਤਾਂ ਜੀਵ ਦਾ ਆਉਣਾ ਨਿਸਫ਼ਲ ਹੈ ਅਤੇ ਅਖ਼ੀਰ ਪੱਲੇ ਪਛਤਾਵਾ ਹੀ ਪਛਤਾਵਾ ਰਹਿ ਜਾਂਦਾ ਹੈ।

ਗੁਰੂ-ਕਥਨ ਹੈ:

ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ॥...
ਜਗੰਨਾਥ ਜਗਦੀਸੁਰ ਕਰਤੇ ਸਭ ਵਸਗਤਿ ਹੈ ਹਰਿ ਕੇਰੀ॥

(ਪੰਨਾ ੯੭੦)

ਗੁਰੂ ਸਾਹਿਬਾਨ ਨੇ ਭਾਰਤੀ ਧਾਰਮਿਕ ਪਰੰਪਰਾਗਤ ਅਪਣਾਈ ਗਈ ਸੇਵਕ ਦੀ ਪਰਿਭਾਸ਼ਾ ਨੂੰ ਬਦਲ ਕੇ ਇਕ ਨਵੀਂ ਸੇਧ, ਆਦਰਸ਼ਕ ਰੂਪ ਅਤੇ ਅਧਿਆਤਮਕ ਪ੍ਰਵਿਰਤੀ ਪ੍ਰਦਾਨ ਕੀਤੀ। ਗੁਰਮਤਿ ਦਾ ਸੇਵਕ ਨਾ ਤਾਂ ਤਨਖ਼ਾਹਦਾਰ ਨੌਕਰ ਹੀ ਹੈ ਅਤੇ ਨਾ ਹੀ ਪਦਾਰਥਕ ਲਾਲਚ ਨੂੰ ਮੁੱਖ ਰੱਖ ਕੇ ਸੇਵਾ ਕਰਦਾ ਹੈ। ਗੁਰੂ ਜੀ ਨੇ ਸ਼ਬਦਾਵਲੀ ਭਾਵੇਂ ਪਰੰਪਰਾਗਤ ਗ਼ੁਲਾਮ, ਗੋਲਾ, ਲਾਲਾ-ਗੋਲਾ, ਚਾਕਰ, ਚੇਰੀ, ਦਾਸ, ਜਨ ਆਦਿ ਵਰਤੀ ਹੈ ਪ੍ਰੰਤੂ ਇਥੇ ਇਨ੍ਹਾਂ ਸ਼ਬਦਾਂ ਦਾ ਭਾਵ ਨਿਮਰਤਾ ਦਾ ਸੂਚਕ ਹੈ। ਦੁਨਿਆਵੀ ਦ੍ਰਿਸ਼ਟੀਕੋਣ ਤੋਂ ਨੀਵਾਂ ਸਮਝਿਆ ਜਾਣ ਵਾਲਾ ਕਾਰਜ, ਸੇਵਕ ਨਿਮਰਤਾ ਅਤੇ ਸ਼ਰਧਾ ਨਾਲ ਕਰਨ ਵਿਚ ਮਾਣ ਸਮਝਦਾ ਹੈ। ਅਜਿਹੀ ਸੇਵਾ ਦਾ ਮੁੱਲ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਲੋਕ-ਪ੍ਰਲੋਕ ਦੋਹਾਂ ਵਿਚ ਪੈਂਦਾ ਹੈ। ਇਸ ਦਾ ਪਿਆ ਮੁੱਲ ਸੇਵਕ ਤਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਹੋਰਨਾਂ ਤਕ ਭੀ ਲਾਭਕਾਰੀ ਸਾਬਤ ਹੁੰਦਾ ਹੈ। ਗੁਰੂ ਰਾਮਦਾਸ ਪਾਤਸ਼ਾਹ ਕਹਿੰਦੇ ਹਨ ਕਿ ਜਿਹੜਾ ਸੇਵਕ ਮੇਰੇ ਪ੍ਰਭੂ ਦਾ ਸੁਨੇਹਾ ਦਿੰਦਾ ਹੈ, ਮੈਂ ਉਸ ਤਾਈਂ ਆਪਣਾ ਤਨ ਮਨ ਵੇਚਣ ਲਈ ਤਿਆਰ ਹਾਂ:

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥...
ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਨਾਏ॥

(ਪੰਨਾ ੫੬੧-੬੨)

ਗੁਰਮਤਿ ਅੰਦਰ ਸੇਵਕ ਦੀ ਸੇਵਾ ਪੁੱਗਣ 'ਤੇ ਸੇਵਕ ਅਤੇ ਮਾਲਕ ਦੀ ਵਿੱਥ ਖ਼ਤਮ ਹੋ ਜਾਂਦੀ ਹੈ। ਇਸ ਸਮੀਪਤਾ ਦੀ ਅਵਸਥਾ ਨੇ ਧਾਰਮਿਕ ਇਤਿਹਾਸ ਅੰਦਰ ਇਕ ਨਵਾਂ ਮੋੜ ਦਿੱਤਾ,

SikhBookClub.com

ਜਗਿਆਸੂ ਨੂੰ ਇਕ ਨਵੀਂ ਸੇਧ ਮਿਲੀ। ਇਨ੍ਹਾਂ ਪਰੰਪਰਾਗਤ ਪ੍ਰਚਲਤ ਸ਼ਬਦਾਂ ਨੂੰ ਗੁਰਮਤਿ ਨੇ ਜੋ ਨਵੀਂ ਰੰਗਤ ਦਿੱਤੀ। ਇਹ ਗੁਰੂ ਸਾਹਿਬਾਨ ਦੀ ਇਕ ਮੌਲਿਕ ਦੇਣ ਸੀ:

ਹਰਿ ਕਾ ਸੇਵਕੁ ਸੋ ਹਰਿ ਜੇਹਾ॥
ਭੇਦੁ ਨ ਜਾਣਹੁ ਮਾਣਸ ਦੇਹਾ॥

(ਪੰਨਾ ੧੦੭੬)

ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨ ਉਪਰੰਤ ਸੇਵਕ ਦਾ ਵਣਜ-ਵਪਾਰ ਅਤੇ ਗੁਣ ਦੁਨਿਆਵੀ ਆਮ ਮਨੁੱਖਾਂ ਨਾਲੋਂ ਵੱਖਰਾ, ਅਮਰ ਅਤੇ ਆਤਮਿਕ ਨਿਸ਼ਠਾ ਵਾਲਾ ਹੋ ਜਾਂਦਾ ਹੈ। ਗੁਰੂ-ਸ਼ਬਦ ਰਾਹੀਂ ਆਪਣੇ ਸੇਵਕ ਨੂੰ ਅੰਦਰਹੁ-ਬਾਹਰਹੁ ਸੁਆਰ ਦਿੰਦਾ ਹੈ। ਉਸ ਦਾ ਵਿਅਕਤਿਤਵ ਇਕ ਪੂਰਨ ਮਨੁੱਖ ਦਾ ਹੋ ਨਿਬੜਦਾ ਹੈ। ਇਥੇ ਸੇਵਕ ਅਤੇ ਮਾਲਕ ਗੁਰੂ ਦਾ ਰਿਸ਼ਤਾ ਪਿਆਰ ਵਾਲਾ ਹੈ ਨਾ ਕਿ ਗ਼ੁਲਾਮ ਤੇ ਮਾਲਕ ਵਾਲਾ। ਗੁਰੂ ਜੀ ਇਸ ਸਿਧਾਂਤ ਦੀ ਪੁਸ਼ਟੀ ਥਾਂ-ਥਾਂ ਕਰਦੇ ਹਨ ਪ੍ਰੰਤੂ ਇਥੇ ਇਕ ਜਾਂ ਦੋ ਟੂਕਾਂ ਰਾਹੀਂ ਹੀ ਪੁਸ਼ਟੀ ਕਰਨੀ ਠੀਕ ਰਹੇਗੀ, ਜਿਵੇਂ:

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥

(ਪੰਨਾ ੩੦੭)

ਹੋਰ:

ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ॥
ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ॥

(ਪੰਨਾ ੩੦੮)

ਗੁਰਮਤਿ ਨੇ ਤਾਂ ਸੇਵਕ ਅਤੇ ਗੁਰੂ ਦੇ ਸੰਬੰਧ ਨੂੰ ਅੱਗੇ ਤੋਰਦਿਆਂ ਇਕ ਰਹੱਸਵਾਦ ਦੀ ਅਵਸਥਾ ਤਕ ਪਹੁੰਚਾ ਦਿੱਤਾ ਹੈ। ਇਹ ਅਵਸਥਾ ਬਿਆਨ ਕਰਨ ਤੋਂ ਬਾਹਰ ਹੈ। ਪਰਮਨਿਧਾਨ ਦੀ ਅਵਸਥਾ ਇਕ ਰਹੱਸ, ਅਨਭੂਤੀ ਹੈ, ਜਿਸ ਦਾ ਅਨੰਦ ਮਾਣਿਆ ਹੀ ਜਾ ਸਕਦਾ ਹੈ, ਬਿਆਨਿਆ ਨਹੀਂ ਜਾ ਸਕਦਾ। ਇਹ ਅਵਸਥਾ ਸਤਿਗੁਰੂ ਦੀ ਮਿਹਰ ਹੋਣ 'ਤੇ ਹੀ ਪ੍ਰਾਪਤ ਹੁੰਦੀ ਹੈ। ਗੁਰੂ ਕਥਨ ਹੈ:

ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ॥
ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ॥੧॥
ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ॥੧॥ਰਹਾਉ॥
ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ॥

(ਪੰਨਾ ੭੩੪)

ਸੱਚੇ ਅਤੇ ਸੁੱਚੇ ਆਦਰਸ਼ਕ ਸੇਵਕ 'ਤੇ ਜਦੋਂ ਗੁਰੂ ਬਖ਼ਸ਼ਿਸ਼ ਕਰਦਾ ਹੈ ਤਾਂ ਸੇਵਕ ਦੇ ਸਿਰਫ਼ ਪਿਛੋਕੜ ਦੇ ਪਾਪ ਹੀ ਨਹੀਂ ਧੋਤੇ ਜਾਂਦੇ ਵਰਤਮਾਨ ਅਤੇ ਭਵਿੱਖ ਵੀ ਰੋਸ਼ਨ ਹੋ ਜਾਂਦੇ ਹਨ। ਇਥੇ ਹੀ ਬਸ ਨਹੀਂ ਸਗੋਂ ਸੇਵਕ ਦੀਆਂ ਕਈ ਪੁਸ਼ਤਾਂ ਭੀ ਤਰ ਜਾਂਦੀਆਂ ਹਨ। ਗੁਰਮੁਖ ਆਪ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਆਪਣੀਆਂ ਕਈ ਪੁਸ਼ਤਾਂ ਦਾ ਭੀ ਉਧਾਰ ਕਰ ਦਿੰਦਾ ਹੈ। ਸੇਵਕ ਅਤੇ ਗੁਰਮੁਖ ਦੀ ਇਹ ਅਵਸਥਾ ਇਕ ਸਮਾਨ ਹੈ। ਸੇਵਕ ਨੂੰ ਜਮਰਾਜ ਫਿਰ ਨਹੀਂ ਪੁੱਛਦਾ ਭਾਵ

SikhBookClub.com

ਉਸ ਦਾ ਆਵਾਗਵਨ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਗੁਰੂ ਪਾਤਸ਼ਾਹ ਇਸ ਪ੍ਰਥਾਇ ਲਿਖਦੇ ਹਨ:

ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ ਜਿਤੁ ਸੇਵਿਐ ਲੇਖਾ ਛੁਟੀਐ॥

(ਪੰਨਾ ੧੭੦)

ਅੱਗੋਂ ਹੋਰ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਸੇਵਕ ਦਾ ਪੰਜ ਚੋਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਉਸ ਨੂੰ ਜੀਵਨ ਦੇ ਹਰ ਖੇਤਰ ਵਿਚ ਮਾਨ-ਪ੍ਰਤਿਸ਼ਠਾ ਮਿਲਦੀ ਹੈ:

ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾਂ ਸੇਵਕੁ ਆਪਿ ਹਰਿ ਭਾਵੈ॥
ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾ ਕੀ ਪੈਰੀ ਪਾਵੈ॥

(ਪੰਨਾ ੫੫੫)

ਸੇਵਕ ਦੀ ਇਹ ਸੇਵਾ ਵਾਲੀ ਘਾਲ ਬੜੀ ਔਖੀ ਹੈ, ਅਤਿ ਕਠਨ ਹੈ। ਇਸ ਰਸਤੇ 'ਤੇ ਤੁਰਨ ਲਈ ਸਿਰ ਨੂੰ ਤਲੀ 'ਤੇ ਧਰਨਾ ਪੈਂਦਾ ਹੈ। ਪੈਰ ਅੱਗੇ ਧਰ ਕੇ ਫਿਰ ਪਿੱਛੇ ਪਰਤਣ ਵਾਲੀ ਗੱਲ ਨਹੀਂ ਹੁੰਦੀ। ਇਹ ਪਿਆਰ ਦਾ ਰਿਸ਼ਤਾ ਤਦ ਹੀ ਸਿਰੇ ਚੜ੍ਹ ਸਕਦਾ ਹੈ ਜੇਕਰ ਪ੍ਰਭੂ ਦੀ ਨਦਰ ਸਵੱਲੀ ਹੋਵੇ। ਇਹ ਅਲੂਣੀ ਸਿਲ ਹੈ ਜੋ ਚੱਟਣੀ ਔਖੀ ਹੈ। ਗੁਰੂ-ਕਥਨ ਇਸ ਸਿਧਾਂਤ ਦੀ ਪੁਸ਼ਟੀ ਭਲੀ-ਭਾਂਤ ਕਰਦਾ ਹੈ। ਇਹ ਵਿਆਖਿਆ ਸਿਰਫ਼ ਸਿਧਾਂਤਕ ਨਹੀਂ ਸਗੋਂ ਗੁਰੂ ਸਾਹਿਬਾਨ ਦੇ ਜੀਵਨ ਦੇ ਅਮਲੀ ਤਜ਼ਰਬਿਆਂ ਦਾ ਅਸਲ ਪ੍ਰਗਟਾਵਾ ਹੈ:

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥
ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ॥
ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ॥
ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ॥

(ਪੰਨਾ ੧੪੨੨)

ਅਜਿਹੇ ਆਦਰਸ਼ਕ ਸੇਵਕ ਦਾ ਖਾਣਾ, ਪੀਣਾ, ਪਹਿਨਣਾ ਸਭ ਪਵਿੱਤਰ ਹੈ ਅਤੇ ਉਸ ਦੇ ਘਰ, ਮੰਦਰ, ਮਾਇਆ ਸਭ ਪਵਿੱਤਰ ਅਤੇ ਪ੍ਰਾਹੁਣਾਚਾਰੀ ਨਾਲ ਦੂਸਰੇ ਘਰ ਭੀ ਪਵਿੱਤਰ ਕਰ ਦਿੰਦੇ ਹਨ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ 'ਸੋਰਠਿ ਰਾਗ' ਅੰਦਰ ਇਹ ਖ਼ਿਆਲ ਅੰਕਿਤ ਕਰਦੇ ਹਨ:

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥

(ਪੰਨਾ ੬੪੮)

(10/2005)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਤੇ 'ਗੁਰੂ-ਪ੍ਰੀਤ'

ਕੁਦਰਤ ਦੀ ਅਜਬ ਲੀਲ੍ਹਾ ਹੈ ਕਿ ਘੁੰਗਣੀਆਂ ਵੇਚਣ ਵਾਲਾ ਯਤੀਮ ਬਾਲਕ ਸਮਾਂ ਪਾ ਕੇ 'ਧੰਨ ਗੁਰੂ ਰਾਮਦਾਸ' ਕਹਾਇਆ। ਇਕ ਆਮ ਜਿਹਾ ਵਿਅਕਤੀ ਸਰਬੱਗ ਹਸਤੀ ਬਣਿਆ ਤੇ ਉਸ ਬਾਰੇ ਸਮਕਾਲੀ ਭੱਟ ਬਲਵੰਡ ਨੇ ਲਿਖਿਆ:

ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥

(ਪੰਨਾ ੯੬੮)

ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਬਣਨ ਤੋਂ ਪਹਿਲਾਂ ਦੀ ਆਪਣੀ ਅਵਸਥਾ ਦਾ ਸਦਾ ਹੀ ਅਹਿਸਾਸ ਰਿਹਾ ਹੈ ਉਨ੍ਹਾਂ ਨੇ ਮਿਲੀ ਵਡਿਆਈ ਦੇ ਸ਼ੁਕਰਾਨੇ ਵਜੋਂ ਜੋ ਕੁਝ ਆਖਿਆ, ਉਹ ਇਕ ਮਹਾਨ ਵਿਅਕਤੀ ਦੇ ਵਿਅਕਤਿਤਵ ਦਾ ਮਹਾਨ ਪ੍ਰਮਾਣ ਹੈ। ਉਨ੍ਹਾਂ ਦਾ ਇਹ ਵਾਕ ਹਿਰਦਿਆਂ ਵਿਚ ਧੂਹ ਪਾਉਂਦਾ ਜਾਂਦਾ ਹੈ:

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

(ਪੰਨਾ ੧੬੭)

ਸ੍ਰੀ ਗੁਰੂ ਰਾਮਦਾਸ ਜੀ ਦੇ ਮਨ ਉੱਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਮੇਲ ਦਾ ਐਸਾ ਪ੍ਰਭਾਵ ਪਿਆ ਕਿ ਉਹ ਵਿਸਮਾਦ ਤੇ ਅਸਚਰਜਤਾ ਦੀ ਦਸ਼ਾ ਵਿਚ ਕਹਿ ਉਠੇ:

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ॥

(ਪੰਨਾ ੧੬੭)

ਸ੍ਰੀ ਗੁਰੂ ਰਾਮਦਾਸ ਜੀ ਦੀ ਨਜ਼ਰ ਵਿਚ ਗੁਰੂ ਅਕਾਲ ਪੁਰਖ ਹੈ, ਉਸ ਦਾ ਨਾਂ ਕੁਝ ਵੀ ਹੋ ਸਕਦਾ ਹੈ ਪਰ ਗੁਣਾਂ ਕਰਕੇ ਉਹ ਕਾਲ ਕੰਟਕ ਨੂੰ ਮਾਰਨ ਵਾਲਾ, ਕਰਮਾਂ ਦਾ ਫਲ ਦੇਣ ਵਾਲਾ, ਔਗਣਹਾਰਿਆਂ ਦਾ ਵੀ ਭਲਾ ਕਰਨ ਵਾਲਾ ਤੇ ਬਖ਼ਸ਼ਿੰਦ ਹੈ। ਉਨ੍ਹਾਂ ਦੀ ਬਾਣੀ ਵਿਚ ਇਸ ਪ੍ਰਥਾਇ ਕੁਝ ਤੁਕਾਂ:

ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥

(ਪੰਨਾ ੩੧੨)

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥

(ਪੰਨਾ ੩੦੨)

ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥

(ਪੰਨਾ ੩੦੨)

SikhBookClub.com

ਦਾ ਟਾਕਰਾ ਕਰਦਾ ਆਪਣੇ ਮੁਰਸ਼ਦ ਦੇ ਦੀਦਾਰ ਅਵੱਸ਼ ਕਰੇ। ਇਸੇ ਵਿਚਾਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਇਸ ਤਰ੍ਹਾਂ ਪੇਸ਼ ਕਰਦੇ ਹਨ:

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧੫॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥੧੬॥

(ਪੰਨਾ ੭੫੭)

ਸ੍ਰੀ ਗੁਰੂ ਰਾਮਦਾਸ ਜੀ ਦਾ ਵਿਚਾਰ ਹੈ ਕਿ ਗੁਰੂ ਪਾਰਸ ਹੈ, ਚੰਦਨ ਹੈ। ਅਸੀਂ ਉਸ ਨਾਲ ਮਿਲ ਕੇ ਕੰਚਨ ਹੋ ਜਾਂਦੇ ਹਾਂ ਚੰਦਨ ਹੋ ਜਾਂਦੇ ਹਾਂ, ਜਿਵੇਂ ਚੰਦਨ ਦੇ ਕੋਲ ਉਗੇ ਨਿੰਮ ਦੇ ਰੁੱਖ ਵਿਚ ਸੁਗੰਧੀ ਆ ਜਾਂਦੀ ਹੈ:

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ॥

(ਪੰਨਾ ੧੧੧੪)

ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ॥

(ਪੰਨਾ ੯੭੬)

ਗੁਰੂ ਦਾ ਗਿਆਨ ਮਨੁੱਖ ਦੇ ਅਗਿਆਨ-ਅੰਧੇਰੇ ਨੂੰ ਕੱਟਣ ਯੋਗ ਹੈ:

ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥

(ਪੰਨਾ ੧੭੨)

ਸ੍ਰੀ ਗੁਰੂ ਰਾਮਦਾਸ ਜੀ ਦਾ ਵਿਸ਼ਵਾਸ ਹੈ ਕਿ ਸਤਿਗੁਰੂ ਆਪਣੇ ਜਨ ਦੀ ਉਸੇ ਤਰ੍ਹਾਂ ਪ੍ਰਤਿਪਾਲਣਾ ਕਰਦਾ ਹੈ ਜਿਵੇਂ ਮਾਤਾ ਗਰਭ ਵਿਚ ਬੱਚੇ ਨੂੰ ਪਾਲਦੀ ਹੈ:

ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ॥
ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ॥
ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ॥

(ਪੰਨਾ ੧੬੫)

ਸ੍ਰੀ ਗੁਰੂ ਰਾਮਦਾਸ ਜੀ ਦਾ ਵੀ ਬਾਕੀ ਗੁਰੂ ਸਾਹਿਬਾਨ ਵਾਂਗ ਇਹ ਵਿਸ਼ਵਾਸ ਸੀ ਕਿ 'ਅਬਿਨਾਸੀ' ਤੇ 'ਨਿਹਚਲ' ਕੇਵਲ ਹਰੀ ਆਪ ਹੀ ਹੈ। ਬਾਕੀ ਸੰਸਾਰੀ ਸ਼ਾਹ, ਪਾਤਸ਼ਾਹ, ਅਮੀਰ, ਚੌਧਰੀ, ਧਨਵੰਤ, ਕੁਲਵੰਤ, ਮਿਲਖਵੰਤ ਸਭ 'ਬਿਨਸਨਹਾਰ' ਹਨ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣੇ ਸਮਕਾਲੀ ਬਾਦਸ਼ਾਹਾਂ ਤੇ ਅਮੀਰਾਂ ਦੀ ਸ਼ਕਤੀ 'ਤੇ ਕਦੇ ਮਾਣ ਨਹੀਂ ਕੀਤਾ। ਇਸ ਗੱਲ ਦੀ ਗਵਾਹੀ ਡਾਕਟਰ ਗੋਕਲ ਚੰਦ ਨਾਰੰਗ ਆਪਣੀ ਪੁਸਤਕ Transformation of Sikhism ਦੇ ਪੰਨਾ 58 ਉੱਤੇ ਦੇਂਦਾ ਹੋਇਆ ਲਿਖਦਾ ਹੈ:

> It is important to note that the Gurus never made an effor to seet the friendship far less the patronage of the ruling dynesty.

ਸ੍ਰੀ ਗੁਰੂ ਰਾਮਦਾਸ ਜੀ ਦੀ ਆਪਣੀ ਗਵਾਹੀ ਬਾਣੀ ਵਿਚੋਂ ਹੇਠ ਲਿਖੇ ਅਨੁਸਾਰ ਮਿਲਦੀ ਹੈ:

SikhBookClub.com

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥
ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ
ਤਿਸੁ ਮੇਰੇ ਮਨ ਭਜੁ ਪਰਵਾਣੁ॥੧॥
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ
ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ ॥

(ਪੰਨਾ ੮੬੧)

ਸ੍ਰੀ ਗੁਰੂ ਰਾਮਦਾਸ ਜੀ ਦਾ ਵਿਸ਼ਵਾਸ ਤਾਂ ਆਪਣੇ ਗੁਰੂ ਬਾਰੇ ਇਤਨਾ ਨੇੜਤਾ ਵਾਲਾ ਹੈ ਕਿ ਉਹ ਉਸ ਨੂੰ ਮੀਤ ਤੇ ਸਖਾ ਅਤੇ ਬੇਲੀ ਸਮਝਦੇ ਹਨ ਅਤੇ ਕਹਿੰਦੇ ਹਨ ਕਿ ਉਸ ਬਿਨਾਂ ਕੋਈ ਵੀ ਸਾਥ ਨਹੀਂ ਦੇਵੇਗਾ। ਕਥਨ ਹੈ:

ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ॥
ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ॥ *(ਪੰਨਾ ੪੧)*

ਗੁਰੂ ਪਾਸੋਂ ਨਾਮ ਦਾ ਅਮੋਲਕ ਖ਼ਜ਼ਾਨਾ ਪ੍ਰਾਪਤ ਕਰਨ ਉਪਰੰਤ ਸਿੱਖ ਦੇ ਗਦ ਗਦ ਹੋ ਰਹੇ ਮਨ ਦੀ ਅਵਸਥਾ ਵਰਨਣ ਕਰਨ ਲਈ ਗੁਰੂ ਰਾਮਦਾਸ ਜੀ ਨੇ ਇਕ ਵਪਾਰੀ ਦੀ ਮਾਨਸਿਕ ਅਵਸਥਾ ਨਾਲ ਤੁਲਨਾ ਦੇਂਦਿਆਂ ਹੋਇਆਂ ਲਿਖਿਆ ਹੈ:

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ॥
ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ॥
ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ॥
ਜਨੁ ਨਾਨਕੁ ਗੁਰੁ ਤਿਨੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ॥

(ਪੰਨਾ ੪੪੯)

ਸ੍ਰੀ ਗੁਰੂ ਰਾਮਦਾਸ ਜੀ ਦੇ ਵਿਚਾਰਾਂ ਵਿਚ ਪੂਰਾ ਸਤਿਗੁਰੂ ਕਿਸਮਤ ਨਾਲ ਚੰਗੇ ਭਾਗੀਂ ਹੀ ਪ੍ਰਾਪਤ ਹੁੰਦਾ ਹੈ ਤੇ ਜਿਨ੍ਹਾਂ ਨੇ ਉਸ ਸਤਿਗੁਰੂ ਦੇ ਦਰਸ਼ਨ ਕੀਤੇ ਹਨ, ਉਹ ਵਡਭਾਗੀ ਹਨ, ਉਹਨਾਂ ਦਾ ਵਾਸਾ ਸਤਿਗੁਰੂ ਦੀ ਦਰਗਾਹ ਵਿਚ ਹੋਵੇਗਾ ਤੇ ਉਹ ਵਧਾਈ ਦੇ ਪਾਤਰ ਹਨ, ਜਿਵੇਂ ਕਿ:

ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥

(ਪੰਨਾ ੫੪੦)

ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥

(ਪੰਨਾ ੫੫੧)

ਅਤੇ

ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ॥

(ਪੰਨਾ ੫੫੧)

ਸ੍ਰੀ ਗੁਰੂ ਰਾਮਦਾਸ ਜੀ ਦਾ ਆਪਣੇ ਸਤਿਗੁਰੂ ਉੱਤੇ ਵਿਸ਼ਵਾਸ ਪਲ ਪਲ ਵੇਖਣ ਯੋਗ ਹੈ ਤੇ ਉਨ੍ਹਾਂ ਨੂੰ ਸਤਿਗੁਰੂ ਦੀ ਮਿਹਰ ਅਤੇ ਕਿਰਪਾ ਉੱਤੇ ਅਟੱਲ ਭਰੋਸਾ ਹੈ ਕਿ ਸਤਿਗੁਰੂ ਦੀ ਦਇਆ

SikhBookClub.com

ਨਾਲ ਹੀ ਅਸੀਂ ਉਸ ਦੀ ਚਰਨੀਂ ਲੱਗ ਸਕਦੇ ਹਾਂ। ਧਨਾਸਰੀ ਰਾਗ ਵਿਚ ਗੁਰੂ ਸਾਹਿਬ ਦੇ ਪਦਿਆਂ ਦਾ ਕੇਂਦਰੀ ਖ਼ਿਆਲ ਇਹ ਹੈ:

ਹਮ ਅੰਧੁਲੇ ਅੰਧ ਬਿਧੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥

(ਪੰਨਾ ੬੬੭)

ਅੱਗੇ ਚਲ ਕੇ 'ਬਿਹਾਗੜੇ ਦੀ ਵਾਰ' ਵਿਚ ਇਤਨੇ ਵੇਗ ਵਿਚ ਆ ਜਾਂਦੇ ਹਨ ਸ੍ਰੀ ਗੁਰੂ ਰਾਮਦਾਸ ਜੀ ਕਿ ਉਨ੍ਹਾਂ ਨੂੰ ਖੰਡਾਂ, ਵਰਭੰਡਾਂ, ਪੁਰੀਆਂ ਤੇ ਲੋਆਂ ਸਭ ਥਾਵਾਂ 'ਤੇ ਸਭ ਜੀਵਾਂ ਨੂੰ ਦੇਣ ਵਾਲਾ ਸਿਵਾਏ ਅਕਾਲ ਪੁਰਖ ਵਾਹਿਗੁਰੂ, ਜਿਸ ਨੂੰ ਉਹ ਸਤਿਗੁਰੂ ਵੀ ਆਖਦੇ ਹਨ, ਦੇ ਹੋਰ ਕੋਈ ਨਹੀਂ ਦਿੱਸਦਾ:

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥

(ਪੰਨਾ ੫੪੯)

ਇਸੇ ਤਰ੍ਹਾਂ 'ਬਿਲਾਵਲ ਕੀ ਵਾਰ' ਵਿਚ ਆਪ ਫ਼ੁਰਮਾਉਂਦੇ ਹਨ:

ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ॥
ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ॥

(ਪੰਨਾ ੮੪੯)

ਇਸੇ ਹੀ ਵਿਚਾਰ ਨੂੰ 'ਕਾਨੜੇ ਕੀ ਵਾਰ' ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥

(ਪੰਨਾ ੧੩੧੩)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਪੜ੍ਹਦਿਆਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਹ ਆਪਣੇ ਪਿਆਰੇ ਨੂੰ ਸਾਹਮਣੇ ਬਿਠਾ ਕੇ ਉਸ ਨਾਲ ਪਿਆਰ ਦੀਆਂ ਗੱਲਾਂ ਕਰ ਰਹੇ ਹਨ। ਉਸ ਦੇ ਬਚਨ ਸੁਣ ਰਹੇ ਹੋਣ, ਉਸ ਤੋਂ ਸਦਕੇ ਤੇ ਵਾਰੀ ਜਾ ਰਹੇ ਹੋਣ। ਇਹੋ ਜਾਪਦਾ ਹੈ, ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਸਤਿਗੁਰੂ ਦੇ ਸਦਾ ਨਿਕਟ ਵਸਦੇ, ਹਰ ਵੇਲੇ ਉਸ ਦੇ ਬਚਨ ਸੁਣਦੇ ਤੇ ਉਸ ਉੱਤੋਂ ਕੁਰਬਾਨ ਪਏ ਹੁੰਦੇ ਹੋਣ। ਇਤਨੇ ਸਰਲ ਸ਼ਬਦਾਂ ਵਿਚ ਇਤਨਾ ਤੀਖਣ ਪ੍ਰਭਾਵ ਪੈਦਾ ਕਰ ਸਕਣਾ ਵੀ ਉਹਨਾਂ ਦੇ ਹੀ ਹਿੱਸੇ ਆਇਆ ਹੈ। ਜਿਵੇਂ:

ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥

(ਪੰਨਾ ੮੩੫)

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥

(ਪੰਨਾ ੧੧੧੪)

ਜੋ ਬੋਲੈ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ॥

SikhBookClub.com

ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ ॥

(ਪੰਨਾ ੮੫੪)

ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ॥

(ਪੰਨਾ ੧੬੯)

ਪ੍ਰਭੂ-ਮਿਲਾਪ ਤੋਂ ਪੈਦਾ ਹੋਈ ਦਸ਼ਾ ਦਾ ਪਤਾ ਉਨ੍ਹਾਂ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਲੱਗਦਾ ਹੈ। ਗੁਰੂ ਸਾਹਿਬ ਉਸ ਸੁੰਦਰ ਮੋਹਨੁ ਦੇ ਦਰਸ਼ਨ ਕਰਦਿਆਂ ਇਤਨੇ ਵਿਸਮਾਦ ਵਿਚ ਆ ਜਾਂਦੇ ਹਨ ਕਿ ਮਨ ਦੀ 'ਸੁਧਿ ਬੁਧਿ' ਵਿਸਾਰ ਕੇ 'ਲੋਟ ਪੋਟ' ਹੋ ਪੈਂਦੇ ਹਨ:

ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ॥
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ॥
ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ॥

(ਪੰਨਾ ੭੭੬)

ਰਾਮ ਗੁਰਿ ਮੋਹਨਿ ਮੋਹਿ ਮਨੁ ਲਇਆ॥
ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਇਆ॥

(ਪੰਨਾ ੮੩੬)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਸ੍ਰੀ ਗੁਰੂ ਅਮਰਦਾਸ ਜੀ ਪ੍ਰਤੀ ਸਤਿਕਾਰ ਤੇ ਉਸ ਤੋਂ ਨਿਕਲਿਆ ਕ੍ਰਿਤਗਯਤਾ ਦਾ ਪ੍ਰਭਾਵ ਵੇਖਣਾ ਹੋਵੇ ਤਾਂ ਉਹਨਾਂ ਦੀ ਰਚਨਾ ਛਕੇ ਛੰਤਾਂ ਵਿਚੋਂ ਵੇਖਿਆ ਜਾ ਸਕਦਾ ਹੈ। ਅਸਲ ਵਿਚ ਸ੍ਰੀ ਗੁਰੂ ਰਾਮਦਾਸ ਜੀ ਅੰਦਰ ਆਪਣੇ ਬਾਰੇ ਤੁੱਛਤਾ ਦੀ ਭਾਵਨਾ ਤੇ ਗੁਰੂ ਦੀ ਵਡਿਆਈ ਦੇ ਅਹਿਸਾਸ ਵਿਚੋਂ ਇਨ੍ਹਾਂ ਛੰਤਾਂ ਦਾ ਜਨਮ ਹੋਇਆ ਹੈ। ਛਕੇ ਛੰਤਾਂ ਵਿਚ ਗੁਰੂ ਜੀ ਦੇ ਪ੍ਰੇਮ ਦਾ ਅਨੰਦ, ਪ੍ਰੇਮ ਦੀ ਕਸਕ, ਸਿੱਕ, ਨਿਮਰਤਾ ਤੇ ਬਿਹਬਲਤਾ ਵੇਖਣ ਵਾਲੀ ਹੈ। ਗੁਰੂ ਪਿਆਰ ਦੀ ਤੀਖਣਤਾ ਤੇ ਗੁਰੂ ਮਿਲਾਪ ਲਈ ਬਿਹਬਲਤਾ ਹੇਠ ਲਿਖੇ ਛੰਦਾਂ ਅੰਦਰ ਵੇਖਣਯੋਗ ਹੈ:

ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥
ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥
ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥
ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥੩॥

(ਪੰਨਾ ੪੫੨)

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥

(ਪੰਨਾ ੭੫੯)

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥

(ਪੰਨਾ ੭੫੮)

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥

(ਪੰਨਾ ੭੫੮)

SikhBookClub.com

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥
ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ॥
ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥

(ਪੰਨਾ ੪੪੯)

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ॥

(ਪੰਨਾ ੭੫੯)

ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ॥
ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ॥

(ਪੰਨਾ ੮੩੬)

ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ॥੧॥
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ॥
ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ॥

(ਪੰਨਾ ੧੩੨੧)

ਪੂਰੇ ਸਤਿਗੁਰੂ ਦੇ ਮਿਲਾਪ ਤੇ ਦਰਸ਼ਨਾਂ ਲਈ ਬਿਹਬਲਤਾ ਉਦੋਂ ਸਿਖਰਾਂ 'ਤੇ ਪੁੱਜੀ ਦਿੱਸਦੀ ਹੈ ਜਦੋਂ ਗੁਰੂ ਸਾਹਿਬ ਆਪਣਾ ਸਰੀਰ ਤਕ ਦਰਸ਼ਨਾਂ ਲਈ ਅਰਪਨ ਕਰਨ ਨੂੰ ਤਿਆਰ ਹੋ ਜਾਂਦੇ ਹਨ "ਕੋਈ ਆਣਿ ਕੋਈ ਆਣਿ ਮਿਲਾਵੈ" ਵਿਚ ਉਨ੍ਹਾਂ ਦੇ ਹਿਰਦੇ ਅੰਦਰ ਦਰਸ਼ਨਾਂ ਦੀ ਤਾਂਘ ਦੀ ਬਿਹਬਲਤਾ ਵੇਖਣ ਵਾਲੀ ਹੈ:

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ॥
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ॥
ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ॥
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ॥
ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ॥
ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ॥

(ਪੰਨਾ ੫੭੨)

ਆਤਮਾ ਪਰਮਾਤਮਾ ਦੇ ਪਿਆਰ ਦਾ ਵਿਸ਼ਾ ਭਾਰਤ ਵਿਚ ਬੜਾ ਪੁਰਾਣਾ ਫ਼ਲਸਫ਼ਈ ਵਿਸ਼ਾ ਹੈ। ਫ਼ਾਰਸੀ ਤੇ ਉਰਦੂ ਕਵਿਤਾ ਵਿਚ ਇਸ਼ਕੀਆ ਰੰਗ ਪ੍ਰਸਪਰ ਦੋ ਵਿਅਕਤੀਆਂ ਵਿਚ ਵਿਖਾਇਆ ਗਿਆ ਹੈ, ਪਰ ਹਿੰਦੀ ਤੇ ਪੰਜਾਬੀ ਆਦਿ ਭਾਸ਼ਾਵਾਂ ਵਿਚ ਇਸ ਨੂੰ ਇਸਤਰੀ ਪੁਰਸ਼ ਦੇ ਪ੍ਰਤੀਕਾਂ ਰਾਹੀਂ ਪ੍ਰਗਟ ਕੀਤਾ ਗਿਆ ਹੈ। ਉਰਦੂ ਫ਼ਾਰਸੀ ਕਵਿਤਾ ਵਿਚ ਮਹਿਬੂਬ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਰਹੱਸਵਾਦੀ ਕਵਿਤਾ ਵਿਚ ਭਗਤ ਆਪਣੇ ਗੁਰੂ ਜਾਂ ਇਸ਼ਟ ਨੂੰ ਚਾਹੁੰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਬਹੁਤ ਸਾਰੀਆਂ ਉਦਾਹਰਣਾਂ ਐਸੀਆਂ ਮਿਲਦੀਆਂ ਹਨ ਜਿਥੇ ਉਨ੍ਹਾਂ ਨੇ ਆਪਣੇ

SikhBookClub.com

ਪ੍ਰੀਤਮ ਵਾਸਤੇ (ਹਰਿ, ਪ੍ਰੀਤਮ, ਮਿੱਤਰ, ਸਖਾ, ਗੁਰੂ) ਆਦਿ ਸ਼ਬਦਾਂ ਦਾ ਪ੍ਰਯੋਗ ਕਰਦਿਆਂ ਹੋਇਆਂ ਉਸ ਦੇ ਦਰਸ਼ਨਾਂ ਲਈ ਬਿਹਬਲਤਾ ਪ੍ਰਗਟਾਈ ਹੈ ਜਿਵੇਂ:

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥

(ਪੰਨਾ ੮੬੧)

ਆਉ ਸਖੀ ਹਰਿ ਮੇਲੁ ਕਰੇਹਾ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥
ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ॥੨॥
ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ॥ ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ॥

(ਪੰਨਾ ੯੫)

ਤੇ

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥
ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ॥

(ਪੰਨਾ ੯੬)

ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ॥
ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ॥ *(ਪੰਨਾ ੧੭੫)*

ਅਤੇ

ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥
ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ॥

(ਪੰਨਾ ੬੭੦)

ਹੇਠਲੇ ਬੰਦ ਵਿਚ ਵਿਯੋਗ ਅਵਸਥਾ ਦਾ ਉਲੇਖ ਬੜੇ ਨਿਖੜਵੇਂ ਰੂਪ ਵਿਚ ਕੀਤਾ ਗਿਆ ਹੈ:

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥
ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ॥
ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥

(ਪੰਨਾ ੪੪੯)

ਵਿਕਾਰਾਂ ਤੋਂ ਛੁਟਕਾਰੇ ਲਈ ਆਪਣੇ ਗੁਰੂ ਤੋਂ ਅਗਵਾਈ ਮੰਗਣ ਵਾਸਤੇ ਸ੍ਰੀ ਗੁਰੂ ਰਾਮਦਾਸ ਜੀ ਨੇ 'ਪਿਤਾ-ਪੁੱਤਰ' ਦਾ ਬਿੰਬ ਛੰਤਾਂ ਵਿਚ ਬੜੀ ਖ਼ੂਬੀ ਨਾਲ ਵਰਤਿਆ ਹੈ। ਫ਼ੁਰਮਾਉਂਦੇ ਹਨ:

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ॥
*ਹਮ ਭੂਲਿ ਵਿਗਾੜਹ ਦਿਨਸੁ ਰਾਤਿ **ਹਰਿ ਲਾਜ ਰਖਾਏ**॥*
ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥
ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ॥ *(ਪੰਨਾ ੪੫੦)*

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦਾ ਪਰਮਾਤਮਾ ਪ੍ਰੇਮ-ਰੂਪ ਅਤੇ ਸੁੰਦਰ-ਸਰੂਪ ਹੈ। ਇਸ ਕਰਕੇ ਉਨ੍ਹਾਂ ਦਾ ਰਹੱਸਵਾਦ ਪ੍ਰੇਮ ਦੀ ਸਾਧਨਾ ਤੇ ਸੁੰਦਰਤਾ ਦੀ ਸਾਧਨਾ ਹੈ। ਉਨ੍ਹਾਂ ਨੂੰ ਪ੍ਰਭੂ ਵਿਚ ਅਲੌਕਿਕ ਪਿਆਰ ਤੇ ਅਵਿਨਾਸ਼ੀ ਸੁੰਦਰਤਾ ਨਜ਼ਰ ਆਉਂਦੀ ਹੈ। ਉਹ ਤਾਂ ਉਸ ਅਲੌਕਿਕ ਪਿਆਰ-ਮੂਰਤੀ ਦਾ ਦੀਦਾਰ ਚਾਹੁੰਦੇ ਹਨ ਤੇ ਅਵਿਨਾਸ਼ੀ ਸੁੰਦਰਤਾ ਨੂੰ ਗਲਵਕੜੀ ਪਾਉਣਾ ਲੋਚਦੇ ਹਨ। ਉਨ੍ਹਾਂ ਦੇ ਦਿਲ ਵਿਚ ਇਕ ਉਮੰਗ ਹੈ ਤੇ ਅੱਖਾਂ ਵਿਚ ਸਰੂਰ ਅਤੇ ਉਡੀਕਵਾਨ ਹਨ ਕਿ ਕਦੋਂ ਉਸ ਸੱਜਣ ਸੁਹੇਲੜੇ ਦੇ ਦੀਦਾਰ ਹੁੰਦੇ ਹਨ। ਇਕ ਇਕ ਪਲ ਗੁਜ਼ਾਰਨਾ ਔਖਾ ਹੋਇਆ ਜਾਪਦਾ ਹੈ। ਹਰ ਸਾਹ ਰਾਹੀਂ ਅਰਦਾਸ ਕਰਦੇ ਹਨ:

ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ॥
ਕਰਿ ਕਿਰਪਾ ਲੋਚ ਪੂਰਿ ਹਮਾਰੀ॥

(ਪੰਨਾ ੧੬੪)

ਜਾਂ

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥...
ਲਟ੍ਰਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਛੁਲਿ ਮਿਲੀ ॥

(ਪੰਨਾ ੫੨੨)

ਪ੍ਰਭੂ ਦਰਸ਼ਨਾਂ ਤੋਂ ਬਿਨਾਂ ਬਿਰਹੋਂ ਵਿਚ ਤੜਪਦੀ ਜਿੰਦ ਦੇ ਮਿਲਾਪ ਲਈ ਬਿਹਬਲਤਾ, ਆਪ ਜੀ ਦੀ ਬਾਣੀ ਵਿਚ ਸਿਖਰਾਂ ਛੂੰਹਦੀ ਜਾਪਦੀ ਹੈ। ਬਸੰਤ ਰੁੱਤੇ ਫੁੱਲਾਂ ਨੂੰ ਖਿੜਿਆ ਵੇਖ ਕੇ ਉਹ ਪ੍ਰੀਤਮ ਦੀ ਯਾਦ ਵਿਚ ਮਗਨ ਹੋ ਜਾਂਦੇ ਹਨ ਤੇ ਦੋਵੇਂ ਅੱਖਾਂ ਪਿਆਰੇ ਦੇ ਦੀਦਾਰ ਲਈ ਰਾਹ ਵਿਚ ਵਿਛਾ ਦੇਂਦੇ ਹਨ:

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਢੂੜਿ ਲੁਤੇ॥
ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ॥

(ਪੰਨਾ ੪੫੨)

ਸ੍ਰੀ ਗੁਰੂ ਰਾਮਦਾਸ ਜੀ ਦੇ ਬਿਰਹੋਂ ਵਰਣਨ ਵਿਚ ਵੀ ਇੰਨੀ ਮਿਠਾਸ ਤੇ ਸੁੰਦਰਤਾ ਹੈ ਕਿ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਜੁਗਾਂ ਜੁਗਾਂ ਦੀ ਪਿਆਸੀ ਆਤਮਾ ਪਿਆਰੇ ਦੇ ਦਰਸ਼ਨਾਂ ਲਈ ਵਿਰਲਾਪ ਕਰ ਰਹੀ ਹੋਵੇ ਪਰ ਉਸ ਵਿਰਲਾਪ ਦਾ ਅਸਰ ਸੁਖਦਾਈ ਮਿੱਠਾ ਤੇ ਰਸ ਭਰਪੂਰ ਹੈ:

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥

(ਪੰਨਾ ੭੫੭)

ਬਿਹਬਲਤਾ ਦੀ ਜੋ ਹਾਲਤ ਸ੍ਰੀ ਗੁਰੂ ਰਾਮਦਾਸ ਜੀ ਦੀ ਹੈ ਉਸ ਦਾ ਟਾਕਰਾ ਕਿਸੇ ਹੋਰ ਰਚਨਾ ਵਿਚ ਸ਼ਾਇਦ ਹੀ ਮਿਲ ਸਕੇ। ਜਦੋਂ ਉਹ ਕਹਿੰਦੇ ਹਨ:

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥

SikhBookClub.com

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥

(ਪੰਨਾ ੯੪)

ਤਾਂ ਜਾਪਦਾ ਹੈ ਜਿਵੇਂ ਪ੍ਰਭੂ ਪ੍ਰੇਮ ਵਿਚ ਭਾਵਕ ਬਿਹਬਲਤਾ ਆਪ ਦੀ ਰਚਨਾ ਵਿਚ ਉਪਭਾਵੁਕਤਾ ਦੀ ਸੀਮਾ ਤਕ ਪੁੱਜੀ ਹੋਈ ਹੈ।

ਆਪ ਆਪਣੇ ਪ੍ਰਭੂ ਨੂੰ 'ਸਿਧ ਸਾਧਿਕੋ' 'ਜੁਗ ਜੋਗੀਆ' 'ਰਸ ਰਸੀਅੜਾ' 'ਭੋਗ ਭੋਗੀਆ' ਦੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ ਕਾਨੜੇ ਦੀ ਵਾਰ ਵਿਚ ਲਿਖਦੇ ਹਨ:

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥
ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ॥ ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ ॥

(ਪੰਨਾ ੧੩੧੩)

ਇਸ ਤਰ੍ਹਾਂ ਨਾਲ ਅਸਾਂ ਵੇਖਿਆ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ ਦਰਸ਼ਨਾਂ ਲਈ ਬਿਹਬਲਤਾ ਸਿਖਰਾਂ ਉੱਤੇ ਹੈ। ਉਹ ਗੁਰੂ ਜੀ ਦੀ ਪ੍ਰਸੰਸਾ ਕਰਦਿਆਂ ਰਜਦੇ ਨਹੀਂ, ਉਨ੍ਹਾਂ ਦਾ ਭਰੋਸਾ ਸਤਿਗੁਰੂ ਉੱਤੇ ਅਟੱਲ ਹੈ ਜੋ ਕਿਸੇ ਵੀ ਹਾਲਤ ਵਿਚ ਡੋਲਦਾ ਨਹੀਂ। ਗੁਰੂ ਬਚਨਾਂ ਦਾ ਅਸਰ ਉਨ੍ਹਾਂ ਦੇ ਧੁਰ ਹਿਰਦੇ ਤਕ ਹੁੰਦਾ ਹੈ ਤੇ ਸਤਿਗੁਰੂ ਦੇ ਮੇਲ ਨੂੰ ਹੀ ਉਹ ਮੇਲ ਸਮਝਦੇ ਹਨ। ਗੁਰੂ ਦੇ ਮੇਲ ਤੋਂ ਪੈਦਾ ਹੋਈ ਖ਼ੁਸ਼ੀ ਤੇ ਗੁਰੂ ਤੋਂ ਵਿਛੜ ਕੇ ਵਿਛੋੜੇ ਦੀ ਦਸ਼ਾ ਸੰਜੋਗ-ਵਿਜੋਗ ਦਾ ਅਤਿ ਉਤਮ ਨਕਸ਼ਾ ਪੇਸ਼ ਕਰਦੀ ਹੈ, ਸ੍ਰੀ ਗੁਰੂ ਰਾਮਦਾਸ ਜੀ ਬਾਣੀ।

(10/1982)

SikhBookClub.com

ਅੰਮ੍ਰਿਤਸਰ

ਵਸੇਬਾ, ਉਸਾਰੀ, ਇਤਿਹਾਸ, ਮਹਿਮਾ ਤੇ ਮਹੱਤਤਾ

ਅੰਮ੍ਰਿਤਸਰ : ਹੁਕਮ ਸ੍ਰੀ ਗੁਰੂ ਅਮਰਦਾਸ ਦਾ, ਵਸਾਉਣ ਸ੍ਰੀ ਗੁਰੂ ਰਾਮਦਾਸ ਜੀ ਦਾ—ਗੁਰੂ ਅਮਰਦਾਸ ਜੀ ਅਨੁਭਵ ਕਰ ਰਹੇ ਸਨ ਕਿ ਗੋਇੰਦਵਾਲ ਭਾਵੇਂ ਬਹੁਤ ਵੱਸ ਗਿਆ ਹੈ ਪਰ ਬਿਆਸਾ ਤੱਟ ਦੇ ਹੋਣ ਕਾਰਨ ਲਾਂਘਾ ਜਿਹਾ ਵੀ ਬਣ ਗਿਆ ਹੈ। ਹੁਕਮਰਾਨ, ਸ਼ਾਹ, ਫ਼ੌਜਾਂ, ਵਾਪਾਰੀਆਂ ਦੀ ਨਿੱਤ ਆਵਾਜਾਈ ਹੋਣ ਕਾਰਨ ਕਈਆਂ ਦੀ ਅੱਖ ਵਿਚ ਰੜਕਦਾ ਵੀ ਹੈ। (ਯਾਦ ਰਹੇ ਕਿ ਜਹਾਂਗੀਰ ਨੇ ਆਪਣੀ 'ਤੋਜ਼ਿਕ' ਵਿਚ ਗੁਰੂ ਅਰਜਨ ਦੇਵ ਜੀ ਨੂੰ ਬਿਆਸਾ ਕਿਨਾਰੇ ਵੱਸੇ ਹੋਏ ਹੀ ਲਿਖਿਆ ਸੀ। ਫਿਰ ਉੱਚੀ ਮੱਮਟੀ ਦੇਖ ਕੇ ਹੀ ਜਹਾਂਗੀਰ ਸੜ ਭੁੱਜ ਗਿਆ ਸੀ ਤੇ ਢਾਹੁਣ ਦੇ ਹੁਕਮ ਭੇਜੇ ਸਨ) ਇਹ ਵੀ ਦੇਖ ਰਹੇ ਸਨ ਕਿ ਬੇਟੇ ਆਪਣੇ ਅਧਿਕਾਰ ਵੀ ਕਈ ਤਰੀਕਿਆਂ ਨਾਲ ਪ੍ਰਗਟਾ ਜਾਂਦੇ ਸਨ।

ਫਿਰ ਵਧਦੇ ਫੁਲਦੇ ਪੰਥ ਲਈ ਇਕ ਐਸੀ ਰਾਜਧਾਨੀ ਦੀ ਲੋੜ ਸੀ ਜੋ ਪੰਥ ਨੂੰ ਸੁਤੰਤਰ ਰੱਖੇ ਜਿਥੇ ਹੋਰ ਕੋਈ ਹੱਕ ਤਾਂ ਇਕ ਪਾਸੇ ਰਿਹਾ ਨਿੱਜ ਕਰਕੇ ਵੇਖ ਵੀ ਨਾ ਸਕੇ। ਸੋ ਬਖ਼ਸ਼ਿਸ਼ਾਂ ਦੇ ਖ਼ਜ਼ਾਨੇ ਪੰਥ ਲਈ ਖੋਲ੍ਹਣ ਵਾਲੇ ਤੀਜੇ ਪਾਤਸ਼ਾਹ ਨੇ ਆਪੂੰ ਸ੍ਰੀ ਗੁਰੂ ਰਾਮਦਾਸ ਜੀ ਨਾਲ ਜਾ ਕੇ ਉਹ ਥਾਂ ਦੱਸੀ ਜਿਥੇ ਨਗਰ ਦੀ ਮੋਹੜੀ ਗੱਡਣੀ ਹੈ।

ਭਾਈ ਮਨੀ ਸਿੰਘ ਜੀ ਦੇ ਲਿਖੇ ਅਨੁਸਾਰ, ਤੀਜੇ ਪਾਤਸ਼ਾਹ ਨੇ ਹੁਕਮ ਕੀਤਾ ਸੀ—"ਪੁਰਖਾ! ਕੋਈ ਤੀਰਥ ਮਦਰ ਦੇਸ਼ ਵਿਚ ਕਰੀਏ ਜੋ ਤਰਲੋਕੀ ਦੇ ਸਭਨਾਂ ਦੇ ਫਲ ਹੋਵਸਿ, ਜਿਸ ਦੇ ਇਸ਼ਨਾਨ ਕਰਨ 'ਤੇ ਫਲ ਤੇ"।

'ਮਹਿਮਾ ਪ੍ਰਕਾਸ਼' ਦੀ ਵੀ ਇਹ ਵੀ ਗਵਾਹੀ ਹੈ, ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਕਿ ਉਹ ਸ਼ਹਿਰ ਨੂੰ ਵਸਾਉਣ ਤੇ ਅੰਮ੍ਰਿਤਸਰ ਸੰਪੂਰਨ ਕਰਨ 'ਤੇ ਲੱਗੇ ਹੋਏ ਸਨ, ਇਹ ਚੌਥਾਂ ਪਾਤਸ਼ਾਹ ਦਾ ਹੁਕਮ ਹੈ:

ਗੁਰੂ ਨਾਨਕ ਗੁਰੂ ਅੰਗਦ ਖਾਸ।
ਅਮਰ ਦੇਵ ਸ੍ਰੀ ਗੁਰੂ ਰਾਮ ਦਾਸ।
ਚਾਰੋਂ ਗੁਰ ਦੀ ਮਰਜ਼ੀ ਸੰਗਾ।
ਪ੍ਰਗਟਾਯੋਂ ਤੀਰਥ ਇਹ ਚੰਗਾ।[1]

ਇਸੇ ਸਬੰਧ ਵਿਚ 'ਸੂਰਜ ਪ੍ਰਕਾਸ਼' ਨੇ ਲਿਖਿਆ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਥਾਂ 'ਤੇ ਨਕਸ਼ਾ ਉਲੀਕਦੇ ਕਿਹਾ ਸੀ—"ਪਿੰਡ ਤੁੰਗ ਤੋਂ ਥੋੜ੍ਹਾ ਉਰਲੇ ਪਾਸੇ ਅਤੇ ਪਿੰਡ ਗਿਲਵਾਲੀ ਤੋਂ ਪਰੇ

SikhBookClub.com

ਪਿੰਡ ਸੁਲਤਾਨਵਿੰਡ ਹੈ। ਸੁਲਤਾਨਵਿੰਡ ਦੇ ਪੱਛਮ ਪਰ ਜ਼ਰਾ ਕੁ ਹਟਵਾਂ ਸ਼ਹਿਰ ਵਸਾਓ ਤੇ ਆਪਣੇ ਘਰ ਬਣਾ ਕੇ ਰਹੋ,"

ਗ੍ਰਾਮ ਤੁੰਗ ਤੇ ਅਹੈ ਉਰੇਰੇ।
ਗਿਲਵਾਲੀ ਤੇ ਲਖਹੁ ਪਰੇਰੇ।
ਹੈ ਸੁਲਤਾਨਪਿੰਡ ਜਿਸ ਨਾਮੁ।
ਤਿਸ ਦੇ ਪਸ਼ਚਮ ਦਿਸ ਅਭਿਰਾਮੁ।
ਤਹਾ ਜਾਇ ਕਰਿ ਗ੍ਰਾਮ ਬਣਾਵਹੁ।
ਸੁੰਦਰ ਆਪਣੇ ਸਦਨ ਬਨਾਵਹੁ।[2]

ਇਹ ਥਾਂ ਜਿਹੜੇ ਜਿਹੜੇ ਪਿੰਡਾਂ ਦੀ ਸੀ ਉਹਨਾਂ ਨੂੰ ਰੁਪਿਆ ਤਾਰ ਕੇ ਮੁੱਖ ਖਰੀਦੀ। ਗਜ਼ਟੀਅਰ ਅੰਮ੍ਰਿਤਸਰ ਦੇ ਕਹਿਣ ਅਨੁਸਾਰ, ਸੱਤ ਸੌ ਰੁਪਿਆ ਅਕਬਰੀ ਤਾਰਿਆ ਸੀ।[3] ਸਿੱਖਾਂ ਦੀ ਭਗਤ-ਮਾਲ ਦੇ ਲਿਖੇ ਅਨੁਸਾਰ ਇਹ ਬਚਨ ਵੀ ਕਹੇ ਸਨ—

"ਪੁਰਖਾ! ਕਲਿਜੁਗ ਦੇ ਜੀਅ ਦੀਆਂ ਆਰਜਾਵਾਂ ਛੋਟੀਆਂ ਹੋਣਗੀਆਂ ਤੇ ਬੁੱਧਾਂ ਮੋਟੀਆਂ, ਸੋ ਐਸਾ ਤੀਰਥ ਬਣਾਈਏ ਜਿਥੇ ਥੋੜ੍ਹੇ ਚਿਰ ਵਿਚ ਹੀ ਜੀਵਨ ਰਾਹ ਬਿਬੇਕ ਬੁੱਧੀ ਮਿਲੇ।"

ਸੋ ਸ੍ਰੀ ਗੁਰੂ ਅਮਰਦਾਸ ਜੀ ਦੀ ਹਯਾਤੀ ਵਿਚ ਹੀ ਸ਼ਹਿਰ ਉਸਰਨਾ ਆਰੰਭ ਹੋ ਗਿਆ ਸੀ। ਇਹ ਸੰਨ 1573 ਦੇ ਆਰੰਭ ਦੀ ਗੱਲ ਹੈ। ਜਿਥੇ ਪਹਿਲੇ ਰਹਿਣ ਲਈ ਘਰ ਬਣਾਏ, ਉਹ ਹੀ 'ਗੁਰੂ ਕਾ ਮਹਿਲ' ਕਹਿਲਾਏ। ਉਸ ਨਾਲ ਲਗਦਾ ਜੋ ਵਪਾਰਕ ਕੇਂਦਰ ਉਸਾਰਿਆ, ਉਹ ਹੀ 'ਗੁਰੂ ਕਾ ਬਜ਼ਾਰ' ਸਦਵਾਇਆ। ਇਸ ਨਗਰ ਦਾ ਨਾਮ ਆਪ ਜੀ ਨੇ 'ਅਮਰਸਰ' ਰੱਖਿਆ, ਪਰ 1577 ਤੋਂ ਪਿੱਛੋਂ ਚੱਕ ਸ੍ਰੀ ਗੁਰੂ ਰਾਮ ਦਾਸ ਕਹਿਲਾਉਣ ਲੱਗ ਪਿਆ ਪਰ ਜਦ ਸਰੋਵਰ ਦਾ ਤਾਲ ਸੰਪੂਰਨ ਹੋ ਗਿਆ ਤੇ ਉਸ ਦੀ ਮਹੱਤਤਾ ਜਗਤ 'ਤੇ ਪ੍ਰਗਟ ਹੋ ਗਈ ਤਾਂ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਹੀ ਪ੍ਰਸਿੱਧ ਹੋਇਆ।

ਸ਼ਹਿਰ ਵਸਿਆ

ਸ੍ਰੀ ਗੁਰੂ ਰਾਮਦਾਸ ਜੀ ਦਾ ਗੋਇੰਦਵਾਲ ਗੁਰੂ-ਗੱਦੀ 'ਤੇ ਬੈਠਣ ਉਪਰੰਤ ਕੁਝ ਸਮਾਂ ਸੰਗਠਤ ਕਰਨ ਤੇ ਸੰਗਤਾਂ ਨੂੰ ਸੰਭਾਲਣ 'ਤੇ ਲੱਗ ਗਿਆ। ਜਦ ਆਪ ਜੀ ਨੇ ਨਿਰਣਾ ਲੈ ਲਿਆ ਕਿ ਹੁਣ ਨਗਰ ਹੁਕਮ ਮੁਤਾਬਕ ਵਸਾਉਣਾ ਹੈ ਤਾਂ ਆਪ ਜੀ ਸਭ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਬਣਾਏ ਹੋਏ ਘਰਾਂ ਵਿਚ ਆ ਟਿਕੇ ਅਤੇ ਅੰਮ੍ਰਿਤਸਰ ਦਾ ਟੱਕ 13 ਜੂਨ 1577 ਨੂੰ ਲਗਾਇਆ। ਕੁਝ ਸਮੇਂ ਵਿਚ ਹੀ ਚਾਰੇ ਪਾਸੇ ਖ਼ਬਰਾਂ ਪੁੱਜ ਗਈਆਂ ਕਿ ਗੁਰੂ ਜੀ ਇਕ ਅਨੂਪਮ ਨਗਰੀ ਵਸਾ ਰਹੇ ਹਨ। ਸੰਗਤਾਂ ਨੇ ਵਹੀਰਾਂ ਘੱਤ ਦਿੱਤੀਆਂ। ਪ੍ਰੇਮ ਤੇ ਸੇਵਾ ਦੇ ਅਦੁੱਤੀ ਨਜ਼ਾਰੇ ਵੇਖਣ ਵਿਚ ਆਏ। ਤਾਲ ਵੀ ਦਿਨਾਂ ਵਿਚ ਬਣ ਤਿਆਰ ਹੋ ਗਿਆ। ਭਾਈ ਗੁਰਦਾਸ ਜੀ ਨੇ

ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ। *(ਵਾਰ ੧/੪੭)*

ਦਾ ਜੋ ਜ਼ਿਕਰ ਕੀਤਾ ਹੈ, ਉਹ ਕੋਈ ਭੁਲੇਖਾ ਰਹਿਣ ਹੀ ਨਹੀਂ ਦੇਂਦਾ ਕਿ ਅੰਮ੍ਰਿਤਸਰ ਬਣ ਤਿਆਰ ਨਹੀਂ ਸੀ ਹੋ ਗਿਆ।

SikhBookClub.com

ਭੱਟ ਨਲ੍ਹ ਅਤੇ ਭੱਟ ਮਥਰਾ ਜੀ ਨੇ ਸਵੱਈਏ ਮਹੱਲੇ ਚੌਥੇ ਵਿਚ ਅੰਮ੍ਰਿਤਸਰ ਦੇ ਬਣ ਜਾਣ, ਦੀਵਾਨ ਸਜਣ ਤੇ ਮਹਾਂਪੁਰਸ਼ਾਂ ਦੇ ਆਉਣ ਦਾ ਜ਼ਿਕਰ ਰਹੱਸਮਈ ਢੰਗ ਨਾਲ ਕੀਤਾ ਹੈ। ਨਲ ਜੀ ਲਿਖਦੇ ਹਨ ਕਿ ਗੁਰੂ ਦੇ ਦਰ ਅੰਮ੍ਰਿਤ ਦੇ ਚਸ਼ਮੇ ਜਾਰੀ ਹਨ, ਉਹ ਨਿਰਮਲ ਸਰੋਵਰ ਵਿਚ ਸਿੱਖ ਇਸ਼ਨਾਨ ਕਰਦੇ ਹਨ। ਸੰਗਤ ਵਿਚ ਜਾ ਕੇ ਗਿਆਨ ਵੀ ਪ੍ਰਾਪਤ ਕਰਦੇ ਹਨ।

ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ
ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ॥

(ਪੰਨਾ ੧੪੦੧)

ਭੱਟ ਮਥਰਾ ਜੀ ਨੇ ਅੰਮ੍ਰਿਤ ਵੇਲੇ ਸ਼ਬਦ ਦੀਆਂ ਲਹਿਰਾਂ ਉਠਣ ਦਾ ਜੋ ਇਸ਼ਾਰਾ ਕੀਤਾ ਹੈ, ਨੱਕਾ-ਨੱਕ ਭਰੇ ਸਰੋਵਰ ਦੀ ਗੱਲ ਕਹੀ ਹੈ। ਉਹ ਵੀ ਯਕੀਨ ਬਝਾਂਦਾ ਹੈ ਕਿ ਸਰੋਵਰ ਤਿਆਰ ਹੋ ਗਿਆ ਸੀ:

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ॥

(ਪੰਨਾ ੧੪੦੪)

ਸੰਤ ਹੰਸ ਕਲੋਲ ਕਰਦੇ ਹਨ ਦਾ ਵੀ ਜ਼ਿਕਰ ਭੱਟ ਮਥਰਾ ਜੀ ਨੇ ਹੀ ਕੀਤਾ ਹੈ:

ਸੰਤ ਮਰਾਲ ਕਰਹਿ ਕੰਤੂਹਲ

(ਪੰਨਾ ੧੪੦੪)

ਕਲਸਹਾਰ ਨੇ ਵੀ ਉਪਮਾ ਕਰਦੇ ਇਹ ਹੀ ਕਿਹਾ:

ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ॥

(ਪੰਨਾ ੧੩੯੬)

ਜਿਥੇ ਸਰੋਵਰ ਦੇ ਐਨ ਵਿਚਕਾਰ ਦੀਵਾਨ ਸੱਜਦੇ ਸਨ, ਉਸੇ ਨੂੰ ਭਾਈ ਗੁਰਦਾਸ ਜੀ ਨੇ ਵਾਰ 24ਵੀਂ ਦੀ ਪਉੜੀ ਚੌਥੀ ਵਿਚ ਦੇਵ ਸਥਲੁ ਕਿਹਾ ਹੈ ਜਿਸ ਦਾ ਠੀਕ ਤਰਜਮਾ ਹਰਿਮੰਦਰ ਹੈ। ਸੋ ਮੁੱਢ ਸ੍ਰੀ ਹਰਿਮੰਦਰ ਸਾਹਿਬ ਦਾ ਆਪ ਜੀ ਨੇ ਹੀ ਬੱਧਾ ਸੀ। ਹਵਾਲੇ ਵਾਲੀ ਪੂਰੀ ਤੁਕ ਹੈ:

ਦਾਤਾ ਭੁਗਤਾ ਦੈਅ ਦਾਨਿ ਦੇਵ ਸਥਲੁ ਸਤਿ ਸੰਗ ਉਧਾਰਾ।

ਗਿਆਨੀ ਹਜ਼ਾਰਾ ਸਿੰਘ ਜੀ ਨੇ ਇਸ ਦਾ ਟੀਕਾ 'ਕਿਧਰੇ ਦਇਆ ਕਰਕੇ, ਦਾਨੀ ਕਹਾ ਕੇ' ਕੀਤਾ ਹੈ ਤੇ ਕਿਤੇ ਆਪ ਹੀ ਭੁਗਤਾ ਹਨ, ਸਤਿਸੰਗ ਜੁੜਨ ਲਈ ਅਰ ਸੰਸਾਰ ਦੇ ਉਧਾਰ ਲਈ ਹਰਿਮੰਦਰ ਮੁਢ ਕੀਤਾ।

ਬੰਸਾਵਲੀ ਨਾਮੇ ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਨੇ ਗੁਰੂ ਰਾਮਦਾਸ ਜੀ ਦੇ ਬ੍ਰਿਤਾਂਤ ਵਿਚ ਹੀ ਲਿਖਿਆ ਹੈ ਕਿ ਨਗਰ ਵਸਾਉਣ ਦਾ ਉਪਰਾਲਾ ਕੀਤਾ। ਨਾਮ ਚੱਕ ਗੁਰੂ ਹੀ ਧਰਿਆ। ਪੱਕਾ ਤਲਾਓ ਤੇ ਹਰਿਮੰਦਰ ਸਾਹਿਬ ਵੀ ਬਣ ਗਿਆ। ਬਹੁਤ ਵੱਡਾ ਤੀਰਥ ਕਹਿਲਾਇਆ:

ਤਟਿ ਨਗਰ ਕਰਨ ਕਾ ਕੀਆ ਉਪਾਉ।
ਚਕ ਗੁਰੂ ਕਾ ਧਰਿਆ ਨਾਉ।
ਪੱਕਾ ਤਲਾਉ ਤੇ ਹਰਿਮੰਦਰ ਬਣਿਆ।
ਤੀਰਥ ਵਡਾ ਵਿਚਿ ਸ਼ਾਸਤਰ ਗਣਿਆ।

SikhBookClub.com

ਸੂਰਜ ਪ੍ਰਕਾਸ਼ ਦੇ ਕਰਤਾ ਨੇ ਲਿਖਿਆ ਹੈ ਕਿ ਨੀਵਾਂ ਥਾਂ ਬੇਰੀ ਲਾਗੇ[4] ਜਿਸ ਦੀ ਭਲ ਸ੍ਰੀ ਗੁਰੂ ਅਮਰਦਾਸ ਜੀ ਨੇ ਪੁਆਈ ਸੀ, ਦੇਖਣ ਉਪਰੰਤ ਤੇ ਨਿਸ਼ਾਨੀ ਰੱਖ ਕੇ 'ਗੁਰੂ ਕੇ ਮਹਲ' ਚਲੇ ਗਏ। ਅਗਲੇ ਦਿਨ ਪ੍ਰਭਾਤ ਵੇਲੇ ਮਠਿਆਈ ਲੈ ਕੇ ਸੇਵਾਦਾਰਾਂ ਸਮੇਤ ਪੁੱਜ ਗਏ। ਅਰਦਾਸ ਆਪੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਨਾਮ ਲੈ ਕੇ ਕਹੀ ਬਾਬਾ ਬੁਢਾ ਜੀ ਦੇ ਹੱਥ ਫੜਾਈ ਤੇ ਉਹਨਾਂ ਨੂੰ ਟੱਕ ਲਗਾਉਣ ਲਈ ਕਿਹਾ। ਉਹਨਾਂ ਵੀ ਗੁਰੂ ਦਾ ਨਾਮ ਲੈ ਕੇ ਟੱਕ ਲਗਾਇਆ, ਫਿਰ ਸਭ ਖੁਣਨ ਲੱਗ ਪਏ ਤੇ ਖ਼ੁਸ਼ੀਆਂ ਦੇ ਜੈਕਾਰੇ ਛੱਡੇ ਗਏ। ਮਠਿਆਈ ਵੰਡੀ ਗਈ।

ਸ੍ਰੀ ਨਾਨਕ ਆਦਿਕ ਲੈ ਨਾਇ।
ਕਰਿ ਅਰਦਾਸ ਸੀਸ ਨਿਹੁਰਾਇ।।੧੦।।
ਬ੍ਰਿਧ ਬਚ ਤੇ ਲੈ ਖਨਨੀ ਹਾਥ।
ਟੇਕ ਲੀ ਲਾਇਸ ਚਿਤਵਤਿ ਗੁਰ ਨਾਥ।[5]

ਸ਼ਹਿਰ ਨੂੰ ਕਈ ਮਹੱਲਿਆਂ ਤੇ ਬਾਜ਼ਾਰਾਂ ਵਿਚ ਵੰਡਿਆ। ਹਰ ਮਹੱਲੇ ਦੇ ਬਾਹਰ ਖੂਹ ਲਗਵਾ ਕੇ ਨਾਲ ਹੀ ਬਾਜ਼ਾਰ ਬਣਵਾਏ। ਦੂਰ ਨੇੜੇ ਸੱਦੇ ਭੇਜ ਕੇ ਵਪਾਰੀਆਂ ਨੂੰ ਵੱਸਣ ਲਈ ਕਿਹਾ। ਉਚੇਚੇ ਤੌਰ 'ਤੇ ਕਾਰੀਗਰਾਂ ਨੂੰ ਬੁਲਾ ਕੇ ਆਦਰ ਸਹਿਤ ਵਸਾਇਆ। ਕਲਾਨੌਰ, ਪੱਟੀ ਤੇ ਕਸੂਰ ਅਤੇ ਹੋਰ ਥਾਵਾਂ 'ਤੇ ਬਵਿੰਜਾ ਕਿਤਿਆਂ ਦੇ ਨਾਮਵਰ ਪਰਿਵਾਰਾਂ ਨੂੰ ਵਸਾਇਆ। ਕਵੀ ਕੰਕਣ ਨੇ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਕਵੀ ਸੀ, ਨੇ ਲਿਖਿਆ ਹੈ ਕਿ:

ਨਹਿ ਬਾਜ਼ਾਰਾਨ ਕੋ ਕੋਈ ਅੰਤ, ਔ ਕੁਪਨ ਕਾ ਕਛੁ ਨਹਿ ਸ਼ੁਮਾਰਾ।
ਤਹਿ ਅਨੇਕ ਬਸਹਿ ਧਨਵਾਨ, ਸਰਾਫ ਕਹਾਵਤ ਓ ਬਨਜਾਰਾ।

ਸਿਰਫ਼ ਬਾਜ਼ਾਰਾਂ ਦੇ ਨਾਵਾਂ ਤੋਂ ਹੀ ਪਤਾ ਲੱਗ ਜਾਏਗਾ ਕਿ ਕਿਤਨਾ ਵੱਡਾ ਸ਼ਹਿਰ ਗੁਰੂ ਜੀ ਨੇ ਵਿਉਂਤ-ਬੱਧ ਕੀਤਾ ਸੀ। ਮਹੱਲਾ ਪੱਟ ਰੰਗਾ, ਸਬੂਨੀਆਂ, ਮਿਸ਼ਰੀ ਬਾਜ਼ਾਰ, ਬਾਂਸਾਂ ਵਾਲਾ, ਚੀਲ ਮੰਡੀ, ਆਟਾ ਮੰਡੀ, ਬਾਜ਼ਾਰ ਮੋਚੀਆਂ, ਅਤੇ ਰੇਸ਼ਮ, ਸੂਤ, ਊਨ, ਲੋਹਾਂ, ਪਿੱਤਲ, ਹਾਥੀ ਦੰਦ, ਤੇਲ, ਕਾਲੀਨ ਤੇ ਰੰਗ ਰੇਜ ਦੇ ਖ਼ਾਸ ਕੰਮਾਂ ਲਈ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

ਇਕ ਹੋਰ ਇਹਤਿਆਤ ਸ੍ਰੀ ਗੁਰੂ ਰਾਮਦਾਸ ਜੀ ਨੇ ਅਨੂਪਮ ਨਗਰ ਵਿਚ ਵਰਤੀ ਕਿ ਉਹਨਾਂ ਅਖੌਤੀ ਨੀਵੀਂ ਜਾਤਾਂ ਵਾਲਿਆਂ ਨੂੰ ਪੂਰਬ ਵਲ ਵਸਾਇਆ। ਹਰ ਪੁਰਾਤਨ ਵੱਡੇ ਸ਼ਹਿਰ ਇਹਨਾਂ ਕਿਰਤੀਆਂ ਨੂੰ ਪੱਛਮ ਵੱਲ ਅਤੇ ਸ਼ਹਿਰ ਤੋਂ ਬਾਹਰ ਹੀ ਵਸਾਇਆ ਜਾਂਦਾ ਸੀ।

ਫਿਰ ਸ਼ਹਿਰ ਵਸਾਉਣ ਵੇਲੇ ਰਤਾ ਭਰ ਵੀ ਖੇਤੀ ਜਾਂ ਵਸੋਂ ਨੂੰ ਨਾ ਉਜਾੜਿਆ। ਜੋ ਸਭ ਤੋਂ ਨੀਂਵੀਂ ਥਾਂ ਸੀ, ਉਸੇ ਨੂੰ ਹੀ ਸਵਾਰ, ਸੁਧਾਰ ਨਗਰ ਵਸਾਇਆ। ਹੋਰ ਚੋਣ ਥਾਂ ਕਮਾਲ ਦੀ ਸੀ।

ਪ੍ਰੋਫ਼ੈਸਰ ਪੂਰਨ ਸਿੰਘ ਨੇ ਲਿਖਿਆ ਹੈ ਕਿ "ਨਾ ਅਜਿਹਾ ਹਵਾ ਪਾਣੀ ਤੇ ਨਾ ਹੀ ਅੰਮ੍ਰਿਤਸਰ ਵਰਗੀ ਧਰਤੀ। ਇਥੇ ਕਸ਼ਮੀਰ ਦੀਆਂ ਨਾਸ਼ਪਤੀਆਂ, ਕੋਇਟੇ ਦੇ ਆੜੂ ਤੇ ਤਲਹਟੀ ਦੇ ਫਲ ਫੁੱਲ ਹੁੰਦੇ ਹਨ। ਸਾਰਾ ਸ਼ਹਿਰ ਸੰਤਰਿਆਂ ਤੇ ਹੋਰ ਫਲਦਾਰ ਬੂਟਿਆਂ ਨਾਲ ਘਿਰਿਆ ਹੋਇਆ ਹੈ।"

ਜਦ ਸ਼ਹਿਰ ਵਸ ਗਿਆ ਤਾਂ ਗੁਰੂ ਜੀ ਨੇ ਵਪਾਰੀਆਂ ਤੇ ਹੋਰਾਂ ਨੂੰ ਬੁਲਾ ਕੇ ਕਿਹਾ ਕਿ ਤੁਸੀਂ ਹੀ ਸਾਰੀ ਚੜ੍ਹਤ ਤੇ ਹੋਰ ਕਾਰਜਾਂ ਨੂੰ ਸੰਭਾਲੋ।[6]

SikhBookClub.com

ਉਸ ਵਕਤ ਮੁਖੀਆਂ ਨੇ ਇਹ ਬੇਨਤੀ ਕੀਤੀ, ਸਾਨੂੰ ਕਿਰਤ ਦੀ ਹੀ ਬਰਕਤ ਦਿਓ। "ਕਿਰਤ ਬਰਕਤਿ ਅਸਾਂ ਨੂੰ ਦਿਓ।" ਆਪ ਜੀ ਨੇ ਇਸ ਨਗਰੀ 'ਤੇ ਬੜੀਆਂ ਰਹਿਮਤਾਂ ਕੀਤੀਆਂ। ਇਹ ਵੀ ਬਚਨ ਕੀਤਾ ਕਿ ਸਹਿਜ ਸੁਭਾਇ ਬਿਨਾਂ ਜਤਨ ਹੀ ਭਗਤੀ ਦੀ ਰੌ ਚਲ ਪਵੇਗੀ। ਇਹ 'ਮੁਕਤ ਭੁਗਤ' ਕੀ ਸੀੜ੍ਹੀ ਹੈ। ਗੁਰੂ ਛੇਤਰ ਹੈ।

ਇਹ ਗੁਰੂ ਕਾ ਚੱਕ ਐਸਾ ਸੀ ਜਿਥੇ ਕੋਈ ਜਜ਼ੀਆ, ਕੋਈ ਜ਼ਕਾਤ ਜਾਂ ਕਿਸੇ ਰਾਜੇ, ਬਾਦਸ਼ਾਹ ਦਾ ਕੋਈ ਕਰ ਨਹੀਂ ਸੀ ਲੱਗਦਾ। ਸ਼ਹਿਰ ਆਪਣੇ ਆਪ ਵਿਚ ਸੰਪੂਰਨ ਮਹੱਤਾ ਵਾਲਾ ਸੀ। ਜਗਤ ਭਰ ਵਿਚ ਇਕ ਨਵਾਂ ਤਜ਼ਰਬਾ ਸੀ ਜੋ ਅੰਮ੍ਰਿਤਸਰ ਉਸਾਰ ਕੇ ਗੁਰੂ ਜੀ ਨੇ ਕੀਤਾ ਸੀ। ਵੱਡੀ ਗਵਾਹੀ ਗੁਰੂ ਅਰਜਨ ਦੇਵ ਜੀ ਨੇ ਹੀ ਦਿੱਤੀ ਹੈ। ਸੂਹੀ ਰਾਗ ਦੇ ਦੋ ਛੰਦ ਜੋ ਘਰ ਤੀਜਾ ਦੇ ਸਿਰਲੇਖ ਹੇਠਾਂ ਦਰਜ ਹਨ ਇਸੇ ਪਾਸੇ ਦਾ ਪ੍ਰਮਾਣ ਹਨ ਕਿ ਕਿਤਨੀ ਖ਼ੁਸ਼ੀ ਮਨਾਈ ਗਈ ਹੋਵੇਗੀ, ਇਸ ਨਗਰ ਤੇ ਅੰਮ੍ਰਿਤਸਰ ਦਾ ਸਰੋਵਰ ਬਣਨ 'ਤੇ।

ਪਹਿਲਾ ਛੰਤ—'ਅਬਚਲਿ ਨਗਰ ਗੋਬਿੰਦ ਗੁਰੂ ਕਾ[7] ਤੋਂ ਅਰੰਭ ਹੁੰਦਾ ਹੈ। ਉਸ ਵਿਚ ਸ੍ਰੀ ਗੁਰੂ ਅਰਜਨ ਜੀ ਨੇ ਦੱਸਿਆ ਕਿ ਇਹ ਸ਼ਹਿਰ ਕਰਤੇ ਨੇ ਵਸਾਇਆ ਹੈ।

ਉਸ ਤੋਂ ਕੁਰਬਾਨ ਜਾਂਦੇ ਹਾਂ ਜਿਸ ਨੇ ਇਹ ਥਾਨ ਸੁਹਾਣਾ ਕੀਤਾ ਹੈ।[8] ਵੱਡਾ ਵਾਧਾ ਨਗਰੀ ਦਾ ਇਹ ਹੈ ਕਿ ਬਜ਼ਾਰ, ਹੱਟੀਆਂ ਤੇ ਮਹੱਲੇ ਹਨ, ਪਰ ਨਾਲ ਕਿਰਤ ਦੇ ਕੀਰਤ ਵੀ ਹੈ। ਕਿਰਤ ਕਰਦਿਆਂ ਉਹ ਨਹੀਂ ਵਿਸਰਦਾ।[9]

ਇਕ ਪਾਸੇ ਤਾਂ ਬਾਜ਼ਾਰਾਂ ਵਿਚ ਗਹਿਮਾ ਗਹਿਮੀ ਹੈ, ਪਰ ਨਾਲ ਹੀ ਅੰਮ੍ਰਿਤ ਵੇਲੇ ਕੀਰਤਨ ਦੀਆਂ ਧੁਨੀਆਂ ਉਠਦੀਆਂ ਹਨ ਤੇ ਮਹਾਂਪੁਰਸ਼ ਇਕੱਠੇ ਹੋ ਕੇ ਬ੍ਰਹਮ ਵਿਚਾਰਾਂ ਕਰਦੇ ਹਨ।[10]

ਸ਼ਬਦਾਰਥ ਦੇ ਲਿਖਾਰੀ ਕਹਿੰਦੇ ਹਨ:

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

(ਪੰਨਾ ੭੪੭)

ਵਾਲਾ ਛੰਤ ਅੰਮ੍ਰਿਤ ਸਰੋਵਰ ਦੇ ਤਿਆਰ ਹੋਣ 'ਤੇ ਵਾਹਿਗੁਰੂ ਦੇ ਧੰਨਵਾਦ ਦੇ ਤੌਰ ਤੇ ਉਚਾਰਨ ਹੋਇਆ ਸੀ। ਇਹ ਤੁਕ ਤਾਂ ਬੜੀ ਹੀ ਭਾਵ ਪੂਰਤ ਹੈ ਕਿ ਜਿਸ ਨੇ ਤਾਲ ਬਣਾਉਣ ਦਾ ਉੱਦਮ ਕੀਤਾ ਉਸ ਦੀ ਉਪਮਾ ਅਸੀਂ ਕਿਵੇਂ ਕਰ ਸਕਦੇ ਹਾਂ? ਇਹ ਪ੍ਰਤੱਖ ਇਸ਼ਾਰਾ ਸ੍ਰੀ ਗੁਰੂ ਰਾਮਦਾਸ ਜੀ ਵੱਲ ਹੈ:

ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ॥

(ਪੰਨਾ ੭੮੪)

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਆਸਾ ਦੀ ਇਕ ਅਸ਼ਟਪਦੀ ਘਰ ਦੂਜੇ[11] ਵਿਚ ਲਿਖੀ ਹੈ ਜਿਸ ਵਿਚ ਇਕ ਸੰਕੇਤ ਸਪੱਸ਼ਟ ਤੌਰ 'ਤੇ ਮਿਲਦਾ ਹੈ ਕਿ 'ਜੋ ਅਬਿਚਲ ਨਗਰੀ' ਵੱਸੀ ਹੈ ਇਹ ਸ੍ਰੀ ਗੁਰੂ ਨਾਨਕ ਜੀ ਦੀ ਕਿਰਪਾ ਕਰਕੇ ਵੱਸੀ ਹੈ। ਸ਼ਬਦ ਵਿਚ 'ਨਾਨਕ ਦੇਵ' ਵਰਤਣਾ, ਉਸੇ ਅਬਿਚਲ ਨਗਰੀ ਦੀ ਉਪਮਾ ਹੈ, ਜਿਸ ਬਾਰੇ ਸੂਹੀ ਰਾਗ ਵਿਚ 'ਅਬਿਚਲ ਨਗਰ ਗੋਬਿੰਦ ਗੁਰੂ ਕਾ' ਕਿਹਾ ਸੀ।

ਇਸ ਨਵੀਂ ਵੱਸੀ ਨਗਰੀ ਦੀ ਵੱਡੀ ਸਿਫ਼ਤ ਇਹ ਹੈ ਕਿ ਸਾਚ ਧਰਮ ਨੂੰ 'ਵਾੜ' ਦੇਣ ਲਈ

SikhBookClub.com

ਇਹ ਨਗਰੀ ਵਸਾਈ ਹੈ—"ਸਾਚ ਧਰਮ ਕੀਕਰਿ ਦੀਨੀ ਵਾਰਿ," ਜਾਂ ਇੰਜ ਕਹਿ ਲਵੋ ਕਿ ਧਰਮ ਦੀ ਜੁਗਤ ਸਿਖਾਲਣ ਲਈ ਇਹ ਸ਼ਹਿਰ ਵਸਾਇਆ।

ਇਥੇ ਇਤਨੀ ਸੁਤੰਤਰਤਾ ਹੈ ਕਿ ਕੋਈ ਜਜ਼ੀਆ ਨਹੀਂ, ਕੋਈ ਜੁਰਮਾਨਾ ਨਹੀਂ, ਕੋਈ ਜ਼ੋਰੀ ਟੈਕਸ ਨਹੀਂ, ਕੋਈ ਜ਼ਕਾਤ ਨਹੀਂ, ਨਿਰੋਲ ਧਰਮ ਕਮਾਉਣਾ ਹੀ ਕਾਰ ਹੈ। ਕਿਰਤ ਵੀ ਧਰਤ ਦੀ ਹੀ ਹੈ।

ਬੜੇ ਆਰਾਮ ਨਾਲ ਸਭ ਕਾਰੋਬਾਰ ਟੁਰ ਰਹੇ ਹਨ। ਕੋਈ ਲੁੱਟ-ਖਸੁੱਟ ਨਹੀਂ, ਵਪਾਰੀ ਤੇ ਸ਼ਾਹ ਇਕ ਦੂਜੇ ਦਾ ਗਲ ਨਹੀਂ ਕੱਟਦੇ। ਕੋਈ ਜ਼ਹਿਰ ਨਹੀਂ, ਕੋਈ ਕਹਿਰ ਨਹੀਂ:

ਸਾਂਤਿ ਸਹਜ ਸੁਖ ਕੇ ਸਭਿ ਹਾਟ॥
ਸਾਹ ਵਾਪਾਰੀ ਏਕੈ ਥਾਟ॥੪॥
ਜੋਜੀਆ ਡੰਨੁ ਕੋ ਲਏ ਨ ਜਗਾਤਿ॥
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ॥ *(ਪੰਨਾ ੪੩੦)*

ਮੇਰੀ ਜਾਚੇ ਭਗਤ ਰਵਿਦਾਸ ਜੀ ਨੇ ਗਉੜੀ ਰਾਗ ਵਿਚ ਜਿਸ 'ਬੇਗਮ ਪੁਰਾ ਸ਼ਹਿਰ' ਦਾ ਨਕਸ਼ਾ ਖਿਚਿਆ ਅਤੇ ਸੰਕਲਪ ਕੀਤਾ ਹੈ, ਉਸ ਦਾ ਰੂਪ ਕਿਧਰੋਂ ਹੋਰ ਲੱਭਣ ਦੀ ਲੋੜ ਨਹੀਂ, ਇਹ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਹੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਇਤਿਹਾਸਕਾਰੀ ਸਿਧਾਂਤਾਂ ਦਾ ਵਿਆਖਿਆਕਾਰ ਵੀ ਕਿਹਾ ਹੈ। ਇਹ ਗੁਰਬਾਣੀ ਵਿਚ ਬੇਗਮ-ਪੁਰੇ ਸ਼ਹਿਰ ਦੀ ਅਮਲੀ ਵਿਆਖਿਆ ਸੀ:

ਨਾ ਅੰਦੋਹ, ਨਾ ਚਿੰਤਾ, ਨਾ ਤਸਵੀਸ਼, ਨਾ ਘਬਰਾਹਟ, ਨਾ ਕੋਈ ਕਿਸੇ ਕੋਲੋਂ ਖਿਰਾਜ ਲੈਂਦਾ ਹੈ, ਨਾ ਕੋਈ ਦੇਂਦਾ ਹੈ। ਨਾ ਮਾਲੀਆ, ਨਾ ਕਿਸੇ ਦੇ ਹਮਲੇ ਦਾ ਡਰ, ਨਾ ਕਈ ਉਕਾਈ, ਨਾ ਕਿਸੇ 'ਤੇ ਕੋਈ ਤਰਸ ਖਾਣ ਵਾਲੀ ਦਸ਼ਾ, ਸਭ ਸੌਖੇ। ਹਰ ਕੋਈ ਕਿਰਤੀ। ਨਾ ਕੋਈ ਜਵਾਲ, ਨਾ ਘਾਟਾ[12]। ਸ੍ਰੀ ਗੁਰੂ ਰਾਮਦਾਸ ਜੀ ਦੀ ਪਾਤਸ਼ਾਹੀ ਸਦਾ ਕਾਇਮ ਦਾਇਮ ਹੈ। ਕੋਈ ਪਹਿਲੇ, ਦੂਜੇ ਜਾਂ ਤੀਜੇ ਦਰਜੇ ਦਾ ਸ਼ਹਿਰੀ ਨਹੀਂ:

ਸਿਖਾਂ ਪੁਤਾਂ ਭਾਈਆਂ ਭਾਉ ਇਕੋ ਜਿਹਾ

ਅੰਨ-ਜਲ ਦੀ ਕਦੇ ਤੋਟ ਨਹੀਂ। ਸਭ ਰੱਜੇ ਹੋਏ। ਹਰ ਕੋਈ ਆਪਣੀ ਮਰਜ਼ੀ ਨਾਲ ਫਿਰਦਾ ਹੈ। ਕੋਈ ਕਿਸੇ ਨੂੰ ਅਟਕਾਂਦਾ ਨਹੀਂ।[13] ਹਰਿਮੰਦਰ ਸਾਹਿਬ ਉਸੇ ਦਾ ਪ੍ਰਤੀਕ ਹੈ।

ਹੁਣ ਇਸ ਨਾਲ ਰਲਾ ਕੇ ਪੜ੍ਹੋ ਦਸ ਗੁਰੂ ਕਥਾ ਵਿਚ ਵਰਣਨ ਇਸ ਸ਼ਹਿਰ ਦਾ ਜੋ ਕਵੀ ਕੰਕਣ ਨੇ ਅੱਖੀਂ ਡਿੱਠਾ। ਉਸ ਦੱਸਿਆ ਹੈ ਕਿ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਹੀ ਸਾਰਾ ਪ੍ਰਬੰਧ ਵੇਖਦੇ ਤੇ ਚਲਾਂਦੇ ਸਨ। ਉਹ ਸੱਚਾ ਪਾਤਸ਼ਾਹ ਸਨ।[14] ਕਿਉਂ ਨਾ ਸ਼ਹਿਰ ਵਿਚ ਅਨੰਦ ਹੁੰਦਾ ਜਦ ਰਾਜ ਹੀ ਸ੍ਰੀ ਗੁਰੂ ਰਾਮਦਾਸ ਜੀ ਦਾ। ਭਉ ਸਿਰਫ਼ ਪ੍ਰਭੂ ਦਾ ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਸੀ:

ਵਾਹਿਗੁਰੂ ਰਾਮਦਾਸ ਬਿਨਾ ਤਹਿੰ
ਰੈਨ ਦਿਨਾ ਡਰ ਭੂਪ ਕਾ ਨਾ ਹੀ।
ਰਾਜ ਕਰ ਜਹਿ ਆਪ ਗੁਰੂ ਤਹਿੰ,
ਕਿਉਂ ਨ ਅਨੰਦ ਸੋ ਲੋਕ ਬਸਾਹੀ।

ਕੈਸਾ ਸ਼ਾਂਤ ਵਾਤਾਵਰਣ ਸੀ ਕਿ ਕਿਸੇ ਨੂੰ ਕਦੀ ਮੌਤ ਦੀ ਸਜ਼ਾ ਸੁਣਾਈ ਨਹੀਂ ਜਾਂਦੀ।[15]

SikhBookClub.com

ਦੰਡ ਨ ਕਾਹੂੰ ਕੋ ਕਾਲ ਬਿਨਾ ਤਹਿ

ਦਾ ਜ਼ਿਕਰ ਵੀ ਗੁਰੂ ਗਾਥਾ ਵਿਚ ਆਇਆ ਹੈ। ਭਾਈ ਕੇਸਰ ਸਿੰਘ ਨੇ ਬੜੀ ਭਾਵ-ਪੂਰਤ ਗੱਲ ਲਿਖੀ ਹੈ ਕਿ ਸ੍ਰੀ ਅੰਮ੍ਰਿਤਸਰ ਪਹਿਲੀ ਵਾਰੀ ਥਾਣਾ ਕਿਧਰੇ ਸੰਨ 1734 ਵਿਚ ਬਿਠਾਇਆ ਸੀ। ਇਸ ਤੋਂ ਪਹਿਲਾਂ ਨਾ ਕੋਈ ਚੌਂਕੀ ਤੇ ਨਾ ਕੋਈ ਥਾਣਾ ਸੀ। ਅੰਮ੍ਰਿਤਸਰ ਦਾ ਆਪਣਾ ਦਰੋਗਾ ਹੁੰਦਾ ਸੀ, ਜਿਸ ਦੀ ਨਿਯੁਕਤੀ ਉਥੋਂ ਦੇ ਪੰਚ ਕਰਦੇ ਸਨ, ਜਿਨ੍ਹਾਂ ਦੀ ਗਿਣਤੀ 21 ਸੀ। ਬੰਸਾਵਲੀ ਨਾਮੇ ਦੇ ਸ਼ਬਦ ਹਨ:

ਤਬ ਤੁਰਕਾਂ ਬੇਪੀਰਾਂ ਰਾਮਦਾਸ ਪੁਰੇ ਥਾਣਾ ਠਹਿਰਾਇਆ ਵਿਚ ਨਗਰ ਦੇ ਡੇਰਾ ਪਾਇਆ।

ਅੰਮ੍ਰਿਤਸਰ ਦੀ ਮਹਿਮਾ ਗਾਂਦੇ ਇਕ ਹਰੀ ਦਾਸ ਨਾਂ ਦੇ ਕਵੀ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਅੰਮ੍ਰਿਤਸਰ ਨਗਰੀ ਸਵਰਗਾਂ ਤੋਂ ਵੀ ਵੱਡੀ ਤੇ ਭਾਰੀ ਹੈ। ਉਕਤੀ ਦੇਂਦੇ ਉਸ ਲਿਖਿਆ ਹੈ ਕਿ ਜਦ ਛਾਬੇ ਪਾ ਕੇ ਬੈਕੁੰਠ ਤੇ ਸ੍ਰੀ ਅੰਮ੍ਰਿਤਸਰ ਤੋਲੇ ਗਏ ਤਾਂ ਜੋ ਹਲਕਾ ਸੀ, ਹੌਲਾ ਸੀ, ਹਉਰਾ ਸੀ ਉਹ ਤਾਂ ਉੱਤੇ ਚੜ੍ਹ ਗਿਆ ਤੇ ਵਜ਼ਨੀ ਹੇਠਾਂ ਧਰਤੀ 'ਤੇ ਆ ਗਿਆ।

ਅੰਮ੍ਰਿਤਸਰ ਵੈਕੁੰਠ ਕੋ ਤੋਲਿਓ ਹਰੀ ਹਰੀ ਦਾਸ।
ਗੋਰੋ ਹੁਤੋ ਧਰ ਰਹਿਓ ਹੋਰੋਂ ਚੜਿਓ ਅਕਾਸ।

ਇਕ ਹੋਰ ਪ੍ਰਸਿੱਧ ਕਵੀ ਗਵਾਲ ਜਦ ਮਥਰਾ ਤੋਂ ਇਥੇ ਸ੍ਰੀ ਅੰਮ੍ਰਿਤਸਰ ਆਇਆ ਤਾਂ ਇਥੇ ਮੁਕਤੀ-ਜੁਗਤੀ ਭੁਗਤੀ ਅਤੇ ਹਰ ਕਿਸੇ ਨੂੰ ਖੇੜੇ ਵਿਚ ਅਤੇ ਦੀਨ ਦੁਨੀ ਦੇ ਦੋਵੇਂ ਰਸ ਇਕੋ ਥਾਂ ਦੇਖ ਕੇ ਖੀਵਾ ਹੋਇ ਪੁਕਾਰ ਉਠਿਆ ਕਿ ਬੜਾ ਅਸਚਰਜ ਵਾਤਾਵਰਣ ਹੈ। ਇਥੇ ਚਾਹੀਦਾ ਤਾਂ ਇਹ ਹੈ ਕਿ ਮੌਤ ਤੋਂ ਲੋਕੀਂ ਡਰਦੇ, ਚਿੰਤਾ ਵਿਚ ਦਿੱਸਦੇ ਪਰ ਇਥੇ ਤਾਂ ਜਮ ਕਾਲ ਉਦਾਸ ਹੋਏ ਫਿਰਦਾ ਹੈ। ਕੋਈ ਮੌਤ ਤੋਂ ਨਹੀਂ ਡਰਦਾ।

ਹਾਸੀ ਗਈ ਭੂਲ, ਜਮਦੂਤਨ ਉਦਾਸੀ ਭਈ।
ਪਾਪ ਕੀ ਕਲਾਸੀ ਤਾਂ ਤਲਾਸੀ ਕਰੇ ਡਰ ਕੈ।

ਹਰ ਵੇਲੇ ਸ੍ਰੀ ਅੰਮ੍ਰਿਤਸਰ ਧਰਮ ਦੀ ਘਟਾ ਛਾਈ ਰਹਿੰਦੀ ਹੈ ਅਤੇ ਬਾਰਸ਼ ਪੁੰਨ ਦਾਨ ਦੀ ਹੁੰਦੀ ਹੈ ਅਤੇ ਕੋਈ ਦੀਨ ਗਰੀਬ ਦਿਖਾਈ ਨਹੀਂ ਦੇਂਦਾ। ਸੱਚਾਈ ਦੀਆਂ ਉਚਾਈਆਂ ਨੂੰ ਛੋਹਣ ਦੇ ਯਤਨਾਂ ਵਿਚ ਸਾਰੇ ਰੁਝੇ ਹੋਏ ਹਨ।

'ਸਤਿ ਕੀ ਅਟਾਸੀ ਜਹਾ, ਧਰਮ ਦੀ ਘਟਾ ਸੀ।
ਦਾਨ ਪੁੰਨ ਕੀ ਛਟਾ ਸੀ, ਸ਼ੋਕ ਨਾਸੀ ਦੀਨ ਤਰਕੇ।

ਉਥੇ ਰੋਜ਼ ਸਵੇਰੇ ਕੀਰਤਨ ਦੀਆਂ ਧੁਨਾਂ ਉਠਦੀਆਂ ਸਨ ਜੋ ਵੇਦ ਦੀਆਂ ਧੁਨਾਂ ਨੂੰ ਮਾਤ ਪਾ ਦੇਂਦੀਆਂ ਹਨ। ਮਾਇਆ ਹਰ ਇਕ ਦੇ ਪੈਰ ਝਸਦੀ ਦਿਖਾਈ ਦੇਂਦੀ ਹੈ। ਹੁਣ ਛੱਡ ਮਨਾਂ ਕੀ ਜਾਣਾ ਹੀ ਕਾਂਸੀ ਜਾ ਕੇ। ਇਹੋ ਹੀ ਬੇਨਤੀ ਹੈ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਕੀ ਇਥੋਂ ਦਾ ਹੀ ਵਾਸੀ ਬਣਾ ਲੈ।

ਗਵਾਲ ਕਵਿ ਖਾਸੀ, ਧਨਿ ਵੇਦ ਕੀ ਪ੍ਰਕਾਸ਼ੀ,
ਮਹਾ ਨਾਰੀ ਕਮਲਾ ਸੀ ਭਾਸੀ, ਮੈਂ ਨ ਰੂਪ ਕਰਕੇ।

SikhBookClub.com

ਕਾਂਸੀ ਕੀ ਨ ਚਾਹ ਅਬਿਨਾਸੀ, ਹੈ ਗਵਾਸੀ ਭਏ ਦਾਸੀ,
ਕਰ ਰਾਖੈ ਮੁਕਤਿ ਬਾਸੀ ਸੁਧਾਸਰ ਕੈ।

ਫਿਰ ਗਵਾਲ ਜੀ ਨੇ ਸੁਰਪੁਰੀ ਤੇ ਅੰਮ੍ਰਿਤਸਰ ਦਾ ਟਾਕਰਾ ਕਰਦੇ ਕਿਹਾ ਕਿ ਉਥੇ ਰਾਜੇਵਸ਼ਰ ਹੋਣਗੇ, ਪਰ ਇਥੇ ਸਾਧੂ ਐਸੇ ਹਨ ਜੋ ਰਾਜੇ ਸਮਾਨ ਹਨ। ਉਥੇ ਅੰਮ੍ਰਿਤ ਹੈ, ਪਰ ਮਿਲਦਾ ਬੜੀ ਕੋਸ਼ਿਸ਼ ਬਾਅਦ। ਇਥੇ ਅੰਮ੍ਰਿਤ ਹਰ ਸਮੇਂ ਮਿਲਦਾ ਹੈ। ਉਥੋਂ ਦਾ ਅੰਮ੍ਰਿਤ ਪੀ ਕੇ ਆਖਦੇ ਹਨ ਕਿ ਅਮਰ ਹੋ ਜਾਈਦਾ ਹੈ, ਪਰ ਮਿਲਦਾ ਹੈ ਮੌਤ ਪਿਛੋਂ। ਪਰ ਇਥੋਂ ਦੀ ਵਡਿਆਈ ਦੇਖੋ ਕਿ ਜੀਵਨ ਮੁਕਤੀ ਮਿਲਦੀ ਹੈ। ਉਥੇ ਕੇਵਲ ਯੋਗ ਦਾ ਰਸ ਮਿਲਦਾ ਹੈ, ਇਥੇ ਦੀਨ ਦੁਨੀ, ਰਾਜ-ਜੋਗ, ਜੋਗ-ਭੋਗ ਦੇ ਦੋਵੇਂ ਰਸ ਮਿਲਦੇ ਹਨ।। ਉਥੇ ਸੁਣਿਆ ਹੈ ਕਿ ਹਰਿਮੰਦਰ ਹੈ, ਪਰ ਇਥੇ ਤਾਂ ਨਾਲ ਗੁਰੂ ਹਰਿਮੰਦਰ ਦੇ ਵੀ ਦਰਸ਼ਨ ਹੁੰਦੇ ਹਨ। ਸੋ ਇਹ ਨਗਰੀ ਸੁਰ ਪੁਰੀ ਤੋਂ ਵੱਧ ਮਹੱਤਤਾ ਵਾਲੀ ਹੈ:

ਰਾਜੈਸ਼ਵਰ ਹਵਾ ਤੋਂ ਈਹਾਂ ਸਾਂਧ ਸੁਰ ਯੁਤ ਸਾਜੈ,
ਹੁਯਾ ਹੈ ਸੁਧਾ, ਈਹਾਂ ਸੁਧਾ ਹਰ ਕੋ ਦਰਸ ਹੈ।
ਪਾਠ ਕੀਏ ਵਾਂ ਕੇ, ਹੋਤ ਅਮਰ ਸਮ੍ਰਿਤ,
ਹੈ ਕੇ ਜੀਵਨ ਮੁਕਤ, ਯਹ ਸਭ ਕੋ ਪਰਸ ਹੈ।
ਗਵਾਲ ਕਵੀ ਯੋਗਨ ਕੋ ਦੁਰਲਭ ਮਹਾਂ ਹੈ ਵਹੁ,
ਯੋਗੀ ਭੋਗੀ ਦੁਹੂਅਨ ਕੋ ਹੋਤ ਈਹਾਂ ਰਸ ਹੈ।
ਹੁਵਾ ਹੈ ਹਰਿਮੰਦਰ ਈਹਾਂ ਹਰਿ-ਗੁਰ-ਮੰਦਰ ਹੈ,
ਯਾ ਤੇ ਗੁਰੂ ਪੁਰ, ਸੁਰ ਪੁਰ ਤੇ ਸਰਸ ਹੈ।

ਜਦੋਂ ਹਰਿਮੰਦਰ ਗੁਰੂ ਸਾਹਿਬ[16] ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕੀਤਾ ਤਾਂ ਫ਼ੁਰਮਾਇਆ ਸੀ—'ਅੰਮ੍ਰਿਤਸਰ ਮਾਨ ਸਰੋਵਰ ਕੀਤਾ ਹੈ ਅਤੇ ਹਰਿਮੰਦਰ ਜੀ ਜਹਾਜ਼ ਬਣਾਇਆ।'

ਭਾਈ ਨੰਦ ਲਾਲ ਜੀ ਨੇ ਬਹੁਤ ਸੋਹਣਾ ਕਿਹਾ ਹੈ। ਇਥੇ ਤਾਂ ਅਠਾਹਠ ਤੀਰਥ ਹੀ ਸੇਵਕ ਬਣੇ ਦਿੱਸਦੇ ਹਨ।[17] ਕੀ ਕਮਾਲ ਨਹੀਂ ਕਿ ਅੰਮ੍ਰਿਤਸਰ ਦੇ ਸਰੋਵਰ ਵਿਚ ਕਦੇ ਡੱਡੂ ਬੋਲੇ ਨਹੀਂ ਤੇ ਬਗਲੇ ਕਦੇ ਕਿਸੇ ਡਿੱਠੇ ਨਹੀਂ। ਦਰਬਾਰ ਸਾਹਿਬ ਹੁਸੜ ਕਦੇ ਹੋਇਆ ਨਹੀਂ ਅਤੇ ਪਾਲਾ ਕਦੇ ਲੱਗਾ ਨਹੀਂ।

ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਕਿ ਕਿਸੇ ਪ੍ਰਤੱਖ ਸਵਰਗੀ ਨਜ਼ਾਰੇ ਦੇਖਣੇ ਹੋਣ ਤਾਂ ਅੰਮ੍ਰਿਤਸਰ ਆਵੇ।

ਜੀਵਨ ਬੈਕੁੰਠ ਜਿਸ ਦੇਖਨੋ ਸੋ ਦੇਖਣ ਆਇ,
ਸੁਧਾ ਸਰ ਬੀਚ ਝੁਲੇ ਅੰਮ੍ਰਿਤ ਤਰੰਗ ਤੇ।

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਸੋਹਣਾ ਕਿਹਾ ਹੈ:

"ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿੱਤਾ ਹੈ ਇਥੇ ਅਤੇ ਦ੍ਰਿਸ਼ਟਮਾਨ ਨੂੰ ਸੁਪਨ ਦੇ ਰੰਗ ਦੇ ਕੇ ਅਦ੍ਰਿਸ਼ਟ ਵਤ ਕਰ ਦਿੱਤਾ ਹੈ। ਜਗਤ ਭਰ ਲਈ ਇਕ ਖਿੱਟੀ ਚਮਕਦੀ ਨੂਰ ਦੀ ਖਿੱਟੀ ਬਣਾ ਕੇ ਧਰੀ ਹੈ। ਇਹ 'ਹਰਨਾਮ' ਬਣਾ ਕਿਸ ਤਰ੍ਹਾਂ ਸਾਡੀ ਸੁਰਤਿ ਵਿਚੋਂ ਅਤੇ ਸਾਡੀ ਸੁਰਤਿ ਇਸ ਵਿਚੋਂ ਲੰਘਾਈ ਹੈ।"

ਭਾਈ ਵੀਰ ਸਿੰਘ ਨੇ ਵੀ ਖੂਬ ਲਿਖਿਆ ਹੈ ਕਿ ਕਦੇ ਸਿਮਰਨ ਦੀ ਤੰਦ ਟੁੱਟ ਜਾਏ ਤਾਂ ਇਥੇ

SikhBookClub.com

ਪੁੱਜਦੇ ਸਾਰ ਉਹ ਰੌਂ ਫਿਰ ਚਲ ਪੈਂਦੀ ਹੈ ਤੇ ਡੋਰੀ ਸਹਿ ਨਾਲ ਲੱਗ ਜਾਂਦੀ ਹੈ।

ਟੁਟੀ ਡੋਰ ਜਿ ਦੁਆਰਾ ਤੇਰ ਆਂਵਦਾ।
ਲਹਿਰ ਫਿਰੇ ਇਕ ਵਾਰ ਰੌਂ ਮੁੜ ਧਾਂਵਦਾ।

ਸ੍ਰੀ ਅੰਮ੍ਰਿਤਸਰ ਨੂੰ ਇਸ ਲਈ ਸਿੱਖ ਕੌਮ ਦੀ ਰਾਜਧਾਨੀ ਕਿਹਾ ਹੈ।

ਲਤੀਫ਼ ਦਾ ਕਹਿਣਾ ਹੈ ਕਿ ਸ੍ਰੀ ਅੰਮ੍ਰਿਤਸਰ ਨੂੰ ਕੇਂਦਰੀ ਅਸਥਾਨ 'ਤੇ ਉਸਾਰ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਦੀ ਕੌਮ ਤੇ ਭਾਵੀ ਵਡਿਆਈ ਦੀ ਨੀਂਹ ਰੱਖ ਦਿੱਤੀ ਕਿਉਂਕਿ ਉਹ ਹੁਣ ਇਕ ਸਾਂਝ ਇਸ਼ਟ ਵਾਲੀ ਥਾਂ 'ਤੇ ਮਿਲ ਸਕਦੇ ਸਨ।

ਡਾਕਟਰ ਰੈਨਾ ਨੇ ਠੀਕ ਲਿਖਿਆ ਹੈ ਕਿ ਦੋ ਹੀ ਚੀਜ਼ਾਂ ਕੌਮ ਬਣਾਉਂਦੀਆਂ ਹਨ। ਇਕ ਸਾਂਝਾ ਕੌਮੀ ਵਿਰਸਾ ਤੇ ਦੂਜਾ ਇਕ ਥਾਵੇਂ ਜੁੜ ਬੈਠਣ ਦੀ ਖਾਹਿਸ਼।[18]

ਇਹ ਦੋਵੇਂ ਚੀਜ਼ਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਪ੍ਰਦਾਨ ਕੀਤੀਆਂ। ਅੰਮ੍ਰਿਤਸਰ ਤਾਂ ਸਿੱਖਾਂ ਦਾ ਹਾਵ-ਭਾਵ ਦਾ ਹੀ ਸ਼ੀਸ਼ਾ ਬਣ ਗਿਆ। ਜਹਾਂ ਜਹਾਂ ਗੁਰ ਖ਼ਾਲਸਾ ਜੀ ਸਾਹਿਬ ਹੈ, ਉਹ ਦੋ ਵਾਰੀ ਨਹੀਂ' ਤਾਂ ਇਕ ਵਾਰੀ ਰੋਜ਼ ਸਾਡੇ ਕੌਮੀ ਵਿਰਸੇ ਨੂੰ ਅਰਦਾਸ ਵਿਚ ਆਪਣੇ ਇਸ਼ਟ ਸਾਹਮਣੇ ਦੁਹਰਾਉਂਦਾ ਹੈ ਅਤੇ ਖਾਹਿਸ਼ ਦੇ ਰੂਪ ਵਿਚ 'ਅੰਮ੍ਰਿਤਸਰ ਜੀ ਦੇ ਇਸ਼ਨਾਨ' ਦੀ ਲਾਲਸਾ ਕਰਦਾ ਹੈ।

ਕਿਤਨਾ ਪਿਆਰ ਉਪਜ ਪਿਆ ਸੀ ਸਿੱਖ ਕੌਮ ਦਾ ਸ੍ਰੀ ਅੰਮ੍ਰਿਤਸਰ ਪ੍ਰਤੀ ਕਿ ਉਸ ਦੀਆਂ ਅਨੇਕਾਂ ਮਿਸਾਲਾਂ ਇਤਿਹਾਸ ਸਾਂਭੀ ਬੈਠਾ ਹੈ। ਮੈਲਕਮ 'ਦੀ ਸਿੱਖ ਸਕੈਚ' ਵਿਚ ਕਹਿੰਦਾ ਹੈ ਕਿ ਕਈ ਸ਼ਹੀਦ ਕਰ ਦਿੱਤੇ ਜਾਂਦੇ, ਕਈ ਪਕੜ ਬੰਦੀ ਵਿਚ ਪਾ ਦਿੱਤੇ ਜਾਂਦੇ, ਪਰ ਕਦੇ ਕਿਸੇ ਨਹੀਂ ਸੁਣਿਆ, ਕਿਸੇ ਧਰਮ ਹਾਰਿਆ ਹੋਵੇ, ਜਦ ਉਹ ਸ੍ਰੀ ਅੰਮ੍ਰਿਤਸਰ ਦੇ ਪਾਵਨ ਅਸਥਾਨ ਵਲ ਟੁਰ ਪੈਂਦੇ। ਫਿਰ ਹੋਰ ਵਾਧਾ ਇਹ ਕਿ ਸਤਿਕਾਰ ਇਤਨਾ ਇਸ ਪਾਵਨ ਅਸਥਾਨ ਦਾ ਕਿ ਜਦ ਸਰਦਾਰ ਭਲੇ ਜਾਂ ਭੀੜ ਸਮੇਂ ਕਿਸੇ ਮੁਤਬਰਕ ਦਿਹਾੜੇ ਮਿਲਦੇ ਤਾਂ ਆਪਣੀਆਂ ਜ਼ਾਤੀ ਰੰਜਸ਼ਾਂ ਛੱਡ ਦੇਂਦੇ ਅਤੇ ਹਰ ਕੋਈ ਆਪਣੇ ਨਿੱਜੀ ਵਿਚਾਰ ਦੀ ਪਾਵਨ ਅਸਥਾਨ ਤੇ ਵਤਨ ਪ੍ਰਸਤੀ ਦੇ ਨਿਰਮਲ ਵਿਚਾਰ ਹਿੱਤ, ਸਾਂਝ ਭਲੇ ਵਾਸਤੇ ਭੇਟ ਚੜ੍ਹਾ ਦਿੰਦਾ। ਉਹ ਹੋਰ ਕੁਝ ਨਾ ਸੋਚਦਾ ਸਿਵਾਏ ਧਰਮ ਦੇ ਜੈਕਾਰ ਤੇ ਖ਼ਾਲਸ ਦੇ ਬੋਲ-ਬਾਲੇ ਲਈ ਉਥੇ ਬਰਾਬਰੀ ਏਕੇ ਤੇ ਜ਼ਿੰਮੇਵਾਰੀ ਦੇ ਨਜ਼ਾਰੇ ਦੇਖੇ ਜਾ ਸਕਦੇ ਹਨ।

'ਸਭ ਤੋਂ ਵਾਧਾ ਇਹ ਕਿ ਜੋ ਗੁਰਮਤਾ ਸ੍ਰੀ ਅਕਾਲ ਤਖ਼ਤ ਹੋ ਜਾਂਦਾ, ਸਿੱਖ ਜਾਨ ਦੀ ਬਾਜ਼ੀ ਲਗਾ ਕੇ ਵੀ ਨਿਭਾਂਦੇ ਕਿਉਂਕਿ ਉਹ ਸਮਝਦੇ ਸਨ ਕਿ ਜੋ ਗੁਰਮਤਾ ਹੋਇਆ ਹੈ ਉਸ ਨੂੰ ਗੁਰੂ ਪਾਤਸ਼ਾਹ ਦੀ ਰੂਹਾਨੀ ਪੁਸ਼ਟੀ ਸਮਝਦੇ ਹਨ।[19]

ਅੰਮ੍ਰਿਤਸਰ ਦੇ ਸਰੋਵਰ ਨੂੰ 18ਵੀਂ ਸਦੀ ਵਿਚ ਪੂਰਨ ਦੀ ਵੀ ਕੋਸ਼ਿਸ਼ ਹੋਈ, ਪਰ ਸਿੱਖ ਜਾਨਾਂ ਵਾਰ ਇਸ ਦੀ ਹੋਂਦ ਕਾਇਮ ਰੱਖਦੇ ਰਹੇ। ਅੰਮ੍ਰਿਤਸਰ ਇਤਨਾ ਵੱਡਾ ਸ਼ਹਿਰ ਬਣ ਗਿਆ ਸੀ ਕਿ 19ਵੀਂ ਸਦੀ ਦੇ ਪਹਿਲੇ ਅੱਧ ਜਦ ਐਮਲੀ ਈਡਨ ਉਥੇ ਆਈ ਤਾਂ ਉਸ ਆਪ ਦੀ ਕੰਟਰੀ ਵਿਚ ਲਿਖਿਆ ਹੈ ਕਿ ਲਾਹੌਰ ਨੂੰ ਮਸੂਲ ਚੁੰਗੀ ਤੋਂ ਆਮਦਨ 50 ਹਜ਼ਾਰ ਹੈ ਤੇ ਅੰਮ੍ਰਿਤਸਰ ਦੀ 9 ਲੱਖ।

ਅੰਮ੍ਰਿਤਸਰ ਵਿਚ ਰਹਿਣ ਵਾਲਿਆਂ ਦਾ ਸੁਤੰਤਰ ਸੁਭਾਅ ਕਿਤਨਾ ਕੁ ਹੋ ਜਾਂਦਾ ਸੀ। ਉਸ ਦੀਆਂ ਵੀ ਉਦਾਹਰਣਾਂ ਸਿੱਖ ਇਤਿਹਾਸ ਵਿਚ ਦਿੱਤੀਆਂ ਹਨ। ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਜੋ ਸ੍ਰੀ ਦਰਬਾਰ ਸਾਹਿਬ ਦੀ ਪ੍ਰਬੰਧਕ ਕਮੇਟੀ ਹੁੰਦੀ ਸੀ, ਉਹ ਹੀ ਸ੍ਰੀ ਅੰਮ੍ਰਿਤਸਰ ਦੀ

SikhBookClub.com

ਮਿਊਂਸੀਪਲ ਕਮੇਟੀ।[20] ਇਹ ਤਾਂ ਜਦ ਰਾਜ ਹੀ ਜਾਂਦਾ ਰਿਹਾ, ਸਭ ਕੁਝ ਵਿਚੇ ਰੁਲ ਖੁਲ ਗਿਆ ਪਰ ਜਦ ਅੰਗਰੇਜ਼ਾਂ ਦੀ ਦਸਤੂਰੁਲ ਅਮਲ ਬਣਾਇਆ ਉਸ ਵਿਚ ਸਾਫ਼ ਮੰਨਿਆ:

'ਮਾਲਕ ਇਸ ਅਸਥਾਨ ਦੇ ਸ੍ਰੀ ਗੁਰੂ ਮਹਾਰਾਜ ਜੀ ਆਪ ਹਨ। ਕਿਸੇ ਇਕ ਦੀ ਮਾਲਕੀ ਨਹੀਂ ਹੈ ਤੇ ਦਾਵਾ ਸੇਵਕੀ ਦਾ ਸਰਬਤ ਖ਼ਾਲਸਾ ਜੀ ਅਤੇ ਸਾਧ ਸੰਗਤ ਨੂੰ ਇਕੋ ਜਿਹਾ ਹੈ।'

ਬਾਬਾ ਬੁੱਢਾ ਜੀ ਅਤੇ ਪਿਛੋਂ ਜਾਨਸ਼ੀਨਾਂ ਨੇ ਵੀ ਇਹ ਅਸੂਲ ਬਣਾ ਲਿਆ ਸੀ ਕਿ ਜੋ ਭੇਟਾ, ਚੜ੍ਹਾਵੇ ਆਉਣ ਉਹ ਲੰਗਰ ਤੇ ਹੋਰ ਸੇਵਾ ਕੰਮ ਵਿਚ ਲਾ ਦੇਣੇ ਅਤੇ ਆਪ ਹੱਥੀਂ ਕਿਰਤ ਕਰਕੇ ਨਿਰਬਾਹ ਕਰਨਾ।

ਪੂਜਾ ਦਾ ਧਾਨ ਉੱਕਾ ਨਾ ਵਰਤਣਾ। ਮਨ ਨੂੰ ਵੱਸ ਰੱਖਣ ਵਾਸਤੇ ਸਾਰਾ ਸਮਾਂ ਭਜਨ, ਕੀਰਤਨ ਤੇ ਸੇਵਾ ਵਿਚ ਬਿਤਾਣਾ। ਉਹਨਾਂ ਦੇ ਮਗਰੋਂ ਸਿੱਖ ਰਾਜ ਤਕ ਵੀ ਇਥੋਂ ਦੀ ਸੇਵਾ ਇਸੇ ਅਸੂਲ 'ਤੇ ਹੁੰਦੀ।

ਇਹ ਇਤਿਹਾਸ ਦੇ ਪੰਨਿਆਂ ਤੋਂ ਜ਼ਾਹਰ ਹੈ ਕਿ ਧਾਰਮਿਕ ਮੁਖੀਏ, ਗਿਆਨੀ ਤੇ ਗ੍ਰੰਥੀ ਪੂਜਾ ਭੇਟਾ ਤੇ ਜਾਗੀਰਾਂ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰਦੇ ਰਹੇ। ਭਾਈ ਲੱਖਾ ਸਿੰਘ ਜੀ ਨੂੰ ਸੰਨ 1764 ਵਿਚ ਅਮਰ ਸਿੰਘ ਥਾਪਾ ਨੇ ਸੁਜਾਣ ਪੁਰ ਪਰਗਣੇ ਦੀ ਜ਼ਮੀਨ ਪੇਸ਼ ਕੀਤੀ ਸੀ, ਉਹਨਾਂ ਨੇ ਨਾ-ਮਨਜ਼ੂਰ ਕਰ ਦਿੱਤੀ। ਭਾਈ ਭਗਤ ਸਿੰਘ ਜੀ ਨੂੰ ਸਰਦਾਰ ਸਦਾ ਸਿੰਘ ਜੀ ਦੀ ਨਕਈ ਮਿਸਲ ਵਾਲਿਆਂ ਸੱਤ ਪਿੰਡਾਂ ਦੀ ਜਾਗੀਰ ਪੇਸ਼ ਕੀਤੀ, ਉਹਨਾਂ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਭਾਈ ਸੂਬਾ ਸਿੰਘ ਜੀ ਨੂੰ ਮੀਰ ਪੁਰ ਪਰਗਣੇ ਦੀ ਜਾਗੀਰ ਸਰਦਾਰ ਗੁਜਰ ਸਿੰਘ ਗੁਜਰਾਤ ਵਾਲਿਆਂ ਨੇ ਭੇਟ ਕੀਤੀ, ਉਹਨਾਂ ਠੁਕਰਾ ਦਿੱਤੀ।

ਪੰਡਤ ਨਿਹਾਲ ਸਿੰਘ ਜੀ ਜੋ ਬੜੇ ਪ੍ਰਸਿੱਧ ਵਿਦਵਾਨ ਤੇ ਗਿਆਨੀ ਹੋਏ ਹਨ, ਜਿਨ੍ਹਾਂ ਜਪੁ ਸਾਹਿਬ ਦਾ ਸੰਸਕ੍ਰਿਤ ਭਾਸ਼ਾ ਵਿਚ 'ਗੂਢਾਰਥ ਦੀਪਕਾ' ਟੀਕਾ ਲਿਖਿਆ ਸੀ, ਉਹਨਾਂ ਦੀ ਕਰਨੀ ਤੋਂ ਪ੍ਰਸੰਨ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਸੰਤੋਖ ਦਾਸ ਦੇ ਅਖਾੜੇ ਕੋਲ ਬਹੁਤ ਸਾਰੀ ਜ਼ਮੀਨ ਪੰਡਤ ਜੀ ਦੇ ਨਾਂ ਲਿੱਖ ਦਿੱਤੀ ਅਤੇ ਪਟਾ ਲਿਖ ਕੇ ਦਿੱਤਾ ਤਾਂ ਮਹਾਰਾਜੇ ਦੇ ਸਾਹਮਣੇ ਹੀ ਪੰਡਤ ਜੀ ਨੇ ਪਟੇ ਦਾ ਕਾਗ਼ਜ਼ ਪਾੜ ਸੁਟਿਆ ਤੇ ਅਗੋਂ ਵਾਸਤੇ ਮਹਾਰਾਜੇ ਦੇ ਮੂੰਹ ਲਗਣੋਂ ਵੀ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਭਾਈ ਦਰਗਾਹ ਸਿੰਘ, ਭਾਈ ਜੈ ਸਿੰਘ, ਠਾਕੁਰ ਦਿਆਲ ਸਿੰਘ, ਭਾਈ ਪ੍ਰਦੁਮਣ ਸਿੰਘ ਜੀ ਆਦਿ ਦੀਆਂ ਉਦਾਹਰਣਾਂ ਹਨ।

ਇਕ ਹੋਰ ਪ੍ਰਸਿੱਧ ਮਿਸਾਲ ਭਾਈ ਪ੍ਰੇਮ ਸਿੰਘ ਜੀ ਲੌਂਗੋਵਾਲ ਦੀ ਹੈ। ਸਰਕਾਰ ਅੰਗਰੇਜ਼ੀ ਨੇ ਉਹਨਾਂ ਨੂੰ ਇਕ ਪਿੰਡ ਦੇਣਾ ਚਾਹਿਆ ਤਾਂ ਭਾਈ ਜੀ ਨੇ ਉੱਤਰ ਭੇਜਿਆ:

''ਟੋਪੀ ਵਾਲੇ ਦਾ ਦਿੱਤਾ ਹੋਇਆ ਨਹੀਂ ਲੈਣਾ, ਨਾ ਹੀ ਸਲਾਮ ਕਰਾਂਗੇ ਅਤੇ ਨਾ ਹੀ ਤਾਬਿਆਦਾਰੀ ਉਠਾਵਾਂਗੇ।''

ਅਕਾਲੀ ਲਹਿਰ ਦਾ ਮੁੱਢ ਵੀ ਇਥੋਂ ਹੀ ਬੱਝਾ ਤੇ ਗੁਰਦੁਆਰੇ ਫਿਰ ਸਰਬੱਤ ਖ਼ਾਲਸਾ ਜੀ ਦੇ ਪ੍ਰਬੰਧ ਹੇਠ ਆਏ। ਗੱਲ ਕੀ, ਗੁਰੂ-ਪੰਥ ਦਾ ਸਭ ਕੁਝ ਇਸ ਅੰਮ੍ਰਿਤਸਰ ਦੁਆਲੇ ਘੁੰਮ ਰਿਹਾ ਹੈ ਅਤੇ ਇਹ ਚੋਣ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਹੈ।

(10/1982)

SikhBookClub.com

ਹਵਾਲੇ ਅਤੇ ਟਿੱਪਣੀਆਂ

1. **ਹਿਸਟਰੀ ਆਫ਼ ਦੀ ਪੰਜਾਬ**, ਪੰਨਾ 247.
2. **ਮਹਿਮਾ ਪ੍ਰਕਾਸ਼**, ਸਾਖੀ ਪਾਤਸ਼ਾਹੀ ਪੰਜਵੇਂ ਕੀ।
3. ਇਹ ਨਿਰਮੂਲ ਹੈ ਕਿ ਅੰਮ੍ਰਿਤਸਰ ਉਸ ਥਾਂ ਵੱਸਿਆ ਜੋ ਜ਼ਮੀਨ ਅਕਬਰ ਨੇ ਦਿੱਤੀ ਸੀ। ਉਹ ਝਬਾਲ ਵਿਚ ਸੀ ਤੇ ਗੁਰੂ ਜੀ ਨੇ ਕਦੇ ਵਰਤੋਂ ਵਿਚ ਨਹੀਂ ਲਿਆਂਦੀ। ਸ਼ਾਹ ਜਹਾਨ ਨੇ ਜਾਗੀਰ ਵਾਲੀ ਜ਼ਮੀਨ ਵਾਪਸ ਲੈਣ ਦਾ ਹੁਕਮ ਕੀਤਾ।
4. ਚਕ ਤੇ ਪੂਰਬ ਕੀ ਦਸ਼ਾ ਲਹਯੂ। ਨੰਮ੍ਰ ਸਥਾਨ ਨੀਰ ਸਿਮਟਾਵੇ।
   ਬਦਰੀ ਤਰ ਸਮੁਦਾਇ ਦਿਸਾਵੈ। ਤਹਾਂ ਜਾਇ ਅਬ ਤਾਲ ਖਨਾਯੋ।
   (ਰਾਸ ਦੂਜੀ, ਅੰਸ 13)
5. ਰਾਸ ਦੂਜੀ, ਅੰਸ 13.
6. ਸਦੇ ਖੱਤਰੀ ਬਚਨ ਇਹ ਉਚਾਰਿਆ,
   ਇਹ ਤੀਰਥ ਹਵਾਲੇ ਤੁਸਾਡੇ ਕਰਾਇਆ।
   ਤੁਸੀਂ ਹੋ ਅਸਾਡੇ, ਅਸਾਂ ਤੁਸਾਂ ਨੂੰ ਆਂਦਾ ਹੈ ਆਪ।
   ਤੀਰਥ ਹੈ ਹਵਾਲੇ ਤੁਹਾਡੇ, ਇਥੇ ਕੋਈ ਬਹਾਲੋ ਥਾਪ। *(ਬੰਸਾਵਲੀ ਨਾਮਾ, ਚਰਨ ਚੌਥਾ)*
7. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ ੭੯੩.
8. ਕਹੁ ਨਾਨਕ ਸਤਿਗੁਰ ਬਲਿਹਾਰੀ...
9. ਘਰ ਮੰਦਰ ਹਟ ਨਾਲੇ ਸੋਹੇ, ਜਿਸ ਵਿਚ ਨਾਮ ਨਿਵਾਸੀ ਰਾਮ॥
10. ਅਨਹਦ ਝੁਨਕਾਰੇ ਤਤ ਬੀਚਾਰੇ, ਸੰਤ ਗੋਸ਼ਟਿ ਨਿਤ ਹੋਵੈ॥
11. ਪੰਨਾ ੪੩੦.
12. ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
    ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥
    (ਪੰਨਾ ੩੪੫)
13. ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
    ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥
    ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
    (ਪੰਨਾ ੩੪੫)
14. ਕਨਿੰਘਮ ਨੇ ਵੀ ਲਿਖਿਆ ਹੈ ਕਿ: ਸੱਚਾ ਪਾਤਸ਼ਾਹ ਪਹਿਲੀ ਵਾਰੀ ਗੁਰੂ ਰਾਮਦਾਸ ਜੀ ਨੂੰ ਹੀ ਕਿਹਾ ਗਿਆ ਸੀ ਭਾਵੇਂ ਉਹ ਇਸ ਦੇ ਟਾਕਰੇ 'ਤੇ ਸੀ ਕਿ ਦੁਨਿਆਵੀ ਪਾਤਸ਼ਾਹ ਦਾ ਰਾਜ ਦਿੱਸਦੀ ਹੱਦ ਤਕ ਹੈ ਪਰ ਸੱਚਾ ਪਾਤਸ਼ਾਹ ਦਰਗਾਹ ਤਕ ਅਗਵਾਈ ਕਰਨ ਅਤੇ ਉਸ ਦਾ ਅਮਰ ਆਤਮਾ 'ਤੇ ਪੂਰਾ ਅਧਿਕਾਰ ਹੈ।
15. ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸੇ ਆਸ਼ੇ ਨੂੰ ਮੁੱਖ ਰੱਖ ਆਪਣੇ ਚਾਲੀ ਸਾਲ ਦੇ ਰਾਜ ਵਿਚ ਕਿਸੇ ਨੂੰ ਸਜ਼ਾਇ ਮੌਤ ਨਾ ਦਿੱਤੀ। ਇਹ ਯਾਦ ਰਹੇ ਕਿ ਉਸ ਸਮੇਂ ਇੰਗਲੈਂਡ ਵਿਚ ਤਕਰੀਬਨ 137 ਜੁਰਮਾਂ ਦੀ ਸਜ਼ਾ ਮੌਤ ਸੀ।

SikhBookClub.com

16. ਹਰਿਮੰਦਰ ਸਾਹਿਬ ਦੀ ਮਹਿਮਾ ਲਈ ਮੇਰੀ ਰਚਿਤ ਪੁਸਤਕ, 'ਪਰਤੱਖ ਹਰਿ' ਦਾ ਅਧਿਆਇ 'ਹਰਿਮੰਦਰ ਸਤਿਗੁਰ ਸਾਜਿਆ' ਦੇਖੋ।
17. ਚਿਹ ਗੰਗਾ ਮੁਕਾਬਲ-ਥ-ਅੰਮ੍ਰਿਤਸਰਜ਼
ਕਿ ਹਰ ਸਮਤੋ ਹਸ਼ਤ ਆਮਦਹ ਚਾਰਦਸ਼।
18. ਡੀਜ਼ਾਇਰ ਟੂ ਲਿਵ ਟੂਗੈਦਰ।
19. ਪੰਨਾ 115, ਮੈਲਕਮ।
20. ਰਿਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ 90-91.

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਤੇ ਸਿੱਖ ਪੰਥ ਦੀ ਉਸਾਰੀ

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥

(ਪੰਨਾ ੯੬੮)

ਸਿੱਖ ਕੌਮ ਦੇ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਉਦਰ ਤੋਂ 26 ਅੱਸੂ (ਕੱਤਕ ਵਦੀ 2) ਸੰਮਤ 1591 (ਸੰਨ 1534 ਈ.) ਨੂੰ ਲਾਹੌਰ ਚੂਨੀ ਮੰਡੀ ਵਿਚ ਹੋਇਆ।[1]

ਮੈਕਾਲਫ ਲਿਖਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਬਚਪਨ ਤੋਂ ਹੀ ਧਾਰਮਿਕ ਬਿਰਤੀ ਵਾਲੇ ਸਨ ਅਤੇ ਸਾਧੂ ਸੰਤਾਂ ਦੀ ਸੰਗਤ ਦੇ ਚਾਹਵਾਨ ਸਨ।[2] ਕਿਹਾ ਜਾਂਦਾ ਹੈ ਕਿ ਛੋਟੀ ਉਮਰ ਵਿਚ ਹੀ ਸ੍ਰੀ (ਗੁਰੂ) ਰਾਮਦਾਸ ਜੀ ਸੰਤਾਂ ਦੀ ਸੰਗਤ ਨਾਲ ਗੋਇੰਦਵਾਲ ਪੁੱਜ ਗਏ ਸਨ ਅਤੇ ਬਿਨਾਂ ਕਿਸੇ ਹਿਚਕਚਾਹਟ 'ਨਿਮਾਣਿਆਂ ਦੇ ਮਾਣ' ਗੁਰੂ ਅਮਰਦਾਸ ਜੀ ਦੇ ਜਾ ਪੈਰੀਂ ਪਏ ਸਨ। ਆਪ ਜੀ ਨੇ 1553 ਈ. ਤੋਂ 1574 ਈ. ਤੱਕ ਦੇ ਸਮੇਂ ਵਿਚ ਗੁਰ-ਭਗਤੀ, ਸੇਵਾ-ਭਗਤੀ ਅਤੇ ਨਾਮ-ਭਗਤੀ ਦੇ ਨਾਲ ਆਪਣੀ ਪ੍ਰਤਿਭਾ ਨੂੰ ਮਾਂਜ ਲਿਸ਼ਕਾ ਕੇ ਆਪਣੇ ਜੀਵਨ ਨੂੰ:

ਭਲਕੇ ਉਠਿ ਹਰਿ ਨਾਮੁ ਧਿਆਵੈ॥...
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥...
ਹਰਿ ਹਰਿ ਜਪੁ ਜਾਪੈ...
ਚੜੈ ਦਿਵਸੁ ਗੁਰਬਾਣੀ ਗਾਵੈ॥

(ਪੰਨਾ ੩੦੫)

ਦੇ ਜ਼ਬਤ ਵਿਚ ਢਾਲਿਆ। ਭਾਈ ਜੇਠਾ ਜੀ ਦੀ ਸੇਵਾ-ਭਾਵਨਾ ਤੇ ਆਚਰਣ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਛੋਟੀ ਬੇਟੀ ਬੀਬੀ ਭਾਨੀ ਜੀ ਦੀ ਸ਼ਾਦੀ ਇਨ੍ਹਾਂ ਨਾਲ ਕਰ ਦਿੱਤੀ। ਬੀਬੀ ਭਾਨੀ ਜੀ ਵੀ ਤਨੋਂ ਮਨੋਂ ਗੁਰੂ-ਪਿਤਾ ਦੀ ਸੇਵਾ ਕਰਦੀ ਸੀ। 'ਮਹਿਮਾ ਪ੍ਰਕਾਸ਼' ਇਸ ਦੀ ਗਵਾਹੀ ਭਰਦਾ ਹੈ:

ਜਬ ਪਹਰ ਰਾਤੇ ਰਹੈ ਅੰਮ੍ਰਿਤ ਵੇਲਾ।
ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ।
ਤਿਸ ਸਮੇਂ ਬੀਬੀ ਜੀ ਦਰਸ਼ਨ ਕਰੇ।
ਗੁਰ ਕੀ ਭਗਤ ਸਦ ਹਿਰਦੈ ਧਰੈ।

ਸ੍ਰੀ ਗੁਰੂ ਅਮਰਦਾਸ ਜੀ ਉਪਰ ਇਨ੍ਹਾਂ ਦੋਹਾਂ ਜੀਆਂ ਦਾ ਇੰਨਾ ਪ੍ਰਭਾਵ ਪਿਆ ਕਿ ਉਹਨਾਂ ਨੇ 1574 ਈ. ਵਿਚ ਜੋਤੀ ਜੋਤਿ ਸਮਾਉਣ ਸਮੇਂ ਆਪਣੇ ਪੁੱਤਰਾਂ ਨੂੰ ਇਕ ਪਾਸੇ ਰੱਖ ਕੇ ਭਾਈ ਜੇਠਾ

SikhBookClub.com

ਜੀ ਨੂੰ ਸਿੱਖ ਪੰਥ ਦੀ ਵਾਗ-ਡੋਰ ਸੰਭਾਲ ਦਿੱਤੀ ਅਤੇ ਇਹੀ ਜੋਤ ਭਾਈ ਜੇਠਾ ਜੀ ਵਿਚ ਸਮਾਅ ਗਈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਲਿਖਿਆ ਹੈ:

ਦਿਚੈ ਪੁਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।

(ਵਾਰ ੧/੪੭)

ਬਚਿੱਤਰ ਨਾਟਕ ਵਿਚ ਲਿਖਿਆ ਹੈ:

ਅਮਰਦਾਸ ਰਾਮਦਾਸ ਕਹਾਯੋ

ਸ੍ਰੀ ਗੁਰੂ ਰਾਮਦਾਸ ਜੀ ਦੇ ਪੰਥ ਦੀ ਸੇਵਾ ਲਈ ਕੀਤੇ ਕੰਮ

ਸ੍ਰੀ ਅੰਮ੍ਰਿਤਸਰ ਦੀ ਸਥਾਪਨਾ

ਸਿੱਖ ਗੁਰੂ ਸਾਹਿਬਾਨ ਨੇ ਆਮ ਦੁਨੀਆਂ ਵਾਂਗੂੰ ਗ੍ਰਿਹਸਤੀ ਬਣ ਕੇ ਰਹਿੰਦਿਆਂ ਸੱਚਾ ਸੰਨਿਆਸ ਹੀ ਧਾਰਨ ਨਹੀਂ ਕੀਤਾ, ਬਲਕਿ ਕਈ ਇਕ ਉੱਘੇ ਅਤੇ ਸੰਸਾਰ ਪ੍ਰਸਿੱਧ ਸ਼ਹਿਰ ਵੀ ਵਸਾਏ ਜੋ 'ਸਿਫ਼ਤੀ ਦਾ ਘਰ' ਹਨ ਅਤੇ ਸੰਸਾਰ ਭਰ ਵਿਚ ਸਰਬ-ਸਾਂਝੀਵਾਲਤਾ ਦਾ ਸੰਦੇਸ਼ਾ ਪਹੁੰਚਾਣ ਵਾਲੇ ਤੀਰਥ ਸਥਾਨ ਹਨ। ਇਨ੍ਹਾਂ ਸਥਾਨਾਂ ਨੂੰ ਬਨਾਉਣ ਦੀ ਲੜੀ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਉਸਾਰੀ ਕਰਕੇ ਤੋਰੀ ਸੀ ਅਤੇ ਇਸ ਲੜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਜਾਰੀ ਰੱਖਿਆ। ਹੁਣ ਤਕ ਕਰਤਾਰਪੁਰ, ਖਡੂਰ ਸਾਹਿਬ ਅਤੇ ਗੋਇੰਦਵਾਲ ਸਿੱਖੀ ਦੇ ਪ੍ਰਸਾਰ ਦੇ ਸੈਂਟਰ ਬਣ ਗਏ ਸਨ, ਪਰ ਹੁਣ ਇਨ੍ਹਾਂ ਪ੍ਰਸਾਰਨ ਸੈਂਟਰਾਂ ਲਈ ਇਕ ਰਾਜਧਾਨੀ ਦੀ ਲੋੜ ਸੀ ਜੋ ਕਿ ਪੰਥ ਨੂੰ ਸੁਤੰਤਰ ਰੱਖੇ ਅਤੇ ਕੋਈ ਹੋਰ ਵਾਧੂ ਤਾਕਤ ਇਨ੍ਹਾਂ ਵੱਲ ਅੱਖ ਭਰ ਕੇ ਤੱਕ ਨਾ ਸਕੇ। ਸੋ ਇਸ ਮੰਤਵ ਲਈ ਭਾਈ ਮਨੀ ਸਿੰਘ ਜੀ ਅਨੁਸਾਰ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਹੁਕਮ ਕੀਤਾ ਸੀ:

ਪੁਰਖਾ! ਕੋਈ ਤੀਰਥ ਮੱਦਰ ਦੇਸ਼ ਵਿਚ ਕਰੀਏ ਜੋ ਤਰਲੋਕੀ ਦੇ ਸਭਨਾ ਦੇ ਫਲ ਹੋਵਸਿ, ਜਿਸ ਦੇ ਇਸ਼ਨਾਨ ਕਰਨ 'ਤੇ ਫਲ ਤੇ:

'ਮਹਿਮਾ ਪ੍ਰਕਾਸ਼' ਅਨੁਸਾਰ ਵੀ ਇਹੋ ਚਹੁੰਆਂ ਪਾਤਸ਼ਾਹੀਆਂ ਦਾ ਹੁਕਮ ਸੀ:

ਗੁਰੂ ਨਾਨਕ ਗੁਰੂ ਅੰਗਦ ਖਾਸ।
ਅਮਰ ਦੇਵ ਸ੍ਰੀ ਗੁਰੂ ਰਾਮ ਦਾਸ।
ਚਾਰੋਂ ਗੁਰ ਕੀ ਮਰਜ਼ੀ ਸੰਗਾ।
ਪ੍ਰਗਟਯੋ ਤੀਰਥ ਇਹ ਚੰਗਾ।

(ਮਹਿਮਾ ਪ੍ਰਕਾਸ਼)

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਉਪਰੰਤ ਸਭ ਮੁਖੀ ਸਿੱਖਾਂ ਨੂੰ ਨਾਲ ਲੈ ਕੇ 13 ਜੂਨ, 1577 ਈ. ਨੂੰ ਅੰਮ੍ਰਿਤਸਰ ਦਾ ਟੱਕ ਲਗਾਇਆ ਅਤੇ ਸੰਗਤਾਂ ਦੀ ਸੇਵਾ ਤੇ ਪਿਆਰ ਭਾਵਨਾ ਨਾਲ ਇਹ ਤਾਲ ਛੇਤੀ ਹੀ ਸੰਪੂਰਨ ਹੋ ਗਿਆ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ:

SikhBookClub.com

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ। *(ਵਾਰ ੧/੪੨)*

ਸਰੋਵਰ ਦੇ ਆਸੇ ਪਾਸੇ ਇਕ ਬਹੁਤ ਵੱਡਾ ਸ਼ਹਿਰ ਵੱਸ ਗਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਅਖਾਉਤੀ ਨੀਵੀਂ ਜਾਤਾਂ ਵਾਲਿਆਂ ਨੂੰ ਪੂਰਬ ਵੱਲ ਵਸਾਇਆ ਅਤੇ ਦੂਜਿਆਂ ਨੂੰ ਪੱਛਮ ਵੱਲ। ਆਪ ਜੀ ਨੇ ਇਥੇ ਇਹ ਵੀ ਬਚਨ ਕੀਤੇ ਸਨ ਕਿ 'ਸਹਿਜ-ਸੁਭਾਇ, ਬਿਨਾਂ ਜਤਨ ਹੀ ਭਗਤੀ ਦੀ ਰੌ ਚਲ ਪਵੇਗੀ। ਇਹ 'ਮੁਕਤ-ਭੁਗਤ' ਦੀ ਪਉੜੀ ਹੈ, ਗੁਰੂ ਛੇਤਰ ਹੈ।' ਸੋ ਦੁਨੀਆਂ ਭਰ ਵਿਚ ਇਹ ਇਕ ਨਵਾਂ ਤਜਰਬਾ ਸੀ ਜੋ ਗੁਰੂ ਜੀ ਨੇ ਕੀਤਾ।

ਸ੍ਰੀ ਅੰਮ੍ਰਿਤਸਰ ਨੂੰ ਕੇਂਦਰੀ ਸਥਾਨ 'ਤੇ ਉਸਾਰ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਦੀ ਕੌਮ ਦੀ ਨੀਂਹ ਰੱਖ ਦਿੱਤੀ ਸੀ। ਇਸ ਤਰ੍ਹਾਂ ਇਕ ਐਸਾ ਧੁਰਾ ਬਣ ਗਿਆ, ਜਿਸ ਦੇ ਆਲੇ-ਦੁਆਲੇ ਸਿੱਖ ਆਸਾਨੀ ਨਾਲ ਇਕੱਠੇ ਹੋ ਸਕਦੇ ਸਨ। ਸਿੱਖ ਸ਼ਾਂਤ ਸੁਭਾਅ ਹੀ ਪਹਿਲੇ ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ 'ਤੇ ਚਲ ਰਹੇ ਸਨ। ਇਥੇ ਸਿੱਖਾਂ ਨੇ ਇਕੱਠੇ ਬੈਠਣ ਦਾ ਵਲ ਸਿਖਿਆ ਅਤੇ ਭਗਤੀ ਭਾਵ ਨੂੰ ਪੈਦਾ ਕਰਕੇ ਕੌਮੀ ਜਜ਼ਬੇ ਦੀ ਤਾਰ ਨੂੰ ਮਜ਼ਬੂਤ ਕੀਤਾ।

ਦੋ ਹੀ ਚੀਜ਼ਾਂ ਕੌਮਾਂ ਬਣਾਂਦੀਆਂ ਹਨ, ਇਕ ਸਾਂਝਾ ਕੌਮੀ ਵਿਰਸਾ ਅਤੇ ਦੂਜੇ ਇਕ ਥਾਵੇਂ ਜੁੜ ਬੈਠਣ ਦੀ ਖਾਹਿਸ਼। ਇਹ ਦੋਵੇਂ ਚੀਜ਼ਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਪ੍ਰਦਾਨ ਕੀਤੀਆਂ। ਅੰਮ੍ਰਿਤਸਰ ਸਿੱਖਾਂ ਦੇ ਵਿਚਾਰਾਂ ਦਾ ਸ਼ੀਸ਼ਾ ਬਣ ਗਿਆ ਅਤੇ ਉਸ ਨੇ ਦੋ ਵੇਲੇ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਨੂੰ ਆਪਣੀ ਅਰਦਾਸ ਦਾ ਹਿੱਸਾ ਬਣਾ ਲਿਆ ਹੈ। ਇਸ ਵਿਚਾਰ ਨੇ ਦੂਰ ਦੁਰਾਡੇ ਬੈਠੇ ਸਿੱਖਾਂ ਨੂੰ ਭਾਵੁਕ ਤੌਰ 'ਤੇ ਇਸ ਦੇ ਦੀਦਾਰ ਨਾਲ ਜੋੜੀ ਰੱਖਿਆ।

ਜਦ ਵੀ ਕਦੇ ਖ਼ਾਲਸੇ 'ਤੇ ਭੀੜ ਬਣੀ, ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੁੰਦੇ ਰਹੇ। ਇਥੇ ਬਰਾਬਰੀ, ਏਕੇ ਅਤੇ ਜ਼ਿੰਮੇਵਾਰੀ ਨਾਲ ਗੁਰਮਤੇ ਪਾਸ ਕੀਤੇ ਜਾਂਦੇ ਰਹੇ। ਜੋ ਇਕ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਤਾ ਪਾਸ ਹੋ ਜਾਂਦਾ, ਉਸ ਨੂੰ ਸਿਰ ਧੜ ਦੀ ਬਾਜ਼ੀ ਲਗਾ ਕੇ ਵੀ ਨਿਭਾਂਦੇ ਰਹੇ ਕਿਉਂਕਿ ਗੁਰਮਤੇ ਦੇ ਪਿੱਛੇ ਗੁਰੂ ਦੀ ਰੂਹਾਨੀ ਤਾਕਤ ਮਹਿਸੂਸ ਕੀਤੀ ਜਾਂਦੀ ਹੈ। ਸੋ ਅੱਜ ਵੀ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸੁਭਾਗੇ ਸਿੱਖਾਂ, ਸੇਵਕਾਂ ਅਤੇ ਸ਼ਰਧਾਲੂਆਂ ਨੂੰ ਆਪਣੇ ਵਿਹਾਰ ਤੇ ਆਚਰਣ ਦੁਆਰਾ ਇਹ ਹਕੀਕਤ ਪ੍ਰਗਟ ਕਰਨ ਲਈ ਹਮੇਸ਼ਾ ਤਤਪਰ ਰਹਿਣ ਦੀ ਲੋੜ ਹੈ ਕਿ ਇਹ ਠੀਕ ਹੀ 'ਅੰਮ੍ਰਿਤਸਰ ਸਿਫ਼ਤੀ ਦਾ ਘਰੁ' ਹੈ, ਅਤੇ ਇਸ ਦੀ ਮਹਿਮਾ ਵਿਚ ਸਤਿਗੁਰੂਆਂ ਵਲੋਂ ਕੀਤਾ ਗਿਆ ਦਾਅਵਾ ਵੀ ਸੌ ਫ਼ੀਸਦੀ ਬਰ-ਹੱਕ ਹੈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥ *(ਪੰਨਾ ੧੩੯੨)*

ਸੋ ਇਹ ਅੰਮ੍ਰਿਤਸਰ ਦਾ ਜੋ ਇਤਿਹਾਸ ਹੈ, ਉਸ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਦੇਣ ਨੂੰ ਸਿੱਖ ਕਦੀ ਨਹੀਂ ਭੁਲਾ ਸਕਦੇ।

ਗੁਰਬਾਣੀ ਦੀ ਰਚਨਾ ਅਤੇ ਪ੍ਰਚਾਰ

ਸ੍ਰੀ ਗੁਰੂ ਰਾਮਦਾਸ ਜੀ ਨੂੰ ਸੰਗੀਤ ਦਾ ਵਿਸ਼ੇਸ਼ ਸ਼ੌਕ ਸੀ। ਆਪ ਜੀ ਨੇ ਗਿਆਰਾਂ ਨਵੇਂ ਰਾਗ ਬਣਾ ਕੇ ਬਾਣੀ ਲਿਖੀ। ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਆਪਣੇ ਹੱਥੀਂ ਲਿਖਦੇ ਸਨ। ਸ੍ਰੀ

SikhBookClub.com

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਪੁ ਦਾ ਉਤਾਰਾ ਆਪਣੇ ਪਿਤਾ ਜੀ ਦੇ ਹੱਥ-ਲਿਖਤ ਗੁਟਕੇ ਤੋਂ ਹੀ ਕੀਤਾ ਸੀ। ਪ੍ਰਾਚੀਨ ਬੀੜਾਂ ਦੇ ਤਤਕਰੇ ਵਿਚ ਇਹ ਆਮ ਹੀ ਮਿਲਦੇ ਹਨ:

''ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾਂ ਦਾ ਨਕਲ''

ਸ੍ਰੀ ਗੁਰੂ ਰਾਮਦਾਸ ਜੀ ਲਈ ਵਧੇਰੇ ਪ੍ਰਮੁੱਖ ਕਾਰਜ ਜਿਸ ਵਲ ਵਧੇਰੇ ਧਿਆਨ ਦੇਣ ਦੀ ਲੋੜ ਹੈ, ਉਹ ਇਹ ਹੈ ਕਿ ਇਨ੍ਹਾਂ ਨੇ ਪ੍ਰਚਾਰ ਦਾ ਕੰਮ ਉਤਸ਼ਾਹ ਨਾਲ ਅਰੰਭਿਆ ਅਤੇ ਨਵੇਂ ਮੱਤ ਦੇ ਪ੍ਰਸਾਰ ਲਈ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਪ੍ਰਚਾਰਕ ਭੇਜੇ। ਕਿਹਾ ਜਾਂਦਾ ਹੈ ਕਿ ਭਾਈ ਗੁਰਦਾਸ ਜੀ ਨੂੰ ਵੀ ਸਿੱਖ ਮੱਤ ਦੇ ਪ੍ਰਚਾਰ ਲਈ ਆਗਰੇ ਭੇਜਿਆ ਗਿਆ ਅਤੇ ਉਹ ਇਕ ਪ੍ਰਸਿੱਧ ਅਤੇ ਸਫਲ ਪ੍ਰਚਾਰਕ ਬਣ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੇ ਜਦ ਆਪ ਵੀ ਭਰਮਣ ਕੀਤਾ ਅਤੇ ਇਸ ਵਿਸ਼ਾਲ ਭਰਮਣ ਦੇ ਦੌਰਾਨ ਸਿੱਖ ਮੱਤ ਦੇ ਪ੍ਰਚਾਰ ਦੇ ਨਾਲ ਨਾਲ ਭਾਰਤੀ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਸਾਂਭਣ ਅਤੇ ਗ੍ਰਹਿਣ ਕਰਨ ਦਾ ਉਪਰਾਲਾ ਵੀ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਭਾਵੇਂ ਵਿਰੋਧੀ ਮਗਰ ਪੈ ਚੁੱਕੇ ਸਨ, ਪਰ ਫਿਰ ਵੀ ਉਹਨਾਂ ਦੀਆਂ ਕੁਚਾਲਾਂ ਦਾ ਕਿਤੇ ਕਿਤੇ ਜ਼ਿਕਰ ਆਉਂਦਾ ਹੈ। ਜਿਵੇਂ ਕਿ ਉਹਨਾਂ ਨੇ ਗੁਰਬਾਣੀ ਦੇ ਬਰਾਬਰ ਆਪਣੀ ਕੱਚੀ ਪਿਲੀ ਬਾਣੀ ਘੜਨੀ ਸ਼ੁਰੂ ਕਰ ਦਿੱਤੀ ਸੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਇਸ ਪ੍ਰਤੀ ਚੇਤੰਨ ਸਨ।

ਆਪ ਜੀ ਨੇ ਬਾਣੀ ਦੀ ਪ੍ਰਭੁਤਾ ਨੂੰ ਕਾਇਮ ਰੱਖਣ ਲਈ 'ਬਾਣੀ ਗੁਰੂ ਗੁਰੂ ਹੈ ਬਾਣੀ' ਦਾ ਵਿਚਾਰ ਪ੍ਰਚਾਰਿਆ। ਆਪ ਜੀ ਦੀ ਬਾਣੀ ਵਿਚ ਪ੍ਰੇਮ ਦੀ ਰੰਗਣ ਚੜ੍ਹੀ ਹੋਈ ਹੈ ਅਤੇ ਪ੍ਰਭੂ-ਮਿਲਾਪ, ਵੈਰਾਗ ਅਤੇ ਤੜਪ ਹੈ ਅਤੇ ਸਾਰੇ ਸਿਧਾਂਤਕ ਵਿਚਾਰ: ਜਿਵੇਂ ਬ੍ਰਹਮ, ਆਤਮਾ, ਪ੍ਰਕਿਰਤੀ, ਬੰਧਨ ਅਤੇ ਮੁਕਤੀ ਆਦਿ ਆਪ ਜੀ ਦੀ ਬਾਣੀ ਵਿਚ ਸਮਾਏ ਹੋਏ ਹਨ ਅਤੇ ਅੰਤ ਸਮੇਂ ਇਹ ਸਾਰਾ ਸੰਗ੍ਰਹਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੇ ਦਿੱਤਾ।

ਮਸੰਦ ਸੰਸਥਾ ਦਾ ਪ੍ਰਾਰੰਭ

ਭਾਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਅਤੇ ਦਸਵੰਧ ਇਕੱਤਰ ਕਰਨ ਲਈ ਆਪਣੇ ਧਾਰਮਿਕ ਪ੍ਰਬੰਧ ਨੂੰ 22 ਭਾਗਾਂ ਵਿਚ ਵੰਡ ਦਿੱਤਾ ਸੀ, ਪਰ ਇਹ ਮੰਜੀਦਾਰ ਭੇਟਾ ਲੈ ਕੇ ਸਮੇਂ ਸਿਰ ਨਹੀਂ ਪੁੱਜਦੇ ਸਨ। ਪਰ ਹੁਣ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਵਿਚ ਸਿੱਖਾਂ ਦੀ ਗਿਣਤੀ ਵਧ ਗਈ ਅਤੇ ਸ਼ਹਿਰਾਂ ਦੀ ਉਸਾਰੀ ਦੇ ਕਾਰਨ ਮਾਇਆ ਦੀ ਬਹੁਤ ਲੋੜ ਸੀ। ਸੋ ਇਸ ਲੋੜ ਦੀ ਪੂਰਤੀ ਲਈ ਉਹਨਾਂ ਨੇ ਮੰਜੀ-ਪ੍ਰਥਾ ਦੇ ਨਾਲ ਨਾਲ ਆਪਣੀ ਦੂਰ-ਦ੍ਰਿਸ਼ਟੀ ਅਤੇ ਸੋਚ ਨਾਲ ਇਕ ਨਵੀਂ ਸੰਸਥਾ ਚਲਾਈ, ਜਿਸ ਦੇ ਪ੍ਰਬੰਧਕਾਂ ਨੂੰ ਮਸੰਦ ਕਿਹਾ ਜਾਣ ਲੱਗ ਪਿਆ। ਮਸੰਦ ਧਰਮ ਦਾ ਪ੍ਰਚਾਰ ਵੀ ਕਰਦੇ ਸਨ ਅਤੇ ਸਮੇਂ ਸਿਰ ਸਿੱਖਾਂ ਤੋਂ ਦਸਵੰਧ ਵੀ ਇਕੱਤਰ ਕਰਦੇ ਸਨ। ਇਹ ਹਰ ਸਾਲ ਦੋ ਵਾਰ ਸ੍ਰੀ ਅੰਮ੍ਰਿਤਸਰ ਇਕੱਤਰ ਹੁੰਦੇ ਸਨ ਅਤੇ ਗੁਰੂ ਸਾਹਿਬ ਨੂੰ ਸਾਰਾ ਹਿਸਾਬ ਦੇਂਦੇ ਸਨ।

ਇਨ੍ਹਾਂ ਮਸੰਦਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਨਵੇਂ ਬਣ ਰਹੇ ਸ਼ਹਿਰਾਂ ਦੀ ਉਸਾਰੀ ਵਾਸਤੇ ਮਾਇਆ ਦੇ ਪੱਖੋਂ ਬਹੁਤ ਹੱਥ ਵਟਾਇਆ ਸੀ।

SikhBookClub.com

ਸਿੱਖਾਂ ਨੂੰ ਕਿਰਤ 'ਚ ਦਸਵੰਧ ਦੇਣ ਦਾ ਮੌਕਾ ਮਿਲਦਾ ਰਹਿੰਦਾ ਸੀ। ਜਿਵੇਂ ਹਰ ਸਿੱਖ ਆਪਣੇ ਧੀਆਂ ਪੁੱਤਰਾਂ ਦੀਆਂ ਲੋੜਾਂ ਦਾ ਖ਼ਿਆਲ ਰੱਖਦਾ ਸੀ, ਉਵੇਂ ਹੀ ਉਹ ਖ਼ਾਲਸਾ ਪੰਥ ਦੀਆਂ ਸਮਾਜਿਕ, ਆਰਥਿਕ ਅਤੇ ਧਾਰਮਿਕ ਲੋੜਾਂ ਨੂੰ ਵੀ ਪੂਰਾ ਕਰਨਾ ਆਪਣਾ ਧਰਮ ਸਮਝਣ ਲੱਗ ਪਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਹੈ:

ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ॥
ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ॥
ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ॥

(ਪੰਨਾ ੧੬੬)

ਮੋਹਸਨਫਾਨੀ ਨੇ ਲਿਖਿਆ ਹੈ ਕਿ ਸਰਕਾਰ ਨੂੰ 'ਕਰ' ਉਗਰਾਹੁਣ ਲਈ ਬਹੁਤ ਕਸ਼ਟ ਕਰਨਾ ਪੈਂਦਾ ਸੀ, ਪਰ ਕਿਸੇ ਸਿੱਖ ਨੇ ਦਸਵੰਧ ਦੇਣ ਲਈ ਢਿੱਲ ਨਹੀਂ ਕੀਤੀ ਸੀ।

ਰੀਤੀ ਰਿਵਾਜ

ਜਿਵੇਂ ਗੁਰੂ ਅਮਰਦਾਸ ਜੀ ਨੇ 'ਅਨੰਦ ਸਾਹਿਬ' ਦੀ ਰਚਨਾ ਕਰਕੇ ਸਿੱਖਾਂ ਨੂੰ ਹੁਕਮ ਦੇ ਦਿੱਤਾ ਸੀ ਕਿ ਉਹ ਹੁਣ ਜਨਮ-ਮਰਨ ਅਤੇ ਵਿਆਹ ਸਮੇਂ ਤੰਤਰਾਂ ਮੰਤਰਾਂ ਨੂੰ ਛੱਡ ਕੇ ਅਨੰਦ ਸਾਹਿਬ ਦਾ ਪਾਠ ਹੀ ਕਰਿਆ ਕਰਨਗੇ। ਇਸ ਤੋਂ ਪਿਛੋਂ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ 'ਚਾਰ ਲਾਵਾਂ' ਦੇ ਪਾਠ ਦੀ ਰਚਨਾ ਕੀਤੀ ਅਤੇ ਵਿਆਹ ਦੀ ਰਸਮ ਉਪਰ ਇਨ੍ਹਾਂ ਚਾਰ ਲਾਵਾਂ ਦਾ ਪਾਠ ਪੜ੍ਹਿਆ ਜਾਣ ਲੱਗ ਪਿਆ। ਇਸ ਰਾਹੀਂ ਗੁਰ ਜੀ ਨੇ ਜੋੜੇ ਨੂੰ ਨਿਰਮਲ ਭਉ, ਵਿਛੋੜੇ, ਬਿਰਹਾ ਅਤੇ ਸਹਿਜ ਅਵਸਥਾ ਵਿਚ ਵਿਚਰਨ ਦੀ ਜਾਚ ਇਨ੍ਹਾਂ ਚਾਰ ਲਾਵਾਂ ਰਾਹੀਂ ਦੱਸੀ ਹੈ। ਅਨੰਦ ਵਿਆਹ ਪ੍ਰਚੱਲਤ ਹੋ ਜਾਣ ਨਾਲ ਪੰਥ ਦੀ ਪੂਰਨਤਾ ਦਾ ਐਲਾਨ ਹੋ ਗਿਆ ਅਤੇ ਸੰਨ 1909 ਵਿਚ ਅੰਗਰੇਜ਼ ਸਰਕਾਰ ਰਾਹੀਂ ਅਨੰਦ ਮੈਰਿਜ ਐਕਟ ਵੀ ਪਾਸ ਹੋ ਚੁੱਕਾ ਹੈ।

ਹੁਣ ਇਸ ਸਮੇਂ ਆਪਣੇ ਰੀਤੀ ਰਿਵਾਜਾਂ ਸਦਕਾ ਪੰਥ ਹਿੰਦੂਆਂ ਨਾਲੋਂ ਬਿਲਕੁਲ ਵੱਖਰਾ ਹੋ ਗਿਆ ਅਤੇ ਇਸ ਕੌਮ ਨੇ ਕਾਜ਼ੀ, ਬ੍ਰਾਹਮਣਾਂ ਅਤੇ ਪਰੋਹਤਾਂ ਦੀ ਛੁੱਟੀ ਕਰ ਦਿੱਤੀ ਅਤੇ ਹਰ ਕਾਰਜ ਸਮੇਂ

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥ *(ਪੰਨਾ ੯੧)*

ਪੜ੍ਹਿਆ ਜਾਂਦਾ ਅਤੇ ਇਹ ਵਿਸ਼ਵਾਸ ਹੈ ਕਿ ਸਤਿਗੁਰੂ ਸਾਖੀ ਹੋ ਕੇ ਕਾਰਜ ਨੂੰ ਸਿਰੇ ਚਾੜ੍ਹਦਾ ਸੀ। ਸੋ ਇਸ ਮਰਯਾਦਾ ਦੇ ਨਾਲ ਪੰਥ ਸ਼ਗਨ-ਅਪਸ਼ਗਨ ਅਤੇ ਹੋਰ ਡਰਾਂ ਤੋਂ ਮੁਕਤ ਹੋ ਗਿਆ। ਨਿਤ ਦੀ ਮਰਯਾਦਾ ਵੀ ਸ੍ਰੀ ਗੁਰੂ ਰਾਮਦਾਸ ਜੀ ਜੀ ਨੇ ਬਖ਼ਸ਼ੀ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

(ਪੰਨਾ ੩੦੫)

SikhBookClub.com

ਗੁਰ-ਗੱਦੀ ਦਾ ਠੀਕ ਫੈਸਲਾ

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ ਅਤੇ ਇਨ੍ਹਾਂ ਤਿੰਨਾਂ ਵਿਚੋਂ ਸ੍ਰੀ (ਗੁਰੂ) ਅਰਜਨ ਦੇਵ ਜੀ ਦੀ ਲਗਨ, ਨਿਮ੍ਰਤਾ ਅਤੇ ਸੇਵਾ ਨੂੰ ਸਾਹਮਣੇ ਰੱਖਦੇ ਹੋਏ ਬੇਅੰਤ ਗੁਣਾਂ ਦੇ ਮਾਲਕ ਦੇਖ ਕੇ ਗੁਰਿਆਈ ਬਖ਼ਸ਼ਸ਼ ਦਿੱਤੀ। ਕਿਉਂਕਿ ਵੱਡਾ ਪ੍ਰਿਥੀ ਚੰਦ ਬਹੁਤ ਲੋਭੀ ਅਤੇ ਸਿਰਫ਼ ਦੁਨੀਆਦਾਰੀ ਵਾਲਾ ਸੀ ਅਤੇ ਰੋਹਬ ਨਾਲ ਗੱਦੀ ਪ੍ਰਾਪਤ ਕਰਨਾ ਚਾਹੁੰਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦਾਂ ਤੋਂ ਵੀ ਪਤਾ ਲੱਗਦਾ ਹੈ ਕਿ ਉਸ ਨੇ ਗੁਰ-ਗੱਦੀ ਲਈ ਝਗੜਾ ਕੀਤਾ ਸੀ:

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ *(ਪੰਨਾ ੧੨੦੦)*

ਭਾਈ ਗੁਰਦਾਸ ਜੀ ਨੇ ਤਾਂ ਉਸ ਨੂੰ ਮੀਣਾ ਕਿਹਾ ਹੈ:

ਮੀਣਾ ਹੋਆ ਪ੍ਰਿਥੀਆ ਕਰਿ ਕਰਿ ਟੇਢਕ ਬਰਲ ਚਲਾਇਆ॥

(ਵਾਰ ਭਾਈ ਗੁਰਦਾਸ ਜੀ)

ਪਰ ਦੂਸਰੇ ਪਾਸੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਭੱਟ ਮਥਰਾ ਜੀ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੀ ਰੁਚੀ ਹੀ ਪਰਉਪਕਾਰ ਵਾਲੀ ਸੀ। ਇਸੇ ਲਈ ਹੀ ਗੋਸ਼ਟ ਮਿਹਰਬਾਨ ਦੇ ਸ਼ਬਦ ਵਿਚ_'ਤਬ ਗੁਰੁ ਰਾਮਦਾਸ ਜੀ ਸੰਮਤੀ 1638 ਭਾਦਉ ਸੁਦੀ ਤਿੰਨ ਸ਼ਬਦ ਦੀ ਥਾਪਣਾ ਗੁਰੂ ਅਰਜਨ ਕੋ ਦੇ ਕਰਿ ਸਚ ਖੰਡ ਕਉ ਸਿਧਾਰੇ।'

(ਰਾਸ ਦੂਜੀ, ਅੰਸ 21) ਇਸ ਹਿਸਾਬ ਨਾਲ 28 ਅਗਸਤ 1581 ਬਣਦਾ ਹੈ।

ਭਾਈ ਗੁਰਦਾਸ ਜੀ ਵਾਰ 24ਵੀਂ ਦੀ 19ਵੀਂ ਪਉੜੀ ਵਿਚ ਲਿਖਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਗੱਦੀ 'ਤੇ ਬੈਠ ਕੇ ਆਪਣੇ ਬਜ਼ੁਰਗਾਂ ਦੀ ਰੌਸ਼ਨੀ ਨੂੰ ਚਾਰੇ ਪਾਸੇ ਫੈਲਾ ਰਹੇ ਹਨ ਅਤੇ ਸ਼ਬਦ ਦੇ ਚਾਨਣੇ ਨਾਲ ਹੀ ਅਨੇਕਾਂ ਭਟਕਦੀਆਂ ਰੂਹਾਂ ਨੂੰ ਰਾਹ ਦੱਸ ਰਹੇ ਹਨ।

(10/1982)

ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਹਨ ਸਿੰਘ ਨਾਭਾ, **ਮਹਾਨ ਕੋਸ਼**, ਭਾਸ਼ਾ ਵਿਭਾਗ, ਪਟਿਆਲਾ, ਪੰਨਾ 1035.
2. ਮੈਕਾਲਫ, **ਸਿੱਖ ਰਿਲੀਜਨ**, ਸੈਂਚੀ ਦੂਜੀ, ਪੰਨਾ 88.

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਛੰਦ-ਪ੍ਰਬੰਧ

ਪੜਚੋਲਕਾਰਾਂ ਵਿੱਚੋਂ ਜਿਹੜੇ ਇਹ ਮੰਨਦੇ ਹਨ ਕਿ ਵਜ਼ਨ ਕਵਿਤਾ ਦਾ ਕੋਈ ਅੰਗ ਨਹੀਂ, ਉਨ੍ਹਾਂ ਦਾ ਮੋਢੀ ਅਰਸਤੂ ਹੈ। ਉਸ ਨੇ ਆਪਣੀ ਰਚਨਾ 'ਪੋਇਟਿਕਸ' ਵਿਚ ਸਾਫ਼ ਤਾਂ ਨਹੀਂ, ਪਰ ਗੌਣ ਤੌਰ 'ਤੇ ਲਿਖਿਆ ਹੈ ਕਿ ਕਵਿਤਾ ਵਿਚ ਛੰਦ ਨੂੰ ਕੋਈ ਖਾਸ ਮਹੱਤਤਾ ਦਾਖ਼ਲ ਨਹੀਂ। ਭਾਵੇਂ ਜ਼ਮਾਨੇ ਦੇ ਰਸਮ-ਰਿਵਾਜ ਨੇ ਕਵਿਤਾ ਨੂੰ ਛੰਦ ਨਾਲ ਜੋੜ ਦਿੱਤਾ ਹੈ, ਪਰ ਕੇਵਲ ਛੰਦ ਰਚਣ ਵਾਲੇ ਨੂੰ ਕਵੀ ਨਹੀਂ ਕਿਹਾ ਜਾ ਸਕਦਾ।[1] ਕਈ ਮਹਾਨ ਕਵੀਆਂ ਨੇ ਵੀ ਛੰਦ ਨੂੰ ਕਵਿਤਾ ਵਿਚ ਕੋਈ ਖਾਸ ਮਹੱਤਤਾ ਨਹੀਂ ਦਿੱਤੀ, ਚੁਨਾਂਚਿ ਇਕ ਫ਼ਾਰਸੀ ਦਾ ਕਵੀ ਲਿਖਦਾ ਹੈ ਕਿ ਮੈਂ ਪਿੰਗਲ ਤੋਂ ਜਾਣੂ ਨਹੀਂ ਹਾਂ, ਪਰ ਮੇਰੀ ਕਵਿਤਾ ਵਿੱਚੋਂ ਅੰਮ੍ਰਿਤ ਝਰਦਾ ਹੈ:

ਮਨ ਨਦਾਨਮ ਫ਼ਾਇਲਾਤੁਨ ਫ਼ਾਇਲਾਤ।
ਸ਼ਿਅਰੇ ਮਨ ਬਿਹ ਅਸਤ ਅਜ਼ ਆਬੇਹਯਾਤ।

ਉਰਦੂ ਦਾ ਪ੍ਰਸਿੱਧ ਕਵੀ ਮੁਸਹਫੀ ਵੀ ਇਹੋ ਜਿਹੀ ਹੀ ਰਾਇ ਪ੍ਰਗਟ ਕਰਦਾ ਹੈ:

ਮੁਝ ਕੋ ਤੋ ਅਰੂਜ਼ ਆਤੀ ਹੈ ਨਾ ਕਾਫੀਆ ਚੰਦਾਂ
ਇਕ ਸ਼ਿਅਰ ਸੇ ਗਿਰਵੀਦਾ ਮਿਰੇ ਪੀਰੋ ਜਵਾਂ ਹੈਂ।

ਭਾਵੇਂ ਸਿਆਣਿਆਂ ਦੇ ਕਥਨ ਅਨੁਸਾਰ ਬੇਵਜ਼ਨ ਤੇ ਬੇਬਹਿਰ ਕਵਿਤਾ ਵੀ ਹੋ ਸਕਦੀ ਹੈ, ਪਰ ਵਜ਼ਨ ਕਵਿਤਾ ਦਾ ਸ਼ਿੰਗਾਰ ਹੈ ਅਤੇ ਸ਼ਿਅਰ ਇਸ ਦੀ ਵਰਤੋਂ ਨਾਲ ਵਧੇਰੇ ਅਸਰਦਾਰ ਹੋ ਜਾਂਦਾ ਹੈ। ਕੰਨਾਂ ਨੂੰ ਇਸ ਦੀ ਧੁਨਕਾਰ ਚੰਗੀ ਲੱਗਦੀ ਹੈ ਅਤੇ ਸੁਣਨ ਵਾਲੇ ਦੇ ਮਨ ਨੂੰ ਵਧੇਰੇ ਖਿੱਚ ਪੈਂਦੀ ਹੈ। ਇਸ ਲਈ ਅੱਜਕਲ੍ਹ ਅਕਸਰ ਪੜਚੋਲੀਏ ਇਸ ਗੱਲ 'ਤੇ ਸਹਿਮਤ ਹਨ ਕਿ 'ਛੰਦ ਤੇ ਛੰਦ-ਭੇਦ' ਤੋਂ ਬਗ਼ੈਰ ਕੋਈ ਕਵਿਤਾ ਨਹੀਂ ਹੋ ਸਕਦੀ। 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' ਅਨੁਸਾਰ, "ਕਵਿਤਾ ਮਨੁੱਖੀ ਮਨ ਦਾ ਜਜ਼ਬਾਤੀ ਤੇ ਤਾਲਮਈ ਬੋਲੀ ਵਿਚ ਨਿੱਗਰ ਅਤੇ ਕਲਾਮਈ ਪ੍ਰਗਟਾਉ ਹੈ। ਇਹ ਗੱਲ ਤਾਂ ਪ੍ਰਮਾਣਿਤ ਹੈ ਕਿ ਕੋਈ ਸਾਹਿਤਕ ਨਿਰੂਪਣ, ਜਿਸ ਦਾ ਵਿਸ਼ਾ ਭਾਵੇਂ ਕੋਈ ਵੀ ਹੋਵੇ, ਉਦੋਂ ਤਕ ਕਵਿਤਾ ਨਹੀਂ ਕਿਹਾ ਜਾ ਸਕਦਾ, ਜਦੋਂ ਤਕ ਕਿ ਉਹ ਜਜ਼ਬਾਤੀ ਨਹੀਂ ਤੇ ਜਿਸ ਦੀ ਸ਼ੈਲੀ, ਬਿਆਨ-ਢੰਗ ਨਿੱਗਰ ਅਤੇ ਜਿਸ ਦੀ ਚਾਲ ਤਾਲਮਈ ਤੇ ਬਣਤਰ ਕਲਾਮਈ ਨਾ ਹੋਵੇ।"

ਵਰਡਜ਼ਵਰਥ ਨੇ ਵੀ ਕਿਹਾ ਹੈ, "ਜੇ ਮੀਟਰ ਦਾ ਧਿਆਨ ਨਾ ਰੱਖਿਆ ਜਾਵੇ, ਤਾਂ ਪਦ ਨਾ ਹੋਇਆ, ਗਦ ਹੀ ਹੋਇਆ।" ਛੰਦ-ਰਹਿਤ ਰਚਨਾ ਹੋਰ ਕੁਝ ਵੀ ਹੋਵੇ, ਕਵਿਤਾ ਨਹੀਂ ਅਖਵਾ ਸਕਦੀ।[2] ਪ੍ਰੋ. ਸੰਤ ਸਿੰਘ ਸੇਖੋਂ ਨੇ ਵੀ ਛੰਦ ਨੂੰ ਕਵਿਤਾ ਦਾ ਨਿਖੇੜਵਾਂ ਗੁਣ ਮੰਨਿਆ ਹੈ। ਵਾਰਤਕ ਉਹ ਰਚਨਾ ਹੈ, ਜੋ ਕਿ ਛੰਦ ਵਿਚ ਨਹੀਂ ਅਤੇ ਕਵਿਤਾ ਉਹ ਰਚਨਾ ਹੈ, ਜੋ ਛੰਦ ਵਿਚ ਬੱਝੀ ਹੋਈ ਹੋਵੇ।

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਦੀ ਪਾਵਨ ਬਾਣੀ ਵਿਚ ਅਨੇਕਾਂ ਛੰਦਾਂ ਦੀ ਵਰਤੋਂ ਹੋਈ ਹੈ, ਪਰੰਤੂ ਅਸੀਂ ਸਿਰਫ਼ ਕੁਝ ਖਾਸ-ਖਾਸ ਛੰਦਾਂ ਬਾਰੇ ਹੀ ਵਿਚਾਰ ਕਰਾਂਗੇ, ਜਿਨ੍ਹਾਂ ਦੀ ਵਰਤੋਂ ਆਪ ਦੀ ਪਾਵਨ ਬਾਣੀ ਵਿਚ ਖਾਸ ਨਿਵੇਕਲੇ ਢੰਗ ਨਾਲ ਹੋਈ ਹੈ। ਅਸੀਂ ਵੀ ਇਨ੍ਹਾਂ ਛੰਦਾਂ ਨੂੰ ਅੱਖਰ-ਕ੍ਰਮ ਅਨੁਸਾਰ ਲਵਾਂਗੇ।

ਉਗਾਹਾ : ਇਸ ਛੰਦ ਦੇ ਦੋ ਚਰਣ ਹੁੰਦੇ ਹਨ, ਇਕ ਚਰਣ ਵਿਚ ਛੱਬੀ ਮਾਤਰਾਂ, ਪਹਿਲਾ ਵਿਸਰਾਮ 15 'ਤੇ ਅਤੇ ਦੂਜਾ 11 ਉੱਤੇ ਲੱਗਦਾ ਹੈ, ਅੰਤ ਵਿਚ ਗੁਰੁ ਲਘੁ ਆਉਂਦੇ ਹਨ। ਉਦਾਹਰਣ ਵੇਖੋ:

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ॥
ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ॥ *(ਪੰਨਾ ੩੦੧)*

ਅਤਿਗੀਤਾ: ਇਸ ਵਿਚ ਚਾਰ ਚਰਣ ਹੁੰਦੇ ਹਨ, ਪ੍ਰਤੀ ਚਰਣ 32 ਮਾਤਰਾਂ, 15-17 'ਤੇ ਵਿਸਰਾਮ ਹੁੰਦਾ ਹੈ ਅਤੇ ਅੰਤ ਗੁਰੁ ਲਘੁ ਹੁੰਦੇ ਹਨ:

ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ[3]
ਤੇ ਮਨਮੁਖ ਮੂੜ ਇਆਣੇ ਰਾਮ॥
ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਅੰਤਿ ਗਏ ਪਛੁਤਾਣੇ ਰਾਮ॥
ਹਰਿ ਦਰਗਹ ਢੋਈ ਨਾ ਲਹਨਿ ਮੇਰੀ ਜਿੰਦੁੜੀਏ
ਜੋ ਮਨਮੁਖ ਪਾਪਿ ਲੁਭਾਣੇ ਰਾਮ॥
ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ
ਹਰਿ ਜਪਿ ਹਰਿ ਨਾਮਿ ਸਮਾਣੇ ਰਾਮ॥ *(ਪੰਨਾ ੫੪੦)*

ਸਵੱਈਆ : ਸਵੱਈਏ ਦਾ ਇਕ ਰੂਪ ਹੈ— 'ਮਲਿੰਦ', ਜਿਸ ਵਿਚ ਪ੍ਰਤੀ ਚਰਣ 32 ਮਾਤਰਾਂ ਹੁੰਦੀਆਂ ਹਨ, 16-16 ਮਾਤਰਾਂ 'ਤੇ ਦੋ ਵਿਸਰਾਮ ਹੁੰਦੇ ਹਨ, ਅੰਤ ਵਿਚ ਯਗਣ ਹੁੰਦਾ ਹੈ। ਉਦਾਹਰਣ ਵੇਖੋ:

- ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਣੀਆ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਣੀਆ॥

(ਪੰਨਾ ੮੩੩)

- ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ॥
ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ॥

(ਪੰਨਾ ੧੧੩੫)

ਘਨਕਲਾ ਜਾਂ ਚਿਤ੍ਰਕਲਾ : ਇਸ ਛੰਦ ਦਾ ਲੱਛਣ ਇਹ ਹੈ ਕਿ ਇਸ ਦੇ ਚਾਰ ਚਰਣ ਹੁੰਦੇ ਹਨ, ਪ੍ਰਤੀ ਚਰਣ 63 ਮਾਤਰਾਂ ਹੁੰਦੀਆਂ ਹਨ, ਤਿੰਨ ਵਿਸਰਾਮ ਸੋਲ੍ਹਾਂਸੋਲ੍ਹਾਂ ਮਾਤਰਾਂ 'ਤੇ ਹੁੰਦੇ ਹਨ, ਚੌਥਾ ਵਿਸਰਾਮ ਪੰਦਰ੍ਹਾਂ ਉੱਤੇ ਅਤੇ ਅੰਤ ਵਿਚ ਗੁਰੁ ਲਘੁ। ਪਹਿਲੇ ਅਤੇ ਦੂਜੇ ਵਿਸਰਾਮ ਦਾ ਅਨੁਪ੍ਰਾਸ ਮਿਲਵਾਂ ਹੁੰਦਾ ਹੈ। ਮਾਰੂ ਸੋਲਹਿਆਂ ਵਿਚ ਇਸੇ ਛੰਦ ਦੀ ਵਰਤੋਂ ਹੋਈ ਹੈ। ਜੈਤਸਰੀ ਰਾਗ ਵਿੱਚੋਂ ਇਸ ਛੰਦ ਦੀ ਉਦਾਹਰਣ ਵੇਖੋ:

SikhBookClub.com

ਹਰਿ ਹਰਿ ਸਿਮਰਹੁ ਅਗਮ ਅਪਾਰਾ॥
ਜਿਸੁ ਸਿਮਰਤ ਦੁਖੁ ਮਿਟੈ ਹਮਾਰਾ॥
ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ
ਗੁਰਿ ਮਿਲਿਐ ਸੁਖੁ ਹੋਈ ਰਾਮ॥ *(ਪੰਨਾ ੬੯੮)*

ਸੁਗੀਤਕਾ (ਛੰਦ) : ਸੁਗੀਤਕਾ ਛੰਦ ਦਾ ਇਕ ਭੇਦ ਆਸਾ ਰਾਗ ਦੇ ਛੰਤਾਂ ਵਿਚ ਵੇਖਿਆ ਜਾਂਦਾ ਹੈ, ਪ੍ਰਤੀ ਚਰਣ 25 ਮਾਤਰਾਂ, 15-10 ਉੱਤੇ ਵਿਸਰਾਮ ਅਤੇ ਅੰਤ ਵਿਚ ਦੋ ਗੁਰੁ:

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵੰਨਾ॥

(ਪੰਨਾ ੪੪੮)

ਪਉੜੀ : ਇਸ ਛੰਦ ਦੀ ਆਪ ਦੀ ਰਚਨਾ ਵਿਚ ਕਈ ਪ੍ਰਕਾਰ ਨਾਲ ਵਰਤੋਂ ਹੋਈ ਹੈ। ਕੁਝ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ:

(ੳ) ਪੰਜ ਚਰਣ, ਪ੍ਰਤੀ ਚਰਣ 25 ਮਾਤਰਾਂ, 15-10 ਉੱਤੇ ਵਿਸਰਾਮ, ਅੰਤ ਦੋ ਗੁਰੁ। ਇਹ ਪਉੜੀ 'ਸੁਗੀਤਕਾ' ਛੰਦ ਦਾ ਰੂਪ ਹੈ:

ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ॥
ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ॥

(ਪੰਨਾ ੩੦੧)

(ਅ) ਪੰਜ ਚਰਣ, ਪ੍ਰਤੀ ਚਰਣ 26 ਮਾਤਰਾਂ, 15-11 ਉੱਤੇ ਵਿਸਰਾਮ, ਅੰਤ ਵਿਚ ਰਗਣ। ਉਦਾਹਰਣ ਵੇਖੋ:

ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ॥
ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ॥ *(ਪੰਨਾ ੮੪੯)*

(ੲ) ਪੰਜ ਚਰਣ, ਪ੍ਰਤੀ ਚਰਣ ਪਹਿਲੇ ਤਿੰਨਾਂ ਚਰਣਾਂ ਦੀਆਂ ਇਕੱਤੀ-ਇਕੱਤੀ ਮਾਤਰਾਂ, 15-16 ਉੱਤੇ ਵਿਸਰਾਮ, ਅੰਤਲੇ ਦੋ ਚਰਣਾਂ ਦੀਆਂ ਚਾਲ੍ਹੀ-ਚਾਲ੍ਹੀ ਮਾਤਰਾਂ 22-18 ਉੱਤੇ ਵਿਸਰਾਮ, ਅੰਤ ਸਭ ਦੇ ਮਗਣ:

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥ ...
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ
ਹਰਿ ਬੋਲਤ ਸਭਿ ਪਾਪ ਲਹੋਗੀਆ॥ *(ਪੰਨਾ ੧੩੧੩)*

(ਸ) ਸੱਤ ਚਰਣ, ਛੇ ਚਰਣਾਂ ਦੀਆਂ 32, 32 ਮਾਤਰਾਂ, 16-16 ਉੱਤੇ ਵਿਸਰਾਮ, ਅੰਤਮ ਚਰਣ 16 ਮਾਤਰਾਂ ਉੱਤੇ, ਅੰਤ ਸਭ ਦੇ ਦੋ ਗੁਰੁ। ਜਾਂ ਇਕ ਹੋਰ ਉਦਾਹਰਣ ਵੇਖੋ, ਜੋ ਕਿ ਵਿਖਮ ਦੰਡਕ 'ਪਉੜੀ ਛੰਦ' ਦੀ ਉਦਾਹਰਣ ਹੈ: ਪੰਜ ਚਰਣ, ਪਹਿਲੇ ਚਰਣ ਦੀਆਂ 46 ਮਾਤਰਾਂ, ਦੂਜੇ ਦੀਆਂ 30, ਤੀਜੇ ਦੀਆਂ 75, ਚੌਥੇ ਦੀਆਂ 59 ਅਤੇ ਪੰਜਵੇਂ ਦੀਆਂ 46, ਅੰਤ ਸਭ ਦੇ ਦੋ ਗੁਰੁ:

ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ
ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ॥

SikhBookClub.com

ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ॥
ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ
ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ
ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ॥ *(ਪੰਨਾ ੮੫੧)*

ਦੋਹਰਾ, ਸੋਰਠਾ, ਚੌਪਈ ਆਦਿ ਛੰਦਾਂ ਦੀ ਵਰਤੋਂ ਵੀ ਆਪ ਦੀ ਰਚਨਾ ਵਿਚ ਵੇਖੀ ਜਾ ਸਕਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਛੰਦਾਂ ਨੂੰ ਆਪਣੀ ਰਚਨਾ ਵਿਚ ਪੂਰਨ ਅਤੇ ਪਰਪੱਕ ਛੰਦ-ਗਿਆਤਾ ਦੀ ਤਰ੍ਹਾਂ ਵਰਤਿਆ ਹੈ ਅਤੇ ਛੰਦਾਂ ਦੀ ਬਹਿਰ ਨੂੰ ਵੀ ਕਮਾਲ ਦੀ ਉਸਤਾਦਗਿਰੀ ਨਾਲ ਨਿਬਾਹਿਆ ਹੈ।

ਟਿੱਪਣੀਆਂ ਅਤੇ ਹਵਾਲੇ :

1. ਪ੍ਰੋ. ਜੋਗਿੰਦਰ ਸਿੰਘ - 'ਕਵਿਤਾ ਤੇ ਛੰਦ', ਪੰਜਾਬੀ ਦੁਨੀਆਂ, ਮਾਰਚ 1955, ਪੰਨਾ 57.
2. ਪ੍ਰੋ. ਗੁਰਚਰਨ ਸਿੰਘ - 'ਕਵਿਤਾ ਇਕ ਸਾਹਿਤ ਰੂਪ' ਉਹੀ, ਪੰਨਾ 13.
3. 'ਮੇਰੀ ਜਿੰਦੁੜੀਏ' ਪਾਠ ਗਾਇਨ ਦੀ ਧਾਰਨਾ ਦਾ ਹੈ, ਜੋ ਛੰਦ ਦੀ ਗਿਣਤੀ ਤੋਂ ਬਾਹਰ ਹੈ।

(9/2008)

SikhBookClub.com

ਬਾਣੀ ਸ੍ਰੀ ਗੁਰੂ ਰਾਮਦਾਸ ਜੀ: ਇਕ ਅਧਿਐਨ

ਵੰਨਗੀ ਅਤੇ ਆਕਾਰ ਦੇ ਪੱਖ ਵਾਂਗ ਰੂਪਕ ਪੱਖ ਤੋਂ ਵੀ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇਕ ਵਡਮੁੱਲਾ ਭਾਗ ਹੈ। ਭਾਵੇਂ ਸੁਨੇਹਾ ਸਾਰੀ ਹੀ ਬਾਣੀ ਦਾ ਸਾਂਝਾ ਹੈ, ਦਾਰਸ਼ਨਿਕ ਤੌਰ 'ਤੇ ਸਾਰੀ ਬਾਣੀ ਇਕ ਹੈ ਪਰ ਸ਼ੈਲੀ, ਛੰਦ-ਪ੍ਰਬੰਧ ਤੇ ਬਿੰਬਾਵਲੀ ਦੇ ਪੱਖੋਂ ਆਪ ਦੀ ਬਾਣੀ ਦਾ ਰੰਗ ਕਾਫ਼ੀ ਨਿਵੇਕਲਾ ਹੈ। ਇਸ ਵਿਚ ਗੁਰੂ ਲਈ ਸ਼ਰਧਾ, ਹਰੀ ਦੀ ਵਡਿਆਈ ਅਤੇ ਉਸ ਨਾਲ ਮੇਲ ਦੀ ਤਾਂਘ ਨੂੰ ਇਕ ਵਿਸ਼ੇਸ਼ ਜਜ਼ਬੇ-ਗੁੱਧੀ ਰਾਗਾਤਮਕਤਾ ਨਾਲ ਗਾਇਆ ਗਿਆ ਹੈ। ਇਹ ਸ਼ਾਇਦ ਇਸ ਲਈ ਸੰਭਵ ਹੋਇਆ ਹੋਵੇ ਕਿ ਕਿਸ਼ੋਰ ਅਵਸਥਾ ਤੋਂ ਹੀ ਆਪ ਨੇ ਵੱਧ ਤੋਂ ਵੱਧ ਸਮਾਂ ਗੁਰੂ-ਸੰਗਤ ਤੇ ਗੁਰੂ-ਦਰਬਾਰ ਵਿਚ ਸਾਧ-ਸੰਗਤ ਦੀ ਸੇਵਾ, ਗੁਰਬਾਣੀ ਅਭਿਆਸ ਤੇ ਨਾਮ-ਸਾਧਨਾ ਨਾਲ ਕੱਟਿਆ। ਅਜਿਹੇ ਸੰਸਕਾਰ ਜੋ ਆਪ ਨੇ ਛੋਟੀ ਉਮਰ ਤੋਂ ਹੀ ਗ੍ਰਹਿਣ ਕੀਤੇ।

ਉਹ ਸਾਰੇ ਸਿਧਾਂਤ, ਜਿਵੇਂ ਬ੍ਰਹਮ ਤੇ ਜੀਵ, ਆਤਮਾ ਦਾ ਆਵਾਗਵਨ, ਇਸ ਦੇ ਬੰਧਨ ਤੇ ਮੁਕਤੀ, ਜੀਵ ਤੇ ਪ੍ਰਕਿਰਤੀ ਆਦਿ—ਜਿਨ੍ਹਾਂ ਬਾਰੇ ਆਪ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨਾਂ ਨੇ ਵਿਚਾਰਿਆ, ਅਨੂਠੀ ਬਿੰਬਾਵਲੀ, ਛੰਦ-ਬੰਦੀ ਦੇ ਮੌਲਿਕ ਤਜਰਬੇ ਤੇ ਭਾਵ-ਪੂਰਤ ਸ਼ਬਦ-ਚਿਤਰਾਂ ਵਿਚ ਆਪ ਦੀ ਰਚਨਾ ਵਿਚ ਮਿਲਦੇ ਹਨ। ਗੁਰੂ, ਨਾਮ, ਮਨ ਜਿਹੇ ਵਿਸ਼ਿਆਂ ਦੀ ਭਰਪੂਰ ਵਿਆਖਿਆ ਵੀ ਇਸ ਵਿਚ ਸ਼ਾਮਲ ਹੈ। ਆਤਮਕ ਉੱਨਤੀ ਵਿਚ ਵਿਘਨ ਪਾਉਣ ਵਾਲੀਆਂ, ਰੋਕਾਂ, ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪਖੰਡ, ਭੇਖ, ਕਰਮ-ਕਾਂਡ, ਭਰਮ, ਮਨਮੁਖਤਾ, ਰਿੱਧੀਆਂ-ਸਿੱਧੀਆਂ, ਕਰਾਮਾਤਾਂ ਲਈ ਉਪਾਸਨਾ ਤੇ ਉਹਨਾਂ ਦੇ ਉਪਾਵਾਂ ਲਈ ਵਿਧੀਆਂ ਜਿਵੇਂ ਗੁਰੂ-ਧਿਆਨ, ਸਾਧ-ਸੰਗਤ, ਸਤਿ-ਸੰਗ, ਕੀਰਤਨ ਸਰੀਰਕ ਸੇਵਾ, ਕਿਰਤ ਕਮਾਈ ਵਿਚੋਂ ਦਾਨ-ਪੁੰਨ ਤੇ ਹੋਰ ਸਦਾਚਾਰਕ ਕਰਮ ਦੀ ਲੋੜ ਨੂੰ ਆਪ ਨੇ ਆਪਣੀ ਰਚਨਾ ਵਿਚ ਮੁੱਖ ਸਥਾਨ ਦਿੱਤਾ ਹੈ। ਨਿੱਤਨੇਮ ਦੇ ਤੌਰ 'ਤੇ ਅੰਮ੍ਰਿਤ ਵੇਲੇ ਦਾ ਜਾਗਣਾ, ਸੋਚ-ਇਸ਼ਨਾਨ, ਨਾਮ ਸਿਮਰਨ, ਪਾਠ ਵਿਚਾਰ ਵੀ ਇਹਨਾਂ ਵਿਧੀਆਂ ਦਾ ਹੀ ਭਾਗ ਹੈ। ਪ੍ਰਭੂ ਵਿਛੋੜੇ ਵਿਚ ਵੈਰਾਗ ਦੀ ਤੀਬਰਤਾ ਆਪ ਦੀ ਬਾਣੀ ਰਚਨਾ ਦਾ ਪ੍ਰਮੁੱਖ ਵਿਸ਼ਾ ਹੈ।

ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਹ ਰਾਗਾਂ ਵਿਚ ਬਾਣੀ ਰਚੀ। ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ ਰਚਨਾ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੇਵਲ ਸਲੋਕ ਹੀ ਰਚੇ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਵਿਚੋਂ 17 ਰਾਗਾਂ ਵਿਚ ਬਾਣੀ ਰਚੀ ਪਰ ਸ੍ਰੀ ਗੁਰੂ ਰਾਮਦਾਸ ਜੀ ਨੇ ਪਹਿਲੇ 19 ਰਾਗਾਂ ਵਿਚ 11 ਹੋਰ ਰਾਗਾਂ ਦਾ ਵਾਧਾ ਕੀਤਾ। ਇਹ ਰਾਗ ਹਨ—ਦੇਵ-ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ-ਨਾਰਾਇਣ, ਮਾਲੀ

SikhBookClub.com

ਗਉੜਾ, ਕੇਦਾਰਾ, ਕਾਨੜਾ, ਕਲਿਆਣਾ। ਇਹ ਕਹਿਣਾ ਵੀ ਕਠਨ ਹੈ ਕਿ ਆਪ ਨੇ ਰਾਗ-ਵਿਦਿਆ ਦੀ ਸਿੱਖਿਆ ਕਿਵੇਂ ਤੇ ਕਿਥੇ ਪ੍ਰਾਪਤ ਕੀਤੀ। ਤੀਹ ਰਾਗਾਂ ਵਿਚ ਇਹ ਰਚਨਾ ਕਈ ਛੰਦ-ਰੂਪਾਂ ਅਤੇ ਕਈ ਕਾਵਿ-ਰੂਪਾਂ ਵਿਚ ਹੈ। ਆਪ ਨੇ 246 ਪਦੇ ਰਚੇ ਜਿਨ੍ਹਾਂ ਵਿਚ ਦੁਪਦੇ, ਚੌਪਦੇ ਤੇ ਪੰਜਪਦੇ ਵਿਸ਼ੇਸ਼ ਹਨ। ਕਈ ਰੂਪਾਂ ਦੇ 138 ਸਲੋਕ ਰਚੇ। ਹੋਰ ਛੰਦ-ਰੂਪਾਂ ਵਿਚ ਛੰਤ 32 ਅਤੇ ਅਸ਼ਟਪਦੀਆਂ ਦੀ ਗਿਣਤੀ 31 ਹੈ।

ਆਪ ਦੇ ਰਚੇ ਹੋਏ ਲੋਕ ਕਾਵਿ ਰੂਪਾਂ ਵਿਚ ਜਿਵੇਂ ਪਹਰੇ, ਵਣਜਾਰਾ, ਕਰਹਲੇ, ਘੋੜੀਆਂ ਤੇ ਵਾਰਾਂ ਵਿਚ ਪ੍ਰਭੂ-ਮਿਲਾਪ ਦੀ ਸਿੱਕ ਤੇ ਤੜਪ ਦੇ ਵਿਸ਼ੇ ਹਨ ਜੋ ਸਰੋਦੀ ਤੇ ਭਾਵਨਾ-ਭਰਪੂਰ ਰੰਗ ਵਿਚ ਪੇਸ਼ ਹੋਏ ਹਨ। ਵਾਰਾਂ ਵਿਚ ਪ੍ਰਭੂ ਦੀ ਵਡਿਆਈ ਦੇ ਨਾਲ-ਨਾਲ ਸਦਾਚਾਰਕ ਤੇ ਸਮਾਜਕ ਵਿਸ਼ਿਆਂ ਨੂੰ ਵੀ ਛੁਹਿਆ ਗਿਆ ਹੈ। ਸਲੋਕ ਆਮ ਤੌਰ 'ਤੇ ਆਪ ਦੀਆਂ ਵਾਰਾਂ ਵਿਚ ਪਉੜੀਆਂ ਦੇ ਨਾਲ ਹਨ। ਵਾਰਾਂ ਤੋਂ ਵਧੀਕ ਸਲੋਕ ਵੀ ਹਨ। ਪਦਿਆਂ ਦਾ ਮੁੱਖ ਵਿਸ਼ਾ ਪ੍ਰਭੂ-ਪ੍ਰੇਮ, ਪ੍ਰਭੂ ਲਈ ਵੈਰਾਗ ਤੇ ਤੜਪ ਹੈ। ਇਹਨਾਂ ਵਿਚ ਸਰੋਦੀ ਰੰਗ ਸਿਖਰ ਉੱਤੇ ਹੈ। ਪਦਿਆਂ ਵਿਚ ਕਿਤੇ ਨਾਮ ਦੀ ਪ੍ਰਾਪਤੀ ਲਈ ਗੁਰੂ-ਸ਼ਰਨ ਜਾਣ ਲਈ ਤੜਪ ਹੈ, ਜਿਵੇਂ ਸਿਰੀ ਰਾਗ ਵਿਚ ਅਤੇ ਕਿਤੇ ਗੁਰ-ਮਿਲਾਪ ਦੀ ਤਾਂਘ ਹੈ, ਜਿਵੇਂ ਰਾਗ ਮਾਝ ਵਿਚ।

ਛੰਤ ਆਮ ਤੌਰ 'ਤੇ ਪ੍ਰਭੂ ਨਾਲ ਮੇਲ ਦੀ ਸਿੱਕ ਤੇ ਉਤਸ਼ਾਹ ਦੀ ਤੀਬਰਤਾ ਨੂੰ ਪ੍ਰਗਟ ਕਰਦੇ ਹਨ। ਇਹ ਭਾਵਕ ਬਿਰਤੀ ਦੇ ਲਖਾਇਕ ਹਨ। ਰਾਗ ਆਸਾ ਦੇ ਛੰਤਾਂ ਵਿਚ ਵੈਰਾਗ ਨੂੰ ਚਿਤਰਿਆ ਗਿਆ ਹੈ ਅਤੇ ਸੂਹੀ ਵਿਚ ਮਿਲਾਪ ਤੇ ਉਮਾਹ ਨੂੰ। ਰਾਗ ਆਸਾ ਦੇ ਛੇ ਛੰਤ 'ਆਸਾ ਦੀ ਵਾਰ' ਨਾਲ ਵੀ ਗਾਏ ਜਾਂਦੇ ਹਨ। ਇਹਨਾਂ ਦੇ ਕੁਲ 24 ਅੰਗ ਹੋਣ ਕਰਕੇ ਆਸਾ ਦੀ ਵਾਰ ਦੀਆਂ 24 ਪਉੜੀਆਂ ਨਾਲ ਇਕ ਇਕ ਕਰਕੇ ਆ ਜਾਂਦੇ ਹਨ।

ਅਸ਼ਟਪਦੀਆਂ ਵਿਚ ਸਿਧਾਂਤਕ ਵਿਸ਼ਵਾਸ ਤੇ ਧਾਰਮਕ ਉਪਦੇਸ਼ ਹੈ। ਇਹੀ ਗੱਲ ਸਲੋਕ ਬਾਰੇ ਕਹੀ ਜਾ ਸਕਦੀ ਹੈ। ਰਾਗਾਂ ਤੋਂ ਵਧੀਕ ਸਲੋਕਾਂ ਵਿਚ ਕਈ ਸਲੋਕ ਦੋ, ਚਾਰ, ਪੰਜ, ਛੇ, ਜਾਂ ਅੱਠ ਤੁਕਾਂ ਤੱਕ ਦੇ ਵੀ ਹਨ। ਇਹ ਵੱਖ-ਵੱਖ ਬਹਿਰ ਦੇ, ਲੰਮੀਆਂ ਜਾਂ ਛੋਟੀਆਂ ਤੁਕਾਂ ਵਾਲੇ ਹਨ। ਸਪੱਸ਼ਟ ਹੈ ਕਿ ਗੁਰੂ ਜੀ ਨੇ ਵਿਚਾਰ ਦੀ ਸਪੱਸ਼ਟਤਾ ਨੂੰ ਹੀ ਮੁੱਖ ਰੱਖਿਆ ਹੈ, ਰੂਪਕ ਪੱਖ ਦੀ ਸਨਾਤਨਤਾ ਤੇ ਮਰਯਾਦਾ ਦੀ ਕੋਈ ਖਾਸ ਪਰਵਾਹ ਨਹੀਂ ਕੀਤੀ। ਏਸੇ ਤਰ੍ਹਾਂ ਅਸ਼ਟਪਦੀਆਂ ਵਿਚ ਵੀ ਪਦਿਆਂ ਦੀ ਨਿਰਧਾਰਤ ਮਾਤਰਾ ਨੂੰ ਮੁਖ ਨਹੀਂ ਰੱਖਿਆ, ਸਗੋਂ ਵਿਚਾਰ ਦਾ ਵੇਗ ਹੀ ਭਾਰੂ ਹੈ। ਸੂਹੀ ਰਾਗ ਦੀ ਅਸ਼ਟਪਦੀ 'ਕੋਈ ਆਣਿ ਮਿਲਾਵੇ ਮੇਰਾ ਪ੍ਰੀਤਮ ਪਿਆਰਾ' (ਪੰਨਾ ੭੫੭) ਜੋ ਗੁਰੂ ਤੇ ਹਰੀ ਪ੍ਰਤੀ ਭਾਵਾਂ ਦੀ ਆਪਾ-ਵਾਰੂ ਤੀਬਰਤਾ ਦਾ ਪ੍ਰਗਟਾਵਾ ਕਰਦੀ ਹੈ, 32 ਤੁਕਾਂ ਵਾਲੀ ਹੈ। ਇਹ ਅਸ਼ਟਪਦੀ ਆਪ ਦੀ ਰਚਨਾ ਦਾ ਰਾਗਾਤਮਕਤਾ, ਬਿੰਬਾਵਲੀ ਤੇ ਵਿਚਾਰਧਾਰਾ ਦੀ ਇਕ ਪ੍ਰਮੁੱਖ ਉਦਾਹਰਣ ਕਹੀ ਜਾ ਸਕਦੀ ਹੈ। ਇਸ ਦੀਆਂ ਪਹਿਲੀਆਂ 12 ਤੁਕਾਂ ਵਿਚ ਆਪਣੇ ਆਪ ਨੂੰ ਗੁਰੂ ਦੀ ਸੇਵਾ ਵਿਚ ਦੀਵਾਨਾ-ਵਾਰ ਪੇਸ਼ ਕਰਕੇ ਹਰੀ ਦੇ ਮੇਲ ਲਈ ਤਾਂਘ ਦੱਸੀ ਗਈ ਹੈ ਅਤੇ ਜੋ ਵੀ ਉਸ ਨਾਲ ਮਿਲਾ ਦੇਵੇ ਉਸ ਅੱਗੇ ਕੁਰਬਾਨ ਹੋਣ ਲਈ ਤਿਆਰ ਹਨ। ਅਗਲੀਆਂ ਛੇ ਤੁਕਾਂ ਵਿਚ ਇਸ ਮਿਲਾਣ ਵਾਲੇ ਗੁਰੂ ਲਈ ਸਿੱਖ ਦੀ ਅਟੁੱਟ ਸ਼ਰਧਾ ਦੱਸੀ ਹੈ। ਉਸ ਤੋਂ ਅਗਲੀਆਂ ਛੇ ਤੁਕਾਂ ਵਿਚ ਹਰੀ ਨੂੰ ਕਹਿੰਦੇ ਹਨ ਕਿ ਤੂੰ ਆਪ ਹੀ ਮਿਲਾਣ ਵਾਲਾ ਗੁਰੂ ਹੈਂ। ਅੰਤ ਦੀਆਂ ਅੱਠ ਤੁਕਾਂ ਵਿਚ ਫੇਰ ਗੁਰੂ ਲਈ ਸ਼ਰਧਾ ਦਸਦੇ ਹਨ ਜੋ ਹਰੀ ਨੂੰ ਹਰ ਥਾਂ ਪ੍ਰਵੇਸ਼ ਕਰਦਾ ਦੱਸ ਕੇ ਮਿਲਾਪ

SikhBookClub.com

ਕਰਾਉਂਦਾ ਹੈ।

ਏਸੇ ਤਰ੍ਹਾਂ ਛਕੇ ਛੰਤਾਂ ਦੀ ਵਿਸ਼ੇਸ਼ ਸਾਹਿਤਿਕ ਵਡਿਆਈ ਹੈ। ਛਕੇ ਛੰਤਾਂ ਦਾ ਜਨਮ ਇਕ ਪਾਸੇ ਆਪਣੀ ਤੁਛਤਾ ਤੇ ਨਿਮਰਤਾ ਦੀ ਭਾਵਨਾ, ਦੂਜੇ ਪਾਸੇ ਗੁਰੂ ਦੀ ਵਡਿਆਈ ਅਤੇ ਤੀਜੇ ਪਾਸੇ ਗੁਰੂ ਦੇ ਮੇਲ ਲਈ ਬਿਹਬਲਤਾ ਵਿਚੋਂ ਹੋਇਆ ਹੈ। ਇਹਨਾਂ ਵਿਚ ਗੁਰੂ ਦੇ ਬਿਰਦ ਉੱਤੇ ਟੇਕ ਰੱਖਣ ਵਾਲੇ ਸ਼ਰਧਾਲੂ ਦੀ ਕ੍ਰਿਤੱਗਤਾ ਅਤੇ ਗੁਰੂ ਲਈ ਸ਼ਰਧਾ ਦੇ ਪ੍ਰਤਿ-ਅਨੁਭਵ ਅਜਿਹੀ ਸੁਚੱਜਤਾ ਨਾਲ ਸਾਕਾਰ ਹੋਏ ਹਨ ਕਿ ਇਹਨਾਂ ਵਿਚ ਪ੍ਰੇਮ ਦਾ ਆਨੰਦ ਵੀ ਹੈ। (ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮ ਰਤਨਾ ਰਾਮ ਰਾਜੇ) ਪ੍ਰੇਮ ਦੀ ਕਸਕ ਵੀ (ਹਰਿ ਪ੍ਰੇਮ ਬਾਣੀ ਮਨ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ) ਪ੍ਰੇਮ ਦੀ ਸਿੱਕ ਵੀ (ਪੰਥ ਦਸਾਵਾ ਨਿਤ ਖੜੀ ਮੁੰਧ ਜੋਬਨਿ ਵਾਲੀ ਰਾਮ ਰਾਜੇ), ਪ੍ਰੇਮ ਦੀ ਨਿਮਰਤਾ ਵੀ (ਜਿਉ ਭਾਵੇ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ) ਅਤੇ ਪ੍ਰੇਮ ਦਾ ਸਵੈ-ਭਰੋਸਾ ਵੀ (ਜਿਨ ਹਰਿ ਸੇਤੀ ਮਨ ਮਾਰਿਆ ਸਭ ਦੁਸਟ ਝਖ ਮਾਰਾ)। ਇਨ੍ਹਾਂ ਛੰਤਾਂ ਵਿਚ ਕੇਵਲ ਸੁਹਜ ਸਵਾਦ ਹੀ ਨਹੀਂ ਸਗੋਂ ਪਾਠਕਾਂ ਦੇ ਹਿਰਦਿਆਂ ਵਿਚ ਆਪਣੇ ਨਿੱਜੀ ਭਾਵਾਂ ਨੂੰ ਸਮੂਹਕ ਕਰਨ ਦਾ ਉਪਰਾਲਾ ਵੀ ਗੁਰੂ ਜੀ ਨੇ ਸਫਲਤਾ-ਪੂਰਵਕ ਕੀਤਾ ਹੈ। ਇਸ ਵਿਚ ਪ੍ਰਗਟ ਹੋਏ ਭਾਵ ਮੁੱਖ ਤੌਰ 'ਤੇ ਸੰਜੋਗਮਈ ਹਨ, ਭਾਵੇਂ ਵਿਚ ਵਿਚ ਵਿਯੋਗ ਦੀਆਂ ਮਧਮ ਸੁਰਾਂ ਵੀ ਸੁਣਾਈ ਦੇਂਦੀਆਂ ਹਨ।

ਸ੍ਰੀ ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਦਾ ਰਾਗਾਂ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ:

ਨੰ:	ਰਾਗ	ਪਦੇ	ਅਸ਼ਟਪਦੀਆਂ	ਹੋਰ ਰਚਨਾਵਾਂ	ਛੰਤ	ਸਲੋਕ	ਵਾਰ	ਪਉੜੀਆਂ
1.	ਸਿਰੀ	6	—	ਪਹਰੇ1 (ਵਣਜਾਰਾ-1	1	—	1	(21)
2.	ਮਾਝ	7	1	—	—	2	—	
3.	ਗਉੜੀ	32	—	ਕਰਹਲੇ-2	—	53	1	(28)
4.	ਆਸਾ	16	—	—	14	—	—	
5.	ਗੂਜਰੀ	7	1	—	—	—	—	
6.	ਦੇਵ ਗੰਧਾਰੀ	6	—	—	—	—	—	
7.	ਬਿਹਾਗੜਾ	6	—	—	—	2	1	(21)
8.	ਵਡਹੰਸ	3	—	ਘੋੜੀਆਂ-2	4	—	1	(21)
9.	ਸੋਰਠਿ	9	—	—	—	7	1	(29)
10.	ਜੈਤਸਰੀ	11	—	—	—	—	—	
11.	ਧਨਾਸਰੀ	13	—	—	1	—	—	
12.	ਟੋਡੀ	1	—	—	—	—	—	
13.	ਬੈਰਾੜੀ	6	—	—	—	—	—	
14.	ਤਿਲੰਗ	2	—	—	—	—	—	
15.	ਸੂਹੀ	15	2	—	6	—	—	
16.	ਬਿਲਾਵਲ	7	6	—	2	2	1	(13)

SikhBookClub.com

17. ਰਾਮਕਲੀ	6	—	—	—	—	—	
18. ਨਟ-ਨਾਰਾਇਣ	9	6	—	—	—	—	
19. ਮਾਲੀ ਗਉੜਾ	1	—	—	—	—	—	
20. ਮਾਰੂ	8	—	—	—	6	—	
21. ਤੁਖਾਰੀ	—	—	—	4	—	—	
22. ਕੇਦਾਰਾ	2	—	—	—	—	—	
23. ਗੋਂਡ	6	—	—	—	—	—	
24. ਭੈਰਉ	7	—	—	—	—	—	
25. ਬਸੰਤ	7	1	—	—	—	—	
26. ਸਾਰੰਗ	13	2	—	—	6	1	(35)
27. ਮਲਾਰ	9	—	—	—	—	—	
28. ਕਾਨੜਾ	12	6	—	—	30	1	(15)
29. ਕਲਿਆਨ	7	6	—	—	—	—	
30. ਪ੍ਰਭਾਤੀ	7	—	—	—	—	—	
ਕੁਲ	245	31	6	32	138	8	(183)

(30 ਸ਼ਲੋਕ ਵਾਰਾਂ ਤੋਂ ਵਧੀਕ)

ਵਾਰਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਤੋਂ ਪਤਾ ਲਗਦਾ ਹੈ ਕਿ ਉਹਨੀਂ ਦਿਨੀਂ ਵਾਰ ਦਾ ਰੂਪ ਬਹੁਤ ਲੋਕ-ਪ੍ਰਿਅ ਸੀ। ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਗੁਰੂ ਸਾਹਿਬਾਂ ਨੇ ਲੋਕ-ਕਾਵਿ ਦੇ ਇਸ ਰੂਪ ਨੂੰ ਆਪਣੇ ਅਧਿਆਤਮਕ ਤੇ ਸਮਾਜਕ ਵਿਚਾਰ ਪੇਸ਼ ਕਰਨ ਲਈ ਵਰਤਿਆ। ਵਾਰ ਵਿਚ ਜੋਧਿਆਂ ਦੇ ਜੂਝਣ ਤੇ ਜੰਗ ਦਾ ਬੀਰ-ਰਸੀ ਬਿਆਨ ਹੁੰਦਾ ਸੀ ਪਰ ਇਹਨਾਂ ਵਾਰਾਂ ਵਿਚ ਗੁਰੂ-ਸਾਹਿਬਾਨ ਨੇ ਸ਼ਾਂਤ-ਰਸ ਰਾਹੀਂ ਲੋਕਾਂ ਵਿਚ ਆਤਮਕ ਭਾਵ ਪੈਦਾ ਕਰ ਕੇ ਉਹਨਾਂ ਅੰਦਰ ਨਵੀਂ ਸਮਾਜਕ ਤੇ ਆਤਮਕ ਬਲਵਾਨਗੀ ਦਾ ਸੰਚਾਰ ਕੀਤਾ, ਜਿਵੇਂ ਗੀਤਾ ਦੇ ਫ਼ਲਸਫ਼ੇ ਅਨੁਸਾਰ ਚੰਗੀਆਂ ਤੇ ਮਾੜੀਆਂ ਬਿਰਤੀਆਂ ਦਾ ਆਪਸੀ ਯੁੱਧ ਮਨੁੱਖ ਦੇ ਮਨ ਵਿਚ ਵੀ ਚਲਦਾ ਰਹਿੰਦਾ ਹੈ, ਏਸੇ ਤਰ੍ਹਾਂ ਇਹਨਾਂ ਵਾਰਾਂ ਵਿਚ ਗੁਰਮੁੱਖ ਆਤਮਕ ਬਲ ਨਾਲ ਲੈਸ ਹੋ ਕੇ ਮਨਮੁਖੀ ਬਿਰਤੀਆਂ ਨਾਲ ਯੁੱਧ ਕਰਦਾ ਤੇ ਜਿੱਤ ਪ੍ਰਾਪਤ ਕਰਦਾ ਹੈ। ਅਧਿਆਤਮਕ ਵਾਰ ਦੇ ਇਸ ਗੁਣ ਦੇ ਪੂਰਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਆਪਣੀਆਂ ਵਾਰਾਂ ਵਿਚ ਪਾ ਦਿੱਤੇ ਹਨ:

ਆਪੇ ਛਿੰਝ ਪਵਾਇ ਮਲਾਖੜਾ ਰਚਿਆ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥

(ਪੰਨਾ ੧੨੮੦)

SikhBookClub.com

ਗੁਰੂ ਸਾਹਿਬਾਨ ਦੀਆਂ ਵਾਰਾਂ ਵਾਂਗ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਵਾਰਾਂ ਦਾ ਵਿਸ਼ਾ ਸਤਿਗੁਰੂ, ਗੁਰਮੁਖ, ਨਾਮ ਦਾ ਜੱਸ ਅਤੇ ਮਨੁੱਖ ਲਈ ਗੁਰਮਤਿ ਸਿਧਾਂਤਾਂ ਅਨੁਸਾਰ ਜੀਵਨ ਸਫਲ ਕਰਨ ਦਾ ਰਾਹ ਦਰਸਾਉਣਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਲੀਹ ਉੱਤੇ ਚਲਦੇ ਹੋਏ ਆਪਣੀਆਂ ਵਾਰਾਂ ਵਿਚ ਸਮਾਜਕ ਗਿਰਾਵਟ, ਭੇਖਾਂ, ਪਖੰਡਾਂ, ਕਰਮ-ਕਾਂਡ ਅਤੇ ਮਨਮੁਖਾਂ ਦੀਆਂ ਕਰਤੂਤਾਂ ਦਾ ਖੰਡਨ ਵੀ ਕੀਤਾ ਹੈ:

ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥
ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ॥
ਪੁਤੁ ਕਲਤੁ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ॥
ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥
ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ॥

(ਪੰਨਾ ੧੨੩੮)

ਪੰਜਵੇਂ ਗੁਰੂ ਜੀ ਨੇ ਜਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ ਤਾਂ ਗੁਰੂ ਸਾਹਿਬਾਨ ਦੇ ਉਚਰੇ ਹੋਏ ਸਲੋਕ ਇਹਨਾਂ ਬਾਣੀ ਵਾਰਾਂ ਦੀਆਂ ਪਉੜੀਆਂ ਨਾਲ ਪ੍ਰਸੰਗ ਸਹਿਤ ਜੋੜ ਦਿੱਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਇਹਨਾਂ ਬਾਣੀ ਵਾਰਾਂ ਵਿਚੋਂ ਤਿੰਨ ਪਹਿਲੇ ਗੁਰੂ ਦੀਆਂ, ਚਾਰ ਤੀਜੇ ਗੁਰੂ ਦੀਆਂ, ਅੱਠ ਚੌਥੇ ਗੁਰੂ ਦੀਆਂ, ਛੇ ਪੰਜਵੇਂ ਗੁਰੂ ਦੀਆਂ, ਇਕ ਸੱਤੇ ਬਲਵੰਡ ਦੀ ਵਾਰ ਹੈ। ਗਿਣਤੀ ਵਿਚ ਆਪ ਦੀਆਂ ਸਭ ਤੋਂ ਵੱਧ ਵਾਰਾਂ ਦੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਵਾਰ ਕਾਵਿ-ਰੂਪ ਬੜਾ ਪਸੰਦ ਸੀ। ਇਹ ਅੱਠ ਵਾਰਾਂ ਇਹਨਾਂ ਵਾਰਾਂ ਵਿਚ ਹਨ:

1· ਸ੍ਰੀ ਰਾਗ ਕੀ ਵਾਰ
2· ਗਉੜੀ ਰਾਗ ਕੀ ਵਾਰ
3· ਵਡਹੰਸ ਕੀ ਵਾਰ
4· ਬਿਲਾਵਲ ਕੀ ਵਾਰ
5· ਬਿਹਾਗੜੇ ਕੀ ਵਾਰ
6· ਸੋਰਠ ਕੀ ਵਾਰ
7· ਸਾਰੰਗ ਕੀ ਵਾਰ
8· ਕਾਨੜੇ ਕੀ ਵਾਰ

'ਸ੍ਰੀ ਰਾਗ ਕੀ ਵਾਰ' ਦੀਆਂ ਕੁਲ 21 ਪਉੜੀਆਂ ਗੁਰੂ ਜੀ ਦੀ ਆਪਣੀ ਰਚਨਾ ਹੈ। ਇਹਨਾਂ ਨਾਲ ਦਰਜ 43 ਸਲੋਕਾਂ ਵਿਚ ਗੁਰੂ ਨਾਨਕ ਸਾਹਿਬ ਦੇ ਸੱਤ, ਗੁਰੂ ਅੰਗਦ ਦੇ 2, ਗੁਰੂ ਅਮਰਦਾਸ ਦੇ 33, ਗੁਰੂ ਅਰਜਨ ਸਾਹਿਬ ਦਾ ਇਕ ਸਲੋਕ ਹੈ। ਹਰੇਕ ਪਉੜੀ ਦੇ ਨਾਲ ਕਰੀਬ ਦੋ ਦੋ ਸਲੋਕ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਇਸ ਵਿਚ ਕੋਈ ਵੀ ਆਪਣਾ ਸਲੋਕ ਨਹੀਂ ਹੈ। ਪਉੜੀਆਂ ਵਿਚ ਆਪ ਭਾਵ ਤੇ ਰਾਗ ਨੂੰ ਵਧੇਰੇ ਮਹਾਨਤਾ ਦੇਂਦੇ ਹਨ। ਮਾਤਰਾਂ ਅਨੁਸਾਰ ਵਜ਼ਨ-ਤੋਲ ਪੂਰਾ ਰੱਖਣਾ ਬਹੁਤ ਜ਼ਰੂਰੀ ਨਹੀਂ ਸਮਝਦੇ। ਭਾਵ ਦੀ ਸਪੱਸ਼ਟਤਾ ਲਈ ਕਈ ਥਾਈਂ ਲੰਮੀਆਂ ਲੰਮੀਆਂ ਤੁਕਾਂ ਵੀ ਹਨ। ਸਲੋਕ ਪਉੜੀ ਦੇ ਭਾਵ ਨੂੰ ਸਪੱਸ਼ਟ ਕਰਦੇ ਹਨ।

'ਗਉੜੀ ਕੀ ਵਾਰ' ਵਿਚ ਕੁਲ 33 ਪਉੜੀਆਂ ਹਨ। ਪਹਿਲੀਆਂ 26 ਪਉੜੀਆਂ ਸ੍ਰੀ ਗੁਰੂ

SikhBookClub.com

ਰਾਮਦਾਸ ਜੀ ਦੀਆਂ, ਅਗਲੀਆਂ ਪੰਜ ਪਉੜੀਆਂ ਪੰਜਵੇਂ ਗੁਰੂ ਜੀ ਦੀਆਂ ਤੇ ਆਖਰੀ ਦੋ ਮੁੜ ਆਪ ਦੀਆਂ। ਇਹਨਾਂ ਨਾਲ ਕੁਲ 68 ਸਲੋਕ ਹਨ, ਜਿਨ੍ਹਾਂ ਵਿਚੋਂ 53 ਆਪ ਦੇ, 7 ਸ੍ਰੀ ਗੁਰੂ ਅਮਰਦਾਸ ਜੀ ਦੇ ਅਤੇ 8 ਸ੍ਰੀ ਗੁਰੂ ਅਰਜਨ ਸਾਹਿਬ ਦੇ ਹਨ। ਇਸ ਵਾਰ ਵਿਚ ਆਪ ਨੇ ਆਪਣੇ ਸਮੇਂ ਦੀਆਂ ਘਟਨਾਵਾਂ ਨੂੰ ਮੁੱਖ ਰੱਖ ਕੇ ਗੋਂਦੇ ਮਰਵਾਹੇ ਅਤੇ ਤਪੇ ਜਿਹੇ ਮਨਮੁਖਾਂ, ਈਰਖਾਲੂਆਂ ਅਤੇ ਗੁਰੂ ਨਿੰਦਕਾਂ ਦੇ ਪੋਲ ਖੋਲ੍ਹੇ ਹਨ। ਇਸ ਕਾਰਨ ਇਸ ਵਾਰ ਦਾ ਇਤਿਹਾਸਕ ਮਹੱਤਵ ਵੀ ਹੈ।

ਬਿਹਾਗੜੇ ਦੀ ਵਾਰ ਦੀਆਂ 21 ਪਉੜੀਆਂ ਅਤੇ 43 ਸਲੋਕ ਹਨ। ਇਹਨਾਂ ਵਿਚੋਂ ਪਹਿਲੇ ਗੁਰੂ ਜੀ ਦੇ ਦੋ, ਤੀਜੇ ਗੁਰੂ ਦੇ 33, ਚੌਥੇ ਗੁਰੂ ਜੀ ਦੇ ਦੋ, ਪੰਜਵੇਂ ਗੁਰੂ ਜੀ ਦੇ ਦੋ, ਕਬੀਰ ਜੀ ਦਾ ਇਕ ਤੇ ਭਾਈ ਮਰਦਾਨੇ ਦੇ ਤਿੰਨ ਸਲੋਕ ਹਨ। ਭਾਵਨਾ ਦੇ ਵੇਗ ਵਿਚ ਆ ਕੇ ਆਪ ਨੇ ਕੋਈ ਕੋਈ ਤੁਕ ਤਾਂ ਕਾਫ਼ੀ ਲੰਮੀ ਕਰ ਦਿੱਤੀ ਹੈ:

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ
ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥

(ਪੰਨਾ ਪ੪੯)

'ਬਿਲਾਵਲ ਕੀ ਵਾਰ' ਵਿਚ ਥਾਂ ਥਾਂ ਉੱਤੇ ਗੁਰੂ-ਨਿੰਦਕਾਂ ਅਤੇ ਗੁਰੂ-ਘਰ ਦੇ ਵਿਰੋਧੀਆਂ ਵੱਲ ਇਸ਼ਾਰੇ ਮਿਲਦੇ ਹਨ ਅਤੇ ਇਹ ਦੱਸਿਆ ਗਿਆ ਕਿ ਸਰਬ-ਸਮਰਥ ਹਰੀ ਦਾ ਹੱਥ ਗੁਰੂ ਦੀ ਪਿੱਠ ਉੱਤੇ ਹੈ, ਇਸ ਲਈ ਦੁਸ਼ਮਣ ਤੇ ਨਿੰਦਕ ਉਸ ਦਾ ਕੁਝ ਨਹੀਂ ਵਿਗਾੜ ਸਕਦੇ। ਬਿਲਾਵਲ ਦਾ ਸ਼ਾਬਾਦਿਕ ਅਰਥ ਹੈ 'ਖ਼ੁਸ਼ੀ'। ਗੁਰੂ ਸਾਹਿਬ ਨੇ ਦੱਸਿਆ ਕਿ ਅਸਲੀ ਖ਼ੁਸ਼ੀ ਦੁਨਿਆਵੀ ਪਦਾਰਥਾਂ—ਚੰਗੇ ਭੋਜਨਾਂ, ਪੁਸ਼ਾਕਾਂ, ਮਹਿਲ-ਮਾੜੀਆਂ ਤੇ ਹੋਰ ਭੋਗਾਂ ਵਿਚ ਨਹੀਂ, ਸਗੋਂ ਹਰੀ ਸਿਮਰਨ ਵਿਚ ਹੈ, ਜੋ ਗੁਰੂ ਦੇ ਰਾਹੀਂ ਪ੍ਰਾਪਤ ਹੁੰਦਾ ਹੈ।

'ਸਾਰੰਗ ਕੀ ਵਾਰ' ਦਾ ਮੁੱਖ ਵਿਸ਼ਾ ਨਾਮ ਦੀ ਮਹਿਮਾ ਹੈ, ਜੋ ਕਰਮ-ਕਾਂਡ ਨਾਲ ਨਹੀਂ, ਸਗੋਂ ਨਾਮ ਸੁਣਨ, ਮੰਨਣ ਤੇ ਜਪਣ ਨਾਲ, ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵਿਚੋਂ ਸਭ ਤੋਂ ਲੰਮੀ ਵਾਰ ਹੈ। ਇਸ ਵਿਚ 36 ਪਉੜੀਆਂ ਹਨ ਅਤੇ ਪੰਜ ਗੁਰੂ ਸਾਹਿਬਾਂ ਦੇ ਰਚੇ ਹੋਏ 74 ਸਲੋਕ ਹਨ। 'ਕਾਨੜੇ ਕੀ ਵਾਰ' ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀਆਂ 15 ਪਉੜੀਆਂ ਅਤੇ 30 ਸਲੋਕ ਸਾਰੇ ਹੀ ਸ੍ਰੀ ਗੁਰੂ ਰਾਮਦਾਸ ਜੀ ਦੀ ਆਪਣੀ ਰਚਨਾ ਹਨ। ਪਰ 'ਵਡਹੰਸ ਕੀ ਵਾਰ' ਵਿਚ ਪਉੜੀਆਂ ਤਾਂ ਚੌਥੇ ਗੁਰੂ ਜੀ ਦੀਆਂ ਹਨ।

ਵਾਰਾਂ ਦੀ ਬੋਲੀ ਸਰਲ ਤੇ ਉਸ ਸਮੇਂ ਦੀ ਠੇਠ ਪੰਜਾਬੀ ਹੈ। ਗੁਰੂ ਸਾਹਿਬਾਨ ਨੇ ਵਾਰਾਂ ਦੇ ਰਾਹੀਂ ਪਹਿਲੀ ਵੇਰ ਪੰਜਾਬੀ ਬੋਲੀ ਨੂੰ ਡੂੰਘੇ ਤੇ ਔਖੇ ਭਾਵਾਂ ਦੇ ਦਾਰਸ਼ਨਿਕ ਵਿਚਾਰਾਂ ਦੇ ਪ੍ਰਗਟਾਉਣ ਦਾ ਵਸੀਲਾ ਬਣਾਇਆ। ਚੌਥੇ ਗੁਰੂ ਜੀ ਨੇ ਸੱਚੇ ਤੇ ਸੁੱਚੇ ਵਲਵਲੇ ਨੂੰ ਮੁੱਖ ਰੱਖਦੇ ਹੋਏ, ਛੰਦਾਂ ਬੰਦੀ ਦੇ ਨਿਯਮਾਂ ਦੀ ਪਰਵਾਹ ਨਾ ਕਰਕੇ ਭਾਵਾਂ ਨੂੰ ਪ੍ਰਮੁੱਖਤਾ ਦਿੱਤੀ ਅਤੇ ਨਿੱਜੀ ਤੇ ਸਥਾਨਕ ਹਵਾਲੇ ਦੇ ਕੇ ਚੌਗਿਰਦੇ ਦੇ ਗਿਆਨ ਦਾ ਸਬੂਤ ਵੀ ਦਿੱਤਾ। ਇਸ ਕਾਰਨ ਹੀ ਆਪ ਦੀਆਂ ਰਚੀਆਂ ਵਾਰਾਂ ਦੀਆਂ ਪਉੜੀਆਂ ਵਿਚ ਉਸ ਮੁੱਢਲੀ ਪੰਜਾਬੀ ਵਾਰਤਕ ਦਾ ਉਹ ਬੀਜ-ਰੂਪ ਦੇਖ ਸਕਦੇ ਹਾਂ ਜੋ ਅਜੇ ਕਾਵਿ-ਗਰਭਤ ਸੀ, ਕਿਉਂਕਿ ਭਾਵਨਾ ਅਤੇ ਯਥਾਰਥ ਵਰਣਨ ਦੇ ਦੂਹਰੇ ਪ੍ਰਭਾਵ ਹੇਠ ਇਹਨਾਂ ਦੀਆਂ ਕਈ ਤੁਕਾਂ ਦੀ ਲੰਬਾਈ ਵੱਧ ਕੇ ਛੰਦ-ਬੰਦੀ ਦੇ ਤੋਲ ਦੀ ਸੁਤੰਤਰਤਾ ਮਾਣਦੀ ਹੈ। ਏਸੇ ਲਈ ਇਹਨਾਂ ਵਾਰਾਂ ਦੀ ਇਕ ਵਿਸ਼ੇਸ਼ ਸਾਹਿਤਕ ਤੇ ਇਤਿਹਾਸਕ ਮਹਾਨਤਾ ਵੀ ਹੈ।

SikhBookClub.com

ਪਹਰੇ, ਵਣਜਾਰਾ, ਕਰਹਲੇ, ਘੋੜੀਆਂ

ਪਹਰੇ ਇਕ ਲੋਕ-ਕਾਵਿ ਰੂਪ ਹੈ ਜਿਸ ਅਨੁਸਾਰ ਮਨੁੱਖੀ ਜੀਵਨ ਨੂੰ ਰਾਤ ਕਿਹਾ ਗਿਆ ਹੈ ਅਤੇ ਇਸ ਦੇ ਚਾਰ ਪਹਿਰ ਜੀਵਨ ਦੇ ਚਾਰ ਮੁੱਖ ਭਾਗ ਹਨ—ਜਨਮ, ਜਵਾਨੀ, ਬੁਢਾਪਾ ਤੇ ਮੌਤ। ਸ੍ਰੀ ਰਾਗ ਵਿਚ ਪਹਿਲੇ, ਚੌਥੇ ਤੇ ਪੰਜਵੇਂ ਗੁਰੂ ਜੀ ਨੇ 'ਪਹਰੇ' ਰਚੇ ਹਨ। ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚੀ ਗਈ ਇਸ ਬਾਣੀ (ਪੰਨਾ 76) ਦਾ ਭਾਵ ਗੁਰੂ ਨਾਨਕ ਦੇਵ ਜੀ ਦੁਆਰਾ ਰਚੇ ਦੋ ਪਹਰੇ ਨਾਲ ਮਿਲਦਾ ਜੁਲਦਾ ਹੈ। ਪਹਿਲੇ ਪਹਿਰੇ ਵਿਚ ਮਨੁੱਖ ਮਾਂ ਦੇ ਪੇਟ ਵਿਚ ਹਰੀ ਨੂੰ ਚਿਤਵਦਾ ਹੈ ਅਤੇ ਉਸ ਦੇ ਜਨਮ ਉੱਤੇ ਮਾਂ ਪਿਉ ਦੇ ਘਰ ਵਾਲੇ ਖ਼ੁਸ਼ ਹੁੰਦੇ ਹਨ। ਦੂਜੇ ਪਹਿਰੇ, ਜਵਾਨੀ ਵਿਚ ਮਨੁੱਖ ਦੁਨੀਆਂ ਦੇ ਮੋਹ-ਮਾਇਆ ਵਿਚ ਫਸ ਜਾਂਦਾ ਹੈ ਅਤੇ ਦਾਤਾਂ ਦੇਣ ਵਾਲੇ ਨਾਲੋਂ ਬਹੁਤਾ ਪਦਾਰਥਾਂ (ਦਾਤਾਂ) ਨਾਲ ਹਿੱਤ ਰੱਖਦਾ ਹੈ। ਤੀਜੇ ਪਹਿਰੇ ਵਿਚ ਉਹ ਇਸ ਗੋਰਖ-ਧੰਦੇ ਵਿਚ ਹੋਰ ਵੀ ਖਚਤ ਹੋ ਜਾਂਦਾ ਹੈ ਅਤੇ ਉਸ ਦੀ ਸੁਧ-ਬੁਧ ਮਾਰੀ ਜਾਂਦੀ ਹੈ। ਚੌਥੇ ਪਹਿਰੇ ਉਸ ਦਾ ਚੱਲਣ ਦਾ ਵੇਲਾ ਹੁੰਦਾ ਹੈ ਪਰ ਜਿਨ੍ਹਾਂ ਨੇ ਸੱਚੇ ਨਾਮ ਦੀ ਕਮਾਈ ਕੀਤੀ ਹੁੰਦੀ ਹੈ, ਉਹ ਆਪਣੀ ਜੀਵਨ ਯਾਤਰਾ ਸਫਲ ਕਰ ਜਾਂਦੇ ਹਨ।

ਵਣਜਾਰਾ (ਪੰਨਾ 81) ਵਿਚ ਮਨੁੱਖ ਨੂੰ ਇਕ ਵਣਜਾਰੇ ਦਾ ਰੂਪਕ ਦੇ ਕੇ ਕਿਹਾ ਹੈ ਕਿ ਉਸ ਨੂੰ ਇਸ ਜੀਵਨ ਵਿਚ ਸੱਚੇ ਨਾਮ ਦਾ ਵਣਜ ਕਰਨਾ ਚਾਹੀਦਾ ਹੈ, ਕਿਉਂਕਿ ਇਹ ਮੌਕਾ ਮੁੜ ਹੱਥ ਨਹੀਂ ਆਉਣਾ:

ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ॥
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ॥

(ਪੰਨਾ ੮੨)

'ਕਰਹਲਾ' ਵੀ ਇਕ ਲੋਕ-ਕਾਵਿ ਹੈ। 'ਕਰਹਾ ਜਾਂ ਕਰਹੋ' ਊਠ ਨੂੰ ਕਹਿੰਦੇ ਹਨ। ਪਹਿਲੇ ਸਮੇਂ ਵਿਚ ਊਠਾਂ ਉੱਤੇ ਮਾਲ ਲੱਦ ਕੇ ਦੂਰ ਦੇਸ਼ ਲਿਜਾਂਦੇ ਸਨ। ਨਾਲ ਨਾਲ ਹੀ ਊਠਾਂ ਵਾਲੇ ਇਕ ਖਾਸ ਸੁਰ ਵਾਲਾ ਗੀਤ ਗਾਈ ਜਾਂਦੇ ਸਨ। ਇਸ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 234) ਵਿਚ ਭਟਕਣ ਵਾਲੇ ਜੀਵ ਨੂੰ ਊਠ ਕਹਿ ਕੇ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਜੀ ਮਨੁੱਖ ਦੇ ਮਨ ਨੂੰ ਬੱਚਾ ਸਮਝ ਕੇ ਪਿਆਰ ਨਾਲ 'ਮਨ ਕਰਹਲਾ ਅਤਿ ਨਿਰਮਲਾ', 'ਮਨ ਕਰਹਲਾ ਮੇਰੇ ਪ੍ਰੀਤਮਾ', 'ਮਨ ਕਰਹਲਾ ਤੂੰ ਮੀਤ ਮੇਰਾ', 'ਮਨ ਕਰਹਲਾ ਮੇਰੇ ਸਾਜਨਾ, 'ਮਨ ਕਰਹਲਾ ਵੀਚਾਰਿਆ' ਆਦਿ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ ਉਸ ਨੂੰ ਸਮਝਾਉਂਦੇ ਅਤੇ ਉਸ ਦੇ ਅਸਲੇ ਦੀ ਯਾਦ ਕਰਾਉਂਦੇ ਹਨ:

ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥

(ਪੰਨਾ ੨੩੪)

'ਘੋੜੀ' ਉਹ ਲੋਕ-ਗੀਤ ਹੈ ਜੋ ਲਾੜੇ ਦੇ ਘੋੜੀ ਚੜ੍ਹਨ ਸਮੇਂ ਗਾਇਆ ਜਾਂਦਾ ਹੈ। ਇਸ ਗੀਤ ਦੀ ਉਸ ਸਮੇਂ ਦੀ ਧਾਰਨਾ ਉੱਤੇ ਗੁਰੂ ਜੀ ਨੇ 'ਘੋੜੀਆਂ' ਨਾਮ ਦੇ ਦੋ ਸ਼ਬਦ ਰਾਗ ਵਡਹੰਸ ਵਿਚ ਰਚੇ ਹਨ। ਇਹਨਾਂ ਵਿਚ ਇਹ ਦੱਸਿਆ ਹੈ ਕਿ ਕਿਵੇਂ ਦੇਹ ਰੂਪੀ ਘੋੜੀ ਉੱਤੇ ਚੜ੍ਹ ਕੇ, ਸਾਧ ਸੰਗਤ

SikhBookClub.com

ਦੀ ਜੰਵ ਲੈ ਕੇ, ਸੰਸਾਰ ਦਾ ਬਿਖੜਾ ਪੈਂਡਾ ਕਰਦੇ ਹੋਏ ਅੰਤ ਹਰੀ ਨਾਲ ਮੇਲ ਕਰਨਾ ਹੈ। ਦੋਹਾਂ ਸ਼ਬਦਾਂ ਵਿਚ ਪਹਿਲਾਂ ਦੇਹ ਨੂੰ ਸੁਹਣੀ ਸੱਜੀ ਹੋਈ ਘੋੜੀ ਦਾ ਅਲੰਕਾਰ ਦਿੱਤਾ ਹੈ। ਫੇਰ ਗੁਰ-ਸ਼ਬਦ ਜਾਂ ਨਾਮ ਦੇ ਵਸੀਲੇ ਨੂੰ 'ਜ਼ੀਨ' (ਕਾਠੀ) ਬਣਾਇਆ ਹੈ। ਫੇਰ ਮਨ ਦੇ ਕਾਬੂ ਕਰਨ ਦੇ ਸਾਧਨ ਨੂੰ ਲਗਾਮ ਤੇ ਚਾਬਕ ਦੱਸ ਕੇ ਐਸੀ ਸਵਾਰੀ ਨੂੰ ਧੰਨ ਕਿਹਾ ਹੈ ਜਿਸ ਦਾ ਅੰਤ ਪਿਆਰੇ ਨਾਲ ਮੇਲ ਹੋ ਜਾਂਦਾ ਹੈ:

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ॥.....
ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ॥.....
ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥.....
ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਵ ਆਈ॥
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ॥

(ਪੰਨਾ ੫੭੫)

ਅਲੰਕਾਰ ਤੇ ਸ਼ਬਦ-ਚਿਤਰ

ਸਾਹਿਤ ਦੀ ਦੁਨੀਆਂ ਭਾਵਾਂ ਦੀ ਦੁਨੀਆਂ ਹੈ। ਇਹ ਭਾਵ ਸ਼ਬਦਾਂ ਰਾਹੀਂ ਪ੍ਰਗਟ ਹੁੰਦੇ ਹਨ। ਭਾਵਾਂ ਦਾ ਖੇੜਾ ਸ਼ਬਦ-ਚਿਤਰਾਂ ਰਾਹੀਂ ਵਿਅਕਤ ਹੁੰਦਾ ਹੈ। ਕਲਪਨਾ ਭਾਵਾਂ ਦੇ ਅਨੁਕੂਲ ਤੁਲਨਾ ਲੱਭਦੀ ਹੈ। ਆਪਣੇ ਅਨੁਭਵ ਦੀ ਦੁਨੀਆਂ ਵਿਚੋਂ ਅਜਿਹੇ ਸੁੰਦਰ ਚਿਤਰ ਲਭਦੀ ਹੈ ਜਿਨ੍ਹਾਂ ਰਾਹੀਂ ਭਾਵਾਂ ਦੀ ਵਿਅੰਜਨਾ ਹੋ ਸਕੇ। ਏਸੇ ਲਈ ਸੁੰਦਰ ਅਲੰਕਾਰ, ਰੂਪਕ, ਸ਼ਬਦ-ਚਿਤਰ ਇਸ ਵਿਅੰਜਨਾ ਦਾ ਭਾਗ ਬਣਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਅਜਿਹੇ ਸੁੰਦਰ ਤੇ ਸੱਜਰੇ ਅਲੰਕਾਰਾਂ ਅਤੇ ਸ਼ਬਦ-ਚਿਤਰਾਂ ਦੀ ਭਰਮਾਰ ਹੈ।

ਗੁਰਬਾਣੀ ਵਿਚ ਆਤਮਾ ਤੇ ਪਰਮਾਤਮਾ ਦਾ ਸੰਬੰਧ ਇਸਤਰੀ-ਪੁਰਸ਼ ਦੇ ਸੰਬੰਧ ਦੇ ਤੌਰ 'ਤੇ ਦਰਸਾਇਆ ਗਿਆ ਹੈ ਜਿਸ ਨੂੰ 'ਰਹਸਵਾਦੀ ਪ੍ਰੇਮ' ਕਹਿੰਦੇ ਹਨ। ਪ੍ਰੀਤ ਚਾਹੇ ਦੁਨਿਆਵੀ ਹੋਵੇ ਚਾਹੇ ਦੈਵੀ, ਇਸ ਨਾਲ ਭਰਪੂਰ ਹਿਰਦਿਆਂ ਦੇ ਲੱਛਣ ਬਹੁਤ ਹੱਦ ਤੱਤ ਮਿਲਦੇ ਜੁਲਦੇ ਹੁੰਦੇ ਹਨ:

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤ ਬਿਨੁ ਨੀਰ॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥

(ਪੰਨਾ ੮੬੧)

ਗੁਰੂ ਜੀ ਦੁਆਰਾ ਰਚੀਆਂ ਲਾਵਾਂ ਇਸ ਦਾ ਪ੍ਰਮੁੱਖ ਉਦਾਹਰਣ ਹੈ। ਰਾਗ ਸੂਹੀ ਦੇ ਇਹਨਾਂ ਛੰਤਾਂ ਵਿਚ ਕੁੜਮਾਈ ਦਾ ਅਲੰਕਾਰ ਵਰਤ ਕੇ ਆਪ ਦੱਸਦੇ ਹਨ ਕਿ ਕਿਵੇਂ ਗੁਰੂ ਜੀਵ-ਆਤਮਾ ਤੇ ਪਰਮਾਤਮਾ ਵਿਚਾਲੇ ਵਿਚੋਲੇ ਸਿੱਧ ਹੁੰਦਾ ਹੈ। ਜੋ ਇਸ ਵਸੀਲੇ ਨੂੰ ਨਹੀਂ ਵਰਤਦੇ ਉਹ ਔਗੁਣਾਂ ਵਿਚ ਭਟਕਦੇ ਰਹਿੰਦੇ ਹਨ ਅਤੇ ਪ੍ਰਭੂ ਨਾਲ ਮੇਲ ਵਾਲੇ ਪਾਸੇ ਨਹੀਂ ਆ ਸਕਦੇ।

ਪਾਧੇ ਤੋਂ ਲਗਨ ਕਢਾ ਕੇ ਵਿਆਹ ਨਿਸਚਤ ਕੀਤਾ ਜਾਂਦਾ ਹੈ। ਜੀਵ-ਆਤਮਾ ਉਤਸ਼ਾਹ ਵਿਚ ਆਉਂਦੀ ਹੈ। ਸਦੀਵੀ ਤੌਰ 'ਤੇ ਜਵਾਨ ਰਹਿਣ ਵਾਲੇ ਪਤੀ-ਪਰਮੇਸ਼ਰ ਨਾਲ ਉਸ ਦੇ ਫੇਰੇ ਹੁੰਦੇ

SikhBookClub.com

ਹਨ। ਅਜਿਹਾ ਮੇਲਾ ਹੁੰਦਾ ਹੈ ਕਿ ਮੁੜ ਵਿਛੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ:

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥.....
ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥

(ਪੰਨਾ ੭੭੩)

ਫੇਰੇ ਜਾਂ ਲਾਵਾਂ ਦਾ ਮਹੱਤਵ ਅਗਲੇ ਚਾਰ ਛੰਤਾਂ ਵਿਚ ਬਿਆਨ ਕੀਤਾ ਗਿਆ ਹੈ। (ਇਹ 'ਲਾਵਾਂ' ਮਰਯਾਦਾ ਅਨੁਸਾਰ ਸਿੱਖਾਂ ਵਿਚ ਵਿਆਹ ਸਮੇਂ ਪੜ੍ਹੀਆਂ ਜਾਂਦੀਆਂ ਹਨ।) ਇਹਨਾਂ ਵਿਚ ਜੀਵਨ ਦਾ ਆਦਰਸ਼ ਪਰਮੇਸ਼ਰ-ਪਤੀ ਨਾਲ ਜੀਵ-ਇਸਤਰੀ ਦਾ ਮੇਲ ਮੰਨਿਆ ਗਿਆ ਹੈ! ਪਤੀ ਪਰਮੇਸ਼ਰ ਨੂੰ ਮਿਲਣ ਲਈ ਜੀਵਨ ਵਿਚ ਜੋ ਤਿਆਰੀ ਕੀਤੀ ਜਾਂਦੀ ਹੈ, ਲਾਵਾਂ ਉਸ ਦਾ ਹੀ ਚਿੰਨ੍ਹ ਹੈ। ਇਹ ਇਕ ਪਾਸੇ ਇਸਤਰੀ-ਪੁਰਸ਼ ਦੇ ਵਿਆਹੁਤਾ ਜੀਵਨ ਦਾ ਆਦਰਸ਼ ਹੈ, ਦੂਜੇ ਪਾਸੇ ਜੀਵ ਦੇ ਪਰਮਾਤਮਾ ਨਾਲ ਮੇਲ ਦਾ ਸੰਕੇਤ ਹੈ। ਇਸਤਰੀ ਤੇ ਪੁਰਸ਼ ਨੇ ਆਪਣੇ ਵਿਆਹੁਤਾ ਜੀਵਨ ਨੂੰ ਆਤਮਾ ਦੇ ਹਰੀ ਨਾਲ ਮੇਲ ਦੇ ਨਮੂਨੇ ਉੱਤੇ ਢਾਲਣਾ ਹੈ। ਜਿਵੇਂ ਪਰਮਾਰਥ ਵਿਚ ਪਹਿਲਾਂ ਨਵ੍ਰਿਤੀ ਛੱਡ ਕੇ ਪ੍ਰਵ੍ਰਿਤੀ ਸਿਖਾਈ ਜਾਂਦੀ ਹੈ, ਤਿਵੇਂ ਦੰਪਤੀ ਦਾ ਵਿਆਹ ਗ੍ਰਿਹਸਥ ਵਿਚ ਪ੍ਰਵੇਸ਼ ਦੀ ਪਹਿਲੀ ਪੌੜੀ ਹੈ।

ਜਿਵੇਂ ਪਰਮਾਰਥ ਵਿਚ ਪਹਿਲਾਂ ਡਰ, ਫਿਰ ਪ੍ਰੇਮ, ਫਿਰ ਵੈਰਾਗ ਤੇ ਅੰਤ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ, ਏਸੇ ਤਰ੍ਹਾਂ ਇਸਤਰੀ-ਭਰਤਾ ਦੀ ਜ਼ਿੰਦਗੀ ਵਿਚ 'ਸਹਜ ਅਨੰਦ ਹੋਆ ਵਡਭਾਗੀ', 'ਨਿਰਭਉ ਭੈ ਮਨ ਹੋਇ', 'ਚਾਉ ਭਇਆ ਬੈਰਾਗੀਆ', 'ਮਨਿ ਸਹਜ ਭਇਆ' ਦਾ ਉਲੇਖ ਚਾਰ ਲਾਵਾਂ ਵਿਚ ਮਿਲਦਾ ਹੈ।

ਦੂਜੇ ਪਾਸੇ ਦੋਹਾਗਣ ਉਹ ਜੀਵ-ਇਸਤਰੀ ਹੈ ਜਿਸ ਨੇ ਕਦੇ ਪਿਰ ਦੇ ਮੇਲ ਦਾ ਅਨੰਦ ਨਹੀਂ ਮਾਣਿਆ। ਉਹ ਦੂਜੇ ਭਾਉ ਵਿਚ, ਪਤੀ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿਚ, ਪਦਾਰਥਕ ਜੀਵਨ ਦੇ ਪਿਆਰ ਵਿਚ ਫਸੀ ਹੁੰਦੀ ਹੈ:

ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥

(ਪੰਨਾ ੪੨੬)

ਪਰ ਸੁਹਾਗਣ ਪ੍ਰਭੂ ਦੇ ਪ੍ਰੇਮ ਨੂੰ ਮਾਣਦੀ ਹੈ। ਉਹ ਭਾਵੇਂ ਖਿੱਲਰੀਆਂ ਲਿਟਾਂ ਵਾਲੀ ਛੋਟੇ ਕੱਦ ਵਾਲੀ, ਕਰੂਪ ਦਿੱਸਣ ਵਾਲੀ ਹੋਏ, ਮਾਲਕ ਨੂੰ ਚੰਗੀ ਲੱਗਦੀ ਹੈ। (ਲਟੂਰੀ ਮਧੁਰੀ ਠਾਕਰ ਭਾਈ।) ਉਹ ਗੁਰੂ ਰਾਹੀਂ ਪ੍ਰੇਮ ਦੇ ਗੂੜ੍ਹੇ ਰੰਗ ਵਿਚ ਰੰਗੀ ਹੁੰਦੀ ਹੈ ਤੇ ਉਸਦੀ ਚੋਲੀ (ਜ਼ਿੰਦਗੀ) ਹਰੀ ਪ੍ਰੇਮ ਵਿਚ ਤਰ ਹੁੰਦੀ ਹੈ। ਉਹ ਹੋਰ ਸਭ ਪਾਸੇ ਛੱਡ ਕੇ ਹਰੀ ਦੀ ਸ਼ਰਨ ਆਉਂਦੀ ਹੈ:

ਅਬ ਹਮ ਚਲੀ ਠਾਕੁਰ ਪਹਿ ਹਾਰਿ॥
ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥

(ਪੰਨਾ ੫੨੭)

ਆਪ ਦੀ ਦੈਵੀ ਕਾਵਿ-ਰਚਨਾ ਵਿਚ ਕੋਈ ਵੀ ਭਾਵ ਚਾਹੇ ਉਹ ਸਿੱਕ ਦਾ ਹੋਵੇ ਜਾਂ ਅਨੰਦ

SikhBookClub.com

ਦਾ, ਸੰਕੋਚ ਨਾਲ ਬਿਆਨਿਆ ਹੁੰਦਾ ਹੈ। ਉਸ ਵਿਚ ਅਜਿਹੀ ਤਪਸ਼ ਨਹੀਂ ਹੁੰਦੀ ਜਿਵੇਂ ਉਸ ਨੂੰ ਜ਼ੋਰਦਾਰ ਸ਼ੈਲੀ ਦੀ ਸਾਣ ਉੱਤੇ ਚੜ੍ਹਾਇਆ ਹੋਵੇ। ਉਹਨਾਂ ਦੇ ਭਾਵਾਂ ਦਾ ਵੇਗ ਬਹੁਤਾ ਤਿੱਖਾ ਨਹੀਂ। ਇਸ ਦਾ ਕਾਰਨ ਇਹ ਹੈ ਕਿ ਅੰਤਮ ਰੂਪ ਵਿਚ ਆਪ ਬਿਰਹਾ ਦੇ ਕਵੀ ਨਹੀਂ। ਉਹਨਾਂ ਦੇ ਵਿਯੋਗ ਭਾਵ ਵੀ ਸੰਜੋਗ ਭਾਵ ਦੇ ਅਧੀਨ ਵਿਚਰਦੇ ਹਨ, ਜਿਵੇਂ ਛਕੇ ਛੰਤਾਂ ਦੀ ਬਿੰਬਾਵਲੀ ਤੋਂ ਸਪੱਸ਼ਟ ਹੈ।

ਸੰਜੋਗ ਦਾ ਰਸ ਦੀਦਾਰ ਹੋਣ ਦਾ ਆਨੰਦ ਹੈ, ਪਰ ਵਿਯੋਗ ਦੇ ਰਸ ਦਾ ਮਤਲਬ ਸ਼ਾਇਦ ਇਹ ਹੈ ਕਿ ਨੈਣਾਂ ਵਿਚ ਹਰ ਦਮ ਪ੍ਰੀਤਮ ਦੀ ਸੁਰਤ ਸਮਾਈ ਰਹਿੰਦੀ ਹੈ, ਜਿਵੇਂ ਚੰਦ-ਚਕੋਰ ਦੀ ਜਾਂ ਚਕਵੀ-ਸੂਰਜ ਦੀ ਪ੍ਰੀਤ ਹੁੰਦੀ ਹੈ। ਗੁਰੂ ਜੀ ਕਹਿੰਦੇ ਹਨ ਮੇਰਾ ਮਨ ਹਰੀ ਨਾਮ ਤੋਂ ਬਿਨਾਂ ਇਕ ਖਿਣ ਵੀ ਰਹਿ ਨਹੀਂ ਸਕਦਾ। ਉਹ ਇਸ ਤਰ੍ਹਾਂ ਗਿੱਝਾ ਹੋਇਆ ਹੈ ਜਿਵੇਂ ਬਾਲਕ ਨੂੰ ਮਾਂ ਦੇ ਦੁੱਧ ਵਿਚੋਂ ਰਸ ਮਿਲਦਾ ਹੈ ਤੇ ਦੁੱਧ ਕੱਢ ਲੈਣ ਨਾਲ ਬਾਲਕ ਰੋਣ ਲੱਗਦਾ ਹੈ। ਸਵਾਸ ਪ੍ਰਭੂ-ਹਰੀ ਦੇ ਪਿਆਰ ਭਰੇ ਵਿਛੋੜੇ ਵਿਚ ਵਿੰਨ੍ਹੇ ਹੋਏ ਹਨ, ਜਿਵੇਂ ਜਲ ਤੋਂ ਬਗ਼ੈਰ ਕਮਲ ਦਾ ਹਾਲ ਹੁੰਦਾ ਹੈ:

ਜਿਉ ਬਾਰਿਕੁ ਰਸਕਿ ਪਰਿਓ ਬਨਿ ਮਾਤਾ ਬਨਿ ਕਾਢੇ ਬਿਲਲ ਬਿਲੀਧੇ॥.....
ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ॥

(ਪੰਨਾ ੧੧੮੮-੮੯)

ਚਾਤ੍ਰਿਕ ਸਵਾਂਤ-ਬੂੰਦ ਲਈ ਲਿਉਂ ਲਿਉਂ ਕਰਦਾ ਰਹਿੰਦਾ ਹੈ। ਇਸ ਬੂੰਦ ਦੇ ਮਿਲਣ ਨਾਲ ਹੀ ਉਸ ਨੂੰ ਸ਼ਾਂਤੀ ਆਉਂਦੀ ਹੈ। ਗੁਰੂ ਜੀ ਕਹਿੰਦੇ ਹਨ ਕਿ ਹਰੀ-ਨਾਮ ਜਲ ਦਾ ਉਹ ਅਥਾਹ ਖ਼ਜ਼ਾਨਾ ਹੈ ਜਿਸ ਦੇ ਆਸਰੇ ਅਸੀਂ ਮਛਲੀ ਰੂਪੀ ਜੀਵ ਜੀਵਤ ਹਾਂ। ਸਰੀਰ ਵਿਚ ਇੰਦਰੀਆਂ ਇਕ ਪ੍ਰਕਾਰ ਦੀਆਂ ਹੱਟੀਆਂ ਤੇ ਸ਼ਹਿਰ ਹਨ ਜਿਥੋਂ ਗੁਰਮੁਖ ਲੋਕ ਹਰੀ ਨਾਮ ਦਾ ਸੌਦਾ ਲੈਂਦੇ ਹਨ। ਪਰ ਇੰਦਰੀਆਂ ਦੇ ਅਧੀਨ ਹੋ ਕੇ ਵਿਚਰਨਾ ਠੀਕ ਨਹੀਂ ਹੈ। ਇੰਦਰੀਆਂ ਦੇ ਅਧੀਨ ਹੋਣ ਨਾਲ ਆਤਮਕ-ਪਤਣ ਹੁੰਦਾ ਹੈ। ਪਤੰਗਾ, ਹਿਰਨ, ਭੌਰਾ, ਹਾਥੀ, ਮੱਛੀ, ਸਭ ਨੂੰ ਇੰਦਰੀ ਦਾ ਦੋਸ਼ ਮਾਰਦਾ ਹੈ। ਪਤੰਗਾ ਦੀਵੇ ਦੀ ਲਾਟ ਦੇ ਇਸ਼ਕ ਵਿਚ ਸੜਦਾ ਹੈ, ਹਿਰਨ ਨਾਦ ਦੇ ਰਸ ਲਈ ਫਸਦਾ ਹੈ, ਭੋਰਾ ਵਾਸ਼ਨਾ ਲਈ, ਹਾਥੀ ਕਾਮ ਵੱਸ ਹੋ ਕੇ ਅਤੇ ਮੱਛੀ ਲੋਭ ਵੱਸ ਹੋ ਕੇ ਜਾਲ ਵਿਚ ਫਸਦੀ ਹੈ। ਸੋ, ਇਹ ਪੰਜ ਭੂਤਕ ਦੇਹੀ, ਜੋ ਪੰਜ ਤੱਤਾਂ ਤੇ ਉਹਨਾਂ ਦੇ ਅੱਡ ਅੱਡ ਵਿਸ਼ਿਆਂ ਵਾਲੀ ਹੈ, ਬੜੀ ਤਾਕਤਵਰ ਹੈ। ਇਸ ਦੇ ਪਾਪ ਗੁਰੂ ਹੀ ਦੂਰ ਕਰ ਸਕਦਾ ਹੈ:

ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ॥

(ਪੰਨਾ ੯੮੩)

ਸਤਿਗੁਰ ਧਰਮ ਨਿਆਂ ਦੀ ਧਰਤੀ ਹੈ। ਇਸ ਵਿਚ ਜੇਹਾ ਬੀਜੇ ਤੇਹਾ ਫਲ ਪਾਉਂਦਾ ਹੈ। ਗੁਰਮੁਖ ਅੰਮ੍ਰਿਤ-ਫਲ ਬੀਜਦੇ ਤੇ ਅੰਮ੍ਰਿਤ-ਫਲ ਹੀ ਪਾਉਂਦੇ ਹਨ। ਲੋਕ-ਪਰਲੋਕ ਵਿਚ ਉਹਨਾਂ ਦੇ ਮੁੱਖ ਉਜਲੇ ਹੁੰਦੇ ਹਨ ਪਰ ਮਨਮੁਖ ਇਕ ਅਜਿਹਾ ਰੁਖ ਹੈ ਜਿਸ ਨੂੰ ਭਾਵੇਂ ਅੰਮ੍ਰਿਤ ਨਾਲ ਸਿੰਜਿਆ ਜਾਏ ਤਾਂ ਵੀ ਇਸ ਦੀਆਂ ਡਾਲਾਂ ਤੇ ਫੁੱਲ ਵਿਹੁ ਉਗਮਦੇ ਹਨ। ਜਿਉਂ ਜਿਉਂ ਭਲੇ ਆਦਮੀ ਮਨਮੁਖ (ਸਾਕਤ) ਨਾਲ ਨਿਮਰਤਾ ਵਰਤਦੇ ਹਨ, ਉਹ ਸਗੋਂ ਛੇੜਾਂ ਛੇੜ ਕੇ ਅੰਦਰੋਂ ਵਿਹੁ ਰੂਪ ਕੌੜੇ ਬਚਨ ਕਰਦਾ ਹੈ:

ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ॥

SikhBookClub.com

ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥

(ਪੰਨਾ ੯੮੩)

ਗੁਰੂ ਦੁਆਰਾ ਗਿਆਨ ਕਿਵੇਂ ਪ੍ਰਾਪਤ ਹੁੰਦਾ ਹੈ? ਇਸ ਬਾਰੇ ਗੁਰੂ ਜੀ ਕਹਿੰਦੇ ਹਨ ਕਿ ਸਤਿਗੁਰੂ ਪਾਰਸ ਹੈ। ਪਾਰਸ ਨੂੰ ਛੋਹਣ ਤੋਂ ਬਿਨਾਂ ਲੋਹਾ ਸੋਨਾ ਨਹੀਂ ਹੋ ਸਕਦਾ। ਪਰ ਮਨਮੁਖ ਉਸ ਲੋਹੇ ਵਾਂਗ ਹੈ ਜੋ ਬੇੜੀ ਵਿਚ ਪੈਣ ਤੋਂ ਬਿਨਾਂ ਭਾਵੇਂ ਪਾਸ ਹੀ ਪਿਆ ਰਹੇ, ਨਦੀ ਦੇ ਪਾਰ ਨਹੀਂ ਜਾ ਸਕਦਾ। ਸੋ, ਸਤਿਗੁਰ ਹੀ ਪਾਰਸ ਹੈ, ਸਤਿਗੁਰ ਹੀ ਬੇੜੀ ਹੈ ਜਿਸ ਦੇ ਨਾਲ ਲਗਿਆਂ ਤਰ ਜਾਈਦਾ ਹੈ:

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖ ਲੋਹੁ ਬੁਡਾ ਬੇੜੀ ਪਾਸਿ॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥

(ਪੰਨਾ ੪੦)

ਜਿਵੇਂ ਲੱਕੜ ਵਿਚ ਅੱਗ ਛੁਪੀ ਰਹਿੰਦੀ ਹੈ, ਪਰ ਜਾਚ ਹੋਵੇ ਤਾਂ ਮਥ ਕੇ ਕੱਢ ਲਈਦੀ ਹੈ। ਇਸੇ ਤਰ੍ਹਾਂ ਮਨ ਗੁਰੂ ਦੀ ਸੰਗਤ ਜਾਂ ਗੁਰ-ਸ਼ਬਦ ਦੁਆਰਾ ਜੋਹਰੀ ਬਣ ਜਾਂਦਾ ਹੈ। ਮਨ ਹੀਰੇ ਨੂੰ ਹਰੀ ਹੀਰੇ ਨਾਲ ਵਿੰਨ੍ਹਿਆ ਜਾਂਦਾ ਹੈ ਤਾਂ ਉਹ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ ਜਿਵੇਂ ਪਿੱਪਲ ਦੇ ਛਿਡਰੇ ਪਿੱਪਲ ਦੇ ਵਿਚ ਹੀ ਸਮਾ ਜਾਂਦੇ ਹਨ, ਉਸ ਵਿਚ ਅਭੇਦ ਹੋ ਜਾਂਦੇ ਹਨ ਤੇ ਪਿੱਪਲ ਉੱਚਾ ਹੁੰਦਾ ਰਹਿੰਦਾ ਹੈ, ਉਸੇ ਤਰ੍ਹਾਂ ਗੁਰਮੁਖ ਤੇ ਸੰਗਤ ਨਾਲ ਲਗ ਕੇ ਪ੍ਰਾਣੀ ਉੱਚਾ ਹੁੰਦਾ ਰਹਿੰਦਾ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਚਕਵੀ ਸੂਰਜ ਵੱਲ ਦੇਖਦੀ ਰਹਿੰਦੀ ਹੈ, ਉਸ ਵਿਚੋਂ ਅੰਮ੍ਰਿਤ ਪ੍ਰਾਪਤ ਕਰਦੀ ਹੈ।

ਇਤਿਹਾਸਕ ਤੇ ਮਿਥਿਹਾਸਕ ਹਵਾਲੇ

ਆਤਮਕ ਤੌਰ 'ਤੇ ਨਿਰਬਲ ਹੋਏ ਅਤੇ ਰਾਜਸੀ ਸ਼੍ਰੇਣੀਆਂ ਦੀ ਵਧੀਕੀ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਆਸਾਂ ਨੂੰ ਨਵੇਂ ਸਿਰੇ ਤੋਂ ਜਗਾਉਣ ਲਈ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਵਿਚ ਥਾਂ ਥਾਂ 'ਤੇ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਵਰਤੇ ਹਨ। ਇਹਨਾਂ ਸੰਕੇਤਾਂ ਰਾਹੀਂ ਗੁਰੂ ਸਾਹਿਬਾਂ ਨੇ ਪ੍ਰਭੂ ਦੀ ਸ਼ਕਤੀ ਨੂੰ ਸਾਰੇ ਹੀ ਰਾਜਿਆਂ, ਬਾਦਸ਼ਾਹਾਂ, ਦੇਵੀ-ਦੇਵਤਿਆਂ, ਰਾਖਸ਼ਾਂ ਤੇ ਹਾਕਮਾਂ ਤੋਂ ਉਪਰ ਤੇ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਦੱਸਿਆ ਹੈ। ਇਸ ਸਬੰਧ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਵੀ ਬਹੁਤ ਸਾਰੇ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਮਿਲਦੇ ਹਨ ਜਿਸ ਤੋਂ ਪਤਾ ਮਿਲਦਾ ਹੈ ਕਿ ਪੁਰਾਣੀ ਭਾਰਤੀ ਪਰੰਪਰਾ ਅਤੇ ਮਿਥਿਹਾਸ ਦੀ ਆਪ ਨੂੰ ਪੂਰੀ ਜਾਣਕਾਰੀ ਸੀ। ਆਪ ਦਾ ਉਹ ਸ਼ਬਦ ਬੜਾ ਪ੍ਰਸਿੱਧ ਹੈ ਜਿਸ ਵਿਚ ਆਪ ਕਹਿੰਦੇ ਹਨ ਕਿ ਹਰੀ ਜੁਗਾਂ ਜੁਗਾਂ ਤੋਂ ਭਗਤਾਂ ਤੇ ਗੁਰਮਖਾਂ ਦੀ ਸਹਾਇਤਾ ਕਰਦਾ ਰਿਹਾ ਹੈ:

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥

(ਪੰਨਾ ੪੫੧)

SikhBookClub.com

ਇਸ ਸ਼ਬਦ ਵਿਚ ਜਿਥੇ ਹਰਣਾਖਸ਼ ਤੇ ਪ੍ਰਹਲਾਦ ਜਿਹੇ ਪਾਤਰਾਂ ਦਾ ਬਿਆਨ ਹੈ ਕਿ ਕਿਵੇਂ ਹਰੀ ਅਹੰਕਾਰੀਆਂ ਤੇ ਨਿੰਦਕਾਂ ਦਾ ਸਫ਼ਾਇਆ ਕਰਦਾ ਤੇ ਭਗਤਾਂ ਦਾ ਸਾਥ ਦੇਂਦਾ ਹੈ, ਉਥੇ ਤੇਰ੍ਹਵੀਂ ਸਦੀ ਵਿਚ ਹੋਏ ਇਤਿਹਾਸਕ ਪਾਤਰ (ਭਗਤ) ਨਾਮਦੇਵ ਦਾ ਵੀ ਜ਼ਿਕਰ ਹੈ ਕਿ ਕਿਵੇਂ ਉਸ ਦੀ ਰੱਖਿਆ ਭਗਵਾਨ ਨੇ ਕੀਤੀ । ਇਸ਼ਾਰਾ ਇਹ ਹੈ ਕਿ ਅੱਜ ਵੀ ਭਗਵਾਨ ਭਗਤਾਂ ਦਾ ਸਹਾਈ ਹੈ, ਕਿਉਂਕਿ ਭਗਤ ਹਰੇਕ ਯੁਗ ਵਿਚ ਹੋਏ ਹਨ। ਜੋ ਵੀ ਉਸ ਦੀ ਸ਼ਰਨ ਵਿਚ ਆਇਆ, ਜਿਵੇਂ ਬ੍ਰਹਮਾ ਦੇ ਪੁੱਤਰ ਸਨਕ ਤੇ ਸਨੰਦਨ ਅਤੇ ਨਾਰਦ ਮੁਨੀ, ਪ੍ਰਭੂ ਨੇ ਸਭ ਦੀ ਪ੍ਰਹਿਲਾਦ ਦੇ ਵਾਂਗ ਹੀ ਪੈਜ ਰੱਖੀ। ਏਸੇ ਤਰ੍ਹਾਂ ਦਰੋਪਦੀ ਨੂੰ ਚੀਰ-ਹਰਨ ਤੋਂ ਬਚਾਇਆ।

ਗੁਰੂ ਜੀ ਕਹਿੰਦੇ ਹਨ ਕਿ ਚੌਰਾਸੀ ਸਿੱਧ ਮਾਰਗ ਦੇ ਆਗੂ ਅਤੇ ਤੇਤੀ ਕਰੋੜ ਮੁਨੀ-ਜਨ ਸਭ ਉਸ ਦਾ ਨਾਮ ਲੈਂਦੇ ਹਨ, ਉਸੇ ਨੂੰ ਧਿਆਉਂਦੇ ਹਨ:

ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ ਸਭਿ ਚਾਹਹਿ ਹਰਿ ਜੀਉ ਤੇਰੋ ਨਾਉ॥
(ਪੰਨਾ ੬੬੯)

ਉਹ ਹਰੀ ਆਪੇ ਕ੍ਰਿਸ਼ਨ ਹੈ, ਤੇ ਆਪੇ ਹੀ ਗੋਪੀਆਂ ਦਾ ਰੂਪ ਜੋ ਕ੍ਰਿਸ਼ਨ ਜੀ ਨਾਲ ਪ੍ਰੇਮ ਲੀਲਾ ਕਰਦੀਆਂ ਸਨ। ਉਹ ਆਪ ਹੀ ਕੁਵਲੀਆਪੀੜ ਨਾਮ ਦਾ ਹਾਥੀ ਹੈ ਜਿਸ ਨੂੰ ਰਾਜਾ ਕੰਸ ਨੇ ਕ੍ਰਿਸ਼ਨ ਜੀ ਦੇ ਵਿਰੁੱਧ ਛੱਡਿਆ ਸੀ, ਪਰ ਉਹ ਕ੍ਰਿਸ਼ਨ ਜੀ ਦੇ ਹੱਥੋਂ ਮਾਰਿਆ ਗਿਆ ਸੀ। ਕ੍ਰਿਸ਼ਨ ਜੀ ਨੇ ਆਪਣੇ ਮਾਮੇ ਕੰਸ, ਕੰਸ ਦੇ ਦੈਂਤ ਕੇਸੀ ਅਤੇ ਕੰਸ ਦੇ ਪਹਿਲਵਾਨ ਚਾਣੂਰ ਨੂੰ ਹਰੀ ਤੋਂ ਬਲ ਲੈ ਕੇ ਹੀ ਮਾਰਿਆ। ਸ਼ੰਕਰ ਜਿਹੇ ਤੇਤੀ ਕਰੋੜ ਦੇਵਤੇ ਭਾਵੇਂ ਉਸ ਨੂੰ ਧਿਆਉਂਦੇ ਹਨ, ਪਰ ਉਸ ਦਾ ਭੇਦ ਨਹੀਂ ਪਾ ਸਕੇ। ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤਿੰਨਾਂ ਗੁਣਾਂ ਵਾਲੀ ਮਾਇਆ ਦੇ ਗ੍ਰੱਸੇ ਹੋਏ ਹੋਣ ਕਰਕੇ ਹਉਮੈ ਵਿਚ ਵਿਚਰਦੇ ਰਹੇ ਅਤੇ ਗੁਰੂ-ਅਨੁਸਾਰੀ ਨਾ ਹੋਣ ਕਾਰਨ ਭਟਕਦੇ ਰਹੇ ਪਰ ਦੂਜੇ ਪਾਸੇ ਨੀਵੀਂ ਜਾਤ ਦੇ ਭਗਤਾਂ ਨੇ ਇਕ-ਮਨ ਇਕ-ਚਿਤ ਹੋ ਕੇ ਉਸ ਦੀ ਅਰਾਧਨਾ ਕਰਨ ਨਾਲ ਉਸ ਨੂੰ ਪਾ ਲਿਆ ਜਿਵੇਂ ਇਕ ਦਾਸੀ ਦੇ ਪੁੱਤਰ ਵਿਦੁਰ, ਛੀਪਾ ਘਰਾਣੇ ਦੇ ਨਾਮਦੇਵ ਅਤੇ ਚਮਾਰ ਦਾ ਕੰਮ ਕਰਨ ਵਾਲੇ ਰਵੀਦਾਸ ਨੇ ਪ੍ਰਾਪਤ ਕੀਤਾ।

ਚੰਗੀ ਸੰਗਤ ਦਾ ਅਸਰ ਮਨੁੱਖ ਵਿਚ ਦ੍ਰਿੜ੍ਹਤਾ ਲਿਆਉਂਦਾ ਹੈ। ਵੱਡੇ ਵੱਡੇ ਪਾਪੀ ਸੰਗਤ ਕਰਕੇ ਤਰ ਜਾਂਦੇ ਹਨ। ਅਜਾਮਲ ਜਿਹਾ ਪਾਪੀ ਰਾਜਾ ਆਪਣੇ ਪੁੱਤਰ ਨਾਰਾਇਣ ਦਾ ਨਾਮ ਲੈਣ ਨਾਲ, ਏਸੇ ਤਰ੍ਹਾਂ ਵੇਸਵਾ ਗਨਕਾ ਜੋ ਤੋਤੇ ਨੂੰ ਰਾਮ ਨਾਮ ਰਟਾਉਂਦੀ ਸੀ ਅਤੇ ਕੰਸ ਦੀ ਦਾਸੀ ਕੁਬਜਾ— ਸਭ ਤਰ ਗਏ। ਜਿਸ ਹਾਥੀ (ਗਜ) ਨੂੰ ਨਦੀ ਵਿਚ ਤੰਦੂਏ ਨੇ ਗ੍ਰਸ ਲਿਆ ਸੀ, ਉਸ ਨੇ ਰਾਮ ਨਾਮ ਕਹਿ ਕੇ ਛੁਟਕਾਰਾ ਪਾਇਆ। ਜਿਸ ਨਾਮਦੇਵ ਛੀਂਬੇ ਨੂੰ ਹਰੀ ਦੇ ਗੁਣ ਗਾਉਂਦਿਆਂ ਦੁਸ਼ਟ ਕਹਿ ਕੇ ਮੰਦਰ ਵਿਚੋਂ ਕਢਿਆ ਗਿਆ ਸੀ ਉਸ ਦੀ ਲਾਜ ਵੀ ਉਸ ਹਰੀ ਨੇ ਰੱਖੀ।

ਜਪਿਓ ਨਾਮੁ ਸੁਕ ਜਨਕ ਗੁਰ ਬਚਨੀ ਹਰਿ ਹਰਿ ਸਰਣਿ ਪਰੇ॥
ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ॥.....
ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ ॥.....
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ॥.....
ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ॥
ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ॥.....

SikhBookClub.com

ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ॥੧॥
ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ॥

(ਪੰਨਾ ੯੯੫)

ਇਤਿਹਾਸਕ ਮਿਥਿਹਾਸਕ ਹਵਾਲੇ ਦੇ ਕੇ ਪ੍ਰਭੂ ਦੀ ਵਡਿਆਈ ਦਰਸਾਉਣ ਦੀ ਪ੍ਰਥਾ ਪਹਿਲੇ ਗੁਰੂ ਜੀ ਹੀ ਆਪਣੀ ਬਾਣੀ ਵਿਚ ਸ਼ੁਰੂ ਕਰ ਚੁੱਕੇ ਸਨ। ਏਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਇਤਿਹਾਸ ਦੇ ਚਾਰੇ ਜੁਗਾਂ ਦੇ ਵਿਕਾਸ ਦੀ ਗੱਲ ਕੀਤੀ ਅਤੇ ਗੁਰੂ ਅਮਰਦਾਸ ਜੀ ਨੇ ਇਸ ਦੀ ਵਿਆਖਿਆ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਹਨਾਂ ਜੁਗਾਂ ਵਿਚ ਮਨੁੱਖ ਦੀ ਹੋਣੀ ਦਾ ਵੇਰਵਾ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ। ਇਕ ਛੰਤ ਵਿਚ ਆਪ ਨੇ ਚਾਰ ਜੁਗਾਂ ਨੂੰ ਲੈ ਕੇ ਹਰ ਇਕ ਦਾ ਆਪੋ ਆਪਣਾ ਵੱਖਰਾ ਵੱਖਰਾ ਪ੍ਰਭਾਵ ਦੱਸਿਆ ਹੈ। ਸਤਿਯੁਗ ਵਿਚ ਧਰਮ ਰੂਪੀ ਬੈਲ ਚਾਰ ਪੈਰਾਂ ਉੱਤੇ ਖੜਾ ਸੀ, ਤ੍ਰੇਤੇ ਯੁਗ ਵਿਚ ਇਸ ਦੇ ਤਿੰਨ ਪੈਰ ਰਹਿ ਗਏ, ਦੁਆਪਰ ਵਿਚ ਦੋ ਅਤੇ ਕਲਿਯੁਗ ਵਿਚ ਕੇਵਲ ਇਕ ਪੈਰ ਉੱਤ ਖੜਾ ਹੋਇਆ। ਇਹ ਪੈਰ ਨਾਮ ਦੀ ਅਰਾਧਨਾ ਦਾ ਹੈ। ਇਸ ਲਈ ਕਲਿਯੁਗ ਵਿਚ ਨਾਮ ਦੀ ਹੀ ਵਡਿਆਈ ਹੈ ਅਤੇ ਨਾਮ ਦਾ ਹੀ ਆਸਰਾ ਹੈ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਭਾਵੇਂ ਸਿੱਧੇ 'ਤੌਰ 'ਤੇ ਆਪਣੇ ਸਮੇਂ ਦੇ ਹਾਕਮਾਂ ਦਾ ਨਾਮ ਲੈ ਕੇ ਉਹਨਾਂ ਦੀ ਨਿਖੇਧੀ ਨਹੀਂ ਕੀਤੀ ਪਰ ਸਮੇਂ ਦੇ ਸੱਤਾ-ਧਾਰੀਆਂ ਦੀ ਤਾਕਤ ਦੀ ਛਿਣ-ਭੰਗਰਤਾ ਵੱਲ ਸਿੱਧਾ ਸੰਕੇਤ ਜ਼ਰੂਰ ਕੀਤਾ ਹੈ ਕਿ 'ਜਿਤਨੇ ਸਾਹ ਪਾਤਸਾਹ ਉਮਰਾਵ ਸਿਕਦਾਰ ਚਉਧਰੀ ਸਭ ਮਿਥਿਆ ਝੂਠ' ਅਤੇ ਦੂਜੇ-ਭਾਉ ਦੇ ਪ੍ਰਤੀਕ ਹਨ ਜਦ ਕਿ ਕੇਵਲ ਹਰੀ ਹੀ 'ਅਬਿਨਾਸੀ ਸਦਾ ਥਿਰ ਨਿਹਚਲ' ਹੈ। ਇਸ ਲਈ:

ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥ *(ਪੰਨਾ ੮੬੧)*

ਬੋਲੀ ਅਤੇ ਸ਼ੈਲੀ

ਜਦ ਅੰਦਰ ਸੱਚ ਹੋਵੇ, ਸੱਚੇ ਦੀ ਸਾਧਨਾ ਤੋਂ ਇਹ ਸੱਚ ਉਪਜਿਆ ਹੋਵੇ ਤਾਂ ਸੱਚੇ ਬਚਨ ਹੀ ਮੁਖੋਂ ਨਿਕਲਦੇ ਹਨ। ਏਸੇ ਨੂੰ 'ਹਰਿ ਮੁਖਿ ਬੋਲੀ' ਕਹਿੰਦੇ ਹਨ। ਇਹ ਸਾਧਾਰਨ ਬਚਨ ਨਹੀਂ ਹਨ, ਨਾ ਹੀ ਇਹ ਸਾਧਾਰਨ ਗੀਤ ਹਨ। ਇਹ ਤਾਂ ਬ੍ਰਹਮ ਵਿਚਾਰ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਹਰਿ ਦੀ ਕਥਾ ਸੁਣੀ, ਹਰਿ ਦੀ ਕਥਾ ਕਹੀ ਤੇ ਹਰਿ ਦੀ ਬਾਣੀ ਹੀ ਬੋਲੀ ਕਿਉਂਕਿ ਉਹ ਹਰੀ ਆਪ ਹੀ ਲੇਖ ਹੈ, ਆਪ ਹੀ ਲਿਖਾਰੀ ਹੈ ਤੇ ਆਪ ਹੀ ਲੇਖ ਲਿਖਾਉਂਦਾ ਹੈ:

ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ॥

(ਪੰਨਾ ੬੦੬)

ਗੁਰਮੁਖਿ ਜਾਂ ਗੁਰੂ-ਅਨੁਸਾਰੀ ਹੋ ਕੇ ਹੀ ਹਰੀ ਦੇ ਗੁਣ ਗਾਏ ਜਾ ਸਕਦੇ ਹਨ। ਜਿਨ੍ਹਾਂ ਦੇ ਅੰਦਰ ਪਿਆਰੇ ਹਰੀ ਦੀ ਪ੍ਰੀਤ ਹੈ, ਉਹ ਜਿਵੇਂ ਬੋਲਣ, ਜਿਵੇਂ ਉਸ ਦਾ ਜੱਸ ਕਰਨ, ਤਿਵੇਂ ਹੀ ਸੁਹੰਦੇ ਤੇ ਚੰਗੇ ਲਗਦੇ ਹਨ:

SikhBookClub.com

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ॥

(ਪੰਨਾ ੩੦੧)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦੀ ਬੋਲੀ ਉਹੀ ਹੈ ਜੋ ਆਪ ਨੂੰ ਪਹਿਲੇ ਤਿੰਨ ਗੁਰੂ ਸਾਹਿਬਾਂ ਤੋਂ ਵਿਰਸੇ ਵਿਚ ਮਿਲੀ ਸੀ ਅਤੇ ਜੋ ਤਿੰਨ ਪੀੜ੍ਹੀਆਂ ਤੋਂ ਚਲੀ ਆ ਰਹੀ ਪ੍ਰਚਲਤ ਸਾਹਿਤਿਕ ਬੋਲੀ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਹੱਥਾਂ ਵਿਚ ਇਸ ਦਾ ਵੇਗ ਹੋਰ ਹੀ ਸਰਲ, ਆਪ-ਮੁਹਾਰਾ ਤੇ ਸੰਵੇਦਨਸ਼ੀਲ ਹੋ ਗਿਆ। ਇਸ ਦੇ ਸਰੋਦੀ ਤੇ ਰਾਗਾਤਮਕ ਤੱਤ ਵਿਚ ਬੜਾ ਵਾਧਾ ਹੋਇਆ। ਅਸੀਂ ਪਹਿਲਾਂ ਦੇਖ ਚੁੱਕੇ ਹਾਂ ਕਿ ਆਪ ਦੀ ਬਾਣੀ ਵਿਚ ਵਰਤੇ ਗਏ ਅਲੰਕਾਰ, ਸ਼ਬਦ-ਚਿਤਰ ਤੇ ਬਿੰਬਾਵਲੀ ਕਿਵੇਂ ਆਪ ਦੀ ਬੋਲੀ ਨੂੰ ਵੱਖਰੀ ਪਛਾਣ ਵੀ ਦੇਂਦੇ ਹਨ। ਆਪ ਨੇ ਨਵੇਂ ਸਮਾਸ ਵੀ ਘੜੇ, ਨਵੀਆਂ ਸ਼ਬਦ-ਸੰਧੀਆਂ ਵਰਤੀਆਂ ਅਤੇ ਛੰਦਾਬੰਦੀ ਤੇ ਰਾਗਾਤਮਕਤਾ ਅਨੁਸਾਰ ਸ਼ਬਦਾਂ (ਲਫ਼ਜ਼ਾਂ) ਵਿਚ ਵਾਧੇ ਘਾਟੇ ਵੀ ਕੀਤੇ।

"ਇਨ੍ਹਾਂ ਦੀ ਬੋਲੀ ਸੁਧ ਤੇ ਨਿਰੋਲ ਪੰਜਾਬੀ ਜਾਂ ਲਾਹੌਰੀ ਦੇ ਵਧੇਰੇ ਨੇੜੇ ਦਿੱਸਦੀ ਹੈ, ਤੇ ਇਸ ਵਿਚ ਸਰਲਤਾ ਤੇ ਤੇਗ ਬਹੁਤ ਜ਼ਿਆਦਾ ਹੈ। ਰੂਸੋ ਦੇ ਕਥਨ ਅਨੁਸਾਰ ਕਿ ਸ਼ਬਦਾਂ ਦੀ ਤਾਕੀਦ ਬੋਲੀ ਦੀ ਜਾਨ ਹੁੰਦੀ ਹੈ, ਉਹ ਇਸ ਨੂੰ ਅਨੁਭਵਤਾ ਤੇ ਸੱਚਾਈ ਬਖ਼ਸ਼ਦੀ ਹੈ, ਗੁਰੂ ਰਾਮ ਦਾਸ ਦੀ ਬੋਲੀ ਦੀ ਏਹੀ ਵੱਡੀ ਵਿਸ਼ੇਸ਼ਤਾ ਹੈ। ਇਕੋ ਸ਼ਬਦ ਤੇ ਵਾਕੰਸ਼ ਉਨ੍ਹਾਂ ਦੀ ਬਾਣੀ ਵਿਚ ਬਾਰ ਬਾਰ ਆਉਂਦਾ ਹੈ ਤੇ ਹਰ ਵਾਰ ਨਵੇਂ ਰੂਪ ਤੇ ਨਵੇਂ ਰੰਗ ਵਿਚ ਆਉਂਦਾ ਹੈ। ਹਰ ਵਾਰ ਉਸ ਵਿਚ ਨਵੀਂ ਸੁੰਦਰਤਾ ਤੇ ਨਵੀਂ ਤਾਜ਼ਗੀ ਅੱਖਾਂ ਤੇ ਕੰਨਾਂ ਨੂੰ ਸਰਸ਼ਾਰ ਕਰ ਦਿੰਦੀ ਹੈ। ਕਈ ਵੇਰ ਇਕੋ ਸ਼ਬਦ ਭਿੰਨ ਭਿੰਨ ਰੰਗਾਂ ਅਤੇ ਅਰਥਾਂ ਵਿਚ ਆ ਕੇ ਭਾਵਾਂ ਦੀ ਅਸਮਾਨੀ ਪੀਂਘ ਨੂੰ ਸਤਰੰਗਾ ਕਰ ਦਿੰਦਾ ਹੈ।"

(ਡਾ· ਜੀਤ ਸਿੰਘ ਸੀਤਲ, ਪੰਜਾਬੀ ਦੁਨੀਆਂ, ਨਵੰਬਰ ੧੯੬੨, ਪੰਨਾ ੧੧੫)

ਪਰਮਾਤਮਾ ਲਈ ਆਪ ਨੇ ਸ਼ਬਦ 'ਹਰੀ' ਦੀ ਵਰਤੋਂ ਬਹੁਤ ਅਧਿਕ ਕੀਤੀ ਹੈ। ਅਨੇਕ ਤੁਕਾਂ ਵਿਚ ਇਸ ਸ਼ਬਦ ਨੂੰ ਕਈ ਕਈ ਵੇਰ ਦੁਹਰਾਇਆ ਗਿਆ ਹੈ:

ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮ...॥

(ਪੰਨਾ ੧੭੯)

ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ॥

(ਪੰਨਾ ੯੮੦)

ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ॥

(ਪੰਨਾ ੧੩੧੧)

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥

(ਪੰਨਾ ੧੧)

ਇਹ ਸਹੀ ਹੈ ਕਿ ਹਰੀ ਜਾਂ ਹਰਿ ਦੇ ਮੁੜ ਮੁੜ ਕਥਨ ਨਾਲ ਜੀਭਾ ਸੱਚੀ ਹੁੰਦੀ ਹੈ। ਸ਼ਬਦ 'ਹਰਿ' ਦੇ ਨਾਲ ਕਈ ਸ਼ਬਦ-ਸੰਧੀਆਂ ਤੇ ਤੁਕਾਂਤ ਵੀ ਜੋੜੇ ਗਏ ਹਨ ਜਿਵੇਂ ਹਰਿਜਸ, ਹਰਿਜਨ, ਹਰਿਰਸ, ਹਰਿਪ੍ਰਭ, ਹਰਿਬਿਰਦ, ਹਰਿ ਕਥਾ, ਹਰਿ ਸਜਣੁ, ਹਰਿ ਰਾਇਆ, ਹਰਿ ਗੁਣ, ਹਰਿ ਨਾਮ, ਹਰਿਮੁਖ ਬੋਲੀ, ਹਰਿ ਢੋਲੇ, ਹਰਿ ਭਗਵੰਤਾ, ਹਰਿ ਰੂਪ, ਹਰਿ ਅੰਮ੍ਰਿਤ ਭਿੰਨੇ ਲੋਇਣਾ, ਆਦਿ।

SikhBookClub.com

ਇਸ ਤਰ੍ਹਾਂ ਦੀ ਭਾਵਾਤਮਕ ਬਿਰਤੀ ਵਾਲੇ ਕੁਝ ਵਿਸ਼ੇਸ਼ ਸ਼ਬਦਾਂ ਦੇ ਦੁਹਰਾਉ ਨਾਲ ਪੈਦਾ ਹੋਣ ਵਾਲੀ ਰਾਗਾਤਮਕਤਾ ਪਾਠਕ ਜਾਂ ਸਰੋਤੇ ਲਈ ਭਾਵਨਾ-ਭਰਪੂਰ ਸਿੱਧ ਹੁੰਦੀ ਹੈ, ਜਿਵੇਂ 'ਸੋ ਪੁਰਖੁ' ਵਾਲੇ ਸ਼ਬਦ ਵਿਚ:

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥.....
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ੍ ਕੁਰਬਾਣਾ॥੨॥
ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ॥
ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ॥
(ਪੰਨਾ ੩੪੮)

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥
ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥
(ਪੰਨਾ ੧੦-੧੧)

ਇਸ ਸ਼ਬਦ ਤੋਂ ਆਪ ਦੀ ਸ਼ਬਦ-ਵਰਤੋਂ ਦੀ ਜੁਗਤ, ਦੁਹਰਾਉ, ਅਨੁਪ੍ਰਾਸ ਤੇ ਰਾਗਾਤਮਕਤਾ ਦਾ ਪਤਾ ਵੀ ਮਿਲ ਜਾਂਦਾ ਹੈ। ਆਪਣੇ ਵਿਚਾਰ ਨੂੰ ਪ੍ਰੇਮ-ਭਾਉ ਨਾਲ ਸਮਝਾਉਣ ਲਈ ਆਪ ਕੁਝ ਥਾਈਂ ਵੱਖ ਵੱਖ ਸ਼ਬਦਾਂ ਦੀ ਪ੍ਰੇਮ-ਰਸੀ ਸੰਬੋਧਨੀ ਦੀ ਵਰਤੋਂ ਕਰਦੇ ਹੋਏ ਆਪਣੇ ਹਰਿ ਨਾਲ, ਸਤਿਗੁਰ ਨਾਲ, ਆਪਣੀ ਆਤਮਾ ਨਾਲ ਜਾਂ ਸੰਗਤ ਨਾਲ ਨੇੜਤਾ ਤੇ ਅਪਣੱਤ ਦੀ ਭਾਵਨਾ ਪੈਦਾ ਕਰਨੀ ਲੋਚਦੇ ਹਨ, ਜਿਵੇਂ, ਮੇਰੇ ਗੋਵਿੰਦਾ, ਰਾਮ ਰਾਜਿਆ, ਮੇਰੇ ਸਾਜਨ ਸੈਨਾ, ਮੇਰੀ ਮਾਈ, ਸਾਹਾ, ਮੇਰੇ ਸਾਹਾ, ਮੇਰੇ ਸਤਿਗੁਰਾ, ਵਣਜਾਰਿਆ, ਮਿਤ੍ਰਾ, ਮਨ ਬੈਰਾਗੀਆ, ਮੇਰੀ ਜਿੰਦੜੀਏ, ਮੇਰੇ ਭਾਈ ਜਨਾ, ਮਨ ਪਰਦੇਸੀਆ, ਭਾਈ ਰੇ, ਸੰਤਹੁ ਸੁਨਹੁ, ਦੇਖਹੁ ਭਾਈ, ਸਭਿ ਕਹਹੁ, ਸਭ ਬੋਲਹੁ ਆਦਿ ਵਾਕੰਸ਼ਾਂ ਦੀ ਵਰਤੋਂ ਕਈ ਥਾਈਂ ਹੋਈ ਹੈ:

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥
(ਪੰਨਾ ੨੩੪)

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥
(ਪੰਨਾ ੭੨੫)

ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ॥
(ਪੰਨਾ ੧੩੨੬)

ਮੇਰੇ ਸਤਿਗੁਰਾ ਸੈ ਹਰਿ ਹਰਿ ਨਾਮੁ ਦ੍ਰਿੜਾਇ॥
(ਪੰਨਾ ੯੬੬)

ਹਰਿ ਜਨ ਸੰਤ ਮਿਲਹੁ ਮੇਰੇ ਭਾਈ॥
(ਪੰਨਾ ੬੫)

SikhBookClub.com

ਬੋਲੀ ਦੇ ਖੇਤਰ ਵਿਚ ਗੁਰੂ ਜੀ ਇਕ ਮਹਾਨ, ਸ਼ਬਦ-ਸ਼ਿਲਪੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਆਪ ਨੇ ਕਈ ਨਵੇਂ ਸਮਾਸ ਘੜੇ ਹਨ, ਕਈ ਸ਼ਬਦਾਂ ਨੂੰ ਗੋਲ ਕੀਤਾ ਤੇ ਕਈਆਂ ਨੂੰ ਨਵੇਂ ਰੂਪ ਬਖ਼ਸ਼ੇ ਹਨ। ਇਕ ਮਾਹਰ ਤੇ ਸਿਆਣੇ ਘਾੜੇ ਵਾਂਗ ਉਹ ਸ਼ਬਦਾਂ ਦੀ ਮਿੱਠੀ ਨੂੰ ਭਿਉਂਦੇ, ਗੋਹੰਦੇ ਹਨ, ਗੋ ਗੋ ਕੇ ਆਪਣੇ ਘਾੜਤ ਦੇ ਚੱਕ 'ਤੇ ਚਾੜ੍ਹਦੇ ਹਨ ਤੇ ਚੀਕਨੀ ਮਿੱਟੀ ਵਾਂਗ ਸ਼ਬਦ ਢਲ ਢਲ ਕੇ ਨਵਾਂ ਰੂਪ ਧਾਰਨ ਕਰੀ ਜਾਂਦੇ ਹਨ। ਕਈ ਥਾਂ ਅੱਖਰ ਕ੍ਰਮ ਬਦਲ ਜਾਂਦਾ ਹੈ ਤੇ ਕਈ ਥਾਂ ਲਗਾਂ ਮਾਤਰਾਂ ਅੱਗੜ ਪਿਛੜ ਹੋ ਜਾਂਦੀਆਂ ਹਨ, ਜਾਂ ਇਕ ਦੂਜੀ ਨਾਲ ਵਟ ਜਾਂਦੀਆਂ ਹਨ: ਕਈ ਥਾਂ ਅੱਖਰ ਆਪਣੇ ਵਰਗ ਦੇ ਕਿਸੇ ਦੂਜੇ ਅੱਖਰ ਨੂੰ ਆਪਣੀ ਥਾਂ ਦੇ ਦੇਂਦੇ ਹਨ ਤੇ ਕਈ ਥਾਂ ਆਪਣੀ ਥਾਂ ਬਦਲੀ ਕਰਕੇ ਇਕ ਨਵੇਂ ਸਮਾਜ ਜਾਂ ਮੁਹਾਵਰੇ ਨੂੰ ਜਨਮ ਦੇਂਦੇ ਦਿੱਸਦੇ ਹਨ:

ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ॥.....
ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ ॥.....
ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ॥

(ਪੰਨਾ ੯੫)

ਰਾਗਾਤਮਕਤਾ ਦਾ ਪ੍ਰਭਾਵ ਵਧਾਉਣ ਲਈ ਕਿਤੇ ਕਿਤੇ ਸ਼ਬਦਾਂ ਦੀ ਕਾਂਟ-ਛਾਂਟ, ਵਾਧ-ਘਾਟ ਕਰਕੇ ਇਹਨਾਂ ਦਾ ਗੋਲਾਕਾਰੀ ਰੂਪ ਬਣਾਇਆ ਗਿਆ ਹੈ:

ਅਪੁਨੇ ਹਰਿ ਪ੍ਰਭ ਕੀ ਹਉ ਗੋਲੀ॥
ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ॥.....
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ॥.....
ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ॥
ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ॥

(ਪੰਨਾ ੧੬੮-੬੯)

ਉਪਰ ਦੇ ਚਉਪਦੇ ਵਿਚ 'ਗੋਲ ਅਮੋਲੀ' (ਬਿਨਾਂ ਮੁੱਲ ਦੇ ਗੋਲਾ ਜਾਂ ਗ਼ੁਲਾਮ) ਕੋਲ ਦੀ ਥਾਂ ਕੋਲੀ, ਵੱਡੇ ਦੀ ਥਾਂ ਵਡੋਲੀ, ਵਚੋਲੇ ਦੀ ਥਾਂ ਵੇਚੋਲੀ ਦੀ ਵਰਤੋਂ ਤੁਕਾਂਤ ਦੀ ਭਾਵ-ਪੂਰਤੀ ਲਈ ਕੀਤੀ ਗਈ ਹੈ ਪਰ ਜਦ ਕਿਸੇ ਗੱਲ ਨੂੰ ਤਾਂਤਰਿਕ ਤੌਰ 'ਤੇ ਹੀ ਸਮਝਾਉਣਾ ਹੋਵੇ ਤਾਂ ਤਰਕ ਦੀ ਖ਼ਾਤਰ ਛੰਦਾ-ਬੰਦੀ, ਤੋਲ-ਤੁਕਾਂਤ ਜਾਂ ਰਾਗਾਤਮਕਤਾ ਦੀ ਆਪ ਵਧੇਰੇ ਪਰਵਾਹ ਨਹੀਂ ਕਰਦੇ:

ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ॥
ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ॥
ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖੈ ਪੈਜ ਜਨ ਕੇਰੀ॥੩॥
ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ॥
ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ
ਬਿਨੁ ਹਰਿ ਕਾ ਲਾਇਆ ॥

(ਪੰਨਾ ੧੬੮)

ਪਰ ਕਿਤੇ ਕਿਤੇ ਰਾਗਾਤਮਕਤਾ-ਗੁੱਧੀ ਸੰਵੇਦਨਸ਼ੀਲਤਾ ਛੰਦਾਬੰਦੀ ਦੇ ਨੇਮਾਂ ਨੂੰ ਨਿਬਾਹੁੰਦੀ ਹੋਈ ਵੀ ਤਾਰਕਿਕ ਢੰਗ ਨਾਲ ਉਪਦੇਸ਼ ਦੇਂਦੀ ਹੈ:

SikhBookClub.com

ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥

(ਪੰਨਾ ੪੫੦)

ਤੁਖਾਰੀ ਛੰਤ ਵਿਚ (ਪੰਨਾ ੧੧੧੬) ਜਦ ਆਪ ਤੀਜੇ ਗੁਰੂ ਜੀ ਦੀ ਪੁਰਬ ਅਭੀਚ ਯਾਤਰਾ ਦਾ ਵਰਣਨ ਕਰਦੇ ਹਨ ਤਾਂ ਛੰਦਾਬੰਦੀ ਦੀ ਪਰਵਾਹ ਨਾ ਕਰਦੀ ਹੋਈ ਕਾਵਿ-ਰਚਨਾ ਵਾਰਤਕ ਦੇ ਨੇੜੇ ਪੁੱਜਦੀ ਹੋਈ ਪ੍ਰਤੀਤ ਹੁੰਦੀ ਹੈ। ਇਹੀ ਹਾਲ ਰਾਗ ਗਉੜੀ ਤੇ ਬਿਲਾਵਲ ਦੀਆਂ ਵਾਰਾਂ ਵਿਚ ਹੈ, ਜਿਥੇ ਆਪ ਘਟਨਾਵਾਂ ਦਾ ਵੇਰਵਾ ਦੇਂਦੇ ਹੋਏ ਗੱਲ ਕਰਦੇ ਹਨ ਅਤੇ ਤੁਕਾਂਤ ਕੇਵਲ ਮਾਤਰਾ-ਪੂਰਤੀ ਲਈ ਵਰਤਿਆ ਗਿਆ ਹੈ। ਕਿਤੇ ਕਿਤੇ ਕੇਵਲ ਤੁਕਾਂਤ ਦੀ ਮਾਤਰ ਮਾਥਰਾ-ਪੂਰਤੀ ਕੀਤੀ ਹੈ ਤੇ ਮਾਤਰਾ-ਪੂਰਤੀ ਦੇ ਲਈ ਤੁਕ ਦੇ ਅੰਤ ਵਿਚ ਵਾਧੂ ਅੱਖਰ ਜੋੜੇ ਗਏ ਹਨ, ਜਿਵੇਂ:

੧. *ਵਡਫਾ (ਵੱਡਾ) ਕ੍ਰਿਪਾਫਾ (ਕ੍ਰਿਪਾ) ਨਿਮਖਫਾ (ਨਿਮਖ) ਕਰਮਫਾ (ਕਰਦੇ ਹਨ) ਤਰਫਾ (ਤਰੇ ਹਨ) ਆਦਿ, (ਪੰਨਾ: ੧੩੬੬)*
੨. *ਜਪਿਭਾ (ਜਪ ਕੇ), ਕਢਿਫਾ (ਕਢ ਲਿਆ), ਅਰਾਧਭਾ (ਆਰਾਧਣ ਯੋਗ ਹਰੀ) ਰਸਭਾ (ਰਸ ਨਾਲ) ਆਦਿ, (ਪੰਨਾ ੧੩੩੭)*
੩. *ਕੁਲਘਾ (ਕਾਲ ਨੇ), ਫਲਘਾ (ਫਲ), ਪ੍ਰਤੀਪਲਘਾ (ਪ੍ਰਤੀਪਾਲਕ) ਆਦਿ (ਪੰਨਾ ੭੩੧)*
੪. *ਤੁਮਨਛੇ (ਤੇਰੇ) ਬਨਛੇ (ਬਾਂਛੇ, ਚਾਹੇ), ਕ੍ਰਿਪਛੇ (ਕ੍ਰਿਪਾ) ਆਦਿ (ਪੰਨਾ ੧੧੭੮)*

ਗਉੜੀ ਤੇ ਬਿਲਾਵਲ ਰਾਗ ਦੀਆਂ ਵਾਰਾਂ ਵਿਚ ਜਦ ਆਵੇਸ਼ ਵਿਚ ਆ ਕੇ ਕੋਈ ਗੱਲ ਦ੍ਰਿੜ੍ਹ ਕਰਾਈ ਗਈ ਹੈ ਤਾਂ ਤੁਕਾਂ ਦੀ ਲੰਬਾਣੀ ਤੇ ਛੰਦਾ-ਬੰਦੀ ਦਾ ਖ਼ਿਆਲ ਨਹੀਂ ਰੱਖਿਆ ਅਤੇ ਇਸ ਤਰ੍ਹਾਂ ਭਾਵ ਦੀ ਖਾਤਰ ਰੂਪ-ਵਿਧਾਨ ਦੀ ਪਰਵਾਹ ਨਹੀਂ ਕੀਤੀ ਗਈ। ਤੁਕਾਂਤ ਨੂੰ ਕੇਵਲ ਤੁਕ-ਪੂਰਤੀ ਲਈ ਹੀ ਵਰਤਿਆ ਹੈ:

ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ॥
ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ
ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ॥
ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ
ਜਿਸ ਨੋ ਕਰਤੈ ਧੁਰਿ ਲਿਖਿ ਪਾਇਆ॥
ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ
ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ
ਵਿਚਿ ਕਾਲਾ ਕਰਾਇਆ॥
ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ
ਚੜੈ ਸਵਾਇਆ॥

(ਪੰਨਾ ੮੫੩)

ਜਿਥੇ ਕਿਤੇ ਗੁਰੂ-ਨਿੰਦਕਾਂ ਤੇ ਮਨਮੁਖਾਂ ਨੂੰ ਖਰੀਆਂ ਖਰੀਆਂ ਸੁਣਾਈਆਂ ਗਈਆਂ ਹਨ ਤਾਂ

SikhBookClub.com

ਸਖ਼ਤ ਤੋਂ ਸਖ਼ਤ ਬਚਨ ਵੀ ਉਹਨਾਂ ਬਾਰੇ ਕਹੇ ਗਏ ਹਨ, ਜਿਵੇਂ 'ਸਿਰਿ ਨਿੰਦਕ ਛਾਈ', 'ਨਿੰਦਕਾ ਦੁਸਟਾ ਕੇ ਮੂੰਹ ਕਾਲੇ ਕਰਾਏ', 'ਸੇ ਦੀਵਾਲੀਏ ਜਗ ਮਾਹਿ', 'ਨਾਮ ਬਿਨਾ ਨਕਟੇ ਨਰ ਦੇਖਹੁ', 'ਸਾਕਤ ਨਰ ਅਹੰਕਾਰੀ ਕਹੀਅਹਿ' ਆਦਿ ਪਰ ਇਸ ਦੇ ਨਾਲ ਹੀ ਆਪਣੀ ਨਿਮਰਤਾ ਦੀ ਭਾਵਨਾ ਜੋ ਆਪ ਨੇ ਦਿਖਾਈ ਹੈ ਉਹ ਹੋਰ ਕਿਸੇ ਕਵੀ ਦੇ ਹਿੱਸੇ ਘੱਟ ਹੀ ਆਈ ਹੈ। ਕਈ ਥਾਂ ਆਪਣੇ ਬਾਰੇ 'ਮੈਂ ਮੂਰਖ', 'ਹਮ ਅਪਰਾਧੀ', 'ਹਮ ਪਾਪੀ', 'ਨੀਚ ਕਰਮ ਹਰਿ ਮੇਰੇ', 'ਹਮ ਹੰਕਾਰੀ', 'ਕਿਰਮ ਤੁਮਨਡੇ', 'ਸਾਕਤ' ਆਦਿ ਸ਼ਬਦ ਤੇ ਵਾਕੰਸ਼ ਵਰਤੇ ਹਨ:

ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ

(ਪੰਨਾ ੭੩੧)

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥

(ਪੰਨਾ ੧੦)

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਬਾਪੇ॥

(ਪੰਨਾ ੧੬੭)

ਗਉੜੀ ਗੁਆਰੇਰੀ ਦੇ ਚਉਪਦਿਆਂ (ਪੰਨਾ ੧੬੩-੭੫) ਵਿਚ ਗੁਰੂ ਜੀ ਨੇ ਆਪਣੀ ਤੁੱਛਤਾ ਤੇ ਹਰੀ ਦੀ ਵਡਿਆਈ ਦੇ ਗੀਤ ਕਿਸੇ ਅਕਹਿ ਬਿਸਮਾਦ ਦੀ ਹਾਲਤ ਵਿਚ ਗਾਏ ਹਨ। ਇਹੀ ਗੱਲ ਆਪ ਦੀ ਸਮੁੱਚੀ ਬਾਣੀ ਬਾਰੇ ਵੀ ਕਹੀ ਜਾ ਸਕਦੀ ਹੈ।

ਸ਼ੈਲੀ ਵਿਚ ਛੰਦ-ਪ੍ਰਬੰਧ ਤੇ ਬਿੰਬ-ਪ੍ਰਬੰਧ ਦੀ ਵੰਨਸੁਵੰਨਤਾ, ਸੰਵੇਦਨਾ ਤੇ ਰਾਗਾਤਮਕਤਾ, ਸਰੋਦੀ ਲੈ ਅਤੇ ਸੱਜਰੇ ਸ਼ਬਦ-ਚਿਤਰ ਆਪ ਦੀ ਬਾਣੀ ਦੇ ਮੀਰੀ ਗੁਣ ਹਨ। ਮੁਹਾਵਰਿਆਂ ਤੇ ਸ਼ਬਦ-ਸੰਧੀਆਂ ਦੀਆਂ ਅਣਗਿਣਤ ਉਦਾਹਰਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ:

ਮੁਹਾਵਰੇ: ਘੁਮਰ ਪਾਉਣਾ, ਵੇਲ ਵਧਾਉਣਾ, ਖੋਟ ਕਮਾਵਣਾ, ਬਾਜੀ ਹਾਰਨਾ, ਪਾਵ ਮਲ ਮਲ ਧੋਣਾ, ਪੀਛੇ ਲਗ ਫਿਰਾਵਣਾ, ਵਣਜ ਕਰਾਉਣਾ, ਹਾਟਿ ਵਿਕਾਉਣਾ, ਵਧਾਈ ਵਜਣੀ, ਟੰਗ ਧਿਰ ਸੌਣਾ, ਤੱਤ ਕੱਢਣਾ, ਗਲ ਫਰੋਸ਼ੀ ਕਰਨੀ ਆਦਿ।

ਸ਼ਬਦ ਸੰਧੀਆ: ਪਾਰ ਬ੍ਰਹਮ, ਗੁਰ ਸਤਿਗੁਰ, ਗੁਰ ਦੀਪਕ, ਸਾਧੂ ਸੰਗਿ, ਸੰਤਿ ਸੰਗ, ਪ੍ਰਤਿਪਾਲਕ, ਦੁਖ ਭੰਜਨ, ਸਹਿਜ ਸਮਾਧਿ, ਜੀਉ ਪਿੰਡ, ਗੁਰ ਗਿਆਨ, ਸਚੁ ਸਾਹਿਬ, ਅੰਮ੍ਰਿਤ ਰਸ, ਅੰਮ੍ਰਿਤ ਬਾਣੀ, ਕੂੜ ਮੁਲੰਮਾ, ਮੁਖ ਉਜਲ, ਜੀਉ ਪਿੰਡ, ਗੁਰ ਪ੍ਰਸਾਦ, ਪਰਮ ਪਦੁ, ਵਡਭਾਗੀ, ਮਲੁ ਹਉਮੈ, ਸਚੁ ਸਉਦਾ, ਰੰਗ ਗਹਗਹਾ, ਕਿਤ ਬਿਧਿ, ਰੰਗ ਚਲੂਲੈ, ਪੰਥ ਦਸਾਈ, ਸਜਣ ਸਤਿਗੁਰ, ਅਗਮ ਅਗੋਚਰ, ਜੋਤ ਸਬਾਈ, ਸਤਿ ਸੰਗਤ, ਜਗ-ਜੀਵਨ ਦਾਤਾ, ਸਾਧੂ ਅੰਜੁਲੀ, ਸਾਸਿ-ਗਿਰਾਸਿ, ਬਹਦਿਆ ਉਠਦਿਆ, ਸਤਿਗੁਰ ਬੋਹਿਥ, ਗੁਣ-ਨਿਧਾਨ, ਭਉ ਦੁਤਰ, ਜਮਕਾਲਿ, ਮਨਇਛੇ (ਫਲ), ਸੋਗ ਸੰਤਾਪ, ਗੁਣ ਬਿਹੂਨ, ਰਹਿਰਾਸ, ਬਹੁ ਰੰਗ ਘਣਾ, ਥਾਨ ਥਨੰਤਰ, ਸਰਬ ਸੁਖਾ, ਆਲਿ ਜੰਜਾਲ, ਸਾਹੁ ਧਣੀ, ਭੂਪਤਿ ਰਾਜੇ, ਅੰਤਿ ਸੁਖਾਈ, ਪਰਤਖਿ ਪਿਰੁ, ਮਨ ਕਰਹਲਾ, ਦਿਨੁ ਰੈਣਿ, ਅੰਮ੍ਰਿਤ ਸਰ, ਅੰਮ੍ਰਿਤ ਸਰੋਵਰ, ਕਾਇਆ ਨਗਰ, ਹਾਟ ਪਟਣ, ਅਗਿਆਨੁ ਅੰਧੇਰਾ, ਕਥਾ ਕਹਾਨੀਆਂ, ਕਿਲਵਿਖ ਪਾਪ, ਸਖਾਈ ਸਹਾਈ ਆਦਿ।

SikhBookClub.com

ਕਿਤੇ ਕਿਤੇ, ਪਰ ਬਹੁਤ ਘੱਟ, ਪਛਮੀ ਜਾਂ ਲਹਿੰਦੀ ਪੰਜਾਬੀ ਦਾ ਪ੍ਰਭਾਵ ਵੀ ਮਿਲਦਾ ਹੈ, ਜਿਵੇਂ 'ਡ' ਅਤੇ 'ੜ' ਦੀ ਅਧਿਕ ਵਰਤੋਂ ਨਾਲ। 'ੜ' ਦੀ ਵਰਤੋਂ ਅਪਣਤ ਜਾਂ ਪਿਆਰ ਦਰਸਾਉਣ ਲਈ ਵੀ ਕੀਤੀ ਗਈ ਹੈ, ਜਿਵੇਂ—ਮੈਂਡਾ ਸਾਈਂ, ਪਹਿਲੜੀ ਲਾਵ, ਮਨਿਚਿੰਦੜਿਆ ਫਲੁ, ਸਾਹੁਰੜੇ, ਪੇਈਅੜੇ, ਪੇਵਕੜੇ, ਵੁਠੜਾ, ਡਿਠੜਾ, ਪਾਇੜਾ, ਪਲੜੇ ਆਦਿ। ਦੋ ਚਾਰ ਥਾਈਂ ਫ਼ਾਰਸੀ ਮੁਹਾਵਰੇ ਦਾ ਪ੍ਰਭਾਵ ਵੀ ਹੈ, ਜਿਵੇਂ:

ਰੰਗ ਚਲੂਲਿਆ: (ਚੂੰ ਲਾਲਾ—ਲਾਲਾ ਜਾਂ ਪੋਸਤ ਦੇ ਫੁਲ ਵਾਂਗ)

ਰਹਿ ਰਾਸਿ: ('ਰਾਹੋ-ਰਾਸਤਿ'—ਸਚਾਈ ਦਾ ਰਸਤਾ)

ਗਲ ਫਰੋਸੀ: (ਗਲਾ ਫਰੋਸ਼ੀ—ਬਹੁਤ ਗਲਾ ਫਾੜਨਾ)

ਆਪ ਦੀ ਸੱਚੀ ਤੇ ਸੁਚੀ ਬਾਣੀ ਦਿਮਾਗ਼ ਨਾਲੋਂ ਵਧੇਰੇ ਦਿਲ ਦੀ ਉਪਜ ਹੈ। ਇਸ ਵਿਚ ਜਜ਼ਬਿਆਂ ਦਾ ਇਕ ਨਿਰੰਤਰ ਵਹਿਣ ਹੈ ਜੋ ਮਾਨਵੀ ਹਿਰਦੇ ਨੂੰ ਪ੍ਰਭਾਵਤ ਕੀਤੇ ਬਿਨਾਂ ਨਹੀਂ ਰਹਿ ਸਕਦਾ। ਇਹ ਰੱਬੀ ਰਸ ਵਿਚ ਗੜੂੰਦ ਹੋਏ ਹਿਰਦੇ ਦੇ ਗੀਤ ਹਨ। ਤੁਕਾਂ ਤਾਂ ਸਦੀਵੀ ਸੱਚ ਵਾਂਗ ਲਿਸਕਦੀਆਂ ਹੋਈਆਂ ਸਿੱਖ ਰਹਿਣੀ ਦਾ ਮਾਰਗ-ਦਰਸ਼ਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਕਹਾਵਤਾਂ ਵਾਂਗ ਸ਼ਰਧਾਲੂਆਂ ਦੇ ਮੂੰਹ ਉੱਤੇ ਚੜ੍ਹੀਆਂ ਹੋਈਆਂ ਹਨ। ਇਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ:

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥ (ਪੰਨਾ ੯੧)

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥ (ਪੰਨਾ ੮੪)

ਗੁਰਮੁਖਿ ਜਿਤਾ ਮਨਮੁਖਿ ਹਾਰਿਆ॥ (ਪੰਨਾ ੩੧੦)

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ (ਪੰਨਾ ੩੧੦)

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ (ਪੰਨਾ ੩੧੬)

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ॥ (ਪੰਨਾ ੩੧੭)

ਜਨੁ ਨਾਨਕੁ ਪ੍ਰਭਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (ਪੰਨਾ ੩੦੬)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ ੯੮੨)

ਗੁਰਸਿਖ ਮੀਤ ਚਲਹੁ ਗੁਰ ਚਾਲੀ॥ (ਪੰਨਾ ੬੬੭)

ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ (ਪੰਨਾ ੭੨੬)

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ (ਪੰਨਾ ੭੨੫)

ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ॥ (ਪੰਨਾ ੮੦੦)

ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ॥ (ਪੰਨਾ ੧੧੭੯)

SikhBookClub.com

ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥ (ਪੰਨਾ ੭੩੨)

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥ (ਪੰਨਾ ੩੦੨)

ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥ (ਪੰਨਾ ੪੨੬)

ਨਾਨਕ ਗੁਰਮੁਖਿ ਮਥਿ ਤਤੁ ਕਢੀਐ॥ (ਪੰਨਾ ੩੬੭)

ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥ (ਪੰਨਾ ੯੬੧)

ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥ (ਪੰਨਾ ੪੫੦)

(ਧੰਨਵਾਦ ਸਹਿਤ—ਪੁਸਤਕ 'ਚੋਂ)

SikhBookClub.com

ਸ੍ਰੀ ਗੁਰੂ ਰਾਮਦਾਸ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਚੂਨੀ ਮੰਡੀ ਲਾਹੌਰ ਵਿਖੇ 25 ਅੱਸੂ, ਸੰਮਤ 1591 ਮੁਤਾਬਿਕ 24 ਸਤੰਬਰ, 1534 ਈ: ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਹਰਿਦਾਸ ਜੀ ਅਤੇ ਮਾਤਾ ਦਾ ਨਾਂ ਦਇਆ ਕੌਰ ਸੀ। ਉਨ੍ਹਾਂ ਸਮਿਆਂ ਵਿਚ ਸਭ ਤੋਂ ਪਹਿਲੀ ਔਲਾਦ ਨੂੰ 'ਜੇਠਾ' ਕਿਹਾ ਜਾਂਦਾ ਸੀ ਇਸੇ ਲਈ ਭਾਵੇਂ ਆਪ ਜੀ ਦਾ ਨਾਂ 'ਰਾਮਦਾਸ' ਰੱਖਿਆ ਗਿਆ ਪਰ ਆਪਣੇ ਮਾਤਾ-ਪਿਤਾ ਦੀ ਪਹਿਲੀ ਔਲਾਦ ਹੋਣ ਕਾਰਨ ਬਚਪਨ ਤੋਂ ਹੀ ਆਪ ਜੀ ਨੂੰ 'ਜੇਠਾ' ਕਹਿ ਕੇ ਬੁਲਾਇਆ ਜਾਣ ਲੱਗਾ। ਅਜੇ ਜੇਠਾ ਜੀ ਦੀ ਉਮਰ ਸੱਤ ਸਾਲ ਦੀ ਹੀ ਸੀ ਕਿ ਪਹਿਲਾਂ ਉਨ੍ਹਾਂ ਦੇ ਮਾਤਾ ਜੀ ਅਤੇ ਫਿਰ ਆਪ ਜੀ ਦੇ ਪਿਤਾ ਜੀ ਦਾ ਵੀ ਦੇਹਾਂਤ ਹੋ ਗਿਆ। ਆਪ ਦੀ ਨਾਨੀ ਆਪ ਜੀ ਨੂੰ ਆਪਣੇ ਨਾਲ ਆਪਣੇ ਪਿੰਡ ਬਾਸਰਕੇ ਗਿੱਲਾਂ ਲੈ ਗਈ ਜੋ ਸ੍ਰੀ ਗੁਰੂ ਅਮਰਦਾਸ ਜੀ ਦਾ ਪਿੰਡ ਸੀ। ਇੱਥੋਂ ਹੀ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਆਏ ਅਤੇ ਫਿਰ ਇਨ੍ਹਾਂ ਦੇ ਹੀ ਹੋ ਕੇ ਰਹਿ ਗਏ।

ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ ਤਾਂ ਜੇਠਾ ਜੀ ਵੀ ਆਪਣੇ ਨਾਨਕੇ ਪਰਵਾਰ ਨਾਲ ਉੱਥੇ ਜਾ ਵੱਸੇ। ਬਚਪਨ ਤੋਂ ਹੀ ਆਪ ਅਤਿ ਗਰੀਬੀ ਦੀ ਹਾਲਤ ਵਿਚ ਰਹਿੰਦਿਆਂ ਹੋਇਆਂ ਵੀ ਸੰਤੋਖ ਅਤੇ ਸਿਦਕ ਨਾਲ ਜੀਵਨ ਬਤੀਤ ਕਰਦੇ ਸਨ। ਆਪ ਜੀ ਘੁੰਗਣੀਆਂ ਵੇਚ ਕੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਿਆ ਕਰਦੇ ਸਨ। ਘੁੰਗਣੀਆਂ ਵੇਚਣ ਉਪਰੰਤ ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸੰਗਤ ਦੀ ਹੱਥੀਂ ਸੇਵਾ ਵੀ ਕਰਿਆ ਕਰਦੇ ਸਨ। ਆਪ ਜੀ ਦੀ ਇਸੇ ਸੇਵਾ-ਭਾਵਨਾ ਅਤੇ ਸਿਦਕ-ਸੰਤੋਖ ਤੋਂ ਖੁਸ਼ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ 22 ਫੱਗਣ ਸੰਮਤ 1610 ਵਿਚ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਆਪ ਜੀ ਨਾਲ ਕਰ ਦਿੱਤੀ। ਉਪਰੰਤ ਆਪ ਜੀ ਦੇ ਗ੍ਰਿਹ ਪ੍ਰਿਥੀ ਚੰਦ, ਮਹਾਂਦੇਵ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਨਮ ਲਿਆ। ਜਿਵੇਂ ਕਿ ਸਿੱਖ ਧਰਮ ਦੀ ਇਹ ਪਰੰਪਰਾ ਚੱਲੀ ਆ ਰਹੀ ਸੀ ਕਿ ਇੱਥੇ ਸੇਵਾ ਅਤੇ ਸੇਵਕ ਨੂੰ ਹੀ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ ਇਸੇ ਪੈੜ ਉੱਤੇ ਚੱਲਦਿਆਂ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਅਨਿੰਨ ਸੇਵਕ ਸ੍ਰੀ ਰਾਮਦਾਸ ਜੀ ਦੀ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ 2 ਅੱਸੂ ਸੰਮਤ 1631 ਨੂੰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦੀ ਰਸਮ ਕਰਵਾ ਕੇ ਉਨ੍ਹਾਂ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਨਾਂ ਦਾ ਨਵਾਂ ਨਗਰ ਵਸਾਇਆ ਅਤੇ ਇੱਥੇ ਮਾਨਵਤਾ ਦੀ ਭਲਾਈ ਵਾਸਤੇ ਸੰਤੋਖਸਰ ਅਤੇ ਰਾਮਸਰ ਸਰੋਵਰ ਦੀ ਖੁਦਵਾਈ ਵੀ ਕਰਵਾਈ।

SikhBookClub.com

ਸ੍ਰੀ ਅੰਮ੍ਰਿਤਸਰ ਦਾ ਪਹਿਲਾ ਨਾਂ ਆਪ ਜੀ ਦੇ ਨਾਂ ਨਾਲ ਪਹਿਲਾਂ 'ਚੱਕ ਰਾਮਦਾਸ' ਤੇ ਫਿਰ 'ਰਾਮਦਾਸਪੁਰ' ਪ੍ਰਸਿੱਧ ਹੋਇਆ। ਸ੍ਰੀ ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ ਬਾਣੀ ਰਚੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਪਰਮ ਸੇਵਕ ਅਤੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਬੀਬੀ ਭਾਨੀ ਜੀ ਸਮੇਤ ਗੋਇੰਦਵਾਲ ਸਾਹਿਬ ਵਾਪਸ ਚਲੇ ਗਏ ਜਿੱਥੇ 2 ਅੱਸੂ ਸੰਮਤ 1638 ਨੂੰ ਆਪ ਜੀ ਆਪਣਾ ਸਰੀਰਕ ਚੋਲਾ ਤਿਆਗ ਅਕਾਲ ਪੁਰਖ ਨਾਲ ਅਭੇਦ ਹੋ ਗਏ। ਆਪਣੇ ਜੀਵਨ-ਕਾਲ ਦੌਰਾਨ ਆਪ ਜੀ ਨੇ ਜਿੱਥੇ ਵੀ ਆਪਣੇ ਪਵਿੱਤਰ ਚਰਨ ਪਾਏ, ਸੰਗਤਾਂ ਨੇ ਆਪ ਜੀ ਦੀ ਯਾਦ ਨੂੰ ਸਦੀਵੀ ਬਣਾਈ ਰੱਖਣ ਲਈ ਉੱਥੇ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕਰ ਦਿੱਤੀ। ਆਓ, ਆਪ ਜੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਬਾਰੇ ਜਾਣਨ ਦਾ ਯਤਨ ਕਰਦੇ ਹਾਂ।

ਗੁਰਦੁਆਰਾ ਦੁੱਖ ਭੰਜਨੀ ਬੇਰੀ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ

ਗੁਰਦੁਆਰਾ ਦੁੱਖ ਭੰਜਨੀ ਬੇਰੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬ ਦਿਸ਼ਾ ਵਿਚ ਪਵਿੱਤਰ ਸਰੋਵਰ ਦੇ ਕੰਢੇ ਸੁਸ਼ੋਭਿਤ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਨੇ 1577 ਈ: ਵਿਚ ਇਸ ਸਰੋਵਰ ਦੀ ਖੁਦਾਈ ਅਰੰਭ ਕਰਵਾਈ ਸੀ। ਦੁੱਖ ਭੰਜਨੀ ਬੇਰੀ ਦੇ ਨਜ਼ਦੀਕ ਹੀ ਗੁਰਦੁਆਰਾ ਸਾਹਿਬ ਦੁੱਖ ਭੰਜਨੀ ਬੇਰੀ ਸੁਸ਼ੋਭਿਤ ਹੈ ਅਤੇ ਇੱਥੇ ਲਗਾਤਾਰ ਬਾਣੀ ਦਾ ਪਾਠ ਹੁੰਦਾ ਹੈ।

ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ

ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਗੁਰੂ ਸਾਹਿਬਾਨ ਆਪਣੀ ਰਿਹਾਇਸ਼ ਰੱਖਿਆ ਕਰਦੇ ਸਨ। ਗੁਰਦੁਆਰਾ ਗੁਰੂ ਕਾ ਮਹਿਲ ਚੌਂਕ ਪਾਸੀਆਂ ਵਿਚ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ 'ਗੁਰੂ ਬਜ਼ਾਰ' ਵਿੱਚੋਂ ਲੰਘ ਕੇ ਆਉਂਦਾ ਹੈ। ਅਸਲ ਵਿਚ ਇਹ ਇਕ ਛੋਟੀ ਜਿਹੀ ਕਾਨਿਆਂ ਦੀ ਇਕ ਛਪਰੀ ਸ੍ਰੀ ਗੁਰੂ ਰਾਮਦਾਸ ਜੀ ਨੇ 1573 ਈ: ਵਿਚ ਆਪ ਬਣਾਈ ਸੀ ਜਿਸ ਨੂੰ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੱਡੀ ਅਤੇ ਖ਼ੂਬਸੂਰਤ ਇਮਾਰਤ ਵਿਚ ਤਬਦੀਲ ਕਰ ਦਿੱਤਾ। ਉਸੇ ਇਮਾਰਤ ਵਿਚ ਹੀ ਹੁਣ 'ਗੁਰਦੁਆਰਾ ਗੁਰੂ ਕੇ ਮਹਿਲ' ਸੁਸ਼ੋਭਿਤ ਹੈ। ਇਸ ਦੇ ਇਕ ਵੱਡੇ ਹਾਲ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ ਗਿਆ ਹੈ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ਹੋਇਆ ਸੀ, ਇਸ ਲਈ ਉਨ੍ਹਾਂ ਦਾ ਪ੍ਰਕਾਸ਼ ਦਿਵਸ ਇਸ ਅਸਥਾਨ 'ਤੇ ਵਿਸ਼ੇਸ਼ ਰੂਪ ਅਤੇ ਸਾਲਾਨਾ ਜੋੜ ਮੇਲੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਅਤੇ ਇਸ ਗੁਰਦੁਆਰਾ ਸਾਹਿਬ ਨੂੰ ਅੱਜਕਲ੍ਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਕਰਕੇ ਹੀ ਜਾਣਿਆ ਜਾਂਦਾ ਹੈ। ਇਸੇ ਇਤਿਹਾਸਿਕ ਅਸਥਾਨ 'ਤੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਹੋਇਆ ਸੀ ਅਤੇ ਉਨ੍ਹਾਂ ਦੇ ਪੰਜ ਸਪੁੱਤਰ ਅਤੇ ਇਕ ਸਪੁੱਤਰੀ ਦਾ ਜਨਮ ਵੀ ਇਸੇ ਥਾਂ 'ਤੇ ਹੀ ਹੋਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਅਸਥਾਨ 'ਤੇ ਨੌਂ-ਮੰਜ਼ਲਾ

SikhBookClub.com

ਇਮਾਰਤ ਦੀ ਉਸਾਰੀ ਕਰਵਾ ਦਿੱਤੀ ਹੈ। ਗੁਰਦੁਆਰਾ ਸਾਹਿਬ ਦੇ ਗੁੰਬਦ ਦੇ ਸੋਨੇ ਦੇ ਕਲਸ਼ ਦੂਰੋਂ ਹੀ ਨਜ਼ਰ ਆਉਂਦੇ ਹਨ।

ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ

ਗੁਰਦੁਆਰਾ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਚਾਟੀਵਿੰਡ ਗੇਟ ਦੇ ਨਜ਼ਦੀਕ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਨਜ਼ਦੀਕ ਰਾਮਸਰ ਸਰੋਵਰ ਦੇ ਕੰਢੇ 'ਤੇ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਨੂੰ ਮੁਕੰਮਲ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਇਸੇ ਥਾਂ 'ਤੇ ਕੀਤਾ ਅਤੇ ਇਸ ਅਸਥਾਨ ਦੀ ਸੁੰਦਰਤਾ ਨੂੰ ਵਧਾਉਣ ਲਈ ਇੱਥੇ 1602 ਈ: ਵਿਚ ਇਕ ਸਰੋਵਰ ਦੀ ਖੁਦਾਈ ਕਰਵਾਈ ਜਿਸ ਦਾ ਨਾਂ 'ਰਾਮਸਰ' ਰੱਖਿਆ। ਸਰੋਵਰ ਕੰਢੇ ਬਣੇ ਗੁਰਦੁਆਰਾ ਸਾਹਿਬ ਦਾ ਨਾਂ ਵੀ ਸਰੋਵਰ ਦੇ ਨਾਂ 'ਤੇ ਗੁਰਦੁਆਰਾ ਰਾਮਸਰ ਸਾਹਿਬ ਰੱਖ ਦਿੱਤਾ ਗਿਆ। ਇੱਥੇ ਹੀ ਬੇਰੀ ਦੇ ਦਰੱਖਤ ਹੇਠਾਂ ਬੈਠ ਕੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਦੁਆਰਾ ਮੰਜੀ ਸਾਹਿਬ ਵਾਲੀ ਥਾਂ 'ਤੇ 'ਸੁਖਮਨੀ ਸਾਹਿਬ' ਦੀ ਰਚਨਾ ਕੀਤੀ। ਸ਼੍ਰੋਮਣੀ ਕਮੇਟੀ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਜੀ ਰਾਹੀਂ ਇਸੇ ਥਾਂ 'ਤੇ ਛੇ-ਮੰਜ਼ਲਾ ਸੁੰਦਰ ਇਮਾਰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ' ਦੀ ਉਸਾਰੀ ਕਰਵਾਈ ਹੈ ਜਿਸ ਦੀ ਬੇਸਮੈਂਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਡਨ ਆਫਸੈੱਟ ਪ੍ਰੈਸ ਚੱਲ ਰਹੀ ਹੈ।

ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ), ਸ੍ਰੀ ਅੰਮ੍ਰਿਤਸਰ ਸਾਹਿਬ

ਗੁਰਦੁਆਰਾ ਟਾਹਲੀ ਸਾਹਿਬ ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਕੋਤਵਾਲੀ ਦੇ ਸਾਹਮਣੇ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਖੁਦਾਈ ਅਰੰਭ ਕਰਵਾਈ ਸੀ ਜਿਸ ਨੂੰ ਬਾਅਦ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੰਪੂਰਨ ਕਰਵਾਇਆ। ਇਸ ਸਰੋਵਰ ਦੀ ਖੁਦਾਈ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੀ ਖੁਦਾਈ ਤੋਂ ਪਹਿਲਾਂ ਸੰਨ 1570 ਵਿਚ ਕਰਵਾਈ ਸੀ। ਇਸ ਪਵਿੱਤਰ ਅਸਥਾਨ 'ਤੇ ਇਕ ਪ੍ਰਾਚੀਨ ਟਾਹਲੀ ਦਾ ਦਰੱਖਤ ਸੀ, ਜਿਸ ਦੀ ਛਾਂ ਹੇਠ ਬੈਠ ਕੇ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਬਾਬਾ ਬੁੱਢਾ ਸਾਹਿਬ ਜੀ ਸਰੋਵਰ ਦੀ ਕਾਰ-ਸੇਵਾ ਦੀ ਨਿਗਰਾਨੀ ਕਰਿਆ ਕਰਦੇ ਸਨ। ਬਾਬਾ ਜੀਵਨ ਸਿੰਘ ਜੀ, ਬਾਬਾ ਹਰੀ ਸਿੰਘ ਜੀ ਅਤੇ ਬਾਬਾ ਜਗਤਾਰ ਸਿੰਘ ਜੀ ਕਾਰ-ਸੇਵਾ ਵਾਲਿਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ ਗਈ ਹੈ।

ਸ੍ਰੀ ਗੋਇੰਦਵਾਲ ਸਾਹਿਬ

ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਗੋਇੰਦਾ ਨਾਮਕ ਮਰਵਾਹੇ ਖੱਤਰੀ ਤੋਂ ਜ਼ਮੀਨ ਮੁੱਲ ਲੈ ਕੇ ਵਸਾਇਆ ਸੀ। ਅੱਜਕਲ੍ਹ ਇਹ ਨਗਰ ਜ਼ਿਲ੍ਹਾ ਤਰਨ ਤਾਰਨ ਦੀ ਤਹਿਸੀਲ

SikhBookClub.com

ਖਡੂਰ ਸਾਹਿਬ ਵਿਖੇ ਤਰਨ ਤਾਰਨ-ਗੋਇੰਦਵਾਲ ਸੜਕ 'ਤੇ ਅਬਾਦ ਹੈ। ਇਸ ਨਗਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਤੋਂ ਇਲਾਵਾ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਵੀ ਆਪਣੇ ਮੁਬਾਰਕ ਚਰਨ ਪਾਏ ਹਨ। ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਸੰਬੰਧਿਤ ਹੇਠ ਲਿਖੀਆਂ ਯਾਦਗਾਰਾਂ ਸੁਸ਼ੋਭਿਤ ਹਨ।

ਗੁਰਿਆਈ ਅਸਥਾਨ ਸ੍ਰੀ ਗੁਰੂ ਰਾਮਦਾਸ ਸਾਹਿਬ

ਗੁਰਿਆਈ ਅਸਥਾਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਉਹ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੀ ਬਖਸ਼ਿਸ਼ ਕੀਤੀ ਸੀ।

ਜੋਤੀ ਜੋਤਿ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ

ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਅਸਥਾਨ ਦੇ ਨਾਲ ਹੀ ਛੋਟੀ ਜਿਹੀ ਸੰਗਮਰਮਰ ਦੀ ਉਹ ਥਾਂ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਤੋਂ ਸੱਤ ਸਾਲ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਜੋਤੀ-ਜੋਤਿ ਸਮਾਏ ਸਨ। ਇਸ ਅਸਥਾਨ ਨੂੰ 'ਕੋਠੜੀ ਸਾਹਿਬ' ਵੀ ਕਿਹਾ ਜਾਂਦਾ ਹੈ।

ਖੂਹ ਸ੍ਰੀ ਗੁਰੂ ਰਾਮਦਾਸ ਜੀ

ਗੁਰਦੁਆਰਾ ਚੁਬਾਰਾ ਸਾਹਿਬ ਦੇ ਨਜ਼ਦੀਕ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ ਬਣਾਇਆ ਖੂਹ ਵੀ ਮੌਜੂਦ ਹੈ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਇਸ ਥਾਂ 'ਤੇ ਹੀ ਭਾਈ ਗੁਰਦਾਸ ਜੀ ਜੋਤੀ-ਜੋਤਿ ਸਮਾਏ ਸਨ ਅਤੇ ਉਨ੍ਹਾਂ ਦਾ ਜੋਤੀ-ਜੋਤਿ ਅਸਥਾਨ ਵੀ ਇਸ ਖੂਹ ਦੇ ਕੋਲ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਸੁਸ਼ੋਭਿਤ ਹੈ।

ਪਾਕਿਸਤਾਨ

ਪਾਕਿਸਤਾਨ 1947 ਈ: ਤੋਂ ਪਹਿਲਾਂ ਭਾਰਤ ਦਾ ਹੀ ਹਿੱਸਾ ਸੀ। ਪਾਕਿਸਤਾਨ ਦੇ ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਦਾ ਸਿੱਖ ਇਤਿਹਾਸ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਲਾਹੌਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਹੋਰ ਅਨੇਕਾਂ ਸਿੱਖ ਸ਼ਹੀਦਾਂ ਦੇ ਪਵਿੱਤਰ ਅਸਥਾਨ ਮੌਜੂਦ ਹਨ। ਇਨ੍ਹਾਂ ਵਿੱਚੋਂ ਸ੍ਰੀ ਗੁਰੂ ਰਾਮਦਾਸ ਜੀ ਨਾਲ ਸੰਬੰਧਿਤ ਅਸਥਾਨ ਹੇਠ ਲਿਖੇ ਹਨ:

ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਸਾਹਿਬ (ਲਾਹੌਰ) :

ਲਾਹੌਰ ਦੇ ਬਜ਼ਾਰ ਚੂਨੀ ਮੰਡੀ ਵਿਚ ਜਿੱਥੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਹੋਇਆ ਸੀ, ਉਸ ਅਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਜਨਮ ਅਸਥਾਨ ਸੁਸ਼ੋਭਿਤ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਬਚਪਨ ਦੇ 7 ਸਾਲ ਇੱਥੇ ਹੀ ਗੁਜ਼ਾਰੇ ਸਨ। ਪੁਰਾਣੀ ਇਮਾਰਤ ਬਹੁਤ ਹੀ ਛੋਟੀ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਤਿਗੁਰੂ ਦੇ ਸ਼ੁਕਰਾਨੇ ਵਜੋਂ ਗੁਰਦੁਆਰਾ ਸਾਹਿਬ

SikhBookClub.com

ਦੀ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। ਇਸ ਗੁਰ-ਅਸਥਾਨ ਦੇ ਨਾਂ ਅੱਠ ਦੁਕਾਨਾਂ ਹਨ। ਪਹਿਲਾਂ ਇਸ ਅਸਥਾਨ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਸੀ। ਪਰ ਹੁਣ ਇਸ ਦਾ ਪ੍ਰਬੰਧ ਮਹਿਕਮਾ ਔਕਾਫ਼ ਬੋਰਡ ਪਾਕਿਸਤਾਨ ਕੋਲ ਹੈ। ਇਸ ਅਸਥਾਨ ਦੀ ਇਮਾਰਤ ਨੂੰ ਕਾਰ-ਸੇਵਾ ਰਾਹੀਂ ਰੀਪੇਅਰ ਸੰਨ 2006 ਵਿਚ ਉਸਾਰੀ ਗਈ ਹੈ।

(9/2011)

SikhBookClub.com

ਸੰਖੇਪ ਜੀਵਨ ਸ੍ਰੀ ਗੁਰੂ ਰਾਮਦਾਸ ਜੀ

ਅੰਮ੍ਰਿਤਸਰ ਸ਼ਹਿਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ, 1534 ਈ: (25 ਅੱਸੂ, ਸੰਮਤ 1591) ਨੂੰ ਪਿਤਾ ਹਰਦਾਸ ਜੀ ਤੇ ਮਾਤਾ ਦਇਆ ਕੌਰ ਦੇ ਘਰ ਚੂਨੀ ਮੰਡੀ, ਲਾਹੌਰ ਵਿਖੇ ਹੋਇਆ। (ਗੁਰੂ) ਰਾਮਦਾਸ ਜੀ ਬਚਪਨ ਤੋਂ ਹੀ ਨਾਮ ਰਸੀਏ, ਗੁਣਾਂ ਦੇ ਗਾਹਕ, ਪ੍ਰਭੂ ਪਿਆਰੇ ਤੇ ਹਰੇਕ ਨੂੰ ਆਪਣਾ ਸੱਜਣ-ਸਨੇਹੀ ਸਮਝਣ ਵਾਲੇ ਸਨ। ਉਨ੍ਹਾਂ ਦਾ ਸਰੀਰ ਅਤਿ ਸੁੰਦਰ ਤੇ ਚਿਹਰਾ ਅਲਾਹੀ ਨੂਰ ਨਾਲ ਹਮੇਸ਼ਾ ਰੋਸ਼ਨ ਤੇ ਮੁਸਕਰਾਉਂਦਾ ਸੀ। ਨਿਮਰਤਾ, ਗਰੀਬੀ ਤੇ ਪਿਆਰ ਦੀਨੋ-ਦੁਨੀਆਂ ਦੇ ਤਖ਼ਤ ਦੇ ਮਾਲਕ ਦੇ ਸੁਭਾਅ ਦੇ ਖਾਸ ਗਹਿਣੇ ਸਨ। ਸ੍ਰੀ ਗੁਰੂ ਰਾਮਦਾਸ ਜੀ ਦਾ ਬਚਪਨ ਦਾ ਨਾਮ 'ਰਾਮਦਾਸ' ਹੀ ਸੀ, ਪਰ ਪਰਿਵਾਰ ਵਿੱਚ ਪਹਿਲੇ ਸਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਂ 'ਜੇਠਾ' ਪ੍ਰਚੱਲਤ ਹੋ ਗਿਆ। ਭਾਈ ਜੇਠਾ ਜੀ ਦੇ ਪਿਤਾ ਹੱਟੀ ਦਾ ਕੰਮ ਕਰਦੇ ਸਨ। ਭਾਈ ਜੇਠਾ ਜੀ ਛੋਟੀ ਉਮਰ ਦੇ ਹੀ ਸਨ ਕਿ ਇਨ੍ਹਾਂ ਦੇ ਮਾਤਾ ਜੀ ਚਲਾਣਾ ਕਰ ਗਏ। 7 ਸਾਲ ਦੇ ਹੋਏ ਤਾਂ ਪਿਤਾ ਜੀ ਵੀ ਗੁਰੂ ਨੂੰ ਪਿਆਰੇ ਹੋ ਗਏ। ਮਾਤਾ-ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਨਾਲ ਭਾਈ ਜੇਠਾ ਜੀ 'ਯਤੀਮ' ਤੇ ਨਿਆਸਰੇ ਹੋ ਗਏ। ਇਹ ਕਿਸ ਨੂੰ ਪਤਾ ਸੀ ਕਿ ਜਿਸ ਨੂੰ ਸੰਸਾਰਿਕ ਲੋਕ ਯਤੀਮ ਕਹਿ ਰਹੇ ਹਨ ਉਸ ਨੇ ਗੁਰੂ ਨਾਨਕ ਸਾਹਿਬ ਦੀ ਗੁਰਗੱਦੀ 'ਤੇ ਬਿਰਾਜਮਾਨ ਹੋ ਸੰਸਾਰ ਦੇ ਲੋਕਾਂ ਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣਾ ਹੈ ਤੇ ਗੁਰੂ ਰਾਮਦਾਸ ਜੀ ਨੇ ਨਿਆਸਰਿਆਂ ਦਾ ਆਸਰਾ ਬਣਨਾ ਹੈ!

ਬਾਸਰਕੇ ਪਿੰਡ 'ਚ

ਭਾਈ ਜੇਠਾ ਜੀ ਦੇ ਨਾਨਕੇ ਬਾਸਰਕੇ ਪਿੰਡ (ਅੰਮ੍ਰਿਤਸਰ) ਵਿੱਚ ਸਨ। ਮਾਤਾ-ਪਿਤਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਇਨ੍ਹਾਂ ਦੀ ਨਾਨੀ ਇਨ੍ਹਾਂ ਨੂੰ ਆਪਣੇ ਨਾਲ ਪਿੰਡ ਬਾਸਰਕੇ ਲੈ ਆਏ। ਬਾਸਰਕੇ ਛੋਟਾ ਜਿਹਾ ਪਿੰਡ ਸੀ। ਇਥੇ ਇਹ ਯਾਦ ਰੱਖਣ-ਯੋਗ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਪਿੰਡ ਦੇ ਰਹਿਣ ਵਾਲੇ ਸਨ। ਜਦ ਭਾਈ ਜੇਠਾ ਜੀ ਆਪਣੀ ਨਾਨੀ ਨਾਲ ਬਾਸਰਕੇ ਆਏ ਤਾਂ ਨਾਨੀ-ਦੋਹਤੇ ਨਾਲ ਦੁੱਖ ਸਾਂਝਾ ਕਰਨ ਲਈ (ਗੁਰੂ) ਅਮਰਦਾਸ ਜੀ ਵੀ ਗਏ। (ਗੁਰੂ) ਅਮਰਦਾਸ ਜੀ ਦੀ ਉਮਰ ਉਸ ਸਮੇਂ ਲਗਭਗ 62 ਸਾਲਾਂ ਦੀ ਸੀ। (ਗੁਰੂ) ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਪਿਤਾ ਵਾਲਾ ਪਿਆਰ ਦਿੱਤਾ।

ਨਾਨਕੇ ਪਰਵਾਰ ਦੀ ਗਰੀਬੀ ਕਾਰਨ ਛੋਟੀ ਉਮਰ ਤੋਂ ਹੀ ਭਾਈ ਜੇਠਾ ਜੀ ਨੂੰ ਰੋਜ਼ੀ-ਰੋਟੀ ਦੇ ਪ੍ਰਬੰਧ ਲਈ ਘੁੰਙਣੀਆਂ ਵੇਚਣ ਦਾ ਕੰਮ ਕਰਨਾ ਪਿਆ। ਇਹ ਕਾਫ਼ੀ ਸਖ਼ਤ ਕਿਰਤ-ਕਮਾਈ ਸੀ। ਨਾਨੀ ਘੁੰਙਣੀਆਂ ਬਣਾ ਦਿੰਦੀ ਤੇ ਦੋਹਤਾ ਵੇਚ ਆਉਂਦਾ। ਗਰੀਬੀ ਦੇ ਅਹਿਸਾਸ ਨੇ ਅਤੇ

SikhBookClub.com

ਏਨੀ ਛੋਟੀ ਉਮਰ 'ਚ ਦਸਾਂ ਨਹੁੰਆਂ ਦੀ ਇਸ ਕਿਰਤ-ਕਮਾਈ ਨੇ (ਗੁਰੂ) ਰਾਮਦਾਸ ਜੀ ਨੂੰ ਸੁਘੜਤਾ, ਸੁਚੱਜਤਾ, ਨਿਮਰਤਾ ਤੇ ਮਿਠਾਸ ਜਿਹੇ ਗੁਣਾਂ ਨਾਲ ਹੋਰ ਵੀ ਮਾਲਾ-ਮਾਲ ਕਰ ਦਿੱਤਾ। ਇਸ ਤਰ੍ਹਾਂ ਪੰਜ ਸਾਲ ਬੀਤ ਗਏ। ਇਕ ਹੀ ਪਿੰਡ ਵਿੱਚ ਰਹਿਣ ਕਰਕੇ; ਦੂਸਰਾ, ਪਿੰਡ ਦਾ ਯਤੀਮ ਦੋਹਤਾ ਹੋਣ ਕਰਕੇ ਅਤੇ ਤੀਸਰਾ, ਸੁੱਚੀ ਕਿਰਤ ਵੇਖ ਕੇ (ਗੁਰੂ) ਅਮਰਦਾਸ ਜੀ ਦਾ ਭਾਈ ਜੇਠਾ ਜੀ ਨਾਲ ਸਨੇਹ ਬਣ ਗਿਆ। (ਗੁਰੂ) ਅਮਰਦਾਸ ਜੀ ਭਾਈ ਜੇਠਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੀਆਂ ਗੱਲਾਂ ਸੁਣਾਉਂਦੇ। ਇਸ ਤਰ੍ਹਾਂ ਭਾਈ ਜੇਠਾ ਜੀ ਦਾ ਝੁਕਾਅ ਦਿਨ-ਬ-ਦਿਨ ਗੁਰੂ-ਘਰ ਪ੍ਰਤੀ ਵਧਦਾ ਗਿਆ।

ਗੋਇੰਦਵਾਲ ਨਿਵਾਸ

ਜਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਨੂੰ ਗੋਇੰਦਵਾਲ ਨਗਰ ਵਸਾਉਣ ਦਾ ਹੁਕਮ ਕੀਤਾ ਤਾਂ (ਗੁਰੂ) ਅਮਰਦਾਸ ਜੀ ਆਪਣੇ ਪਰਵਾਰ ਦੇ ਹੋਰ ਮੈਂਬਰਾਂ ਨਾਲ ਭਾਈ ਜੇਠਾ ਜੀ ਤੇ ਉਨ੍ਹਾਂ ਦੀ ਨਾਨੀ ਨੂੰ ਵੀ ਬਾਸਰਕੇ ਤੋਂ ਆਪਣੇ ਨਾਲ ਲੈ ਗਏ। ਭਾਈ ਜੇਠਾ ਜੀ ਦੀ ਉਮਰ ਉਸ ਸਮੇਂ 12 ਕੁ ਸਾਲ ਦੀ ਸੀ। ਬਹੁਤ ਸਾਰੀਆਂ ਸੰਗਤਾਂ ਰੋਜ਼ਾਨਾ ਆਉਂਦੀਆਂ ਤੇ ਨਗਰ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾ ਕੇ ਜੀਵਨ ਸਫਲਾ ਕਰਦੀਆਂ। ਭਾਈ ਜੇਠਾ ਜੀ ਵੀ ਪਰਿਵਾਰਕ ਰੋਜ਼ੀ-ਰੋਟੀ ਘੁੰਛਣੀਆਂ ਵੇਚ ਕੇ ਕਮਾ ਬਾਕੀ ਸਮਾਂ (ਗੁਰੂ) ਅਮਰਦਾਸ ਜੀ ਦੀ ਦੇਖ-ਰੇਖ ਹੇਠ ਪ੍ਰੇਮ-ਭਾਵਨਾ ਤੇ ਸ਼ਰਧਾ ਨਾਲ ਸੇਵਾ-ਸਿਮਰਨ ਕਰਦੇ। ਉਨ੍ਹਾਂ ਨੂੰ ਗੁਰੂ-ਦਰਬਾਰ ਵਿੱਚੋਂ ਆਤਮਿਕ ਖੁਰਾਕ ਪ੍ਰਾਪਤ ਹੁੰਦੀ। ਭਾਈ ਜੇਠਾ ਜੀ ਇਸ ਤਰ੍ਹਾਂ ਸੇਵਾ ਤਾਂ ਗੁਰੂ-ਘਰ ਵਿੱਚ ਕਰਦੇ, ਪਰ ਆਪਣਾ ਜੀਵਨ ਨਿਰਬਾਹ 'ਘੁੰਛਣੀਆਂ' ਵੇਚ ਕੇ ਹੀ ਕਰਦੇ।

ਸੰਗਤਾਂ (ਗੁਰੂ) ਅਮਰਦਾਸ ਜੀ ਦੇ ਨਾਲ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਜਾਂਦੀਆਂ। ਭਾਈ ਜੇਠਾ ਜੀ ਨੂੰ ਸੰਗਤਾਂ ਦੇ ਸੰਗ ਗੁਰੂ-ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣਾ ਅਖ਼ੀਰੀ ਸਮਾਂ ਨੇੜੇ ਆਇਆ ਜਾਣ (ਗੁਰੂ) ਅਮਰਦਾਸ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਤੇ ਹੁਕਮ ਕੀਤਾ ਕਿ ਆਪ ਹੁਣ ਗੋਇੰਦਵਾਲ ਨੂੰ ਸਿੱਖੀ ਦਾ ਕੇਂਦਰ ਬਣਾਓ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਰਹਿਣ ਲੱਗ ਪਏ।

ਵਿਆਹ

ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ ਬਾਬਾ ਮੋਹਨ ਤੇ ਬਾਬਾ ਮੋਹਰੀ ਜੀ, ਦੋ ਸਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਜੀ ਸਨ। ਬੀਬੀ ਦਾਨੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ। ਜਦ ਬੀਬੀ ਭਾਨੀ ਜੀ ਜੁਆਨ ਹੋਏ ਤਾਂ ਇਨ੍ਹਾਂ ਦੇ ਵਿਆਹ ਬਾਰੇ ਘਰ ਵਿੱਚ ਵਿਚਾਰ ਹੋਣ ਲੱਗੀ। ਭਾਈ ਜੇਠਾ ਜੀ ਪਿਛਲੇ 11/12 ਸਾਲ ਤੋਂ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਵਿੱਚ ਸਨ। ਇਸ ਸਮੇਂ ਦੌਰਾਨ ਗੁਰੂ ਜੀ ਭਾਈ ਜੇਠਾ ਜੀ ਦੇ ਸੁਭਾਅ, ਗੁਣਾਂ, ਜੀਵਨ ਰਹਿਣੀ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ ਸਨ। ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੀ ਪਰਿਵਾਰਕ ਗਰੀਬੀ ਤੋਂ ਵੀ ਜਾਣੂ ਸਨ ਤੇ ਉਨ੍ਹਾਂ ਦੀ ਜੀਵਨ ਉੱਚਤਾ, ਅਧਿਆਤਮਿਕ ਅਮੀਰੀ ਤੋਂ ਵੀ ਭਲੀ-ਭਾਂਤ ਵਾਕਫ਼ ਸਨ। ਅਧਿਆਤਮਿਕ ਅਮੀਰੀ ਦੀ ਤਾਂ ਉਨ੍ਹਾਂ ਨੂੰ ਜਾਗ ਹੀ ਗੁਰੂ ਅਮਰਦਾਸ ਜੀ ਨੇ ਆਪਣੇ ਹੱਥੀਂ ਲਾਈ

SikhBookClub.com

ਸੀ। ਬੀਬੀ ਭਾਨੀ ਜੀ ਵੀ ਗੁਰੂ ਪਿਤਾ, ਸ੍ਰੀ ਗੁਰੂ ਅਮਰਦਾਸ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣ ਦੀ ਸੇਵਾ ਕਰਦੇ। ਇਹ ਸੇਵਾ ਉਹ ਸਪੁੱਤਰੀ ਹੋਣ ਕਰਕੇ ਨਹੀਂ, ਸਗੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਸਿੱਖਾਂ ਸੇਵਕਾਂ ਵਜੋਂ ਕਰਦੇ ਸਨ। ਇਸ ਤਰ੍ਹਾਂ ਭਾਈ ਜੇਠਾ ਜੀ ਨੂੰ ਹਰ ਤਰ੍ਹਾਂ ਯੋਗ ਸਮਝ, ਬੀਬੀ ਭਾਨੀ ਜੀ ਦੀ ਸ਼ਾਦੀ ਉਨ੍ਹਾਂ ਨਾਲ 22 ਫੱਗਣ, ਸੰਮਤ 1610 ਬਿ: (1553 ਈ:) ਵਿੱਚ ਗੋਇੰਦਵਾਲ ਵਿਖੇ ਕਰ ਦਿੱਤੀ ਗਈ। ਉਸ ਸਮੇਂ ਭਾਈ ਜੇਠਾ ਜੀ ਦੀ ਉਮਰ 19 ਸਾਲ ਦੀ ਸੀ। ਭਾਈ ਜੇਠਾ ਜੀ ਤੇ ਬੀਬੀ ਭਾਨੀ ਜੀ ਹਮੇਸ਼ਾ ਗੁਰੂ ਪਿਤਾ ਤੇ ਗੁਰੂ ਦਰਬਾਰ ਦੀ ਸੰਗਤ ਵਿੱਚ ਰੁੱਝੇ ਰਹਿੰਦੇ। ਗੁਰੂ ਪਿਤਾ ਵੀ ਇਨ੍ਹਾਂ ਦੀ ਘਾਲ ਕਮਾਈ 'ਤੇ ਬਹੁਤ ਖੁਸ਼ ਸਨ। ਬੀਬੀ ਭਾਨੀ ਜੀ ਬਹੁਤ ਹੀ ਖੁਸ਼ਕਿਸਮਤ ਸਨ। ਸਿੱਖ ਇਤਿਹਾਸ ਵਿੱਚ ਉਹੀ ਅਜਿਹੀ ਇਕ ਐਸੀ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਗੁਰੂ-ਸਪੁੱਤਰੀ, ਗੁਰੂ-ਸੁਪਤਨੀ, ਗੁਰੂ-ਜਨਨੀ ਤੇ ਫਿਰ ਸਿੱਖ ਧਰਮ ਦੇ ਪਹਿਲੇ ਸ਼ਹੀਦ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਪਰ ਇਹ ਸਭ ਕੁਝ ਹੁੰਦੇ ਹੋਏ ਵੀ ਉਨ੍ਹਾਂ ਵਿੱਚ ਕਿਸੇ ਕਿਸਮ ਦੀ ਹਉਮੈ ਜਾਂ ਹੰਕਾਰ ਨਹੀਂ ਆਇਆ ਸਗੋਂ ਹਰ ਸਮੇਂ ਗੁਰੂ ਸੇਵਾ ਤੇ ਗੁਰੂ ਕੀਰਤੀ ਵਿੱਚ ਹੀ ਰਹੇ। ਇਸ ਸਮੇਂ ਤਕ ਭਾਈ ਜੇਠਾ ਜੀ ਦਾ ਅਸਲ ਨਾਮ 'ਰਾਮਦਾਸ' ਸੱਦਣਾ ਸ਼ੁਰੂ ਹੋ ਗਿਆ ਸੀ। (ਗੁਰੂ) ਰਾਮਦਾਸ ਜੀ ਦੇ ਤਿੰਨ ਸਪੁੱਤਰ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਤੇ (ਗੁਰੂ) ਅਰਜਨ ਦੇਵ ਜੀ ਸਨ।

ਸੇਵਾ-ਸਿਮਰਨ ਤੇ ਘਾਲ ਕਮਾਈ

(ਗੁਰੂ) ਰਾਮਦਾਸ ਜੀ ਪਹਿਲਾਂ ਹੀ ਗੋਇੰਦਵਾਲ ਵਿਖੇ ਰਹਿ ਕੇ ਗੁਰੂ ਦਰਬਾਰ ਵਿੱਚ ਦਿਨ-ਰਾਤ ਇਕ ਕਰ ਕੇ ਸੇਵਾ ਸਿਮਰਨ ਕਰਦੇ ਸਨ। ਅਧਿਆਤਮਿਕ ਉੱਚਤਾ ਪਹਿਲਾਂ ਹੀ ਪਰਪੱਕ ਹੋ ਚੁੱਕੀ ਸੀ ਅਤੇ ਬੀਬੀ ਭਾਨੀ ਜੀ ਨਾਲ ਵਿਆਹ ਹੋਣ ਕਰਕੇ ਗੁਰੂ ਪਰਿਵਾਰ ਨਾਲ ਸੰਸਾਰਿਕ ਰਿਸ਼ਤਾ ਵੀ ਅਤੀ ਨਿਕਟਵਰਤੀ ਹੋ ਗਿਆ। (ਗੁਰੂ) ਰਾਮਦਾਸ ਜੀ ਨੇ ਗੁਰੂ-ਘਰ ਵਿੱਚ ਹਮੇਸ਼ਾ ਸੇਵਕ ਬਣ ਕੇ ਰਹੇ। ਉਨ੍ਹਾਂ ਕਦੇ ਵੀ ਸੰਸਾਰਿਕ ਰਿਸ਼ਤੇ ਨੂੰ ਪਹਿਲ ਨਹੀਂ ਦਿਤੀ - ਸੰਸਾਰਿਕ ਰਿਸ਼ਤੇ ਤੋਂ ਉੱਪਰ ਉਠ ਕੇ ਉਨ੍ਹਾਂ ਗੁਰੂ ਅਮਰਦਾਸ ਜੀ ਨਾਲ ਅਧਿਆਤਮਿਕ ਰਿਸ਼ਤਾ ਹੀ ਜੋੜਿਆ। ਇਸ ਲਈ ਉਨ੍ਹਾਂ ਕਦੇ ਲੋਕਾਚਾਰ ਤੇ ਲੋਕ-ਮਿਹਣਿਆਂ ਦੀ ਵੀ ਪਰਵਾਹ ਨਾ ਕੀਤੀ। ਗੁਰੂ-ਘਰ ਪ੍ਰਤੀ ਉੱਚੀ-ਸੁੱਚੀ ਪ੍ਰੀਤ ਤੋਂ ਗੁਰੂ ਅਮਰਦਾਸ ਜੀ ਪਹਿਲਾਂ ਹੀ ਬਹੁਤ ਚੰਗੀ ਤਰ੍ਹਾਂ ਜਾਣੂ ਸਨ। (ਗੁਰੂ) ਰਾਮਦਾਸ ਜੀ ਨੇ ਗੁਰੂ-ਘਰ ਦੀ ਮਾਣ-ਮਰਯਾਦਾ ਨੂੰ ਸਮਝ, ਆਪਣੇ ਆਪ ਨੂੰ ਗੁਰਸਿੱਖੀ ਮਾਰਗ 'ਤੇ ਚੱਲਣ ਲਈ ਪਰਪੱਕ ਕਰ ਲਿਆ।

ਤੀਰਥ ਯਾਤਰਾ ਤੇ ਬਾਉਲੀ ਦੀ ਸਿਰਜਣਾ

ਜਿਸ ਸਮੇਂ ਗੁਰੂ ਅਮਰਦਾਸ ਜੀ ਲੋਕਾਈ ਨੂੰ ਭਵ-ਸਾਗਰ ਤੋਂ ਤਾਰਨ ਤੇ ਲੋਕਾਂ ਨੂੰ ਵਹਿਮਾਂ-ਭਰਮਾਂ ਦਾ ਤਿਆਗ ਕਰਨ ਅਤੇ ਉੱਚਾ-ਸੁੱਚਾ ਜੀਵਨ ਜੀਉਣ ਦਾ ਉਪਦੇਸ਼ ਕਰਨ ਲਈ ਹਿੰਦੂ ਤੀਰਥਾਂ 'ਤੇ ਗਏ ਤਾਂ (ਗੁਰੂ) ਰਾਮਦਾਸ ਜੀ ਵੀ ਉਨ੍ਹਾਂ ਦੇ ਨਾਲ ਗਏ। ਗੁਰੂ ਜੀ ਦਾ ਮਕਸਦ ਤੀਰਥ ਯਾਤਰਾ ਨਹੀਂ ਸਗੋਂ ਤੀਰਥਾਂ 'ਤੇ ਇਕੱਤਰ ਹੋਏ ਲੋਕਾਂ ਨੂੰ ਸੱਚ-ਧਰਮ ਦਾ ਉਪਦੇਸ਼ ਦੇਣਾ ਹੀ ਸੀ।

ਲੋਕਾਈ ਨੂੰ ਬਰਾਬਰਤਾ, ਸਾਂਝੀਵਾਲਤਾ ਦੇ ਉਪਦੇਸ਼ ਦ੍ਰਿੜ੍ਹ ਕਰਾਉਣ, ਉਚ-ਨੀਚ ਦੇ ਭੇਦ

SikhBookClub.com

ਭਰਮ ਦੂਰ ਕਰਨ ਲਈ, ਗੁਰੂ ਅਮਰਦਾਸ ਜੀ ਨੇ ਅਜਿਹੀ ਬਾਉਲੀ ਦਾ ਨਿਰਮਾਣ ਕਰਨ ਦੀ ਯੋਜਨਾ ਬਣਾਈ, ਜਿਸ ਵਿੱਚ ਇਸ਼ਨਾਨ ਕਰ ਕੇ ਸਭ ਆਪਣੇ ਆਪ ਨੂੰ ਬਰਾਬਰ ਸਮਝ ਸਕਣ ਅਤੇ ਤੀਰਥ ਯਾਤਰਾ ਦੇ ਫੋਕਟ ਕਰਮ ਤੋਂ ਵੀ ਬਚ ਸਕਣ। ਜਿਥੇ ਬਾਉਲੀ ਪਾਣੀ ਦੀਆਂ ਹੋਰ ਲੋੜਾਂ ਨੂੰ ਪੂਰਿਆਂ ਕਰਨਾ ਸੀ, ਉਥੇ ਉਪਰੋਕਤ ਉਪਦੇਸ਼ ਨੂੰ ਅਮਲੀ ਜਾਮਾ ਵੀ ਪ੍ਰਦਾਨ ਕਰਨਾ ਸੀ। ਬਾਉਲੀ ਦਾ ਨਿਰਮਾਣ ਸ਼ੁਰੂ ਹੋ ਗਿਆ। ਉਸ ਸਮੇਂ (ਗੁਰੂ) ਰਾਮਦਾਸ ਜੀ ਦੀ ਉਮਰ 25 ਸਾਲਾਂ ਦੀ ਸੀ। ਸੰਸਾਰਿਕ ਰਿਸ਼ਤੇ ਵਜੋਂ (ਗੁਰੂ) ਰਾਮਦਾਸ ਜੀ ਦੀ ਗੁਰੂ ਅਮਰਦਾਸ ਜੀ ਦੇ ਜਵਾਈ ਸਨ ਪਰ ਅਧਿਆਤਮਿਕ ਰਿਸ਼ਤੇ ਵਜੋਂ ਉਹ ਗੁਰੂ ਜੀ ਦੇ ਸ਼ਰਧਾਵਾਨ, ਸਿਦਕੀ ਸਿੱਖ ਤੇ ਸ਼ਰਧਾਲੂ ਸਨ। ਸੰਸਾਰਿਕ ਰਿਸ਼ਤੇ ਦਾ ਹੰਕਾਰ ਕਦੇ ਨੇੜੇ ਨਹੀਂ ਸੀ ਲੱਗਣ ਦਿੱਤਾ। (ਗੁਰੂ) ਰਾਮਦਾਸ ਜੀ ਸੰਗਤਾਂ ਨਾਲ ਮਿਲ ਕੇ ਬਾਉਲੀ ਦੀ ਸੇਵਾ ਤਨ ਮਨ ਨਾਲ ਕਰਦੇ, ਸੰਗਤਾਂ ਦੀ ਸੇਵਾ ਲਈ ਲੰਗਰ-ਪਾਣੀ ਦਾ ਪ੍ਰਬੰਧ ਕਰਦੇ ਤੇ ਸਮਾਂ ਮਿਲਣ 'ਤੇ ਆਪ ਟੋਕਰੀ ਢੋਂਹਦੇ। (ਗੁਰੂ) ਰਾਮਦਾਸ ਜੀ ਨੇ ਸੰਸਾਰਿਕ ਰਿਸ਼ਤੇ ਦਾ ਖਿਆਲ ਛੱਡ ਕੇ ਗੁਰੂ-ਦਰਬਾਰ ਦੀ ਸੇਵਾ ਵਿੱਚ ਤਨ-ਮਨ ਲੀਨ ਕਰ ਦਿੱਤਾ। ਆਪ ਜੀ ਦਿਨ ਰਾਤ ਗੁਰੂ ਦਰਬਾਰ ਵਿੱਚ ਸੇਵਾ ਕਰਦੇ ਸਨ। ਬਾਉਲੀ ਦੀ ਸੇਵਾ ਦੀ ਜ਼ਿੰਮੇਵਾਰੀ (ਗੁਰੂ) ਰਾਮਦਾਸ ਜੀ ਦੇ ਸਿਰ ਸੀ।

ਇਕ ਦਿਨ ਗੁਰੂ ਦਰਸ਼ਨਾਂ ਤੇ ਬਾਉਲੀ ਦੀ ਕਾਰ-ਸੇਵਾ ਕਰਨ ਲਈ ਲਾਹੌਰ ਤੋਂ ਸੰਗਤ ਆਈ। ਸੰਗਤ ਵਿੱਚ (ਗੁਰੂ) ਰਾਮਦਾਸ ਜੀ ਦੇ ਪਰਵਾਰ ਦੇ ਨਜ਼ਦੀਕੀ ਮੈਂਬਰ ਵੀ ਸਨ। ਜਦ ਉਨ੍ਹਾਂ (ਗੁਰੂ) ਰਾਮਦਾਸ ਜੀ ਨੂੰ ਸਹੁਰੇ ਘਰ ਰਹਿ ਕੇ ਟੋਕਰੀ ਢੋਂਹਦੇ ਦੇਖਿਆ ਤਾਂ ਉਨ੍ਹਾਂ ਬਹੁਤ ਬੁਰਾ ਮਨਾਇਆ। ਉਨ੍ਹਾਂ (ਗੁਰੂ) ਰਾਮਦਾਸ ਨੂੰ ਕਿਹਾ ਕਿ ਜੇ ਇਹੀ ਕੰਮ ਕਰਨਾ ਸੀ ਤਾਂ ਆਪਣੇ ਘਰ ਹੀ ਕਰ ਲੈਣਾ ਸੀ, ਇਥੇ ਸ਼ਰੀਕੇ ਦੀ ਕਿਉਂ ਬੇਇਜ਼ਤੀ ਕਰਵਾ ਰਿਹਾਂ? ਅਜਿਹੇ ਹੀ ਕੌੜੇ ਬੋਲ ਉਨ੍ਹਾਂ ਗੁਰੂ ਅਮਰਦਾਸ ਜੀ ਨੂੰ ਵੀ ਬੋਲੇ। ਉਨ੍ਹਾਂ ਲੋਕਾਂ ਦੀਆਂ ਅੱਖਾਂ ਤਾਂ ਕੇਵਲ ਸੰਸਾਰਿਕ ਰਿਸ਼ਤੇ ਨੂੰ ਤੱਕਣ ਤਕ ਹੀ ਸੀਮਤ ਸਨ। ਉਨ੍ਹਾਂ ਨੂੰ ਗੁਰੂ-ਸਿੱਖ ਦੇ ਅਧਿਆਤਮਿਕ ਰਿਸ਼ਤੇ ਦੀ ਉੱਚਤਾ ਤੇ ਨੇੜਤਾ ਦਾ ਅਹਿਸਾਸ ਨਹੀਂ ਸੀ। ਉਨ੍ਹਾਂ ਦੇ ਕੁਬੋਲ ਸੁਣ (ਗੁਰੂ) ਰਾਮਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿੱਚ ਡਿੱਗ ਪਏ ਤੇ ਕਹਿਣ ਲੱਗੇ, "ਸੱਚੇ ਪਾਤਸ਼ਾਹ! ਇਨ੍ਹਾਂ ਨੂੰ ਪਤਾ ਨਹੀਂ ਕਿ ਇਹ ਕੀ ਬੋਲ ਰਹੇ ਹਨ? ਇਨ੍ਹਾਂ ਨੂੰ ਮਾਫ ਕਰ ਦਿਓ, ਇਨ੍ਹਾਂ 'ਤੇ ਮਿਹਰ ਬਖਸ਼ਿਸ਼ ਕਰੋ ਤਾਂ ਜੋ ਇਨ੍ਹਾਂ ਨੂੰ ਸਮਝ ਆ ਸਕੇ ਕਿ ਅਧਿਆਤਮਿਕ ਰਿਸ਼ਤੇ ਦੇ ਸਾਹਮਣੇ ਸੰਸਾਰਿਕ ਰਿਸ਼ਤੇ ਤੁੱਛ ਹਨ।"

ਫਿਰ (ਗੁਰੂ) ਰਾਮਦਾਸ ਜੀ ਸੰਸਾਰਿਕ ਰਿਸ਼ਤੇਦਾਰਾਂ ਨੂੰ ਇਉਂ ਮੁਖ਼ਾਤਬ ਹੋਏ, "ਓਏ ਭੋਲਿਓ! ਇਹ ਮੇਰਾ ਸਹੁਰਾ ਘਰ ਹੀ ਨਹੀਂ, ਇਹ ਮੁਕਤੀ ਦਾ ਦਰ ਵੀ ਹੈ। ਮੈਂ ਤਾਂ ਆਪਣੀ ਮੁਕਤੀ ਦਾਤੇ ਸਤਿਗੁਰੂ ਅਮਰਦਾਸ ਜੀ ਤੇ ਸੰਗਤ ਦੀ ਸੇਵਾ ਕਰ ਕੇ, ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ, ਆਪਣਾ ਲੋਕ-ਪ੍ਰਲੋਕ ਸੰਵਾਰ ਰਿਹਾ ਹਾਂ!" ਗੁਰੂ ਅਮਰਦਾਸ ਜੀ ਨੇ ਇਹ ਬੋਲ ਸੁਣ ਕੇ (ਗੁਰੂ) ਰਾਮਦਾਸ ਜੀ ਨੂੰ ਛਾਤੀ ਨਾਲ ਲਾਇਆ। (ਗੁਰੂ) ਰਾਮਦਾਸ ਜੀ ਦੀ ਨਿਮਰਤਾ, ਮਿਠਾਸ ਤੇ ਗੁਰੂ ਪਿਆਰ ਤੱਕ, ਬਹੁਤ ਖੁਸ਼ ਹੋਏ ਤੇ ਲਾਹੌਰੋਂ ਆਏ ਆਪਣੇ ਸ਼ਰੀਕੇ ਦੇ ਲੋਕਾਂ ਨੂੰ ਕਹਿਣ ਲੱਗੇ, "ਪੁਰਖੋ! ਰਾਮਦਾਸ ਦੇ ਸਿਰ ਉੱਪਰ ਗਾਰੇ ਦੀ ਟੋਕਰੀ ਨਹੀਂ , ਇਹ ਤਾਂ ਦੀਨ-ਦੁਨੀਆਂ ਦਾ ਛਤਰ ਹੈ!"

ਬੰਸਾਵਲੀ ਨਾਮੇ ਦੇ ਕਰਤਾ ਅਨੁਸਾਰ:-

SikhBookClub.com

ਸਾਕ ਨਾ ਜਾਤਾ ਹਿਰਦੇ ਰਖਿਆ ਸੇਵਕੀ ਭਾਉ।
ਚੰਚਲਤਾਈ ਚਤੁਰਾਈ ਨ ਖੇਡਣ ਹੱਸਣ ਦਾ ਚਾਉ।
ਪ੍ਰੀਤ ਚਰਨਾਂ ਦੀ ਸੇਵਕੀ ਰਖੀ
ਬਿਨਾ ਸਤਿਗੁਰੂ ਹੋਰ ਨ ਕੋਈ ਦੇਖਣ ਅੱਖੀ। (ਪੰਨਾ ੬੯)

ਅਕਬਰ ਬਾਦਸ਼ਾਹ ਨਾਲ ਮੁਲਾਕਾਤ

ਇਕ ਵਾਰ ਅਕਬਰ ਬਾਦਸ਼ਾਹ ਪਾਸ ਮੌਕਾਪ੍ਰਸਤ ਬ੍ਰਾਹਮਣਾਂ ਨੇ ਸ਼ਿਕਾਇਤ ਕੀਤੀ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਨਵਾਂ ਪੰਥ ਚਲਾਇਆ ਹੈ, ਜਿਸ ਵਿੱਚ ਵਰਨ-ਆਸ਼ਰਮ ਦਾ ਭੇਦ ਨਹੀਂ ਕੀਤਾ ਜਾਂਦਾ- ਰਾਮ ਨਾਮ ਨੂੰ ਛੱਡ ਕੇ 'ਵਾਹਿਗੁਰੂ' ਨਾਮ ਦਾ ਉਚਾਰਨ - ਸਿਮਰਨ ਕੀਤਾ ਜਾਂਦਾ ਹੈ। ਨਾ ਇਹ ਵੇਦ-ਪਾਠ ਨੂੰ ਮੰਨਦੇ ਹਨ ਤੇ ਨਾ ਹੀ ਬ੍ਰਾਹਮਣਾਂ ਨੂੰ, ਇਹ ਤਾਂ ਪਿਤਰ-ਪੂਜਾ ਵੀ ਨਹੀਂ ਕਰਦੇ। ਅਕਬਰ ਬਾਦਸ਼ਾਹ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਸੁਨੇਹਾ ਭੇਜਿਆ ਕਿ ਬ੍ਰਾਹਮਣਾਂ ਦੀ ਸ਼ਿਕਾਇਤ ਦੇ ਮੱਦੇ ਨਜ਼ਰ ਆ ਕੇ ਸਪਸ਼ਟੀਕਰਨ ਦੇਣ। ਸ੍ਰੀ ਗੁਰੂ ਅਮਰਦਾਸ ਜੀ ਬਿਰਧ ਅਵਸਥਾ ਵਿੱਚ ਸਨ। ਉਨ੍ਹਾਂ ਨੇ ਆਪ ਲਾਹੌਰ ਜਾਣ ਦੀ ਥਾਂ (ਗੁਰੂ) ਰਾਮਦਾਸ ਜੀ ਨੂੰ ਹਰ ਤਰ੍ਹਾਂ ਯੋਗ ਜਾਣ ਲਾਹੌਰ ਭੇਜਿਆ। (ਗੁਰੂ) ਰਾਮਦਾਸ ਜੀ ਕਹਿਣ ਸੁਣਨ ਦੀ ਸਮਰੱਥਾ ਰੱਖਦੇ ਸਨ ਅਤੇ ਨਾਲ ਹੀ ਭੈ-ਰਹਿਤ ਤੇ ਸਹਿਨਸ਼ੀਲ ਵੀ ਸਨ। (ਗੁਰੂ) ਰਾਮਦਾਸ ਜੀ ਨੇ ਗੁਰੂ ਹੁਕਮ ਅਨੁਸਾਰ ਲਾਹੌਰ ਜਾ ਕੇ ਬਾਦਸ਼ਾਹ ਦੇ ਦਰਬਾਰ 'ਚ ਬ੍ਰਾਹਮਣਾਂ ਦੇ ਸਾਰੇ ਸ਼ੰਕੇ ਨਵਿਰਤ ਕੀਤੇ।

ਗੁਰੂ ਜੀ ਨੇ ਕਿਹਾ ਕਿ ਇੱਕ ਅਕਾਲ ਪੁਰਖ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਸਾਰੇ ਮਨੁੱਖ ਬਰਾਬਰ ਹਨ, ਸਭ ਨੂੰ ਬਰਾਬਰ ਦੇ ਹੀ ਹੱਕ ਹਨ, ਕੋਈ ਵੀ ਉੱਚਾ ਨੀਵਾਂ ਨਹੀਂ। ਕੋਈ ਮਨੁੱਖ ਮਾੜਾ ਨਹੀਂ ਹੁੰਦਾ, ਮਾੜੇ ਤਾਂ ਉਸ ਦੇ ਕਰਮ (ਕੰਮ) ਹੁੰਦੇ ਹਨ, ਜੋ ਉਸ ਨੂੰ 'ਨੀਚ' ਬਣਾਉਂਦੇ ਹਨ। ਮਨੁੱਖ ਨੂੰ ਮਾੜੇ ਕਰਮ ਨਹੀਂ ਕਰਨੇ ਚਾਹੀਦੇ, ਪਰਮਾਤਮਾ ਦਾ ਹੀ ਨਾਮ ਜਪਣਾ ਚਾਹੀਦਾ ਹੈ; ਉਸ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ, ਜੋ ਸਭ ਨੂੰ ਪਾਲਦਾ ਹੈ। ਇਸ ਤਰ੍ਹਾਂ ਬ੍ਰਾਹਮਣ ਨਿਰਉੱਤਰ ਹੋ ਗਏ। ਅਕਬਰ ਬਾਦਸ਼ਾਹ ਗੁਰੂ ਜੀ 'ਤੇ ਬਹੁਤ ਖੁਸ਼ ਹੋਇਆ ਤੇ ਉਸ ਨੇ ਖੁਦ ਗੁਰੂ ਦਰਬਾਰ, ਗੋਇੰਦਵਾਲ ਸਾਹਿਬ ਵਿਖੇ ਪਹੁੰਚ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ, ਜੋ ਪਿੱਛੋਂ ਜਾ ਕੇ ਪੂਰੀ ਹੋਈ।

ਪ੍ਰੀਖਿਆ

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ (ਗੁਰੂ) ਰਾਮਦਾਸ ਜੀ ਦੀ ਸ਼ਰਧਾ, ਵਿਸ਼ਵਾਸ, ਸਿਦਕ, ਪ੍ਰੇਮ ਭਾਵਨਾ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੇ ਇਹ ਮਨ ਹੀ ਮਨ ਵਿੱਚ ਫੈਸਲਾ ਕਰ ਲਿਆ ਸੀ ਕਿ ਸਾਡੇ ਤੋਂ ਪਿੱਛੋਂ ਗੁਰਿਆਈ ਦੀ ਜ਼ਿੰਮੇਵਾਰੀ (ਗੁਰੂ) ਰਾਮਦਾਸ ਹੀ ਚੰਗੀ ਤਰ੍ਹਾਂ ਨਿਭਾ ਸਕਦੇ ਹਨ। ਫਿਰ ਵੀ ਸਭਨਾਂ ਸੰਬੰਧਤ ਧਿਰਾਂ ਦੀ ਤਸੱਲੀ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਦਿਨ ਭਾਈ ਰਾਮਾ ਜੀ ਤੇ (ਗੁਰੂ) ਰਾਮਦਾਸ ਜੀ ਨੂੰ ਆਪਣੇ ਬੈਠਣ ਲਈ ਥੜ੍ਹੇ ਬਣਾਉਣ ਲਈ ਹੁਕਮ ਕੀਤਾ। ਦੋਨਾਂ ਸੇਵਕਾਂ ਨੇ ਥੜ੍ਹੇ ਬਣਾਉਣੇ ਸ਼ੁਰੂ ਕਰ ਦਿੱਤੇ। ਸ਼ਾਮ ਨੂੰ ਗੁਰੂ ਜੀ ਨੇ ਥੜ੍ਹੇ ਦੇਖੇ ਤੇ ਕਿਹਾ, "ਇਹ ਠੀਕ ਨਹੀਂ ਬਣੇ, ਢਾਹ ਕੇ ਫਿਰ ਬਣਾਓ।" ਗੁਰੂ ਹੁਕਮ ਅਨੁਸਾਰ ਫਿਰ ਥੜ੍ਹੇ ਬਣਾਏ ਗਏ।

SikhBookClub.com

ਫਿਰ ਵੀ ਗੁਰੂ ਜੀ ਨੇ ਪਸੰਦ ਨਾ ਕੀਤੇ। ਫਿਰ ਦੋਬਾਰਾ ਬਣਾਉਣ ਲਈ ਆਦੇਸ਼ ਕੀਤਾ। ਕਾਫੀ ਵਾਰ ਭਾਈ ਰਾਮਾ ਜੀ ਤੇ (ਗੁਰੂ) ਰਾਮਦਾਸ ਜੀ ਨੇ ਥੜ੍ਹੇ ਬਣਾਏ ਪਰ ਗੁਰੂ ਜੀ ਦੁਬਾਰਾ ਬਣਾਉਣ ਦਾ ਆਦੇਸ਼ ਕਰ ਦੇਣ। ਅਖ਼ੀਰ ਭਾਈ ਰਾਮਾ ਜੀ ਅੱਕ ਗਏ ਤੇ ਇਥੋਂ ਤਕ ਆਖ ਦਿੱਤਾ ਕਿ "ਗੁਰੂ ਜੀ ਵਡੇਰੀ ਉਮਰ ਦੇ ਹੋ ਗਏ ਹਨ। ਇਨ੍ਹਾਂ ਨੂੰ ਤਾਂ ਚੇਤਾ ਹੀ ਨਹੀਂ ਰਹਿੰਦਾ ਕਿ ਮੈਂ ਪਹਿਲਾਂ ਕੀ ਕਿਹਾ ਹੈ। ਮੈਂ ਤਾਂ ਜਿਵੇਂ ਉਹ ਹੁਕਮ ਕਰਦੇ ਹਨ, ਉਸੇ ਤਰ੍ਹਾਂ ਹੀ ਥੜ੍ਹਾ ਬਣਾਉਂਦਾ ਹਾਂ, ਪਰ ਇਹ ਐਵੇਂ ਬਿਨਾਂ ਕਾਰਨ ਹੀ ਸਭਨਾਂ ਨੂੰ ਢਾਹ ਦੇਣ ਲਈ ਕਹਿ ਦੇਂਦੇ ਹਨ।"

ਪਰ ਪਿਆਰੇ ਪਾਠਕ ਜਨੋਂ! ਜ਼ਰਾ (ਗੁਰੂ) ਰਾਮਦਾਸ ਜੀ ਦੇ ਉਸ ਮੌਕੇ ਉਚਾਰੇ ਬੋਲ ਪੜ੍ਹੋ, "ਸਤਿਗੁਰੂ ਜੀਓ! ਮੈਂ ਅੰਞਾਣਾ ਹਾਂ, ਮੈਨੂੰ ਸਮਝ ਨਹੀਂ ਲੱਗਦੀ, ਇਸ ਕਰਕੇ ਕੋਈ ਨਾ ਕੋਈ ਕਸਰ ਰਹਿ ਜਾਂਦੀ ਹੈ। ਗੁਰੂ ਜੀ ਦੁਬਾਰਾ ਸਮਝਾ ਕੇ ਜਾਂਦੇ ਹਨ ਮੈਂ ਉਸੇ ਤਰ੍ਹਾਂ ਥੜ੍ਹਾ ਉਸਾਰਨ ਦਾ ਯਤਨ ਕਰਦਾ ਹਾਂ ਪਰ ਫਿਰ ਕੋਈ ਨਾ ਕੋਈ ਖ਼ਾਮੀ ਰਹਿ ਹੀ ਜਾਂਦੀ ਹੈ। ਮੈਨੂੰ ਗੁਰੂ ਰਜ਼ਾ ਵਿੱਚ ਰਹਿਣ ਦੀ ਖੁਸ਼ੀ ਹੈ। ਮੈਂ ਕੰਮ ਕਰੀ ਜਾਣਾ ਹੈ, ਕਰਾਉਣਾ ਗੁਰੂ ਜੀ ਨੇ ਆਪ ਹੀ ਹੈ।"

(ਗੁਰੂ) ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ, "ਗੁਰੂ ਪਾਤਸ਼ਾਹ ਜੀਓ! ਮੇਰੀ ਅਲਪ ਮਤ ਹੈ, ਤੁਸੀਂ ਆਪਣੇ ਪਵਿੱਤਰ ਚਰਨ ਮੇਰੇ ਹਿਰਦੇ ਵਿੱਚ ਟਿਕਾਓ ਤਾਂ ਕਿ ਮੈਂ ਆਪ ਜੀ ਦੇ ਕਹੇ ਮੁਤਾਬਕ ਥੜ੍ਹੇ ਬਣਾ ਸਕਾਂ।"

'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿੱਚ - ਮੈਂ ਅਣਜਾਣ ਹਾਂ, ਨਿੱਤ ਭੁੱਲਣਹਾਰ ਹਾਂ, ਤੁਸੀਂ ਸਦ ਬਖਸ਼ੰਦ ਹੋ। ਤੁਸੀਂ ਗਲਤੀਆਂ ਨੂੰ ਨਹੀਂ ਚਿਤਾਰਦੇ। ਤੁਸੀਂ ਤਾਂ ਚੰਗੀ ਤਰ੍ਹਾਂ ਸਮਝਾ ਦਿੰਦੇ ਹੋ ਪਰ ਮੇਰੀ ਥੋੜ੍ਹੀ ਮਤ ਹੋਣ ਕਾਰਨ ਮੈਂ ਉਸ ਮੁਤਾਬਿਕ ਕਰ ਨਹੀਂ ਸਕਦਾ। ਸੋ ਆਪ ਜੀ ਆਪਣੀ ਖਾਸ ਰਹਿਮਤ ਕਰੋ ਤਾਂ ਕਿ ਮੈਂ ਉਸ ਮੁਤਾਬਿਕ ਥੜ੍ਹਾ ਬਣਾ ਸਕਾਂ:-

ਨੀਕੀ ਰੀਤਿ ਭਾਖਿ ਸਮਝਾਵਉ।
ਮੈਂ ਮਤਿ ਮੰਦ ਅਭਾਗ ਬਿਚਾਰਾ।
ਜਾਨਿ ਸਕਉ ਨਹਿਂ ਕਹਯੋ ਤੁਮਾਰਾ।

ਇਸ ਤਰ੍ਹਾਂ (ਗੁਰੂ) ਰਾਮਦਾਸ ਜੀ ਦੀ ਨਿਮਰਤਾ, ਮਿਠਾਸ, ਗੁਰੂ ਰਜ਼ਾ ਵਿੱਚ ਖੁਸ਼ ਰਹਿਣ ਦੀ ਭਾਵਨਾ, ਗੁਰੂ ਪ੍ਰਤੀ ਸ਼ਰਧਾ ਸਿਦਕ ਨੇ ਉਨ੍ਹਾਂ ਨੂੰ ਪ੍ਰੀਖਿਆ ਵਿੱਚੋਂ ਸਫਲ ਕੀਤਾ। ਗੁਰੂ ਜੀ ਨੇ ਪ੍ਰੀਖਿਆ ਰਾਹੀਂ ਸੰਗਤਾਂ ਨੂੰ ਯਕੀਨ ਕਰਵਾ ਦਿੱਤਾ ਕਿ ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਕੌਣ ਹੈ?

ਗੁਰਗੱਦੀ ਦੀ ਪ੍ਰਾਪਤੀ

ਸ੍ਰੀ ਗੁਰੂ ਅਮਰਦਾਸ ਜੀ ਨੇ ਪਹਿਲੀ ਸਤੰਬਰ 1574 ਈ: ਮੁਤਾਬਿਕ ਪਹਿਲੀ ਅੱਸੂ ਸੰਮਤ 1631 ਬਿਕ੍ਰਮੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ। ਆਪਣੀ ਹੱਥੀਂ ਗੁਰਤਾ-ਗੱਦੀ 'ਤੇ ਬਿਠਾਇਆ। ਗੁਰੂ-ਘਰ ਦੀ ਪਰੰਪਰਾ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ। ਸਾਰੀ ਸੰਗਤ ਨੇ ਗੁਰੂ ਹੁਕਮ ਨੂੰ ਖੁਸ਼ੀ-ਖੁਸ਼ੀ ਪਰਵਾਨ ਕਰਦਿਆਂ, ਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ। ਬਾਬਾ ਸੁੰਦਰ ਜੀ ਰਾਮਕਲੀ ਸਦ ਵਿੱਚ ਸਪੱਸ਼ਟ ਕਰਦੇ ਹਨ:-

SikhBookClub.com

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥੫॥
ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥੬॥੧॥

(ਪੰਨਾ ੯੨੩-੨੪)

ਗੁਰਗੱਦੀ 'ਤੇ ਬਿਰਾਜਮਾਨ ਹੋ, ਸਤਿਗੁਰੂ ਰਾਮਦਾਸ ਜੀ ਨੇ ਆਪਣੀ ਮਨੋ-ਅਵਸਥਾ ਇਨ੍ਹਾਂ ਪਾਵਨ ਬੋਲਾਂ ਰਾਹੀਂ ਵਿਅਕਤ ਕੀਤੀ:-

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ *(ਪੰਨਾ ੧੬੭)*

ਅੰਮ੍ਰਿਤ ਸਰੋਵਰ ਦੀ ਸਿਰਜਣਾ

ਦਿਨ-ਬ-ਦਿਨ ਸਿੱਖ ਸੰਗਤਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਸਿੱਖ ਧਰਮ ਦਾ ਨਵਾਂ ਪ੍ਰਚਾਰ ਕੇਂਦਰ ਸਥਾਪਤ ਕਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਆਦੇਸ਼ ਕੀਤਾ। ਗੁਰੂ ਪਿਤਾ ਜੀ ਦੀ ਆਗਿਆ ਅਨੁਸਾਰ (ਗੁਰੂ) ਰਾਮਦਾਸ ਜੀ ਨੇ ਸੰਮਤ 1634 ਈ: ਵਿੱਚ ਤੁੰਗ, ਗੁੰਮਟਾਲਾ, ਸੁਲਤਾਨਵਿੰਡ ਪਿੰਡਾਂ ਪਾਸ ਇਕ ਤਾਲ ਪੁਟਵਾਇਆ, ਜਿਸ ਦਾ ਨਾਉਂ ਸੰਤੋਖਸਰ ਰੱਖਿਆ। ਗੁਰੂ ਰਾਮਦਾਸ ਜੀ ਦੀ ਆਗਿਆ ਨਾਲ ਇਕ ਪਿੰਡ ਬੰਨ੍ਹਿਆ, ਜਿਸ ਦਾ ਨਾਉਂ "ਗੁਰੂ ਕਾ ਚੱਕ" ਰੱਖਿਆ। ਆਪਣੇ ਪਰਵਾਰ ਦੇ ਨਿਵਾਸ ਲਈ (ਗੁਰੂ) ਰਾਮਦਾਸ ਜੀ ਨੇ ਮਕਾਨ ਬਣਵਾਏ, ਜੋ ਗੁਰੂ ਕੇ ਮਹਿਲ ਨਾਉਂ ਨਾਲ ਪ੍ਰਸਿੱਧ ਹਨ। ਦੁਖਭੰਜਨੀ ਬੇਰੀ ਦੇ ਪਾਸ ਸੰਮਤ 1574 ਵਿੱਚ ਇਕ ਤਾਲ ਖੁਦਵਾਇਆ, ਜਿਸ ਨੂੰ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ ਤੇ ਨਾਉਂ 'ਅੰਮ੍ਰਿਤ-ਸਰ' ਰੱਖਿਆ। ਭਾਈ ਗੁਰਦਾਸ ਜੀ ਦਾ ਕਥਨ ਹੈ -

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ। *(ਵਾਰ ੧:੪੭)*

ਜਿਸ ਤੋਂ ਪਿੱਛੋਂ ਵੱਸੇ ਨਗਰ ਦਾ ਨਾਂ ਵੀ ਅੰਮ੍ਰਿਤਸਰ ਜਗਤ-ਪ੍ਰਸਿੱਧ ਹੋਇਆ।

ਅੰਮ੍ਰਿਤ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਆਦਿ ਬੀੜ ਤਿਆਰ ਹੋਣ 'ਤੇ ਪਹਿਲੀ ਵਾਰ ਹਰਿਮੰਦਰ ਸਾਹਿਬ ਪ੍ਰਕਾਸ਼ ਕਰਵਾਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਮਾਣ-

SikhBookClub.com

ਸਤਿਕਾਰ ਹਾਸਲ ਹੋਇਆ। ਅੰਮ੍ਰਿਤ ਸਰੋਵਰ ਤੇ ਹਰਿਮੰਦਰ ਸਾਹਿਬ ਕਰਕੇ ਅੱਜ ਅੰਮ੍ਰਿਤਸਰ ਵਿਸ਼ਵ ਪ੍ਰਸਿੱਧ ਧਾਰਮਿਕ ਕੇਂਦਰ ਹੈ।

ਅੰਮ੍ਰਿਤਸਰ ਸ਼ਹਿਰ ਵਾਲੀ ਜ਼ਮੀਨ ਸਤਿਗੁਰੂ ਰਾਮਦਾਸ ਜੀ ਨੇ 500 ਵਿਘੇ ਤੁੰਗ ਪਿੰਡ ਦੇ ਜ਼ਿਮੀਂਦਾਰਾਂ ਪਾਸੋਂ 700 ਅਕਬਰੀ ਰੁਪਿਆਂ ਵਿੱਚ ਖ਼ਰੀਦੀ ਸੀ। ਇਸ ਨਗਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਹਰ ਪੱਖੋਂ ਸੰਪੂਰਨਤਾ ਬਖਸ਼ਣ ਲਈ ਲੋਕਾਂ ਦੀਆਂ ਅਧਿਆਤਮਿਕ, ਸਮਾਜਿਕ, ਆਰਥਿਕ ਲੋੜਾਂ ਪੂਰੀਆਂ ਕੀਤੀਆਂ। ਵੱਖ-ਵੱਖ ਤਰ੍ਹਾਂ ਦੇ 52 ਕਿਸਮ ਦੇ ਹੁਨਰਮੰਦ ਲੋਕਾਂ ਨੂੰ ਵਸਾਉਣ ਦਾ ਪ੍ਰਬੰਧ ਕੀਤਾ ਗਿਆ। ਗੁਰੂ ਜੀ ਵੱਲੋਂ ਆਰੰਭ ਕੀਤੇ ਇਸ ਕਾਰਜ ਦੀ ਸ਼ਾਹਦੀ ਅੱਜ ਵੀ ਗੁਰੂ ਬਜ਼ਾਰ ਤੇ ਮੋਚੀ ਬਾਜ਼ਾਰ ਭਰ ਰਹੇ ਹਨ। ਪਹਿਲੇ ਪਹਿਲ ਗੁਰੂ ਜੀ ਨੇ ਆਪਣੇ ਦਰਬਾਰ ਦੇ ਪਾਸ ਗਰੀਬ ਲੋਕਾਂ ਨੂੰ ਹੀ ਮਾਣ ਬਖਸ਼ਿਆ ਜੋ ਕਿ ਸਿੱਖ ਧਰਮ ਦੇ ਬੁਨਿਆਦੀ ਅਸੂਲ ਮੁਤਾਬਿਕ ਸੀ।

ਪਹਿਲਾਂ ਪਹਿਲ ਇਸ ਨਗਰ ਦੇ ਦੋ ਨਾਂ 'ਚੱਕ ਗੁਰੂ' ਤੇ 'ਰਾਮਦਾਸ ਪੁਰ' ਪ੍ਰਸਿੱਧ ਹੋਏ। ਜਲਦੀ ਹੀ ਇਸ ਨਗਰ ਵਿੱਚ ਆਬਾਦੀ ਸੰਘਣੀ ਹੋ ਗਈ ਤੇ ਲੋਕ ਖੁਸ਼ਹਾਲੀ ਦਾ ਜੀਵਨ ਬਸਰ ਕਰਨ ਲੱਗੇ। ਗੁਰਬਾਣੀ ਇਸ ਤੱਥ ਦੀ ਗਵਾਹੀ ਭਰਦੀ ਹੈ:-

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥ *(ਪੰਨਾ ੧੩੬੨)*

ਵਪਾਰ ਤੇ ਉਤਪਾਦਨ ਨੂੰ ਵਧਾਉਣ ਲਈ ਜੋ ਕਾਰਜ ਗੁਰੂ ਸਾਹਿਬਾਨ ਨੇ ਕੀਤੇ ਪੰਜਾਬ ਦੇ ਲੋਕ ਹਮੇਸ਼ਾ ਸਤਿਗੁਰੂ ਸਾਹਿਬਾਨ ਦੇ ਰਿਣੀ ਰਹਿਣਗੇ।

ਦੁਖ ਭੰਜਨੀ ਬੇਰੀ

ਇਤਿਹਾਸਕ ਸਾਖੀ ਹੈ ਕਿ ਪੱਟੀ ਦੇ ਰਾਜੇ ਦੁਨੀ ਚੰਦ ਦੀਆਂ ਪੰਜ ਧੀਆਂ ਸਨ। ਸੇਠ ਦੁਨੀ ਚੰਦ ਸੰਸਾਰਿਕ ਮਾਇਆ ਦੇ ਹੰਕਾਰ ਵਿੱਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ। ਇਕ ਵਾਰ ਉਸ ਨੇ ਆਪਣੀਆਂ ਧੀਆਂ ਨੂੰ ਪੁੱਛਿਆ - ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ? ਚਾਰ ਧੀਆਂ ਨੇ ਕਿਹਾ ਕਿ ਪਿਤਾ ਜੀ! ਅਸੀਂ ਆਪ ਦਾ ਦਿੱਤਾ ਖਾਂਦੀਆਂ-ਪਹਿਨਦੀਆਂ ਬਹੁਤ ਖੁਸ਼ ਹਾਂ। ਪਰ ਪੰਜਵੀਂ ਧੀ 'ਰਜਨੀ' ਜੋ ਪ੍ਰਮੇਸ਼ਰ ਦੇ ਪ੍ਰੇਮ-ਭਾਉ ਵਾਲੀ ਸੀ, ਉਸ ਨੇ ਕਿਹਾ ਕਿ ਪਿਤਾ ਜੀ! ਮੈਂ ਪਰਮਾਤਮਾ ਦਾ ਦਿੱਤਾ ਖਾਂਦੀ ਹਾਂ, ਉਸ ਦਾ ਦਿੱਤਾ ਪਹਿਨਦੀ ਹਾਂ ਕਿਉਂਕਿ ਦਾਤਾਂ ਦਾ ਮਾਲਕ ਉਹ ਪ੍ਰਭੂ ਪ੍ਰਮੇਸ਼ਰ ਆਪ ਹੀ ਹੈ। ਸੇਠ ਦੁਨੀ ਚੰਦ ਨੂੰ ਇਸ ਗੱਲ 'ਤੇ ਗੁੱਸਾ ਆਇਆ। ਉਸ ਨੇ ਆਪਣੇ ਗੁੱਸੇ ਦਾ ਪ੍ਰਗਟਾਵਾ ਰਜਨੀ ਦਾ ਵਿਆਹ ਇਕ ਲੂਲ੍ਹੇ-ਲੰਗੜੇ-ਪਿੰਗਲੇ ਨਾਲ ਕਰ ਕੇ ਕੀਤਾ, ਤਾਂ ਕਿ ਰਜਨੀ ਨੂੰ ਪਤਾ ਲੱਗ ਸਕੇ ਕਿ ਕੌਣ ਪਾਲਦਾ ਹੈ? ਪਰ ਰਜਨੀ ਨੂੰ ਉਸ ਪਰਮਾਤਮਾ ਨੇ ਅਥਾਹ ਸਿਦਕ ਬਖਸ਼ਿਆ। ਉਸ ਨੇ ਦਿਲੋਂ ਉਸ ਪਿੰਗਲੇ ਨੂੰ ਆਪਣਾ ਪਤੀ ਮੰਨ ਲਿਆ। ਉਸ ਨੂੰ ਮਹਿਸੂਸ ਹੋਇਆ ਕਿ ਇਹ ਪਰਮਾਤਮਾ ਦਾ ਹੁਕਮ ਹੈ ਜਿਸ ਨੂੰ ਸਤਿ ਕਰਕੇ ਮੰਨਣਾ ਚਾਹੀਦਾ ਹੈ। ਰਜਨੀ ਨੇ ਆਪਣੇ ਪਿੰਗਲੇ ਪਤੀ ਨੂੰ ਟੋਕਰੀ ਵਿੱਚ ਬਿਠਾਇਆ ਤੇ ਘਰੋਂ ਚੱਲ ਪਈ। ਉਹ ਰੋਜ਼ਾਨਾ ਮਿਹਨਤ-ਮੁਸ਼ੱਕਤ ਕਰ ਕੇ ਆਪਣਾ ਤੇ ਆਪਣੇ ਪਿੰਗਲੇ ਪਤੀ ਦਾ ਜੀਵਨ ਨਿਰਬਾਹ ਕਰਨ ਲੱਗੀ ਪਰ ਪ੍ਰਮੇਸ਼ਰ ਨੂੰ ਕਦੇ ਨਾ ਭੁੱਲਦੀ। ਇਕ ਦਿਨ ਰਜਨੀ ਆਪਣੇ ਪਤੀ ਵਾਲੀ ਟੋਕਰੀ ਨੂੰ ਅੰਮ੍ਰਿਤ ਸਰੋਵਰ ਦੇ ਕਿਨਾਰੇ ਦੁੱਖ ਭੰਜਨੀ ਬੇਰੀ ਦੀ ਛਾਵੇਂ ਰੱਖ ਕੇ ਆਪ ਰੋਟੀ-ਪਾਣੀ ਦੇ ਆਹਰ ਵਿੱਚ ਬਾਹਰ ਚਲੀ ਗਈ। ਕਿਹਾ ਜਾਂਦਾ ਹੈ ਕਿ ਪਿੰਗਲੇ ਨੇ ਲਾਗੇ ਪਾਣੀ ਦੀ ਛੱਪੜੀ ਵਿੱਚੋਂ ਕਾਲੇ ਕਾਵਾਂ ਨੂੰ ਨਹਾਉਂਦਿਆਂ ਵੇਖਿਆ -

SikhBookClub.com

ਜੋ ਚਿੱਟੇ ਹੋ ਰਹੇ ਸਨ। ਪਿੰਗਲਾ ਵੀ ਹਿੰਮਤ-ਦਲੇਰੀ ਕਰ ਕੇ ਆਪਣੇ ਆਪ ਨੂੰ ਜਿਵੇਂ-ਕਿਵੇਂ ਛੱਪੜੀ ਵਿੱਚ ਲੈ ਗਿਆ। ਜਦ ਉਸ ਨੇ ਉਥੋਂ ਇਸ਼ਨਾਨ ਕੀਤਾ ਤਾਂ ਉਹ ਨੌਂ-ਬਰ-ਨੌਂ ਹੋ ਗਿਆ। ਜਦ ਰਜਨੀ ਵਾਪਸ ਆਈ ਤਾਂ ਉਹ ਉਸ ਟੋਕਰੀ ਵਾਲੀ ਥਾਂ 'ਤੇ ਇਕ ਤੰਦਰੁਸਤ ਤੇ ਖੂਬਸੂਰਤ ਨੌਜੁਆਨ ਨੂੰ ਬੈਠਾ ਵੇਖ ਕੇ ਹੈਰਾਨ ਹੋ ਗਈ। ਨੌਜਵਾਨ ਕਹੇ ਕਿ ਮੈਂ ਤੇਰਾ ਪਤੀ ਹਾਂ। ਰਜਨੀ ਨੂੰ ਮੰਨਣ ਵਿੱਚ ਨਾ ਆਵੇ। ਅਖ਼ੀਰ ਝਗੜਾ ਗੁਰੂ ਦਰਬਾਰ ਵਿੱਚ ਪਹੁੰਚਾ। ਗੁਰੂ ਜੀ ਨੇ ਰਜਨੀ ਨੂੰ ਵਿਸ਼ਵਾਸ ਦਿਵਾਇਆ ਕਿ ਬੀਬੀ! ਇਹ ਹੀ ਤੇਰਾ ਪਤੀ ਹੈ - ਪਰਮਾਤਮਾ ਨੇ ਤੇਰੀ ਪ੍ਰੇਮ-ਭਗਤੀ ਨੂੰ ਫਲ ਲਾਇਆ ਹੈ। ਇਸ ਤਰ੍ਹਾਂ ਰਜਨੀ ਤੇ ਉਸ ਦਾ ਪਤੀ ਗੁਰੂ ਦਰਬਾਰ ਵਿੱਚ ਰਲ ਕੇ ਰਹਿਣ ਲੱਗੇ। ਗੁਰਬਾਣੀ ਵਿੱਚ ਵੀ ਇਸ ਪ੍ਰਥਾਏ ਮਹਾਂਵਾਕ ਹੈ:

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥

(ਪੰਨਾ ੪੯੩)

ਮਸੰਦ ਪ੍ਰਥਾ ਸ਼ੁਰੂ ਕਰਨੀ

ਰਾਮਦਾਸ ਪੁਰ ਵਿੱਚ ਗੋਇੰਦਵਾਲ ਵਾਂਗ ਸੰਗਤਾਂ ਇਕੱਤਰ ਹੋਣ ਲੱਗੀਆਂ। ਉਸੇ ਤਰ੍ਹਾਂ ਹੀ ਨਾਮ ਸਿਮਰਨ, ਸੰਗਤ-ਪੰਗਤ ਆਰੰਭ ਹੋਈ। ਗੁਰੂ-ਘਰ ਨੂੰ ਮੰਨਣ ਵਾਲਿਆਂ ਗੁਰਸਿੱਖਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਸੀ। ਸ਼ਹਿਰ ਦੀ ਉਸਾਰੀ ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਵੀ ਜਾਰੀ ਸੀ। ਇਨ੍ਹਾਂ ਸਭ ਕਾਰਜਾਂ ਨੂੰ ਨਿਯਮ ਪੂਰਵਕ ਕਰਨ ਅਤੇ "ਨਾਨਕ ਨਿਰਮਲ ਪੰਥ" ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਗੁਰੂ ਰਾਮਦਾਸ ਜੀ ਨੇ ਪ੍ਰਤੀਨਿਧ ਸਿੱਖਾਂ ਨੂੰ ਪ੍ਰਚਾਰਕ ਭਾਵ 'ਮਸੰਦ' ਥਾਪਿਆ। ਮਸੰਦ ਗੁਰੂ-ਸੰਦੇਸ਼ ਨੂੰ ਲੋਕਾਂ ਤਕ ਪਹੁੰਚਾਉਂਦੇ ਅਤੇ ਲੋਕਾਂ ਪਾਸੋਂ ਕਾਰ-ਭੇਟਾ; ਮਾਇਆ ਗੁਰੂ ਦਰਬਾਰ ਵਿੱਚ ਪਹੁੰਚਾਉਂਦੇ। ਇਸ ਤਰ੍ਹਾਂ ਮਸੰਦ ਪ੍ਰਥਾ ਨਾਲ ਜਿਥੇ ਗੁਰਮਤਿ ਦਾ ਪ੍ਰਚਾਰ ਹੋਰ ਵਧੇਰੇ ਇਲਾਕਿਆਂ ਵਿੱਚ ਹੋਣ ਲੱਗਾ, ਉਥੇ ਗੁਰੂ-ਘਰ ਵਿੱਚ ਚਲ ਰਹੇ ਵਿਕਾਸ ਕਾਰਜਾਂ ਲਈ ਮਾਇਆ ਦੀ ਲੋੜ ਵੀ ਪੂਰੀ ਹੁੰਦੀ।

ਇਲਾਕੇ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦਾ ਮਾਣ-ਸਤਿਕਾਰ ਬਹੁਤ ਵਧ ਗਿਆ। ਗੁਰੂ ਜੀ ਦੀ ਚੁੰਬਕੀ ਸ਼ਖ਼ਸੀਅਤ ਨੇ ਲੋਕਾਈ ਨੂੰ ਆਪਣੇ ਨਾਲ ਜੋੜ ਲਿਆ। ਸਭ ਹਿੰਦੂ, ਮੁਸਲਮਾਨ ਇਸ ਅਨੂਪਮ ਨਗਰੀ ਵਿੱਚ ਵੱਸਣ ਦਾ ਮਾਣ ਮਹਿਸੂਸ ਕਰਨ ਲੱਗੇ। ਇਸ ਤਰ੍ਹਾਂ ਗੁਰੂ ਜੀ ਨੇ ਸਿੱਖੀ ਦੇ ਕੇਂਦਰੀ ਸਥਾਨ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਪਿਤਾ ਦੇ ਆਦੇਸ਼ ਅਨੁਸਾਰ ਅੰਮ੍ਰਿਤ ਸਰੋਵਰ ਵਿੱਚ 'ਹਰਿਮੰਦਰ' ਦੀ ਸਿਰਜਣਾ ਕੀਤੀ, ਜਿਸ ਬਾਰੇ ਗੁਰਬਾਣੀ ਦਾ ਪਾਵਨ ਫੁਰਮਾਨ ਹੈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥

(ਪੰਨਾ ੧੩੯੨)

ਅੱਜ ਹਜ਼ਾਰਾਂ ਲੋਕ ਜਦੋਂ ਗੁਰੂ ਰਾਮਦਾਸ ਜੀ ਦੀ ਵਰੋਸਾਈ ਇਸ ਪਾਵਨ ਨਗਰੀ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਉਨ੍ਹਾਂ ਦੇ ਮੂੰਹੋਂ ਸੁਭਾਵਕ ਹੀ 'ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ' ਇਹ ਬੋਲ ਆਪ ਮੁਹਾਰੇ ਹੀ ਨਿਕਲ ਪੈਂਦੇ ਹਨ।

SikhBookClub.com

ਸਿੱਖ ਮਰਯਾਦਾ ਨਿਯਤ ਕਰਨਾ

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਕਾਫੀ ਹੋ ਚੁੱਕੀ ਸੀ। ਸਿੱਖ ਸਮਾਜ ਨੂੰ ਇਕ ਮਰਯਾਦਾ ਵਿੱਚ ਰੱਖਣ ਲਈ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸਿੱਖਾਂ ਦੀ ਨਿੱਤ ਦੀ ਮਰਯਾਦਾ ਨਿਰਧਾਰਤ ਕੀਤੀ ਗਈ। ਗੁਰਸਿੱਖਾਂ ਦੀ ਨਿੱਤ ਕਰਨੀ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਬਾਣੀ ਵਿੱਚ ਇਸ ਤਰ੍ਹਾਂ ਦਰਜ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(ਪੰਨਾ ੩੦੫)

ਗੁਰਸਿੱਖਾਂ ਦੇ ਵਿਆਹ ਦੀ ਮਰਯਾਦਾ ਨਿਸ਼ਚਿਤ ਕਰਨ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿੱਚ ਚਾਰ ਲਾਵਾਂ ਉਚਾਰੀਆਂ ਤੇ ਹੁਕਮ ਕੀਤਾ ਕਿ ਵਿਆਹ ਕਰਨ ਸਮੇਂ ਇਨ੍ਹਾਂ ਦਾ ਪਾਠ ਕਰਨਾ ਅਤੇ ਜੀਵਨ ਵਿੱਚ ਇਨ੍ਹਾਂ ਲਾਵਾਂ ਰਾਹੀਂ ਦਿੱਤੇ ਅਧਿਆਤਮਿਕ ਉਪਦੇਸ਼ ਨੂੰ ਦ੍ਰਿੜ੍ਹ ਕਰਨਾ। ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਨੂੰ ਪੱਕੇ ਪੈਰੀਂ ਖੜ੍ਹਾ ਕਰ ਗਏ। ਸ੍ਰੀ ਗੁਰੂ ਰਾਮਦਾਸ ਜੀ ਬਾਰੇ ਇਹੀ ਕਹਿਣਾ ਯੋਗ ਹੈ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥ *(ਪੰਨਾ ੯੬੮)*

ਅਕਬਰ ਬਾਦਸ਼ਾਹ ਗੁਰੂ-ਦਰਬਾਰ 'ਚ

ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਇਕ ਵਾਰ ਅਕਬਰ ਬਾਦਸ਼ਾਹ ਕਾਬਲ ਤੋਂ ਵਾਪਸੀ ਸਮੇਂ ਗੁਰੂ ਦਰਬਾਰ ਵਿੱਚ ਗੁਰੂ ਦਰਸ਼ਨਾਂ ਲਈ ਹਾਜ਼ਰ ਹੋਇਆ। ਅਕਬਰ ਬਾਦਸ਼ਾਹ ਨੇ ਗੁਰੂ-ਘਰ ਦੀ ਪਰੰਪਰਾ ਅਨੁਸਾਰ ਪਹਿਲਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ ਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਅਕਬਰ ਬਾਦਸ਼ਾਹ ਗੁਰੂ ਦਰਬਾਰ ਵਿੱਚ ਮਨੁੱਖਤਾ ਦਾ ਮਾਣ ਸਤਿਕਾਰ ਤੇ ਬਰਾਬਰਤਾ ਨੂੰ ਦੇਖ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਲੰਗਰ ਵਾਸਤੇ ਜਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਹ ਕਹਿ ਕੇ ਪਰਵਾਨ ਨਾ ਕੀਤੀ ਕਿ ਅਸੀਂ ਗੁਰੂ-ਘਰ ਨੂੰ ਕਿਸੇ ਦੀ ਦਿੱਤੀ ਜਗੀਰ 'ਤੇ ਨਿਰਭਰ ਨਹੀਂ ਬਣਾਉਣਾ ਚਾਹੁੰਦੇ। ਗੁਰੂ ਕੇ ਲੰਗਰ ਤਾਂ ਸੰਗਤ ਵੱਲੋਂ ਦਿੱਤੀ ਕਿਰਤ-ਕਮਾਈ ਦੀ ਮਾਇਆ ਨਾਲ ਹੀ ਚਲਦੇ ਹਨ।

SikhBookClub.com

ਭਾਈ ਹੰਦਾਲ ਨੂੰ ਪ੍ਰਚਾਰਕ ਥਾਪਿਆ

ਜੰਡਿਆਲੇ ਦੇ ਭਾਈ ਹੰਦਾਲ ਸਤਿਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਸੇਵਾ ਕਰਿਆ ਕਰਦਾ ਸੀ। ਇਕ ਦਿਨ ਗੁਰੂ ਜੀ ਅਚਾਨਕ ਲੰਗਰ ਵਿੱਚ ਗਏ। ਭਾਈ ਹੰਦਾਲ ਜੀ ਉਸ ਸਮੇਂ ਲੰਗਰ ਵਾਸਤੇ ਆਟਾ ਗੁੰਨ੍ਹ ਰਹੇ ਸਨ। ਭਾਈ ਹੰਦਾਲ ਜੀ ਨੇ ਆਟੇ ਨਾਲ ਲਿੱਬੜੇ ਹੱਥਾਂ ਨਾਲ ਸਤਿਗੁਰੂ ਜੀ ਦਾ ਸਤਿਕਾਰ ਕਰਨਾ ਯੋਗ ਨਾ ਸਮਝਿਆ। ਇਸ ਲਈ ਉਸ ਨੇ ਆਪਣੇ ਹੱਥ ਪਿੱਛੇ ਕਰ ਲਏ। ਗੁਰੂ-ਚਰਨਾਂ 'ਤੇ ਨਮਸਕਾਰ ਕੀਤੀ। ਗੁਰੂ ਜੀ ਭਾਈ ਹੰਦਾਲ ਦੇ ਸਿੱਖੀ ਸਿਦਕ ਤੇ ਘਾਲ-ਕਮਾਈ ਤੋਂ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਭਾਈ ਹੰਦਾਲ ਨੂੰ ਥਾਪੜਾ ਦਿੱਤਾ ਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਸੇਵਾ ਸੌਂਪੀ।

ਗੁਰਬਾਣੀ

ਸ੍ਰੀ ਗੁਰੂ ਰਾਮਦਾਸ ਜੀ ਦੀ ਸਮੁੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਜੀ ਨੇ 30 ਰਾਗਾਂ ਵਿੱਚ ਕੁੱਲ 246 ਸ਼ਬਦ, 33 ਅਸਟਪਦੀਆਂ ਤੇ 28 ਛੰਤ ਉਚਾਰਨ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾਂ ਵਿੱਚੋਂ 8 ਵਾਰਾਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ।

ਜੋਤੀ ਜੋਤਿ

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ, ਗੁਰਿਆਈ ਦੀ ਮਹਾਨ ਉਤਮ ਜ਼ਿੰਮੇਵਾਰੀ ਲਈ ਦੀਰਘ ਸੋਚ-ਵਿਚਾਰ, ਪਰਖ-ਪੜਚੋਲ ਕਰਨ ਉਪਰੰਤ ਆਪਣੇ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਇਸ ਯੋਗ ਸਮਝਿਆ। ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸ੍ਰੀ ਗੁਰੂ ਰਾਮਦਾਸ ਜੀ ਜ਼ਿੰਦਗੀ ਦੇ ਬਾਕੀ ਦਿਨ ਗੁਜ਼ਾਰਨ ਲਈ ਫਿਰ ਗੋਇੰਦਵਾਲ ਆ ਗਏ।

ਸ੍ਰੀ ਗੁਰੂ ਰਾਮਦਾਸ ਜੀ ਪਹਿਲੀ ਸਤੰਬਰ 1581 ਈ: ਨੂੰ ਗੋਇੰਦਵਾਲ ਸਾਹਿਬ ਜੋਤੀ ਜੋਤਿ ਸਮਾ ਗਏ। ਉਸ ਵਕਤ ਗੁਰੂ ਜੀ ਦੀ ਕੁੱਲ ਉਮਰ 47 ਸਾਲਾਂ ਦੀ ਸੀ।

SikhBookClub.com

ਲੇਖਕਾਂ ਦੇ ਨਾਮ ਅਤੇ ਪਤੇ

1. ਅਮਰਜੀਤ ਸਿੰਘ (ਡਾ.) - ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ)।
2. ਅਮਰਜੀਤ ਸਿੰਘ -75, ਆਦਰਸ਼ ਨਗਰ, ਰਾਮ ਤੀਰਥ ਰੋਡ, ਅੰਮ੍ਰਿਤਸਰ।
3. ਸ. ਸ. ਅਮੋਲ (ਪ੍ਰਿੰ.)-ਗੁਰਪੁਰਵਾਸੀ।
4. ਸਤਪਾਲ ਸਿੰਘ-ਡੇਰਾ ਬਾਬਾ ਨਾਨਕ, ਗੁਰਦਾਸਪੁਰ।
5. ਸਤਵਿੰਦਰ ਸਿੰਘ ਫੂਲਪੁਰ-ਰਿਸਰਚ ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ।
6. ਸਤਿਬੀਰ ਸਿੰਘ (ਪ੍ਰਿੰ.)-ਗੁਰਪੁਰਵਾਸੀ।
7. ਸਮਸ਼ੇਰ ਸਿੰਘ (ਡਾ.)-ਗੁਰਪੁਰਵਾਸੀ।
8. ਸਮਸ਼ੇਰ ਸਿੰਘ (ਡਾ.)-ਸਾਬਕਾ ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ।
9. ਸਮਸ਼ੇਰ ਸਿੰਘ ਅਸ਼ੋਕ-ਗੁਰਪੁਰਵਾਸੀ।
10. ਸਵਰਨਜੀਤ ਸਿੰਘ- ਸਾਬਕਾ ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ।
11. ਸਾਹਿਬ ਸਿੰਘ (ਪ੍ਰੋ.)-ਗੁਰਪੁਰਵਾਸੀ।
12. ਸਾਹਿਬ ਸਿੰਘ ਅਰਸ਼ੀ (ਡਾ.)-ਜੀਂਦ, ਹਰਿਆਣਾ।
13. ਸਾਧੂ ਸਿੰਘ ਗੋਬਿੰਦਪੁਰੀ- 217 ਆਰ, ਮਾਡਲ ਟਾਊਨ, ਜਲੰਧਰ।
14. ਸੁਖਦਿਆਲ ਸਿੰਘ (ਡਾ.)- ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
15. ਸੁਖਦੇਵ ਸਿੰਘ ਸ਼ਾਂਤ-36 ਬੀ, ਰਤਨ ਨਗਰ, ਪਟਿਆਲਾ।
16. ਸੁਖਦੇਵ ਸਿੰਘ (ਪ੍ਰੋ.)-ਗੁਰਮਤਿ ਕਾਲਜ, ਪਟਿਆਲਾ।
17. ਸੁਦਰਸ਼ਨ ਸਿੰਘ।
18. ਸੁਰਜੀਤ ਸਿੰਘ (ਪ੍ਰਿੰ.)-ਗੁਰਪੁਰਵਾਸੀ।
19. ਸੁਰਿੰਦਰਪਾਲ ਸਿੰਘ (ਡਾ.)-ਪੱਤਣ ਵਾਲੀ ਸੜਕ, ਸ਼ਾਲਾ ਪੁਰਾਣਾ, ਗੁਰਦਾਸਪੁਰ।
20. ਸੇਵਾ ਸਿੰਘ-ਪਟਿਆਲਾ।
21. ਹਰਕੀਰਤ ਸਿੰਘ (ਡਾ.)- ਗੁਰਪੁਰਵਾਸੀ।
22. ਹਰਨਾਮ ਸਿੰਘ ਸ਼ਾਨ (ਡਾ.)- ਗੁਰਪੁਰਵਾਸੀ।
23. ਹਰਪਾਲ ਸਿੰਘ (ਡਾ.)-ਸੇਵਾ ਮੁਕਤ ਪ੍ਰੋਫੈਸਰ, ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
24. ਹਰਬੰਸ ਸਿੰਘ (ਡਾ.)-#4840, ਗਲੀ ਨੰ: 44, ਰਾਘਵਪੁਰਾ, ਕਰੋਲ ਬਾਗ, ਨਵੀਂ ਦਿੱਲੀ।
25. ਹਰਨੇਕ ਸਿੰਘ ਕੋਮਲ।
26. ਹਰਭਜਨ ਕੌਰ (ਪ੍ਰੋ.)- ਯਮੁਨਾ ਨਗਰ, ਹਰਿਆਣਾ।
27. ਹਰੀ ਸਿੰਘ ਕਾਦੀਆਂ-ਗੁਰਪੁਰਵਾਸੀ।
28. ਹਿੰਮਤ ਸਿੰਘ ਸੋਢੀ-ਗੁਰਪੁਰਵਾਸੀ।
29. ਕਿਰਪਾਲ ਸਿੰਘ ਬਡੂੰਗਰ (ਪ੍ਰੋ.)-ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਿੰਡ ਬਡੂੰਗਰ, ਪਟਿਆਲਾ।
30. ਕਿਰਪਾਲ ਸਿੰਘ (ਡਾ.)-1288, ਬੀ, ਚੰਡੀਗੜ੍ਹ।
31. ਕੁਲਦੀਪ ਸਿੰਘ ਉਗਾਣੀ (ਡਾ.)-549, ਅਮਰਦੀਪ ਕਲੋਨੀ, ਰਾਜਪੁਰਾ, ਜ਼ਿਲ੍ਹਾ ਪਟਿਆਲਾ।
32. ਕੁਲਦੀਪ ਸਿੰਘ ਹਉਰਾ (ਪ੍ਰਿੰ.)-ਐੱਚ. ਐਮ 162, ਪੰਜਾਬ ਹਾਊਸਿੰਗ ਬੋਰਡ ਕਲੋਨੀ, ਭਗਤਾਂਵਾਲਾ, ਅੰਮ੍ਰਿਤਸਰ।
33. ਗੁਰਦੀਪ ਸਿੰਘ-ਸਾਬਕਾ ਅਸਿਸਟੈਂਟ ਇੰਨਫਰਮੇਸ਼ਨ ਆਫੀਸਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
34. ਗੁਰਚਰਨ ਸਿੰਘ (ਡਾ.)-21/14, ਆਦਰਸ਼ ਕਲੋਨੀ, ਜ਼ੀਰਾ, ਫਿਰੋਜ਼ਪੁਰ।
35. ਗੁਰਨਾਮ ਕੌਰ (ਡਾ.)-22 ਅਰਬਨ ਅਸਟੇਟ, ਫੇਜ਼ 2, ਪਟਿਆਲਾ।
36. ਗੁਰਬਖ਼ਸ਼ ਸਿੰਘ।
37. ਗੁਰਬਚਨ ਸਿੰਘ ਪੰਨਵਾਂ-ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ।
38. ਗੁਰਮੇਜ਼ ਸਿੰਘ ਪਿਆਸਾ-ਪਿੰਡ ਠਰੂ, ਜ਼ਿਲ੍ਹਾ ਤਰਨਤਾਰਨ।

SikhBookClub.com

39. ਗੁਰਮੇਲ ਸਿੰਘ (ਡਾ.)-ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
40. ਗੁਰਵਿੰਦਰ ਕੌਰ (ਡਾ.)-ਪਿੰਡ ਤੇ ਡਾਕ: ਸੂਲਰ, ਜ਼ਿਲ੍ਹਾ ਪਟਿਆਲਾ।
41. ਗੁਲਜ਼ਾਰ ਸਿੰਘ (ਡਾ.)-ਡਾਇਰੈਕਟਰ, ਗੁਰੂ ਗ੍ਰੰਥ ਸਾਹਿਬ ਸਟੱਡੀ ਸੈਂਟਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
42. ਜਸਵੰਤ ਸਿੰਘ ਅਜੀਤ-64,ਵੀ/13, ਸ਼ਾਲੀਮਾਰ ਬਾਗ, ਦਿੱਲੀ।
43. ਜਸਵੰਤ ਸਿੰਘ ਜੱਸ (ਡਾ.)।
44. ਜਸਵਿੰਦਰ ਕੌਰ (ਡਾ.)-ਸਾਬਕਾ ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ।
45. ਜੀਤ ਸਿੰਘ ਸੀਤਲ (ਡਾ.)-223, ਸੁੱਖ ਸਹਿਜ ਨਿਵਾਸ, ਅਜੀਤ ਨਗਰ, ਪਟਿਆਲਾ।
46. ਜੋਗਿੰਦਰ ਸਿੰਘ (ਪ੍ਰੋ.)-ਗੁਰਪੁਰਵਾਸੀ।
47. ਜੋਧ ਸਿੰਘ (ਡਾ.)-ਮੁੱਖ ਸੰਪਾਦਕ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
48. ਤਾਰਨ ਸਿੰਘ (ਡਾ.)-ਗੁਰਪੁਰਵਾਸੀ।
49. ਤੇਜਇੰਦਰਮੋਹਨ ਸਿੰਘ-ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
50. ਦਲੀਪ ਸਿੰਘ ਦੀਪ (ਡਾ.)-ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।
51. ਦਵਿੰਦਰ ਸਿੰਘ ਵਿਦਿਆਰਥੀ-ਗੁਰਪੁਰਵਾਸੀ।
52. ਦਵਿੰਦਰ ਕੌਰ ਦੀਪ।
53. ਦੀਵਾਨ ਸਿੰਘ (ਡਾ.)-ਗੁਰਪੁਰਵਾਸੀ।
54. ਧਰਮ ਸਿੰਘ (ਡਾ.)-ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ।
55. ਧਰਮਜੀਤ ਸਿੰਘ (ਡਾ.)- ਸਰਕਾਰੀ ਕਾਲਜ, ਸੈਕਟਰ 40, ਚੰਡੀਗੜ੍ਹ।
56. ਨਗਿੰਦਰਪਾਲ ਕੌਰ।
57. ਨਰਿੰਦਰ ਕੌਰ-ਧਰਮ ਅਧਿਐਨ ਵਿਭਾਗ, ਮਾਤਾ ਗੁਜਰੀ ਕਾਲਜ, ਸ੍ਰੀ ਫਤਹਿਗੜ੍ਹ ਸਾਹਿਬ।
58. ਨਿਰਵੈਰ ਸਿੰਘ ਅਰਸ਼ੀ-ਮੁਹੱਲਾ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ।
59. ਪਸ਼ੌਰਾ ਸਿੰਘ-ਨਵੀਂ ਦਿੱਲੀ।
60. ਪਰਮਜੀਤ ਸਿੰਘ (ਡਾ.)-563-ਸੀ, ਟਾਈਪ II, ਰੇਲ ਕੋਚ ਫੈਕਟਰੀ, ਕਪੂਰਥਲਾ।
61. ਪਰਮਵੀਰ ਸਿੰਘ (ਡਾ.)- ਜੀ-120, ਗੋਬਿੰਦ ਨਗਰ, ਮਾਡਲ ਟਾਊਨ, ਪਟਿਆਲਾ।
62. ਪਰਮਿੰਦਰ ਕੌਰ।
63. ਪਿਆਰਾ ਸਿੰਘ ਪਦਮ-ਗੁਰਪੁਰਵਾਸੀ।
64. ਪ੍ਰਕਾਸ਼ ਸਿੰਘ (ਪ੍ਰਿੰ.)-ਗੁਰਪੁਰਵਾਸੀ।
65. ਬਲਜੀਤ ਕੌਰ-ਰਿਸਰਚ ਸਕਾਲਰ, ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ, ਪਟਿਆਲਾ।
66. ਬਲਦੇਵ ਸਿੰਘ ਬਲੂਆਣਾ (ਪ੍ਰੋ.)- ਪੰਜਾਬੀ ਯੂਨੀਵਰਸਿਟੀ, ਪਟਿਆਲਾ।
67. ਬਲਵਿੰਦਰ ਸਿੰਘ-643 ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ।
68. ਬਲਵਿੰਦਰ ਸਿੰਘ ਜੌੜਾਸਿੰਘਾ-ਐਡੀ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
69. ਮਦਨਜੀਤ ਕੌਰ (ਡਾ.)-ਸਾਬਕਾ ਮੁਖੀ ਤੇ ਪ੍ਰੋ., ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
70. ਮਨਜੀਤ ਕੌਰ (ਪ੍ਰੋ.)-ਰਿਸਰਚ ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅੰਮ੍ਰਿਤਸਰ।
71. ਮਹਿੰਦਰ ਸਿੰਘ ਸਹਿਦੇਵ।
72. ਮਲਕਿੰਦਰ ਕੌਰ (ਡਾ.)-ਮੁਖੀ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
73. ਰਛਪਾਲ ਸਿੰਘ (ਡਾ.)-ਪੀ. ਏ. ਯੂ. ਖੇਤਰੀ ਖੋਜ ਕੇਂਦਰ, ਗੁਰਦਾਸਪੁਰ।
74. ਰਾਜਿੰਦਰ ਸਿੰਘ (ਡਾ.)-110, ਫੇਜ਼-9, ਸੈਕਟਰ-23, ਮੋਹਾਲੀ।
75. ਰੂਪ ਸਿੰਘ (ਡਾ.)-ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।
76. ਲਾਭ ਸਿੰਘ (ਪ੍ਰਿੰ.)-ਗੁਰਪੁਰਵਾਸੀ।
77. ਮਨਮੋਹਨ ਕੌਰ-ਇੰਚਾਰਜ, ਗੁਰਮਤਿ ਪ੍ਰਕਾਸ਼।

SikhBookClub.com

- ਪ੍ਰਕਾਸ਼ ਅਸਥਾਨ, ਸ੍ਰੀ ਗੁਰੂ ਅੰਗਦ ਦੇਵ ਜੀ (ਮੱਤੇ ਦੀ ਸਰਾਂ)
- ਪ੍ਰਕਾਸ਼ ਅਸਥਾਨ, ਸ੍ਰੀ ਗੁਰੂ ਅਮਰਦਾਸ ਜੀ (ਬਾਸਰਕੇ)
- ਪ੍ਰਕਾਸ਼ ਅਸਥਾਨ, ਸ੍ਰੀ ਗੁਰੂ ਰਾਮਦਾਸ ਜੀ (ਚੂਨੀ ਮੰਡੀ, ਲਾਹੌਰ)

SikhBookClub.com